# ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ

**DPBI505**


**Edited by**
**Dr. Kirandeep Singh**



LOVELY PROFESSIONAL UNIVERSITY

# ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ

Edited By
Dr. Kirandeep Singh

Course Name: ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ

ਤਤਕਰਾ


| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ - 1 | ਪੰਜਾਬੀ ਸਾਹਿਤ ਵਿਚ ਆਧੁਨਿਕਤਾ : ਆਰੰਭ ਅਤੇ ਵਿਕਾਸ | ਡਾ. ਕਿਰਨਦੀਪ ਸਿੰਘ | 1-11 |
| ਅਧਿਆਇ - 2 | ਸੰਕ੍ਰਾਂਤੀ ਕਾਲ (1850-1900) : ਧਾਰਮਿਕ ਪੁਨਰ ਜਾਗ੍ਰਿਤ ਲਹਿਰਾਂ ਦਾ ਸਾਹਿਤ | ਡਾ. ਕਿਰਨਦੀਪ ਸਿੰਘ | 12-24 |
| ਅਧਿਆਇ - 3 | ਸੰਕ੍ਰਾਂਤੀ ਕਾਲ ਦੀਆਂ ਕਾਵਿ ਧਾਰਾਵਾਂ : ਇਤਿਹਾਸਮੂਲਕ ਅਧਿਐਨ | ਡਾ. ਕਿਰਨਦੀਪ ਸਿੰਘ | 25-40 |
| ਅਧਿਆਇ - 4 | ਆਧੁਨਿਕ ਪੰਜਾਬੀ ਸਾਹਿਤ ਰੂਪਾਂ ਦਾ ਜਨਮ ਤੇ ਵਿਕਾਸ | ਡਾ. ਕਿਰਨਦੀਪ ਸਿੰਘ | 41-51 |
| ਅਧਿਆਇ - 5 | ਆਧੁਨਿਕ ਪੰਜਾਬੀ ਕਵਿਤਾ : ਇਤਿਹਾਸਮੂਲਕ ਅਧਿਐਨ | ਡਾ. ਕਿਰਨਦੀਪ ਸਿੰਘ | 52-69 |
| ਅਧਿਆਇ - 6 | ਆਧੁਨਿਕ ਪੰਜਾਬੀ ਕਵਿਤਾ : ਪ੍ਰਵਿਰਤੀਮੂਲਕ ਅਧਿਐਨ | ਡਾ. ਕਿਰਨਦੀਪ ਸਿੰਘ | 70-85 |
| ਅਧਿਆਇ - 7 | ਆਧੁਨਿਕ ਪੰਜਾਬੀ ਕਹਾਣੀ: ਵਿਕਾਸ ਪੜਾਅ ਅਤੇ ਪ੍ਰਵਿਰਤੀਮੂਲਕ ਅਧਿਐਨ | ਡਾ. ਕਿਰਨਦੀਪ ਸਿੰਘ | 86-99 |
| ਅਧਿਆਇ - 8 | ਪੰਜਾਬੀ ਨਾਵਲ ਦਾ ਵਿਕਾਸ ਪੜਾਅ: ਪ੍ਰਵਿਰਤੀਮੂਲਕ ਅਧਿਐਨ | ਡਾ. ਕਿਰਨਦੀਪ ਸਿੰਘ | 100-114 |
| ਅਧਿਆਇ - 9 | ਆਧੁਨਿਕ ਪੰਜਾਬੀ ਨਾਟਕ, ਪਰਿਭਾਸ਼ਾ ਅਤੇ ਵਿਕਾਸ ਪੜਾਅ | ਡਾ. ਕਿਰਨਦੀਪ ਸਿੰਘ | 115-129 |
| ਅਧਿਆਇ - 10 | ਆਧੁਨਿਕ ਪੰਜਾਬੀ ਨਾਟਕ : ਪ੍ਰਵਿਰਤੀਆਂ | ਡਾ. ਕਿਰਨਦੀਪ ਸਿੰਘ | 130-147 |
| ਅਧਿਆਇ - 11 | ਆਧੁਨਿਕ ਪੰਜਾਬੀ ਰੰਗਮੰਚ: ਵਿਕਾਸ ਪੜਾਅ | ਡਾ. ਕਿਰਨਦੀਪ ਸਿੰਘ | 148-158 |
| ਅਧਿਆਇ - 12 | ਆਧੁਨਿਕ ਪੰਜਾਬੀ ਵਾਰਤਕ ਨਿਬੰਧ: ਇਤਿਹਾਸਮੂਲਕ ਅਧਿਐਨ | ਡਾ. ਕਿਰਨਦੀਪ ਸਿੰਘ | 159-172 |
| ਅਧਿਆਇ - 13 | ਆਧੁਨਿਕ ਪੰਜਾਬੀ ਵਾਰਤਕ ਸਫਰਨਾਮਾ: ਇਤਿਹਾਸਮੂਲਕ ਅਧਿਐਨ | ਡਾ. ਕਿਰਨਦੀਪ ਸਿੰਘ | 173-183 |
| ਅਧਿਆਇ - 14 | ਆਧੁਨਿਕ ਪੰਜਾਬੀ ਵਾਰਤਕ: ਜੀਵਨੀ, ਸਵੈ-ਜੀਵਨੀ ਸਾਹਿਤ | ਡਾ. ਕਿਰਨਦੀਪ ਸਿੰਘ | 184-198 |

# ਅਧਿਆਇ-1: ਪੰਜਾਬੀ ਸਾਹਿਤ ਵਿਚ ਆਧੁਨਿਕਤਾ: ਆਰੰਭ ਅਤੇ ਵਿਕਾਸ

*Kirandeep Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

**ਉਦੇਸ਼:**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਆਧੁਨਿਕ ਸਾਹਿਤ ਦੇ ਕਾਲ ਬਾਰੇ ਜਾਣਨਗੇ।
2. ਆਧੁਨਿਕ ਸਾਹਿਤ ਦੀ ਪਰਿਭਾਸ਼ਾ ਅਤੇ ਅਰਥ ਬਾਰੇ ਜਾਣਨਗੇ।
3. ਆਧੁਨਿਕ ਅਤੇ ਮੱਧਕਾਲੀ ਸਾਹਿਤ ਦੇ ਨਿਖੇੜੇ ਬਾਰੇ ਜਾਣਨਗੇ।

**ਪ੍ਰਸਤਾਵਨਾ:**

ਆਧੁਨਿਕ ਪੰਜਾਬੀ ਸਾਹਿਤ ਦਾ ਮੱਧਕਾਲੀਨ ਪੰਜਾਬੀ ਸਾਹਿਤ ਨਾਲੋਂ ਕਾਲਿਕ ਨਿਖੇੜਾ 1850 ਈ: ਤੋਂ ਪ੍ਰਵਾਨ ਕੀਤਾ ਜਾਂਦਾ ਹੈ। ਪੰਜਾਬ ਸਮੇਤ ਭਾਰਤ ਦੇ ਰਾਜਸੀ ਸਭਿਆਚਾਰਕ ਇਤਿਹਾਸ ਵਿਚ ਆਧੁਨਿਕ ਯੁੱਗ ਦਾ ਆਗਾਜ਼ ਅੰਗਰੇਜ਼ਾਂ ਦੇ ਰਾਜ ਕਾਲ ਨਾਲ ਜੁੜਿਆ ਹੋਇਆ ਹੈ । ਸਿੱਖ ਫ਼ੌਜ ਤੇ ਅੰਗਰੇਜ਼ਾਂ ਵਿਚਕਾਰ ਹੋਏ ਦੂਸਰੇ ਸਿੱਖ ਐਂਗਲੋ ਯੁੱਧ ਉਪਰੰਤ ਅੰਗਰੇਜ਼ਾਂ ਦੀ ਸਾਜ਼ਿਸ਼ੀ ਜਿੱਤ ਦੇ ਨਤੀਜੇ ਵਜੋਂ 29 ਮਾਰਚ 1849 ਨੂੰ ਲਾਹੌਰ ਦੇ ਕਿਲ੍ਹੇ ਵਿਚ ਇੱਕ ਵਿਸ਼ੇਸ਼ ਦਰਬਾਰ ਸਜਾ ਕੇ ਦਲੀਪ ਸਿੰਘ ਨੂੰ ਗੱਦੀਓ ਲਾਹਿਆ ਗਿਆ ਅਤੇ ਪੰਜਾਬ ਉੱਤੇ ਅੰਗਰੇਜ਼ੀ ਰਾਜ ਦਾ ਐਲਾਨ ਕੀਤਾ ਗਿਆ ਇਸ ਤੋਂ ਪਹਿਲਾਂ ਵੀ ਪੰਜਾਬ ਦੇ ਇੱਕ ਭਾਗ ਲੁਧਿਆਣਾ ਅਤੇ ਕੁੱਝ ਸਿੱਖ ਰਿਆਸਤਾਂ ਜਿਵੇਂ ਪਟਿਆਲਾ ਜੀਂਦ ਆਦਿ ਉੱਤੇ

*ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ*

ਅੰਗਰੇਜ਼ਾਂ ਦਾ ਰਾਜ ਕਾਇਮ ਹੋ ਚੁੱਕਾ ਸੀ ਅਤੇ ਉਹ ਕਬਜ਼ੇ ਨੂੰ ਪੱਕੇ ਪੈਰੀਂ ਕਰਨ ਲਈ ਆਪਣੀਆਂ ਧਾਰਮਿਕ ਪ੍ਰਸ਼ਾਸਨਿਕ ਤੇ ਰਾਜਸੀ ਸਰਗਰਮੀਆਂ ਪੂਰੇ ਵਿਉਂਤਬੱਧ ਢੰਗ ਨਾਲ ਚਾਲੂ ਕਰ ਚੁੱਕੇ ਸਨ। ਸਾਹਿੱਤਿਕ ਇਤਿਹਾਸ ਵਿਚ ਯੁੱਗਾਂ ਦਾ ਨਿਖੇੜ ਬੁਨਿਆਦੀ ਪਰਿਵਰਤਨ ਦੇ ਪ੍ਰਸੰਗ ਵਿਚ ਹੀ ਪਰਵਾਨਿਆ ਜਾਂਦਾ ਮੱਧਕਾਲੀਨ ਪੰਜਾਬੀ ਸਾਹਿਤ ਤੇ ਆਧੁਨਿਕ ਪੰਜਾਬੀ ਸਾਹਿਤ ਦੀ ਵਿਭਾਜਨ ਰੇਖਾ ਮਹਿਜ਼ ਰਾਹਤ ਸ਼ਕਤੀ ਦੀ ਤਬਦੀਲੀ ਨਹੀਂ ਸਗੋਂ ਸਾਦਗੀ ਜਗੀਰਦਾਰੀ ਅਰਥ ਵਿਵਸਥਾ ਦੇ ਨਾਲ ਨਾਲ ਮੱਧਕਾਲੀਨ ਰਾਜਨੀਤਕ ਸਿਸਟਮ ਦੀ ਵੀ ਬੁਨਿਆਦੀ ਤਬਦੀਲੀ ਸਦਕਾ ਆਧੁਨਿਕ ਯੁੱਗ ਦਾ ਬਹੁਪੱਖੀ ਤੇ ਬਹੁ-ਦਿਸ਼ਾਵੀ ਵਰਤਾਰਾ ਸ਼ੁਰੂ ਹੁੰਦਾ ਹੈ ਜਿਸ ਦਾ ਆਰੰਭ ਨਿਸ਼ਚੇ ਹੀ ਅੰਗਰੇਜ਼ੀ ਰਾਜ ਉਪਰੰਤ ਬਦਲਵੀਂ ਪੂੰਜੀਵਾਦੀ ਅਰਥਵਿਵਸਥਾ ਦੇ ਉਭਾਰ ਨਾਲ ਵਿਕਸਿਤ ਪੱਛਮੀ ਮੁਲਕਾਂ ਦੇ ਨਵੇਂ ਪ੍ਰਸ਼ਾਸਨਿਕ ਰਾਜਨੀਤਕ ਸਭਿਆਚਾਰਕ ਤੇ ਸਾਹਿੱਤਿਕ ਪ੍ਰਭਾਵਾਂ ਰਾਹੀਂ ਉਜਾਗਰ ਹੁੰਦਾ ਹੈ ਜਿਸ ਨੂੰ ਅਸੀਂ ਵਿਸ਼ੇਸ਼ ਸਿਧਾਂਤਕ ਇਤਿਹਾਸਕ ਦ੍ਰਿਸ਼ਟੀ ਤੋਂ ਆਧੁਨਿਕ ਯੁੱਗ ਦੇ ਨਾਂ ਨਾਲ ਪਰਿਭਾਸ਼ਿਤ ਕਰਦੇ ਹਾਂ। ਨਵੀਆਂ ਸਮਾਜਿਕ ਸਭਿਆਚਾਰਕ ਕਦਰਾਂ ਕੀਮਤਾਂ ਕਲਾ ਦੇ ਖੇਤਰ ਵਿਚ ਨਵੀਆਂ ਵਿਧੀਆਂ ਜੁਗਤਾਂ ਅਤੇ ਰੂਪਾਂ ਨੂੰ ਸਿਰਜਣ ਵਿਚ ਸਹਾਈ ਸਿੱਧ ਹੋਈਆਂ ਆਧੁਨਿਕ ਸਾਹਿਤ, ਵਿਸ਼ੇ ਅਤੇ ਰੂਪ ਗਤ ਸਰੋਕਾਰਾਂ ਪੱਖੋਂ ਵੰਨ ਸੁਵੰਨਤਾ ਨਾਲ ਭਰਪੂਰ ਹੈ ਪੰਜਾਬੀ ਦਾ ਮੱਧਕਾਲੀ ਸਾਹਿਤ ਮੁੱਖ ਤੌਰ ਤੇ ਕਵਿਤਾ ਹੈ ਤੇ ਇਸ ਵਿਚ ਚਾਰ ਵੰਨਗੀਆਂ ਗੁਰਮਤਿ ਕਾਵਿ ਕਿੱਸਾ ਕਾਵਿ ਸੂਫ਼ੀ ਕਾਵਿ ਅਤੇ ਬੀਰ ਕਾਵਿ ਹਨ ਜੀਵਨ ਦੇ ਸ਼ਹਿਰੀਕਰਨ ਨੇ ਵਾਰਤਕ ਨੂੰ ਪ੍ਰਫੁਲਿਤ ਕੀਤਾ ਇਉਂ ਸਾਹਿਤ ਵਿਚ ਯਥਾਰਥਵਾਦ ਦੀ ਰੁਚੀ ਨੂੰ ਬਲ ਮਿਲਿਆ ਜਿੱਥੇ ਮੱਧਕਾਲ ਵਿਚ ਉਸ ਨੂੰ ਲੌਕਿਕ ਸੰਦਰਭਾਂ ਵਿਚ ਪੇਸ਼ ਕੀਤਾ ਜਾਣ ਲੱਗ ਪਿਆ ਮੱਧਕਾਲੀ ਯੁੱਗ ਕਿਉਂਕਿ ਸਾਮੰਤਾਂ ਦਾ ਹੀ ਸੀ ਇਸ ਕਰ ਕੇ ਇਸ ਵਿਚ ਰਾਜਿਆਂ ਮਹਾਰਾਜਿਆਂ ਜਾਂ ਯੋਧਿਆਂ ਦਾ ਹੀ ਬੋਲਬਾਲਾ ਸੀ ਇਸ ਸਾਹਿਤ ਵਿਚ ਜਨ ਸਾਧਾਰਨ ਲਈ ਕੋਈ ਥਾਂ ਨਹੀਂ ਸੀ ਪੂੰਜੀਵਾਦੀ ਪ੍ਰਣਾਲੀ ਵਿਚ ਲੋਕਤੰਤਰੀ ਸ਼ਾਸਨ ਪ੍ਰਣਾਲੀ ਅਤੇ ਹੋਰ ਕਿਸੇ ਦੀ ਮੰਡੀ ਵਿਚ ਗਾਹਕ ਬਣ ਜਾਣ ਕਾਰਨ ਜਨ ਸਾਧਾਰਨ ਦਾ ਮਹੱਤਵ ਵਧਿਆ ਇਉਂ ਸਾਧਾਰਨ ਵਿਅਕਤੀ ਸਾਹਿਤ ਵਿਚ ਨਾਇਕ ਬਣਾਏ ਜਾਣ ਲੱਗੇ ਆਪਣੇ ਮੂਲ ਰੂਪ ਵਿਚ ਪੂੰਜੀਵਾਦ ਕ੍ਰਾਂਤੀਕਾਰੀ ਰੋਲ ਨਿਭਾਉਂਦਾ ਹੈ ਪਰ ਵਿਕਸਤ ਹੋ ਕੇ ਇਸ ਦਾ ਸੁਭਾਅ ਗ਼ੈਰ ਮਾਨਵੀ ਹੋ ਜਾਂਦਾ ਹੈ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਤਕ ਪੂੰਜੀਵਾਦ ਦੀ ਕਰੂਪਤਾ ਪ੍ਰਗਟ ਹੋਣ ਲੱਗ ਪਈ ਸੀ ਜਿਸ ਦੇ ਵਿਰੋਧ ਵਿਚ ਕਈ ਅੰਦੋਲਨ ਹੋਂਦ ਵਿਚ ਆਏ ਆਰਥਿਕ ਅਸਾਵੀਂ ਵੰਡ ਅਤੇ ਮੁਕਾਬਲੇ ਦੀ ਬਿਰਤੀ ਕਾਰਨ ਪੂੰਜੀਵਾਦੀ ਅਰਥਵਿਵਸਥਾ ਵਿਚ ਜੀਵਨ ਵਧੇਰੇ ਸੰਘਰਸ਼ਮਈ ਅਤੇ ਸੰਕਟਮਈ ਬਣ ਜਾਂਦਾ ਹੈ ਇਵੇਂ ਮੱਧਕਾਲ ਦੇ ਸਾਦੇ, ਸਾਧਾਰਨ ਤੇ ਇਕਹਿਰੇ ਜੀਵਨ ਦੇ ਮੁਕਾਬਲੇ ਆਧੁਨਿਕ ਜੀਵਨ ਜਟਿਲ ਆਸਾ ਧਰਨ ਅਤੇ ਬਹੁ ਪਰਤੀ ਹੋ ਨਿੱਬੜਦਾ ਹੈ ਇਸ ਕਰ ਕੇ ਸਾਹਿਤ ਦੀ ਦਸ਼ਾ ਅਤੇ ਦਿਸ਼ਾ ਬਦਲ ਜਾਂਦੀ ਹੈ ਮਨੁੱਖ ਦਾ ਸਮਾਜ ਨਾਲ ਰਿਸ਼ਤਾ ਕੂਲ਼ਾ ਸਹਿਜ ਅਤੇ ਸੁਭਾਵਿਕ ਨਾ ਰਹਿ ਕਿ ਅਸੰਤੁਲਨ ਹੋ ਨਿੱਬੜਦਾ ਹੈ ਲੋੜਾਂ ਦੇ ਮੁਕਾਬਲੇ ਇੱਛਾਵਾਂ ਤੀਹ ਵਧੇਰੇ ਬਲ ਦੇਣ ਕਾਰਨ ਹਰ ਕੋਈ ਆਪਣੀਆਂ ਇੱਛਾਵਾਂ ਦੀ ਪੂਰਤੀ ਹਿਤ ਤਤਪਰ ਰਹਿਣ ਕਾਰਨ ਅੰਤਰਮੁਖੀ ਹੋ ਜਾਂਦਾ ਹੈ ਇਸ ਨਾਲ ਸਦੀਵੀ ਸੱਦ ਭਾਵੀ ਅਤੇ ਹੰਢਣਸਾਰ ਰਿਸ਼ਤਿਆਂ ਦੀ ਸੰਭਾਵਨਾ ਮੁੱਕ ਜਾਂਦੀ ਹੈ ਇਸ ਸਭਿਆਚਾਰਕ ਤਬਦੀਲੀ ਨੂੰ ਇਸ ਦੀਆਂ ਸਾਰੀਆਂ ਜਟਿਲਤਾਵਾਂ ਸਾਹਿਤ ਪ੍ਰਗਟਾਉਣ ਲਈ ਨਾਵਲ, ਨਾਟਕ, ਕਹਾਣੀ, ਇਕਾਂਗੀ, ਸਫ਼ਰਨਾਮਾ ਆਦਿ ਕਲਾ ਰੂਪ ਹੋਂਦ ਵਿਚ ਆਉਂਦੇ ਹਨ ਪੂੰਜੀਵਾਦ ਦੇ ਪ੍ਰਭਾਵ ਅਧੀਨ ਸ਼ਹਿਰੀਕਰਨ ਨਾਲ ਉਪਜੀ ਮੱਧ ਸ਼੍ਰੇਣੀ ਦਾ ਵਿਹਾਰਕ ਪਰੰਪਰਾਗਤ ਸਾਹਿਤ ਰੂਪਾਂ ਵਿਚ ਪੇਸ਼ ਕਰਨਾ ਸੰਭਵ ਨਹੀਂ ਸੀ ਸਗੋਂ ਪੰਜਾਬ ਦੇ ਮੱਧ ਸ਼੍ਰੇਣਿਕ ਨਾਵਲ ਲੇਖਕਾਂ ਨੇ ਮੱਧ ਸ਼੍ਰੇਣਿਕ ਸਮੱਸਿਆਵਾਂ ਨੂੰ ਮੱਧ ਸ਼੍ਰੇਣੀ ਮੂਲਿਕ ਦ੍ਰਿਸ਼ਟੀਕੋਣ ਤੋਂ ਮੱਧ ਸ਼੍ਰੇਣੀ ਦੇ ਪਾਠਕਾਂ ਲਈ ਲਿਖਣਾ ਆਰੰਭ ਕੀਤਾ ਸਾਹਿਤ ਦੇ ਨਵੇਂ ਰੂਪ ਸਭਿਆਚਾਰਕ ਪਰਿਵਰਤਨ ਦਾ ਅੰਗ ਸਨ ਕਿਉਂਕਿ ਸਾਹਿਤ ਨੂੰ ਸੁਣਨ ਦੀ ਥਾਂ ਪੜ੍ਹਨ ਦੀ ਰੁਚੀ ਬਲਵਾਨ ਹੋ ਗਈ ਸੀ।

**ਵਿਸ਼ਾ-ਵਸਤੂ:**

ਆਧੁਨਿਕ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਇਹ ਅੰਗਰੇਜ਼ੀ ਦੇ ਸ਼ਬਦ MODERN ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਆਧੁਨਿਕ ਸ਼ਬਦ ਸੰਸਕ੍ਰਿਤ ਵਿਆਕਰਨ ਅਨੁਸਾਰ (ਅਧੁਨਾ) ਦਾ ਵਿਸੇਸਣ ਹੈ। ਆਧੁਨਿਕਤਾ ਦੇ ਸੰਕਲਪ ਸਬੰਧੀ ਵੱਖ-ਵੱਖ ਵਿਦਵਾਨਾਂ ਅਤੇ ਕੋਸ਼ਾਂ ਅਨੁਸਾਰ ਇਸ ਦੀਆਂ ਅਨੇਕਾਂ ਪਰਿਭਾਸ਼ਾਵਾਂ ਮਿਲਦੀਆਂ ਹਨ। ਅਮਰਕੋਸ਼ ਅਨੁਸਾਰ ਅਧੁਨਾ ਦੇ ਅਰਥ ਹਨ ਇਸ ਕਾਲ ਵਿਚ ਜਾਂ ਹੁਣ। ਆਧੁਨਿਕ ਸ਼ਬਦ ਇਸੇ (ਅਧੁਨਾ + ਠਸ ) ਤੋਂ ਬਣਿਆ ਹੈ। ਜਿਸ ਦੇ ਅਰਥ ਹਨ 'ਹੁਣ ਹੋਇਆ। ਅੰਗਰੇਜ਼ੀ ਦੇ MODERN ਸ਼ਬਦ ਦੀ ਉਤਪਤੀ LATIN ਦੇ ਧਾਤੂ MODO ਤੋਂ ਹੋਈ ਹੈ ਜਿਸ ਦੇ ਅਰਥ ਹਨ ਹੁਣ JUST NOW ਸ਼ਾਬਦਿਕ ਅਰਥਾਂ ਅਨੁਸਾਰ ਆਧੁਨਿਕ ਸ਼ਬਦ ਹੁਣ ਅਰਥਾਤ ਕਾਲ ਦੇ ਵਰਤਮਾਨ ਖੰਡ ਦਾ ਸੂਚਕ ਹੈ। ਪਰ ਮਨੁੱਖੀ ਗਿਆਨ ਸੰਚਾਰ ਦੇ ਪ੍ਰਸੰਗ ਵਿਚ ਇਹ ਬਹੁਤ ਵਿਸ਼ਾਲ ਨਿਸ਼ਚਿਤ ਅਰਥ ਦਾ ਧਾਰਨੀ ਹੈ। ਆਧੁਨਿਕ ਦਾ ਸੰਕਲਪ ਆਪਣੀਆਂ ਬਹੁਮੁਖੀ ਸੰਭਾਵਨਾਵਾਂ ਕਾਰਨ ਵੱਖ ਵੱਖ ਦ੍ਰਿਸ਼ਟੀਆਂ ਅਨੁਸਾਰ ਪ੍ਰੀਭਾਸਿਤ ਕੀਤਾ ਹੈ। ਆਧੁਨਿਕ ਜਾਗੀਰਦਾਰੀ ਤੋਂ ਪੂੰਜੀਵਾਦ ਸਿਸਟਮ ਵਲ ਦੇ ਵਿਕਾਸ ਉਪਜ ਹੈ।

**ਆਧੁਨਿਕ ਸ਼ਬਦ ਦੀ ਪਰਿਭਾਸ਼ਾ ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਵੱਖ ਵੱਖ ਕੀਤੀ ਹੈ।**

**ਸਟੀਫਨ ਸਪੇਂਡਰ ਅਨੁਸਾਰ**

'ਵਰਤਮਾਨ ਨਾਲ ਅਤੀਤ ਦਾ ਟਕਰਾਓ ਆਧੁਨਿਕਤਾ ਦਾ ਪ੍ਰਮੁੱਖ ਪ੍ਰਯੋਜਨ ਪ੍ਰਤੀਤ ਹੁੰਦਾ ਹੈ'

**ਡਾ: ਅਤਰ ਸਿੰਘ ਅਨੁਸਾਰ** ''ਆਧੁਨਿਕਤਾ ਨੂੰ ਇੱਕ ਸੰਪੂਰਨ ਦ੍ਰਿਸ਼ਟੀਕੋਣ ਮੰਨਿਆ ਹੈ। ਕਿ ਆਧੁਨਿਕ ਵਿਗਿਆਨ ਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਉਤਪੰਨ ਹੋਈ ਹੈ । ਇਸ ਦੀ ਨੀਂਹ ਬੌਧਿਕਤਾ ਤੇ ਨਿਆਂਸ਼ੀਲਤਾ ਹੈ। ਇਸ ਦਾ ਸੁਭਾਅ ਵਿਸ਼ਲੇਸ਼ਣਕਾਰੀ ਹੈ।

**ਧਰਮਵੀਰ ਭਾਰਤੀ ਅਨੁਸਾਰ**- 'ਇਹ ਸੰਕਟ ਦਾ ਬੋਧ ਹੈ'

**ਆਧੁਨਿਕਤਾ ਵਿਚ ਹੇਠ ਲਿਖੇ ਵਿਦਵਾਨਾਂ ਨੇ ਆਪਣੇ- ਆਪਣੇ ਸਿਧਾਂਤ ਪੇਸ਼ ਕੀਤੇ ਹਨ-**

1 ਡਾਰਵਿਨ ਦਾ ਮਨੁੱਖੀ ਵਿਕਾਸਵਾਦ ਦਾ ਸਿਧਾਂਤ

2 ਕਾਰਲ ਮਾਰਕਸ ਦਾ ਦਾਵੰਧਾਤਮਕ ਭੌਤਿਕਵਾਦ ਦਾ ਸਿਧਾਂਤ

3 ਸਿਗਮੰਡ ਫਰਾਇਡ ਦਾ ਮਨੋਵਿਗਿਆਨ ਦਾ ਸਿਧਾਂਤ

4 ਸਾਰਤਰ ਦਾ ਅਸਤਿਤਵਵਾਦ ਦਾ ਸਿਧਾਂਤ

**ਆਧੁਨਿਕ ਸੰਕਲਪ ਦਾ ਅਰਥ:-** ਯੂਰਪ ਦੇ ਇਤਿਹਾਸ ਵਿਚ ਆਧੁਨਿਕ ਯੁੱਗ ਦਾ ਆਰੰਭ 18ਵੀਂ ਸਦੀ ਵਿਚ ਪੁਨਰ-ਜਾਗਰਨ ਨਾਲ ਹੋਇਆ ਮੰਨਿਆ ਜਾਂਦਾ ਹੈ ਜੋ ਸਨਅਤੀ ਯੁੱਗ ਤੇ ਸ਼ਹਿਰੀ ਸਭਿਅਤਾ ਦੇ ਉਭਾਰ ਨਾਲ ਆਪਣੀ ਵੱਖਰੀ ਹੋਂਦ ਸਥਾਪਤ ਕਰਦਾ ਹੈ ਭਾਰਤ ਜਾਂ ਪੰਜਾਬ ਦੇ ਇਤਿਹਾਸ ਵਿਚ ਆਧੁਨਿਕ ਯੁੱਗ ਨੂੰ ਅੰਗਰੇਜ਼ਾਂ ਦੀ ਆਮਦ ਤੋਂ ਪਹਿਲਾਂ ਮੰਨਣਾ ਨਿਰਾਰਥਕ ਹੈ ਅਤੇ ਇਸ ਦਾ ਆਰੰਭ 19ਵੀਂ ਸਦੀ ਦੇ ਪਹਿਲੇ ਅੱਧ ਤੋਂ ਮੰਨਿਆ ਜਾਂਦਾ ਹੈ।

ਆਧੁਨਿਕ ਸ਼ਬਦ ਦੀ ਇੱਕ ਪਰਤ ਕਾਲ ਅਤੇ ਦੂਸਰੀ ਸੰਕਲਪ ਮੂਲਕ ਹੈ। ਆਧੁਨਿਕਤਾ ਦਾ ਸੰਕਲਪ ਆਪਣੀਆਂ ਬਹੁ ਮੁਖੀ ਸੰਭਾਵਨਾਵਾਂ ਕਾਰਨ ਵੱਖਰੀਆਂ ਦ੍ਰਿਸ਼ਟੀਆਂ ਅਨੁਸਾਰ ਪਰਿਭਾਸ਼ਿਤ ਕੀਤਾ ਗਿਆ ਹੈ ਆਧੁਨਿਕਤਾ ਜਗੀਰਦਾਰੀ ਤੋਂ ਪੂੰਜੀਵਾਦੀ ਸਿਸਟਮ ਦੇ ਵਿਕਾਸ ਦੀ ਉਪਜ ਹੈ ਇਸ ਦੇ ਸੰਕਲਪ ਨੂੰ ਭੂਤ ਦੇ ਨਿਸ਼ੇਧ ਪਰੰਪਰਾ ਦੇ ਵਿਰੋਧ, ਨਵੀਨਤਾ ਦੀ ਸ਼ੁਰੂਆਤ ਜਾਂ ਅਜਿਹੇ ਹੋਰ ਪਹਿਲੂਆਂ ਤੋਂ ਨਿਖੇੜਨ ਦਾ ਯਤਨ ਹੋਇਆ ਹੈ। ਡਾ. ਕੁਮਾਰ ਵਿਕਲ ਅਨੁਸਾਰ:

> ਆਧੁਨਿਕਤਾ ਆਪਣੇ ਉਦੇ ਨਾਲ ਹੀ ਪਰੰਪਰਾ ਭੰਗ ਪ੍ਰਤੀ ਵਿਸ਼ੇਸ਼ ਆਗ੍ਰਹਿ ਤੇ ਪਰੰਪਰਾ ਭੰਗ ਪ੍ਰਤੀ ਉਤਸ਼ਾਹ ਪੈਦਾ ਕਰਦੀ ਹੈ

ਇਵੇਂ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਪਰੰਪਰਾ ਦੇ ਜੀਵਤ ਰਹਿ ਸਕਣ ਜਾਂ ਖੰਡਤ ਹੋ ਜਾਣ ਦਾ ਪ੍ਰਸ਼ਨ ਆਧੁਨਿਕਤਾ ਦੇ ਪ੍ਰਭਾਵ ਤੇ ਤੀਖਣ ਕੀਤਾ ਹੈ

ਡਾ. ਇੰਦਰ ਨਾਥ ਮਦਾਨ ਨੇ ਆਧੁਨਿਕਤਾ ਦੇ ਸਰੂਪ ਨੂੰ 'ਪ੍ਰਸ਼ਨ ਚਿੰਨ੍ਹ ਦੀ ਨਿਰੰਤਰਤਾ' ਦਰਸਾਇਆ ਹੈ ।

ਪਰੰਪਰਾ ਦਾ ਸੁਚੇਤ ਰੂਪ ਆਧੁਨਿਕ ਬੋਧ ਵਿਚ ਇੱਕ ਫ਼ੈਸ਼ਨ ਵਾਂਗ ਹੀ ਸਵੀਕਾਰਿਆ ਗਿਆ ਹੈ।

ਡਾ. ਧਨਵੰਤ ਕੌਰ ਅਨੁਸਾਰ "ਆਧੁਨਿਕਤਾ ਇਤਿਹਾਸ ਦੀ ਸਰਲ ਸਪਾਟ ਨਿਰੰਤਰਤਾ ਵਿਚ ਇੱਕ ਪਸਾਰੀ ਸਬੰਧ ਨਹੀਂ ਰੱਖਦੀ ਸਗੋਂ ਇਹ ਭੂਤ ਅਤੇ ਵਰਤਮਾਨ ਦੇ ਆਪਸੀ ਰਿਸ਼ਤੇ ਦੇ ਗਤੀਸ਼ੀਲ ਤਣਾਓ ਤੇ ਦਵੰਦਾਤਮਿਕ ਨੂੰ ਉਜਾਗਰ ਕਰਦੀ ਹੈ ਇਸੇ ਕਰ ਕੇ ਇਹ ਕਾਲ ਚੇਤਨਾ ਨਾਲ ਉਨ੍ਹਾਂ ਸਬੰਧ ਨਹੀਂ ਰੱਖਦੀ ਜਿੰਨਾ ਸੰਕਲਪ ਚੇਤਨਾ ਨਾਲ"

ਸੰਕਲਪ ਮੂਲ ਅਰਥਾਂ ਨੂੰ ਨਿਸ਼ਚਿਤ ਕਰਨ ਲਈ ਆਧੁਨਿਕ ਸ਼ਬਦ ਦੇ ਸਮਕਾਲੀਨ ਤੇ ਨਵੀਨ ਨਾਲੇ ਨਿਖੇੜੇ ਨੂੰ ਹੀ ਦ੍ਰਿਸ਼ਟੀਗੋਚਰ ਕਰਨਾ ਜ਼ਰੂਰੀ ਹੈ। ਨਵੀਨ ਤੇ ਸਮਕਾਲੀਨ ਆਪਣੇ ਅਰਥ ਸਮੇਂ ਵਿਚ ਆਪਣੀ ਥਾਂ ਵਿਚੋਂ ਲੈਂਦੇ ਹਨ। ਪਰ ਆਧੁਨਿਕ ਤੇ ਆਧੁਨਿਕਤਾ ਆਪਣੇ ਅਰਥ ਸਮੇਂ ਦੇ ਨਾਲ ਨਾਲ ਆਪਣੇ ਵਿਸ਼ੇਸ਼ ਸੁਭਾਅ ਤੋਂ ਵੀ ਲੈਂਦੇ ਹਨ। ਨਵੀਨ ਤੇ ਸਮਕਾਲੀਨ ਦੋਵੇਂ ਪਦ ਕਾਲਵਾਚੀ ਹਨ ਅਤੇ ਸਿਰਫ਼ ਇੱਕ ਵਿਸ਼ਲੇਸ਼ਣ ਵਜੋਂ ਉਸ ਹਾਲਤ ਵੱਲ ਸੰਕੇਤ ਕਰਦੇ ਹਨ। ਜੋ ਸਮੇਂ ਵਿਚ ਸਾਡੇ ਸਭ ਤੋਂ ਨੇੜੇ ਹੈ ਨਵੀਨ ਪੁਰਾਤਨ ਦੇ ਵਿਰੋਧ ਵਿਚ ਸਾਰਥਿਕ ਹੈ ਪਰ ਆਧੁਨਿਕ ਸਿਰਫ਼ ਪੁਰਾਤਨਤਾ ਦਾ ਵਿਰੋਧ ਨਹੀਂ ਨਵੀਨ ਜਾਂ ਸਮਕਾਲੀਨ ਸੀਮਤ ਪ੍ਰਸੰਗ ਦੇ ਸੂਚਕ ਹਨ। ਆਧੁਨਿਕ ਵਿਸ਼ਾਲ ਅਰਥੀ, ਬਹੁ ਪਰਤੀ ਤੇ ਬਹੁ-ਦਿਸ਼ਾਵੀ ਰੂਪ ਹੈ ਆਧੁਨਿਕਤਾ ਮਨੁੱਖੀ ਚਿੰਤਨ ਅਤੇ ਚੇਤਨਾ ਦੀ ਉਚੇਰੀ ਅਤੇ ਵਿਗਿਆਨਕ ਯੁੱਗ ਆਧਾਰਿਤ ਇੱਕ ਨਿਸ਼ਚਿਤ ਤਰਕਸ਼ੀਲ ਜੀਵਨ ਦ੍ਰਿਸ਼ਟੀ ਹੈ।

ਆਧੁਨਿਕ, ਆਧੁਨਿਕਤਾ, ਆਧੁਨਿਕੀਕਰਨ, ਆਧੁਨਿਕ ਸੰਵੇਦਨਾ ਅਜਿਹੇ ਮਹੱਤਵਪੂਰਨ ਸੰਕਲਪ ਹਨ ਆਧੁਨਿਕ ਯੁੱਗ ਦਾ ਆਗਾਜ਼ ਪੱਛਮ ਵਿਚ ਵਿਗਿਆਨਕ ਕਾਢਾਂ ਨਾਲ ਹੋਇਆ ਹੈ। ਜਿਸ ਨੇ ਅੱਗੋਂ ਨਵੀਂ ਤਕਨਾਲੋਜੀ ਪੈਦਾ ਕੀਤੀ ਤੇ ਉਸ ਨਵੀਂ ਤਕਨਾਲੋਜੀ ਨੇ ਉਦਯੋਗਿਕ ਯੁੱਗ ਦੇ ਦਰਵਾਜ਼ੇ ਖੋਲ੍ਹੇ ਜਿਸ ਨੇ ਅੱਗੋਂ ਪੂੰਜੀਵਾਦੀ ਸਿਸਟਮ ਉਸਾਰ ਕੇ ਮਸ਼ੀਨੀਕਰਨ,ਸ਼ਹਿਰੀਕਰਨ ਸਮੇਤ ਵਿਭਿੰਨ ਨਵੇਂ ਆਰਥਿਕ ਰਾਜਨੀਤਕ ਤੇ

ਸਭਿਆਚਾਰਕ ਵਰਤਾਰਿਆਂ ਨੂੰ ਜਨਮ ਦਿੱਤਾ। ਮਨੁੱਖੀ ਚੇਤਨਾ ਤੇ ਚਿੰਤਨ ਦੀਆਂ ਨਵੀਆਂ ਪੁਲਾਂਘਾਂ ਪੁੱਟਦਿਆਂ ਡਾਰਵਿਨ ਦੇ ਮਨੁੱਖੀ ਵਿਕਾਸਵਾਦ ਦੇ ਸਿਧਾਂਤ ਨੇ ਮਨੁੱਖ ਦੇ ਇਤਿਹਾਸਕ ਵਿਕਾਸ ਦੇ ਤਰਕਸ਼ੀਲ ਤੇ ਸਿਲਸਿਲੇਵਾਰ ਵਿਕਾਸ ਮੂਲਕ ਸਿਧਾਂਤ ਨੂੰ ਸਥਾਪਤ ਕਰਦਿਆਂ ਅੰਧਵਿਸ਼ਵਾਸੀ ਧਾਰਮਿਕ ਮਨੌਤਾਂ ਅਤੇ ਗ਼ੈਰ ਯਥਾਰਥਿਕ ਉਤਪਤੀ ਮੂਲ ਕਥਾਵਾਂ ਨੂੰ ਰੱਦ ਕੀਤਾ ਹੈ। ਕਾਰਲ ਮਾਰਕਸ ਨੇ ਦਵੰਦਾਤਮਿਕ ਭੌਤਿਕਵਾਦ ਦੇ ਵਿਗਿਆਨਕ ਸਿਧਾਂਤ ਰਾਹੀਂ ਕੁਦਰਤ, ਇਤਿਹਾਸ, ਸਮਾਜ ਅਤੇ ਮਨੁੱਖੀ ਹੋਂਦ ਤੇ ਤਬਦੀਲੀ ਦੀ ਵਿਗਿਆਨਕ ਵਿਆਖਿਆ ਕਰਦਿਆਂ ਮਨੁੱਖ ਨੂੰ ਇਸ ਕਾਇਨਾਤ ਦਾ ਧੁਰਾ ਅਤੇ ਸ਼ਕਤੀਸ਼ਾਲੀ ਹੋਂਦ ਸਥਾਪਤ ਕੀਤਾ ਹੈ। ਜਮਾਤੀ ਵੰਡ, ਜਮਾਤੀ ਲੁੱਟ, ਵਰਗ ਸੰਘਰਸ਼, ਲੋਕ ਪੱਖੀ ਤੇ ਲੋਕ ਵਿਰੋਧੀ ਵਿਚਾਰਧਾਰਾ ਦੇ ਅਤਿਅੰਤ ਤਰਕਸ਼ੀਲ ਵਾਸਤਵਿਕ ਤੇ ਮਾਨਵ ਹਿਤੈਸ਼ੀ ਸੰਕਲਪਾਂ ਅਤੇ ਵਰਤਾਰਿਆਂ ਦਾ ਇਨਕਲਾਬੀ ਦ੍ਰਿਸ਼ਟੀ ਤੋਂ ਅਧਿਐਨ ਪੇਸ਼ ਕਰਦਿਆਂ ਸਾਰੀਆਂ ਫ਼ਰਜ਼ੀ ਵਿਚਾਰਧਾਰਾਈ ਦ੍ਰਿਸ਼ਟੀਆਂ ਨੂੰ ਖੰਡਿਤ ਕੀਤਾ ਹੈ। ਉਸ ਨੇ ਨਵੇਂ ਵਿਗਿਆਨਕ ਜੀਵਨ ਤੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਸਥਾਪਿਤ ਕੀਤਾ। ਸਿਗਮੰਡ ਫਰਾਇਡ ਨੇ ਮਨੁੱਖੀ ਮਨ ਦੀਆਂ ਆਂਤਰਿਕ ਬਲਸ਼ਾਲੀ ਸ਼ਕਤੀਆਂ ਦਾ ਇਡ, ਈਗੋ ਤੇ ਸੁਪਰ-ਈਗੋ ਵਿਚ ਨਿਖੇੜਾ ਕਰਦਿਆਂ ਇਸ ਦੇ ਗੁੱਝੇ ਪਰ ਸ਼ਕਤੀਸ਼ਾਲੀ ਪ੍ਰਕਾਰਜੀ ਸਰੂਪ ਨੂੰ ਤਾਂਤਰਿਕ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕੀਤਾ ਹੈ। ਜਿਸ ਸਦਕਾ ਮਨੁੱਖੀ ਹੋਂਦ ਖ਼ਾਸ ਕਰਕੇ ਮਨੁੱਖੀ ਮਨੋ ਸੰਰਚਨਾ ਇੱਕ ਰਹੱਸ ਇੱਕ ਮਨੌਤ ਜਾਂ ਇੱਕ ਗੁੰਝਲ ਨਾ ਰਹਿ ਕੇ ਸਮਝੀ ਸਮਝਾਈ ਤੇ ਤਬਦੀਲੀ ਯੋਗ ਹੋਂਦ ਵਜੋਂ ਸਵੀਕਾਰੀ ਗਈ। ਐਡਲਰ ਨੇ ਜੀਵਨ ਦੇ ਮੂਲ ਪ੍ਰੇਰਕ ਸ਼ਕਤੀ ਆਤਮ ਸਮਰਪਣ ਨੂੰ ਮੰਨਦਿਆਂ ਇਸ ਦੇ ਹੀਣ ਭਾਵੀ ਜਾਂ ਉੱਚ ਭਾਵੀ ਪ੍ਰਸੰਗਾਂ ਨੂੰ ਸਨਮੁੱਖ ਲਿਆਂਦਾ। ਜੁੰਗ ਨੇ ਮਨੁੱਖੀ ਅਵਚੇਤਨ ਦੀਆਂ ਸਮੂਹਿਕ ਤੇ ਨਿੱਜਪਰਕ ਪਰਤਾਂ ਦੀ ਨਿਸ਼ਾਨਦੇਹੀ ਕਰਦਿਆਂ ਇਨ੍ਹਾਂ ਦੀ ਕਾਰਜ ਵਿਧੀ ਪ੍ਰੇਰਨਾਵਾਂ ਤੇ ਪਰਿਣਾਮਾਂ ਦੇ ਲੁਪਤ ਸੰਸਾਰ ਨੂੰ ਸਨਮੁੱਖ ਲਿਆਂਦਾ। ਮਨੁੱਖੀ ਮਨੋ ਵਿਗਿਆਨਕ ਚਿੰਤਨ ਵਿਚ ਇਨ੍ਹਾਂ ਤਿੰਨਾਂ ਚਿੰਤਕਾਂ ਨੇ ਮਨੁੱਖੀ ਮਨ ਨੂੰ ਇੱਕ ਸਮਝਣ ਯੋਗ, ਬਦਲਣ ਯੋਗ ਅਤੇ ਮਾਣਨਯੋਗ ਸਥਿਤੀ ਪ੍ਰਦਾਨ ਕੀਤੀ। ਇਵੇਂ ਹੀ ਪ੍ਰਸਿੱਧ ਵਿਗਿਆਨੀ ਆਇਨਸਟਾਇਨ ਨੇ ਸੰਪਖੇਤਾ ਦੇ ਸਿਧਾਂਤ ਰਾਹੀਂ ਸਮੁੱਚੇ ਦ੍ਰਿਸ਼ਟੀ ਮਾਨ ਜਗਤ ਦੀ ਕਾਲਖ ਤੇ ਸਥਾਨਕ ਪ੍ਰਵਾਹ ਦੀ ਵਿਗਿਆਨਕ ਵਿਆਖਿਆ ਕੀਤੀ। ਜਿਸ ਸਦਕਾ ਅੰਤਿਮ ਪੱਖੀ, ਮਕਾਨਕੀ, ਵਿਚਾਰਵਾਦੀ, ਮਨੌਤਾਂ ਅਪ੍ਰਵਚਨ ਹੋਈਆਂ। ਅਸਤਿਤਵਵਾਦੀ ਫ਼ਲਸਫ਼ੇ ਦੇ ਅੰਤਰਗਤ ਕੀਰਕੇ ਗਾਰਦ ਨੇ ਆਸਥਾ ਦੇ ਮਾਧਿਅਮ ਨੂੰ ਸਥਾਪਿਤ ਕੀਤਾ ਤੇ ਜਾਂ ਪਾਲ ਸਾਰਤਰ ਨੇ ਅਨਾਸਥਾ ਦੇ ਮਾਧਿਅਮ ਰਾਹੀਂ ਮਨੁੱਖੀ ਅਸਤਿਤਵ ਦੀਆਂ ਗੌਰਵਮਈ ਤੇ ਛਿਣਭੰਗਰ ਪਰ ਫ਼ੈਸਲਾਕੁਨ ਸਥਿਤੀਆਂ ਦੀ ਦਾਰਸ਼ਨਿਕ ਵਿਆਖਿਆ ਕੀਤੀ ਅਸਤਿਤਵਵਾਦ ਨੇ ਮਨੁੱਖੀ ਹੋਂਦ ਦੇ ਮੂਲ ਪ੍ਰਸ਼ਨ ਇਸ ਦੇ ਸੰਕਟ, ਇਸ ਦੀ ਸਿਰਜਣ ਸ਼ੀਲਤਾ, ਇਸ ਦੀ ਬੇਵਸੀ ਅਤੇ ਆਜ਼ਾਦੀ ਗ਼ੁਲਾਮੀ ਦੇ ਪ੍ਰਸ਼ਨਾਂ ਨੂੰ ਪਹਿਲਤਾ ਪ੍ਰਦਾਨ ਕੀਤੀ ਆਧੁਨਿਕ ਯੁੱਗ ਸੰਵੇਦਨਾ ਨਵੇਂ ਯੁੱਗ ਦੇ ਚਰਿੱਤਰ ਮੁਤਾਬਿਕ ਨਵੀਨ ਚਿੰਤਨ ਪੱਧਤੀਆਂ, ਬਦਲਦੇ ਸੰਦਰਭਾਂ ਦੀ ਪਛਾਣ ਅਤੇ ਤਰਕਸ਼ੀਲ ਚਿੰਤਨ ਵਿਧੀਆਂ ਦੇ ਨਾਲ ਨਾਲ ਉਨ੍ਹਾਂ ਆਧੁਨਿਕ ਮਸਲਿਆਂ ਅਤੇ ਮਨੋਰਥਾਂ ਦੇ ਤਰਕ ਵਿਤਰਕ ਢੂੰਡਣ ਅਤੇ ਵੱਖਰਿਆਉਣ ਦਾ ਵਰਤਾਰਾ ਹੈ ਇਨ੍ਹਾਂ ਨੇ ਸਾਰੇ ਆਧੁਨਿਕ ਗਿਆਨ ਅਨੁਸ਼ਾਸਨ ਵਿਚ ਕੇਂਦਰੀ ਮਹੱਤਤਾ ਬਣਾਈ ਹੋਈ ਹੈ ਉਂਜ ਪਿਛਲੇ ਕੁੱਝ ਸਮੇਂ ਤੋਂ ਉੱਤਰ ਆਧੁਨਿਕ ਯੁੱਗ ਦੇ ਚਰਚੇ ਵੀ ਪੱਛਮੀ ਮੁਲਕਾਂ ਵਿਚ ਉੱਭਰ ਰਹੇ ਹਨ। ਜੋ ਆਧੁਨਿਕਤਾ ਦੀਆਂ ਸ਼ੁੱਧ ਤਰਕਸ਼ੀਲ ਹੋਣ ਦੀਆਂ ਸੀਮਾਵਾਂ ਤੇ ਇੱਕ ਪੱਖੀ, ਅੰਤਮਪੱਖੀ ਗ਼ਲਤ ਧਾਰਨਾਵਾਂ ਨੂੰ ਨਵੇਂ ਬਦਲਦੇ ਸਿਧਾਂਤਾਂ ਦੇ ਤਰਕਾ ਨਾਲ ਨਿਸ਼ੇਧ ਕੇ ਸੱਜਰੀ ਇਤਿਹਾਸਕ ਯੁੱਗ ਚੇਤਨਾ ਦਾ ਮੁਹਾਂਦਰਾ ਘੜ ਰਹੇ ਹਨ।

ਆਧੁਨਿਕ ਅਤੇ ਮੱਧਕਾਲੀਨ ਯੁੱਗ ਮੂਲ ਨਿਖੇੜਾ:- ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਸ ਦੇ ਤਿੰਨ ਮੁੱਖ ਇਤਿਹਾਸਿਕ ਯੁੱਗਾਂ ਨੂੰ ਨਿਖੇੜਿਆਂ ਜਾਂਦਾ ਹੈ।

(1) ਆਦਿ ਕਾਲੀਨ

(2) ਮੱਧਕਾਲੀਨ

(3) ਆਧੁਨਿਕ ਕਾਲ

ਮੱਧਕਾਲੀਨ ਅਤੇ ਆਧੁਨਿਕ ਕਾਲ ਦਾ ਮੂਲ ਨਿਖੇੜਾ ਇਹ ਹੈ ਮੱਧਕਾਲ ਵਿਚ ਸਿਰਫ਼ ਕਾਵਿ ਵਿਧਾ ਸੀ। ਪਰ ਆਧੁਨਿਕ ਕਾਲ ਵਿਚ ਸਾਹਿਤ ਦੇ ਨਵੇਂ ਰੂਪ ਸਾਹਮਣੇ ਆਉਂਦੇ ਹਨ। ਜਿਵੇਂ ਕਿ ਨਾਵਲ, ਨਾਟਕ, ਕਹਾਣੀ, ਖੁੱਲ੍ਹੀ ਕਵਿਤਾ ਆਦਿ। ਇਹ ਸਾਰੇ ਸਾਹਿੱਤਿਕ ਰੂਪ ਆਧੁਨਿਕ ਕਾਲ ਵਿਚ ਪੈਦਾ ਹੁੰਦੇ ਹਨ। ਆਧੁਨਿਕ ਕਾਲ ਵਿਚ ਸਮਾਜਿਕ ਤੇ ਧਾਰਮਿਕ ਲਹਿਰਾਂ ਸਾਹਮਣੇ ਆਉਂਦੀਆਂ ਹਨ। ਜਿਵੇਂ ਸਿੰਘ ਸਭਾ ਲਹਿਰ, ਕੂਕਾ ਲਹਿਰ, ਹਿੰਦੂ ਧਾਰਮਿਕ ਲਹਿਰਾਂ, ਮੁਸਲਮਾਨ ਧਾਰਮਿਕ ਲਹਿਰਾਂ ਆਦਿ ਹਨ।

ਆਧੁਨਿਕ ਯੁੱਗ ਅਤੇ ਵਿਸ਼ੇਸ਼ਕਰ ਆਧੁਨਿਕ ਪੰਜਾਬੀ ਸਾਹਿਤ ਦੇ ਉਚਿੱਤ ਅਤੇ ਸਮੱਗਰੀ ਅਧਿਐਨ ਲਈ ਮੱਧਕਾਲੀਨ ਯੁੱਗ ਅਤੇ ਮੱਧਕਾਲੀਨ ਸਾਹਿਤ ਦਾ ਆਧੁਨਿਕ ਯੁੱਗ ਅਤੇ ਆਧੁਨਿਕ ਪੰਜਾਬੀ ਸਾਹਿਤ ਨਾਲੋਂ ਸਾਪੇਖਕ ਨਿਖੇੜਾ ਜ਼ਰੂਰੀ ਹੈ। ਅੰਗਰੇਜ਼ਾਂ ਦੇ ਭਾਰਤ ਉੱਪਰ ਰਾਜਨੀਤਕ ਕਬਜ਼ੇ ਅਤੇ ਏਕੀਕਰਨ ਦੇ ਅਮਲ ਨੇ ਜਿਸ ਨਵੇਂ ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਦੌਰ ਦਾ ਆਰੰਭ ਕੀਤਾ, ਉਹ ਮੱਧਕਾਲੀਨ ਯੁੱਗ ਨਾਲੋਂ ਬੁਨਿਆਦੀ ਤੌਰ ਤੇ ਵੱਖਰਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਨਵੇਂ ਇਤਿਹਾਸਕ ਯੁੱਗ ਵਿਚ ਵੀ ਪਹਿਲੇ ਯੁੱਗ ਦੀਆਂ ਬਲਸ਼ਾਲੀ, ਜੀਵੰਤ ਅਤੇ ਸਾਰਥਿਕ ਪਰੰਪਰਾਵਾਂ ਦੀ ਬਦਲਵੀਂ ਨਿਰੰਤਰਤਾ ਰਹਿੰਦੀ ਹੈ। ਪਰ ਨਾਲੋਂ ਨਾਲ ਨਵੇਂ ਯੁੱਗ ਦੀਆਂ ਲੋੜਾਂ ਮੁਤਾਬਿਕ ਭੂਤ ਕਾਲੀਨ ਸੰਸਥਾਵਾਂ, ਵਿਚਾਰਾਂ, ਵਿਹਾਰਾਂ, ਮਨੋਰਥਾਂ, ਆਦਰਸ਼ਾਂ, ਕੀਮਤਾਂ ਤੇ ਪ੍ਰਤਿਮਾਨਾਂ ਵਿਚ ਮੂਲ ਭੂਤ ਪਰਿਵਰਤਨ ਆਉਂਦੇ ਹਨ ਯੁੱਗ ਨਿਖੇੜੇ ਦਾ

ਮੂਲ ਸਾਰ ਹੀ ਇਹ ਬੁਨਿਆਦੀ ਪਰਿਵਰਤਨ ਹੁੰਦੇ ਹਨ। ਮੱਧ ਕਾਲੀਨ ਸਮਾਜਿਕ ਬਣਤਰ ਜਗੀਰਦਾਰੀ ਵਿਵਸਥਾ ਵਾਲੀ ਸੀ, ਜੋ ਅੰਗਰੇਜ਼ਾਂ ਦੇ ਕਬਜ਼ੇ ਉਪਰੰਤ ਪੂੰਜੀਵਾਦੀ ਲੀਹਾਂ ਤੇ ਢਲਣੀ ਤੇ ਬਦਲਣੀ ਸ਼ੁਰੂ ਹੋਈ ਪਰ ਸਾਡਾ ਰਾਜਸੀ, ਆਰਥਿਕ ਅਤੇ ਸਭਿਆਚਾਰਕ ਪਰਿਵਰਤਨ ਆਂਤਰਿਕ ਵਿਕਾਸ ਦਾ ਸਹਿਜ, ਪੱਕਿਆ ਅਤੇ ਨਿਰੰਤਰਤਾ ਵਾਲਾ ਅਮਲ ਨਾ ਹੋ ਕੇ ਅੰਗਰੇਜ਼ਾਂ ਦੀ ਰਾਜਸੀ ਸਰਦਾਰੀ, ਸਭਿਆਚਾਰਕ ਉੱਤਮਤਾ ਆਰਥਿਕ ਉੱਨਤੀ ਅਤੇ ਵਿਚਾਰਧਾਰਕ ਪ੍ਰਭੁਤਾ ਦਾ ਠੋਸਿਆ ਪ੍ਰਮਾਣ ਸੀ। ਜਿਸ ਕਰ ਕੇ ਜੀਵਨ ਦੇ ਸਾਰੇ ਖੇਤਰਾਂ ਵਿਚਲਾ ਵਿਕਾਸ ਅਸਾਵਾਂ ਉਤਰਾਅ- ਚੜ੍ਹਾਅ ਭਰਪੂਰ ਅਸੁਖਾਵਾਂ ਅਤੇ ਕਈ ਵਾਰੀ ਵਿਰੋਧੀ ਕਰਮਾਂ ਪ੍ਰਤੀ ਕਰਮਾਂ ਦਾ ਸਿਰਜਣ ਬਣਿਆ। ਡਾ. ਰਵਿੰਦਰ ਸਿੰਘ ਰਵੀ ਨੇ ਇਸ ਵਿਸ਼ੇਸ਼ ਇਤਿਹਾਸਕ ਸਥਿਤੀ ਨੂੰ ਇਉਂ ਸੰਕਲਪ ਬੱਧ ਕੀਤਾ ਹੈ, ਸਮੁੱਚੇ ਭਾਰਤ ਵਾਂਗ ਪੰਜਾਬ ਵਿਚ ਖੇਤੀਬਾੜੀ ਦਾ ਚੱਲਿਆ ਆ ਰਿਹਾ ਸਾਮੰਤਵਾਦੀ ਅਰਥਚਾਰਾ ਅਤੇ ਸਮਾਜਿਕ ਬਣਤਰ ਆਪਣੀ ਉਸਾਰੀ ਤੇ ਇਤਿਹਾਸਕ ਵੇਗ ਦੀ ਪਰਪੱਕ ਸਿਖਰ ਤੇ ਪਹੁੰਚ ਕੇ ਆਪਣੇ ਆਪ ਅਗਲੇ ਪੜਾਅ ਅਰਥਾਤ ਪੂੰਜੀਵਾਦੀ ਆਰਥਿਕ ਸਮਾਜਿਕ ਬਣਤਰ ਵਿਚ ਰੂਪਾਂਤਰਿਤ ਨਹੀਂ ਹੋਇਆ ਸਗੋਂ ਵਿਕਸਿਤ ਵਿਦੇਸ਼ੀ ਸਰਮਾਏਦਾਰੀ ਅਤੇ ਸਾਮਰਾਜੀ ਬਸਤੀਵਾਦ ਦੇ ਇਤਿਹਾਸਕ ਦਖ਼ਲ ਕਾਰਨ ਵਾਪਰਿਆ।

ਇਸ ਠੋਸੀ ਅਮਲ ਕਾਰਨ ਵਾਪਰੇ ਪਰਿਵਰਤਨਾਂ ਦੇ ਤਿੱਖੇ ਤੇ ਆਤਮ ਵਿਰੋਧੀ ਪ੍ਰਤੀਕਰਮ ਪੈਦਾ ਹੋਏ ਅਜਿਹੇ ਅੰਤਰ-ਵਿਰੋਧ ਅਤੇ ਬਖੇੜੇ ਜੋ ਸੁਤੰਤਰਤਾ ਪ੍ਰਾਪਤੀ ਦੇ 50 ਸਾਲਾਂ ਬਾਅਦ ਵੀ ਨਜਿੱਠੇ ਨਹੀਂ ਜਾ ਸਕੇ ਪਰ ਬੁਨਿਆਦੀ ਪਰਿਵਰਤਨ ਜ਼ਰੂਰ ਵਾਪਰੇ। ਰਾਜਨੀਤਿਕ ਖੇਤਰ ਵਿਚ ਇੱਕ ਤਾਨਾਸ਼ਾਹੀ ਰਾਜ ਦੀ ਥਾਂ ਬਸਤੀਵਾਦੀ ਰਾਜਸੀ ਵਸਤਾਂ ਦੇ ਮਨੋਰਥਾਂ ਅਤੇ ਲੋੜਾਂ ਮੁਤਾਬਿਕ ਨਵੇਂ ਕਾਨੂੰਨ ਪ੍ਰਬੰਧਕੀ ਮਸ਼ੀਨਰੀ ਰਾਜਨੀਤਕ ਤਾਣਾ ਪੇਟਾ ਉੱਸਰਿਆ ਜਿਸ ਦਾ ਸੁਭਾਅ ਲੋਟੂ ਸੀ ਜੋ ਭਾਰਤ ਦੀ ਗ਼ੁਲਾਮੀ ਨੂੰ ਪੱਕਾ ਕਰਨ ਵਾਲਾ ਸੀ ਪਰ ਇਹ ਆਧੁਨਿਕ ਲੀਹਾਂ ਤੇ ਸੀ। ਅੰਗਰੇਜ਼ੀ ਸ਼ਾਸਕਾਂ ਨੇ ਆਰਥਿਕ ਪੱਖ ਤੋਂ ਖੇਤੀਬਾੜੀ ਸੁਧਾਰਾਂ ਨੂੰ ਲਾਗੂ ਕਰਨ ਦੇ ਨਾਲ ਨਾਲ ਮਾਲੀਏ ਨੂੰ ਪੱਕੇ ਤੌਰ ਤੇ ਨਿਸ਼ਚਿਤ ਕੀਤਾ। ਜਿਸ ਅਨੁਸਾਰ ਪੱਕਾ ਨਿਸ਼ਚਿਤ ਨਕਦ ਮਾਲੀਆ(Money Rent) ਕਿਸਾਨ ਦੇਣ ਦਾ ਪਾਬੰਦ ਸੀ। ਨਾ ਦੇਣ ਦੀ ਸੂਰਤ ਵਿਚ ਸਖ਼ਤ ਕਾਨੂੰਨੀ ਕਾਰਵਾਈ ਅਥਵਾ ਕੁਰਕੀ ਤਕ ਕਰ ਲਈ ਜਾਂਦੀ ਸੀ। ਇਸ ਨੂੰ ਰਾਇਤਵਾੜੀ ਸਿਸਟਮ ਕਿਹਾ ਜਾਂਦਾ ਸੀ। ਅੰਗਰੇਜ਼ਾਂ ਨੇ ਆਰਥਿਕ ਲਾਭ ਲਈ ਤਜਾਰਤੀ ਖੇਤੀ ਨੂੰ ਉਤਸ਼ਾਹਿਤ ਕੀਤਾ। ਨਹਿਰੀ ਸਿਸਟਮ ਉਸਾਰ ਕੇ ਸਿੰਚਾਈ ਸਹੂਲਤਾਂ ਮੁਹੱਈਆ ਕੀਤੀਆਂ ਤਾਂ ਕਿ ਪੈਦਾਵਾਰ ਵਧੇ ਤੇ ਬਰਕਰਾਰ ਰਹੇ। ਅੰਗਰੇਜ਼ਾਂ ਨੇ ਕੱਚੇ ਮਾਲ ਵੀ ਨਿਸ਼ਚਿਤ ਅਤੇ ਸਸਤੀ ਸਪਲਾਈ ਲਈ ਮੰਡੀਆਂ, ਰੇਲਵੇ, ਬੰਦਰਗਾਹਾਂ ਦਾ ਅਜਿਹਾ ਜਾਲ ਵਿਛਾਇਆ, ਜਿਸ ਰਾਹੀਂ ਉਨ੍ਹਾਂ ਦੀ ਬਸਤੀਵਾਦੀ ਲੁੱਟ ਵੱਧ ਸਕੇ। ਬਰਤਾਨਵੀ ਸਾਮਰਾਜਵਾਦ ਨੇ ਭਾਰਤੀ ਖੇਤੀ ਨੂੰ ਸੰਸਾਰ ਮੰਡੀ ਦੀ ਜਾਗੀਰੂ ਲਪੇਟ ਵਿਚ ਲਿਆ ਕੇ ਇਸ ਦਾ ਮੰਡੀਕਰਨ ਤੇਜ਼ ਕੀਤਾ, ਖੇਤ ਮਜ਼ਦੂਰ ਦੀ ਸੰਖਿਆ ਨੂੰ ਵਧਾਇਆ ਅਤੇ ਪੂੰਜੀ-ਸੰਗ੍ਰਹਿ ਦੇ ਅਮਲ ਨੂੰ ਤੇਜ਼ ਕੀਤਾ।ਪ੍ਰੀਤਮ ਸਿੰਘ, ਸਾਮਰਾਜ ਭਾਰਤੀ ਪੂੰਜੀਵਾਦ ਅਤੇ ਪੰਜਾਬ ਦੀ ਆਰਥਿਕਤਾ, ਪੁਸਤਕ 'ਪੰਜਾਬ ਦੀ ਆਰਥਿਕਤਾ ਸੰਪਾਦਕ ਡਾਕਟਰ ਨਿਰਮਲ ਸਿੰਘ ਆਜ਼ਾਦ, ਦੇ ਨਿਸ਼ਚੇ ਹੀ ਸਾਡੀ ਜਾਗੀਰੂ ਆਰਥਿਕਤਾ ਨੂੰ ਪੂੰਜੀਵਾਦੀ ਮੰਡੀ ਆਰਥਿਕਤਾ ਦੇ ਢਾਂਚੇ ਵਿਚ ਰੂਪਾਂਤਰਨ ਕੀਤਾ ਜੋ ਅਗਲੇ ਇਤਿਹਾਸਕ ਵਿਕਾਸ ਨਾਲ ਉਦਯੋਗੀਕਰਨ ਦੇ ਰਾਹੇ ਪਈ ਅਤੇ ਅਗਲੇਰੇ ਪੜਾਅ ਤੇ ਜਾ ਕੇ ਨਾ ਸਿਰਫ਼ ਉਦਯੋਗੀਕਰਨ ਹੋਇਆ ਸਗੋਂ ਜੀਵਨ ਦੇ ਹਰ ਖੇਤਰ ਦਾ ਮਸ਼ੀਨੀਕਰਨ ਵੀ ਹੋਇਆ।

ਸਭਿਆਚਾਰਕ ਖੇਤਰ ਚ ਅੰਗਰੇਜ਼ਾਂ ਦਾ ਪ੍ਰਭਾਵ ਵਧੇਰੇ ਵਿਸ਼ਾਲ, ਬਹੁਪੱਖੀ ਅਤੇ ਫ਼ੈਸਲਾ ਕੁੰਨ ਰਿਹਾ। ਡਾ.ਮੋਹਨ ਸਿੰਘ ਦੀਵਾਨਾ ਨੇ ਸਰਬਪੱਖੀ ਤਬਦੀਲੀ ਨੂੰ 12 ਖੰਡਾਂ ਵਿਚ ਵਰਗੀਕ੍ਰਿਤ ਕੀਤਾ ਤੇ ਇਸ ਵਿਚੋਂ ਅੰਗਰੇਜ਼ੀ ਰਾਜ ਦੇ ਡੂੰਘੇ ਅਤੇ ਠੀਕ, ਗ਼ਲਤ ਪ੍ਰਭਾਵਾਂ ਨੂੰ ਉਭਾਰਿਆ ਹੈ।

1. ਛਾਪਾਖ਼ਾਨਾ

2. ਅਖ਼ਬਾਰਾਂ ਤੇ ਰਸਾਲੇ

3. ਪਲੇਟਫ਼ਾਰਮ

4. ਸਰਕਾਰੀ ਤੇ ਗੈਰ ਸਰਕਾਰੀ ਵਿੱਦਿਅਕ ਢਾਂਚਾ

5. ਅੰਤਰ ਭਾਈਚਾਰਕ ਸਮਾਜਿਕ ਤੇ ਅੰਤਰਰਾਸ਼ਟਰੀ ਸੰਪਰਕ

6. ਰਾਜਸੀ ਚੇਤਨਾ ਅਤੇ ਤਰੱਕੀ

7. ਆਮ ਧਾਰਮਿਕ ਸੁਰਜੀਤੀ ਤੇ ਬ੍ਰਹਮੋ ਸਮਾਜ, ਆਰੀਆ ਸਮਾਜ, ਸਿੰਘ ਸਭਾ, ਸਵਾਮੀ ਰਾਮ ਤੀਰਥ ਦਾ ਸੱਤ ਧਰਮ, ਰਾਧਾ ਸਵਾਮੀ ਸਤਸੰਗ ਭਾਰਤੀ ਇਸਾਈ ਧਾਰਮਿਕ ਭਾਈਚਾਰਕ,

8. ਪੰਜਾਬ ਸਰਕਾਰ ਦੁਆਰਾ ਉਰਦੂ ਨੂੰ ਕੋਰਟ ਭਾਸ਼ਾ ਅਤੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਉਣ ਦੇ ਮਾਧਿਅਮ ਵਜੋਂ ਮਾਨਤਾ

9. ਪੰਜਾਬ ਵਿੱਦਿਅਕ ਮਹਿਕਮੇ ਦਾ ਗਠਨ, ਸਾਹਿਤ ਫ਼ੰਡ ਦੀ ਸਰਪ੍ਰਸਤੀ ਨਾਲ ਪਾਠ ਪੁਸਤਕ ਕਮੇਟੀ ਦਾ ਗਠਨ।

10. ਉਰਦੂ ਮੁਸ਼ਾਇਰਿਆਂ ਦੀ ਤਰਜ਼ ਤੇ ਕਵੀ ਦਰਬਾਰ ਦਾ ਸੰਗਠਨ

11. ਸਿੱਖ ਰਾਜ ਕੁਮਾਰਾਂ ਰਾਹੀਂ ਖੁੱਲ੍ਹਦਿਲੀ ਸਰਪ੍ਰਸਤੀ, ਜਿਸ ਰਾਹੀਂ ਕੁੱਝ ਗਿਣਵੇਂ ਲਿਖਣ ਵਾਲਿਆਂ ਨੂੰ ਹਲਾਸ਼ੇਰੀ।

12. ਰੇਡੀਉ

ਸਮਾਜਿਕ ਇਤਿਹਾਸਕ ਵਿਕਾਸ ਦੇ ਅਗਲੇਰੇ ਪੜਾਵਾਂ ਤੇ ਪਹੁੰਚੇ ਹੋਣ ਕਾਰਨ ਪੱਛਮੀ ਸਭਿਆਚਾਰ ਅਤੇ ਭਾਰਤੀ ਸਭਿਆਚਾਰ ਸਮੇਤ ਪੰਜਾਬੀ ਸਭਿਆਚਾਰ ਨੂੰ ਹੋਂਦ ਮੂਲਕ ਵੰਗਾਰਾਂ ਸਨਮੁੱਖ ਲਿਆ ਖਿਲਾਰਿਆ ਅੰਗਰੇਜ਼ਾਂ ਦੀ ਰਾਜਸੀ ਸ਼ਕਤੀ ਦੇ ਬਲਬੂਤੇ ਸਿਲਸਿਲੇਵਾਰ ਅਤੇ ਸੁਨਿਸ਼ਚਿਤ ਵਿਉਂਤ ਅਨੁਸਾਰ ਇਸਾਈ ਧਰਮ ਦਾ ਪ੍ਰਚਾਰ ਪੱਛਮੀ, ਸਭਿਆਚਾਰ ਦੀ ਵਡਿਆਈ ਦੇ ਨਾਲ ਨਾਲ ਇੱਥੋਂ ਦੇ ਧਾਰਮਿਕ ਵਿਰਸੇ ਪ੍ਰਤੀ ਨਫ਼ਰਤ ਅਤੇ ਜੀਵਨ ਢੰਗ ਪ੍ਰਤੀ ਦਵੈਸ਼ਪੂਰਨ ਪ੍ਰਚਾਰ ਕੀਤਾ। ਇਸ ਨੇ ਨਵੀਆਂ ਵੰਗਾਰਾਂ ਉਭਾਰੀਆਂ। 1834 ਵਿਚ ਹੀ ਅੰਗਰੇਜ਼ਾਂ ਨੇ ਇਸਾਈ ਮਿਸ਼ਨਰੀਆਂ ਦੇ ਅੱਡੇ ਲੁਧਿਆਣੇ ਕਾਇਮ ਕਰ ਕੇ ਛਾਪੇਖ਼ਾਨੇ ਦੀ ਸਥਾਪਨਾ ਕੀਤੀ ਅਤੇ ਬਹੁਤ ਵਿਉਂਤ ਬੰਦ ਢੰਗ ਨਾਲ ਇਸਾਈ ਧਰਮ ਦਾ ਪਾਸਾਰ ਤੇ ਪ੍ਰਚਾਰ ਕੀਤਾ। ਸਾਡੇ ਪਰੰਪਰਾਗਤ ਸਭਿਆਚਾਰ ਅੱਗੇ ਖ਼ਾਸ ਕਰ ਕੇ ਇਸ ਦੇ ਵਹਿਮਾਂ ਭਰਮਾਂ, ਅੰਧ-ਵਿਸ਼ਵਾਸਾਂ, ਬੇਤੁਕੇ ਰਿਵਾਜ਼ਾਂ ਨੂੰ ਪੱਛਮੀ ਤਰਕ ਵਿਧਾਨ ਨਾਲ ਰੱਦ ਕਰ ਕੇ ਇਸ ਦੇ ਤਿੱਖੇ ਹਮਲੇ ਕੀਤੇ। ਨਤੀਜੇ ਵਜੋਂ ਧਾਰਮਿਕ ਖਿੱਚੋ ਤਾਣ, ਨਫ਼ਰਤ ਅਤੇ ਪੁਨਰ ਸੁਰਜੀਤੀ ਦੀਆਂ ਵਿਭਿੰਨ ਲਹਿਰਾਂ ਬੜੇ ਤਿੱਖੇ ਅਤੇ ਜ਼ਹਿਰੀਲੇ ਰੂਪ ਵਿਚ ਉੱਭਰੀਆਂ। ਆਧੁਨਿਕ ਯੁੱਗ ਚੇਤਨਾ ਨੇ ਸਾਡੀ ਪਰੰਪਰਾਗਤ ਜੀਵਨ ਰਹਿ ਤਲ਼ ਅੱਗੇ ਵੰਗਾਰਵੇਂ ਪ੍ਰਸ਼ਨ ਚਿੰਨ੍ਹ ਲਗਾਏ, ਜਿਸ ਦੇ ਨਤੀਜੇ ਤੋਂ ਮੱਧ ਕਾਲੀਨ ਸਭਿਆਚਾਰ ਦੇ ਵਿਚ ਅਹਿਮ ਪਰਿਵਰਤਨ ਵਾਪਰੇ ਅਤੇ ਹੌਲੀ ਹੌਲੀ ਆਧੁਨਿਕ ਯੁੱਗ ਚੇਤਨਾ ਅਤੇ ਚਿੰਤਨ ਦੇ ਨਵੀਨ ਮਾਡਲ ਅਤੇ ਪ੍ਰਵਿਰਤੀਆਂ ਸਥਾਪਤ ਹੁੰਦੀਆਂ ਹਨ। ਸਾਹਿੱਤਿਕ ਖੇਤਰ ਵਿਚ ਸਮਕਾਲੀਨ ਪੰਜਾਬੀ ਸਾਹਿਤ ਨਾਲੋਂ ਆਧੁਨਿਕ ਕਾਲ ਵਿਚ ਵਿਭਿੰਨ ਬੁਨਿਆਦੀ ਪਰਿਵਰਤਨ ਆਏ ਇਨ੍ਹਾਂ ਵਿਚ ਵਿਸ਼ਾਮੂਲਕ, ਦ੍ਰਿਸ਼ਟੀ ਮੂਲਕ, ਵਿਚਾਰਧਾਰਾਈ, ਭਾਸ਼ਾਈ, ਸ਼ੈਲੀਗਤ ਤੇ ਰੂਪਾਕਾਰ ਪੱਖਾਂ ਵਿਚ ਆਈਆਂ ਤਬਦੀਲੀਆਂ ਪ੍ਰਮੁੱਖ ਹਨ। ਪੱਛਮੀ ਜੀਵਨ ਦ੍ਰਿਸ਼ਟੀ , ਜੀਵਨ ਢੰਗ, ਜੀਵਨ ਮਨੋਰਥਾਂ ਨੇ ਸਾਡੇ ਪਰੰਪਰਾਗਤ ਅਤੇ ਪ੍ਰਚਲਿਤ, ਸਮੁੱਚੇ ਪ੍ਰਬੰਧ ਨੂੰ ਬਦਲ ਪੇਸ਼ ਕੀਤਾ। ਜਿਨ੍ਹਾਂ ਨੂੰ ਅਸੀਂ ਮਜਬੂਰੀ, ਲੋੜ, ਫ਼ੈਸ਼ਨ ਜਾਂ ਨਕਲ ਆਦਿਕ ਭਿੰਨ ਪ੍ਰਵਿਰਤੀਆਂ ਅਧੀਨ ਗ੍ਰਹਿਣ ਕੀਤਾ ਅਤੇ ਪੂਰੇ ਜ਼ੋਰ ਸ਼ੋਰ ਨਾਲ ਹੁਣ ਵੀ ਕਰ ਰਹੇ ਹਾਂ।

**ਸਾਰੰਸ਼**

ਉਪਰੋਕਤ ਵਿਚਾਰ ਚਰਚਾ ਵਿਚ ਕਿਹਾ ਜਾ ਸਕਦਾ ਹੈ ਆਧੁਨਿਕ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ, ਅੰਗਰੇਜ਼ੀ ਦੇ ਸ਼ਬਦ MODERN ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਆਧੁਨਿਕ ਸ਼ਬਦ ਸੰਸਕ੍ਰਿਤ ਵਿਆਕਰਨ ਅਨੁਸਾਰ (ਅਧੁਨਾ) ਦਾ ਵਿਸੇਸਣ ਹੈ। ਅਤੇ ਅਮਰਕੋਸ਼ ਅਨੁਸਾਰ ਅਧੁਨਾ ਦੇ ਅਰਥ ਹਨ ਇਸ ਕਾਲ ਵਿਚ ਜਾਂ ਹੁਣ । ਆਧੁਨਿਕ ਸ਼ਬਦ ਇਸੇ (ਅਧੁਨਾ + ਠਸ ) ਤੋਂ ਬਣਿਆ ਹੈ। ਜਿਸ ਦੇ ਅਰਥ ਹਨ 'ਹੁਣ ਹੋਇਆ' । MODERN ਸ਼ਬਦ ਦੀ ਉਤਪਤੀ LATIN ਦੇ ਧਾਤੂ MODO ਤੋਂ ਹੋਈ ਹੈ। ,ਜਿਸ ਦੇ ਅਰਥ ਹਨ ਹੁਣ JUST NOW ਸ਼ਾਬਦਿਕ ਅਰਥਾਂ ਅਨੁਸਾਰ ਆਧੁਨਿਕ ਸ਼ਬਦ ਹੁਣ ਅਰਥਾਤ ਕਾਲ ਦੇ ਵਰਤਮਾਨ ਖੰਡ ਦਾ ਸੂਚਕ ਹੈ। ਪਰ ਮਨੁੱਖੀ ਗਿਆਨ ਸੰਚਾਰ ਦੇ ਪ੍ਰਸੰਗ ਵਿਚ ਇਹ ਬਹੁਤ ਵਿਸ਼ਾਲ ਪਰ ਨਿਸ਼ਚਿਤ ਅਰਥ ਦਾ ਧਾਰਨੀ ਹੈ। ਜਿਸ ਵਿਚ ਅੱਗੋਂ ਹੋਰ ਬਹੁਤ ਸਾਰੀਆਂ ਵਿਧੀਆਂ ਜਿਵੇਂ ਉਤਰ ਆਧੁਨਿਕ ਰੂਪ ਜੋ ਆਧੁਨਿਕ ਤੋਂ ਅੱਗੇ ਦੀ ਗੱਲ ਕਰਦਾ ਹੈ ਇਸੇ ਤਰਾਂ ਭਾਸ਼ਾ ਵਿਚ ਸੰਰਚਨਾ ਵਾਦ, ਉਤੱਰ ਸੰਰਚਨਾ ਵਾਦ ਆਦਿ ਆਧੁਨਿਕ ਤੈਹਾਂ ਦੇ ਧਾਰਨੀ ਸ਼ਬਦਾਂ ਤੋਂ ਹੀ ਆਪਣਾ ਰੂਪ ਗ੍ਰਹਿਣ ਕਰਦੇ ਹਨ। ਮੱਧਕਾਲ ਦੇ ਪੰਜਾਬੀ ਸਾਹਿਤ ਅਤੇ ਆਧੁਨਿਕ ਪੰਜਾਬੀ ਸਾਹਿਤ ਵਿੱਚ ਬਹੁਤ ਜ਼ਿਆਦਾ ਅੰਤਰ ਹੈ ਆਧੁਨਿਕ ਪੰਜਾਬੀ ਸਾਹਿਤ ਦਾ ਜਨਮ ਸਪਸ਼ਟ ਰੂਪ ਵਿਚ ਉੱਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਹੁੰਦਾ ਹੈ ਇਸ ਕਾਲ ਖੰਡ ਵਿਚ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਕੁੱਝ ਬੁਨਿਆਦੀ ਪਰਿਵਰਤਨ ਹੁੰਦੇ ਹਨ ਇਨ੍ਹਾਂ ਪਰਿਵਰਤਨਾਂ ਪਿੱਛੋਂ ਅੰਗਰੇਜ਼ਾਂ ਦੀ ਸੋਚੀ ਸਮਝੀ ਚਾਲ ਸੀ ਇਹ ਚਾਲ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਦਸ ਸਾਲ ਬਾਅਦ ਤਕ ਵੀ ਨਾ ਚੱਲ ਸਕੀ ਪਰ ਮਹਾਰਾਜੇ ਦੀ ਮੌਤ ਤੋਂ ਬਾਅਦ ਦੱਸ ਸਾਲ ਪੰਜਾਬ ਦੀ ਰਾਜਨੀਤਕ ਵਿਵਸਥਾ ਲਗਾਤਾਰ ਕਮਜ਼ੋਰ ਹੁੰਦੀ ਗਈ ਇਸ ਦੇ ਸਿੱਟੇ ਵਜੋਂ 1849 ਈਸਵੀ ਵਿਚ ਪੰਜਾਬ ਨੂੰ ਅੰਗਰੇਜ਼ਾਂ ਨੇ ਆਪਣੇ ਬਸਤੀਵਾਦੀ ਸਾਮਰਾਜ ਦਾ ਹਿੱਸਾ ਬਣਾ ਲਿਆ ਇਸ ਰਾਜਨੀਤਕ ਪਰਿਵਰਤਨ ਦੀ ਫਲਸਰੂਪ ਪੰਜਾਬੀ ਸਮਾਜ ਸਭਿਆਚਾਰ ਵਿਚ ਬਹੁਤ ਸਾਰੇ ਆਰਥਿਕ ਪਰਿਵਰਤਨ ਆਏ ਅੰਗਰੇਜ਼ ਪੰਜਾਬ ਦੇ ਪਹਿਲੇ ਹਾਕਮ ਸਨ ਜਿਹੜੇ ਉੱਤਰ ਪੱਛਮ ਵੱਲੋਂ ਧਰਤੀ ਦੇ ਰਸਤੇ ਦੀ ਥਾਂ ਪੂਰਬ ਵੱਲੋਂ ਸਮੁੰਦਰ ਦੇ ਰਸਤੇ ਰਾਹੀਂ ਆਏ ਸਨ ਭਾਰਤ ਦੇ ਇਤਿਹਾਸ ਵਿਚ ਅੰਗਰੇਜ਼ ਪਹਿਲੇ ਵਿਦੇਸ਼ੀ ਸਨ ਜਿਹੜੇ ਮੁੱਖ ਤੌਰ ਤੇ ਵਪਾਰ ਦੀ ਦ੍ਰਿਸ਼ਟੀ ਨਾਲ ਆਏ ਸਨ ਪਰ ਇੱਥੋਂ ਦੀ ਕਮਜ਼ੋਰ ਰਾਜਨੀਤਕ ਅਵਸਥਾ ਵੇਖ ਕੇ ਉਨ੍ਹਾਂ ਨੇ ਇੱਥੇ ਸ਼ਾਸਨ ਕਰਨ ਦਾ ਮਨ ਬਣਾ ਲਿਆ ਸੀ ਪੰਜਾਬ ਵਿਚ ਅੰਗਰੇਜ਼ ਹੀ ਅਜਿਹੇ ਹਾਕਮ ਸਨ ਜੋ ਮੁੜ ਤੋਂ ਅੰਤ ਤਕ ਵਿਦੇਸ਼ੀ ਕਹਾਏ ਅਰਥਾਤ ਉਨ੍ਹਾਂ ਨੇ ਮੁਸਲਮਾਨਾਂ ਵਾਂਗ ਨਾ ਤਾਂ ਪੰਜਾਬ ਨੂੰ ਆਪਣਾ ਘਰ ਬਣਾਇਆ ਤੇ ਨਾ ਹੀ ਸਥਾਨਕ ਇਸਤਰੀਆਂ ਨਾਲ ਵਿਆਹ ਕਰਵਾਏ

ਅੰਗਰੇਜ਼ ਅਸਲੋਂ ਹੀ ਇੱਕ ਨਵਾਂ ਧਰਮ ਲੈ ਕੇ ਆਏ ਉਹ ਇੱਕ ਅਜਿਹੀ ਭਾਸ਼ਾ ਲੈ ਕੇ ਆਏ ਜੋ ਸਾਡੇ ਲਈ ਬਿਲਕੁਲ ਪਰਾਈ ਸੀ ਉਹ ਆਪਣੇ ਨਾਲ ਇੱਕ ਵੱਖਰੀ ਯੁੱਧ ਨੀਤੀ ਵੀ ਲੈ ਕੇ ਆਏ ਜਿਸ ਵਿਚ ਤਲਵਾਰ ਦੀ ਥਾਂ ਤੋਪ ਦਾ ਰੋਲ ਵਧੇਰੇ ਸੀ ਉਹ ਨਿਵੇਕਲੀ ਖ਼ੁਰਾਕ ਚਾਅ ਵਹੀਕਲਾਂ ਸਭਿਆਚਾਰ ਪਦਾਰਥ ਪ੍ਰਧਾਨ ਸਭਿਆਚਾਰ ਨਿਵੇਕਲੀ ਜੀਵਨ ਜਾਂਚ ਇਹ ਲੋਕ ਵਾਦੀ ਨਵੀਂ ਸੋਚ ਪ੍ਰਣਾਲੀ ਵਪਾਰਕ ਨਵੀਂ ਰਾਜ ਪ੍ਰਬੰਧ ਪ੍ਰਣਾਲੀ ਲੋਕਤੰਤਰੀ ਪੂੰਜੀਵਾਦੀ ਤੇ ਸ਼ਹਿਰ ਦੇ ਸੰਕਲਪ ਲੈ ਕੇ ਆਏ ਦਰਅਸਲ ਪੂਰਬ ਦੇ ਜੀਵਨ ਦਰਸ਼ਨ ਅਤੇ ਪੱਛਮ ਦੇ ਜੀਵਨ ਦਰਸ਼ਨ ਵਿਚ ਬੁਨਿਆਦੀ ਅੰਤਰ ਹੈ ਸਾਨੂੰ ਪਤਾ ਹੈ ਕਿ ਮਨੁੱਖ ਪ੍ਰਕਿਰਤੀ ਨੂੰ ਨਿਯੰਤਰਨ ਕਰ ਕੇ ਵਿਕਾਸ ਕਰਦਾ ਹੈ ਪ੍ਰਕਿਰਤੀ ਨੂੰ ਨਿਯੰਤਰਨ ਕਰਨ ਲਈ ਉਸ ਨੂੰ ਜਾਣਨਾ ਜ਼ਰੂਰੀ ਹੈ ਪੂਰਬ ਦੇ ਮਨੁੱਖ ਨੇ ਜਦੋਂ ਪ੍ਰਕਿਰਤੀ ਨੂੰ ਜਾਣਨਾ ਚਾਹਿਆ ਤਾਂ ਇਸ ਵਿਚੋਂ ਡਰਦਾ ਫ਼ਲਸਫ਼ਾ ਵਿਕਸਤ ਕੀਤਾ ਇਸ ਡਰ ਵਿਚੋਂ ਮੌਤ ਦਾ ਡਰ ਸਭ ਤੋਂ ਸ੍ਰੇਸ਼ਟ ਸੀ ਇਸ ਡਰ ਤੇ ਕਾਬੂ ਪਾਉਣ ਲਈ ਪੂਰਬੀ ਮਨੁੱਖ ਨੇ ਅਧਿਆਤਮਵਾਦੀ ਫ਼ਲਸਫ਼ਾ ਵਿਕਸਿਤ ਕੀਤਾ ਇਸ ਦੇ ਉਲਟ ਪੱਛਮੀ ਫ਼ਲਸਫ਼ਾ ਜਗਿਆਸਾ ਤੇ ਆਧਾਰਤ ਹੈ ਇਸ ਜਗਿਆਸਾ ਵਿਚੋਂ ਪੱਛਮੀ ਦੇਸ਼ਾਂ ਦੀ ਮਨੁੱਖ ਨੇ ਪਦਾਰਥਕ ਫ਼ਲਸਫ਼ੇ ਨੂੰ ਜਨਮ ਦਿੱਤਾ ਡਾਰਵਿਨ ਦੇ ਵਿਕਾਸ ਸਿਧਾਂਤ ਫਰਾਇਡ ਦੀ ਮਨੋਵਿਗਿਆਨ ਕਾਰਲ ਮਾਰਕਸ ਦੀ ਕਮਿਊਨਿਸਟ ਵਿਚਾਰਧਾਰਾ ਅਤੇ ਆਈਨਸਟਾਈਨ ਦੀ ਸੰਖੇਪ ਵਾਦੀ ਸਿਧਾਂਤ ਵਿਚ ਪਦਾਰਥਕ ਜੀਵਨ ਫ਼ਲਸਫ਼ੇ ਦਾ ਸਿਖਰ ਹੈ ਇਸ ਦੇ ਫਲਸਰੂਪ ਇੰਗਲੈਂਡ ਵਿਚ ਉਦਯੋਗਿਕ ਕ੍ਰਾਂਤੀ ਆਈ ਪੂਰਬ ਵਿਚ ਜਿਸ ਵੇਲੇ ਸੂਰਜ ਨੂੰ ਜਲ ਦਾ ਅਰਘ ਦਿੱਤਾ ਜਾਂਦਾ ਸੀ ਪੱਛਮ ਵਿਚ ਉਸ ਵੇਲੇ ਉਸੇ ਪਾਣੀ ਤੋਂ ਬਿਜਲੀ ਤਿਆਰ ਕੀਤੀ ਜਾ ਰਹੀ ਸੀ ਇਸ ਅੰਤਰ ਦੀ ਫਲਸਰੂਪ ਇੰਗਲੈਂਡ ਤੇ ਆਰਥਿਕ ਪ੍ਰਬੰਧ ਨੇ ਜਗੀਰਦਾਰੀ ਪ੍ਰਬੰਧ ਨੂੰ ਹੰਢਾ ਕੇ ਪੂੰਜੀਵਾਦੀਆਂ ਆਰਥਿਕ ਪ੍ਰਬੰਧ ਨੂੰ ਜਨਮ ਦਿੱਤਾ ਇਹ ਆਰਥਿਕ ਪ੍ਰਬੰਧ ਬਾਜ਼ਾਰ ਵਪਾਰ ਮੁਨਾਫ਼ਾ ਅਤੇ ਸਵੈ ਹਿਤ ਉੱਤੇ ਆਧਾਰਤ ਹੈ ਇਸ ਕਰ ਕੇ ਚਿੰਤਨ ਅਤੇ ਸਾਹਿਤ ਕਲਾ ਦੀ ਖੇਤਰ ਵਿਚ ਆਧੁਨਿਕਤਾ ਦਾ ਸਬੰਧ ਉਸ ਵਿਸ਼ੇਸ਼ ਮਾਨਸਿਕ ਬੌਧਿਕ ਤੇ ਭਾਵੁਕ ਅਵਸਥਾ ਨਾਲ ਹੈ ਜਿਹੜੀ ਪੱਛਮ ਵਿਚ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਵਿਚ ਵਿਗਿਆਨਕ ਸੂਝ ਬੂਝ ਨਾਲ ਪ੍ਰਕਿਰਤੀ ਉੱਤੇ ਮਨੁੱਖ ਦੀ ਵਧੇ ਅਧਿਕਾਰ ਨਾਲ ਪੈਦਾ ਹੋਣੀ ਸ਼ੁਰੂ ਹੋਈ ਹੈ।

**ਕੇਂਦਰੀ ਸ਼ਬਦ** :

ਆਧੁਨਿਕ---- ਨਵਾਂ ਰੂਪ

MODERN ---- ਆਧੁਨਿਕ ਰੂਪ

ਉਤਰ ਆਧੁਨਿਕ--- ਆਧੁਨਿਕਤਾ ਤੋਂ ਅੱਗੇ ਦੀ ਦਿਸ਼ਾ

ਪੁਰਾਤਨਤਾ ------ ਪੁਰਾਣਾ ਰੂਪ

ਆਧੁਨਿਕ ਅਨੁਭਵ--- ਨਵਾਂ ਤਜਰਬਾ

ਭਾਵ ---------- ਖ਼ਿਆਲ

ਸ਼ੈਲੀ------ ਵਿਚਾਰਾਂ ਨੂੰ ਲਿਖਣ ਦਾ ਢੰਗ

**ਸਵੈ-ਮੁਲਾਂਕਣ:**

1. ਆਧੁਨਿਕ ਸ਼ਬਦ ਦਾ ਅੰਗਰੇਜ਼ੀ ਅਰਥ ਕੀ ਹੈ?

   ੳ. Modo

   ਅ. Moto

   ੲ. Modre

   ਸ. Modern

2. ਆਧੁਨਿਕ ਸ਼ਬਦ ਕਿਹੜੀ ਭਾਸ਼ਾ ਦਾ ਹੈ?

   ੳ. ਜਰਮਨ

ਅ. ਸੰਸਕ੍ਰਿਤ

ੲ. ਅਰਬੀ

ਸ. ਉਰਦੂ

3. Modern ਸ਼ਬਦ ਦੀ ਉਤਪਤੀ ਕਿਹੜੀ ਭਾਸ਼ਾ ਦੇ ਸ਼ਬਦ ਤੋਂ ਹੋਈ ਹੈ?

ੳ. ਜਰਮਨ

ਅ. ਸੰਸਕ੍ਰਿਤ

ੲ. ਲੈਟਿਨ

ਸ. ਉਰਦੂ

4. ਆਧੁਨਿਕ ਸੰਕਲਪ ਦਾ ਅਰਥ ਹੈ।

ੳ. ਸਮਾਜ ਕਲਿਆਣ

ਅ. ਨਵੀਂ ਸੋਚ

ੲ. ਭਾਸ਼ਾ/ਸ਼ੈਲੀ

ਸ. ਪੁਨਰ ਜਾਗਰਨ

5. ਵਰਤਮਾਨ ਨਾਲ ਅਤੀਤ ਦਾ ਟਕਰਾਓ ਆਧੁਨਿਕਤਾ ਦਾ ਪ੍ਰਮੁੱਖ ਪ੍ਰਯੋਜਨ ਪ੍ਰਤੀਤ ਹੁੰਦਾ ਹੈ। ਇਹ ਕਥਨ ਕਿਸ ਦਾ ਹੈ?

ੳ. ਸਟੀਫਨ ਸਪੋਂਡਰ

ਅ. ਪ੍ਰੋ.ਪੂਰਨ ਸਿੰਘ

ੲ. ਭਾਈ ਵੀਰ ਸਿੰਘ

ਸ. ਵਿਲੀਅਮ

6. ਪੱਛਮ ਵਿਚ ਆਧੁਨਿਕਤਾ ਦਾ ਮੁੱਢ ਕਦੋਂ ਬੱਝਾ?

ੳ. 14 ਵੀਂ 15 ਵੀਂ ਸਦੀ

ਅ. 13 ਵੀਂ 15 ਵੀਂ ਸਦੀ

ੲ. 17 ਵੀਂ 18 ਵੀਂ ਸਦੀ

ਸ. 9 ਵੀਂ 10 ਵੀਂ ਸਦੀ

7. ਪੱਛਮ ਵਿਚ ਆਧੁਨਿਕਤਾ ਦਾ ਆਰੰਭ ਕਿਸ ਕ੍ਰਾਂਤੀ ਨਾਲ ਬੱਝਾ?

ੳ. ਹਰੀ ਕ੍ਰਾਂਤੀ ਨਾਲ

ਅ. ਚਿੱਟੀ ਕ੍ਰਾਂਤੀ ਨਾਲ

ੲ. ਵਪਾਰਿਕ ਕ੍ਰਾਂਤੀ ਨਾਲ

ਸ. ਉਦਯੋਗਿਕ ਕ੍ਰਾਂਤੀ ਨਾਲ

8. ਅੰਗਰੇਜ਼ਾ ਨੇ ਪੰਜਾਬ ਨੂੰ ਆਪਣੇ ਕਬਜ਼ੇ ਅਧੀਨ ਕਦੋਂ ਕੀਤਾ ਹੈ?

ੳ. 1849

ਅ. 1850

ੲ. 1851

ਸ. 1852

9. ਆਧੁਨਿਕ ਯੁੱਗ ਵਿਚ ਪੱਛਮ ਦੇ ਪ੍ਰਭਾਵ ਅਧੀਨ ਕਿਹੜੀ ਵਿਧਾ ਨੇ ਜਨਮ ਲਿਆ ਹੈ?

ੳ. ਸਾਖੀ

ਅ. ਜਨਮ ਸਾਖੀ

ੲ. ਨਾਵਲ

ਸ. ਬਚਨ

10. ਆਧੁਨਿਕ ਯੁੱਗ ਵਿਚ ਸਾਹਿਤ ਦੇ ਕਿਸ ਰੂਪ ਦੀ ਪ੍ਰਧਾਨਤਾ ਰਹੀ ਹੈ?

ੳ. ਵਾਰਤਕ

ਅ. ਕਵਿਤਾ

ੲ. ਕਾਫੀ

ਸ. ਸਲੋਕ

11. ਸਧਾਰਨ ਮਨੁੱਖ ਇਕ ਨਾਇਕ ਵਜੋਂ ਕਿਸ ਕਾਲ ਵਿਚ ਹੋਂਦ ਗ੍ਰਹਿਣ ਕਰਦਾ ਹੈ?

ੳ. ਆਦਿ ਕਾਲ

ਅ. ਮੱਧਕਾਲ

ੲ. ਆਧੁਨਿਕ ਕਾਲ

ਸ. ਉਤੱਰ ਆਧੁਨਿਕ ਕਾਲ

12. ਆਧੁਨਿਕ ਪੰਜਾਬੀ ਕਵਿਤਾ ਦਾ ਮੁੱਢ ਕਿਸ ਕਵੀ ਨਾਲ ਬੱਝਦਾ ਹੈ?

ੳ. ਭਾਈ ਵੀਰ ਸਿੰਘ

ਅ. ਪ੍ਰੋ. ਪੂਰਨ ਸਿੰਘ

ੲ. ਧਨੀ ਰਾਮ ਚਾਤ੍ਰਿਕ

ਸ. ਮੋਹਨ ਸਿੰਘ

13. ਸਿੰਗਮੰਡ ਫਰਾਇਡ ਦੇ ਸਿਧਾਂਤ ਦਾ ਕੀ ਨਾਮ ਹੈ?

ੳ. ਸਮਾਜਵਾਦੀ

ਅ. ਨਾਰੀਵਾਦੀ

ੲ. ਵਿਕਾਸਵਾਦ

ਸ. ਮਨੋਵਿਗਿਆਨ

14. ਡਾਰਵਿਨ ਦੇ ਸਿਧਾਂਤ ਦਾ ਕੀ ਨਾਮ ਹੈ?

ੳ. ਮਾਰਕਸਵਾਦ

ਅ. ਵਿਕਾਸਵਾਦ

ੲ. ਨਾਰੀਵਾਦ

ਸ. ਸਮਾਜਵਾਦ

15. ਪੰਜਾਬੀ ਭਾਸ਼ਾ ਦਾ ਪਹਿਲਾਂ ਮੌਲਿਕ ਨਾਵਲ ਹੈ।

ੳ. ਸੁੰਦਰੀ

ਅ. ਬਿਜੈ ਸਿੰਘ

ੲ. ਨੌਧ ਸਿੰਘ

ਸ. ਚਿੱਟਾ ਲਹੂ

**ਅਭਿਆਸ ਪ੍ਰਸ਼ਨ**

1. ਸਾਹਿਤ ਤੋਂ ਕੀ ਭਾਵ ਹੈ?
2. ਆਧੁਨਿਕਤਾ ਤੋਂ ਕੀ ਭਾਵ ਹੈ?
3. ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਬਾਰੇ ਲਿਖੋ ।
4. ਆਧੁਨਿਕ ਅਤੇ ਮੱਧਕਾਲੀਨ ਯੁੱਗ ਮੂਲ ਨਿਖੇੜਾ ਕਰੋ।

**ਸੰਦਰਭ ਪੁਸਤਕਾਂ:**


1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ(ਆਦਿ ਕਾਲ ਤੋਂ ਸਮਕਾਲ ਤੱਕ),ਲਾਹੌਰ ਬੁੱਕ ਸ਼ਾਪ, ਲੁਧਿਆਣਾ, 2018
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2016
4. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018


**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%E0%A8%86%E0%A8%A7%E0%A9%81%E0%A8%A8%E0%A8%BF%E0%A8%95%E0%A8%A4%E0%A8%BE

https://punjabipedia.org/topic.aspx?txt=%E0%A8%B8%E0%A8%BE%E0%A8%B9%E0%A8%BF%E0%A8%A4

**ਉੱਤਰਮਾਲਾ**

| | | | | |
|---|---|---|---|---|
| 1. ਸ | 2. ਅ | 3. ੲ | 4. ਸ | 5. ੳ |
| 6. ੲ | 7. ਸ | 8. ੳ | 9. ੲ | 10. ੳ |
| 11. ੲ | 12. ੳ | 13. ਸ | 14. ਅ | 15. ੳ |

# ਅਧਿਆਇ-2 ਸੰਕ੍ਰਾਂਤੀ ਕਾਲ (1850-1900) : ਧਾਰਮਿਕ ਪੁਨਰ ਜਾਗ੍ਰਿਤ ਲਹਿਰਾਂ ਦਾ ਸਾਹਿਤ

*Kirandeep Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

**ਉਦੇਸ਼:**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਸੰਕ੍ਰਾਂਤੀ ਕਾਲ ਬਾਰੇ ਜਾਣਨਗੇ।
2. ਧਾਰਮਿਕ ਪੁਨਰ ਜਾਗ੍ਰਿਤ ਲਹਿਰਾਂ ਬਾਰੇ ਜਾਣਨਗੇ।
3. ਈਸਾਈ ਧਰਮ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਜਾਣਨਗੇ।

**ਪ੍ਰਸਤਾਵਨਾ**

ਰਾਜਨੀਤਿਕ ਇਤਿਹਾਸ ਦੀ ਦ੍ਰਿਸ਼ਟੀ ਤੋਂ ਪੰਜਾਬ ਦੇ ਇਤਿਹਾਸ ਵਿੱਚ ਅੰਗਰੇਜ਼ਾਂ ਦਾ ਭਾਰਤ ਸਮੇਤ ਪੰਜਾਬ ਤੇ ਕਬਜ਼ਾ ਤੀਸਰਾ ਫੈਸਲਾਕੁਨ ਇਤਿਹਾਸਕ ਮੋੜਾ ਸੀ। ਆਰੀਅਨ ਤੋਂ ਬਾਅਦ ਮੁਗ਼ਲ ਅਤੇ ਮੁਗਲਾਂ ਤੋਂ ਬਾਅਦ ਅੰਗਰੇਜ਼ਾਂ ਨੇ ਭਾਰਤ ਦੇ ਰਾਜਨੀਤਕ ਸੱਭਿਆਚਾਰਕ ਇਤਿਹਾਸ ਨੂੰ ਇਨ੍ਹਾਂ ਬਦਲਿਆ ਜਿਸ ਦਾ ਸਮੁੱਚਾ ਜਾਇਜ਼ਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਭਾਵੇਂ ਪੰਜਾਬ ਅੰਗਰੇਜ਼ੀ ਰਾਜ ਅਧੀਨ ਸਭ ਤੋਂ ਬਾਅਦ ਵਿੱਚ ਆਇਆ ਪਰ ਪੰਜਾਬੀਆਂ ਦੇ ਖੁੱਲ੍ਹੇ, ਪਹਿਲਕਦਮੀ-ਮੂਲਕ ਅਤੇ ਹੁੰਦੜਹੇੜ ਰਵੱਈਏ ਕਾਰਨ ਉਹ ਇਸ ਨਵੀਂ ਅਤੇ ਦੁੱਖਦਾਇੱਕ ਇਤਿਹਾਸਕ ਸਥਿਤੀ ਸਨਮੁੱਖ ਜਾਗਰੂਕ ਹੁੰਦੇ ਗਏ। ਅੰਗਰੇਜ਼ਾਂ ਨੇ ਪੰਜਾਬ ਦਾ ਵਿਸ਼ਾਲ ਰਾਜਨੀਤਿਕ ਅਤੇ ਭੂਗੋਲਿਕ ਸੂਬਾ ਵਿਉਂਤਿਆ ਅਤੇ ਪੰਜਾਬੀਆਂ ਵਿਸ਼ੇਸ਼ਕਰ ਸਿੱਖਾਂ ਦੀ ਸੂਰਬੀਰ ਪਰ ਜ਼ਖਮੀ ਮਨੋਸਥਿਤੀ ਨੂੰ ਆਪਣੇ ਅਨੁਸਾਰੀ ਕਰਨ ਲਈ ਵਿਉਂਤਬਧ ਸਕੀਮਾਂ ਲਾਗੂ ਕੀਤੀਆਂ। ਲਾਰਡ ਡਲਹੌਜੀ ਨੇ ਇਸ ਰਾਜਨੀਤਕ ਲੋੜ ਪ੍ਰਤੀ ਆਸਧਾਰਨ ਤਤਪਰਤਾ ਦਿਖਾਈ ਤੇ ਦੋ ਧਾਰੀ ਨੀਤੀ ਨਾਲ ਸਿੱਖ ਸਰਦਾਰਾਂ ਵਿੱਚ ਨਵੀਂ ਕਤਾਰ ਬੰਦੀ ਕਰਵਾਉਣ ਵਿੱਚ ਸਫ਼ਲ ਹੋਇਆ। 1857 ਗ਼ਦਰ ਪ੍ਰਤੀ ਪੰਜਾਬੀਆਂ ਵਿਸ਼ੇਸ਼ਕਰ ਸਿੱਖਾਂ ਦੀ ਭੂਮਿਕਾ ਇਸੇ ਪ੍ਰਸੰਗ ਵਿੱਚ ਸਮਝਣ ਯੋਗ ਹੈ। ਪੰਜਾਬੀਆਂ ਨੇ 1857 ਈਸਵੀ ਦੀ ਅੰਗਰੇਜ਼ ਵਿਰੁੱਧ ਬਗ਼ਾਵਤ ਸਮੇਂ ਜਾਂ ਤਾਂ ਉਦਾਸੀ ਰਵੱਈਆ ਅਪਣਾਇਆ ਤੇ ਜਾਂ ਵਧੇਰੇ ਸਿੱਖ ਫੌਜ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਕਿਉਂਕਿ ਬਗ਼ਾਵਤ ਦੀ ਅਗਵਾਈ ਮੁਗਲ ਸਮਰਾਟ ਕਰ ਰਿਹਾ ਸੀ। ਸਿੱਖ ਇਤਿਹਾਸ ਦੇ ਖ਼ੂਨੀ ਸਾਕੇ ਅਜੇ ਸੱਜਰੇ ਸਨ। ਜਿਸ ਕਰਕੇ ਸਿੱਖ ਫ਼ੌਜ ਮੁਗਲ਼ ਰਾਜੇ ਦੇ ਉਲਟ ਅੰਗਰੇਜ਼ ਦੀ ਮਦਦ ਦੇ ਉੱਤਰੀ । ਇਸ ਘੋਰ ਸੰਕਟ ਸਮੇਂ ਦਿਖਾਈ ਨੇੜਤਾ ਤੇ ਮਦਦ ਸਦਕਾ ਅੰਗਰੇਜ਼ਾਂ ਨੇ ਪੰਜਾਬ ਖਾਸ ਕਰ ਸਿੱਖਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ। ਗਦਰ ਪਿਛੋਂ 1858 ਵਿੱਚ ਯੂਪੀ ਦੇ ਕੁਝ ਜ਼ਿਲ੍ਹੇ (ਦਿੱਲੀ,ਗੁੜਗਾਉਂ,ਕਰਨਾਲ, ਰੋਹਤਕ, ਹਿਸਾਰ ਤੇ ਸਿਰਸਾ) ਤੋੜ ਕੇ ਪੰਜਾਬ ਨਾਲ ਜੋੜ ਦਿੱਤੇ। ਫੌਜਾਂ ਸਿੱਖਾਂ ਦੀ ਭਰਤੀ ਨੂੰ ਉੱਚੇਚਾ ਉਤਸ਼ਾਹ ਦਿੱਤਾ। ਖੇਤੀ ਪ੍ਰਬੰਧ ਵਿੱਚ ਪਾਏਦਾਰ ਤਬਦੀਲੀਆਂ ਲਿਆਂਦੀਆਂ। 1990 ਈਸਵੀ ਵਿੱਚ land alliance act ਪਾਸ ਕੀਤਾ। ਜਿਸ ਅਨੁਸਾਰ ਕੋਈ ਵੀ ਗੈਰ ਕਾਸ਼ਤਕਾਰ ਕਿਸੇ ਕਾਸ਼ਤਕਾਰ ਦੀ ਜ਼ਮੀਨ ਨਹੀਂ ਖਰੀਦ ਸਕੇਗਾ। ਇਸ ਐਕਟ ਅੰਗਰੇਜ਼ਾਂ ਨੇ ਕਿਸਾਨ ਪੱਖੀ ਹੋਣ ਦਾ ਪ੍ਰਮਾਣ ਦੇ ਕੇ ਵੱਡੇ ਕਿਸਾਨੀ ਤਬਕੇ ਦੀ ਸਰਾਹਨਾ ਜਿੱਤੀ

**ਵਿਸ਼ਾ**

ਅੰਗਰੇਜ਼ਾਂ ਨੇ ਰਾਜ ਪ੍ਰਬੰਧ ਦੀ ਪਾਏਦਾਰ ਵਿਉਂਤਬੱਧ ਅਤੇ ਕਰੜੀ ਰੂਪ ਰੇਖਾ ਉਲੀਕਦਿਆਂ ਸੈਨਾ, ਪੁਲਿਸ. ਕਚਹਿਰੀਆਂ, ਜੇਲਾਂ, ਹਸਪਤਾਲਾਂ ਦਾ ਇੱਕ ਨਵਾਂ ਪ੍ਰਬੰਧ ਉਸਾਰਿਆ। ਇੱਕ ਪਾਸੇ ਸ਼ਾਂਤੀ, ਖੁਸ਼ਹਾਲੀ ਅਤੇ ਪ੍ਰਗਤੀ ਨਾਲ ਲੋਕਾਂ ਨੂੰ ਆਪਣੇ ਨਾਲ ਜੋੜਿਆ । ਦੂਜੇ ਪਾਸੇ ਸਖ਼ਤ ਕਾਨੂੰਨੀ ਪਾਬੰਦੀਆਂ ਤੇ ਸੁਝਾਵਾਂ ਨਾਲ ਡਰਾ ਕੇ ਅਧੀਨ ਕੀਤਾ। ਪਰ ਇਸ ਸਥਿਤੀ ਵਿਚ ਨਾਲੋਂ ਨਾਲ ਅੰਗਰੇਜ਼ਾਂ ਦੇ ਪੰਜਾਬੀਆਂ ਨੂੰ ਗੁਲਾਮ ਰੱਖਣ ਦੇ ਮਨਸੂਬਿਆਂ ਦਾ ਸੁਚੇਤ ਰਾਜਨੀਤਿਕ ਦੇ ਧਾਰਮਿਕ ਪੱਧਰ ਤੇ ਵਿਰੋਧ ਹੋਣਾ ਵੀ ਸ਼ੁਰੂ ਹੋ ਗਿਆ। 1857 ਦੇ ਵਿਦਰੋਹ ਤੋਂ ਇੱਕਦਮ ਪਿੱਛੋਂ ਬਰਤਾਨਵੀ ਸਰਕਾਰ ਨੇ ਈਸਟ ਇੰਡੀਆ ਕੰਪਨੀ ਭੰਗ ਕਰਕੇ ਭਾਰਤ ਦਾ ਸਿੱਧਾ ਸ਼ਾਸਨ ਆਪਣੇ ਹੱਥਾਂ ਵਿੱਚ ਲੈ ਲਿਆ ਤੇ ਵਿਆਪਕ ਪ੍ਰਸ਼ਾਸਕੀ, ਆਰਥਿਕ, ਰਾਜਸੀ ਪ੍ਰੋਗਰਾਮ ਉਲੀਕੇ ਤਾਂ ਕਿ ਭਾਰਤੀ ਲੋਕਾਂ ਨੂੰ ਮਜ਼ਬੂਤੀ ਨਾਲ ਅਧੀਨ ਕੀਤਾ ਜਾ ਸਕੇ ਪਹਿਲਾਂ ਜਥੇਬੰਦਕ ਵਿਰੋਧ 1862ਈਸਵੀ ਵਿੱਚ ਬਾਬਾ ਰਾਮ ਸਿੰਘ ਦੀ ਅਗਵਾਈ ਵਿੱਚ ਕੂਕਾ ਲਹਿਰ ਦੇ ਰੂਪ ਵਿੱਚ ਹੋਇਆ ਇਸ ਦੌਰ ਵਿੱਚ ਉੱਠ ਰਹੀਆਂ ਅੰਗਰੇਜ਼ ਵਿਰੋਧੀ ਕੌਮੀ ਲਹਿਰਾਂ ਨੂੰ ਉਖੇੜਨ ਤੇ ਹਟਾਉਣ ਲਈ ਅੰਗਰੇਜ਼ਾਂ ਨੇ ਆਪਣੇ ਵਫ਼ਾਦਾਰ ਕੁਝ ਬੰਦਿਆਂ ਰਾਹੀਂ 1880 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਮੁੱਢ ਬੰਨਿਆ ਪਰ ਇਹ ਜਥੇਬੰਦੀ ਹੌਲੀ ਹੌਲੀ ਮੱਧ ਸ਼੍ਰੇਣਿਕ ਭਾਰਤੀ ਕੌਮੀ ਲਹਿਰ ਦੇ ਤੌਰ ਤੇ ਮਜ਼ਬੂਤ ਹੁੰਦੀ ਹੁੰਦੀ ਵਿਸ਼ਾਲ ਭਾਰਤੀ ਆਜ਼ਾਦੀ ਅੰਦੋਲਨ ਦਾ ਰੂਪ ਧਾਰਨ ਕਰ ਗਈ। ਜਿਸ ਦੀ ਅਗਵਾਈ ਅਗਲੇਰੇ ਦੌਰ ਵਿੱਚ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਨੇ ਕੀਤੀ ।

ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿੱਚ ਅੰਗਰੇਜ਼ਾਂ ਪ੍ਰਤੀ ਭਾਰਤੀ ਲੋਕਾਂ ਦੇ ਮਨਾਂ ਵਿੱਚ ਬੇਵਿਸ਼ਵਾਸ਼ੀ ਅਤੇ ਵਿਰੋਧੀ ਭਾਵਨਾ ਤਿੱਖੇ ਰੂਪ ਵਿੱਚ ਪਨਪਣ ਲੱਗੀ ਗ਼ਦਰ ਪਾਰਟੀ ਜਿਸਦੀ ਨੀਂਹ ਮਾਰਚ 1913 ਵਿੱਚ ਰੱਖੀ ਗਈ। ਅਜਿਹੀ ਇਨਕਲਾਬੀ ਤੇ ਕੌਮੀ ਲਹਿਰ ਸੀ ਜਿਸ ਨੇ ਐਲਾਨੀਆ ਤੌਰ ਤੇ ਅੰਗਰੇਜ਼ੀ ਗੁਲਾਮੀ ਤੋਂ ਛੁਟਕਾਰਾ ਪਾਉਣ ਦਾ ਪ੍ਰੋਗਰਾਮ ਉਲੀਕਿਆ। ਕਾਮਾਗਾਟਾਮਾਰੂ ਦੀ ਘਟਨਾ ਚ ਇੱਕ ਪਾਸੇ ਅੰਗਰੇਜ਼ਾਂ ਦੀ ਬੌਖਲਾਹਟ, ਦਰਿੰਦਗੀ ਅਤੇ ਰਾਜਨੀਤਕ ਗੈਰ ਕਾਨੂੰਨੀ ਦਾ ਪ੍ਰਮਾਣ ਹੈ ਤਾਂ ਦੂਜੇ ਪਾਸੇ ਪੰਜਾਬੀਆਂ ਵਿੱਚ ਅੰਗਰੇਜ਼ਾਂ ਦੀ ਗੁਲਾਮੀ ਤੋਂ ਨਿਜਾਤ ਪ੍ਰਾਪਤੀ ਦੀ ਸੁਦ੍ਰਿੜ ਪ੍ਰਗਟਾਅ ਵੀ ਹੈ 1917 ਵਿੱਚ ਵਾਪਰੀ ਰੂਸ ਇਨਕਲਾਬ ਨੇ ਸੰਸਾਰ ਭਰ ਦੇ ਕਿਰਤੀ ਲੋਕਾਂ ਸਨਮੁਖ ਇਨਕਲਾਬ ਅਤੇ ਲੋਕ ਮੁਕਤੀ ਦੇ ਨਵੇਂ ਮਾਡਲ ਪੇਸ਼ ਕੀਤੇ। ਵਿਸਾਖੀ ਵਾਲੇ ਦਿਨ 1919 ਈਸਵੀ ਨੂੰ ਜਲ੍ਹਿਆਂਵਾਲਾ ਬਾਗ ਸਾਕਾ ਵਾਪਰਿਆ ਹੱਥੀ ਮਾਸੂਮ ਤੇ ਅਮਨਮਈ ਪ੍ਰੋਟੈਸਟ ਕਰਦੇ ਹਜ਼ਾਰਾਂ ਭਾਰਤੀ ਗੋਲੀਆਂ ਨਾਲ ਭੁੰਨ ਦਿੱਤੇ ਗਏ। ਸ਼ਹੀਦ ਉਧਮ ਸਿੰਘ ਨੇ ਜਨਰਲ ਅਡਵਾਇਰ ਨੂੰ ਲੰਡਨ ਜਾ ਕੇ ਮਾਰ ਕੇ ਬਦਲਾ ਲਿਆ। ਪੰਜਾਬ ਵਿੱਚ 1920 ਤੋਂ ਲੈ ਕੇ 1924 ਈਸਵੀ ਤੱਕ ਚੱਲੀ ਅਕਾਲੀ ਲਹਿਰ ਦਾ ਵੀ ਪੰਜਾਬ ਦੀ ਰਾਜਸੀ ਧਾਰਮਿਕ ਚੇਤਨਾ ਨੂੰ ਉਭਾਰਨ ਵਿੱਚ ਅਹਿਮ ਰੋਲ ਹੈ।

ਅੰਗਰੇਜ਼ਾਂ ਦੀ ਸਥਾਨਕ ਜ਼ਾਲਮਾਨਾ ਤੇ ਲੋਟੂ ਮਹੰਤਾਂ ਨਾਲ ਨੈਤਿਕ ਭਿਆਲੀ ਵਾਲੀ ਰਾਜਨੀਤੀ ਦਾ ਪਰਦਾਫਾਸ਼ ਕਰਨਾ ਇਸ ਲਹਿਰ ਦੀ ਦੇਣ ਹੈ। ਇਸ ਸਮੇਂ ਸਰਦਾਰ ਭਗਤ ਸਿੰਘ ਦੇ ਚਾਚਾ ਸਰਦਾਰ ਅਜੀਤ ਸਿੰਘ ਦੀ ਅਗਵਾਈ ਵਿੱਚ ਵਿਸ਼ਾਲ ਕਿਸਾਨ ਲਹਿਰ ਉਭਰੀ ਜਿਵੇਂ:

'ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ'

ਲੁੱਟ ਲਿਆ ਮਾਲ ਤੇਰਾ ਕੀਤਾ ਇਹ ਬੇਹਾਲ ਉਏ

ਦਾ ਨਾਅਰਾ ਬੁਲੰਦ ਹੋਇਆ। ਇਹ ਸਮਾਂ 1929 ਈਸਵੀ ਦਾ ਭਾਰੀ ਆਰਥਿਕ ਮੰਦਵਾੜੇ ਦਾ ਸਮਾਂ ਸੀ। ਭੁੱਖਮਰੀ ਪੈਣ ਵਰਗੀ ਹਾਲਤ ਸੀ ਜੋ 1931 ਵਿੱਚ ਭਿਆਨਕ ਕਾਲ ਦੇ ਰੂਪ ਵਿੱਚ ਲੱਖਾਂ ਲੋਕਾਂ ਖਾਸਕਰ ਬੰਗਾਲੀਆਂ ਦਾ ਘਾਣ ਕਰ ਗਈ 1928 ਦੇ ਨੇੜੇ ਤੇੜੇ ਕਾਂਗਰਸ ਵੀ ਨਾ ਮਿਲਵਰਤਨ ਅਤੇ ਫਿਰ ਹੌਲੀ ਹੌਲੀ ਸੰਪੂਰਨ ਆਜ਼ਾਦੀ ਦੇ ਨਾਅਰੇ ਬੁਲੰਦ ਕਰਦੀ ਹੈ। ਮੁਕੰਮਲ ਆਜ਼ਾਦੀ ਦੀ ਪਹਿਲੀ ਮੰਗ 1931ਵਿੱਚ ਕਰਾਚੀ ਕਾਨਫਰੰਸ ਵਿੱਚ ਕੀਤੀ ਗਈ। 1922 ਵਿੱਚ ਕਿਰਤੀ ਲਹਿਰ ਦਾ ਮਹੱਤਵਪੂਰਣ ਯੋਗਦਾਨ ਰਿਹਾ। ਜਿਸ ਨੇ ਭਾਰਤੀ ਕਿਰਤੀਆਂ ਦੀ ਲਾਮਬੰਦੀ ਕੀਤੀ ਤੇ ਫਿਰ 1930 ਈਸਵੀ ਵਿੱਚ ਕਮਿਊਨਿਸਟ ਪਾਰਟੀ ਦਾ ਹਿੱਸਾ ਬਣਨਾ ਸਿਰਫ ਭਾਰਤ ਦੀ ਆਜ਼ਾਦੀ ਸਗੋਂ ਕਿਰਤੀ ਲੋਕਾਂ ਲਈ ਇਨਕਲਾਬ ਵਾਸਤੇ ਸਰਗਰਮ ਭੂਮਿਕਾ ਨਿਭਾਉਣ ਦੇ ਸਮਰੱਥ ਹੋਈ। ਦੇਸ਼ ਭਗਤੀ ਲਈ ਸਿਰਲੱਥ ਯੋਧਿਆਂ ਦੀ ਇਨਕਲਾਬੀ ਸੰਸਥਾ ਨੌਜਵਾਨ ਭਾਰਤ ਸਭਾ ਵੀ ਇਸੇ ਸਮੇਂ ਸਰਗਰਮ ਹੁੰਦੀ ਹੈ। ਜਿਸ ਦੇ ਨੇਤਾ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇਸ਼ ਦੀ ਆਜ਼ਾਦੀ ਲਈ ਜਾਨਾਂ ਵਾਰਦੇ ਹਨ। ਪਹਿਲਾ ਸੰਸਾਰ ਯੁੱਧ 1914 ਈ. ਵਿੱਚ ਵੱਡੇ ਸੰਸਾਰ ਸਾਮਰਾਜੀ ਮੁਲਕਾਂ ਵਿਚਕਾਰ ਲੜਿਆ ਗਿਆ। ਇਸ ਯੁੱਧ ਤੋਂ ਪਿੱਛੋਂ ਸੰਸਾਰ ਰਾਜਨੀਤੀ ਵਿੱਚ ਸੰਸਾਰ ਮੰਡੀ ਦੇ ਕਬਜ਼ੇ ਲਈ ਇੱਕ ਪਾਸੇ ਸਾਮਰਾਜੀ ਸ਼ਕਤੀਆਂ ਦਾ ਅੰਤਰਦਵੰਦ ਤੇ ਦੂਜੇ ਪਾਸੇ ਸਾਮਰਾਜੀ ਸ਼ਕਤੀਆਂ ਦਾ ਸਮਾਜਵਾਦੀ ਸ਼ਕਤੀਆਂ ਨਾਲ ਭੇੜ ਵੱਖ ਵੱਖ ਪੜਾਅ ਤੈਅ ਕਰਦਾ ਹੈ। 1939 ਵਿੱਚ ਦੂਜੇ ਸੰਸਾਰ ਯੁੱਧ ਨੂੰ ਜਨਮ ਦਿੰਦਾ ਹੈ। ਇਸ ਸੰਸਾਰ ਯੁੱਧ ਦੀ ਭਿਆਨਕਤਾ ਤਬਾਹੀ ਇਨਸਾਨੀਅਤ ਦਾ ਕਤਲ ਤੇਜ਼ ਹੋ ਰਹੀ ਸਾਮਰਾਜੀ ਲੋਟੂ ਹਵਸ ਦਾ ਹੀ ਪ੍ਰਗਟਾਵਾ ਸੀ। ਜਰਮਨੀ ਦੀ ਸਰਦਾਰੀ ਵਿੱਚ ਫਾਸ਼ੀਵਾਦੀ ਤਾਕਤਾਂ ਦੀ ਹਾਰ ਜਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਤੇ ਨਾਗਾਸਾਕੀ ਤੇ ਐਟਮ ਬੰਬਾਂ ਦੀ ਵਰਤੋਂ ਸਮਾਜਵਾਦੀ ਮੁਲਕਾਂ ਦਾ ਉਭਾਰ ਅੰਤਰਰਾਸ਼ਟਰੀ ਪੱਧਰ ਉੱਤੇ ਇੱਕ ਨਵੇਂ ਯੁੱਗ ਦਾ ਆਗਾਜ਼ ਕਰਦੇ ਹਨ।

1940 ਈ. ਵਿੱਚ ਆਲ ਇੰਡੀਆ ਮੁਸਲਿਮ ਲੀਗ ਨੇ ਮੁਸਲਿਮ ਬਹੁਗਿਣਤੀ ਦੇ ਇਲਾਕਿਆਂ ਨੂੰ ਸ਼ਾਮਿਲ ਕਰਕੇ ਪਾਕਿਸਤਾਨ ਦੀ ਮੰਗ ਦਾ ਮਤਾ ਪਾਸ ਕੀਤਾ ਦੂਸਰੀ ਸੰਸਾਰ ਜੰਗ ਵਿੱਚ ਫਾਸ਼ੀਵਾਦੀ ਤਾਕਤਾਂ ਦੀ ਲੱਕ ਤੋੜ ਵਿਹਾਰ ਤੇ ਰੂਸ ਦੀ ਚੜ੍ਹਤ ਨੇ ਨਵਾਂ ਅੰਤਰਰਾਸ਼ਟਰੀ ਮਾਹੌਲ ਸਿਰਜਿਆ ਕਾਂਗਰਸ ਪਾਰਟੀ ਨੇ 1942 ਵਿੱਚ ਹਿੰਦ ਛੱਡ ਜਾਓ ਦਾ ਮਤਾ ਪਾਸ ਕੀਤਾ।

15 ਅਗਸਤ 1947 ਪੰਜਾਬੀਆਂ ਲਈ ਜੇ ਦੇਸ਼ ਦੀ ਆਜ਼ਾਦੀ ਦਾ ਸ਼ੁਭ ਦਿਹਾੜਾ ਸੀ ਤਾਂ ਬੰਗਾਲ ਅਤੇ ਪੰਜਾਬ ਦੀ ਵੰਡ ਇਨ੍ਹਾਂ ਦੋਹਾਂ ਭਾਈਚਾਰਿਆਂ ਲਈ ਅੱਤ, ਖੌਫਨਾਕ, ਤਬਾਹ ਕੁਨ, ਅਤੇ ਨਾ ਬਿਆਨੇ ਜਾਣ ਵਾਲੇ ਦੁਖਾਂਤ ਦਾ ਰੂਪ ਵੀ ਸੀ। ਪੰਜਾਬ ਦੀ ਵੰਡ ਦੇ ਧਰਮਾਂ ਫਿਰਕਿਆਂ ਭਾਈਚਾਰਿਆਂ ਦੀ ਦਰਿੰਦਗੀ ਭਰੀ ਰਾਜਨੀਤੀ ਅਤੇ ਅਮਾਨਵੀ ਜ਼ਹਿਨੀਅਤ ਦਾ ਪਰਦਾਫ਼ਾਸ਼ ਕੀਤਾ। ਮਾਸੂਮ ਕਿਰਤੀ ਲੋਕਾਂ ਦਾ ਬੇਅੰਤ ਖੂਨ ਬੇਅਰਥ ਵਹਾਇਆ ਗਿਆ। ਜਾਨਮਾਲ ਦੀ ਅਥਾਹ ਬਰਬਾਦੀ ਨਾਲ ਲੱਖਾਂ ਲੋਕਾਂ ਦਾ ਜੀਵਨ ਨਰਕ ਬਣਾਇਆ ਗਿਆ। ਜਿਸ ਦਾ ਪੰਜਾਬੀ ਮੰਗ ਤੇ ਪੰਜਾਬੀ ਸਾਹਿਤ ਤੇ ਬਹੁਤ ਡੂੰਘਾ ਪ੍ਰਭਾਵ ਪਿਆ। ਆਜ਼ਾਦੀ ਉਪਰੰਤ ਭਾਰਤ ਦਾ ਰਾਜਨੀਤਕ ਇਤਿਹਾਸ ਪਾਰਲੀਮੈਂਟ ਜਮਹੂਰੀਅਤ ਤੇ ਉਸਾਰਿਆ ਗਿਆ। ਭਾਰਤੀ ਸੰਵਿਧਾਨ ਲਾਗੂ ਕਰਕੇ ਭਾਰਤ ਨੂੰ ਇੱਕ ਜਮਹੂਰੀ ਰਿਪਬਲਿਕ ਪ੍ਰਵਾਨ ਕੀਤਾ ਗਿਆ। ਇਹ ਰਾਜਨੀਤਿਕ ਪ੍ਰਣਾਲੀ 26 ਜਨਵਰੀ 1950 ਤੋਂ ਆਪਣੀਆਂ ਚੰਗਿਆਈਆਂ ਤੇ ਬੁਰਾਈਆਂ ਸਮੇਤ ਨਿਰੰਤਰ ਵਿਕਾਸ ਮੁੱਖ ਹੈ। ਜਿਸ ਵਿੱਚ 1962 ਦੇ ਚੀਨੀ ਹਮਲੇ 1965 ਤੇ 1971 ਦੇ ਦੋ ਪਾਕਿਸਤਾਨੀ ਯੁੱਧਾਂ ਦਾ ਕੌੜਾ ਤੇ ਕਸ਼ਟਿਦਾਇਕ ਰਾਜਨੀਤਿਕ ਅਮਲ ਹਾਜ਼ਰ ਹੈ। ਪੰਜਾਬ ਦੇ ਰਾਜਨੀਤਕ ਇਤਿਹਾਸ ਵਿੱਚ ਪ੍ਰਵਾਨਿਤ ਪੂੰਜੀਵਾਦੀ ਅਰਥ ਵਿਵਸਥਾ ਲੋਕਤੰਤਰੀ ਰਾਜ ਅਤੇ ਖੁੱਲ੍ਹੇ ਸੱਭਿਆਚਾਰਕ ਰੂਪਾਂ ਦੇ ਵਿਕਸਤ ਪੱਛਮੀ ਮਾਡਲਾਂ ਨਾਲ ਅਸਾਵੇਂ ਵਿਸ਼ੇਸ਼ਕਰ ਅਧੀਨਗੀ ਵਾਲੇ ਸਬੰਧਾਂ ਦੀਆਂ ਆਪਣੀਆਂ ਉਲਾਰਾਂ ਵੰਗਾਰਾਂ ਅਤੇ ਮੁਸ਼ਕਿਲਾਂ ਹਨ। ਪਰ ਇਸ ਸਭ ਕੁਝ ਦੇ ਬਾਵਜੂਦ ਵੀ ਆਧੁਨਿਕ ਯੁੱਗ ਦਾ ਇਤਿਹਾਸ ਭਰਪੂਰ ਹਾਂਮੁਖੀ ਤਬਦੀਲੀਆਂ ਦੇ ਨਾਲ ਨਾਲ ਵਿਸ਼ਵੀਵਿਆਪੀ ਕਰਨ ਦੇ ਬਦਲਦੇ ਦ੍ਰਿਸ਼ ਅਨੁਸਾਰ ਆਪਣੀ ਵਿਕਾਸ ਯਾਤਰਾ ਕਰ ਰਿਹਾ ਹੈ ।ਇਸ ਦੇ ਪ੍ਰਮਾਣ ਵਜੋਂ ਸੰਸਾਰ ਮੰਡੀ ਦਾ ਨਵਾਂ ਸੰਕਲਪ ਉੱਭਰਿਆ ਹੈ। ਸੰਚਾਰ ਤਕਨਾਲੋਜੀ ਦੇ ਸਮੇਂ ਤੇ ਸਥਾਨ ਦੀ ਦੂਰੀ ਬੈਠਣ ਦੇ ਐਲਾਨ ਕਰ ਦਿੱਤੇ ਹਨ ਟੈਲੀਫੋਨ, ਟੀ.ਵੀ, ਫੈਕਸ ਦੇ ਨਾਲ ਨਾਲ ਇੰਟਰਨੈੱਟ ,ਈ ਮੇਲ ਆਦਿ ਕੰਪਿਊਟਰ ਯੁੱਗ ਦੇ ਨਵੇਂ ਕ੍ਰਿਸ਼ਮੇ ਸਨਮੁੱਖ ਆ ਰਹੇ ਹਨ ਬਹੁ ਕੌਮੀ ਕਾਰਪੋਰੇਸ਼ਨ ਆਪਣਾ ਕਾਰੋਬਾਰ ਭਾਰਤ ਵਰਗੇ ਗਰੀਬ ਤੇ ਪੱਛੜੇ ਮੁਲਕ ਚ ਪੈਰ ਪਸਾਰ ਰਹੀਆਂ ਹਨ। ਇਸ ਨੇ ਨਵੇਂ ਰਾਜਨੀਤਿਕ ਸੱਭਿਆਚਾਰ ਅਤੇ ਆਰਥਿਕ ਹਾਲਾਤ ਪੈਦਾ ਕੀਤੇ ਹਨ ਜਿਨ੍ਹਾਂ ਨੇ ਅਨੇਕ ਫੌਰੀ ਤੇ ਭਵਿੱਖ ਵਿੱਚ ਹੋਰ ਤਿੱਖੇ ਪਰਿਮਾਣ ਨਿਕਲਣਗੇ।

**ਸਮਾਜਿਕ ਧਾਰਮਿਕ ਲਹਿਰਾਂ: ਪੰਜਾਬੀ ਸਾਹਿਤ**

1850 ਵਿੱਚ ਅੰਗਰੇਜ਼ੀ ਰਾਜ ਸਥਾਪਤ ਹੋਣ ਉਪਰੰਤ ਅੰਗਰੇਜ਼ਾਂ ਦੀ ਬਸਤੀਵਾਦੀ ਰਾਜਨੀਤਿਕ ਧਾਰਮਿਕ ਅਤੇ ਸੱਭਿਆਚਾਰਕ ਨੀਤੀ ਅਤੇ ਉਸ ਦੇ

ਭਾਰਤੀ ਸੁਚੇਤ ਵਰਗ ਵੱਲੋਂ ਹੋਏ ਕਰਮਾਂ ਪ੍ਰਤਿਕਰਮਾਂ ਦੇ ਨਤੀਜੇ ਵਜੋਂ ਧਾਰਮਿਕ ਪੁਨਰ ਸੁਰਜੀਤੀ ਲਹਿਰਾਂ ਅਤੇ ਸਮਾਜ ਸੁਧਾਰਕ ਲਹਿਰਾਂ ਦੀ ਇੱਕ ਅਜਿਹੀ ਲੜੀ ਉਤਪੰਨ ਹੋਈ ਜਿਸ ਦੇ ਗੰਭੀਰ ਤੇ ਤਿੱਖੇ ਪ੍ਰਮਾਣ ਨਿਕਲੇ। ਇਨ੍ਹਾਂ ਧਾਰਮਿਕ ਲਹਿਰਾਂ ਨੇ ਮੁੱਖ ਤੌਰ ਤੇ ਧਾਰਮਿਕ ਫਿਰਕੂ ਦ੍ਰਿਸ਼ਟੀ ਤੋਂ ਆਪੋ ਆਪਣੇ ਪ੍ਰੰਪਰਾਗਤ ਧਰਮਾਂ ਦੀ ਵਜਾਹਦ ਕੀਤੀ। ਅਤੇ ਪੁਨਰ ਸੁਰਜੀਤੀ ਦੇ ਯਤਨ ਕਰਦਿਆਂ ਫਿਰਕੀ ਖਿੱਚੋ ਤਾਣ ਦੇ ਨਾਲ ਨਾਲ ਤਿੱਖੇ ਭਾਈਚਾਰਕ ਵਖਰੇਵੇਂ ਅਤੇ ਨਫ਼ਰਤਾਂ ਉਤਪੰਨ ਕੀਤੀਆਂ ਅੰਗਰੇਜ਼ ਆਪਣੀ ਰਾਜਨੀਤਿਕ ਸੱਭਿਆਚਾਰਕ ਉਤਮਤਾ ਨੂੰ ਸਥਾਪਿਤ ਕਰਨ ਅਤੇ ਰਾਜਨੀਤਿਕ ਲਾਹਾ ਲੈਣ ਲਈ ਆਪਣੀ ਸੱਭਿਅਤਾ ਤੇ ਸੱਭਿਆਚਾਰ ਨੂੰ ਗ਼ਰੀਬ ਅਨਪੜ੍ਹ ਬੇਵੱਸ ਨਿਰਾਸ਼ ਅਤੇ ਭੰਬਲਭੂਸੇ ਵਿੱਚ ਪਈ ਭਾਰਤੀ ਲੋਕਾਈ ਉੱਪਰ ਅੱਡੋ ਅੱਡ ਦਿਲਕਸ਼ ਢੰਗਾਂ ਰਾਹੀਂ ਮਕਬੂਲ ਕਰ ਰਹੇ ਸਨ ਜਿਸ ਦਾ ਵਿਰੁੱਧ ਪੰਜਾਬ ਦੀ ਧਾਰਮਿਕ ਉੱਚ ਸ਼੍ਰੇਣੀ ਆਪਣੇ ਖ਼ੁਦ ਸੇ ਵਿਕਾਰ ਅਤੇ ਸੰਭਵ ਲਾਭਾਂ ਹਿੱਤ ਕਰਨ ਲਈ ਜਥੇਬੰਦ ਹੁੰਦੀ ਹੈ ਇਸੇ ਪ੍ਰਸੰਗ ਵਿੱਚ ਭਿੰਨ ਧਾਰਮਿਕ ਲਹਿਰਾਂ ਦੀ ਐਲਾਨੀਆਂ ਸੁਧਾਰਾਂ ਦੇ ਜਾਇਜ਼ ਨਾਜਾਇਜ਼ ਸਹੀ ਗੱਲ ਤੋਂ ਹਾਂ ਮੁਖੀ ਨਾ ਮੁਖੀ ਪ੍ਰਵਾਹ ਨੂੰ ਵਿਚਾਰਨਾ ਜ਼ਰੂਰੀ ਹੈ।

**ਕੂਕਾ ਲਹਿਰ:**

ਕੂਕਾ ਲਹਿਰ ਸਭ ਤੋਂ ਪਹਿਲੀ ਅੰਗਰੇਜ਼ ਵਿਰੋਧੀ ਪੂਰੀ ਜਥੇਬੰਦਕ ਅਤੇ ਤਿੱਖੇ ਰਾਜਸੀ ਸੱਭਿਆਚਾਰਕ ਵਿਰੋਧ ਵਾਲੀ ਲਹਿਰ ਸੀ ਕੂਕਾ ਲਹਿਰ ਦੇ ਉਸ ਵੇਲੇ ਦੇ ਆਗੂ ਬਾਬਾ ਰਾਮ ਸਿੰਘ ਜੀ ਸਨ। 1862 ਈਸਵੀ. ਵਿੱਚ ਉਨ੍ਹਾਂ ਨੇ ਅੰਗਰੇਜ਼ਾਂ ਦੀ ਕੁਟਲ ਸੱਭਿਆਚਾਰਕ ਨਫ਼ਰਤੀ ਧਾਰਮਿਕ ਨੀਤੀ ਅਤੇ ਰਾਜਸੀ ਸਰਦਾਰੀ ਦਾ ਡੱਟਵਾਂ ਵਿਰੋਧ ਕੀਤਾ ਕੂਕਾ ਲਹਿਰ ਨੇ ਸਮਾਂਤਰ ਜਥੇਬੰਦਕ ਸਿਸਟਮ ਉਸਾਰ ਕੇ ਰਾਜਸੀ ਤੇ ਸਮਾਜਿਕ ਖੇਤਰ ਵਿੱਚ ਅੰਗਰੇਜ਼ਾਂ ਨਾਲ ਟੱਕਰ ਲਈ ਬਾਬਾ ਰਾਮ ਸਿੰਘ ਨੇ ਨਵੇਂ ਅਸੂਲ ਅਤੇ ਅਮਲ ਰਾਹੀਂ ਪੰਜਾਬੀਆਂ ਵਿੱਚ ਚੇਤਨਾ ਜਗਾਉਣ ਦਾ ਉਪਰਾਲਾ ਕੀਤਾ ਸਮਾਜਿਕ ਖੇਤਰ ਵਿੱਚ ਸੁਧਾਰਾਂ ਨੂੰ ਲਾਮਬੰਦ ਕਰਦਿਆਂ ਉਨ੍ਹਾਂ ਨੇ ਗੁਰੂ ਮਰਿਆਦਾ ਅਨੁਸਾਰ ਸਾਦਾ ਵਿਆਹ ਮਾਸ ਸ਼ਰਾਬ ਤੰਬਾਕੂ ਦੀ ਵਰਤੋਂ ਦੀ ਮਨਾਹੀ ਦੇ ਵਿਭਚਾਰ ਦੀ ਵਰਜ਼ਨਾਂ ਤੇ ਆਦੇਸ਼ ਦਿੱਤੇ। ਰਾਜਸੀ ਸਵੈਮਾਣ ਨੂੰ ਉੱਚਿਆਣ ਹਿੱਤ ਅੰਗਰੇਜ਼ਾਂ ਦੇ ਬਾਈਕਾਟ ਲਈ ਗੱਡੀਆਂ ਤੇ ਨਾ ਚੜ੍ਹਨਾ, ਸਰਕਾਰੀ ਡਾਕ ਵਿੱਚ ਚਿੱਠੀ ਨਾ ਪਾਉਣਾ, ਵਿਦੇਸ਼ੀ ਕੱਪੜਾ ਜਾਂ ਹੋਰ ਵਸਤੂਆਂ ਦਾ ਨਾਂ ਵਰਤਣਾ ਸਵਦੇਸ਼ੀ ਵਸਤਾਂ ਦੀ ਵਰਤੋਂ ਕਰਨਾ ਆਦਿ ਦਾ ਪ੍ਰਚਾਰ ਕੀਤਾ। ਅੰਗਰੇਜ਼ ਹਾਕਮ ਉਨ੍ਹਾਂ ਦੀ ਲਹਿਰ ਦੇ ਵਧਦੇ ਪ੍ਰਭਾਵ ਤੋਂ ਦੁਖੀ ਹੋ ਗਏ ਸਨ ਉਨ੍ਹਾਂ ਨੂੰ ਸਖ਼ਤ ਸਜ਼ਾ ਦਿੰਦਿਆਂ ਰੰਗੂਨ ਜਲਾਵਤਨ ਕਰ ਦਿੱਤਾ ਗਿਆ ਅਤੇ ਕੂਕਾ ਲਹਿਰ ਨੂੰ ਗੋਲੀ ਦੀ ਸਖ਼ਤ ਨੀਤੀ ਨਾਲ ਦਬਾ ਦਿੱਤਾ ਗਿਆ ਪਰ ਇਹ ਲਹਿਰ ਪੰਜਾਬੀਆਂ ਵਿੱਚ ਸਵੈਮਾਣ ਵਿਰਸੇ ਪ੍ਰਤੀ ਚੇਤਨਾ ਪੈਦਾ ਕਰਨ ਦੇ ਨਾਲ ਨਾਲ ਅੰਗਰੇਜ਼ ਵਿਰੋਧੀ ਭਾਵਨਾਵਾਂ ਉਸਾਰਨ ਵਿੱਚ ਆਸਧਾਰਨ ਤੌਰ ਤੇ ਸਫਲ ਰਹੀ।

**ਸਿੰਘ ਸਭਾ ਲਹਿਰ:**

ਸਿੰਘ ਸਭਾ ਲਹਿਰ ਦੀ ਸਥਾਪਨਾ 1873ਈ. ਵਿੱਚ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਅਤੇ ਗਿਆਨੀ ਗਿਆਨ ਸਿੰਘ ਦੇ ਯਤਨਾਂ ਨਾਲ ਹੋਈ ਇਹ ਸਭਾ ਨੇ ਪੰਜਾਬ ਦੇ ਧਾਰਮਿਕ ਪੁਨਰ ਉਥਾਨ ਵਿੱਚ ਲੰਮੇ ਸਮੇਂ ਤਕ ਅਹਿਮ ਭੂਮਿਕਾ ਨਿਭਾਈ ਭਾਵੇਂ ਇਸ ਦੀ ਅੰਗਰੇਜ਼ ਪੱਖੀ ਰਾਜਨੀਤੀ ਵਿਸ਼ਾਲ ਸਿੱਖ ਹਲਕਿਆਂ ਵਿੱਚ ਮੁੱਢੋਂ ਹੀ ਕਰੜੀ ਆਲੋਚਨਾ ਦਾ ਸ਼ਿਕਾਰ ਰਹੀ 1883ਈ. ਵਿੱਚ ਖ਼ਾਲਸਾ ਦੀਵਾਨ ਅੰਮ੍ਰਿਤਸਰ 1886ਈ. ਵਿੱਚ ਖ਼ਾਲਸਾ ਦੀਵਾਨ ਲਾਹੌਰ ਸਥਾਪਤ ਕੀਤੇ ਗਏ ਹੋਰ ਸ਼ਾਖਾਵਾਂ ਪੰਜਾਬ ਦੇ ਮੁੱਖ ਸ਼ਹਿਰਾਂ ਵਿੱਚ ਖੋਲ੍ਹੀਆਂ ਗਈਆਂ ਗਿਆਨੀ ਦਿੱਤ ਸਿੰਘ ਸਰਦਾਰ, ਗੁਰਮੁੱਖ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਅਤੇ ਪਿੱਛੋਂ ਭਾਈ ਵੀਰ ਸਿੰਘ ਇਸ ਲਹਿਰ ਦੇ ਪ੍ਰਮੁੱਖ ਪ੍ਰਵਕਤਾ ਰਹੇ ।ਸਿੰਘ ਸਭਾ ਲਹਿਰ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਪੁਸਤਕਾਂ, ਟਰੈਕਟ ਛਪਵਾਏ ਅਖ਼ਬਾਰਾਂ ਨੂੰ ਉਤਸਾਹਿਤ ਕੀਤਾ ਪੰਜਾਬੀ ਭਾਸ਼ਾ ਦੀ ਉਨਤੀ ਲਈ ਸੁਚੇਤ ਯਤਨ ਆਰੰਭੇ ਗਏ ਸਿੱਖਿਆ ਦੇ ਪ੍ਰਚਾਰ ਲਈ ਸਕੂਲਾਂ ਤੇ ਕਾਲਜਾਂ ਦੀ ਤਕੜੀ ਵਿਉਂਤਬੱਧ ਲਹਿਰ ਚਲਾਈ ਗਈ। ਸਿੰਘ ਸਭਾ ਲਹਿਰ ਦਾ ਮੁੱਖ ਆਸ਼ਾ ਸਿੱਖ ਧਰਮ ਦਾ ਪ੍ਰਚਾਰ ਸਿੱਖ ਧਾਰਮਿਕ ਪੁਸਤਕਾਂ ਰਾਹੀਂ ਖੋਜ ਅਤੇ ਸਿੱਖ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਅਤੇ ਸਿੱਖ ਧਰਮ ਸਬੰਧੀ ਅੰਗਰੇਜ਼ਾਂ ਵੱਲੋਂ ਉਤਪੰਨ ਸ਼ੰਕਿਆਂ ਨੂੰ ਦੂਰ ਕਰਨਾ ਸੀ। 30 ਅਕਤੂਬਰ 1902 ਈਸਵੀ ਨੂੰ ਚੀਫ ਖਾਲਸਾ ਦੀਵਾਨ ਸਥਾਪਤ ਕੀਤਾ ਗਿਆ ਜਿਸ ਨੇ ਪੰਜਾਬ ਵਿੱਚ ਵਿੱਦਿਅਕ ਕਾਨਫ਼ਰੰਸਾਂ ਦੀ ਇੱਕ ਅਹਿਮ ਲੜੀ ਨੂੰ ਜਨਮ ਦਿੱਤਾ ਸਿੱਖ ਧਰਮ ਦੇ ਪ੍ਰਚਾਰ ਹਿੱਤ ਕਵੀ ਦਰਬਾਰ ਹੋਣੇ ਸ਼ੁਰੂ ਹੋਏ ਅਤੇ ਖਾਲਸਾ ਸਮਾਚਾਰ, ਖਾਲਸਾ ਐਡਵੋਕੇਟ ਪੱਤਰ ਚਲਾਏ ਗਏ। ਇਸੇ ਵਿਆਪਕ ਲਹਿਰ ਦੇ ਅੰਤਰਗਤ ਖਾਲਸਾ ਟ੍ਰੈਕਟ ਸੁਸਾਇਟੀ ਜਿਸ ਦੀ ਸਥਾਪਨਾ 1894 ਵਿਚ ਭਾਈ ਵੀਰ ਸਿੰਘ ਅਤੇ ਭਾਈ ਕੌਰ ਸਿੰਘ ਦੇ ਉੱਦਮ ਨਾਲ ਹੋਈ ਤੇ ਸਿੱਖ ਧਾਰਮਿਕ ਜਾਗ੍ਰਿਤੀ ਲਈ ਸਰਗਰਮੀ ਸ਼ੁਰੂ ਕੀਤੀ ਇਸ ਸੁਸਾਇਟੀ ਨੇ 'ਨਿਰਗੁਣਆਰਾ' ਨਾਮੀ ਪੱਤਰ ਸ਼ੁਰੂ ਕੀਤਾ ਜਿਸ ਵਿੱਚ ਭਾਈ ਵੀਰ ਸਿੰਘ ਵੱਲੋਂ ਪੱਤਰ ਦਾ ਮੂਲ ਮਨੋਰਥ ਦਰਸਾਇਆ ਗਿਆ ਗੁਰਬਾਣੀ ਪ੍ਰਚਾਰ, ਗੁਰਮਤਿ ਵਿਸਥਾਰ, ਆਤਮ ਉਧਾਰ, ਮਨਮੱਤ ਪ੍ਰਹਾਰ ਤੇ ਭਾਈਚਾਰਕ ਸੁਧਾਰ ਸਾਡਾ ਉਦੇਸ਼ ਹੈ। ਵਿਭਿੰਨ ਵਿਦਵਾਨਾਂ ਨੇ ਇਸ ਲਹਿਰ ਦੇ ਪ੍ਰਭਾਵ ਹੇਠ ਸਿੱਖ ਇਤਿਹਾਸ ਸਿੱਖ ਧਰਮ ਸਿੱਖ ਦਰਸ਼ਨ ਤੇ ਪੰਜਾਬੀ ਸਾਹਿਤ ਦੇ ਖੇਤਰ ਨਾਲ ਸਬੰਧਤ ਵਿਆਪਕ ਸਮੱਗਰੀ ਇਕੱਤਰ ਕਰਕੇ ਛਪਵਾਈ ਸਿੰਘ ਸਭਾ ਲਹਿਰ ਦੀ ਸਰਪ੍ਰਸਤੀ ਹੇਠ ਸਥਾਪਤ ਹੋਈਆਂ ਸੰਸਥਾਵਾਂ ਵਿੱਚ ਉਚਕਾਲੀਨ ਸਿੱਖ ਹਲਕੇ ਭਾਰੂ ਰਹੇ ਹਨ।

**ਹਿੰਦੂ ਧਾਰਮਿਕ ਲਹਿਰ:**

ਅੰਗਰੇਜ਼ਾਂ ਦੀ ਧਾਰਮਿਕ ਨੀਤੀ ਦਾ ਸਭ ਤੋਂ ਤਬਾਹਕੁਨ ਅਸਰ ਹਿੰਦੂ ਲੁਕਾਈ ਤੇ ਹੋਇਆ ਜੋ ਬ੍ਰਾਹਮਣ ਪੁਰੋਹਿਤ ਵਰਗ ਦੇ ਲੋਟੂ ਰੀਤੀ ਵਿਧਾਨ ਬਜਰ ਬਹਿਮਾਂ ਭਰਮਾਂ ਫਜ਼ੂਲ ਅੰਧ ਵਿਸ਼ਵਾਸ ਅਤੇ ਕੱਟੜ ਜਾਤੀ ਪਾਤੀ ਦੇ ਚੱਕਰਵਿਊ ਵਿੱਚ ਅਤਿਅੰਤ ਤ੍ਰਾਸਦਿਕ ਅਤੇ ਜ਼ਲਾਲਤ ਭਰਪੂਰ ਜੀਵਨ

ਬਸਰ ਕਰ ਰਹੀ ਸੀ। ਈਸਾਈ ਧਰਮ ਦੇ ਬਦਲਵੇਂ ਬਰਾਬਰੀ ਤੇ ਭਰਾਤਰੀ ਭਾਵ ਭਰੇ ਅੰਗਰੇਜ਼ੀ ਸ਼ਾਸਨ ਨਾਲ ਨੇੜਤਾ ਅਤੇ ਸਹੂਲਤਾਂ ਦੀ ਖਿੱਚ ਦੇ ਤੀਹਰੇ ਪ੍ਰਭਾਵਾਂ ਨੇ ਦਲਿਤ ਹਿੰਦੂ ਲੋਕਾਈ ਵਿੱਚ ਈਸਾਈ ਧਰਮ ਪ੍ਰਵੇਸ਼ ਦੀ ਵਿਸ਼ਾਲ ਤੇ ਤੇਜ਼ ਲਹਿਰ ਨੂੰ ਜਨਮ ਦਿੱਤਾ ਜਿਸ ਦੇ ਤਿੱਖੇ ਪ੍ਰਤੀਕਰਮ ਵਜੋਂ ਆਰੀਆ ਸਮਾਜ ਲਹਿਰ, ਦੇਵ ਸਮਾਜ ਲਹਿਰ ਤੇ ਬ੍ਰਹਮੋ ਸਮਾਜ ਲਹਿਰਾਂ ਉਤਪੰਨ ਹੋਈਆਂ

ਬ੍ਰਹਮੋ ਸਮਾਜ ਲਹਿਰ ਦਾ ਸੰਚਾਲਨ ਰਾਜਾ ਮੋਹਨ ਰਾਏ ਨੇ 1857 ਈ. ਪਿੱਛੋਂ ਕੀਤਾ ਸਵਾਮੀ ਦਾਇਆ ਨੰਦ ਨੇ 1878 ਈ.ਵਿਚ ਆਰੀਆ ਸਮਾਜ ਲਹਿਰ ਦੀ ਸਥਾਪਨਾ ਕੀਤੀ 1888 ਈ. ਵਿੱਚ ਦੇਵ ਸਮਾਜ ਲਹਿਰ ਪੰਡਿਤ ਅਗਨੀਹੋਤਰੀ ਨੇ ਸ਼ੁਰੂ ਕੀਤੀ। ਇਸ ਦਾ ਕੇਂਦਰ ਲਾਹੌਰ ਸੀ ਇਸ ਲਹਿਰ ਦਾ ਮੁੱਖ ਜ਼ੋਰ ਵਿੱਦਿਆ ਦੇ ਪ੍ਰਸਾਰ ਦੂਸਰੇ ਧਰਮਾਂ ਦੀ ਕਦਰ ਅਤੇ ਸੰਕੀਰਨ ਫਿਰਕੂ ਵਿਚਾਰਾਂ ਦਾ ਖੰਡਨ ਕਰਨਾ ਸੀ।

**ਮੁਸਲਮਾਨੀ ਧਾਰਮਿਕ ਲਹਿਰ :**

ਧਾਰਮਿਕ ਖਿੱਚੋਤਾਣ ਅਤੇ ਫਿਰਕੂ ਭਾਵਨਾਵਾਂ ਦੀ ਤੇਜ਼ ਹਨੇਰੀ ਵਿੱਚ ਮੁਸਲਮਾਨਾਂ ਵੱਲੋਂ ਵੀ ਹਿੰਦੂ ਅਤੇ ਸਿੱਖ ਫਿਰਕਿਆਂ ਦੇ ਮੁਕਾਬਲੇ ਆਪਣੀ ਧਰਤੀ ਵਿਰਾਸਤੀ ਗੌਰਵ ਨੂੰ ਉਚਿਆਉਣ ਲਈ ਵਿਭਿੰਨ ਲਹਿਰਾਂ ਜਥੇਬੰਦ ਕੀਤੀਆਂ ਗਈਆਂ ਮਿਰਜ਼ਾ ਗ਼ਾਲਬ ਮੁਹੰਮਦ ਤੇ ਅਹਿਮਦੀਆ ਲਹਿਰ ਦੀ ਸਥਾਪਨਾ ਕੀਤੀ ਅਤੇ ਇਸਲਾਮ ਦੇ ਪ੍ਰਚਾਰ ਲਈ ਉਪਰਾਲੇ ਕੀਤੇ ਸਰ ਸਈਅਦ ਅਹਿਮਦ ਖਾਨ ਨੇ ਅਲੀਗੜ੍ਹ ਲਹਿਰ ਦੀ ਸਥਾਪਨਾ ਕੀਤੀ ਇਸਲਾਮ ਨੂੰ ਈਸਾਈਅਤ ਦੇ ਹਮਲੇ ਤੋਂ ਬਚਾਉਣ ਲਈ ਅਤੇ ਮੁਸਲਮਾਨਾਂ ਵਿਚਲੀ ਗਿਰਾਵਟ ਨੂੰ ਦੂਰ ਕਰਨ ਲਈ ਪ੍ਰਚਾਰ ਕੀਤਾ।

ਇਨ੍ਹਾਂ ਧਾਰਮਿਕ ਲਹਿਰਾਂ ਨੇ ਆਧੁਨਿਕ ਯੁੱਗ ਦੇ ਆਰੰਭਿਕ ਦੌਰ ਵਿੱਚ ਹੀ ਪੰਜਾਬੀਆਂ ਨੂੰ ਕੱਟੜ ਅਤੇ ਸੰਕੀਰਣ ਧਾਰਮਿਕ ਫ਼ਿਰਕੂ ਲੀਹਾਂ ਤੇ ਅਜਿਹਾ ਵੰਡ ਦਿੱਤਾ ਜਿਸ ਦੇ ਨਤੀਜੇ ਵਜੋਂ ਅਗਲੇਰੇ ਪੰਜਾਬ ਦੇ ਇਤਿਹਾਸ ਵਿੱਚ ਰਾਜਨੀਤੀ ਸੱਭਿਆਚਾਰ ਭਾਸ਼ਾ ਸਾਹਿਤ ਅਤੇ ਲਿਪੀਆਂ ਪ੍ਰਤੀ ਅਜਿਹਾ ਨਾ ਮੁੱਕਣ ਵਾਲਾ ਝਗੜਾ ਸ਼ੁਰੂ ਹੋ ਗਿਆ ਜਿਸ ਨੇ ਅਨੇਕ ਤਬਾਹਕੁਨ ਅਸਰ ਪੰਜਾਬ ਦੇ ਇਤਿਹਾਸ ਵਿੱਚ ਸਿਰਜੇ। ਪੰਜਾਬੀ ਲੋਕਾਈ ਵਿੱਚ ਫਿਰਕੂ ਵੰਡ ਨੇ ਸਰਬ ਸਾਂਝੇ ਪੰਜਾਬੀ ਸੱਭਿਆਚਾਰ ਨੂੰ ਉਸ ਦੇ ਠੀਕ ਸੁਚੱਜੇ, ਸੰਤੁਲਨ ਅਤੇ ਸਿਰਜਣਸ਼ੀਲ ਸਰੂਪ ਤੋਂ ਵਿਰਵਾ ਕਰ ਦਿੱਤਾ । ਨਤੀਜੇ ਵਜੋਂ ਸਾਡੀ ਸ਼ਖ਼ਸੀਅਤ ਉਸਾਰੀ ਤੇ ਇਕਹਿਰੇ ਉਲਾਰ ਅਤੇ ਦੁਫੇੜ ਮੁਖੀ ਪਹਿਲੂ ਹੀ ਉਜਾਗਰ ਹੋ ਸਕੇ। ਡਾ ਰਵਿੰਦਰ ਸਿੰਘ ਰਵੀ ਅਨੁਸਾਰ, "ਵਿਸ਼ੇਸ਼ ਇਤਿਹਾਸਕ ਸੰਸਕ੍ਰਿਤ ਆਰਥਿਕ ਅਤੇ ਸਿਆਸੀ ਸਥਿਤੀ ਕਾਰਨ ਭਾਰਤ ਵਿੱਚ ਬੁਰਜੂਆ ਦਾ ਜਨਮ ਅਤੇ ਵਿਕਾਸ ਵੱਖ ਵੱਖ ਧਾਰਮਿਕ ਧੜਿਆਂ ਦੇ ਰੂਪ ਵਿੱਚ ਹੋਇਆ।" (ਵਿਰਸਾ ਤੇ ਵਰਤਮਾਨ ਪੰਨਾ-21) ਸਾਹਿਤਕ ਸਿਰਜਣਾ ਅਤੇ ਸਾਹਿਤਕ ਵਿਰਾਸਤ ਸਬੰਧੀ ਸੰਕੀਰਨ ਸੋਚ ਨੇ ਅਜਿਹੀਆਂ ਅਮਾਨਵੀ ਵੰਡੀਆਂ ਪਾਈਆਂ ਜਿਸ ਦੇ ਨਤੀਜੇ ਵਜੋਂ ਸਾਡਾ ਅਮੀਰ ਪ੍ਰਾਚੀਨ ਗੌਰਵਸ਼ਾਲੀ ਵਿਰਸਾ ਆਪਣੀ ਉਚਿਤ ਸਥਾਨਕ ਅਤੇ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਕਰਨੋਂ ਅਸਫਲ ਰਿਹਾ ਪੰਜਾਬ ਦੇ ਸਾਂਝੇ ਸੱਭਿਆਚਾਰ ਤੇ ਆਧਾਰਿਤ ਸਰਬਸਾਂਝੀ ਭਾਸ਼ਾ ਇਸ ਫ਼ਿਰਕੂ ਅੱਗ ਦੀ ਲਪੇਟ ਵਿੱਚ ਅਜਿਹੀ ਆਈ ਕਿ ਸੌ ਸਾਲ ਬੀਤ ਜਾਣ ਦੇ ਬਾਅਦ ਵੀ ਸੱਚੇ ਸੁੱਚੇ ਪੰਜਾਬੀਆਂ ਦੇ ਹੰਭਲਿਆਂ ਦੇ ਬਾਵਜੂਦ ਇਹ ਆਪਣਾ ਬਣਦਾ ਮਾਣ ਰੁਤਬਾ ਪ੍ਰਾਪਤ ਨਹੀਂ ਕਰ ਸਕੀ। ਲਿੱਪੀ ਦਾ ਮਾਮਲਾ ਫਿਰਕੂ ਤੁਅੱਸਬ ਨਾਲ ਜੋੜ ਕੇ ਅੱਗੋਂ ਭਾਸ਼ਾਵਾਂ ਨਾਲ ਉਲਝਾਇਆ ਗਿਆ ਜਿਸ ਨੇ ਭਾਸ਼ਾ ਵਰਗੀ ਸਰਬ ਸਾਂਝੀ ਸਿਰਜਣਾ ਨੂੰ ਵੀ ਬੇਲੋੜੇ ਤਕਰਾਰਾਂ ਤੇ ਨਫ਼ਰਤਾਂ ਦਾ ਕੇਂਦਰ ਬਣਾ ਦਿੱਤਾ ਸਾਡੀ ਅੰਗਰੇਜ਼ੀ ਰਾਜ ਉਪਰੰਤ ਅੱਧ ਪੜ੍ਹੀ ਉਚ ਕਲੀਨ ਸ਼੍ਰੇਣੀ ਕੋਡ ਬਦਲਦੇ ਰਾਜਸੀ ਸੱਭਿਆਚਾਰਕ ਸਰੋਕਾਰਾਂ ਨਾਲ ਮੇਚਣ ਲਈ ਵਡੇਰੇ ਤੇ ਉਚੇਰੇ ਇਨਸਾਨੀ ਆਦਰਸ਼ ਜਾਂ ਉੱਨਤ ਪ੍ਰਤੀ ਬਦਲਾਂ ਦੀ ਸੂਝ ਤੇ ਸਮਰੱਥਾ ਨਾ ਹੋਣ ਕਾਰਨ ਉਹ ਸੌਖੀ ਸਸਤੀ ਤੇ ਫੌਰੀ ਤਾਕਤ ਪ੍ਰਾਪਤੀ ਆਰਥਿਕ ਤਰੱਕੀ ਤੇ ਹਉਮੈ ਦੀ ਪੂਰਤੀ ਲਈ ਹੀ ਅਜਿਹੇ ਕੱਟੜ ਪੱਖੀ ਬਦਲਾਂ ਵੱਲ ਮੁੜਦੀ ਰਹੀ। ਇਹ ਪੰਜਾਬੀਆਂ ਦਾ ਇੱਕ ਭਿਆਨਕ ਇਤਿਹਾਸਕ ਦੁਖਾਂਤ ਹੀ ਹੈ ਇਸ ਦੌਰ ਦੇ ਰਾਜਨੀਤਿਕ ਸੱਭਿਆਚਾਰਕ ਇਤਿਹਾਸ ਦੇ ਅਗਲਰੇ ਦੌਰ ਵਿੱਚ ਕੌਮੀ ਆਜ਼ਾਦੀ ਲਹਿਰ ਵੱਲ ਦਾ ਵਿਕਾਸ ਤੇ ਦੇਸ਼ ਦੀ ਆਜ਼ਾਦੀ ਵੰਡ ਤੋਂ ਪਿੱਛੋਂ ਦੇ ਭਿਆਨਕ ਵਿਰੋਧਾਂ ਨੂੰ ਸਮਝਣ ਲਈ ਇੱਕ ਸਾਰ ਅਤੇ ਉੱਚੀ ਤੇ ਇਤਿਹਾਸਕ ਸੋਝੀ ਨਿਹਾਇਤ ਜ਼ਰੂਰੀ ਹੈ।

**ਈਸਾਈ ਮਿਸ਼ਨਰੀਆਂ ਦੀ ਦੇਣ: ਪੰਜਾਬੀ ਸਾਹਿਤ ਲਈ ਯੋਗਦਾਨ ਅਤੇ ਪ੍ਰਤੀਕਰਮ**

ਈਸਾਈ ਮਿਸ਼ਨਰੀਆਂ ਨੇ ਭਾਰਤ ਵਿੱਚ ਆਪਣੇ ਧਰਮ ਪ੍ਰਚਾਰ ਦੀ ਗਤੀਵਿਧੀ ਸੋਲਵੀਂ ਸਦੀ ਤੋਂ ਸ਼ੁਰੂ ਕਰ ਦਿੱਤੀ ਸੀ ਪਰ ਪੰਜਾਬ ਵਿੱਚ ਪਹਿਲੀ ਵਾਰ ਇਸਾਈ ਮਿਸ਼ਨ ਦੀ ਸਥਾਪਨਾ 1837 ਈ. ਵਿੱਚ ਲੁਧਿਆਣੇ ਵਿੱਚ ਹੋਈ। ਹੌਲੀ ਹੌਲੀ ਈਸਾਈ ਮਤ ਦਾ ਪ੍ਰਚਾਰ ਪੰਜਾਬ ਵਿੱਚ ਹੋਣਾ ਸ਼ੁਰੂ ਹੋਇਆ 1849 ਈਸਵੀ ਵਿੱਚ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਨਾਲ ਈਸਾਈ ਮਿਸ਼ਨਰੀਆਂ ਨੇ ਆਪਣੀਆਂ ਸਰਗਰਮੀਆਂ ਤੇਜ ਕਰ ਦਿੱਤੀਆਂ ਹਰ ਵੱਡੇ ਨਗਰ ਜਾਂ ਧਾਰਮਿਕ ਪ੍ਰਸਿੱਧੀ ਵਾਲੀਆਂ ਥਾਵਾਂ 'ਤੇ ਇਸਾਈ ਮੱਤ ਦੇ ਕੇਂਦਰ ਕਾਇਮ ਕੀਤੇ ਗਏ ਅਤੇ ਵੱਖ ਵੱਖ ਧਰਮਾਂ ਵਾਲੇ ਪੰਜਾਬੀਆਂ ਨੂੰ ਇਸਾਈ ਬਣਨ ਲਈ ਪ੍ਰੇਰਿਆ ਜਾਣ ਲੱਗਾ ਸਰਕਾਰ ਵੱਲੋਂ ਇਨ੍ਹਾਂ ਮਿਸ਼ਨਰੀਆਂ ਨੂੰ ਹਰ ਪ੍ਰਕਾਰ ਦੀ ਸਰਪ੍ਰਸਤੀ ਦਿੱਤੀ ਜਾਂਦੀ ਅਤੇ ਮਾਲੀ ਸਹਾਇਤਾ ਵੀ ਕੀਤੀ ਜਾਂਦੀ ਇਸਾਈ ਮਿਸ਼ਨਰੀਆਂ ਦੀ ਇਸ ਵਿਵਸਥਿਤ ਪ੍ਰਚਾਰ ਨੇ ਸਾਰੇ ਪੰਜਾਬੀਆਂ ਨੂੰ ਆਪਣੇ ਧਰਮਾਂ ਦੀ ਰੱਖਿਆ ਲਈ ਸੁਚੇਤ ਕਰ ਦਿੱਤਾ। ਉਨ੍ਹਾਂ ਨੇ

ਈਸਾਈ ਮਿਸ਼ਨਰੀਆਂ ਦੇ ਧਰਮ ਪ੍ਰਚਾਰ ਦੇ ਢੰਗਾਂ ਨੂੰ ਅਪਣਾ ਕੇ ਆਪਣੇ ਆਪਣੇ ਧਰਮ ਦੀ ਪ੍ਰਾਚੀਨ ਗੌਰਵਤਾ ਦੀ ਪੁਨਰ ਸਥਾਪਨਾ ਕਰਨੀ ਸ਼ੁਰੂ ਕੀਤੀ ਇਸ ਪਰਸਪਰ ਵਿਰੋਧ ਨੇ ਉੱਨੀਵੀਂ ਸਦੀ ਵਿੱਚ ਪੰਜਾਬੀ ਸਾਹਿਤ ਦੇ ਵਿਕਾਸ ਲਈ ਭੂਮੀ ਤਿਆਰ ਕੀਤੀ ਅਤੇ ਬਹੁਤ ਸਾਰਾ ਨਵੇਂ ਢੰਗ ਦਾ ਸਾਹਿਤ ਲਿਖਿਆ ਗਿਆ।

ਈਸਾਈ ਮਿਸ਼ਨਰੀਆਂ ਨੇ ਆਪਣੇ ਧਰਮ ਦੇ ਪ੍ਰਚਾਰ ਲਈ ਪੰਜਾਬੀ ਪਾਠਕਾਂ ਲਈ ਧਰਮ ਪੁਸਤਕਾਂ ਦੇ ਅਨੁਵਾਦ ਦਾ ਕੰਮ ਸ਼ੁਰੂ ਕੀਤਾ। ਵਿਲੀਅਮ ਕੈਰੀ ਨੇ ਨਵੇਂ ਨੇਮ ਦਾ ਪੰਜਾਬੀ ਵਿੱਚ ਅਨੁਵਾਦ ਕਰਨਾ ਸ਼ੁਰੂ ਕੀਤਾ ਅਤੇ ਦੋ ਵਰ੍ਹਿਆਂ ਦੀ ਮਿਹਨਤ ਤੋਂ ਬਾਅਦ 1809 ਈਸਵੀ ਵਿੱਚ ਮੁਕੰਮਲ ਕੀਤਾ। ਇਹ ਅਨੁਵਾਦ ਸੀਰਾਮਪੁਰ ਬੰਗਾਲ ਤੋਂ ਪਹਿਲੀ ਵਾਰ 1811 ਈਸਵੀ ਵਿੱਚ ਛਪਿਆ ਇਸ ਦੇ ਕੁੱਲ ਪੰਨੇ ਛੇ ਸੌ ਸੰਤਾਲੀ ਸਨ ਇਸ ਪਾਦਰੀ ਨੇ 1812 ਵਿੱਚ ਪੰਜਾਬੀ ਦਾ ਪਹਿਲਾ ਵਿਆਕਰਨ ਤਿਆਰ ਕੀਤਾ ਤਾਂ ਜੋ ਈਸਾਈ ਮਿਸ਼ਨਰੀ ਪੰਜਾਬੀ ਭਾਸ਼ਾ ਨੂੰ ਵਿਗਿਆਨਕ ਢੰਗ ਨਾਲ ਸਮਝ ਸਕਣ 99 ਪੰਨਿਆਂ ਦਾ ਇਹ ਵਿਆਕਰਨ ਭਾਵੇਂ ਅੰਗਰੇਜ਼ੀ ਵਿੱਚ ਲਿਖਿਆ ਹੈ ਪਰ ਇਸ ਵਿੱਚ ਉਦਾਹਰਣ ਪੰਜਾਬੀ ਗੁਰਮੁਖੀ ਲਿਪੀ ਵਿਚ ਲਿਖੇ ਹਨ ਇਨ੍ਹਾਂ ਤੋਂ ਬਾਅਦ ਲੁਧਿਆਣੇ ਦੇ ਮਿਸ਼ਨ ਵੱਲੋਂ 1836 ਤੋਂ 1849 ਈਸਵੀ ਤੱਕ ਲੱਗਭੱਗ ਦੋ ਦਰਜਨ ਪੁਸਤਕਾਂ ਅਤੇ ਟਰੈਕਟ ਪੰਜਾਬੀ ਵਿੱਚ ਛਾਪੇ ਗਏ ਜਿਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ 1849 ਈਸਵੀ ਤੋਂ ਬਾਅਦ ਮਿਸ਼ਨਰੀਆਂ ਵੱਲੋਂ ਛਾਪੇ ਗਏ ਪ੍ਰਚਾਰ ਸਾਹਿਤ ਦਾ ਇੱਕ ਤਰ੍ਹਾਂ ਦਾ ਹੜ੍ਹ ਆ ਗਿਆ ਪਰ ਇਨ੍ਹਾਂ ਰਚਨਾਵਾਂ ਵਿੱਚ ਵੰਨਗੀ ਦੀ ਘਾਟ ਭਾਸ਼ਾ, ਸ਼ੈਲੀ, ਸਰਲ ਅਤੇ ਲੱਗਭੱਗ ਸਾਮਾਨ ਢੰਗ ਦੀ ਹੈ ਜ਼ਿਆਦਾਤਰ ਇਹ ਰਚਨਾਵਾਂ ਵਾਰਤਕ ਵਿੱਚ ਹਨ ਉਂਝ ਕਵਿਤਾ ਵੀ ਲਿਖੀ ਮਿਲ ਜਾਂਦੀ ਹੈ ਪਰ ਉਸ ਦਾ ਪੱਧਰ ਬਹੁਤਾ ਉੱਚਾ ਨਹੀਂ ਹੈ ਹੁਣ ਇਨ੍ਹਾਂ ਮਿਸ਼ਨਰੀਆਂ ਦੀ ਭਾਸ਼ਿਕ ਤੇ ਸਾਹਿਤਕ ਦੇਣ ਬਾਰੇ ਕੁਝ ਵਿਸਥਾਰ ਨਾਲ ਗੱਲ ਕਰਨੀ ਉਚਿਤ ਹੋਵੇਗੀ

**ਭਾਸ਼ਾ ਸਬੰਧੀ ਰਚਨਾਵਾਂ:**

ਵਿਲੀਅਮ ਕੈਰੀ ਨੇ 1812 ਈ. ਵਿੱਚ ਸੀਰਾਮਪੁਰ ਦੀ ਪ੍ਰੈੱਸ ਤੋਂ ਪੰਜਾਬੀ ਵਿਆਕਰਨ ਪ੍ਰਕਾਸ਼ਿਤ ਕੀਤਾ ਉਸ ਤੋਂ ਬਾਅਦ ਸੀ.ਬੀ ਲੀਚ ਨੇ 1838 ਵਿੱਚ ਪੰਜਾਬੀ ਦੀ ਇੱਕ ਨਿੱਕੀ ਜਿਹੀ ਅਪੂਰਨ ਗ੍ਰਾਮਰ ਲਿਖੀ 1849 ਈ. ਵਿੱਚ ਸਰਦਾਰ ਬਾਵਾ ਸਿੰਘ ਦੇ ਸਹਿਯੋਗ ਨਾਲ ਕੈਪਟਨ ਸਟਾਰਕੀ ਨੇ ਇੱਕ ਅਜਿਹੀ ਪੁਸਤਕ ਛਾਪੀ ਜਿਸ ਵਿੱਚ ਅੰਗਰੇਜ਼ੀ ਪੰਜਾਬੀ ਸ਼ਬਦਾਵਲੀ ਤੋਂ ਇਲਾਵਾ ਅੰਗਰੇਜ਼ੀ ਪੰਜਾਬੀ ਗੱਲਬਾਤ ਅਤੇ ਵਿਆਕਰਨ ਵੀ ਛਾਪਿਆ ਵਿਚਾਰਧੀਨ ਕਾਲ ਦੀ ਇਸ ਪੱਖੋਂ ਸਭ ਤੋਂ ਵੱਡੀ ਪ੍ਰਾਪਤੀ ਹੈ ਜੋ ਨਿਊਟਨ ਦੁਆਰਾ ਤਿਆਰ ਕੀਤੀ ਪੁਸਤਕ ਇਹ ਗਰਾਮਰ ਆਫ ਦੀ ਪੰਜਾਬੀ ਲੈਂਗੁਏਜ ਇਹ ਗ੍ਰਾਮਰ ਲੁਧਿਆਣਾ ਦੇ ਮਿਸ਼ਨ ਵੱਲੋਂ 1851 ਵਿੱਚ ਛਾਪੀ ਗਈ 1839 ਈਸਵੀ ਤੱਕ ਇਸ ਦੇ ਤਿੰਨ ਸੰਸਕਰਨ ਛਪ ਗਏ ਜੋਹਨ ਨਿਊਟਨ ਦੇ ਪੁੱਤਰ ਈ ਪੀ ਨਿਊਟਨ ਨੇ ਇਸ ਗ੍ਰਾਮਰ ਦੀ ਸੋਧ ਅਤੇ ਕੁਝ ਵਾਧੇ ਕਰਕੇ 1898 ਈ. ਵਿੱਚ ਇਸ ਦਾ ਨਵਾਂ ਸੰਸਕਰਨ ਛਾਪਿਆ ਅਤੇ ਇਸ ਦਾ ਨਾਂ ਪੰਜਾਬੀ ਗਰਾਮਰ ਵਿਦ ਐਕਸਰਸਾਈਜ਼ ਐਂਡ ਵੋਕੈਬਲਰੀ ਰੱਖਿਆ ਇਸ ਦੇ ਅੰਤ ਉੱਤੇ ਅੰਗਰੇਜ਼ੀ ਪੰਜਾਬੀ ਅਤੇ ਪੰਜਾਬੀ ਅੰਗਰੇਜ਼ੀ ਸ਼ਬਦਾਵਲੀ ਦਿੱਤੀ ਗਈ ਹੈ ਭਾਸ਼ਾ ਦੇ ਵਿਕਾਸ ਦੇ ਪੱਖ ਤੋਂ ਇਨ੍ਹਾਂ ਪਾਦਰੀਆਂ ਦੀ ਦੂਜੀ ਮੁੱਖ ਦੇਣ ਇਹ ਹੈ ਪੰਜਾਬੀ ਕੋਸ਼ਕਾਰੀ। ਸਭ ਤੋਂ ਪਹਿਲਾਂ ਕੋਸ਼ 1854 ਈਸਵੀ ਵਿੱਚ ਪ੍ਰਕਾਸ਼ਿਤ ਹੋਇਆ।ਇਸ ਵਿੱਚ ਸ਼ਬਦਾਂ ਦੀ ਤਰਤੀਬ ਗੁਰਮੁਖੀ ਲਿਪੀ ਅਨੁਸਾਰ ਰੱਖੀ ਗਈ ਹੈ ਪਹਿਲਾਂ ਸ਼ਬਦ ਫਿਰ ਉਸਦਾ ਰੋਮਨ ਵਿੱਚ ਉਚਾਰਨ ਅਤੇ ਫਿਰ ਅਰਥ ਦਿੱਤੇ ਗਏ ਹਨ ਸ਼ਬਦਾਂ ਦੀ ਗਿਣਤੀ ਅਠਾਈ ਹਜ਼ਾਰ ਦੇ ਨੇੜੇ ਹੈ ਅਧਿਕਤਰ ਸ਼ਬਦਾਵਲੀ ਲੁਧਿਆਣੇ ਦੇ ਚੁਗਿਰਦੇ ਜਾਂ ਮਾਲਵਾ ਖੇਤਰ ਦੀ ਹੈ ਇਸ ਵਿੱਚੋਂ ਪੰਜਾਬ ਸਰਕਾਰ ਦੀ ਸਹਾਇਤਾ ਨਾਲ ਅਤੇ ਪਾਦਰੀਆਂ ਦੇ ਉਤਸ਼ਾਹ ਨਾਲ ਪੰਜਾਬੀ ਦੀਆਂ ਵੱਖ ਵੱਖ ਉਪਭਾਸ਼ਾਵਾਂ ਤੋਂ ਸ਼ਬਦਾਵਲੀ ਇਕੱਠੀ ਕਰਕੇ ਭਾਈ ਮਾਇਆ ਸਿੰਘ ਨੇ 1855 ਈਸਵੀ ਇਸ ਵਿੱਚ ਮੁਫ਼ੀਦ ਆਮ ਪ੍ਰੈੱਸ ਲਾਹੌਰ ਤੇ ਇੱਕ ਵੱਡੇ ਆਕਾਰ ਦਾ ਕੋਸ਼ ਛਾਪਿਆਂ 1898ਈ. ਇਸ ਵਿਲਸਨ ਨੇ ਗ੍ਰਾਮਰ ਐਂਡ ਡਿਕਸ਼ਨਰੀ ਆਫ ਵੈਸਟਰਨ ਪੰਜਾਬੀ ਛਾਪੀ ਇਸ ਕੋਸ਼ ਵਿੱਚ ਲੋਕ ਗੀਤ ਅਤੇ ਮੁਹਾਵਰੇ ਵੀ ਸ਼ਾਮਿਲ ਕੀਤੇ ਗਏ ਹਨ ਇਨ੍ਹਾਂ ਤੋਂ ਇਲਾਵਾ ਇਲਾਕੇ ਦੀ ਸ਼ਬਦਾਵਲੀ ਇਕੱਠੀ ਕਰਨ ਦੇ ਵੀ ਉਦਮ ਕੀਤੇ ਗਏ ਹਨ।

ਉਪਰੋਕਤ ਵੇਰਵੇ ਤੋਂ ਸਪੱਸ਼ਟ ਹੈ ਕਿ ਈਸਾਈ ਮਿਸ਼ਨਰੀਆਂ ਨੇ ਆਪਣਾ ਰਾਜ ਪ੍ਰਬੰਧ ਮਜ਼ਬੂਤ ਕਰਨ ਅਤੇ ਆਪਣੇ ਧਰਮ ਪ੍ਰਚਾਰ ਨੂੰ ਵਿਵਸਥਿਤ ਰੂਪ ਦੇਣ ਲਈ ਵਿਆਕਰਨਾ ਅਤੇ ਕੋਸ਼ਾਂ ਦੀ ਰਚਨਾ ਕਰਵਾਈ। ਨਾ ਕਿ ਪੰਜਾਬੀ ਦੀ ਉਨਤੀ ਲਈ ਉਨ੍ਹਾਂ ਨੇ ਕੁਝ ਤਰੱਦਦ ਕੀਤਾ ਪਰ ਪ੍ਰਕਾਰਅੰਤਰ ਨਾਲ ਇਨ੍ਹਾਂ ਭਾਸ਼ਾਈ ਯਤਨਾਂ ਨਾਲ ਪੰਜਾਬੀ ਦੀ ਸਮਰੱਥਾ ਦਾ ਬੋਧ ਹੋਇਆ ਕਿਸੇ ਭਾਸ਼ਾ ਦੀ ਮਹਾਨਤਾ ਉਸ ਵਿੱਚ ਤਿਆਰ ਹੋਈ ਸੰਦਰਭ ਗ੍ਰੰਥਾਂ ਤੋਂ ਲਗਾਈ ਜਾ ਸਕਦੀ ਹੈ ਅਤੇ ਇਨ੍ਹਾਂ ਰਚਨਾਵਾਂ ਤੋਂ ਪੰਜਾਬੀ ਦੇ ਇੱਕ ਵਿਵਸਥਿਤ ਭਾਸ਼ਾ ਹੋਣ ਦਾ ਪ੍ਰਮਾਣ ਮਿਲਦਾ ਹੈ।

**ਸਾਹਿਤਕ ਰਚਨਾਵਾਂ** :

ਅੰਗਰੇਜ਼ ਮਿਸ਼ਨਰੀਆਂ ਨੇ ਪੰਜਾਬੀ ਵਿੱਚ ਜੋ ਕੁਝ ਲਿਖਿਆ ਅਤੇ ਛਾਪਿਆਂ ਉਸ ਦਾ ਮੂਲ ਮਨੋਰਥ ਇਸਾਈ ਮੱਤ ਦਾ ਪ੍ਰਚਾਰ ਸੀ ਪਰ ਪ੍ਰਚਾਰ ਲਈ ਨਵੇਂ ਨਵੇਂ ਸਾਹਿਤਕ ਰੂਪਾਂ ਨੂੰ ਵਰਤਣ ਨਾਲ ਉਨ੍ਹਾਂ ਨੇ ਪੰਜਾਬੀ ਲੇਖਕਾਂ ਨੂੰ ਨਵੀਂ ਪ੍ਰੇਰਨਾ ਦਿੱਤੀ ਇਸ ਤਰ੍ਹਾਂ ਇਸਾਈ ਮਿਸ਼ਨਰੀਆਂ ਦੇ ਇਹ ਪ੍ਰਚਾਰਾਤਮਕ ਯਤਨ ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਲਈ ਵਰਦਾਨ ਸਾਬਤ ਹੋਏ।

**ਕਵਿਤਾ**:

ਇਸਾਈ ਮਿਸ਼ਨਰੀਆਂ ਨੇ ਪੰਜਾਬ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਪੰਜਾਬੀ ਕਵਿਤਾ ਆਪਣਾ ਸਿਖਰ ਛੋਹ ਚੁੱਕੀ ਸੀ ਅਤੇ ਉਸ ਦਾ ਗੌਰਵ ਵਿਸ਼ਵ ਪੱਧਰ ਦਾ ਸੀ ਇਸ ਲਈ ਈਸਾਈ ਮਿਸ਼ਨਰੀਆਂ ਨੇ ਕਾਵਿ ਰਾਹੀਂ ਆਪਣੇ ਧਰਮ ਦਾ ਪ੍ਰਚਾਰ ਕਰਨਾ ਸਰਲ ਨਾ ਸਮਝਿਆ। ਬੱਸ ਕਿਤੇ ਕਿਤੇ ਹੀ ਕੋਈ ਕਵਿਤਾ ਸ਼ਰਧਾਮਈ ਢੰਗ ਨਾਲ ਲਿਖੀ ਮਿਲ ਜਾਂਦੀ ਹੈ ਜਾਂ ਵਾਰਤਕ ਰਚਨਾਵਾਂ ਵਿੱਚ ਪ੍ਰਸੰਗ ਬੱਸ ਕੁਝ ਕਾਵਿ ਪੰਗਤੀਆਂ ਸ਼ਾਮਲ ਕਰ ਲਈਆਂ ਜਾਂਦੀਆਂ ਹਨ ਇਹ ਕਾਵਿ ਰਚਨਾਵਾਂ ਸਾਹਿਤਕ ਪੱਖ ਤੋਂ ਬੜੇ ਨੀਵੇਂ ਪੱਧਰ ਦੀਆਂ ਹਨ ਨਾ ਇਨ੍ਹਾਂ ਵਿੱਚ ਕਾਵਿ ਸੂਹਜ ਹੈ, ਨਾ ਵਿਚਾਰਾਂ ਦਾ ਸੱਜਰਾਪਣ, ਨਾ ਹੀ ਕਲਪਨਾ ਦੀ ਉਡਾਰੀ। ਇਨ੍ਹਾਂ ਨੂੰ ਕੇਵਲ ਤੁੱਕਬੰਦੀ ਹੀ ਕਿਹਾ ਜਾ ਸਕਦਾ ਹੈ ਉਦਾਹਰਣ ਲਈ:-

ਬਾਗੀ ਮੋਰ ਚਕੋਰ ਤੇਰੇ ਬੋਲ ਰਹੇ ਨੇ।
ਝੰਡੇ ਝੂਲਦੇ ਵਿੱਚ ਦਰਬਾਰ ਈਸ਼ਾ।
ਜਿਹਨਾਂ ਸੇਵਯਾ ਉਨ੍ਹਾਂ ਨੂੰ ਤਾਰਿਯਾ ਏ।
ਵਿਹੜੇ ਉਨ੍ਹਾਂ ਦੇ ਕੀਤੇ ਤੂੰ ਪਾਰ ਈਸ਼ਾ।
ਕਿਤੇ ਵੇਦ ਪਰਾਨ ਮੈਂ ਭਾਲ ਡਿੱਠੇ।
ਮੈਨੂੰ ਆਇਆ ਨਾ ਕਿਤੇ ਇਤਵਾਰ ਈਸਾ।
ਕਈਆਂ ਸਾਧੂਆਂ ਦਾ ਸਤਸੰਗ ਕੀਤਾ।
ਇਸੇ ਦੱਸਿਆ ਨਹੀਂ ਨਿਖਾਰ ਈਸਾ।

**ਜੀਵਨੀ** :

ਪੰਜਾਬੀ ਵਿੱਚ ਜੀਵਨੀਆਂ ਲਿਖਣ ਲਈ ਪਿਰਤ ਤਾਂ ਜਨਮ ਸਾਖੀ ਸਾਹਿਤ ਨਾਲ ਪੈ ਗਈ ਸੀ ਪਰ ਪੱਛਮੀ ਢੰਗ ਨਾਲ ਜੀਵਨੀ ਲਿਖਣ ਦਾ ਆਰੰਭ ਇਸਾਈ ਮਿਸ਼ਨਰੀਆਂ ਨੇ ਹੀ ਕੀਤਾ ਇਨ੍ਹਾਂ ਵੱਲੋਂ ਪਹਿਲੀ ਜੀਵਨੀ ਹਜ਼ਰਤ ਈਸਾ ਦੇ ਜੀਵਨ ਨਾਲ ਸਬੰਧਿਤ ਹੈ ਇਹ 1880 ਈਸਵੀ ਵਿੱਚ ਲੁਧਿਆਣੇ ਤੋਂ ਛਪੀ ਅਤੇ ਇਸ ਦਾ ਨਾਂ ਅੰਜੀਲ ਸਾਰ ਅਰਥਾਤ ਪ੍ਰਭੂ ਯਿਸੂ ਮਸੀਹ ਦਾ ਜੀਵਨ ਬਿਰਤਾਂਤ ਸੀ ਹਜ਼ਰਤ ਈਸਾ ਦੇ ਜੇਵਰਾਂ ਸਬੰਧਿਤ ਇੱਕ ਹੋਰ ਜੀਵਨੀ 1892ਈ. ਵਿੱਚ ਛਪੀ ਅਤੇ ਉਸ ਦਾ ਨਾਂ ਜੀਵਨੀ ਪੁਸਤਕ ਯਿਸੂ ਮਸੀਹ ਰੱਖਿਆ ਗਿਆ ਇਸ ਜੀਵਨੀ ਚ ਸਾਰੇ ਬਿਰਤਾਂਤ ਨੂੰ ਕਾਂਡਾਂ ਵਿੱਚ ਵੰਡ ਕੇ ਬੜੀ ਸਰਲ ਅਤੇ ਠੇਠ ਪੰਜਾਬੀ ਵਿੱਚ ਹਜ਼ਰਤ ਈਸਾ ਦੇ ਉਪਕਾਰਾਂ ਨੂੰ ਸਪੱਸ਼ਟ ਕੀਤਾ ਗਿਆ ਹੈ ਇਨ੍ਹਾਂ ਜੀਵਨੀਆਂ ਤੋਂ ਪ੍ਰੇਰਨਾ ਲੈ ਕੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਅਨੇਕ ਲੇਖਕਾਂ ਨੇ ਗੁਰੂ ਸਾਹਿਬਾਨ ਅਤੇ ਸ਼੍ਰੋਮਣੀ ਸਿੱਖਾਂ ਦੇ ਜੀਵਨ ਬਿਰਤਾਂਤ ਲਿਖੇ ਹਨ।

**ਸਫ਼ਰਨਾਮਾ:**

ਕੁਝ ਵਿਦਵਾਨਾਂ ਨੇ ਜਨਮ ਸਾਖੀਆਂ ਵਿਚਲੇ ਉਦਾਸੀਆਂ ਨਾਲ ਸਬੰਧਾਂ ਅੰਸ਼ ਨੂੰ ਪੰਜਾਬੀ ਦੇ ਸਫ਼ਰਨਾਮਾ ਜਾਂ ਯਾਤਰਾ ਸਾਹਿਤ ਵਿੱਚ ਸ਼ਾਮਿਲ ਕੀਤਾ ਹੈ ਪਰ ਉਸ ਨੂੰ ਸਫ਼ਰਨਾਮਾ ਸਾਹਿਤ ਰੂਪ ਨਾਲ ਜੋੜਨਾ ਉਚਿਤ ਪ੍ਰਤੀਤ ਨਹੀਂ ਹੁੰਦਾ ਪੱਛਮੀ ਸਫ਼ਰਨਾਮੇ ਦੀਆਂ ਲੀਹਾਂ ਤੇ ਪੰਜਾਬੀ ਵਿੱਚ ਸਫ਼ਰਨਾਮਾ ਲਿਖਣ ਦੀ ਪਿਰਤ ਵੀ ਇਸਾਈ ਮਿਸ਼ਨਰੀਆਂ ਦੀ ਦੇਣ ਹੈ 1898ਈ. ਵਿਚ ਪ੍ਰਕਾਸ਼ਿਤ ਹੋਈ 80 ਪੰਨਿਆਂ ਦੀ ਪੁਸਤਕ ਏਸ਼ੀਆ ਦੀ ਸੈਲ ਨੂੰ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਕਿਹਾ ਜਾ ਸਕਦਾ ਹੈ ਇਸ ਦਾ ਲੇਖਕ ਆਗਿਆਤ ਹੈ ਉਸ ਨੇ ਸੀਰੀਆ, ਅਰਬ, ਫਰਾਂਸ, ਚੀਨ, ਕੰਬੋਦੀਆ, ਹਿੰਦੁਸਤਾਨ ,ਤੁਰਕਿਸਤਾਨ ਆਦਿ ਦੇਸ਼ਾਂ ਦਾ ਅੱਖੀਂ ਵੇਖਿਆ ਹਾਲ ਇਸ ਵਿੱਚ ਦਰਜ ਕੀਤਾ ਹੈ। ਇਹ ਸਾਰਾ ਬਿਰਤਾਂਤ ਉਨ੍ਹਾਂ ਦੇਸ਼ਾਂ ਬਾਰੇ ਕੇਵਲ ਮੁੱਢਲੀ ਜਾਣਕਾਰੀ ਦਿੰਦਾ ਹੈ ਇਸ ਲਈ ਇਸ ਵਿੱਚ ਇਤਿਹਾਸ ਵਰਨਣ ਵਾਲੀ ਨੀਰਸਤਾ ਮੌਜੂਦ ਹੈ ਰੌਚਿਕਤਾ ਦਾ ਅਭਾਵ ਹੈ ਲੇਖਕ ਦਾ ਭੂਗੋਲਿਕ ਗਿਆਨ ਵੀ ਸਹੀ ਨਹੀਂ ਹੈ ਪਰ ਇਹ ਪਹਿਲਾ ਯਤਨ ਹੈ ਇਸ ਲਈ ਇਸ ਨੂੰ ਪਹਿਲੇ ਜਤਨ ਵਾਲੇ ਦੋਸ਼ਾਂ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ ਪਰ ਇਸ ਦੇ ਇਤਿਹਾਸਕ ਮਹੱਤਵ ਤੋਂ ਵੀ ਕਿਸੇ ਸੂਰਤ ਵਿੱਚ ਇਨਕਾਰ ਕਰਨਾ ਸੰਭਵ ਨਹੀਂ ਹੈ।

**ਨਾਟਕ:**

ਪੰਜਾਬੀ ਵਿੱਚ ਨਾਟਕ ਲਿਖਣ ਦੀ ਪਹਿਲਾਂ ਕੋਈ ਪਰੰਪਰਾ ਮੌਜੂਦ ਨਹੀਂ ਸੀ ਇਸ ਦਾ ਆਰੰਭ ਵੀ ਈਸਾਈ ਮਿਸ਼ਨਰੀਆਂ ਨੇ ਕੀਤਾ ਨਾਟਕਕਾਰ ਸ.ਸ ਬਚਿੰਤ ਨੇ ਦਸ ਪੰਨਿਆਂ ਦਾ ਇੱਕ ਲਘੂ ਨਾਟਕ ਮਲਕਾ ਅਸਤਰ ਪਠਾਨਕੋਟ ਵਿੱਚ ਲਿਖਿਆ ਅਤੇ ਉਸ ਨੂੰ ਫਿਰੋਜ਼ਪੁਰ ਤੋਂ ਪ੍ਰਕਾਸ਼ਿਤ ਕੀਤਾ ਗਿਆ ਡਾਕਟਰ ਲੋਏ ਲੀਨ ਦੇ ਦੱਸੇ ਅਨੁਸਾਰ ਡਾ. ਗੁਰਚਰਨ ਸਿੰਘ ਅਰਸ਼ੀ ਨੇ ਇਸ ਨੂੰ ਉੱਨੀਵੀਂ ਸਦੀ ਦੇ ਅੰਤਿਮ ਪੜਾਅ ਦੀ ਰਚਨਾ ਮੰਨਿਆ ਹੈ ਤਿੰਨ ਐਕਟਾਂ ਵਾਲੇ ਇਸ ਨਾਟਕ ਦਾ ਕਥਾਨਕ ਬਾਈਬਲ ਦੀ ਇੱਕ ਕਥਾ ਉੱਤੇ ਆਧਾਰਿਤ ਹੈ ਆਕਾਰ ਵਜੋਂ ਇਹ ਇਕਾਂਗੀ ਦੇ ਬਹੁਤ ਨੇੜੇ ਹੈ ਡਾਕਟਰ ਅਰਸ਼ੀ ਦੀ ਸਥਾਪਨਾ ਹੈ ਕਿ ਇਸ ਨਾਟਕ ਵਿੱਚ ਗਰੀਬ ਅਤੇ ਮਿੱਧੀਆਂ ਹੋਈਆਂ ਜਾਤੀਆਂ ਜਾਂ ਲੋਕਾਂ ਦੀ ਰੱਖਿਆ ਦਾ ਚਿੱਤਰ ਪੇਸ਼ ਕੀਤਾ ਗਿਆ ਹੈ ਸਾਰੇ ਨਾਟਕ ਵਿੱਚ ਬਿਪਤਾ ਤੇ ਭੈ ਦੀ ਭਾਵਨਾ ਬਹੁਤ ਪ੍ਰਬਲ ਹੈ ਨਾਟਕਕਾਰ ਨੇ ਗੁੱਝੇ ਢੰਗ ਨਾਲ ਨਾਲ ਇਸਾਈ ਧਰਮ ਨੂੰ ਗਰੀਬਾਂ ਦੀ ਰੱਖਿਆਕਿ ਰੂਪ ਵਿੱਚ ਪੇਸ਼ ਕੀਤਾ ਹੈ ਇਸ ਦੇ ਵਾਰਤਾਲਾਪ ਢੁੱਕਵੇਂ ਅਤੇ ਚੁਸਤ ਹਨ ਭਾਸ਼ਾ ਸਰਲ ਅਤੇ ਕੇਂਦਰੀ ਪੰਜਾਬੀ ਹੈ ਨਾਟਕ ਨੂੰ ਮੰਚਿਤ ਕਰਨ ਲਈ ਆਵਸ਼ਕ ਹਦਾਇਤਾਂ ਵੀ ਦਿੱਤੀਆਂ ਹੋਈਆਂ ਹਨ ਇਹ ਨਾਟਕ ਮੂਲ ਰੂਪ ਵਿੱਚ ਖੇਡਣ ਲਈ ਲਿਖਿਆ ਗਿਆ ਸੀ ਪੰਜਾਬੀ ਨਾਟਕ ਵਿੱਚ ਇਸਦਾ ਇਤਿਹਾਸਕ ਮਹੱਤਵ ਹੈ।

**ਨਾਵਲ**:

ਪੰਜਾਬੀ ਵਿਚ ਨਾਵਲ ਲਿਖਣ ਦਾ ਆਰੰਭ ਵੀ ਈਸਾਈ ਮਿਸ਼ਨਰੀਆਂ ਦੁਆਰਾ ਹੋਇਆ ਹੈ ਜਿਸ ਪਹਿਲਾਂ ਚੇਤਨ ਯਿਸੂਈ ਮੁਸਾਫਰ ਦੀ ਯਾਤਰਾ ਮੌਲਿਕ ਨਹੀਂ ਅਨੁਵਾਦਿਤ ਹੈ। ਡਾਕਟਰ ਪਰਮਿੰਦਰ ਸਿੰਘ ਨੇ ਇਸ ਦਾ ਪਹਿਲਾ ਪ੍ਰਕਾਸ਼ਨ 1859 ਈ. ਵਿੱਚ ਮੰਨਿਆ ਹੈ। ਜਦਕਿ ਡਾਕਟਰ ਅਰਸ਼ੀ ਇਸ ਤੋਂ ਕਈ ਵਰ੍ਹੇ ਪਿੱਛੇ ਜਾਂਦਾ ਹੈ। ਇਹ ਜੌਹਨ ਬਨੀਅਨ ਦੇ ਪਿਲਗ੍ਰਿਮਜ਼ ਪ੍ਰੋਗਰੈੱਸ ਦਾ ਪੰਜਾਬੀ ਰੂਪਾਂਤਰਣ ਹੈ ਇਸ ਵਿੱਚ ਹਜ਼ਰਤ ਈਸਾ ਦੀ ਸਵਰਗ ਯਾਤਰਾ ਦਾ ਸੁਪਨਿਕ (ਕਾਲਪਨਿਕ) ਵਰਣਨ ਕੀਤਾ ਗਿਆ ਹੈ ਇਸ ਵਿੱਚ ਅਧਿਆਤਮਕ ਗਿਆਨ ਦਾ ਪੂਰਾ ਰੂਪਆਤਮਕ ਢੰਗ ਨਾਲ ਪ੍ਰਗਟਾਵਾ ਹੋਇਆ ਹੈ ਇੱਕ ਪਾਸੇ ਹਜ਼ਰਤ ਈਸਾ ਦੀ ਸਵਰਗ ਦੀ ਯਾਤਰਾ ਨੂੰ ਚਿੱਤਰਿਆ ਜਾ ਰਿਹਾ ਹੈ ਦੂਜੇ ਪਾਸੇ ਆਤਮਾ ਪ੍ਰਮਾਤਮਾ ਨੂੰ ਮਿਲਣ ਲਈ ਕੂਚ ਕਰਦੀ ਵਿਖਾਈ ਗਈ ਹੈ ਇਹੀ ਉਸ ਦੀ ਜੀਵਨ ਦੀ ਅੰਤਿਮ ਮੰਜ਼ਿਲ ਹੈ ਇਹੀ ਕਾਰਨ ਹੈ ਕਿ ਇਸ ਨਾਵਲ ਵਿੱਚ ਲਏ ਗਏ ਮੁੱਖ ਪਾਤਰ ਅਸ਼ਰੀਰੀ ਹਨ ਇਨ੍ਹਾਂ ਨੂੰ ਨੈਤਿਕ ਅਚਾਰਾਂ ਦਾ ਪ੍ਰਤੀਨਿਧ ਕਿਹਾ ਜਾ ਸਕਦਾ ਹੈ। ਨੈਤਿਕ ਅਤੇ ਅਨੈਤਿਕ ਕੀਮਤਾਂ ਦਾ ਸੰਘਰਸ਼ ਵਿਖਾ ਕੀ ਨੈਤਿਕ ਪੱਖ ਦੀ ਜਿੱਤ ਵਿਖਾਈ ਗਈ ਹੈ ਤਾਂ ਜੋ ਜਗਿਆਸੂ ਪ੍ਰੇਰਿਤ ਹੋ ਕੇ ਅਧਿਆਤਮਕ ਮਾਰਗ ਉੱਤੇ ਅੱਗੇ ਵੱਧ ਸਕੇ ਇਸ ਦਾ ਕਥਾਨਕ ਬਹੁਤ ਰੌਚਿਕ ਹੈ ਉਤਸੁਕਤਾ ਆਦਿ ਤੋਂ ਅੰਤ ਤੱਕ ਕਾਇਮ ਹੈ ਇਸ ਨਾਵਲ ਦੇ ਮੁੱਖ ਤੌਰ ਤੇ ਦੋ ਭਾਗ ਹਨ ਜੋ ਅੱਗੋਂ ਵੀਹ ਅਤੇ ਗਿਆਰਾਂ ਕਾਂਡਾਂ ਵਿੱਚ ਵੰਡੇ ਹੋਏ ਹਨ ਇਨ੍ਹਾਂ ਦੋਹਾਂ ਭਾਗਾਂ ਵਿੱਚ ਭਾਵ ਵਿਚਾਰ ਲੜੀ ਇੱਕੋ ਤਰਤੀਬ ਨਾਲ ਚੱਲਦੀ ਹੈ ਇਸ ਦਾ ਕਥਾਨਕ ਬੜਾ ਸਰਲ ਹੈ ਪਰ ਚੰਗੀ ਤਰ੍ਹਾਂ ਗੁੰਦਿਆ ਹੋਇਆ ਹੈ ਹਾਂ ਇਸ ਵਿਚਲੇ ਉਪਦੇਸ਼ ਕਥਾ ਦੀ ਗਤੀ ਨੂੰ ਜ਼ਰੂਰ ਰੋਕਦੇ ਹਨ ਜੇ ਅਜਿਹੀਆਂ ਕੁਝ ਹੋਰ ਉਣਤਾਈਆਂ ਨੂੰ ਦੂਰ ਕਰ ਦਿੱਤਾ ਜਾਏ ਤਾਂ ਇਸ ਦਾ ਕਥਾਨਕ ਵਧੀਆ ਬਣ ਸਕਦਾ ਹੈ ਵਾਰਤਾਲਾਪ ਚੁਸਤ ਹੈ ਅਤੇ ਭਾਸ਼ਾ ਵੀ ਸਰਲ ਅਤੇ ਸਪੱਸ਼ਟ ਹੈ ਸ਼ਬਦ ਜੋੜਾਂ ਵਿੱਚ ਇਕਸਾਰਤਾ ਨਹੀਂ ਅਤੇ ਕਿਤੇ ਕਿਤੇ ਵਾਕ ਬਣਤਰ ਵੀ ਠੀਕ ਨਹੀਂ ਪ੍ਰਚਾਰਾਤਮਕ ਹੋਣ ਕਾਰਨ ਇਸ ਨੂੰ ਸ਼ੁੱਧ ਸਾਹਿਤ ਦੇ ਅੰਤਰਗਤ ਨਹੀਂ ਰੱਖਿਆ ਜਾ ਸਕਦਾ ਫਿਰ ਵੀ ਪੰਜਾਬੀ ਵਿੱਚ ਨਾਵਲ ਵਰਗੇ ਸਾਹਿਤ ਰੂਪ ਦਾ ਉਦਘਾਟਨ ਇਸ ਰਾਹੀਂ ਹੁੰਦਾ ਹੈ ਭਾਵੇਂ ਅਨੁਵਾਦਿਤ ਰੂਪ ਵਿੱਚ ਹੀ ਸਹੀ ਇਸ ਲਈ ਇਸ ਦਾ ਆਪਣਾ ਇਤਿਹਾਸਕ ਮਹੱਤਵ ਹੈ ਇਸ ਨੇ ਪੰਜਾਬੀ ਵਿੱਚ ਨਾਵਲ ਲਿਖਣ ਦੀ ਪ੍ਰੇਰਨਾ ਵੀ ਦਿੱਤੀ

ਜਯੋਤਿਰੁਦਯ ਨਾਂ ਦਾ ਇਕ ਹੋਰ ਨਾਵਲ ਵਿਸ਼ੇਸ਼ ਉਲੇਖਯੋਗ ਹੈ। ਇਸ ਨੂੰ ਪਾਦਰੀ ਵੇਰੀ ਦੇ ਸਹਿਯੋਗ ਨਾਲ ਮਿਸ਼ਨ ਪ੍ਰੈੱਸ ਲੁਧਿਆਣਾ ਤੋਂ 1882 ਈ. ਵਿਚ ਛਾਪਿਆ ਗਿਆ। ਡਾ. ਗੁਰਚਰਨ ਸਿੰਘ ਅਰਸ਼ੀ ਨੇ ਆਪਣੇ ਖੋਜ-ਪ੍ਰਬੰਧ ਵਿਚ ਪਹਿਲੀ ਵਾਰੀ ਇਸ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਇਸ ਦਾ ਲੇਖਕ ਅਗਿਆਤ ਹੈ। 144 ਪੰਨਿਆਂ ਦੇ ਇਸ ਨਾਵਲ ਦੇ ਸਾਰੇ ਪਾਤਰ ਅਤੇ ਮਾਹੌਲ ਬੰਗਾਲ ਦਾ ਹੈ। ਸੰਭਵ ਹੈ ਕਿ ਇਹ ਕਿਸੇ ਪਾਦਰੀ ਦੁਆਰਾ ਬੰਗਾਲੀ ਵਿਚ ਲਿਖੇ ਨਾਵਲ ਦਾ ਅਨੁਵਾਦ ਹੋਵੇ, ਪਰ ਬੰਗਾਲੀ ਵਿਚ ਲਿਖੇ ਅਜਿਹੇ ਕਿਸੇ ਨਾਵਲ ਦੀ ਹੋਂਦ ਦਾ ਗਿਆਨ ਨਾ ਹੋਣ ਕਾਰਣ ਇਸ ਨੂੰ ਪੰਜਾਬੀ ਦਾ ਮੌਲਿਕ ਨਾਵਲ ਮੰਨਣਾ ਪਵੇਗਾ। ਇਸ ਦੇ ਸਿਰਲੇਖ ਦਾ ਭਾਵ ਹੈ ਜੋਤ ਦਾ ਉਦੈ ਹੋਣਾ |

ਇਸ ਨਾਵਲ ਦਾ ਵਿਸ਼ਾ ਹਿੰਦੂ ਸਮਾਜ ਵਿਚ ਵਾਪਰ ਚੁੱਕੀਆਂ ਕੁਰੀਤਾਂ ਨਾਲ ਹੈ ਅਤੇ ਇਨ੍ਹਾਂ ਕੁਰੀਤਾਂ ਦੇ ਪ੍ਰਸੰਗ ਵਿਚ ਈਸਾਈ ਮਤ ਵਿਚ ਇਨ੍ਹਾਂ ਦੇ ਅਭਾਵ ਨੂੰ ਉਘਾੜਿਆ ਗਿਆ ਹੈ। ਇਸ ਤਰ੍ਹਾਂ ਨਾਵਲ ਦੇ ਹਿੰਦੂ ਪਾਤਰਾਂ ਨੂੰ ਈਸਾਈ ਮਤ ਧਾਰਣ ਕਰਨ ਵੱਲ ਰੁਚਿਤ ਕੀਤਾ ਗਿਆ ਹੈ। ਇਸ ਦਾ ਕਥਾਨਕ ਇਕ ਪਰੰਪਰਾਵਾਦੀ ਅਤੇ ਵਹਿਮਾਂ ਭਰਮਾਂ ਵਿਚ ਗਰਸੇ ਬੰਗਾਲੀ ਹਿੰਦੂ ਪਰਿਵਾਰ ਨਾਲ ਸੰਬੰਧਿਤ ਹੈ ਜਿਸ ਵਿਚ ਦੁੱਖ ਅਤੇ ਗ਼ਰੀਬੀ ਦਾ ਪੂਰਾ ਸਾਮਾਜ ਸਥਾਪਿਤ ਹੈ । ਉਹ ਲੋਕ ਨਾ ਲੜਕੀਆਂ ਨੂੰ ਪੜਾਉਣਾ ਚਾਹੁੰਦੇ ਹਨ ਅਤੇ ਨਾ ਹੀ ਬਾਲ-ਵਿਆਹ ਨੂੰ ਰੋਕਣਾ ਚਾਹੁੰਦੇ ਹਨ। ਵਿਧਵਾ-ਵਿਆਹ ਪ੍ਰਤਿ ਵੀ ਉਹ ਬਹੁਤ ਤੰਗਨਜ਼ਰ ਹਨ। ਅਜਿਹੀ ਸਥਿਤੀ ਵਿਚ ਕੋਈ ਈਸਾਈ ਇਸਤਰੀ ਸਿਲਾਈ ਕਢਾਈ ਦਾ ਕੰਮ ਸਿੱਖਾ ਕੇ ਹਿੰਦੂ ਗ਼ਰੀਬ ਇਸਤਰੀਆਂ ਨੂੰ ਸਵੈ-ਨਿਰਭਰਤਾ ਦਾ ਉਪਦੇਸ਼ ਦਿੰਦੀ ਹੋਈ ਈਸਾਈ ਮਤ ਧਾਰਣ ਕਰਨ ਲਈ ਪ੍ਰੇਰਦੀ ਹੈ। ਇਸ ਨਾਲ ਨੌਜਵਾਨਾਂ ਉੱਤੇ

ਚੰਗਾ ਅਸਰ ਪੈਂਦਾ ਦਰਸਾਇਆ ਗਿਆ ਹੈ । ਇਸ ਨਾਵਲ ਵਿਚ ਹਿੰਦੂ ਧਰਮ ਦੀ ਸੰਸਕ੍ਰਿਤੀ ਜਾਂ ਸਭਿਆਚਾਰ ਦਾ ਖੰਡਨ ਕਰਕੇ ਜਾਂ ਉਸ ਦੇ ਥੋਥੇਪਨ ਨੂੰ ਦਰਸਾਕੇ ਈਸਾਈ ਮਤ ਦੀਆਂ ਖ਼ੂਬੀਆਂ ਅਤੇ ਸਮਾਜਕ ਉਦਾਰਤਾ ਨੂੰ ਦਰਸਾਇਆ ਗਿਆ ਹੈ । ਇਸ ਨਾਵਲ ਨੂੰ ਇਸਤਰੀਆਂ ਨਾਲ ਅਧਿਕ ਸੰਬੰਧਿਤ ਕੀਤਾ ਗਿਆ ਹੈ ਕਿਉਂਕਿ ਉਹ ਜਲਦੀ ਪ੍ਰਭਾਵਿਤ ਹੁੰਦੀਆਂ ਹਨ। ਲੇਖਕ ਨੇ ਬੜੇ ਮਨੋਵਿਗਿਆਨਿਕ ਢੰਗ ਨਾਲ ਈਸਾਈ ਮਤ ਦਾ ਪ੍ਰਚਾਰ ਕੀਤਾ ਹੈ ।

ਇਸ ਨਾਵਲ ਵਿਚ ਕੁਲ 14 ਕਾਂਡ ਹਨ । ਆਦਿ ਤੋਂ ਅੰਤ ਤਕ ਰੋਚਕਤਾ ਅਤੇ ਉਤਸੁਕਤਾ ਬਣੀ ਰਹਿੰਦੀ ਹੈ। ਵਾਰਤਾਲਾਪ ਚੁਸਤ ਅਤੇ ਭਾਵਪੂਰਣ ਹਨ ! ਭਾਸ਼ਾ ਬੜੀ ਪ੍ਰਵਾਹਮਾਨ ਅਤੇ ਕਾਵਿਮਈ ਹੈ। ਦ੍ਰਿਸ਼-ਵਰਣਨ ਬਹੁਤ ਸੁੰਦਰ ਹੈ। ਨਮੂਨੇ ਵਜੋਂ :

ਇਕ ਪਾਸੇ ਤਾਂ ਤਲਾਉ ਦਿਖਾਈ ਦਿੰਦੇ ਹਨ । ਜਿਨਾਂ ਵਿਚ ਫੁੱਲਾਂ ਦੇ ਰਾਜੇ, ਅਰਥਾਤ ਲਾਲ ਕਵਲਾ ਦੇ ਚਮਕੀਲੇ ਫੂਲ ਖਿੜ ਰਹੇ ਹਨ। ਇਕ ਪਾਸੇ ਅੰਬਾਂ ਦਾ ਸੰਘਣਾ ਬਨ ਹੈ, ਅਰ ਸਿਆਲ ਦੀ ਰੁੱਤ ਵਿਚ ਸਭਨਾਂ ਟਾਹਣੀਆਂ ਉੱਤੇ ਨਰੰਗੀ ਰੰਗ ਦੇ ਫੁੱਲ, ਅਰ ਲਾਲ ਲਾਲ ਪਤ ਦਿਖਾਈ ਦਿੰਦੇ ਹਨ। ਅੱਗੇ ਵੱਧ ਕੇ ਵਾਗਾਂ ਦੀਆਂ ਲੰਮੀਆਂ ਪਾਲਾਂ ਅੱਤ ਸੁੰਦਰ ਦਿਖ ਆਉਂਦੀਆਂ ਹਨ, ਕਿਉਂ ਜੋ ਉਨਾਂ ਪਤਾਂ ਵਿਚ ਧੁੱਪ ਅਰ ਛਾਂ ਬਦਲ ਕੇ ਪੈ ਰਹੀ ਹੈ। ਇਧਰ ਤਾਂ ਮਟਰਾਂ ਦਾ ਖੇਤ ਨੀਲੇ ਰੰਗ ਦੇ ਅਣਗਿਣਤ ਫੁੱਲਾਂ ਨਾਲ ਸੋਭਾ ਪਾ ਰਿਹਾ ਹੈ, ਉਧਰ ਰਾਈ ਦਾ ਖੇਤ ਸੁਨਹਿਰੀ ਫੁੱਲਾਂ ਦੀ ਸੋਭਾ ਨਾਲ ਚਮਕ, ਅਰ ਉਸ ਦੀ ਸੁਗੰਧਤਾ ਕਰਕੇ ਮਹਿਕ ਰਿਹਾ ਹੈ।

ਕਹਾਣੀ :

ਈਸਾਈ ਮਿਸ਼ਨਰੀਆਂ ਦੁਆਰਾ ਚੋਪਤ੍ਰੀਆਂ ਜਾਂ ਨਿੱਕੇ-ਨਿੱਕੇ ਟਰੈਕਟਾਂ ਦੇ ਰੂਪ ਵਿਚ ਲਗਭਗ ਇਕ ਸੌ ਕਹਾਣੀਆਂ ਜਾਂ ਕਥਾ-ਵਾਰਤਾਵਾਂ ਵੀ ਛਾਪੀਆਂ ਗਈਆਂ ਹਨ । ਇਨ੍ਹਾਂ ਨੂੰ ਮੁੱਖ ਤੌਰ ਤੇ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਉਹ ਜਿਨ੍ਹਾਂ ਵਿਚ ਹਜ਼ਰਤ ਈਸਾ ਦੇ ਜੀਵਨ ਤੇ ਆਧਾਰਿਤ ਜਾਂ ਈਸਾਈ ਮਤ ਦੇ ਕਿਸੇ ਹੋਰ ਪ੍ਰਸੰਗ ਨਾਲ ਸੰਬੰਧਿਤ ਬ੍ਰਿਤਾਂਤ ਹੋਣ। ਦੂਜਾ ਉਹ ਜਿਨ੍ਹਾਂ ਵਿਚ ਕਿਸੇ ਹੋਰ ਧਰਮ ਦੀ ਕੁਰੀਤ ਨੂੰ ਲੈ ਕੇ ਉਸ ਦਾ ਖੰਡਨ ਕਰਦੇ ਹੋਇਆਂ ਈਸਾਈ ਧਰਮ ਦੀ ਵਡਿਆਈ ਦੱਸੀ ਗਈ ਹੋਵੇ। ਪ੍ਰਚਾਰਾਤਮਕ ਹੋਣ ਕਾਰਣ ਇਨ੍ਹਾਂ ਕਹਾਣੀਆਂ ਵਿਚ ਕਲਾਤਮਕ ਗੁਣਾਂ ਦੀ ਭਾਲ ਕਰਨਾ ਵਿਅਰਥ ਹੈ ਪਰ ਇਹ ਪੰਜਾਬੀ ਕਹਾਣੀ ਦੀ ਅਵਿਕਸਿਤ ਅਵਸਥਾ ਦੀਆਂ ਸੂਚਕ ਹਨ। ਇਨ੍ਹਾਂ ਕਹਾਣੀਆਂ ਤੋਂ ਇਲਾਵਾ 1877 ਈ. ਵਿਚ ਲੁਧਿਆਣਾ ਮਿਸ਼ਨ ਵੱਲੋਂ 'ਬੇਬਲ ਦੀਆਂ ਮੂਰਤਾਂ ਅਤੇ ਕਹਾਣੀਆਂ' ਨਾਂ ਦੀ 11 ਪੰਨਿਆਂ ਦੀ ਇਕ ਨਿੱਕੀ ਜਿਹੀ ਪੁਸਤਕ ਛਾਪੀ ਗਈ ਸੀ, ਜਿਸ ਵਿਚ ਚਾਰ ਕਹਾਣੀਆਂ ਹਨ । ਇਹ ਪੰਜਾਬੀ ਦੀਆਂ ਸਚਿੱਤਰ ਕਹਾਣੀਆਂ ਦਾ ਪਹਿਲਾ ਸੰਗ੍ਰਹਿ ਮੰਨਿਆ ਜਾ ਸਕਦਾ ਹੈ। ਪਾਦਰੀਆਂ ਦੀਆਂ ਲਿਖੀਆਂ ਕਹਾਣੀਆਂ ਦੀ ਭਾਸ਼ਾ ਸ਼ੈਲੀ ਦਾ ਇਕ ਨਮੂਨਾ ਵੇਖਣ ਲਈ ਰੇਲ ਗੱਡੀ ਦਾ ਸਫ਼ਰ' ਦੇ ਆਰੰਭ ਦੀ ਇਕ ਟੂਕ ਇਸ ਪ੍ਰਕਾਰ ਹੈ :

ਅੰਮ੍ਰਿਤਸਰ ਦੇ ਜਿਲ੍ਹੇ ਵਿਚ ਇਕ ਬਰਾਹਮਣ ਗੋਬਿੰਦ ਰਾਮ ਰੈਂਹਦਾ ਹੁੰਦਾ ਸੀ। ਉਸ ਦਾ ਇਕ ਭਰਾ ਅੰਬਾਲੇ ਵਿਚ ਸੀ ਜੇਹੜਾ ਕਈ ਮਹੀਨਿਆਂ ਥੋਂ ਬੀਮਾਰ ਸੀ। ਇਕ ਦਿਨ ਗੋਬਿੰਦ ਰਾਮ ਨੂੰ ਖਬਰ ਮਿਲੀ ਪਈ ਉਹ ਦੇ ਭਾਈ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ। ਅਤੇ ਉਸ ਦੇ ਬਚਣੇ ਦੀ ਕੋਈ ਉਮੈਦ ਨਹੀਂ । ਉਹ ਰੋਣ ਪਿਟਣ ਲਗਾ ਅਤੇ ਛੇਤੀ ਨਾਲ ਘਰੋਂ ਨਿਕਲ ਕੇ ਅਮਰਤਸਰ ਨੂੰ ਟੁਰਿਆ। ਜਦ ਉਹ ਸਟੇਸ਼ਨ ਦੇ ਨੇੜੇ ਅਪੜਿਆ ਤਾਂ ਘੰਟੀ ਵਜ ਰਹੀ ਸੀ ਅਤੇ ਗੱਡੀ ਟੁਰਨ ਨੂੰ ਬਿਲਕੁਲ ਤਿਆਰ ਸੀ। ਉਸ ਨੇ ਖਿਆਲ ਕੀਤਾ ਪਈ ਜੇ ਥੋੜੀ ਜੇਹੀ ਵੀ ਦੇਰ ਲੱਗ ਗਈ ਤਾਂ ਗੱਡੀ ਟੁਰ ਜਾਏਗੀ ਅਤੇ ਮੈਂ ਪਿੱਛੇ ਰੈਹ ਜਾਂਗਾ। ਏਸ ਲਈ ਉਹ ਲੋਕਾਂ ਦੀ ਭੀੜ ਨੂੰ ਚੀਰਦਾ ਹੋਇਆ ਅੱਗੇ ਵਧ ਗਿਆ ਅਤੇ ਉਹਦੇ ਕਪੜੇ ਵੀ ਕਈਆਂ ਥਾਵਾਂ ਥੋਂ ਪਾਟ ਗਏ।

**ਸਾਰੰਸ਼**

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਈਸਾਈ ਮਿਸ਼ਨਰੀਆਂ ਨੇ ਭਾਵੇਂ ਆਪਣੇ ਧਾਰਮਿਕ ਪ੍ਰਚਾਰ ਲਈ ਪੰਜਾਬੀ ਭਾਸ਼ਾ ਨੂੰ ਮਾਧਿਅਮ ਬਣਾਇਆ, ਪਰ ਪ੍ਰਕਾਰਾਂਤਰ ਨਾਲ ਇਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਇਤਿਹਾਸਕ ਪਿਛੋਕੜ ਬੰਨਿਆ। ਇਨ੍ਹਾਂ ਨੇ ਸ਼ਬਦ-ਕੋਸ਼ਾਂ ਅਤੇ ਵਿਆਕਰਣਾਂ ਦੀ ਰਚਨਾ ਕਰਕੇ ਪਹਿਲੀ ਵਾਰ ਪੰਜਾਬੀ ਭਾਸ਼ਾ ਦਾ ਵਿਗਿਆਨਿਕ ਆਧਾਰ ਨਿਸ਼ਚਿਤ ਕੀਤਾ। ਪੱਛਮੀ ਸਾਹਿੱਤ-ਰੂਪਾਂ ਦੀਆਂ ਲੀਹਾਂ ਤੇ ਪੰਜਾਬੀ ਵਿਚ

ਨਵੀਆਂ ਨਵੀਆਂ ਸਾਹਿਤਿਕ ਵੰਨਗੀਆਂ ਲਿਆਂਦੀਆਂ ਜੀਵਨੀ, ਸਫ਼ਰਨਾਮਾ, ਨਾਵਲ, ਕਹਾਣੀ, ਨਾਟਕ ਆਦਿ ਸਾਹਿੱਤ-ਰੂਪਾਂ ਨੂੰ ਪਹਿਲੀ ਵਾਰ ਪੰਜਾਬੀ ਵਿਚ ਵਰਤਿਆ । ਅਨੁਵਾਦਾਂ ਰਾਹੀਂ ਇਨ੍ਹਾਂ ਨੇ ਪੰਜਾਬੀ ਪਾਠਕਾਂ ਨੂੰ ਬਾਹਰਲੇ ਸੰਸਾਰ ਤੋਂ ਜਾਣੂ ਕਰਾਇਆ ਅਤੇ ਉਨਾਂ ਦੇ ਗਿਆਨ ਦਾ ਘੇਰਾ ਵਧਾਇਆ। ਇਨ੍ਹਾਂ ਦੇ ਪ੍ਰਚਾਰ ਦੇ ਪ੍ਰਤਿਕਰਮ ਵਜੋਂ ਅਨੇਕ ਭਾਂਤ ਦਾ ਪੰਜਾਬੀ ਸਾਹਿੱਤ ਹੋਂਦ ਵਿਚ ਆਇਆ ਇਨਾਂ ਨੇ ਲੋਕਾਂ ਦਾ ਪਰੰਪਰਾਗਤ ਕਾਵਿ ਨਾਲੋਂ ਨਾਤਾ ਤੋੜ ਕੇ ਵਾਰਤਕ ਨਾਲ ਜੋੜਿਆ, ਪੰਜਾਬੀ, ਪਾਠਕ ਪੈਦਾ ਕੀਤੇ ਅਤੇ ਆਧੁਨਿਕ ਯੁਗ ਵਿਚ ਪ੍ਰਵੇਸ਼ ਕਰਨ ਲਈ ਪੰਜਾਬੀ ਸਾਹਿੱਤ ਦਾ ਮੂੰਹ ਮੱਥਾ ਸੰਵਾਰਿਆ। ਈਸਾਈ ਮਿਸ਼ਨਰੀਆਂ ਦੀ ਸਰਪ੍ਰਸਤੀ ਜਾਂ ਪ੍ਰੇਰਣਾ ਨਾਲ ਵੀ ਕੁਝ ਪੰਜਾਬੀ ਵਿਦਵਾਨਾਂ ਨੇ ਪੰਜਾਬੀ ਵਿਚ ਸਾਹਿੱਤ ਲਿਖਿਆ ਜਿਨ੍ਹਾਂ ਵਿਚੋਂ ਸ਼ਰਧਾ ਰਾਮ ਫਿਲੌਰੀ, ਬਿਹਾਰੀ ਲਾਲ ਪੁਰੀ ਆਦਿ ਦੇ ਨਾਂ ਵਿਸ਼ੇਸ਼ ਉੱਲੇਖਯੋਗ ਹਨ ।

**ਕੇਂਦਰੀ ਸ਼ਬਦ**

ਨਜ਼ਮ------ ਕਵਿਤਾ

ਜੀਵਨੀ------ ਆਪਣੇ ਬਾਰੇ ਵਿਚਾਰ

ਸਫਰਨਾਮਾ----- ਯਾਤਰਾ

ਨਾਵਲ------ ਬਿਰਤਾਂਤਕ ਰੂਪ ਵਿਚ ਪੇਸ਼ ਰਚਨਾ

ਕਹਾਣੀ------- ਕੋਈ ਕਾਲਪਿਨਕ ਰੂਪ ਵਿਚ ਰਚਨਾ

## ਸਵੈ-ਮੁਲਾਂਕਣ:

1. ਸੰਕ੍ਰਾਂਤੀ ਕਾਲ ਦਾ ਸਮਾਂ ਮੰਨਿਆ ਜਾਂਦਾ ਹੈ।
   ੳ. 1870-1900
   ਅ. 1890-1989
   ੲ. 1860-1905
   ਸ. 1850-1900
2. ਗਦਰ ਪਾਰਟੀ ਦੀ ਨੀਂਹ ਕਦੋਂ ਰੱਖੀ ਗਈ ਹੈ
   ੳ. 1913
   ਅ. 1813
   ੲ. 1980
   ਸ. 1823
3. 20ਵੀਂ ਸਦੀ ਦੇ ਦੂਜੇ ਦਹਾਕੇ ਵਿਚ ਅੰਗੇਰਜ਼ਾ ਦੀ ਦੇਣ ਨੂੰ ਸਵੀਕਾਰ ਕੀਤਾ ਗਿਆ ਹੈ।
   ੳ. ਹਾਂ
   ਅ. ਨਹੀਂ
   ੲ. ਉਪਰੋਕਤ ਦੋਨੋਂ
   ਸ. ਕੋਈ ਵੀ ਨਹੀਂ
4. ਆਧੁਨਿਕਤਾ ਸਿਧਾਂਤ ਦਾ ਅਰਥ ਹੈ।
   ੳ. ਭਾਸ਼ਾ/ਸ਼ੈਲੀ
   ਅ. ਪੁਨਰ ਜਾਗਰਨ
   ੲ. ਸਮਾਜ ਕਲਿਆਣ
   ਸ. ਨਵੀਂ ਸੋਚ
5. ਅੰਗਰੇਜ਼ਾਂ ਨੇ ਰਾਜ ਪ੍ਰਬੰਧ ਦੀ ਵਿਉਂਤਬੰਦੀ ਆਧੁਨਿਕ ਰੂਪ ਵਿਚ ਕਿਵੇਂ ਉਲੀਕੀ?
   ੳ. ਸੈਨਾ
   ਅ. ਕਰਮਚਾਰੀ

ੲ. ਪੁਲਿਸ

ਸ. ਉਪਰੋਕਤ ਸਾਰੇ

6. ਕੂਕਾ ਲਹਿਰ ਸੀ।

ੳ. ਅੰਗਰੇਜ਼ ਵਿਰੋਧੀ

ਅ. ਸਮਾਜ ਵਿਰੋਧੀ

ੲ. ਕਲਾ ਵਿਰੋਧੀ

ਸ. ਉਪਰੋਕਤ ਸਾਰੇ

7. ਵਿਲੀਅਮ ਕੇਰੀ ਨੇ ਪੰਜਾਬੀ ਦਾ ਵਿਆਕਰਣ ਕਦੋਂ ਲਿਖਿਆ?

ੳ. 1812

ਅ. 1814

ੲ. 1808

ਸ. 1816

8. ਬਾਈਬਲ ਦਾ ਪਹਿਲਾਂ ਅਨੁਵਾਦ ਕਦੋਂ ਛਪਿਆ?

ੳ. 1806

ਅ. 1807

ੲ. 1808

ਸ. 1809

9. 'ਓਮ ਜੈ ਜਗਦੀਸ਼ ਹਰੇ' ਆਰਤੀ ਦੀ ਰਚਨਾ ਕਿਸ ਨੇ ਕੀਤੀ?

ੳ. ਬਿਸ਼ਨ ਦਾਸ ਪੁਰੀ

ਅ.ਸ਼ਰਧਾ ਰਾਮ ਫਿਲੌਰੀ

ੲ. ਐੱਸ ਐੱਸ ਬਚਿੰਤ

ਸ. ਭਾਈਕਾਨ ਸਿੰਘ ਨਾਭਾ

10. ਅੰਗਰੇਜ਼ ਪੰਜਾਬ ਵਿਚ ਕਿਸ ਰਸਤੇ ਤੋਂ ਆਏ ਸਨ?

ੳ. ਪੂਰਬ ਸਮੁੰਦਰ ਦੇ ਰਸਤੇ

ਅ. ਉੱਤਰ ਦੇ ਰਸਤੇ

ੲ. ਦੱਖਣ ਦੇ ਰਸਤੇ

ਸ. ਪੱਛਮ ਦੇ ਰਸਤੇ

11. ਜਯੋਤਿਰੁਦਯ ਨਾਵਲ ਕਦੋਂ ਛਪਿਆ ਗਿਆ?

ੳ. 1882

ਅ.1884

ੲ. 1898

ਸ. 1819

12. ਜਯੋਤਿਰੁਦਯ ਨਾਵਲ ਕਿਥੋਂ ਛਪਿਆ ਸੀ?

ੳ. ਮਿਸ਼ਨ ਪ੍ਰੈੱਸ ਜਲੰਧਰ

ਅ. ਮਿਸ਼ਨ ਪ੍ਰੈੱਸ ਅੰਮ੍ਰਿਤਸਰ

ੲ. ਮਿਸ਼ਨ ਪ੍ਰੈੱਸ ਲੁਧਿਆਣਾ

ਸ. ਮਿਸ਼ਨ ਪ੍ਰੈੱਸ ਬਰਨਾਲਾ

13. ਯਿਸੂਈ ਮੁਸਾਫਰ ਦੀ ਯਾਤਰਾ ਨਾਵਲ ਹੈ।

ੳ. ਗੈਰ ਭਾਸ਼ਾਈ

ਅ. ਉਰਦੂ

ੲ. ਮੌਲਿਕ

ਸ. ਅਨੁਵਾਦਤ

14. ਯਿਸੂਈ ਮੁਸਾਫਰ ਦੀ ਯਾਤਰਾ ਕਿਸ ਦਾ ਨਾਵਲ ਹੈ?

ੳ. ਐਗਡਨ

ਅ. ਫਾੱਕ

ੲ. ਜੌਹਨ ਬਨੀਅਨ

ਸ. ਹਾਕੇਟ

15. ਯਿਸੂਈ ਮੁਸਾਫਰ ਦੀ ਯਾਤਰਾ ਅੰਗਰੇਜ਼ੀ ਰੂਪ ਹੈ।

ੳ. ਸਿਲਵਰ ਬੱਕਸ

ਅ. ਪਿਲਗ੍ਰਿਮਜ਼ ਪ੍ਰੋਗਰੈੱਸ

ੲ. ਬੱਲਡ ਵੈਡਿੰਗ

ਸ. ਕੋਈ ਵੀ ਨਹੀਂ

**ਅਭਿਆਸ ਪ੍ਰਸ਼ਨ**

1. ਸੰਕ੍ਰਾਂਤੀ ਕਾਲ ਤੋਂ ਕੀ ਭਾਵ ਹੈ?
2. ਸੰਕ੍ਰਾਂਤੀ ਕਾਲ ਵਿੱਚ ਧਾਰਮਿਕ ਲਹਿਰਾਂ ਦਾ ਪੰਜਾਬੀ ਸਾਹਿਤ ਨੂੰ ਕੀ ਯੋਗਦਾਨ ਹੈ ?
3. ਸੰਕ੍ਰਾਂਤੀ ਕਾਲ ਵਿੱਚ ਉਪਜੀਆਂ ਪੰਜਾਬੀ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਦੀ ਜਾਣਕਾਰੀ ਦਿਓ।
4. ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿਤ ਨੂੰ ਕੀ ਦੇਣ ਹੈ?

**ਸੰਦਰਭ ਪੁਸਤਕਾਂ:**

1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ(ਆਦਿ ਕਾਲ ਤੋਂ ਸਮਕਾਲ ਤੱਕ),ਲਾਹੌਰ ਬੁੱਕ ਸ਼ਾਪ, ਲੁਧਿਆਣਾ, 2018

2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017

3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2016

4. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018

**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%E0%A8%B8%E0%A8%BE%E0%A8%B9%E0%A8%BF%E0%A8%A4%20%E0%A8%A7%E0%A8%BE%E0%A8%B0%E0%A8%BE%E0%A8%B5%E0%A8%BE%E0%A8%82

## ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ੳ | 4. ਅ | 5. ੳ |
| 6. ੳ | 7. ੳ | 8. ੳ | 9. ਅ | 10. ੲ |
| 11. ੲ | 12. ੳ | 13. ਸ | 14. ੲ | 15. ਅ |

# ਅਧਿਆਇ -3 : ਸੰਕ੍ਰਾਂਤੀ ਕਾਲ ਦੀਆਂ ਕਾਵਿ ਧਾਰਾਵਾਂ : ਇਤਿਹਾਸਮੂਲਕ ਅਧਿਐਨ

*Kirandeep Singh, Lovely Professional University*

ਵਿਸ਼ਾ ਵਸਤੂ (Content)

**1.** ਉਦੇਸ਼

**2.** ਪ੍ਰਸਤਾਵਨਾ

**3.** ਵਿਸ਼ਾ ਵਸਤੂ

**4.** ਸਾਰੰਸ਼

**5.** ਕੇਂਦਰੀ ਸ਼ਬਦ

**6.** ਸਵੈ-ਮੁਲਾਂਕਣ

**7.** ਅਭਿਆਸ ਪ੍ਰਸ਼ਨ

**8.** ਸੰਦਰਭ ਪੁਸਤਕਾਂ

**9.** ਮੱਹਤਵਪੂਰਨ ਵੈੱਬਸਾਇਟਸ

**ਉਦੇਸ਼** :

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਵਿਦਿਆਰਥੀ ਸੰਕ੍ਰਾਂਤੀ ਕਾਲ/ਰੂਪਾਂਤਰਨ ਕਾਲ ਬਾਰੇ ਸਮਝਣਗੇ।
2. ਵਿਦਿਆਰਥੀ ਸੰਕ੍ਰਾਂਤੀ ਕਾਲ ਦੀ ਸੂਫ਼ੀ-ਕਾਵਿ ਧਾਰਾ ਬਾਰੇ ਸਮਝਣਗੇ।
3. ਵਿਦਿਆਰਥੀ ਸੰਕ੍ਰਾਂਤੀ ਕਾਲ ਦੀ ਕਿੱਸਾ-ਕਾਵਿ ਧਾਰਾ ਬਾਰੇ ਸਮਝਣਗੇ।

**ਪ੍ਰਸਤਾਵਨਾ** :

*ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ*

1849 ਵਿਚ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਪਿੱਛੋਂ ਪੰਜਾਬ ਦੇ ਰਾਜਸੀ ਸਭਿਆਚਾਰ ਇਤਿਹਾਸ ਵਿਚ ਅੰਗਰੇਜ਼ਾਂ ਦੇ ਰਾਜ ਪ੍ਰਬੰਧ, ਅੰਗਰੇਜ਼ੀ ਸਭਿਆਚਾਰ ਤੇ ਭਾਸ਼ਾ ਦਾ ਸਿੱਧਾ ਅਸਰ ਪਿਆ। 1850 ਤੋਂ 1900 ਈ. ਤਕ ਦੇ ਇਤਿਹਾਸਕ ਕਾਲ ਵਿਚ ਸਾਹਿੱਤਿਕ ਸਭਿਆਚਾਰਕ ਇਤਿਹਾਸ ਦੀ ਦ੍ਰਿਸ਼ਟੀ ਤੋਂ ਨਵੇਂ ਮੋੜ ਆਰੰਭ ਹੋਏ। ਉਂਜ ਸੈਂਕੜਿਆਂ ਦੀ ਗਿਣਤੀ ਵਿਚ ਕਿੱਸਾ ਰਚਨਾਵਾਂ ਇਸ ਦੌਰ ਵਿਚ ਰਚੀਆਂ ਗਈਆਂ ਪ੍ਰਾਪਤ ਹਨ ਕੁੱਝ ਚੋਣਵੀਆਂ ਰਚਨਾਵਾਂ ਨੂੰ ਛੱਡ ਕੇ ਵਧੇਰੇ ਕਿੱਸਾ-ਕਾਵਿ ਮੱਧਕਾਲੀਨ ਗੌਰਵ ਨੂੰ ਗਵਾ ਚੁੱਕਾ ਸੀ । ਸਟੇਜੀ ਕਵਿਤਾ ਵੀ ਆਪਣੀ ਵਿਸ਼ੇਸ਼ ਹੋਂਦ ਬਣਾ ਰਹੀ ਸੀ ਭਾਵੇਂ ਇਸ ਦਾ ਮੂਲ ਪ੍ਰੇਰਕ ਉਰਦੂ ਮੁਸ਼ਾਇਰੇ ਹੀ ਸਨ । ਇਹ ਸਟੇਜੀ ਕਵਿਤਾ ਅਗਲੇਰੇ ਪੜਾਅ ਵਿਚ ਵੀ ਖ਼ਾਸਕਰ ਸੁਤੰਤਰਤਾ ਅੰਦੋਲਨ ਤੋਂ ਪਿੱਛੋਂ ਪ੍ਰਗਤੀਵਾਦੀ ਲਹਿਰ ਸਮੇਂ ਕਾਫ਼ੀ ਮਕਬੂਲ ਰਹੀ।

ਆਮ ਪ੍ਰਚਲਿਤ ਧਾਰਨਾ ਅਨੁਸਾਰ ਆਧੁਨਿਕ ਪੰਜਾਬੀ ਸਾਹਿਤ (ਕਾਵਿ ਦਾ ਵੀ) ਦਾ ਮੁੱਢ ਭਾਈ ਵੀਰ ਸਿੰਘ ਤੋਂ ਮੰਨਿਆ ਜਾਂਦਾ ਹੈ। ਸਥਾਪਤ ਰਾਏ ਮੁਤਾਬਿਕ ਭਾਈ ਵੀਰ ਸਿੰਘ ਨੇ ਨਿੱਕੀ ਕਵਿਤਾ ਦੀ ਰਚਨਾ ਕਰ ਕੇ ਨਵੇਂ ਭਾਵ-ਬੋਧ ਅਤੇ ਕਾਵਿ-ਰੂਪਾਕਾਰ ਦੀ ਸਿਰਜਣਾ ਕਰ ਕੇ ਆਧੁਨਿਕ ਪੰਜਾਬੀ ਸਾਹਿਤ ਦਾ ਮੁੱਢ ਬੱਧਾ। ਪਰ ਪ੍ਰੋ. ਸਤਿੰਦਰ ਸਿੰਘ ਨੂਰ ਅਨੁਸਾਰ ਆਧੁਨਿਕ ਕਾਲ ਦਾ ਪਹਿਲਾ ਪ੍ਰਮਾਣਿਕ ਸਾਹਿਤਕਾਰ ਸ਼ਾਹ ਮੁਹੰਮਦ ਹੈ। ਰਵਾਇਤੀ ਕਵਿਤਾ ਤੇ ਆਧੁਨਿਕ ਕਵਿਤਾ ਵਿਚ ਇਹ ਮੁੱਖ ਨਿਖੇੜਾ ਪੈਦਾ ਕਰਨ ਵਾਲਾ ਪਹਿਲਾ ਕਵੀ ਸ਼ਾਹ ਮੁਹੰਮਦ ਹੈ, ਜਿਸ ਨੇ ਅਵੱਸ਼ ਹੀ ਆਪਣੇ ਜੰਗਨਾਮੇ ਦੀ ਰਚਨਾ 1850 ਈ. ਤੋਂ ਪਿੱਛੋਂ ਕੀਤੀ।" (ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ-ਲੇਖਕ ਦੀਆਂ ਸਮੱਸਿਆਵਾਂ, ਪੁਸਤਕ "ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਜਿਲਦ ਦੂਜੀ, ਸੰਪਾਦਕ ਬਿਕਰਮ ਸਿੰਘ ਘੁੰਮਣ ਤੇ ਹਰਭਜਨ ਸਿੰਘ ਭਾਟੀਆ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪ੍ਰੋ. ਨੂਰ ਮੁਤਾਬਿਕ ਆਧੁਨਿਕ ਕਵਿਤਾ ਦਾ ਆਰੰਭ ਅਤੇ ਮੁੱਖ ਸੁਰ ਰਾਜਸੀ ਚੇਤਨਾ ਦੀ ਕਵਿਤਾ ਤੋਂ ਹੋਇਆ, ਜਿਸ ਦਾ ਸਿਰਜਣ ਭਾਈ ਵੀਰ ਸਿੰਘ ਨਹੀਂ, ਸ਼ਾਹ ਮੁਹੰਮਦ ਹੈ। ਦੂਸਰਾ ਸ਼ਾਹ ਮੁਹੰਮਦ ਨੇ ਸੱਚਮੁੱਚ ਪੰਜਾਬ, ਪੰਜਾਬੀਆਂ ਦੀ ਹੋਣੀ ਦਾ ਫ਼ਿਕਰ ਕੀਤਾ ਹੈ । ਇਹ ਕਵਿਤਾ ਧਰਮ ਚੇਤਨਾ ਦੀ ਕਵਿਤਾ ਦੇ ਮੁਕਾਬਲੇ ਤੇ ਰਾਜਸੀ ਚੇਤਨਾ ਦੀ ਕਵਿਤਾ ਹੈ।" ਭਾਵੇਂ ਪ੍ਰੋ. ਨੂਰ ਦੇ ਇਹ ਵਜ਼ਨਦਾਰ ਤਰਕ ਅਤੇ ਪ੍ਰਮਾਣ ਕਾਫ਼ੀ ਮੰਨਣਯੋਗ ਹਨ ਪਰ ਭਾਰੂ, ਪ੍ਰਚਲਿਤ ਅਤੇ ਪਰੰਪਰਾ ਪਹੁੰਚ ਵਾਲੇ ਸਾਹਿਤ ਦੇ ਵਧੇਰੇ ਇਤਿਹਾਸਕਾਰ ਭਾਈ ਵੀਰ ਸਿੰਘ ਨੂੰ ਹੀ ਆਧੁਨਿਕ ਸਾਹਿਤ (ਕਾਵਿ) ਦਾ ਮੋਢੀ ਮੰਨਦੇ ਹਨ। ਸੰਕ੍ਰਾਂਤੀ ਕਾਲ ਦੀਆਂ ਪ੍ਰਮੁੱਖ ਕਾਵਿ ਧਾਰਾਵਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ। (1850-1900) ਤੱਕ ਦੀਆ ਕਾਵਿ ਧਾਰਾਵਾਂ ਜਿਸ ਵਿਚ ਸਭ ਤੋਂ ਪਹਿਲਾਂ ਕਿੱਸਾ ਕਾਵਿ ਧਾਰਾ ਜੋ 1850 ਤੋਂ ਲੈ ਕੇ 1900 ਤੱਕ ਰਚਿਆ ਕਿੱਸਾ ਕਾਵਿ ਸ਼ਾਮਿਲ ਕੀਤਾ ਗਿਆ ਹੈ।

### ਕਿੱਸਾ-ਕਾਵਿ :

ਪੰਜਾਬੀ ਦੀ ਕਿੱਸਾ-ਕਾਵਿ-ਧਾਰਾ ਜੋ ਪਹਿਲਾਂ ਹੀ ਪੰਜਾਬੀ ਦੀ ਇੱਕ ਵਿਸ਼ੇਸ਼ ਅਤੇ ਮੁੱਖ ਧਾਰਾ ਦਾ ਮਹੱਤਵ ਗ੍ਰਹਿਣ ਕਰ ਚੁੱਕੀ ਸੀ, ਇਸ ਕਾਲ ਵਿਚ ਆਪਣੇ ਸਿਖਰ 'ਤੇ ਪਹੁੰਚੀ ਅਤੇ ਇਸ ਕਾਲ ਦੇ ਖ਼ਤਮ ਹੋਣ ਨਾਲ ਇਸ ਦਾ ਗੌਰਵ ਵੀ ਘਟਣ ਲੱਗ ਗਿਆ ਜਿਸ ਦਾ ਮੂਲ ਕਾਰਨ ਹੈ ਨਵੀਆਂ ਕਾਵਿ-ਵੰਨਗੀਆਂ ਦਾ ਸਾਹਮਣੇ ਆਉਣਾ ਅਤੇ ਵਾਰਤਕ ਵਿਚ ਲੋਕਾਂ ਦੀ ਰੁਚੀ ਦਾ ਵਧਣਾ । ਇਸ ਕਾਲ ਵਿਚ ਪਿਛਲੇ ਕਾਲ ਦੇ ਕਵੀ ਕਾਦਰਯਾਰ ਨੇ ਆਪਣੇ ਕੁੱਝ ਕਿੱਸਿਆਂ ਦੀ ਰਚਨਾ ਕੀਤੀ ਪਰ ਇਸ ਦੀਆਂ ਸਾਹਿੱਤਿਕ ਵਿਸ਼ੇਸ਼ਤਾਵਾਂ ਪਿਛਲੇ ਕਾਲ ਵਿਚ ਰਚੀ ਕਵਿਤਾ ਨਾਲ ਹੀ ਮੇਲ ਖਾਂਦੀਆਂ ਹਨ। ਇਸ ਕਾਲ ਦੇ ਪ੍ਰਮੁੱਖ ਕਿੱਸਾ-ਕਾਰਾਂ ਬਾਰੇ ਸੰਖਿਪਤ ਜਾਣਕਾਰੀ ਇਸ ਪ੍ਰਕਾਰ ਹੈ।

**ਸੱਯਦ ਫ਼ਜ਼ਲ ਸ਼ਾਹ** (1828-1890 ਈ.) : ਇਹ ਇਸ ਕਾਲ ਦਾ ਪ੍ਰਮੁੱਖ ਕਿੱਸਾਕਾਰ ਹੈ। ਇਸ ਦਾ ਜਨਮ ਲਾਹੌਰ ਨੇੜੇ ਪਿੰਡ ਨਵਾਂ ਕੋਟ ਵਿਚ ਹੋਇਆ ਅਤੇ ਸਾਰੀ ਉਮਰ ਇਸ ਨੇ ਲਾਹੌਰ ਵਿਚ ਸਰਕਾਰੀ ਨੌਕਰੀ ਕਰ ਕੇ ਬਤੀਤ ਕੀਤੀ। ਇਹ ਅਰਬੀ ਫ਼ਾਰਸੀ ਦਾ ਚੰਗਾ ਵਿਦਵਾਨ ਸੀ ਅਤੇ ਇਸਲਾਮੀ ਸਭਿਆਚਾਰ ਅਤੇ ਧਾਰਮਿਕ ਪਰੰਪਰਾਵਾਂ ਦਾ ਇਸ ਨੂੰ ਗੰਭੀਰ ਗਿਆਨ ਸੀ। ਇਸ ਨੂੰ ਪੰਜਾਬੀ ਭਾਸ਼ਾ ਉੱਤੇ ਵੀ ਪੂਰਾ ਅਧਿਕਾਰ ਸੀ ਪਰ ਉਸ ਵਿਚ ਇਸ ਨੇ ਫ਼ਾਰਸੀ ਅਰਬੀ ਦੀ ਸ਼ਬਦਾਵਲੀ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ । ਇਸ ਦੀਆਂ ਪੰਜ ਕਿੱਸਾ-ਰਚਨਾਵਾਂ ਪ੍ਰਸਿੱਧ ਹਨ-ਸੋਹਣੀ ਮਹੀਂਵਾਲ (1848), ਸੱਸੀ ਪੁੰਨੂੰ (1862), ਹੀਰ ਰਾਂਝਾ (1866), ਲੈਲਾ ਮਜਨੂੰ (1870), ਯੂਸਫ਼ ਜ਼ੁਲੈਖਾ (1870 ਈ.) ।

ਸੋਹਣੀ ਮਹੀਂਵਾਲ ਦਾ ਕਿੱਸਾ ਇਸ ਨੇ 20 ਵਰ੍ਹਿਆਂ ਦੀ ਉਮਰ ਵਿਚ ਲਿਖਿਆ ਅਤੇ ਮਜ਼ੇਦਾਰ ਗੱਲ ਇਹ ਹੈ ਕਿ ਉਹ ਹੀ ਇਸ ਦੀ ਅਤਿ-ਉੱਤਮ ਰਚਨਾ ਹੈ। ਉਸ ਨੂੰ ਫ਼ਜ਼ਲ ਸ਼ਾਹ ਦਾ ਸ਼ਾਹਕਾਰ ਕਿਹਾ ਜਾ ਸਕਦਾ ਹੈ। ਉਹ ਭਾਵੇਂ ਵਿਚਾਰਾਧੀਨ ਕਾਲ ਦੇ ਆਰੰਭ ਹੋਣ ਤੋਂ ਦੋ ਵਰ੍ਹੇ ਪਹਿਲਾਂ ਲਿਖੀ ਗਈ, ਪਰ ਇਸ ਕਵੀ ਦੀ ਕਾਵਿ-ਪ੍ਰਤਿਭਾ ਦਾ ਸਮੁੱਚਾ ਵਿਕਾਸ ਇਸ ਕਾਲ ਦੌਰਾਨ ਹੋਇਆ, ਇਸ ਲਈ ਸੋਹਣੀ-ਮਹੀਂਵਾਲ ਨੂੰ ਵੀ ਇਸ ਕਾਲ ਵਿਚ ਵਿਚਾਰਨਾ ਉਚਿੱਤ ਹੋਵੇਗਾ । ਇਸ ਕਿੱਸੇ ਦੇ ਕਥਾਨਕ ਵਿਚ ਇਸ ਕਵੀ ਨੇ ਕਈ ਨਵੇਂ ਤੱਥ ਸ਼ਾਮਲ ਕੀਤੇ ਹਨ  ਕਵੀ ਨੂੰ ਇਸ ਕਿੱਸੇ ਦੀ ਰਚਨਾ ਦੀ ਪ੍ਰੇਰਨਾ ਨਿੱਜੀ ਵਿਯੋਗ ਦੇ ਦਰਦ ਅਤੇ ਸੋਜ਼ ਤੋਂ ਮਿਲੀ ਪ੍ਰਤੀਤ ਹੁੰਦੀ ਹੈ ਕਿਉਂਕਿ ਇਸ ਨੇ ਆਪ ਲਿਖਿਆ ਹੈ :

ਮੈਂ ਵੀ ਇਸ਼ਕ ਦੇ ਵਿਚ ਗੁਦਾਜ਼ ਹੋਇਆ,

ਐਪਰ ਦਸਣੇ ਦੀ ਨਹੀਂ ਜਾ ਮੀਆਂ ...

ਇਤਨਾ ਦਰਦ ਮੈਨੂੰ ਜੇਕਰ ਆਹ ਮਾਰਾਂ,

ਦਿਆਂ ਰੁੱਖ ਦਰਖ਼ਤ ਜਲਾ ਮੀਆਂ ।

ਕਵੀ ਨੇ ਹੁਸਨ ਦੇ ਬਿਆਨ ਵਿਚ ਪਰੰਪਰਾਈ ਉਪਮਾਨ ਵਰਤ ਕੇ ਆਪਣੀ ਸ਼ਾਬਦਿਕ ਚਮਤਕਾਰ ਦਾ ਪੂਰਾ ਕਮਾਲ ਵਿਖਾਇਆ ਹੈ। ਸ਼ਬਦਾਂ ਦਾ ਜਾਦੂਗਰ ਹੋਣ ਕਾਰਨ ਇਸ ਨੇ ਆਪਣੀ ਕਵਿਤਾ ਦੀ ਵੱਖਰੀ ਪਛਾਣ ਕਰਾ ਦਿੱਤੀ ਹੈ ਸ਼ਬਦਾਲੰਕਾਰਾਂ ਦੀ ਖੁੱਲ੍ਹ ਕੇ ਵਰਤੋਂ ਹੋਈ ਹੈ। ਬੈਂਤ ਛੰਦ ਨੂੰ ਵੀ ਬੜੀ ਕਾਮਯਾਬੀ ਨਾਲ ਨਿਭਾਇਆ ਗਿਆ ਹੈ। ਉਦਾਹਰਨ ਵਜੋਂ :

ਹੀਰ ਬੰਦੀ ਰਾਂਝਣ ਯਾਰ ਬਾਝੋਂ, ਪਿਆ ਜਾਣਦਾ ਜੱਗ ਜਹਾਨ ਮਾਏਂ ।

ਖੇੜੇ ਕੌਣ ਕਿਹੜੇ, ਦੁਸੀਂ ਕੀ ਕਿਹੜੇ, ਜਿਹੜੇ ਕਰਨ ਝੇੜੇ ਆਣ ਆਣ ਮਾਏਂ।

ਹੋਰ ਬਾਤ ਤਾਂ ਬਾਤ, ਜੇ ਬਾਤ ਪਾਵਾਂ, ਸ਼ਾਲਾ ਦੋਜ਼ਖ਼ੀ ਪਾਣ ਜਲਾਨ ਮਾਏਂ ।

ਖੇੜੇ ਕੌਣ ਜੋ ਲੇਖ ਮਿਟਾਣ ਮੇਰਾ, ਲੇਖਾ ਲਿਖਿਆ ਜੋ ਰੱਬ ਰਹਿਮਾਨ ਮਾਏਂ ।

ਫ਼ਜ਼ਲ ਸ਼ਾਹ ਨੇ ਸੂਫ਼ੀ ਭਾਵਨਾ ਅਧੀਨ ਇਨ੍ਹਾਂ ਕਿੱਸਿਆਂ ਵਿਚ ਪ੍ਰਗਟਾਏ ਪਿਆਰ ਨੂੰ ਸੁੱਚਾ ਅਤੇ ਸੱਚਾ ਦੱਸ ਕੇ ਇਸ਼ਕ ਮਜਾਜ਼ੀ ਤੋਂ ਇਸ਼ਕ ਹਕੀਕੀ ਵੱਲ ਯਾਤਰਾ ਕਰਵਾਈ ਹੈ। ਇਸ ਦੇ ਕਿੱਸਿਆਂ ਵਿਚ ਇਸਲਾਮੀ ਰੰਗ ਬਹੁਤ ਅਧਿਕ ਹੈ । ਜਦੋਂ ਵੀ ਇਸ ਨੂੰ ਮੌਕਾ ਲੱਗਦਾ ਹੈ ਤੁਰੰਤ ਇਸਲਾਮ ਦਾ ਪ੍ਰਚਾਰ ਸ਼ੁਰੂ ਕਰ ਦਿੰਦਾ ਹੈ ਅਤੇ ਕਿੱਸਿਆਂ ਦੇ ਮੁੱਖ ਪਾਤਰਾਂ ਨੂੰ ਸੱਚਾ ਮੁਸਲਮਾਨ ਚਿਤਰਿਤ ਕਰਦਾ ਹੈ ਤਾਂ ਜੋ ਪਾਠਕ ਉਨ੍ਹਾਂ ਦੇ ਆਚਰਨ ਤੋਂ ਪ੍ਰੇਰਨਾ ਲੈ ਕੇ ਚੰਗੇ ਮੁਸਲਮਾਨ ਬਣ ਸਕਣ । ਕਿੱਸਿਆਂ ਦੇ ਆਰੰਭ ਵਿਚ ਮੁਸਲਮਾਨੀ ਭਾਵਨਾਵਾਂ ਅਨੁਸਾਰ ਵਿਧਾਨ ਕੀਤਾ ਗਿਆ ਹੈ।

**ਮੀਆਂ ਮੁਹੰਮਦ ਬਖ਼ਸ਼** (1829-1904 ਈ.) : ਇਸ ਕਵੀ ਦਾ ਜਨਮ ਜਿਹਲਮ ਜ਼ਿਲ੍ਹੇ ਦੇ ਠਾਕਰ ਪਿੰਡ ਵਿਚ ਹੋਇਆ ਦੱਸਿਆ ਜਾਂਦਾ ਹੈ। ਇਸ ਦਾ ਪਿਤਾ ਮੀਆਂ ਸ਼ਮਸਦੀਨ, ਸ਼ਾਹ ਗ਼ਾਜ਼ੀ ਕਲੰਦਰ ਦੀ ਗੱਦੀ ਦਾ ਗੱਦੀਦਾਰ ਸੀ। ਇਸ ਨੇ ਆਪਣੀ ਪਿਦਰੀ ਗੱਦੀ ਆਪਣੇ ਭਰਾ ਨੂੰ ਸੌਂਪ ਕੇ ਬਚਪਨ ਤੋਂ ਹੀ ਵੈਰਾਗ ਧਾਰਨ ਕਰ ਲਿਆ ਅਤੇ ਵੱਖ-ਵੱਖ ਪੀਰਾਂ ਫ਼ਕੀਰਾਂ ਦੇ ਡੇਰਿਆਂ ਤੇ ਫਿਰ ਕੇ ਦੀਨੀ ਅਤੇ ਸਾਹਿੱਤਿਕ ਵਿੱਦਿਆ ਪ੍ਰਾਪਤ ਕੀਤੀ । ਇਹ ਭਾਵੇਂ ਅਰਬੀ, ਫ਼ਾਰਸੀ ਅਤੇ ਪੰਜਾਬੀ ਦਾ ਚੰਗਾ ਵਿਦਵਾਨ ਸੀ, ਪਰ ਇਸ ਨੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ ਅਧਿਕਤਰ ਪੰਜਾਬੀ ਨੂੰ ਮਾਧਿਅਮ ਬਣਾਇਆ । ਇਸ ਨੇ ਇੱਕ ਦਰਜਨ ਤੋਂ ਜ਼ਿਆਦਾ ਕਿੱਸਿਆਂ ਦੀ ਰਚਨਾ ਕੀਤੀ, ਜਿਵੇਂ ਸੈਫੁਲ ਮਲੂਕ, ਸ਼ੀਰੀਂ ਫ਼ਰਹਾਦ, ਸੋਹਣੀ ਮਹੀਂਵਾਲ, ਗੁਲਜ਼ਾਰੇ ਫ਼ੱਕਰ, ਤੁਹਫ਼ਾ ਮੀਰ, ਬਦਹ ਅੱਲ ਜਮਾਲ, ਮਿਰਜ਼ਾ ਸਾਹਿਬਾਂ, ਕਿੱਸਾ ਸ਼ਾਹ ਮਨਸੂਰ, ਕਿੱਸਾ ਸ਼ੇਖ਼ ਸਨਿਆ ਆਦਿ। ਇਨ੍ਹਾਂ ਤੋਂ ਇਲਾਵਾ ਕੁੱਝ ਸੀਹਰਫ਼ੀਆਂ, ਗ਼ਜ਼ਲਾਂ, ਦੋਹਰੇ ਆਦਿ ਵੀ ਮਿਲਦੇ ਹਨ। ਇੱਥੋਂ ਤਕ ਕਿ ਇਹ ਆਮ ਚਿੱਠੀ ਪੱਤਰ ਵੀ ਕਵਿਤਾ ਵਿਚ ਕਰਦਾ ਸੀ ਪਰ ਇਸ ਨੂੰ ਇੱਕ ਗਿਲਾ ਸੀ ਕਿ ਜਿਤਨੀ ਜਿਸ ਨੇ ਕਾਵਿ ਸਾਧਨਾ ਕੀਤੀ ਹੈ, ਉਤਨੀ ਇਸ ਦੀ ਕਦਰ ਨਹੀਂ ਹੋਈ।

ਉਪਰੋਕਤ ਸਾਰੀਆਂ ਰਚਨਾਵਾਂ ਵਿਚੋਂ 'ਸੈਫੁਲ ਮਲੂਕ' ਉੱਤਮ ਰਚਨਾ ਹੈ ਇਹ ਕਵੀ ਦੀ ਸ਼ਾਹਕਾਰ ਰਚਨਾ ਹੈ। ਕਵੀ ਨੇ ਨੌਂ ਹਜ਼ਾਰ ਬੈਂਤ ਛੰਦਾਂ ਵਿਚ ਮਿਸਰ ਦੇ ਸ਼ਹਿਜ਼ਾਦੇ ਸੈਫੁਲ ਮਲੂਕ ਅਤੇ ਸ਼ਾਹਪਾਲ ਦੀ ਪੁੱਤਰੀ ਸ਼ਾਹ ਪਰੀ ਦੀ ਪ੍ਰੇਮ-ਕਥਾ ਨੂੰ ਕਲਮਬੰਦ ਕੀਤਾ ਹੈ। ਇਸ ਆਖਿਆਨ ਰਾਹੀਂ ਕਵੀ ਨੇ ਇਸਲਾਮ ਧਰਮ ਪ੍ਰਤਿ ਵੀ ਸ਼ਰਧਾ ਪੈਦਾ ਕੀਤੀ ਹੈ। ਇਸ ਤਰ੍ਹਾਂ ਮੁਸਲਮਾਨ ਸ਼ਰਧਾਲੂਆਂ ਵਿਚ ਇਸ ਦਾ ਪਾਠ, ਉਸੇ ਤਰ੍ਹਾਂ ਹੁੰਦਾ ਹੈ ਜਿਵੇਂ, ਡਾ. ਹਰਨਾਮ ਸਿੰਘ ਸ਼ਾਨ ਅਨੁਸਾਰ, ਹਿੰਦੂ ਲੋਕ 'ਤੁਲਸੀ ਰਾਮਾਇਣ ਦਾ ਪਾਠ ਕਰਦੇ ਹਨ ਕਵੀ ਨੇ ਸਾਰੀ ਰਚਨਾ ਬੜੇ ਸਚੇਤ ਢੰਗ ਨਾਲ ਕੀਤੀ ਹੈ । ਵਸਤੂ-ਵਰਣਨ ਅਤੇ ਪ੍ਰਕਿਤੀ-ਚਿਤਰਣ ਕਵੀ ਨੇ ਬੜੀ ਨੀਝ ਨਾਲ ਕੀਤਾ ਹੈ ਅਤੇ ਦੇਵਾਂ, ਪਰੀਆਂ ਦੀਆਂ ਵਾਰਤਾਵਾਂ ਨਾਲ ਅਲੌਕਿਕ ਵਾਤਾਵਰਨ ਆਦਿ ਤੋਂ ਅੰਤ ਤਕ ਬਣਾਈ ਰੱਖਿਆ ਹੈ। ਇਸ ਵਿਚ ਸੂਫ਼ੀ ਰੰਗ ਵੀ ਭਰਿਆ ਹੈ ਅਤੇ ਇੱਕ ਪ੍ਰਕਾਰ ਦੀ ਰੂਪਕਾਤਮਕਤਾ ਵੀ ਸਿਰਜੀ ਹੈ । ਕਥਾ-ਵਿਸਤਾਰ ਬਹੁਤ

ਅਧਿਕ ਹੈ। ਹਰ ਇੱਕ ਪ੍ਰਸੰਗ ਤੋਂ ਪਹਿਲਾਂ ਫ਼ਾਰਸੀ ਵਿਚ ਸਿਰਲੇਖ ਜਾਂ ਪ੍ਰਸੰਗ-ਸੰਕੇਤ ਵੀ ਲਿਖੇ ਹਨ । ਭਾਸ਼ਾ ਸਰਲ ਹੈ, ਪਰ ਕਿਤੇ-ਕਿਤੇ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਵੀ ਵਰਤ ਲਈ ਗਈ ਹੈ ਦੁਰਬੋਧਤਾ ਉੱਥੇ ਹੈ ਜਿੱਥੇ ਇਸਲਾਮ ਦੀ ਪਰਿਭਾਸ਼ਿਕ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ।

ਇਸ ਕਿੱਸੇ ਦਾ ਮਹੱਤਵ ਇਸ ਪੱਖੋਂ ਵੀ ਹੈ ਕਿ ਕਵੀ ਨੇ ਅਹਿਮਦ ਯਾਰ ਦੁਆਰਾ ਪਾਈ ਪਿਰਤ ਨੂੰ ਅੱਗੇ ਤੋਰਦਿਆਂ ਬੀਤ ਚੁੱਕੇ ਅਨੇਕ ਕਵੀਆਂ ਬਾਰੇ ਪੰਜਾਹ ਸ਼ੇਅਰ ਲਿਖ ਕੇ ਉਨ੍ਹਾਂ ਦੇ ਕਾਵਿ ਉੱਤੇ ਆਲੋਚਨਾਤਮਿਕ ਟਿੱਪਣੀ ਪੇਸ਼ ਕੀਤੀ ਹੈ। ਇਹ ਟਿੱਪਣੀ ਬੜੀ ਸਾਵੀ ਅਤੇ ਵਿਚਾਰ-ਭਰਪੂਰ ਹੈ। ਬੁੱਲ੍ਹੇ ਸ਼ਾਹ ਬਾਰੇ ਲਿਖਦਿਆਂ ਕਵੀ ਨੇ ਕਿਹਾ ਹੈ:

ਬੁੱਲ੍ਹੇ ਸ਼ਾਹ ਦੀ ਕਾਫ਼ੀ ਸੁਣ ਕੇ, ਤਰੁਟਦਾ ਕੁਫ਼ਰ ਅੰਦਰ ਦਾ। ਵਹਦਤ ਦੇ ਦਰਆਵੇ ਅੰਦਰ, ਉਹ ਵੀ ਵਤਿਆ ਤਰਦਾ।

ਇਸੇ ਤਰ੍ਹਾਂ ਉਸ ਨੇ ਵਾਰਿਸ ਸ਼ਾਹ ਅਤੇ ਮੁਕਬਲ ਜਿਹੇ ਕਿੱਸਾਕਾਰਾਂ ਬਾਰੇ ਵੀ ਆਪਣੀ ਟਿੱਪਣੀ ਦਿੱਤੀ ਹੈ :

ਕੇਵਲ ਆਪਣੀ ਇੱਕੋ ਰਚਨਾ 'ਸੈਫ਼ੁਲ ਮਲੂਕ` ਕਾਰਨ ਹੀ ਮੀਆਂ ਮੁਹੰਮਦ ਬਖ਼ਸ਼ ਪੰਜਾਬੀ ਦਾ ਸ੍ਰੇਸ਼ਠ ਕਿੱਸਾਕਾਰ ਮੰਨਿਆ ਜਾ ਸਕਦਾ ਹੈ ਠੀਕ ਕਦਰ ਨਾ ਪੈਣ ਦਾ ਇਸ ਨੂੰ ਗਿਲਾ ਵੀ ਹੈ ਪਰ ਇਸ ਨੇ ਕਿਤੇ ਵੀ ਆਪਣੇ ਆਪ ਨੂੰ ਸ੍ਰੇਸ਼ਠ ਕਵੀ ਮੰਨਣ ਦਾ ਦਾਅਵਾ ਨਹੀਂ ਕੀਤਾ ਸਗੋਂ ਬੜੀ ਆਜਜ਼ੀ ਨਾਲ ਪੰਜਾਬੀ ਕਵੀਆਂ ਦੀ ਸੂਚੀ ਵਿਚ ਆਪਣੇ ਆਪ ਨੂੰ ਤੁੱਛ ਸਥਾਨ 'ਤੇ ਰੱਖਿਆ ਹੈ:

ਸ਼ਾਇਰ ਨਾਮ ਧਰਾਵਣ ਲਾਇਕ, ਕਦਰ ਨਹੀਂ ਕੁੱਝ ਮੇਰਾ। ਉਹ ਖੇਤਾਂ ਦੇ ਸਾਈਂ, ਮੇਰਾ ਖਾਲ ਬੰਨੇ ਪਰ ਡੇਰਾ।

**ਕਿਸ਼ਨ ਸਿੰਘ ਆਰਿਫ਼** (1836-1900 ਈ.) : ਇਸ ਦਾ ਜਨਮ ਭਾਈ ਨਰੈਣ ਸਿੰਘ ਦੇ ਘਰ ਅੰਮ੍ਰਿਤਸਰ ਵਿਚ ਹੋਇਆ । ਇਹ ਭਾਵੇਂ ਬਹੁਤ ਪੜ੍ਹਿਆ ਲਿਖਿਆ ਨਹੀਂ ਸੀ ਪਰ ਆਪਣੇ ਪਿਤਾ ਦੀ ਕਿਤਾਬਾਂ ਦੀ ਦੁਕਾਨ ਤੋਂ ਇਸ ਨੂੰ ਪੁਸਤਕਾਂ ਪੜ੍ਹਨ ਲਈ ਪੂਰੀ ਸਹੂਲਤ ਸੀ ਹਰ ਪ੍ਰਕਾਰ ਦੇ ਪੁਰਾਤਨ ਕਿੱਸੇ ਇਸ ਦੀ ਨਜ਼ਰ ਵਿਚੋਂ ਲੰਘੇ ਸਨ ਅੰਮ੍ਰਿਤਸਰ ਸ਼ਹਿਰ ਦਾ ਧਾਰਮਿਕ ਮਾਹੌਲ ਇਸ ਨੂੰ ਪ੍ਰੇਰਨਾ ਦਿੰਦਾ ਸੀ ਗੁਲਾਬ ਦਾਸੀ ਸੰਪ੍ਰਦਾਇ ਨਾਲ ਸੰਬੰਧਿਤ ਹੋਣ ਕਾਰਨ ਵੇਦਾਂਤ, ਸੂਫ਼ੀ ਮਤ ਅਤੇ ਗੁਰਮਤਿ ਕਾਵਿ ਦਾ ਇਹ ਚੰਗਾ ਵਿਦਵਾਨ ਬਣ ਗਿਆ ਸੀ। ਇਸ ਦੇ ਕਿੱਸਿਆਂ ਵਿਚ ਧਾਰਮਿਕ ਬਿਰਤੀ ਪੂਰੀ ਤਰ੍ਹਾਂ ਵਿਕਸਿਤ ਹੋਈ ਮਿਲਦੀ ਹੈ।

ਇਸ ਨੇ ਦਰਜਨ ਤੋਂ ਵੱਧ ਕਾਵਿ-ਰਚਨਾਵਾਂ ਕੀਤੀਆਂ ਜਿਨ੍ਹਾਂ ਵਿਚੋਂ ਹੀਰ-ਰਾਂਝਾ, ਸ਼ੀਰੀਂ ਫ਼ਰਹਾਦ, ਪੂਰਨ ਭਗਤ, ਰਾਜਾ ਭਰਥਰੀ, ਰਾਜਾ ਰਸਾਲੂ ਨਾਂ ਦੇ ਕਿੱਸੇ ਵਿਸ਼ੇਸ਼ ਉੱਲੇਖ ਯੋਗ ਹਨ। ਇਸ ਦੇ ਕਿੱਸਿਆਂ ਦਾ ਸਰੂਪ ਅਤੇ ਨਿਭਾ ਪਰੰਪਰਾਗਤ ਹੈ ਪਰ ਇਸ ਦੀ ਧਾਰਮਿਕਤਾ, ਵਿਸ਼ਾਲ ਗਿਆਨ, ਗੰਭੀਰ ਅਧਿਐਨ ਬਾਕੀ ਕਿੱਸਾਕਾਰਾਂ ਨਾਲੋਂ ਇਸ ਨੂੰ ਵੱਖਰਾ ਕਰਦਾ ਹੈ। 'ਦੁਲਾ ਭੱਟੀ ਦਾ ਕਿੱਸਾ ਇਸ ਨੇ ਪਹਿਲੀ ਵਾਰ ਲਿਖ ਕੇ ਪੰਜਾਬੀ ਕਿੱਸਾਕਾਰੀ ਨੂੰ ਇਸ਼ਕ ਦੇ ਖੇਤਰ ਤੋਂ ਕੱਢ ਕੇ ਵੀਰ-ਰਸੀ ਖੇਤਰ ਵੱਲ ਲਿਆਉਂਦਾ ਹੈ। ਕਿੱਸਿਆਂ ਤੋਂ ਇਲਾਵਾ ਧਰਮ ਅਤੇ ਆਮ ਜੀਵਨ ਨਾਲ ਸੰਬੰਧਿਤ ਵੀ ਇਸ ਦੀਆਂ ਕੁੱਝ ਰਚਨਾਵਾਂ ਮਿਲਦੀਆਂ ਹਨ, ਜਿਵੇਂ ਸੁ ਧਰਮੀ ਕਿਸ਼ਨ ਸਿੰਘ, ਬਬੇਕ ਬਾਣ, ਜੀਉ ਸਿਆਪਾ ਇਸ ਨੇ ਕੁੱਝ ਕੋਰੜੇ, ਕੁੰਡਲੀਏ, ਬੁਝਾਰਤਾਂ, ਕਾਫ਼ੀਆਂ ਅਤੇ ਬਾਰਾਮਾਹ ਵੀ ਲਿਖੇ ਹਨ। ਇਸ ਨੇ ਧਾਰਮਿਕ ਪ੍ਰਭਾਵ ਅਧੀਨ ਇਸ਼ਕ ਨੂੰ ਮਜਾਜ਼ੀ ਤੋਂ ਹਕੀਕੀ ਵੱਲ ਮੋੜ ਦੇ ਕੇ ਚਿਤਰਿਆ ਹੈ ਇਸ ਦੇ ਕਿੱਸਿਆਂ ਵਿਚ ਯੁੱਗ ਅਤੇ ਆਲੇ-ਦੁਆਲੇ ਦਾ ਚਿਤਰ ਵੀ ਹੋਇਆ ਹੈ। ਹੋਣੀ, ਇਸਤਰੀ-ਨਿੰਦਾ, ਵਹਿਮ-ਭਰਮ ਆਦਿ ਬਾਰੇ ਤੱਥ ਵੀ ਇਸ ਦੇ ਕਿੱਸਿਆਂ ਵਿਚ ਮਿਲ ਜਾਂਦੇ ਹਨ। ਵਿਯੋਗ ਦਾ ਵਰਣਨ ਕਰਨ ਵੇਲੇ ਇਸ ਨੇ ਸੰਯੋਗ ਸੁਖ ਦੀ ਕਲਪਨਾ ਕੀਤੀ ਹੈ ਅਤੇ ਰੀਝ ਨਾਲ ਸੁੰਦਰਤਾ ਦਾ ਬਿਆਨ ਕੀਤਾ ਹੈ ਪਰ ਅਸ਼ਲੀਲਤਾ ਤੋਂ ਸੰਕੋਚ ਕੀਤਾ ਹੈ ਹੀਰ ਦੀ ਸੁੰਦਰਤਾ ਦਾ ਵਰਣਨ ਵੇਖੋ :

ਬਾਂਹਾਂ ਸੁੰਦਰ ਕੂਲ਼ੀਆਂ ਪਿਸਤਾਂ ਜਿਵੇਂ ਅਨਾਰ। ਫਲੀਆਂ ਵਾਂਗੂੰ ਉਂਗਲਾਂ ਹੁਸਨ ਖਿੜੀ ਗੁਲਜ਼ਾਰ।
ਪੇਟ ਸਰਾਣਾ ਮਖਮਲੀ ਨਾਫਾ ਮੁਸ਼ਕ ਤਾਤਾਰ।ਨਾਜ਼ਕ ਲੋਕ ਪਲੰਘ ਜਿਉ ਬਾਲ ਚਕੋਰ ਵਿਚਾਰ।

ਇਸ ਨੇ ਹੀਰ ਰਾਂਝੇ ਦਾ ਕਿੱਸਾ ਕਲੀ ਛੰਦ ਵਿਚ ਲਿਖ ਕੇ ਇੱਕ ਨਵੀਂ ਪਿਰਤ ਪਾਈ ਹੈ। ਇਸ ਲਈ ਇਸ ਨੂੰ "ਕਲੀਆਂ ਵਾਲੀ ਹੀਰ` ਵੀ ਕਿਹਾ ਜਾਂਦਾ ਹੈ। ਇਹ ਇਸ ਦੀ ਸਭ ਤੋਂ ਉੱਤਮ ਰਚਨਾ ਹੈ। ਇਸ ਵਿਚ ਥਾਂ ਥਾਂ ਅਟੱਲ ਸਚਾਈਆਂ ਭਰੀਆਂ ਪਈਆਂ ਹਨ ਵਾਰਿਸ ਸ਼ਾਹ ਵਾਂਗ ਇਸ ਨੇ ਵੀ ਆਪਣੀ ਹੀਰ ਵਿਚ ਇਸ਼ਕ ਹਕੀਕੀ ਦਾ ਰੰਗ ਲਿਆਉਣ ਦਾ ਯਤਨ ਕੀਤਾ ਹੈ:

ਹੀਰ ਹਮਾਰੀ ਬੁਧਿ ਹੈ, ਰਾਂਝਾ ਰੱਬ ਵਸਾਲ। ਦੀਨ ਰੰਗਪੁਰ ਸਹੁਰੇ, ਦੁਨੀਆ ਝੰਗ ਸਿਆਲ।
ਮਾਇਆ ਮਲਕੀ ਮਾਉਂ ਹੈ, ਤੇ ਪਿਓ ਚੂਚਕ ਲਾਲ। ਦਲੀਲਾਂ ਦਿਲੀ ਸਹੇਲੀਆਂ, ਖੇਡਣ ਜਿਨ੍ਹਾਂ ਨਾਲ।
ਖੇੜਾ ਖ਼ਸਮ ਜਹਾਨ ਹੈ, ਗ਼ਫ਼ਲਤ ਸੱਸ ਸੰਭਾਲ। ਸਹਿਤੀ ਸੁਰਤੀ ਸੁਧ ਹੈ, ਸਹੁਰਾ ਸਚ ਵਸਾਲ।

ਇਸ ਤਰ੍ਹਾਂ ਕਵੀ ਨੇ ਇਸ ਕਿੱਸੇ ਵਿਚ ਰੂਪਆਤਮਕ ਸ੍ਰਿਸ਼ਟੀ ਦੁਆਰਾ ਹੀਰ ਰਾਂਝੇ ਦੇ ਪ੍ਰੇਮ ਦੀ ਇਸ਼ਕ ਮਜਾਜ਼ੀ ਤੋਂ ਇਸ਼ਕ ਹਕੀਕੀ ਵੱਲ ਕੀਤੀ ਯਾਤਰਾ ਨੂੰ ਪ੍ਰਗਟਾਇਆ ਹੈ।

**ਮੀਆਂ ਮੁਹੰਮਦ ਬੂਟਾ ਗੁਜਰਾਤੀ** (1836-1919 ਈ.) : ਇਹ ਗੁਜਰਾਤ ਦਾ ਰਹਿਣ ਵਾਲਾ ਇੱਕ ਚੰਗਾ ਪੜ੍ਹਿਆ ਲਿਖਿਆ ਕਵੀ ਸੀ । ਇਸ਼ਕੀਆ ਕਿੱਸੇ ਲਿਖਣ ਲਈ ਯਾਰਾਂ ਦੀ ਫ਼ਰਮਾਇਸ਼ ਨੂੰ ਮਹੱਤਵ ਦਿੰਦਾ ਹੈ, ਪਰ ਅਸਲ ਕਾਰਨ ਇਸ ਦੇ ਆਪਣੇ ਜੀਵਨ ਵਿਚ ਵਾਪਰੀ ਪ੍ਰੇਮ ਦੀ ਘਟਨਾ ਹੈ ਜਿਸ ਬਾਰੇ ਉੱਲੇਖ ਇਸ ਦੇ ਕਿੱਸਿਆਂ ਵਿਚ ਮਿਲ ਜਾਂਦੇ ਹਨ। ਇਸ ਦੇ ਨਾਂ ਨਾਲ ਸੰਬੰਧਿਤ 22 ਰਚਨਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚੋਂ ਕੁੱਝ ਵਿਚਾਰਧੀਨ ਕਾਲ ਤੋਂ ਬਾਅਦ ਦੀਆਂ ਰਚਨਾਵਾਂ ਹਨ । ਇਸ ਕਾਲ ਵਿਚ ਰਚੇ ਗਏ ਇਸ ਦੇ ਕਿੱਸੇ ਅਤੇ ਕਾਵਿ-ਰਚਨਾਵਾਂ ਇਸ ਪ੍ਰਕਾਰ ਹਨ-ਸ਼ੀਰੀਂ ਫ਼ਰਹਾਦ (1872 ਈ.), ਪੰਜ ਗੰਜ (1874 ਈ.), ਚੰਦਰ ਬਦਨ (1887 ਈ.), ਰੋਡਾ ਜਲਾਲੀ (1888 ਈ.) , ਮਿਰਜ਼ਾ ਸਾਹਿਬਾਂ (1898 ਈ.) ਅਤੇ ਕਿੱਸਾ ਸੁਲਤਾਨ ਮਹਿਮੂਦ (1900 ਈ.) । ਇਨ੍ਹਾਂ ਵਿਚੋਂ ਬਾਕੀ ਕਿੱਸੇ ਤਾਂ ਪਰੰਪਰਾਗਤ ਢੰਗ ਦੇ ਹਨ, ਪਰ ਚੰਦਰ ਬਦਨ ਅਤੇ ਸੁਲਤਾਨ ਮਹਿਮੂਦ ਵਾਲੇ ਕਿੱਸੇ ਵਿਸ਼ੇਸ਼ ਧਿਆਨ ਖਿੱਚਦੇ ਹਨ। ਚੰਦਰ ਬਦਨ ਦਾ ਕਿੱਸਾ ਲਿਖਣ ਬਾਰੇ ਕਵੀ ਦੀ ਸਥਾਪਨਾ ਹੈ ਕਿ :

ਘਾਇਲ ਆਸ਼ਕਾਂ ਜਾਣ ਪਿਆਸਿਆਂ ਨੂੰ, ਪਿਆਲਾ ਆਦਿ ਜਲਾਲ ਪਿਆਇਆ ਮੈਂ।
ਅੱਖੀਂ ਕਿਸ਼ਤੀਆਂ ਕੀਤੀਆਂ ਆਸ਼ਕਾਂ ਨੇ, ਐਸਾ ਦਰਦ ਦਰਿਆ ਚਲਾਇਆ ਮੈਂ।

ਇਸ ਕਿੱਸੇ ਉੱਤੇ ਪਹਿਲਾਂ ਦੋ ਕਵੀ ਕਲਮ ਅਜ਼ਮਾ ਚੁੱਕੇ ਹਨ, ਪਰ ਗੁਜਰਾਤੀ ਦੀ ਰਚਨਾ ਬਾਕੀਆਂ ਨਾਲੋਂ ਆਕਾਰ ਵਿਚ ਵੱਡੀ ਹੈ ਅਤੇ ਕਲਾ ਦੇ ਪੱਖ ਤੋਂ ਵੀ ਨਿਪੁੰਨ ਹੈ। ਕਵੀ ਦਾ ਸੁਹਜ-ਵਰਣਨ ਉੱਤਮ ਹੈ, ਬੈਂਤ ਛੰਦ ਦੀ ਪੁਖ਼ਤਾ ਹੈ।

**ਹਦਾਇਤੁਲਾ** (1838-1929 ਈ.) : ਲਾਹੌਰ ਵਿਚ ਪੈਦਾ ਹੋਏ ਕਵੀ ਨੇ ਪੰਜਾਬੀ ਵਿਚ ਸਟੇਜੀ ਕਵਿਤਾ ਨੂੰ ਵਿਕਸਿਤ ਕਰਨ ਵਿਚ ਬਹੁਤ ਯੋਗਦਾਨ ਪਾਇਆ ਹੈ। ਇਸ ਦਾ ਕਿੱਤਾ ਭਾਵੇਂ ਦਰਜ਼ੀ ਵਾਲਾ ਸੀ, ਪਰ ਕਵਿਤਾ ਕਰਨ ਦਾ ਜਨੂੰਨ ਇਸ ਦੇ ਸਿਰ 'ਤੇ ਬਚਪਨ ਤੋਂ ਹੀ ਸਵਾਰ ਹੋ ਗਿਆ। ਇਸ ਨੇ ਸਭ ਤੋਂ ਵੱਧ ਯਾਰਾਂ ਸੀਹਰਫ਼ੀਆਂ ਲਿਖੀਆਂ ਹਨ। ਇਨ੍ਹਾਂ ਤੋਂ ਇਲਾਵਾ ਇੱਕ ਬਾਰਾਮਾਹ, ਕੁੱਝ ਦੋਹੜੇ, ਮੁਅਜ਼ਜ਼ਾਤ ਅਤੇ ਮਦਹ ਲਿਖੇ ਹਨ। ਇਸ ਦੀ ਕਵਿਤਾ ਵਿਚ ਇਤਨੀ ਲਚਕ ਅਤੇ ਪਕਿਆਈ ਸੀ ਕਿ ਇਸ ਨੂੰ ਵਾਰਿਸ ਦੀ ਕਵਿਤਾ ਤੋਂ ਨਿਖੇੜਨਾ ਮੁਸ਼ਕਲ ਸੀ। ਇਸ ਨੇ ਅਨੇਕ ਸ਼ੇਅਰ ਵਾਰਿਸ ਦੀ ਹੀਰ ਵਿਚ ਆਪ ਲਿਖ ਕੇ ਇਤਨੀ ਖ਼ੂਬਸੂਰਤੀ ਨਾਲ ਸ਼ਾਮਲ ਕੀਤੇ ਕਿ ਉਨ੍ਹਾਂ ਨੂੰ ਵੱਖਰਾ ਕਰ ਸਕਣਾ ਸਰਲ ਨਹੀਂ। ਇਸ ਨੇ ਆਪਣੀਆਂ ਸਾਰੀਆਂ ਸੀਹਰਫ਼ੀਆਂ ਬੈਂਤ ਛੰਦ ਵਿਚ ਲਿਖੀਆਂ ਹਨ । ਇਸ ਦੀ ਕਾਵਿ ਸ਼ੈਲੀ ਬੜੀ ਪ੍ਰੌੜ ਅਤੇ ਰੋਚਕ ਹੈ ਭਾਸ਼ਾ ਸਰਲ ਹੈ, ਪਰ ਜਿੱਥੇ ਫ਼ਾਰਸੀ ਸ਼ਬਦਾਵਲੀ ਦੀ ਅਧਿਕ ਵਰਤੋਂ ਹੋਈ ਹੈ, ਉੱਥੇ ਅਸਪਸ਼ਟਤਾ ਦਾ ਦੋਸ਼ ਜ਼ਰੂਰ ਆਇਆ ਹੈ। ਇਸ ਦੀ ਕਵਿਤਾ ਦਾ ਭਾਵ ਪੱਖ ਬੜਾ ਰੋਚਕ ਅਤੇ ਸਜੀਵ ਹੈ ਕਿਉਂਕਿ ਇਸ ਨੇ ਵਰਣਿਤ ਵਿਸ਼ੇ ਵਿਚ ਪੂਰੀ ਤਰ੍ਹਾਂ ਮਗਨ ਹੋ ਕੇ ਕਲਮ ਚਲਾਈ ਹੈ ਕਾਰਨ ਇਹ ਹੈ ਕਿ ਉਹ ਖ਼ੁਦ ਪਿਆਰ ਵਿਚ ਮੋਇਆ ਹੋਇਆ ਸੀ। ਅੰਦਰਲੀ ਵੇਦਨਾ ਕਵਿਤਾ ਰਾਹੀਂ ਇਸ ਤਰ੍ਹਾਂ ਵਗੀ ਕਿ ਸਰੋਤਿਆਂ ਜਾਂ ਪਾਠਕਾਂ ਦੇ ਮਨ ਵਿਚ ਵੀ ਉਹੋ ਜਿਹੀ ਸਥਿਤੀ ਪੈਦਾ ਕਰ ਦਿੱਤੀ ਗਈ। ਕਵੀ ਨੇ ਲਿਖਿਆ ਹੈ ਕਿ ਮੇਰੀ ਕਵਿਤਾ ਸੁਣਨ ਵਾਲੇ ਨੂੰ ਵੀ ਇਸ਼ਕ ਦੀ ਅੱਗ ਵਿਚ ਸਾੜ ਦੇਵੇਗੀ:

ਬੇਦਰਦ ਨੂੰ ਹੋਵੇ ਦਰਦ ਪੈਦਾ, ਸ਼ੇਅਰ ਸੁਣੇ ਜੇ ਨਾਲ ਧਿਆਨ ਮੇਰਾ।
ਮੈਂ ਵੀ ਇਸ਼ਕ ਦੀ ਅੱਗ ਦੇ ਵਿਚ ਸੜਿਆ, ਖ਼ਾਲੀ ਨਹੀਂ ਇਹ ਫ਼ਰਮਾਨ ਮੇਰਾ।

ਇਸ ਦੇ ਇਸ਼ਕ ਦਾ ਸਰੂਪ ਦੋ-ਵੱਲਾਂ ਹੈ। ਜਿੱਥੇ ਉਹ ਅਪਾਣੇ ਨਿੱਜੀ ਬਿਰਹੋਂ ਨੂੰ ਚਿਤਰਦਾ ਹੈ, ਉੱਥੇ ਇਸ਼ਕ ਦਾ ਰੰਗ ਮਜਾਜ਼ੀ ਹੈ। ਜਿੱਥੇ ਉਹ ਕੁਰਾਨ ਦੀ ਸਿੱਖਿਆ ਦੇਣ ਲਈ ਉਪਦੇਸ਼ਕ ਦੀ ਭੂਮਿਕਾ ਨਿਭਾਉਂਦਾ ਹੈ ਉੱਥੇ ਇਸ਼ਕ ਦਾ ਸਰੂਪ ਹਕੀਕੀ ਹੈ। ਪਰ ਇਸ ਦੇ ਕਵਿਤਾ ਦਾ ਚਮਤਕਾਰ ਨਿੱਜੀ ਵੇਦਨਾ

ਦੇ ਵਰਣਨ ਵਿਚ ਹੀ ਬਣਦਾ ਹੈ। 36 ਵਰ੍ਹੇ ਸੰਯੋਗ ਸੁਖ ਦੀ ਘੜੀ ਨੂੰ ਉਡੀਕਣ ਵਾਲੇ ਕਵੀ ਦੇ ਬਿਆਨ ਵਿਚ ਕਿਤਨੀ ਵੇਦਨਾ ਹੈ, ਕਿਤਨੀ ਪੀੜ ਅਤੇ ਨਿਰਾਸ਼ਾ ਹੈ, ਹੇਠ ਲਿਖੀਆਂ ਪੰਕਤੀਆਂ ਤੋਂ ਚੰਗੀ ਤਰ੍ਹਾਂ ਅਨੁਭਵ ਕੀਤੀ ਜਾ ਸਕਦੀ ਹੈ:

'ਭੋਰਾ ਮਿਹਰ ਨਾਹੀਂ, ਜੀ ਵਿਚ ਤੇਰੇ, ਉਲਫ਼ਤ ਜੱਗ ਤੋਂ ਕਿਹੀ ਨਾਪੈਦ ਹੋਈ।
ਛੱਤੀ ਸਾਲ ਹੋ ਗਏ ਹਦਾਇਤੁਲਾ, ਪੂਰੀ ਅਜੇ ਨਾ ਆਸ ਉਮੈਦ ਹੋਈ।

**ਮੌਲਵੀ ਗ਼ੁਲਾਮ ਰਸੂਲ** (1849-1892) : ਇਸ ਨਾਂ ਦੇ ਤਿੰਨ ਕਵੀ ਹੋਏ ਹਨ, ਪਰ ਅਧਿਕ ਪ੍ਰਸਿੱਧੀ ਜਿਸ ਗ਼ੁਲਾਮ ਰਸੂਲ ਨੂੰ ਮਿਲੀ ਹੈ ਉਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਆਲਮਪੁਰ ਕੋਟਲਾ ਦਾ ਨਿਵਾਸੀ ਸੀ। ਇਹ ਅਰਬੀ, ਫ਼ਾਰਸੀ ਅਤੇ ਉਰਦੂ ਦਾ ਸ੍ਰੇਸ਼ਠ ਵਿਦਵਾਨ ਸੀ ਅਤੇ ਬਚਪਨ ਤੋਂ ਹੀ ਇਸ ਨੇ ਕਵਿਤਾ ਕਰਨੀ ਸ਼ੁਰੂ ਕਰ ਦਿੱਤੀ ਸੀ। ਲਗਭਗ 22 ਸਾਲਾਂ ਦੀ ਉਮਰ ਤਕ ਅੱਪੜਦਿਆਂ ਇਸ ਨੇ 'ਅਮੀਰ ਹਮਜ਼ਾ` ਨਾਂ ਦੀ ਇੱਕ ਵੱਡੇ ਆਕਾਰ ਦੀ ਰਚਨਾ ਕਾਵਿ-ਜਗਤ ਨੂੰ ਦਿੱਤੀ। ਇਸ ਨੇ ਕੁੱਝ ਚਿੱਠੀਆਂ ਵੀ ਕਾਵਿ ਢੰਗ ਵਿਚ ਲਿਖੀਆਂ। ਇਸ ਦੇ ਪ੍ਰੇਮ ਬਾਰੇ ਕਈ ਦੰਦ-ਕਥਾਵਾਂ ਪ੍ਰਚਲਿਤ ਹਨ। ਵਾਰਿਸ ਸ਼ਾਹ ਵਾਂਗ ਇਹ ਵੀ ਕਿਸੇ ਔਰਤ ਨੂੰ ਪਿਆਰ ਕਰਦਾ ਸੀ ਜਿਸ ਦਾ ਉੱਲੇਖ ਇਸ ਦੇ ਕਾਵਿ ਵਿਚ ਕਿਤੇ-ਕਿਤੇ ਮਿਲਦਾ ਹੈ। ਇਸ ਦੀ ਵਿਦਵਤਾ ਕਵਿਤਾ ਦੀ ਰਵਾਨੀ ਵਿਚ ਕਿਤੇ ਵੀ ਭਾਰੂ ਨਹੀਂ ਹੈ। ਜਨ-ਸਾਧਾਰਨ ਦੀ ਭਾਸ਼ਾ ਨੂੰ ਅਪਣਾ ਕੇ ਇਸ ਨੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟਾਇਆ ਹੈ।

ਇਸ ਦੀ ਸਭ ਤੋਂ ਸ੍ਰੇਸ਼ਠ ਰਚਨਾ 'ਅਹਸਨੁਲ ਕਸਿਸ` ਹੈ ਜਿਸ ਵਿਚ ਯੂਸਫ਼ ਜ਼ੁਲੈਖਾਂ ਦੇ ਆਖਿਆਨ ਦਾ ਮਸਨਵੀ ਦੇ ਢੰਗ ਵਿਚ ਵਰਣਨ ਕੀਤਾ ਗਿਆ ਹੈ। ਇਹ ਪ੍ਰਸੰਗ ਚੂੰਕਿ ਕੁਰਾਨ ਸ਼ਰੀਫ਼ ਦੇ 'ਸੂਰਾ ਯੂਸਫ਼' 'ਤੇ ਆਧਾਰਿਤ ਇੱਕ ਵਿਸਤਰਿਤ ਵਿਆਖਿਆ ਹੈ, ਇਸ ਲਈ ਇਸਲਾਮੀ ਜਗਤ ਵਿਚ ਇਸ ਕਿੱਸੇ ਨੂੰ ਵਿਸ਼ੇਸ਼ ਸ਼ਰਧਾ ਨਾਲ ਪੜ੍ਹਿਆ ਅਤੇ ਸੁਣਿਆ ਜਾਂਦਾ ਹੈ। ਇਸ ਦੀ ਭਾਸ਼ਾ ਬੜੀ ਸਰਲ ਅਤੇ ਅਲੰਕ੍ਰਿਤ ਹੈ। ਇਸ ਵਿਚ ਪ੍ਰਕ੍ਰਿਤੀ-ਚਿਤਰਣ ਅਤੇ ਵਸਤੂ-ਵਰਣਨ ਬੜਾ ਸਜੀਵ ਅਤੇ ਵਿਸਤਰਿਤ ਹੈ। ਛੰਦ ਬੰਨ੍ਹਣ ਵਿਚ ਵੀ ਕਵੀ ਸਫਲ ਹੋਇਆ ਹੈ। ਇਤਨੇ ਵੱਡੇ ਆਕਾਰ ਦੇ ਕਿੱਸੇ ਪੰਜਾਬੀ ਵਿਚ ਬਹੁਤ ਘੱਟ ਹਨ। ਮੀਆਂ ਮੁਹੰਮਦ ਬਖ਼ਸ਼ ਨੇ 'ਸੈਫ਼ਲ ਮਲੂਕ' ਨਾਂ ਦੀ ਰਚਨਾ ਇਤਨੇ ਹੀ ਵੱਡੇ ਆਕਾਰ ਵਿਚ ਕੀਤੀ ਹੈ। ਮੌਲਵੀ ਗ਼ੁਲਾਮ ਰਸੂਲ ਦੇ ਕਿੱਸੇ ਦੀ ਵਡਿਆਈ ਇਹ ਹੈ ਕਿ ਇਸ ਨੇ ਮਨੁੱਖੀ ਭਾਵਨਾਵਾਂ ਨੂੰ ਬੜੀ ਨੀਝ ਨਾਲ ਚਿਤਰਿਆ ਹੈ। ਜਲੈਖਾਂ ਦਾ ਗੁਪਤ ਇਸ਼ਕ ਲੁਕਾਇਆ ਲੁਕਦਾ ਨਹੀਂ।

ਉਪਰੋਕਤ ਕਿੱਸਾਕਾਰ ਤੋਂ ਇਲਾਵਾ ਇਸ ਕਾਲ ਵਿਚ ਕੁੱਝ ਹੋਰ ਕਿੱਸਾਕਾਰ ਵੀ ਹੋਏ ਹਨ, ਜਿਵੇਂ ਅਮਾਮ ਬਖ਼ਸ਼ (ਕਿੱਸਾ ਗੁੱਲ ਸਨੋਬਰ, ਕਿੱਸਾ ਬਦੀਅ-ਉਲਜਮਾਲ, ਕਿੱਸਾ ਗੁੱਲ ਬਦਨ, ਕਿੱਸਾ ਲੈਲਾ ਮਜਨੂੰ), ਮੌਲਵੀ ਅਬਦੁਸਤਾਰ (ਕਿੱਸਾ ਯੂਸਫ਼ ਜ਼ੁਲੈਖਾਂ, ਬਾਰਾਮਾਹ ਅਤੇ ਸੀਹਰਫ਼ੀਆਂ), ਸੱਯਦ ਮੀਰਾਂ ਸ਼ਾਹ ਹੀਰ ਰਾਂਝਾ, ਮਿਰਜ਼ਾ ਸਾਹਿਬਾ, ਸੋਹਣੀ ਮਹੀਂਵਾਲ ਆਦਿ), ਹਾਸ਼ਮ ਮੁਖਲਿਸ (ਕਿੱਸਾ ਸੱਸੀ ਪੁੰਨੂੰ), ਗੋਪਾਲ ਸਿੰਘ ਗੋਪਾਲ (ਕਿੱਸਾ ਸ਼ਾਹ ਬਹਿਰਾਮ, ਕਿੱਸਾ ਬਿਸ਼ਨੇ ਬੱਗਾ ਮੱਲ, ਸੱਸੀ ਪੁੰਨੂੰ), ਕਾਨ੍ਹ ਸਿੰਘ (ਹੀਰ ਰਾਂਝਾ), ਆਦਿ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਇਸ ਕਾਲ ਵਿਚ ਕਿੱਸਿਆਂ ਦੀ ਬਹੁਤ ਅਧਿਕ ਰਚਨਾ ਹੋਈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਕਿੱਸਾ-ਕਾਵਿ ਕੇਂਦਰੀ ਪੰਜਾਬ ਤੋਂ ਇਲਾਵਾ ਮਾਲਵੇ ਵਿਚ ਵੀ ਕਵੀਸ਼ਰਾਂ ਦੁਆਰਾ ਲਿਖਿਆ ਜਾਣਾ ਸ਼ੁਰੂ ਹੋ ਗਿਆ। ਉਸ ਦੀ ਸਾਹਿੱਤਿਕ ਪੱਧਰ ਭਾਵੇਂ ਇਤਨੀ ਉੱਚੀ ਨਹੀਂ ਸੀ, ਪਰ ਉਸ ਨਾਲ ਕਿੱਸਾ-ਕਾਵਿ ਦੇ ਖੇਤਰ ਵਿਚ ਵਿਸ਼ੇ ਨੂੰ ਬਹੁਤ ਵਿਸ਼ਾਲਤਾ ਮਿਲੀ। ਪ੍ਰਚਲਿਤ ਅਤੇ ਪਰੰਪਰਾਗਤ ਪੇਸ਼-ਆਖਿਆਨਾਂ ਦੇ ਨਾਲ ਨਾਲ ਸਥਾਨਕ ਪ੍ਰਸੰਗਾਂ ਨੂੰ ਵੀ ਚਿਤਰਨਾ ਸ਼ੁਰੂ ਕਰ ਦਿੱਤਾ ਗਿਆ। ਪਹਿਲਾਂ ਅਧਿਕਤਰ ਕਿੱਸਾਕਾਰ ਮੁਸਲਮਾਨ ਸਨ। ਕੁੱਝ ਨਾ-ਮਾਤਰ ਹਿੰਦੂ ਵੀ ਸਨ। ਪਰ ਇਸ ਕਾਲ ਵਿਚ ਸਿੱਖਾਂ ਨੇ ਵੀ ਕਿੱਸੇ ਲਿਖਣੇ ਸ਼ੁਰੂ ਕੀਤੇ ਅਤੇ ਮਾਲਵੇ ਵਿਚ ਸਾਰੇ ਧਰਮਾਂ ਵਾਲਿਆਂ ਨੇ ਕਵੀਸ਼ਰੀ ਕੀਤੀ। ਇਸ ਨਾਲ ਸਥਾਨਕ ਰੰਗ ਉੱਘੜਿਆ ਅਤੇ ਲੋਕ-ਜੀਵਨ ਨਾਲ ਸੰਪਰਕ ਜੁੜਿਆ। ਕਈ ਪ੍ਰਕਾਰ ਦੇ ਨਵੇਂ ਛੰਦ ਵਰਤੇ ਜਾਣ ਲੱਗੇ। ਕਿੱਸਿਆਂ ਦੇ ਕਥਾਨਕ ਦਾ ਰੂਪ, ਮੰਗਲਾਚਰਨ ਆਦਿ ਪੁਰਾਣੇ ਢੰਗ ਦੇ ਹੀ ਰਹੇ। ਭਾਵੇਂ ਇਸ ਕਾਲ ਵਿਚ ਦਮੋਦਰ, ਵਾਰਿਸ ਅਤੇ ਹਾਸ਼ਮ ਵਰਗਾ ਕੋਈ ਪ੍ਰਤਿਭਾ-ਸੰਪੰਨ ਕਵੀ ਪੈਦਾ ਨਹੀਂ ਹੋ ਸਕਿਆ, ਪਰ ਫਿਰ ਵੀ ਇਸ ਕਾਲ ਦੇ ਅਨੇਕ ਕਵੀ ਕਿੱਸਾ-ਕਾਵਿ ਪਰੰਪਰਾ ਵਿਚ ਵਿਸ਼ੇਸ਼ ਮਹੱਤਵ ਅਤੇ ਸਥਾਨ ਰੱਖਦੇ ਹਨ।

**ਸੂਫ਼ੀ-ਕਾਵਿ:**

ਇਹ ਕਾਲ ਸੂਫ਼ੀ ਕਾਵਿ ਦੀ ਅਧੋਗਤੀ ਦਾ ਹੈ ਕਿਉਂਕਿ ਨਾ ਤਾਂ ਕਰਨੀ ਵਾਲੇ ਸੂਫ਼ੀ ਰਹੇ ਸਨ ਅਤੇ ਨਾ ਹੀ ਕੋਈ ਪ੍ਰਤਿਭਾਵਾਨ ਸੂਫ਼ੀ ਕਵੀ ਹੋਇਆ ਸੀ। ਰਾਜਸੀ ਉਪਰਥੱਲੀ ਅਤੇ ਪੱਛਮੀ ਸਭਿਆਚਾਰ ਅਤੇ ਧਰਮ ਦੇ ਪ੍ਰਭਾਵ ਨੇ ਲੋਕਾਂ ਦੀ ਸੋਚ ਬਦਲ ਦਿੱਤੀ ਅਤੇ ਉਹ ਸੂਫ਼ੀ ਡੇਰਿਆਂ ਤੋਂ ਪਰੇ ਹਟਣ ਲੱਗੇ। ਸੂਫ਼ੀ ਡੇਰੇਦਾਰਾਂ ਜਾਂ ਗੱਦੀ-ਨਸ਼ੀਨਾਂ ਵਿਚ ਵੀ ਕੇਵਲ ਲਕੀਰ ਦੇ ਫ਼ਕੀਰੀ ਰਹਿ ਗਈ। ਬੱਸ ਪਛੜੀਆਂ ਹੋਈਆਂ ਜਾਤੀਆਂ ਲਈ ਹੀ ਇਹ ਡੇਰੇ ਕੁੱਝ ਖਿੱਚ ਦਾ ਕਾਰਨ ਬਣੇ ਰਹਿ ਸਕੇ। ਫਿਰ ਵੀ ਕੁੱਝ ਕੁ ਸੂਫ਼ੀ ਫ਼ਕੀਰਾਂ ਨੇ ਪੰਜਾਬੀ ਵਿਚ ਆਪਣੇ ਕਲਾਮ ਦੀ ਰਚਨਾ ਕਰ ਕੇ ਇਸ ਕਾਲ ਵਿਚ ਸੂਫ਼ੀ ਕਾਵਿ-ਧਾਰਾ ਨੂੰ ਪ੍ਰਵਾਹ ਮਾਨ ਰੱਖਿਆ।

**ਮੀਰਾਂ ਸ਼ਾਹ ਜਲੰਧਰੀ** (1830-1913 ਈ.) : ਇਹ ਜਲੰਧਰ ਦੇ ਰਹਿਣ ਵਾਲੇ ਸੱਯਦ ਵਲੀ ਮੁਹੰਮਦ ਦਾ ਪੁੱਤਰ ਸੀ ਅਤੇ ਪੀਰ ਮਸਤਾਨ ਸ਼ਾਹ ਕਾਬਲੀ ਦਾ ਚੇਲਾ ਸੀ। ਇਸ ਦਾ ਸੰਬੰਧ ਚਿਸ਼ਤੀ ਸੰਪ੍ਰਦਾਇ ਨਾਲ ਸੀ। ਇਸ ਦਾ ਨਾਂ ਕਿੱਸਾਕਾਰਾਂ ਵਿਚ ਵੀ ਗਿਣਿਆ ਜਾਂਦਾ ਹੈ ਕਿਉਂਕਿ ਇਸ ਨੇ ਤਿੰਨ ਕਿੱਸਿਆਂ (ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਅਤੇ ਸੋਹਣੀ ਮਹੀਂਵਾਲ ਦੀ ਰਚਨਾ ਵੀ ਕੀਤੀ ਹੈ। ਪਰ ਇਸ ਦੀ ਅਧਿਕ ਪ੍ਰਸਿੱਧੀ ਦੀ ਰਚਨਾ 'ਕੁਲੀਆਤ ਮੀਰਾ ਸ਼ਾਹ' ਹੈ ਜਿਸ ਵਿਚ ਇਸ਼ਕ ਹਕੀਕੀ ਦੀ ਸ੍ਰੇਸ਼ਠਤਾ ਨੂੰ ਸਪਸ਼ਟ ਕੀਤਾ ਗਿਆ ਹੈ ਅਤੇ ਪ੍ਰੀਤਮ ਦੇ ਗੁੱਝੇ ਅਨੁਭਵ ਨੂੰ ਪ੍ਰਗਟ ਕੀਤਾ ਗਿਆ ਹੈ :

ਜਾਂ ਮੈਂ ਆਇਆ ਇਸ਼ਕ ਮੈਦਾਨ, ਭੁਲ ਗਿਆ ਸਭ ਨਾਮੋ ਨਿਸ਼ਾਨ। ਹੁਣ ਮੈਂ ਪਿਆਰਿਆ ਲਿਆ ਪਛਾਣ, ਆਪੇ ਲੁੱਕ ਛਿਪ ਖਿੱਚਦਾ ਡੋਰ।
ਮਹਿਲ ਇਸ਼ਕ ਵਿਚ ਤਾੜੀ ਲਾਈ, ਜਾਤ ਸਫ਼ਾਤ ਨਾ ਰਹੀਆ ਕਾਈ। ਜਾਂ ਦਿਲ ਅੰਦਰ ਝਾਤੀ ਪਾਈ, ਆਪੀ ਆਪ ਨਹੀਂ ਕੋਈ ਹੋਰ।

ਸੱਚੇ ਇਸ਼ਕ ਦੇ ਭੇਦ ਨੂੰ ਧਾਰਮਿਕ ਪ੍ਰਚਾਰਕ ਨਹੀਂ ਸਮਝ ਸਕਦੇ। ਇਸ ਦੀ ਪ੍ਰਾਪਤੀ ਲਈ ਆਪਣਾ ਸਭ ਕੁੱਝ ਨਿਛਾਵਰ ਕਰਨਾ ਪੈਂਦਾ ਹੈ। ਇਹ ਬੜੀ ਕਠੋਰ ਸਾਧਨਾ ਹੈ। ਇਸ ਦੀ ਔਖਿਆਈ ਨੂੰ ਸਪਸ਼ਟ ਕਰਦਿਆਂ ਮੀਰਾ ਸ਼ਾਹ ਨੇ ਲਿਖਿਆ ਹੈ:

ਏਸ ਇਸ਼ਕ ਦੇ ਕਠਨ ਪੁਆੜੇ, ਬੁਢ ਬੁਢੇਰੇ ਸੂਲੀ ਚਾੜ੍ਹੇ ! ਹੋਰ ਲਹਾਈਆਂ ਖੱਲਾਂ ਨੀ ਬਦਲੇ ਰਾਂਝਣ ਦੇ
ਇਸ਼ਕ ਸੁਖਾਲਾ ਲੋਕਾਂ ਭਾਣੇ, ਜਿਸ ਤਨ ਵਰਤੇ ਸੋਈ ਜਾਣੇ।ਮੈਂ ਘਾਇਲ ਕੀਤੀ ਸੱਲਾਂ ਨੀ ਬਦਲੇ ਰਾਂਝਣ ਦੇ।

ਇਸ ਇਸ਼ਕ ਦਾ ਅਨੰਦ ਆਪਣੀ ਹੀ ਕਿਸਮ ਦਾ ਹੈ। ਇਹ ਇੱਕ ਹੁਲਾਰਾ ਹੈ ਇਸ ਤੋਂ ਸਾਰੀਆਂ ਬਹਿਸ਼ਤਾਂ ਸੁਰਗਾਂ ਨੀਵੀਂਆਂ ਹਨ। ਇਸ ਦੀ ਕੋਈ ਜਾਤ ਨਹੀਂ, ਇਹ ਇੱਕ ਅਖੰਡ ਅਨੁਭਵ ਹੈ:

ਦੇਖੋ ਨੀ ਕੀ ਜ਼ਾਤ ਇਸ਼ਕ ਦੀ, ਜਿਸ ਘਰ ਦੇ ਵਿਚ ਆਵੇ ।ਗੈਬੋਂ ਆਤਸ਼ ਪਕੜ ਚਵਾਤੀ, ਪਲ ਵਿਚ ਆਣ ਜਲਾਵੇ ॥
ਦੀਨ ਦੁਨੀ ਦੀ ਖ਼ਬਰ ਨ ਰਹਿੰਦੀ, ਬੇਖੁਦ ਮਸਤ ਬਣਾਵੇ। ਅੱਵਲ ਇਸ਼ਕ ਜ਼ਾਤ ਨੂੰ ਹੋਇਆ, ਕੁਨਫੈਕੁਨ ਰਹਾਇਆ ॥
ਜੋ ਕੁੱਝ ਬਾਤਨ ਦੇ ਆਹਾ, ਪ੍ਰਗਟ ਕਰ ਦਿਖਲਾਇਆ ।

ਮੀਰਾ ਸ਼ਾਹ ਦਾ ਸੂਫ਼ੀ ਅਨੁਭਵ ਸੱਚਾ ਹੈ । ਇਸ ਨੇ ਨਫ਼ਸ ਨੂੰ ਮਾਰ ਕੇ ਆਪਣੇ ਪ੍ਰੀਤਮ ਨਾਲ ਸੱਚੀ ਪ੍ਰੀਤ ਦਾ ਸੁਆਦ ਮਾਣਿਆ ਹੈ। ਇਸ ਦੇ ਬਿਆਨ ਵਿਚ ਤਾਜ਼ਗੀ ਹੈ, ਤੱਤ ਹੈ ਅਤੇ ਪ੍ਰੀਤਮ ਨੂੰ ਮਿਲਣ ਦੀ ਬੜੀ ਰੀਝ ਹੈ। ਇਸ ਦੀਆਂ ਅਨੇਕ ਕਾਫ਼ੀਆਂ ਸੂਫ਼ੀ ਰਹੱਸ ਅਨੁਭਵ ਨੂੰ ਬੜੇ ਸੁੰਦਰ ਢੰਗ ਨਾਲ ਪ੍ਰਗਟਾਉਣ ਵਿਚ ਸਫਲ ਮੰਨੀਆਂ ਜਾ ਸਕਦੀਆਂ ਹਨ । ਇਸ ਦੀ ਭਾਸ਼ਾ ਬੜੀ ਸਰਲ ਅਤੇ ਤਰਲ ਹੈ ।

**ਖਵਾਜਾ ਗ਼ੁਲਾਮ ਫ਼ਰੀਦ** (1845-1901 ਈ.) : ਇਸ ਦਾ ਜਨਮ ਬਹਾਵਲਪੁਰ ਰਿਆਸਤ ਵਿਚ ਚਾਚੜਾਂ ਨਾਂ ਦੇ ਕਸਬੇ ਵਿਚ ਹੋਇਆ। ਇਸ ਦਾ ਖ਼ਾਨਦਾਨ ਸਰਕਾਰੇ ਦਰਬਾਰੇ ਚੜ੍ਹਿਆ ਹੋਇਆ ਬਹੁਤ ਪ੍ਰਤਿਸ਼ਠਿਤ ਸੀ। ਅਰਬੀ ਫ਼ਾਰਸੀ ਤੋਂ ਇਲਾਵਾ ਗ਼ੁਲਾਮ ਫ਼ਰੀਦ ਨੂੰ ਉਰਦੂ, ਹਿੰਦੀ, ਸਿੰਧੀ ਅਤੇ ਪੰਜਾਬੀ ਦਾ ਵੀ ਗੰਭੀਰ ਗਿਆਨ ਸੀ। ਇਸ ਨੇ ਕੁੱਝ ਕੁ ਅੰਗਰੇਜ਼ੀ ਦੀ ਜਾਣਕਾਰੀ ਹਾਸਲ ਕੀਤੀ ਸੀ। ਇਸ ਦੇ ਮਾਂ ਬਾਪ ਦੀ ਮ੍ਰਿਤੂ ਬਚਪਨ ਵਿਚ ਹੀ ਹੋ ਗਈ । 27 ਵਰ੍ਹਿਆਂ ਦੀ ਉਮਰ ਤਕ ਪਹੁੰਚਿਆ ਤਾਂ ਵੱਡਾ ਭਰਾ ਵੀ ਮਰ ਗਿਆ । ਫਲਸਰੂਪ ਇਸ ਨੂੰ ਪਿਦਰੀ ਗੱਦੀ ਉੱਤੇ ਬੈਠਣਾ ਪਿਆ। ਇਸ ਦੀ ਸਾਧਨਾ ਅਤੇ ਵਿਦਵਤਾ ਦੀ ਸ਼ੁਹਰਤ ਕਾਫ਼ੀ ਫੈਲੀ ਹੋਈ ਸੀ । ਬਹਾਵਲਪੁਰ ਰਿਆਸਤ ਦਾ ਨਵਾਬ ਇਸ ਦਾ ਮੁਰੀਦ ਸੀ। ਗ਼ੁਲਾਮ ਫ਼ਰੀਦ ਦੀ ਰਚਨਾ ਦੋਹੜਿਆਂ ਅਤੇ ਕਾਫ਼ੀਆਂ ਵਿਚ ਹੈ। 'ਕੁਲੀਆਤ ਖ਼ਵਾਜਾ ਫ਼ਰੀਦ' ਵਿਚ 271 ਕਾਫ਼ੀਆਂ ਸ਼ਾਮਲ ਹਨ। ਇਨ੍ਹਾਂ ਕਾਫ਼ੀਆਂ ਬਾਰੇ ਅਬਦੁਲ ਗ਼ਫ਼ੂਰ ਕੁਰੈਸ਼ੀ ਨੇ ਲਿਖਿਆ ਹੈ ਕਿ ਕਾਫ਼ੀ ਵਿਚ ਖ਼ਵਾਜਾ ਸਾਹਿਬ ਅਮਾਮ ਦਾ ਦਰਜਾ ਰੱਖਦੇ ਹਨ। ਸੱਚ ਪੁੱਛੋ ਤਾਂ ਉਹ ਕਾਫ਼ੀ ਦੇ ਬਾਦਸ਼ਾਹ ਹਨ। ਉਨ੍ਹਾਂ ਨੇ ਕਲਾਤਮਕ ਛੋਹਾਂ ਨਾਲ ਕਾਫ਼ੀ ਨੂੰ ਕਲਾਮ ਦੇ ਦਰਜੇ ਤਕ ਪਹੁੰਚਾਇਆ ਹੈ, ਇਸ ਵਿਚ ਕਈ ਵਾਧੇ ਕੀਤੇ ਹਨ। ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦੀ ਪਰੰਪਰਾ ਨੂੰ ਇਹ ਕਾਮਯਾਬੀ ਨਾਲ ਅੱਗੇ ਤੋਰੀ ਰੱਖ ਸਕੇ ਹਨ ।

ਗ਼ੁਲਾਮ ਫ਼ਰੀਦ ਦਾ ਕਲਾਮ ਬਹੁਤ ਸਾਦਾ ਅਤੇ ਸਪਸ਼ਟ ਹੈ । ਲਹਿੰਦੀ ਪੰਜਾਬੀ ਦਾ ਚੋਖਾ ਪ੍ਰਭਾਵ ਹੈ। ਵਿਯੋਗ ਦੀ ਪੀੜ ਨੂੰ ਇਹ ਢੁਕਵੇਂ ਢੰਗ ਨਾਲ ਬਿਆਨ ਕਰ ਸਕਿਆ ਹੈ। ਇਸ਼ਕੇ ਮਜਾਜ਼ੀ ਅਤੇ ਇਸ਼ਕ ਹਕੀਕੀ ਇੱਕ-ਸੁਰ ਹੋ ਕੇ ਇਸ ਦੀਆਂ ਕਾਫ਼ੀਆਂ ਵਿਚ ਚਿੱਤਰੇ ਗਏ ਹਨ ਕਿਉਂਕਿ ਹੋਤ` ਨਾਂ ਦੀ ਕੁੜੀ ਨਾਲ ਉਨ੍ਹਾਂ ਦਾ ਮਜਾਜ਼ੀ ਪ੍ਰੇਮ ਹੀ ਅੰਤ ਵਿਚ ਹਕੀਕੀ ਵਿਚ ਬਦਲਦਾ ਹੈ । ਕੁੱਝ ਵਿਦਵਾਨ ਇਸ ਕਿਸਮ ਦੇ ਨਾਵਾਂ ਨੂੰ ਪ੍ਰਤੀਕ ਵਜੋਂ ਵਰਤਿਆ ਮੰਨਦੇ ਹਨ, ਪਰ ਗੱਲ ਸਪਸ਼ਟ ਨਹੀਂ ਹੈ। ਇਹ ਕਵੀ ਦਾ ਆਪਣਾ ਨਿੱਜੀ ਅਨੁਭਵ ਹੈ। ਇਸ ਅਨੁਭਵ ਵਿਚ ਪ੍ਰੀਤਮ ਹੀ ਸਭ ਕੁੱਝ ਹੈ, ਸਾਰੀ ਸ੍ਰਿਸ਼ਟੀ, ਉਸ ਦਾ ਕਣ ਕਣ ਪ੍ਰੀਤਮ ਵਿਚ ਹੀ ਸਮੋਇਆ ਹੋਇਆ ਹੈ :

ਮੈਂਡਾ ਇਸ਼ਕ ਵੀ ਤੂੰ, ਮੈਂਡਾ ਯਾਰ ਵੀ ਤੂੰ। ਮੈਂਡਾ ਦੀਨ ਵੀ ਤੂੰ, ਮੈਂਡਾ ਈਮਾਨ ਵੀ ਤੂੰ ।
ਮੈਂਡਾ ਜਿਸਮ ਵੀ ਤੂੰ, ਮੈਂਡਾ ਰੂਹ ਵੀ ਤੂੰ।ਮੈਂਡਾ ਕਲਬ ਵੀ ਤੂੰ, ਜਿੰਦ ਜਾਨ ਵੀ ਤੂੰ...
ਜੇ ਯਾਰ ਫ਼ਰੀਦ ਕਬੂਲ ਕਰੇਂ ਸਰਕਾਰ ਵੀ ਤੂੰ, ਸੁਲਤਾਨ ਵੀ ਤੂੰ।

ਪ੍ਰੋ. ਹਿੰਮਤ ਸਿੰਘ ਸੋਢੀ ਅਨੁਸਾਰ ਗ਼ੁਲਾਮ ਫ਼ਰੀਦ ਦੀ ਕਵਿਤਾ ਉਸ ਦੀ ਅੰਤਰ ਆਤਮਾ ਦੀ ਸ਼ਾਇਰੀ ਸੀ, ਜੋ ਇੱਕ ਖ਼ਾਸ ਪੈਗ਼ਾਮ ਦੀ, ਰੱਬੀ ਏਕਤਾ ਦੀ ਸੂਚਕ ਸੀ। ਗ਼ੁਲਾਮ ਫ਼ਰੀਦ ਨੇ ਆਪਣੀਆਂ ਕਾਫ਼ੀਆਂ ਵਿਚ ਇਸ਼ਕ ਦੀ ਬਿਖੜੀ ਵਾਟ ਦਾ ਸੁੰਦਰ ਚਿਤਰਣ ਕੀਤਾ ਹੈ। ਇਸ ਵਿਚ ਪੈਰ ਪੈਰ ਤੇ ਕਠਨਾਈਆਂ ਅਤੇ ਰੁਕਾਵਟਾਂ ਹਨ। ਪਰ ਕਵੀ ਦੇ ਅੰਦਰ ਤੇ ਬਾਹਰ ਇਸ਼ਕ ਦੀ ਨਹਿਰ ਵਗ ਰਹੀ ਹੈ। ਸੱਚੇ ਪ੍ਰੇਮੀ ਨਿਸ਼ਚੇ ਹੀ ਉਸ ਵਿਚੋਂ ਤਰ ਜਾਂਦੇ ਹਨ:

ਇਸ਼ਕ ਤੈਂਡੇ ਦੀ ਨਹਿਰ ਵਗੇ, ਕਈ ਤਰੀਆਂ ਕਰਮਾਂ ਵਾਲੜੀਆਂ ।
ਕਈ ਕੋੜ੍ਹੀਆਂ ਲੰਘ ਪਾਰ ਹੋਈਆਂ, 'ਤੇ ਰੋਵਣ ਸ਼ਕਲਾਂ ਵਾਲੜੀਆਂ।

ਵਿਦਵਾਨਾਂ ਨੇ ਗ਼ੁਲਾਮ ਫ਼ਰੀਦ ਦੇ ਕਲਾਮ ਨੂੰ ਤਿੰਨ ਵਰਗਾਂ ਵਿਚ ਵੰਡਿਆ ਹੈ। ਇੱਕ ਉਹ ਕਾਫ਼ੀਆਂ ਜਿਨ੍ਹਾਂ ਵਿਚ ਅਧਿਕਤਰ ਇਸ਼ਕ ਦੀ ਗੱਲ ਹੋਈ ਹੈ, ਦੂਜੀਆਂ ਉਹ ਜਿਨ੍ਹਾਂ ਵਿਚ ਪਰਕ੍ਰਿਤੀ-ਚਿਤਣ ਦੇ ਸੰਦਰਭ ਵਿਚ ਆਪਣੀ ਅੰਤਰ ਆਤਮਾ ਨੂੰ, ਰੱਬੀ ਹੁਸਨ ਨੂੰ ਇਕਸੁਰ ਹੁੰਦਿਆਂ ਦਰਸਾਇਆ ਹੈ ਅਤੇ ਤੀਜੀਆਂ ਉਹ ਜਿਨ੍ਹਾਂ ਵਿਚ ਸੂਫ਼ੀ ਰਹੱਸ ਅਨੁਭਵ ਰੂਪਮਾਨ ਹੋਇਆ ਹੈ। ਡਾ. ਜੀਤ ਸਿੰਘ ਸੀਤਲ ਅਨੁਸਾਰ ਪੰਜਾਬੀ ਸੂਫ਼ੀ ਕਾਵਿ-ਇਤਿਹਾਸ ਵਿਚ ਖਵਾਜਾ ਗ਼ੁਲਾਮ ਫ਼ਰੀਦ ਨੇ ਸਭ ਤੋਂ ਵੱਧ ਕਲਾਮ ਰਚਿਆ ਹੈ। ਸਭ ਤੋਂ ਵਧੇਰੇ ਕਾਫ਼ੀਆਂ ਲਿਖੀਆਂ ਹਨ। ਸਭ ਤੋਂ ਚੰਗੇਰੇ ਇਨ੍ਹਾਂ ਵਿਚ ਰੰਗ ਭਰੇ ਹਨ । ਸਭ ਤੋਂ ਵੱਧ ਬਹਿਰ ਵਰਤੇ ਹਨ, ਅਲੰਕਾਰਾਂ, ਬਿੰਬਾਂ, ਚਿੰਨ੍ਹਾਂ ਦਾ ਕੋਈ ਅੰਤ ਨਹੀਂ । ਸਾਰੀਆਂ ਕਾਫ਼ੀਆਂ ਵਿਚ ਸੂਫ਼ੀ ਰੰਗ ਕਿਧਰੇ ਫਿੱਕਾ ਨਹੀਂ ਪੈਂਦਾ । ਬੋਲੀ ਪੁਖ਼ਤਾ ਤੇ ਰਚਣਹਾਰਾ ਉੱਤਮ ਫ਼ਨਕਾਰ ਹੈ ।

ਇਨ੍ਹਾਂ ਦੋ ਕਵੀਆਂ ਤੋਂ ਇਲਾਵਾ ਕੁੱਝ ਹੋਰ ਸੂਫ਼ੀਆਂ ਦੇ ਨਾਂ ਵੀ ਲਏ ਜਾ ਸਕਦੇ ਹਨ, ਜਿਵੇਂ ਗ਼ੁਲਾਮ ਮੁਸਤਫ਼ਾ ਮਾਸੂਮ, ਗ਼ੁਲਾਮ ਹੁਸੈਨ ਕੇਲੀਆਂ ਵਾਲਾ, ਮੁਹੰਮਦ ਦੀਨ, ਮੁਹੰਮਦ ਅਸ਼ਰਫ਼ ਆਦਿ। ਪਰ ਇਨ੍ਹਾਂ ਕਵੀਆਂ ਨੇ ਸੂਫ਼ੀ ਰਹੱਸਵਾਦੀ ਅਨੁਭਵ ਦਾ ਸਹੀ ਜਾਂ ਡੂੰਘਾ ਪ੍ਰਗਟਾਵਾਂ ਨਹੀਂ ਕੀਤਾ। ਕੁਲ ਮਿਲਾ ਕੇ ਇਸ ਕਾਲ ਵਿਚ ਸੂਫ਼ੀ ਕਵਿਤਾ ਬਹੁਤੀ ਨਹੀਂ ਰਚੀ ਗਈ । ਰਾਜ ਦੀ ਬਦਲੀ ਨਾਲ ਲੋਕਾਂ ਦਾ ਜੀਵਨ ਅਤੇ ਧਰਮ ਪ੍ਰਤੀ ਦ੍ਰਿਸ਼ਟੀਕੋਣ ਬਦਲ ਗਿਆ। ਸੂਫ਼ੀ ਡੇਰਿਆਂ ਵਿਚ ਉਦਾਸੀ ਪਸਰਨ ਲੱਗੀ, ਜਿਗਿਆਸਾ ਘੱਟਦੀ ਗਈ। ਬੱਸ ਕੁੱਝ ਕੁ ਪਰੰਪਰਾਗਤ ਗੱਦੀਦਾਰ ਅਤੇ ਉਨ੍ਹਾਂ ਦੇ ਚੇਲਿਆਂ, ਮੁਰੀਦਾਂ ਤਕ ਹੀ ਇਹ ਸਾਧਨਾ ਸੀਮਤ ਰਹਿ ਗਈ । ਨਾਲੇ, ਸੂਫ਼ੀ ਸਾਧਕਾਂ ਦੇ ਨਾ ਉਹ ਆਚਰਨ ਰਹੇ ਅਤੇ ਨਾ ਹੀ ਤਪੱਸਿਆ। ਕੇਵਲ ਸੂਫ਼ੀ ਬਾਣਾ ਪਾ ਕੇ ਅਤੇ ਬੰਦਗੀ ਜਾਂ ਮਸਤੀ ਦਾ ਵਿਖਾਵਾ ਕਰਕੇ ਕੋਈ ਸ੍ਰੇਸ਼ਠ ਸੂਫ਼ੀ ਨਾ ਬਣ ਸਕਿਆ। ਅਜਿਹੇ ਸਾਧਕਾਂ ਨੂੰ ਨਾ ਸੂਫ਼ੀ ਸਿਧਾਂਤਾਂ ਦਾ ਬੋਧ ਸੀ ਅਤੇ ਨਾ ਹੀ ਉਹ ਕਰਨੀ ਦੇ ਸੂਰੇ ਸਨ। ਫਲਸਰੂਪ ਸੂਫ਼ੀ ਕਾਵਿ-ਧਾਰਾ ਵਿਚ ਇੱਕ ਖੜੋਤ ਆ ਗਈ, ਕਿਤੇ-ਕਿਤੇ ਹੀ ਕੋਈ ਸੂਫ਼ੀ ਅਧਿਆਤਮਿਕ ਰੰਗ ਵਿਚ ਰੰਗਿਆ ਮਿਲਦਾ। ਗ਼ੁਲਾਮ ਫ਼ਰੀਦ ਉੱਨ੍ਹੀਵੀਂ ਸਦੀ ਦੇ ਸੂਫ਼ੀ ਕਾਵਿ-ਧਾਰਾ ਦਾ ਅੰਤਿਮ ਮਹੱਤਵਪੂਰਨ ਕਵੀ ਕਿਹਾ ਜਾ ਸਕਦਾ ਹੈ ।

**ਵੀਰ-ਕਾਵਿ**:

ਇਸ ਕਾਲ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਿੱਖ ਰਾਜ ਦੀਆਂ ਸ਼ਾਮਾਂ ਢਲ ਚੁੱਕੀਆਂ ਸਨ। ਸਾਰਾ ਪੰਜਾਬ ਹਾਰ ਦੀ ਨਮੋਸ਼ੀ ਨਾਲ ਮੂੰਹ ਲੁਕੋ ਰਿਹਾ ਸੀ। ਉਤਸ਼ਾਹ ਦਾ ਭਾਵ ਦੱਬ ਗਿਆ ਸੀ, ਦੇਸ਼-ਪਿਆਰ ਦਾ ਜਜ਼ਬਾ, ਜਾਂ ਆਤਮ-ਗੌਰਵ ਖ਼ਤਮ ਹੋ ਚੁੱਕਿਆ ਸੀ । ਲੋਕ ਦੜ ਵੱਟ ਕੇ ਵਕਤ ਕੱਟ ਰਹੇ ਸਨ। ਫਿਰ ਵੀ ਕਿਤੇ-ਕਿਤੇ ਕੋਈ ਰਚਨਾ ਅਜਿਹੀ ਮਿਲਦੀ ਹੈ ਜਿਸ ਵਿਚ ਵੀਰ-ਭਾਵਨਾ ਦਾ ਸੰਚਾਰ ਹੋਇਆ ਹੈ।

ਇਸ ਸੰਬੰਧ ਵਿਚ ਕਵੀ ਸੋਭਾ ਦੀ ਲਿਖੀ ਹੋਈ 'ਮੁਲਤਾਨ ਦੀ ਵਾਰ ਵਿਸ਼ਲੇਸ਼ਣ ਯੋਗ ਹੈ । ਕਵੀ ਮੁਲਤਾਨ ਦੇ ਇਲਾਕੇ ਦਾ ਰਹਿਣ ਵਾਲਾ ਸੀ। ਉਸ ਨੇ ਅੰਗਰੇਜ਼ਾਂ ਦੀ ਆਖ਼ਰੀ ਲੜਾਈ (1848-49) ਦਾ ਅੱਖੀਂ ਡਿੱਠਾ ਵਰਣਨ ਕੀਤਾ ਹੈ, ਕਿਤੇ-ਕਿਤੇ ਤੱਥਕ ਉਕਾਈਆਂ ਵੀ ਕੀਤੀਆਂ ਹਨ। ਕਵੀ ਦੇ ਮਨ ਅੰਦਰ ਦੀਵਾਨ ਮੂਲ ਚੰਦ ਪ੍ਰਤੀ ਘ੍ਰਿਣਾ ਅਤੇ ਅੰਗਰੇਜ਼ ਰਾਜ ਪ੍ਰਤਿ ਆਦਰ ਦੀ ਭਾਵਨਾ ਤੋਂ ਪ੍ਰਗਟ ਹੁੰਦਾ ਹੈ ਕਿ ਇਹ ਵਾਰ ਜਾਂ ਤਾਂ ਕਿਸੇ ਅੰਗਰੇਜ਼ ਦੇ ਕਹੇ ਤੇ ਲਿਖੀ ਗਈ ਸੀ ਜਾਂ ਫਿਰ ਕਵੀ ਦੀ ਆਪਣੀ ਮਾਨਸਿਕਤਾ ਉੱਤੇ ਹੀ ਗ਼ੁਲਾਮੀ ਛਾ ਚੁੱਕੀ ਸੀ। ਇਸੇ ਲਈ ਉਸ ਨੇ ਅੰਗਰੇਜ਼ੀ ਰਾਜ ਨੂੰ ਸੁਖ-ਸ਼ਾਂਤੀ ਦਾ ਜ਼ਮਾਨਾ ਕਿਹਾ ਹੈ :

ਹੁਣ ਅਮਨ ਜ਼ਮਾਨਾ ਆਇਆ, ਰਲ ਖੇਡਣ ਮੀਂਹ ਤੇ ਗਾਈਂ ।

ਜੋ ਕੁਛ ਗੁਜ਼ਰਿਆ ਮੁਲਕ ਅੰਦਰ, ਸੋਭਾ ਆਖ ਸੁਣਾਈ।

ਇਸ ਕਾਲ ਦੀ ਦੂਜੀ ਉੱਲੇਖ ਯੋਗ ਰਚਨਾ ਹੈ "ਗੱਦਰ ਦੀ ਵਾਰ` । ਇਸ ਦੇ ਕਵੀ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਉਂਜ ਵਾਰ ਦੇ ਮੰਗਲਾਚਰਨ ਦੇ ਸਰੂਪ ਤੋਂ ਉਹ ਕੋਈ ਹਿੰਦੂ ਕਵੀ ਜਾਪਦਾ ਹੈ। ਇਸ ਵਾਰ ਦੀ ਰਚਨਾ 1857 ਦੇ ਗ਼ਦਰ ਤੋਂ ਬਾਅਦ ਹੋਈ ਹੈ। ਇਸ ਵਿਚ ਅੰਗਰੇਜ਼ ਰਾਜ ਦੀ ਸਥਾਪਨਾ ਨੂੰ 'ਆਨ ਮਸਾਲ ਜਗਾਇ" ਕਹਿ ਕੇ ਵਡਿਆਇਆ ਗਿਆ ਹੈ।

ਇਸ ਕਾਲ ਦੀ ਤੀਜੀ ਰਚਨਾ ਹੈ 'ਜੰਗਨਾਮਾ ਦਿੱਲੀ। ਇਸ ਦਾ ਕਵੀ ਖ਼ਜ਼ਾਨ ਸਿੰਘ ਪਟਿਆਲੇ ਦਾ ਰਹਿਣ ਵਾਲਾ ਸੀ। ਗ਼ਦਰ ਵੇਲੇ ਪਟਿਆਲਾ ਦੇ ਮਹਾਰਾਜਾ ਨਰਿੰਦਰ ਸਿੰਘ ਨੇ ਉਚੇਚੀ ਭਰਤੀ ਕਰਕੇ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਇਸ ਉਚੇਚੀ ਭਰਤੀ ਦਾ ਚਿਤਰਣ ਕਰਦਿਆਂ ਕਵੀ ਨੇ ਲਿਖਿਆ ਹੈ:

ਚਲੇ ਤਾਣੀਆਂ ਛੋਡ ਕਬੀਰ ਪੰਥੀ, ਤੇਲੀ ਤੇਲ ਦਾ ਪੀਨਾਂ ਦੂਰ ਕੀਤਾ।

ਨਾਈ ਗੁੱਛੀਆਂ ਸੌਂਪ ਕੇ ਘਰ ਦਿਆਂ ਨੂੰ, ਜਾਣਾ ਨੌਕਰੀ ਦਾ ਮਨਜ਼ੂਰ ਕੀਤਾ।

ਪੀਜੋ ਪੀਜਣ ਗਿਆ ਬਿਲਗ ਉੱਤੇ, ਕਹਿਮ ਮਾਰ ਤਾੜੇ ਸਾਨੂੰ ਦੂਰ ਕੀਤਾ ।

ਕਵੀ ਸਿੰਘ ਢੱਡੇ ਕੰਮ ਦਰਜ਼ੀਆਂ ਨੇ, ਦਿਨ ਆਪਣੇ ਜਦੋਂ ਸਹੂਰ ਕੀਤਾ।

ਇਸ ਟੂਕ ਤੋਂ ਸਪਸ਼ਟ ਹੈ ਕਿ ਪਛੜੀਆਂ ਜਾਤਾਂ ਵਾਲਿਆਂ ਨੇ ਵੀ ਇਸ ਭਰਤੀ ਪ੍ਰਤਿ ਉਚੇਚਾ ਉਤਸ਼ਾਹ ਵਿਖਾਇਆ ਸੀ। ਕਵੀ ਨੇ ਇਸ ਜੰਗਨਾਮੇ ਵਿਚ ਗ਼ਦਰ ਸਮੇਂ ਹੋਏ ਦਿੱਲੀ ਦੇ ਯੁੱਧ ਦਾ ਬਿਰਤਾਂਤ ਬੜੇ ਵਿਸਤਾਰ ਨਾਲ ਦਿੱਤਾ ਹੈ । ਅੰਗਰੇਜ਼ ਪੱਖੀ ਰਾਜ ਦੇ ਰਾਜ ਵਿਚ ਰਹਿਣ ਕਾਰਨ ਕਵੀ ਵਿਚ ਰਾਜ-ਭਗਤੀ ਦੀ ਭਾਵਨਾ ਸਪਸ਼ਟ ਰੂਪ ਵਿਚ ਉੱਘੜੀ ਹੈ।

ਉਪਰੋਕਤ ਵੀਰ ਰਸੀ ਰਚਨਾਵਾਂ ਤੋਂ ਇਲਾਵਾ ਕੁੱਝ ਹੋਰ ਵੀ ਅਜਿਹੀਆਂ ਰਚਨਾਵਾਂ ਮਿਲਦੀਆਂ ਹਨ ਜਿਨ੍ਹਾਂ ਦਾ ਸੰਬੰਧ ਉੱਤਰ-ਪੱਛਮੀ ਸਰਹੱਦ ਵੱਲ ਅੰਗਰੇਜ਼ ਰਾਜ ਦੀ ਸਥਾਪਤੀ ਲਈ ਸਿੱਖ ਸੈਨਿਕਾਂ ਵੱਲੋਂ ਕੀਤੀਆਂ ਬੇਮਿਸਾਲ ਕੁਰਬਾਨੀਆਂ ਨਾਲ ਹੈ । ਇਨ੍ਹਾਂ ਕਾਵਿ-ਰਚਨਾਵਾਂ ਦੇ ਨਾਂ ਇਸ ਪ੍ਰਕਾਰ ਹਨ- "ਜੰਗਨਾਮਾ ਕਾਬਲ ਕੰਧਾਰ ਦਾ (ਕ੍ਰਿਤ ਸ਼ਿਆਮ ਸਿੰਘ ਕਵੀਸ਼ਰ-1881), 'ਜੰਗਨਾਮਾ ਕਾਬਲ' (ਕ੍ਰਿਤ ਕਵੀ ਕਰਮ ਸਿੰਘ-1882), 'ਜੰਗ ਮੁਹਿੰਮ ਚਤਰਾਲ' ਅਤੇ 'ਬਾਰਾਂਮਾਹ ਜੰਗ ਚਿਤਾਲ' (ਕ੍ਰਿਤ ਕਵੀ ਵਧਾਵਾ ਸਿੰਘ-1896), "ਜੰਗ ਚਿਤਰਾਲ' (ਕ੍ਰਿਤ ਕਵੀ ਕੇਹਰ ਸਿੰਘ-1897), 'ਜੰਗਨਾਮਾ ਮਾਲਾ ਕੰਦ` (ਕ੍ਰਿਤ ਕਵੀ ਗੋਪਾਲ ਸਿੰਘ ਮਿਸਤਰੀ-1898), 'ਜੰਗ ਤੀਰਾਹ" (ਕ੍ਰਿਤ ਕਵੀ ਲਾਭ ਸਿੰਘ-1899), "ਜੰਗਨਾਮਾ ਸਰਹੱਦੀ ਤੀਰਾਹ' (ਕ੍ਰਿਤ ਕਵੀ ਪਾਲ ਸਿੰਘ-1899), 'ਜੰਗ ਤੀਰਾਹ` (ਕ੍ਰਿਤ ਕਵੀ ਸੋਭਾ ਸਿੰਘ-1900), ਖ਼ਾਲਸਾ ਬਹਾਦਰ ਜੰਗ ਸਾਰਾਗੜ੍ਹੀ ਨੰ. 1 (ਕ੍ਰਿਤ ਕਵੀ ਚੂੜ ਸਿੰਘ--1900), ਖ਼ਾਲਸਾ ਬਹਾਦਰ)-ਜੰਗ ਸਾਰਾਗੜ੍ਹੀ ਨੰ. 2 (ਕ੍ਰਿਤ ਕਵੀ ਮਿਹਰ ਸਿੰਘ) ਆਦਿ। ਕਵੀ ਚੂੜ ਸਿੰਘ ਨੇ ਬੜੀ ਰੁਚੀ ਨਾਲ ਸਾਰਾਗੜ੍ਹੀ ਦੇ ਸਿੱਖ ਸੈਨਿਕਾਂ ਦੀ ਬਹਾਦਰੀ ਦਾ ਵਰਣਨ ਕੀਤਾ ਹੈ:

ਤਿੰਨਾਂ ਸਿੰਘਾਂ ਨੇ ਜੋਸ਼ ਦੇ ਵਿਚ ਆ ਕੇ, ਕੰਧਾਂ ਉੱਪਰ ਛਾਲਾਂ ਜਾਂ ਮਾਰੀਆਂ ਜੀ ।
ਹਲਾ ਮਾਰ ਕੇ ਮਾਰਿਆ ਵੈਰੀਆਂ ਨੂੰ, ਕਿਹੜਾ ਗਿਣੇ ਜੋ ਜਿੰਦਾ ਸੰਘਾਰੀਆਂ ਜੀ ।
ਜਦੋਂ ਵੈਰੀ ਦੇ ਕੋਲ ਹੀ ਜਾ ਪੁੱਜੇ, ਮਿਆਨੋਂ ਖਿੱਚ ਕੇ ਤੇਗ਼ਾਂ ਉਲਾਰੀਆਂ ਜੀ ।

ਸਿੰਘਾਂ ਜੌਹਰ ਵਿਖਾਇ ਕੇ ਚੁੜ ਸਿੰਘ, ਜਿੰਦਾ ਚਿੱਥੀਆਂ ਬੇਸ਼ੁਮਾਰੀਆਂ ਜੀ।

ਉਪਰੋਕਤ ਵੀਰ-ਰਸੀ ਰਚਨਾਵਾਂ ਦੇ ਹੇਠ ਲਿਖੇ ਲੱਛਣ ਉੱਘੜ ਕੇ ਸਾਹਮਣੇ ਆਉਂਦੇ ਹਨ:

(1) ਇਨ੍ਹਾਂ ਰਚਨਾਵਾਂ ਵਿਚ ਕਿਸੇ ਪ੍ਰਕਾਰ ਦੀ ਕੋਈ ਦੇਸ਼-ਭਗਤੀ ਦੀ ਭਾਵਨਾ ਨਹੀਂ ਹੈ ਅਤੇ ਨਾ ਹੀ ਕੋਈ ਜਨ-ਲਹਿਰ ਪੈਦਾ ਕਰਨ ਦੀ ਪ੍ਰਵਿਰਤੀ ਹੈ।

(2) ਇਨ੍ਹਾਂ ਵਿਚ ਰਾਜ-ਭਗਤੀ ਅਤੇ ਅੰਗਰੇਜ਼ਾਂ ਦੇ ਰਾਜ ਦੀਆਂ ਸੁਖ-ਸੁਵਿਧਾਵਾਂ ਦਾ ਵਰਣਨ ਹੈ। ਆਤਮ-ਗੌਰਵ ਅਤੇ ਕੌਮੀ ਅਣਖ ਦੀ ਘਾਟ ਹੈ।

(3) ਅੰਗਰੇਜ਼ਾਂ ਦੇ ਰਾਜ ਦੀ ਸਥਾਪਨਾ ਲਈ ਲੜ ਕੇ ਵੀਰ-ਗਤੀ ਨੂੰ ਪ੍ਰਾਪਤ ਹੋਏ ਯੁੱਧ-ਵੀਰ ਸਿੰਘਾਂ ਦੀ ਵੀਰਤਾ ਦਾ ਯਸ਼ ਗਾਇਆ ਗਿਆ ਹੈ।

(4) ਇਨ੍ਹਾਂ ਦਾ ਸਾਹਿੱਤਿਕ ਪੱਧਰ ਬਹੁਤ ਉੱਚਾ ਨਹੀਂ ਹੈ।

ਇਸ ਕਾਲ ਵਿਚ ਮੁਸਲਮਾਨ ਕਵੀਆਂ ਨੇ ਕੁੱਝ ਜੰਗਨਾਮੇ ਲਿਖੇ ਹਨ ਜਿਨ੍ਹਾਂ ਵਿਚ ਪੁਰਾਣੇ ਇਤਿਹਾਸ ਅਤੇ ਸ਼ਹੀਦਾਂ ਦੀ ਬਹਾਦਰੀ ਦੇ ਸੋਹਲੇ ਗਾਏ ਗਏ ਹਨ। ਇਹ ਰਚਨਾਵਾਂ ਪੁਰਾਤਨ ਸਾਕਿਆਂ ਦੀ ਪੁਨਰ-ਸਿਰਜਨਾ ਹੈ ਜਿਸ ਰਾਹੀਂ ਉਹ ਆਪਣੇ ਬੀਤੇ ਹੋਏ ਕਾਲ ਦੀ ਮਹਾਨਤਾ ਉਘਾੜ ਸਕੇ ਹਨ । ਇਨ੍ਹਾਂ ਜੰਗਨਾਮਿਆਂ ਦਾ ਸੰਬੰਧ ਹਜ਼ਰਤ ਅਲੀ ਅਤੇ ਉਸ ਦੇ ਪੁੱਤਰਾਂ ਦੇ ਯੁੱਧਾਂ ਨਾਲ ਹੈ। ਨੂਰ ਅਹਿਮਦ ਚਿਸ਼ਤੀ ਨੇ ਆਪਣੇ ਜੰਗਨਾਮੇ ਅਜ਼ੀਜ਼ ਫ਼ਾਤਮਾ ਵਿਚ ਯੁੱਧ-ਭੂਮੀ ਦਾ ਬੜਾ ਸਜੀਵ ਚਿੱਤਰ, ਖਿੱਚਿਆ ਹੈ ਕਿ ਕਿਵੇਂ ਸਿਪਾਹੀਆਂ ਦੇ ਸਿਰ, ਧੜ, ਲਾਸ਼ਾਂ, ਲਹੂ ਦੇ ਹੜ੍ਹ ਹੀ ਹਰ ਪਾਸੇ ਨਜ਼ਰ ਆਉਂਦੇ ਹਨ:

ਖੇਨੂੰ ਵਾਂਗਰ ਦੂਰ ਦੂਰ ਉੱਡਦੀਆਂ ਸਿਰੀਆਂ ਜਾਵਣ ।
ਜਿੱਧਰ ਵੇਖੀਏ ਉਸੇ ਪਾਸੇ ਮੁਰਦੇ ਨਜ਼ਰੀ ਆਵਣ।
ਤੁਰਦੇ ਫਿਰਦੇ ਖ਼ੂਨੀ ਹੜ੍ਹ ਵਿਚ ਮਰਦ ਬਹਾਦਰ ਗ਼ਾਜ਼ੀ।
ਓੜਕ ਸ਼ਾਮੋ ਪਹਿਲੇ ਪਹਿਲੇ ਜਿੱਤ ਲਇਓ ਨੇ ਬਾਜ਼ੀ।

ਇਨ੍ਹਾਂ ਜੰਗਨਾਮਿਆਂ ਵਿਚ ਵੀਰ ਰਸ ਆਪਣੇ ਪੱਕੇ ਹੋਏ ਰੂਪ ਵਿਚ ਸਾਹਮਣੇ ਨਹੀਂ ਆਉਂਦਾ। ਕਰੁਣਾ ਰਸ ਦੇ ਮੇਲ ਕਾਰਨ ਰਸਾਂਤਰ ਪੈਦਾ ਹੁੰਦਾ ਹੈ। ਇਸ ਲਈ ਇਸ ਨੂੰ ਸਹੀ ਵੀਰ-ਰਸੀ ਕਾਵਿ ਦੇ ਵਰਗ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਪਿੱਛੇ ਕਵੀਸ਼ਰੀ ਦੇ ਪ੍ਰਸੰਗ ਵਿਚ ਦੱਸਿਆ ਜਾ ਚੁੱਕਾ ਹੈ ਕਿ ਕਵੀਸ਼ਰਾਂ ਨੇ ਕੁੱਝ ਸਥਾਨਕ ਸੂਰਮਿਆਂ, ਡਕੈਤਾਂ ਆਦਿ ਦੀ ਵੀਰਤਾ ਦਾ ਯਸ਼ ਗਾਇਆ ਹੈ ਜਿਵੇਂ ਦੁੱਲਾ ਭੱਟੀ, ਸੁੱਚਾ ਸਿੰਘ ਸੂਰਮਾ, ਜਿਊਣਾ ਮੋੜ, ਜੈਮਲ ਫੱਤਾ ਆਦਿ, ਪਰ ਇਨ੍ਹਾਂ ਦਾ ਉਦੇਸ਼ ਕੋਈ ਜਨ-ਜਾਗਰਨ ਨਹੀਂ, ਭਾਵੁਕ ਲੋਕ-ਮਨੋਰੰਜਨ ਹੈ। ਇਨ੍ਹਾਂ ਵਿਚ ਵੀਰ ਰਸ ਦਾ ਕੇਵਲ ਆਭਾਸ ਹੀ ਮਿਲਦਾ ਹੈ।

**ਸਟੇਜੀ ਅਤੇ ਧਾਰਮਿਕ ਕਾਵਿ**:

ਇਸ ਕਾਲ ਵਿਚ ਰਚੀ ਗਈ ਕਵਿਤਾ ਦੀ ਇੱਕ ਵੰਨਗੀ ਹੈ ਅੰਗਰੇਜ਼ਾਂ ਨੇ ਉਰਦੂ ਭਾਸ਼ਾ ਵਿਚ ਕੰਮ ਚਲਾਉਣ ਲਈ ਯੂ.ਪੀ. ਤੋਂ ਬਹੁਤ ਉਰਦੂ ਪੜ੍ਹੇ ਕਰਮਚਾਰੀ ਲਿਆਂਦੇ । ਮੌਲਾਨਾ ਹਾਲੀ, ਮੌਲਾਨਾ ਮੁਹੰਮਦ ਹੁਸੈਨ ਆਜ਼ਾਦ ਵੀ ਉਰਦੂ ਦੇ ਉੱਚੀ ਪੱਧਰ ਦੇ ਵਿਦਵਾਨ ਅਤੇ ਸ਼ਾਇਰ ਲਾਹੌਰ ਪਹੁੰਚ ਗਏ। ਉਰਦੂ ਦੀਆਂ ਅਨੇਕ ਪੱਤਰ-ਪੱਤ੍ਰਿਕਾਵਾਂ ਛਪਣ ਲੱਗੀਆਂ ਅਤੇ ਸਹਿਜੇ ਸਹਿਜੇ ਲਾਹੌਰ ਉਰਦੂ ਦੀ ਸਾਹਿੱਤਿਕ ਗਤੀਵਿਧੀ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ। ਉਰਦੂ ਵਿਚ ਮੁਸ਼ਾਇਰੇ ਹੋਣ ਲੱਗੇ ਜਿਨ੍ਹਾਂ ਵਿਚ ਇਸ ਭਾਸ਼ਾ ਦੇ ਮੰਨੇ ਪਰਮੰਨੇ ਕਵੀ ਹਿੱਸਾ ਲੈਂਦੇ। ਇਨ੍ਹਾਂ ਮੁਸ਼ਾਇਰਿਆਂ ਵਿਚ ਸ਼ਾਮਲ ਹੋਣ ਲਈ ਪੰਜਾਬੀ ਦੇ ਕਵੀਆਂ ਨੂੰ ਵੀ ਬੁਲਾਇਆ ਜਾਂਦਾ ਅਤੇ ਉਹ ਆਪਣਾ ਕਲਾਮ ਪੰਜਾਬੀ ਵਿਚ ਸੁਣਾਂਦੇ। ਉਸ ਵਕਤ ਦੇ ਕੁੱਝ ਕੁ ਪ੍ਰਸਿੱਧ ਪੰਜਾਬੀ ਕਵੀਆਂ ਦੇ ਨਾਂ ਇਸ ਪ੍ਰਕਾਰ ਹਨ-ਗਾਮੂੰ ਖਾਂ, ਰਫ਼ੀਕ, ਮੀਆਂ ਹਦਾਇਤੁਲਾ, ਫ਼ਜ਼ਲ ਸ਼ਾਹ, ਆਗਾ ਅਲੀ ਖਾਂ ਆਦਿ । ਕਵੀਆਂ ਨੂੰ ਪਹਿਲਾਂ ਸਮੱਸਿਆ ਜਾਂ ਵੰਨਗੀ ਦਿੱਤੀ ਜਾਂਦੀ, ਫਿਰ ਕਵੀ ਉਸ ਉੱਤੇ ਆਪਣੀ ਕਵਿਤਾ ਦੀ ਸਿਰਜਨਾ ਕਰਦੇ। ਪੰਜਾਬੀ ਵਿਚ ਗ਼ਜ਼ਲ

ਲਿਖਣ ਦੀ ਰੁਚੀ ਇਨ੍ਹਾਂ ਮੁਸ਼ਾਇਰਿਆਂ /ਕਵੀ ਦਰਬਾਰਾਂ ਨੇ ਪੈਦਾ ਕੀਤੀ ਪ੍ਰਤੀਤ ਹੁੰਦੀ ਹੈ। ਸਮਾਂ ਬੀਤਣ ਨਾਲ ਪੰਜਾਬੀ ਕਵੀਆਂ ਨੇ ਆਪਣੀਆਂ ਵੱਖਰੀਆਂ ਵੱਖਰੀਆਂ ਟੋਲੀਆਂ ਬਣਾਉਣੀਆਂ ਸ਼ੁਰੂ ਕੀਤੀਆਂ ਅਤੇ ਵੱਡੇ ਵੱਡੇ ਸ਼ਹਿਰਾਂ ਵਿਚ ਪੰਜਾਬੀ ਦੇ ਸੁਤੰਤਰ ਕਵੀ ਦਰਬਾਰ ਹੋਣ ਲੱਗੇ। ਪਰ ਇਨ੍ਹਾਂ ਕਵੀ ਦਰਬਾਰਾਂ ਵਿਚ ਅਧਿਕਤਰ ਮੁਸਲਮਾਨ ਜਾਂ ਹਿੰਦੂ ਕਵੀ ਸ਼ਾਮਲ ਹੁੰਦੇ। ਇਸ ਕਾਲ ਦੇ ਅੰਤਿਮ ਪੜਾ 'ਤੇ ਸਿੱਖ ਕਵੀ ਵੀ ਸ਼ਾਮਲ ਹੋਣ ਲੱਗੇ ਅਤੇ ਇਸ ਤਰ੍ਹਾਂ ਇਸ ਕਾਲ ਦਾ ਪਿਛਲਾ ਅੱਧ ਸਟੇਜੀ ਕਵਿਤਾ ਦਾ ਅਹਿਮ ਦੌਰ ਕਿਹਾ ਜਾ ਸਕਦਾ ਹੈ।

ਸਟੇਜੀ ਕਵਿਤਾ ਦੇ ਕੁੱਝ ਕੁ ਮੁੱਖ ਲੱਛਣ ਇਹ ਹਨ ਕਿ ਇਸ ਕਵਿਤਾ ਰਾਹੀਂ ਪੰਜਾਬੀ ਕਵੀਆਂ ਵਿਚ ਉਸਤਾਦੀ ਸ਼ਾਗਿਰਦੀ ਦੀ ਰੁਚੀ ਵਧੀ, ਕਵੀਆਂ ਦੇ ਧੜੇ ਬਣਨੇ ਸ਼ੁਰੂ ਹੋਏ ਅਤੇ ਖ਼ਾਸ ਕਿਸਮ ਦੀ ਹੋੜ ਦੀ ਬਿਰਤੀ ਵਿਕਸਿਤ ਹੋਈ। ਇਸ ਨਾਲ ਕਵਿਤਾ ਲਿਖਣ ਵੇਲੇ ਖ਼ਾਸ ਕਿਸਮ ਦੀ ਸਾਵਧਾਨੀ ਵਰਤੀ ਜਾਣ ਲੱਗੀ । ਫਲਸਰੂਪ ਕਵਿਤਾ ਵਿਚ ਸਾਹਿੱਤਿਕ ਅਤੇ ਕਲਾਤਮਕ ਪੱਖ ਤੋਂ ਵਿਸ਼ੇਸ਼ ਉੱਨਤੀ ਹੋਈ। ਲੰਬੀ ਕਵਿਤਾ ਦੀ ਥਾਂ ਤੇ ਛੋਟੀ ਕਵਿਤਾ ਲਿਖੀ ਜਾਣ ਲੱਗੀ ਕਿਉਂਕਿ ਕਵੀ-ਦਰਬਾਰਾਂ ਵਿਚ ਲੰਬੀਆਂ ਕਵਿਤਾਵਾਂ ਪੜ੍ਹਨ ਦਾ ਖੁੱਲ੍ਹਾ ਸਮਾਂ ਨਹੀਂ ਹੁੰਦਾ । ਜ਼ਿਆਦਾਤਰ ਗ਼ਜ਼ਲਾਂ, ਨਜ਼ਮਾਂ, ਰੁਬਾਈਆਂ ਲਿਖੀਆਂ ਜਾਂਦੀਆਂ। ਕਦੇ ਕਦੇ ਕੋਈ ਕਵੀ ਬਾਰਾਂਮਾਹ ਜਾਂ ਅਠਵਾਰਾ ਵੀ ਲਿਖ ਲਿਆਉਂਦਾ। ਕਵੀ-ਧੜਿਆਂ ਦੀ ਪਰਸਪਰ ਹੋੜ ਅਤੇ ਖ਼ਾਰਬਾਜ਼ੀ ਨੇ ਵਿਅੰਗ ਪ੍ਰਧਾਨ ਜਾਂ ਬੁਝਾਰਤਨੁ ਕਾਵਿ-ਵੰਨਗੀ ਨੂੰ ਵੀ ਜਨਮ ਦਿੱਤਾ। ਆਪਣੀ ਯੋਗਤਾ ਦਾ ਅਸਰ ਪਾਣ ਲਈ ਕਵੀ ਲੋਕ ਕਵਿਤਾ ਦੇ ਕਲਾਤਮਕ ਪੱਖ ਵੱਲ ਵਿਸ਼ੇਸ਼ ਰੁਚਿਤ ਹੁੰਦੇ ਅਤੇ ਆਪਣੇ ਕਾਵਿ-ਚਮਤਕਾਰ ਵਿਖਾ ਕੇ ਵਾਹ ਵਾਹ ਹਾਸਲ ਕਰਦੇ । ਕਈ ਵਾਰ ਇੱਕ ਧੜੇ ਵੱਲੋਂ ਪ੍ਰਸ਼ਨ ਰੂਪ ਵਿਚ ਕਈ ਅੜਾਉਣੀ ਦੂਜੇ ਧੜੇ ਨੂੰ ਵੰਗਾਰਦੀ ਅਤੇ ਦੂਜਾ ਧੜਾ ਉਸ ਵੰਗਾਰ ਦਾ ਤੁਰਤ ਫੁਰਤੀ ਜਵਾਬ ਦਿੰਦਾ। ਇੱਥੇ ਹਾਫ਼ਜ਼ ਅੱਲਾ ਬਖ਼ਸ਼ ਪਿਆਰਾ ਅਤੇ ਅਲਾਦੀਨ ਸ਼ਾਦੀ ਦਾ ਇੱਕ ਕਾਵਿ-ਬੰਦ ਵੇਖੋ :

ਅਲਫ਼ ਅਸਾਂ ਦਿਤਾ ਤੇਰੇ ਹਥ ਪੈਸਾ, ਇਹ ਦੀਆਂ ਲਿਆ ਦੇ ਚੀਜ਼ਾਂ ਨੂੰ ਚਾਰ ਮੀਆਂ ।

ਕਾਠ ਫਲ ਤੇ ਕਕੜੀ ਪਾਨ ਬੀੜਾ, ਨਾਲੇ ਲਿਆਵੀਂ ਖਾਂ ਫੁੱਲਾਂ ਦੇ ਹਾਰ ਮੀਆਂ।

ਪੈਸਾ ਮੋੜ ਲਿਆਵੀਂ, ਨਾਲੇ ਦੁਧ ਲਿਆਵੀ, ਅਤੇ ਕਰੀਂ ਨਾ ਮੂਲ ਉਧਾਰ ਮੀਆਂ।

ਪਿਆਰੇ ਯਾਰ ਨੂੰ ਦੇਈਂ ਜਵਾਬ ਇਸ ਦਾ, ਨਹੀਂ ਤਾਂ ਨਿਕਲ ਜਾਈ ਪਿਛੋਂ ਬਾਹਰ ਮੀਆਂ।

ਦਾਲ ਦੁਸ਼ਮਨ ਨੇ ਦਿੱਤਾ ਮੇਰੇ ਹੱਥ ਪੈਸਾ, ਜਾ ਕੇ ਲੱਭ ਲੀਤੀ ਜੂਹ ਵਖਰੀ ਮੈਂ।

ਇੱਕ ਅਜ ਅਜਾਇਬ ਥੀਂ ਅੱਕ ਡਿੱਠਾ, ਉਹਦੀ ਤੋੜ ਲਿਤੀ ਕੀ ਲਕੜੀ ਮੈਂ ।

ਪਹਿਲੇ ਫੁਲ ਤੋੜੇ ਫੇਰ ਦੁਧ ਚੋਇਆ, ਨਾਲੇ ਤੋੜ ਲਿਤੀ ਉਸ ਦੀ ਕਕੜੀ ਮੈਂ ।

ਸ਼ਾਦੀ ਯਾਰ ਨੇ ਤੈਨੂੰ ਜਵਾਬ ਦਿੱਤਾ, ਗੱਲ ਖੋਲ੍ਹ ਦਿੱਤੀ ਵਖੋ ਵਖਰੀ ਮੈਂ ।

ਧਾਰਮਿਕ ਕਾਵਿ ਇਹ ਕਾਲ ਮੁੱਖ ਰੂਪ ਵਿਚ ਵੱਖ-ਵੱਖ ਧਰਮਾਂ ਦੀ ਆਪਸੀ ਖਿੱਚ-ਤਾਣ ਅਤੇ ਮਜ਼ਬੀ ਵਾਦ-ਵਿਵਾਦ ਦਾ ਸੀ। ਸਾਹਿੱਤਿਕ ਪੱਧਰ ਤੇ ਵਾਦ-ਵਿਵਾਦ ਵਾਰਤਕ ਵਿਚ ਹੁੰਦਾ ਰਿਹਾ। ਇਸ ਲਈ ਕਈ ਨਵੇਂ ਵਾਰਤਕ ਰੂਪ ਹੋਂਦ ਵਿਚ ਆਏ । ਪਰ ਕਾਵਿ ਵਿਚ ਇਸ ਵਾਦ-ਵਿਵਾਦ ਨੇ ਕੋਈ ਵਿਸ਼ੇਸ਼ ਸਥਾਨ ਨਹੀਂ ਬਣਾਇਆ। ਹਾਂ, ਆਪਣੇ ਧਰਮ ਵਿਚ ਪੱਕਾ ਰਹਿਣ ਜਾਂ ਧਾਰਮਿਕ ਮਰਯਾਦਾ ਦਾ ਪਾਲਨ ਕਰਨ ਲਈ ਕੁੱਝ ਕਵਿਤਾਵਾਂ ਜ਼ਰੂਰ ਲਿਖੀਆਂ ਗਈਆਂ, ਜਿਨ੍ਹਾਂ ਬਾਰੇ ਸੰਖੇਪ ਜਿਹੀ ਜਾਣਕਾਰੀ ਇੱਥੇ ਦਿੱਤੀ ਜਾਣੀ ਉਚਿੱਤ ਹੋਵੇਗੀ।

ਇਸਲਾਮਿਕ ਕਾਵਿ : ਇਸ ਕਾਲ ਵਿਚ ਮੁਸਲਮਾਨ ਕਵੀਆਂ ਨੇ ਬਹੁਤ ਅਧਿਕ ਕਿੱਸੇ ਲਿਖੇ । ਉਨ੍ਹਾਂ ਵਿਚ ਪ੍ਰਸੰਗ ਵੱਸ ਇਸਲਾਮ ਧਰਮ ਦੀ ਗੱਲ ਵੀ ਕੀਤੀ ਗਈ। ਇਸ ਤੋਂ ਇਲਾਵਾ ਸੂਫ਼ੀ ਸਾਧਕਾਂ ਦਾ ਕਲਾਮ ਆਪਣੀ ਨਵੇਕਲੀ ਪਛਾਣ ਵਾਲਾ ਹੈ। ਇਨ੍ਹਾਂ ਦੋਹਾਂ ਕਾਵਿ-ਕਿਰਤਾਂ ਤੋਂ ਹਟ ਕੇ, ਲਗਭਗ ਦੋ

ਦਰਜਨ ਕਵੀਆਂ ਨੇ ਅਜਿਹੀਆਂ ਕਵਿਤਾਵਾਂ ਜਾਂ ਕਾਵਿ-ਕਿਰਤਾਂ ਰਚੀਆਂ ਜਿਨ੍ਹਾਂ ਵਿਚ ਨਮਾਜ਼ਾਂ, ਰੋਜ਼ਿਆਂ ਆਦਿ ਦੇ ਮਹੱਤਵ ਨੂੰ ਦਰਸਾਇਆ ਗਿਆ, ਕੁਰਾਨ ਦੇ ਸਿਧਾਂਤਿਕ ਨੁਕਤਿਆਂ ਦੀ ਵਿਆਖਿਆ ਕੀਤੀ ਗਈ, ਮਾੜੇ ਕਰਮਾਂ ਨੂੰ ਛੱਡਣ ਲਈ ਕਈ ਨਾਮੇ ਲਿਖੇ ਗਏ, ਹਜ਼ਰਤ ਮੁਹੰਮਦ ਅਤੇ ਹੋਰ ਖ਼ਲੀਫ਼ਿਆਂ, ਅਮਾਮਾਂ ਦੀ ਸਿਫ਼ਤ ਵਿਚ ਵੀ ਕਵਿਤਾਵਾਂ ਲਿਖੀਆਂ ਗਈਆਂ। ਇਨ੍ਹਾਂ ਵਿਚ ਵਰਤੀ ਗਈ ਭਾਵੇਂ ਪੰਜਾਬੀ ਸੀ, ਪਰ ਇਨ੍ਹਾਂ ਨੂੰ ਫ਼ਾਰਸੀ ਅੱਖਰਾਂ ਵਿਚ ਲਿਖਿਆ ਗਿਆ । ਜਿੱਥੇ ਦੀ ਵੀ ਕੋਈ ਪਰਿਭਾਸ਼ਿਕ ਸ਼ਬਦਾਵਲੀ ਜਾਂ ਸਿਧਾਂਤਿਕ ਸ਼ਬਦਾਂ ਦੀ ਵਰਤੋਂ ਕੀਤੀ ਗਈ, ਕਵਿਤਾ ਆਮ ਪਾਠਕ ਦੀ ਸਮਝ ਤੋਂ ਬਾਹਰ ਹੋ ਗਈ । ਇਨ੍ਹਾਂ ਵਿਚੋਂ ਕੁੱਝ ਕਵਿਤਾਵਾਂ ਦੇ ਕਾਵਿ-ਗੁਣਾਂ ਵਾਲੀਆਂ ਜ਼ਰੂਰ ਹਨ, ਪਰ ਸਮੁੱਚੇ ਤੌਰ ਤੇ ਇਸ ਕਵਿਤਾ ਦਾ ਸਾਹਿਤ ਪੱਧਰ ਨੀਵਾਂ ਹੈ । ਨਮੂਨੇ ਵਜੋਂ ਵੇਖੋ :

ਮੂੰਹ ਵਿਚ ਲਖ ਜ਼ਬਾਨਾਂ ਹੋਵਣ, ਹੋਵਣ ਅਕਲ ਕਰੋੜੀ ।

ਸਿਫਤ ਰਬ ਦੀ ਨਾ ਹੋ ਸਕੇ, ਜਿਤਨਾ ਕੀਤਾ ਲੋੜੀ।

ਜਾਤ ਆਪਣੀ ਨੂੰ ਆਪ ਸਲਾਹੇ, ਪਹਿਲੇ ਸਿਫਤ ਜੋ ਏਹਾ।

ਗੂਨਾਗਨੀ ਖਲਕਤ ਪਾਈ, ਆਪ ਨੂੰ ਕਿਸੇ ਜੇਹਾ ।

ਹਿੰਦੂ ਕਾਵਿ : ਹਿੰਦੂ ਵਿਦਵਾਨ ਕਵੀਆਂ ਨੇ ਆਪਣੇ ਪ੍ਰਚਾਰ ਦਾ ਮੁੱਖ ਸਾਧਨ ਬਣਾਇਆ। ਰੱਜ ਕੇ ਹਿੰਦੀ ਵਾਰਤਕ ਲਿਖੀ। ਕੁੱਝ ਕਵੀਆਂ ਨੇ ਆਪਣੇ ਵਿਚਾਰ ਬਣਾ ਭਾਸ਼ਾ ਰਾਹੀਂ ਕਵਿਤਾ ਵਿਚ ਪ੍ਰਗਟ ਕੀਤੇ। ਇਸ ਲਈ ਇਸ ਸੰਬੰਧ ਵਿਚ ਉਨ੍ਹਾਂ ਦਾ ਪੰਜਾਬੀ ਕਵਿਤਾ ਦੇ ਵਿਕਾਸ ਵਿਚ ਕੋਈ ਵਿਸ਼ੇਸ਼ ਯੋਗਦਾਨ ਨਹੀਂ ਹੈ। ਪਰ ਧਾਰਮਿਕ ਵਿਸ਼ਵਾਸ ਵਾਲੇ ਲਗਭਗ ਦੋ ਦਰਜਨ ਕਵੀਆਂ ਨੇ ਪੰਜਾਬੀ ਵਿਚ ਵੀ ਕਵਿਤਾਵਾਂ ਲਿਖੀਆਂ । ਇਨ੍ਹਾਂ ਵਿਚੋਂ ਬਹੁਤ ਕਵੀ ਮਾਲਵੇ ਦੇ ਸਨ। ਇਨ੍ਹਾਂ ਕਵਿਤਾਵਾਂ ਵਿਚ ਪੌਰਾਣਿਕ ਪ੍ਰਸੰਗਾਂ ਅਤੇ ਸਦਾਚਾਰਕ ਉਪਦੇਸ਼ਾਂ ਤੋਂ ਇਲਾਵਾ ਭਗਤੀ, ਪ੍ਰੇਮ, ਸੰਸਾਰਿਕ ਨਾਸ਼ਮਾਨਤਾ, ਜੀਵਨ ਦਾ ਸੱਚਾ ਮਨੋਰਥ ਆਦਿ ਵਿਸ਼ਿਆਂ ਨੂੰ ਵੀ ਸਮੇਟਿਆ ਗਿਆ ਹੈ। ਅਧਿਕਤਰ ਇਹ ਕਾਵਿ-ਰਚਨਾ ਕੁੰਡਲੀਆ, ਡਿਉਢ, ਬੈਂਤ, ਛੱਪਯ, ਦੋਹਿਰਾ ਆਦਿ ਛੰਦਾਂ ਵਿਚ ਹੋਈ ਹੈ ਅਤੇ ਇਸ ਲਈ ਬਾਰਾਂਮਾਹ, ਮਿਠੜੇ, ਸੀਹਰਫ਼ੀਆਂ ਕਾਵਿ-ਰੂਪ ਵਰਤੇ ਗਏ ਹਨ । ਇਨ੍ਹਾਂ ਵਿਚ ਸ਼ਰਧਾ ਦੀ ਮਾਤਾ ਅਧਿਕ ਹੈ, ਨਵੇਂ ਨਵੇਂ ਅਲੰਕਾਰ ਅਤੇ ਬਿੰਬ ਵੀ ਵਰਤੇ ਗਏ ਹਨ। ਉਦਾਹਰਨ ਵਜੋਂ :

ਅਲਫ਼ ਆਤਮਾ ਏਕ ਅਖੰਡ ਪਿਆਰੇ, ਏਸ ਦੇਹ ਨੂੰ ਸਦਾ ਜਵਾਲ ਹੋਵੇ ।

ਜਬ ਤਕ ਦੇਹ ਅਭਿਮਾਨ, ਅਗਿਆਨ ਸੇਤੀ, ਤਕ ਤਕ ਤੇ ਦੁਖ ਕਮਾਲ ਹੋਵੇ ।

ਪਾਂਚ ਤੱਤ ਕੀ ਦੇਹ ਅਸੱਤ ਜਾਏ, ਪਰਮ ਤੱਤ ਕੋ ਪਾਇ ਨਿਹਾਲ ਹੋਵੇ।

ਕਰੇ ਵਾਸਨਾ ਦਾ ਦੂਰ ਭਰਪੂਰ ਹੋਵੇ, ਮਿਲੇ ਨੂਰ ਮੇਂ ਨੂਰ ਗੋਪਾਲ ਹੋਵੇ।

ਬਾਸਨ ਫੁਟਣਾ ਅੰਤ ਨੂੰ ਬਿਸਨਦਾਸਾ, ਏਕ ਆਤਮਾ ਸਦਾ ਅਕਾਲ ਹੋਵੇ ।

ਸਿੱਖ ਕਾਵਿ : ਸਿੱਖ ਕਵੀਆਂ ਨੇ ਆਪਣੇ ਧਰਮ ਨਾਲ ਸੰਬੰਧਿਤ ਇਤਿਹਾਸਕ ਦ੍ਰਿਸ਼ਟੀ ਤੋਂ ਜਾਂ ਸ਼ਰਧਾ ਦੀ ਰੁਚੀ ਨਾਲ ਜੋ ਕਵਿਤਾ ਇਸ ਕਾਲ ਵਿਚ ਲਿਖੀ, ਉਹ ਭਾਵੇਂ ਗੁਰਮੁਖੀ ਲਿਪੀ ਵਿਚ ਸੀ, ਪਰ ਉਸ ਦੀ ਭਾਸ਼ਾ ਬ੍ਰਿਜ ਸੀ। ਇਸ ਲਈ ਇਸ ਕਾਲ ਦੀ ਕਵਿਤਾ ਦੇ ਵਿਕਾਸ ਵਿਚ ਉਸ ਦਾ ਕੋਈ ਯੋਗਦਾਨ ਨਹੀਂ । ਕਿਤੇ-ਕਿਤੇ ਹੀ ਕੰਮ ਕਵੀ ਨੇ ਠੇਠ ਪੰਜਾਬੀ ਵਿਚ ਆਪਣੇ ਉਦਗਾਰ ਪ੍ਰਗਟ ਕੀਤੇ ਹਨ। ਇਸ ਪ੍ਰਕਾਰ ਦੀ ਕਵਿਤਾਵਾਂ ਵਿਚ ਸਿੱਖੀ

ਸ਼ਾਨ, ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ, ਗੁਰੂ ਸਾਹਿਬਾਨ ਦਾ ਯਸ਼ ਅਤੇ ਗੁਰੂ ਦੇ ਮਹੱਤਵ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਗੁਰੂ ਦੇ ਮਹੱਤਵ ਦੀ ਵੰਨਗੀ ਵੇਖੋ :

ਵਿਚ ਅਕਾਸ ਚੜ੍ਹੇ ਲੱਖ ਸੂਰਜ, ਗੁਰ ਬਿਨ ਘੋਰ ਅੰਧਾਰਾ ਰੇ।

ਗੁਰ ਬਿਨ ਮੁਕਤ ਪ੍ਰਾਪਤ ਨਾਹੀਂ, ਗਿਆਨ ਧਿਆਨ ਨਹੀਂ ਸਾਰਾ ਰੇ ।

ਗੁਰ ਬਿਨ ਜਤ ਸਤ ਪਤ ਨਾ ਕੋਈ, ਗੁਰ ਬਿਨ ਜਨਮ ਬੇਕਾਰਾ ਰੇ।

ਪਾਲ ਸਿੰਘ ਜਹਿ ਸਤਿਗੁਰ ਮਿਲਿਆ, ਤਹਿ ਸਭੇ ਕਾਜ ਸਵਾਰਾ ਰੇ।

ਗਿਆਨੀ ਦਿੱਤ ਸਿੰਘ ਵੱਲੋਂ ਲਿਖੇ ਸ਼ਹੀਦੀ ਪ੍ਰਸੰਗ ਸਿੱਖ ਧਾਰਮਿਕ ਕਾਵਿ ਦੇ ਉੱਤਮ ਨਮੂਨੇ ਹਨ।

**ਸਾਰੰਸ਼** :

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਕਾਲ ਵਿਚ ਰਚੇ ਗਏ ਕਾਵਿ ਵਿਚ ਕਿੱਸਾਕਾਰੀ ਦੀ ਪ੍ਰਧਾਨਤਾ ਹੈ । ਮਾਲਵੇ ਵਿਚ ਵਿਕਸਿਤ ਹੋਈ ਕਵੀਸ਼ਰੀ ਵੀ ਪ੍ਰਕਾਰਾਂਤਰ ਨਾਲ ਕਿੱਸਾ-ਕਾਵਿ ਦਾ ਹੀ ਵਿਸਤਾਰ ਹੈ । ਕਵੀਸ਼ਰੀ ਦੇ ਸੰਯੋਗ ਨਾਲ ਪੰਜਾਬੀ ਕਿੱਸਾਕਾਰੀ ਵਿਚ ਕਈ ਅਣਗੌਲੇ ਅਤੇ ਨਵੇਂ ਵਿਸ਼ੇ, ਆਖਿਆਨ ਅਤੇ ਪ੍ਰਸੰਗ ਕਵੀਆਂ ਦੀਆਂ ਰਚਨਾਵਾਂ ਦੇ ਆਧਾਰ ਬਣੇ। ਨਵੀਆਂ ਕਾਵਿ-ਵੰਨਗੀਆਂ, ਨਵੇਂ ਛੰਦਾਂ ਨੂੰ ਬਿਰਤਾਂਤਿਕ ਕਾਵਿ ਲਈ ਵਰਤਣ ਦਾ ਅਵਸਰ ਆਇਆ। ਇਸ਼ਕ ਮਜਾਜ਼ੀ ਦੇ ਵਰਣਨ ਰਾਹੀਂ ਇਸ਼ਕ ਹਕੀਕੀ ਵੱਲ ਪਰਤਾਇਆ ਗਿਆ। ਜੀਵਨ ਦੀਆਂ ਨੈਤਿਕ ਕਦਰਾਂ-ਕੀਮਤਾਂ ਦੀ ਸਥਾਪਨਾ ਕੀਤੀ ਗਈ । ਲੋਕਿਕ ਸੂਰਮਿਆਂ, ਮਹਾਪੁਰਸ਼ਾਂ ਅਤੇ ਇਤਿਹਾਸਕ ਸ਼ਖ਼ਸੀਅਤਾਂ ਅਤੇ ਧਰਮ-ਸਾਧਕਾਂ ਨੂੰ ਵੀ ਕਾਵੀਆ ਵਿਚ ਚਿਤਰਿਆ ਗਿਆ। ਪਰ ਇਸ ਕਾਲ ਤੋਂ ਬਾਅਦ ਕਿੱਸਾਕਾਰੀ ਪ੍ਰਤਿ ਲੋਕਾਂ ਅਤੇ ਕਵੀਆਂ ਦੀ ਰੁਚੀ ਘਟਣ ਲੱਗੀ । ਵੀਰ-ਰਸੀ ਕਾਵਿ ਲਈ ਇਸ ਕਾਲ ਵਿਚ ਕੋਈ ਉਤਸ਼ਾਹ ਨਹੀਂ ਹੈ। ਜੋ ਥੋੜ੍ਹੀ ਬਹੁਤ ਕਵਿਤਾ ਲਿਖੀ ਗਈ ਤਾਂ ਉਸ ਵਿਚ ਦੇਸ਼-ਭਗਤੀ ਅਤੇ ਸੁਤੰਤਰਤਾ ਦੀ ਭਾਵਨਾ ਦੀ ਥਾਂ ਰਾਜ-ਭਗਤੀ ਦੀ ਪ੍ਰਧਾਨਤਾ ਸੀ, ਜਾਂ ਫਿਰ ਅੰਗਰੇਜ਼ੀ ਰਾਜ ਦੀ ਦਿੜਤਾ ਲਈ ਕੀਤੀਆਂ ਗਈਆਂ ਮੁਹਿੰਮਾਂ ਵਿਚ ਸਿੱਖਾਂ ਵੱਲੋਂ ਵਿਖਾਏ ਗਏ ਬਹਾਦਰੀ ਦੇ ਕਾਰਨਾਮਿਆਂ ਨੂੰ ਕਲਮਬੰਦ ਕੀਤਾ ਗਿਆ । ਮੁਸਲਮਾਨ ਕਵੀਆਂ ਦੁਆਰਾ ਲਿਖੇ ਗਏ ਜੰਗਨਾਮਿਆਂ ਵਿਚ ਕਰੁਣਾ ਰਸ ਦੇ ਮੇਲ ਕਾਰਨ ਸਹੀ ਵੀਰ ਰਸ ਦੀ ਸਥਿਤੀ ਪੈਦਾ ਨਾ ਹੋ ਸਕੀ। ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਨੇ ਆਪਣੀਆਂ ਧਾਰਮਿਕ ਰੁਚੀਆਂ ਅਧੀਨ ਵੀ ਕੁੱਝ ਕਾਵਿ-ਰਚਨਾ ਕੀਤੀ, ਪਰ ਉਨ੍ਹਾਂ ਦਾ ਸਾਹਿੱਤਿਕ ਮਹੱਤਵ ਬਹੁਤ ਘੱਟ ਹੈ। ਉਰਦੂ ਦੇ ਮੁਸ਼ਾਇਰਿਆਂ ਦੇ ਸਮਰੂਪ ਪੰਜਾਬੀ ਕਵੀ ਦਰਬਾਰਾਂ ਰਾਹੀਂ ਸਟੇਜੀ ਕਵਿਤਾ ਦਾ ਵਿਕਾਸ ਹੋਇਆ ਜਿਸ ਨਾਲ ਪੰਜਾਬੀ ਸਰੋਤਿਆਂ ਦੀ ਵਧੀ ਅਤੇ ਵੱਖ-ਵੱਖ ਵਿਸ਼ਿਆਂ ਉੱਤੇ ਕਵਿਤਾਵਾਂ ਲਿਖੀਆਂ ਜਾਣ ਲੱਗੀਆਂ । ਕਵੀ ਦੀ ਲੋੜ ਕਾਰਨ ਲੰਬੀਆਂ ਕਵਿਤਾਵਾਂ ਦੀ ਥਾਂ ਤੇ ਨਿੱਕੀਆਂ ਕਵਿਤਾਵਾਂ ਲਿਖਣ ਦਾ ਕਵੀਆਂ ਦਾ ਰੁਝਾਨ ਹੋਇਆ। ਇਸ ਕਾਲ ਵਿਚ ਰਚੀ ਗਈ ਕਵਿਤਾ ਦਾ ਸਾਹਿਤ ਪੱਧਰ ਬਹੁਤ ਉੱਚਾ ਭਾਵੇਂ ਨਹੀਂ ਸੀ, ਪਰ ਗਿਣਤੀ ਵਜੋਂ ਇਸ ਕਾਲ ਦੀਆਂ ਰਚਨਾ ਦੂਜਿਆਂ ਕਾਲਾਂ ਦੇ ਮੁਕਾਬਲੇ ਬਹੁਤ ਅਧਿਕ ਸਨ।

### ਕੇਂਦਰੀ ਸ਼ਬਦ:

ਇਸ਼ਕ ਮਜਾਜ਼ੀ ---- ਦੁਨਿਆਵੀ ਪਿਆਰ
ਇਸ਼ਕ ਹਕੀਕੀ ---- ਪਰਮਾਰਥੀ ਪਿਆਰ
ਬੈਂਤ, ਦੋਹਿਰਾ ----- ਛੰਦ
ਅਗਿਆਨਤਾ ------ ਹਨੇਰ
ਦੜ-ਵੱਟ --- ਸਮਾਂ ਕੱਢਣਾ
ਭਾਵ ---------- ਖ਼ਿਆਲ

ਸ਼ੀਹਹਰਫੀ------ ਤੀਹ ਅੱਖਰੀ ਆਧਾਰਿਤ

ਆਤਮਾ----- ਰੂਹ

**ਸਵੈ-ਮੁਲਾਂਕਣ:**

1.ਸੱਯਦ ਫ਼ਜ਼ਲ ਸ਼ਾਹ ਦਾ ਜਨਮ ਕਦੋਂ ਹੋਇਆ ਹੈ?

ੳ. (1828-1890 ਈ.)

ਅ. (1840-1895 ਈ.)

ੲ. (1830-1891 ਈ.)

ਸ. (1845-1880ਈ.)

2. ਮੀਆਂ ਮੁਹੰਮਦ ਬਖ਼ਸ਼ ਦਾ ਜਨਮ ਕਦੋਂ ਹੋਇਆ ਹੈ?

ੳ. (1845-1908 ਈ.)

ਅ. (1834-1906ਈ.)

ੲ. (1832-1905 ਈ.)

ਸ. (1829-1904 ਈ.)

3. ਬਾਹਾਂ ਸੁੰਦਰ ਕੂਲੀਆਂ ਪਿਸਤਾਂ ਜਿਵੇਂ ਅਨਾਰ। ਫਲੀਆਂ ਵਾਂਗੂੰ ਉੱਗਲਾਂ ਹੁਸਨ ਖਿੜੀ ਗੁਲਜ਼ਾਰ। ਇਹ ਸਤਰਾਂ ਹਨ।

ੳ. ਮਿਰਜ਼ਾ ਸਾਹਿਬਾਂ

ਅ. ਸੋਹਣੀ ਮਹੀਂਵਾਲ

ੲ. ਹੀਰ ਰਾਂਝਾ

ਸ. ਸੱਸੀ ਪੁੰਨੂੰ

੪. ਖਵਾਜਾ ਗ਼ੁਲਾਮ ਫ਼ਰੀਦ ਦਾ ਜਨਮ ਕਦੋਂ ਹੋਇਆ ?

ੳ. (1845-1901 ਈ.)

ਅ. (1172-1908 ਈ.)

ੲ. (1173-1902 ਈ.)

ਸ. (1174-1909 ਈ.)

5. ਜੰਗਨਾਮਾ ਕਾਬਲ ਕੰਧਾਰ ਕਿਸ ਦੀ ਰਚਨਾ ਹੈ?

ੳ. ਸਟੀਫਨ ਸਪੇਂਡਰ

ਅ. ਪ੍ਰੋ.ਪੂਰਨ ਸਿੰਘ

ੲ. ਕਰਮ ਸਿੰਘ

ਸ. ਸਿਆਮ ਸਿੰਘ ਕਵੀਸ਼ਰ

6. ਕੀ ਫੱਜ਼ਲ ਸ਼ਾਹ ਨੇ ਲੈਲਾ ਮੰਜਨੂੰ ਦਾ ਕਿੱਸਾ ਰਚਿਆ?

ੳ. ਹਾਂ

ਅ ਨਹੀਂ

ੲ. ਦੋਨੋਂ

ਸ.ਕੋਈ ਵੀ ਨਹੀਂ

7. ਗੁਲਾਮ ਫਰੀਦ ਦੀਆਂ ਕਿੰਨੀਆ ਕਾਫੀਆਂ ਹਨ?

ੳ. 271

ਅ 172

ੲ. 274

ਸ.288

8. ਮੌਲਵੀ ਗੁਲਾਮ ਰਸੂਲ ਦਾ ਜਨਮ ਹੋਇਆ ਹੈ।

ੳ. 1809-1892

ਅ 1849-1892

ੲ. 1849-1802

ਸ. 1849-1992

9. "ਜੰਗ ਚਿਤਰਾਲ' ਕ੍ਰਿਤ ਕਿਸ ਕਵੀ ਦੀ ਹੈ?

ੳ. ਕੇਹਰ ਸਿੰਘ

ਅ. ਵਿਕਾਸ ਸਿੰਘ

ੲ. ਦਇਆ ਸਿੰਘ

ਸ. ਕੋਈ ਵੀ ਨਹੀਂ

10. "ਜੰਗ ਚਿਤਰਾਲ' ਕ੍ਰਿਤ ਕਦੋਂ ਆਈ ਹੈ?

ੳ. 1897

ਅ. 1890

ੲ. 1893

ਸ. 1896

11. ਸਟੇਜੀ ਕਵਿਤਾ ਦੇ ਲੱਛਣ ਹਨ।

ੳ. ਸ਼ਾਗਿਰਦੀ ਦੀ ਰੁਚੀ

ਅ. ਉਸਤਾਦੀ ਭਾਵਨਾ

ੲ. ਕਵਿਤਾ ਲਿਖਣ ਅਤੇ ਬੋਲਣ ਦੀ ਭਾਵਨਾ

ਸ. ਉਪਰੋਕਤ ਸਾਰੇ

12. ਮੰਗਲਾਚਰਨ ਤੋਂ ਕੀ ਭਾਵ ਹੈ?

ੳ. ਰੱਬ ਦੀ ਉਸਤਤ

ਅ. ਘਾਟਾਂ

ੲ. ਰੂਪ ਬਦਲਣਾ

ਸ. ਕੋਈ ਵੀ ਨਹੀਂ

13. ਬਾਂਹਾਂ ਸੁੰਦਰ ਕੂਲ਼ੀਆਂ ਪਿਸਤਾਂ ਜਿਵੇਂ ਅਨਾਰ। ਫਲੀਆਂ ਵਾਂਗੂੰ ਉੱਗਲਾਂ ਹੁਸਨ ਖਿੜੀ ਗੁਲਜ਼ਾਰ। ਇਹ ਸਤਰਾਂ ਕਿਸ ਨੂੰ ਬਿਆਨ ਕਰਦੀਆਂ ਹਨ?

ੳ. ਹੀਰ ਦੀ ਸੁੰਦਰਤਾ ਨੂੰ

ਅ. ਹੀਰ ਦੀ ਕਰੂਪਤਾ ਨੂੰ

ੲ. ਹੀਰ ਦੇ ਪਿਆਰ ਨੂੰ

ਸ. ਉਪਰੋਕਤ ਸਾਰੇ

14. ਜੰਗ ਸਾਰਾਗੜੀ ਕਿਸ ਦੀ ਰਚਨਾ ਹੈ?

ੳ. ਕੇਹਰ ਸਿੰਘ

ਅ. ਅਰੂਪ ਸਿੰਘ

ੲ. ਕਵੀ ਮਿਹਰ ਸਿੰਘ

ਸ. ਉਪਰੋਕਤ ਸਾਰੇ

15. ਕਾਨ੍ਹ ਸਿੰਘ ਦਾ ਕਿੱਸਾ ਹੈ?

ੳ. ਤੋਤਾ ਮੈਨਾ

ਅ. ਹੀਰ ਰਾਂਝਾ

ੲ. ਕਥਾ ਗੁਲਾਬ ਕੌਰ

ਸ. ਉਪਰੋਕਤ ਸਾਰੇ

**ਅਭਿਆਸ ਪ੍ਰਸ਼ਨ**

1. ਸੰਕ੍ਰਾਂਤੀ ਕਾਲ ਦੀਆਂ ਕਾਵਿ ਧਾਰਾਵਾਂ ਦਾ ਵਰਣਨ ਕਰੋ।
2. ਸੰਕ੍ਰਾਂਤੀ ਕਾਲ ਵਿਚ ਉਪਜੇ ਕਿੱਸਾ ਕਾਵਿ ਧਾਰਾ ਨਾਲ ਜਾਣ-ਪਛਾਣ ਕਰਵਾਓ।
3. ਸੰਕ੍ਰਾਂਤੀ ਕਾਲ ਦੇ ਰਚੇ ਸੂਫ਼ੀ ਕਾਵਿ ਧਾਰਾ ਦਾ ਵਿਸਥਾਰ ਸਾਹਿਤ ਵਰਣਨ ਕਰੋ ।
4. ਪਰਿਵਰਤਨ ਕਾਲ ਵਿਚ ਰਚੇ ਬੀਰ ਕਾਵਿ ਧਾਰਾ ਨਾਲ ਜਾਣ ਪਛਾਣ ਕਰਵਾਓ।

**ਸੰਦਰਭ ਪੁਸਤਕਾਂ:**

1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ(ਆਦਿ ਕਾਲ ਤੋਂ ਸਮਕਾਲ ਤੱਕ),ਲਾਹੌਰ ਬੁੱਕ ਸ਼ਾਪ, ਲੁਧਿਆਣਾ, 2018
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2016
4. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018

**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%E0%A8%B8%E0%A8%BE%E0%A8%B9%E0%A8%BF%E0%A8%A4%20%E0%A8%A7%E0%A8%BE%E0%A8%B0%E0%A8%BE%E0%A8%B5%E0%A8%BE%E0%A8%82

**ਉੱਤਰਮਾਲਾ**

| | | | | |
|---|---|---|---|---|
| 1. ੳ | 2. ਸ | 3. ੲ | 4. ੳ | 5. ਸ |
| 6. ੳ | 7. ੳ | 8. ਸ | 9. ੳ | 10. ੳ |
| 11. ਸ | 12. ੳ | 13. ੳ | 14. ੲ | 15. ਅ |

# ਅਧਿਆਇ–4: ਆਧੁਨਿਕ ਪੰਜਾਬੀ ਸਾਹਿਤ ਰੂਪਾਂ ਦਾ ਜਨਮ ਤੇ ਵਿਕਾਸ

*Kirandeep Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

**ਉਦੇਸ਼:**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਆਧੁਨਿਕ ਸਾਹਿਤ ਬਾਰੇ ਜਾਣਨਗੇ।
2. ਆਧੁਨਿਕ ਕਾਵਿ ਰੂਪਾਂ ਬਾਰੇ ਜਾਣਨਗੇ।
3. ਆਧੁਨਿਕ ਵਾਰਤਕ ਰੂਪਾਂ ਬਾਰੇ ਜਾਣਨਗੇ।

**ਪ੍ਰਸਤਾਵਨਾ :**

ਆਧੁਨਿਕ ਪੰਜਾਬੀ ਸਾਹਿਤ ਰੂਪਾਂ ਨੂੰ ਦੋ ਮੁੱਖ ਭਾਗਾਂ ਵਿਚ ਵੰਡਿਆਂ ਜਾਂਦਾ ਹੈ ਜਿਸ ਵਿਚ ਗੱਦ ਅਤੇ ਪੱਦ ਰੂਪ ਆਉਂਦੇ ਹਨ ਆਧੁਨਿਕ ਪੱਦ ਰੂਪ ਜਿਸ ਨੂੰ ਕਾਵਿ ਰੂਪਾਂ ਵਿਚ ਵੰਡਿਆ ਜਾਂਦਾ ਹੈ। ਜਿਸ ਅਧੀਨ ਕਵਿਤਾ,ਨਜ਼ਮ,ਗ਼ਜ਼ਲ,ਰੁਬਾਈ,ਖੁੱਲ੍ਹੀ ਕਵਿਤਾ ਆਦਿ ਆਧੁਨਿਕ ਰੂਪ ਆਉਂਦੇ ਹਨ।

ਗੱਦ ਰੂਪ ਦੇ ਜਿਸ ਨੂੰ ਵਾਰਤਕ ਭਾਗ ਵਿਚ ਵੰਡਿਆ ਜਾਂਦਾ ਹੈ। ਜਿਸ ਵਿਚ ਨਾਵਲ,ਕਹਾਣੀ,ਸਫ਼ਰਨਾਮਾ,ਜੀਵਨੀ,ਸਵੈ-ਜੀਵਨੀ,ਰੇਖਾ-ਚਿੱਤਰ, ਨਿਬੰਧ,ਸੰਸਮਰਣ,ਡਾਇਰੀ ਆਦਿ ਜਿਨ੍ਹਾਂ ਦਾ ਵਿਸਤਾਰ ਸਾਹਿਤ ਵਰਣਨ ਹੇਠ ਲਿਖੇ ਅਨੁਸਾਰ ਕੀਤਾ ਹੈ।

ਕਵਿਤਾ ਸਾਹਿਤ ਦਾ ਇੱਕ ਰੂਪ ਹੈ ਜਿਸ ਵਿਚ ਕਵੀ ਸ਼ਬਦਾਂ ਨੂੰ ਉਨ੍ਹਾਂ ਦੇ ਆਮ ਅਰਥਾਂ ਨਾਲੋਂ ਵਧੇਰੇ ਅਰਥ ਪ੍ਰਦਾਨ ਕਰਨ ਲਈ ਕਾਵਿਕ ਸਾਧਨਾਂ (ਲੈਅ, ਅਲੰਕਾਰ ਅਤੇ ਸ਼ਬਦ ਦੀਆਂ ਲਖਣਾ ਅਤੇ ਵਿਅੰਜਨਾ ਸ਼ਕਤੀਆਂ) ਦਾ ਪ੍ਰਯੋਗ ਕਰਦਾ ਹੈ। ਦੂਜੇ ਸ਼ਬਦਾਂ ਵਿਚ ਕਵਿਤਾ ਆਪਣੇ ਵਿਸ਼ੇਸ਼ ਕਲਾਤਮਕ ਪ੍ਰਯੋਜਨ ਲਈ ਭਾਸ਼ਾ ਦੇ ਸੁਹਜਾਤਮਿਕ ਅਤੇ ਲੈਆਤਮਿਕ ਗੁਣਾਂ ਦੀ ਵਰਤੋਂ ਕਰਦੀ ਹੈ। ਕਵਿਤਾ ਭਾਸ਼ਾ ਦੇ ਅੰਦਰ ਇੱਕ ਹੋਰ ਭਾਸ਼ਾ ਹੁੰਦੀ ਹੈ। ਇਸ ਵਿਚ ਖ਼ਿਆਲ, ਭਾਵ, ਦ੍ਰਿਸ਼, ਆਕਾਰ ਤੇ ਧੁਨ ਦੀ ਤਾਕਤ ਇਕੱਠੀ ਹੋਈ ਹੁੰਦੀ ਹੈ।

**ਕਵਿਤਾ ਕੀ ਹੈ?**"ਕਵਿਤਾ ਓਨੀ ਹੀ ਪੁਰਾਣੀ ਹੈ, ਜਿੰਨਾ ਕਿ ਮਨੁੱਖ । ਆਦਿ ਕਾਲ ਦੇ ਮਨੁੱਖ ਨੇ ਜਦੋਂ ਜੀਭ ਖੋਲ੍ਹੀ, ਤਾਂ ਉਸ ਨੇ ਸਭ ਤੋਂ ਪਹਿਲੀ ਆਵਾਜ਼ ਕਵਿਤਾ ਵਿੱਚ ਹੀ ਕਹੀ । ਕਵਿਤਾ ਦੀ ਪਰਿਭਾਸ਼ਾ ਵੀ ਓਨੀ ਹੀ ਪ੍ਰਾਣੀ ਹੈ, ਜਿੰਨੀ ਕਿ ਕਵਿਤਾ" । (ਕਾਵਿ ਰਿਸ਼ਮਾ)

ਪੰਜਾਬੀ ਦੇ ਪ੍ਰਸਿੱਧ ਕਵੀ ਪ੍ਰੋ: ਮੋਹਨ ਸਿੰਘ ਕਵਿਤਾ ਨੂੰ ਇਸ ਪ੍ਰਕਾਰ ਬਿਆਨ ਦੇ ਹਨ:-

ਆਪਣੀ ਜ਼ਾਤ ਵਿਖਾਲਣ ਬਦਲੇ, ਰੱਬ ਨੇ ਹੁਸਨ ਬਣਾਇਆ ।  
ਵੇਖ ਹੁਸਨ ਦੇ ਤਿੱਖੇ ਜਲਵੇ, ਜ਼ੋਰ ਇਸ਼ਕ ਨੇ ਪਾਇਆ ।  
ਫੁਰਿਆ ਜਦੋਂ ਇਸ਼ਕ ਦਾ ਜਾਦੂ, ਦਿਲ ਵਿਚ ਕੁੱਦੀ ਮਸਤੀ ।  
ਇਹ ਮਸਤੀ ਜਦ ਬੋਲ ਉੱਠੀ, ਤਾਂ ਹੜ੍ਹ ਕਵਿਤਾ ਦਾ ਆਇਆ ।

"ਕਵਿਤਾ ਸੋਚ ਦਾ ਸਿੱਟਾ ਨਹੀਂ, ਇਸ ਦੀ ਬੇਵੱਸ ਤੜਫਣੀ ਹੁੰਦੀ ਹੈ" ।

(ਦੀਵਾਨ ਸਿੰਘ ਕਾਲੇਪਾਣੀ)

"ਵੱਖ ਵੱਖ ਵਿਦਵਾਨਾਂ ਨੇ 'ਕਵਿਤਾ' ਸ਼ਬਦ ਨੂੰ ਵੱਖ ਵੱਖ ਪਰ ਬਿਆਨਿਆਂ ਹੈ। ਪ੍ਰਾਚੀਨ ਸਮੇਂ ਤੋਂ ਹੀ ਭਾਰਤੀ ਸਾਹਿਤਕਾਰ ਕਵਿਤਾ ਸੰਬੰਧੀ ਆਪਣੇ ਆਪਣੇ ਵਿਚਾਰ ਪੇਸ਼ ਕਰਦੇ ਆਏ ਹਨ।

ਮਹਾਰਾਜਾ ਭੋਜ ਅਨੁਸਾਰ- "ਗੁਣ ਤੇ ਅਲੰਕਾਰ ਭਰੀ ਨਿਰਦੋਸ਼ ਰਚਨਾ ਨੂੰ ਕਵਿਤਾ ਕਿਹਾ ਜਾਂਦਾ ਹੈ"।

ਹਿੰਦੀ ਜਾਂ ਬ੍ਰਿਜ ਭਾਸ਼ਾ ਦੇ ਕਾਵਿ- ਪੰਧਾਊਆਂ ਵੀ ਆਪੋ ਆਪਣੀ ਬੁੱਧੀ ਅਨੁਸਾਰ ਕਵਿਤਾ ਦੇ ਗੁਣ ਪ੍ਰਗਟਾਏ ਹਨ, ਜੋ ਇਸ ਪ੍ਰਕਾਰ ਹਨ:

"ਭੂਸ਼ਨ ਭੁਸ਼ਿਤ ਦੂਸ਼ਣ ਹੀਨ, ਪ੍ਰਬੀਨ ਮਹਾਰਾਜ ਮੈਂ ਛਬਿ ਛਾਈ।  
ਪੂਰੀ ਅਨੇਕ ਪਦਾਰਥ ਹੈ, ਜਿਹਮੇਂ ਪ੍ਰਮਾਰਥ ਸਵਾਰਥ ਆਈ।  
ਔ ਉਕਤੀ ਯੁਕਤੀ ਉਲਹੀ ਕਵੀ, ਤੋਸ਼ ਅਨੇਸ਼ ਭਰੀ ਚਤੁਰਾਈ।  
ਹੋਤੀ ਸਭੈ ਸੁਖ ਕੀ ਜਨਿਤਾ, ਬਨ ਆਵਤ ਸੋ ਬਨਿਤਾ ਕਵਿਤਾਈ"। (ਕਵੀ ਤੋਸ਼)

"ਮੋਹਨ ਕੀ ਸੀ ਮਨੋਹਰ ਮਾਲ, ਗੁਹੈ ਤੁਕ ਅਛਰ ਰੀਝ ਰਿਝਾਵੈ।  
ਪ੍ਰੇਮ-ਕੇ ਪੰਥ ਕਥਾ ਹਰਿ ਨਾਮ ਕੀ, ਉਕਤੀ ਅਨੂਠੀ ਬਨਾਇ ਸੁਨਾਵੈ।  
'ਠਾਕੁਰ' ਵੋ ਕਵਿ ਭਾਵੈ ਹਮੈ ਜੋ ਭਾਰੀ ਸਭਾ ਮੈਂ ਬੜੱਪਣ ਪਾਵੈ।

ਪੰਡਿਤ ਔਰ ਪਰਬੀਨ ਕੋ, ਜੋਊ ਚਿਤ ਹਰੈ ਸੋ ਕਵਿਤ ਕਹਾਵੈ"। (ਠਾਕੁਰ)

**ਨਜ਼ਮ :**

ਅਰਬੀ ਭਾਸ਼ਾ ਦਾ ਮੂਲ ਸ਼ਬਦ ਹੈ ਜਿਸ ਦੇ ਅਰਥ ਹਨ-ਮੋਤੀਆਂ ਨੂੰ ਇੱਕ ਧਾਗੇ ਵਿਚ ਪਰੋਣਾ, ਤਰਤੀਬ ਦੇਣਾ, ਪ੍ਰਬੰਧ ਕਰਨਾ ਆਦਿ। ਸਾਹਿਤ ਵਿਚ ਨਜ਼ਮ ਦੇ ਅਰਥ ਭਾਵਾਂ ਤੇ ਵਿਚਾਰਾਂ ਨੂੰ ਇੱਕ ਖ਼ਾਸ ਵਜ਼ਨ-ਤੋਲ ਵਿਚ ਤਰਤੀਬ ਦੇਣ ਤੋਂ ਲਿਆ ਗਿਆ ਹੈ। ਨਜ਼ਮ ਵਿਚ ਬੁੱਧੀ ਤੱਤ ਜਾਂ ਵਿਚਾਰ ਦੀ ਸਦਾ ਹੀ ਪ੍ਰਧਾਨਤਾ ਹੁੰਦੀ ਹੈ। ਦਲੀਲ ਆਮ ਤੌਰ 'ਤੇ ਨਜ਼ਮ ਦੇ ਆਰ-ਪਾਰ ਫੈਲੀ ਹੁੰਦੀ ਹੈ। ਲੈਅ ਤਾਲ, ਛੰਦ ਤੇ ਸੰਗੀਤ ਆਦਿ ਕਾਵਿ ਤੱਤਾਂ ਦਾ ਮਹੱਤਵ ਨਜ਼ਮ ਵਿਚ ਉਸ ਤਰ੍ਹਾਂ ਨਹੀਂ ਦੇਖਿਆ ਜਾਂਦਾ ਜਿਵੇਂ ਕਿ ਪੁਰਾਤਨ ਕਵਿਤਾ ਜਾਂ ਸਰੋਦੀ ਕਵਿਤਾ ਵਿਚ ਹੁੰਦਾ ਹੈ। ਪੰਜਾਬੀ ਦੀ ਵਰਤਮਾਨ ਨਜ਼ਮ ਛੰਦ ਮੁਕਤ ਰਚੀ ਜਾ ਰਹੀ ਹੈ, ਜਿਸ ਵਿਚੋਂ ਸੰਗੀਤ, ਲੈਅ, ਤਾਲ ਸਭ ਗ਼ੈਰ ਹਾਜ਼ਰ ਹਨ। ਭਾਰਤ ਵਿਚ ਇਸ ਨੂੰ 'ਗੱਦ ਕਾਵਿ' ਅਤੇ ਪਾਕਿਸਤਾਨ ਵਿਚ 'ਨਜ਼ਮ' ਕਿਹਾ ਜਾਂਦਾ ਹੈ। ਪੰਜਾਬੀ ਵਿਚ ਬਹੁਤ ਸਾਰੇ ਕਵੀਆਂ ਨੇ ਛੰਦ ਬੱਧ ਨਜ਼ਮਾਂ ਦੀ ਰਚਨਾ ਵੀ ਕੀਤੀ ਹੈ। ਅਲੰਕਾਰ, ਪ੍ਰਤੀਕ ਤੇ ਬਿੰਬਾਂ ਦੀ ਬਹੁਤਾਤ ਨਜ਼ਮ ਦੇ ਤਰਕਮਈ ਸੁਭਾਅ ਤੇ ਸੱਟ ਮਾਰਦੀ ਹੈ। ਨਜ਼ਮ ਦੀ ਵਿਸ਼ੇਸ਼ਤਾ ਤਰਕ ਅਤੇ ਨਿਆਂਸ਼ੀਲ ਪ੍ਰਗਟਾਵੇ ਵਿਚ ਹੈ।

**ਗ਼ਜ਼ਲ** :

ਮੂਲ ਤੌਰ 'ਤੇ ਅਰਬੀ ਸ਼ਾਇਰੀ ਦੀ ਇੱਕ ਵਿਧਾ ਹੈ। ਬਾਅਦ ਵਿਚ ਇਹ ਈਰਾਨ ਤੋਂ ਹੁੰਦੀ ਹੋਈ ਭਾਰਤ ਪਹੁੰਚੀ ਅਤੇ ਫ਼ਾਰਸੀ ਅਤੇ ਉਰਦੂ ਸ਼ਾਇਰੀ ਵਿਚ ਰਚ-ਮਿਚ ਗਈ। ਇਸ ਕਾਵਿ-ਵਿਧਾ ਵਿਚ 'ਅਰੂਜ਼' ਦੇ ਨਿਯਮਾਂ ਦੀ ਬੰਦਸ਼ ਨੇ ਇਸ ਨੂੰ ਸੰਗੀਤ ਨਾਲ ਇਕਸੁਰ ਕਰ ਦਿੱਤਾ। ਇਸ ਲਈ ਇਹ ਗਾਇਕੀ ਦੇ ਖੇਤਰ ਵਿਚ ਸੁਹਜਾਤਮਿਕ ਬੁਲੰਦੀਆਂ ਛੂਹ ਗਈ। ਚੌਧਵੀਂ ਸਦੀ ਦੇ ਫ਼ਾਰਸੀ ਸ਼ਾਇਰ ਹਾਫ਼ਿਜ਼ ਸ਼ਿਰਾਜ਼ੀ ਦੀ ਕਾਵਿਕ ਜਾਦੂਗਰੀ ਨੇ ਯੂਰਪ ਵਿਚ ਮਹਾਨ ਜਰਮਨ ਕਵੀ ਗੇਟੇ ਅਤੇ ਸਪੇਨੀ ਕਵੀ ਲੋਰਕਾ ਤੱਕ ਨੂੰ ਇਸ ਵਿਧਾ ਵਿਚ ਸ਼ਾਇਰੀ ਕਰਨ ਲਈ ਪ੍ਰੇਰ ਲਿਆ।

ਗ਼ਜ਼ਲ ਦਾ ਇੱਕ 'ਮਤਲਾ' ਹੁੰਦਾ ਹੈ ਜਿਸ ਦੇ ਦੋਨੋਂ ਮਿਸਰੇ ਹਮਕਾਫ਼ੀਆ ਅਤੇ ਹਮਰਦੀਫ਼ ਹੁੰਦੇ ਹਨ। ਇਸ ਦੇ ਬਾਅਦ ਗ਼ਜ਼ਲ ਦੇ ਹਰ ਸ਼ਿਅਰ ਦਾ ਦੂਜਾ ਮਿਸਰਾ ਮਤਲੇ ਦੇ ਕਾਫ਼ੀਏ ਅਤੇ ਰਦੀਫ਼ ਨਾਲ ਮੇਲ ਖਾਂਦਾ ਹੁੰਦਾ ਹੈ। ਇਸ ਤਰ੍ਹਾਂ ਇਹ ਸਿਲਸਿਲਾ ਜਾਰੀ ਰਹਿੰਦਾ ਹੈ। ਅਤੇ ਫਿਰ ਅੰਤਿਮ ਸ਼ਿਅਰ ਵਿਚ ਕਵੀ ਆਪਣਾ ਤਖ਼ੱਲਸ ਇਸਤੇਮਾਲ ਕਰਦਾ ਹੈ ਅਤੇ ਉਸ ਨੂੰ ਮਕਤਾ ਕਿਹਾ ਜਾਂਦਾ ਹੈ। ਅਮਰਜੀਤ ਸੰਧੂ ਅਨੁਸਾਰ: 'ਮਕਤੇ' ਨਾਲ ਹੀ ਲਿਖੀ ਜਾ ਰਹੀ ਗ਼ਜ਼ਲ ਦਾ ਸਿਲਸਿਲਾ ਖ਼ਤਮ ਕਰ ਦਿੱਤਾ ਜਾਂਦਾ ਹੈ। ਜੇ ਆਖ਼ਰੀ ਸ਼ਿਅਰ ਵਿਚ ਸ਼ਾਇਰ ਦਾ ਉਪਨਾਮ ਨਾ ਆਉਂਦਾ ਹੋਵੇ ਤਾਂ ਇਸ ਨੂੰ 'ਮਕਤਾ' ਕਹਿਣ ਦੀ ਥਾਂ ਕੇਵਲ 'ਆਖ਼ਿਰੀ-ਸ਼ਿਅਰ' ਹੀ ਕਿਹਾ ਜਾਂਦਾ ਹੈ। ਗ਼ਜ਼ਲ ਦੇ ਪਹਿਲੇ ਚੰਗੇ ਪ੍ਰਭਾਵ ਵਾਸਤੇ 'ਮਤਲਾ' ਜ਼ੋਰਦਾਰ ਹੋਣਾ ਚਾਹੀਦਾ ਹੈ ਤਾਂ ਗ਼ਜ਼ਲ ਦੇ ਅੰਤਿਮ ਅਤੇ ਦੇਰ-ਪਾ ਪ੍ਰਭਾਵ ਵਾਸਤੇ 'ਮਕਤਾ' ਵੀ ਬਹੁਤ ਜ਼ੋਰਦਾਰ ਹੋਣਾ ਚਾਹੀਦਾ ਹੈ। ਗ਼ਜ਼ਲ ਦੀ ਕਾਮਯਾਬੀ ਵਿਚ ਇਸ ਨੁਕਤੇ ਦਾ ਵੀ ਇੱਕ ਵਿਸ਼ੇਸ਼ ਰੋਲ ਰਹਿੰਦਾ ਹੈ। ਜੇਕਰ ਗ਼ਜ਼ਲ ਦੇ ਸਾਰੇ ਸ਼ੇਅਰਾਂ ਵਿਚ ਇੱਕੋ ਵਿਸ਼ਾ ਲਿਆ ਜਾਵੇ ਤਾਂ ਇਸ ਪ੍ਰਕਾਰ ਦੀ ਗ਼ਜ਼ਲ ਨੂੰ ਮੁਸਲਸਲ ਗ਼ਜ਼ਲ ਕਿਹਾ ਜਾਂਦਾ ਹੈ। ਜੇਕਰ ਗ਼ਜ਼ਲ ਦੇ ਹਰ ਇੱਕ ਸ਼ੇਅਰ ਵਿਚ ਅੱਡ-ਅੱਡ ਵਿਸ਼ਾ ਨਿਭਾਇਆ ਜਾਵੇ ਤਾਂ ਇਸ ਨੂੰ ਗੈਰ-ਮੁਸਲਸਲ ਗ਼ਜ਼ਲ ਕਿਹਾ ਜਾਂਦਾ ਹੈ | 12 ਵੀਂ ਸਦੀ ਵਿਚ ਗ਼ਜ਼ਲ ਨਵੇਂ ਇਸਲਾਮੀ ਸਲਤਨਤ ਦਰਬਾਰਾਂ ਅਤੇ ਸੂਫ਼ੀ ਫ਼ਕੀਰਾਂ ਦੇ ਪ੍ਰਭਾਵ ਹੇਠ ਦੱਖਣ ਏਸ਼ੀਆ ਵਿਚ ਫੈਲ ਗਈ। ਹਾਲਾਂਕਿ ਗ਼ਜ਼ਲ ਸਭ ਤੋਂ ਉੱਭਰਵੇਂ ਤੌਰ 'ਤੇ ਦਾਰੀ ਅਤੇ ਉਰਦੂ ਕਵਿਤਾ ਹੈ, ਅੱਜ ਇਹ ਹਿੰਦ ਉਪ ਮਹਾਂਦੀਪ ਦੀਆਂ ਕਈ ਭਾਸ਼ਾਵਾਂ ਦੀ ਕਵਿਤਾ ਵਿਚ ਆਮ ਮਿਲਦਾ ਇੱਕ ਰੂਪ ਹੈ।

ਜਲਾਲ ਉਲ ਦੀਨ ਮੋਹੰਮਦ ਰੂਮੀ (13 ਵੀਂ ਸਦੀ) ਅਤੇ ਹਾਫ਼ਿਜ਼ (14 ਵੀਂ ਸਦੀ), ਅਜੇਹੀ ਕਵੀ ਫੁਜ਼ੁਲੀ (16ਵੀਂ ਸਦੀ) ਜਿਹੇ ਉੱਘੇ ਫ਼ਾਰਸੀ ਫ਼ਕੀਰਾਂ ਅਤੇ ਕਵੀਆਂ ਨੇ ਗ਼ਜ਼ਲ ਨੂੰ ਆਪਣੇ ਰਹੱਸਵਾਦ ਦਾ ਜ਼ਰੀਆ ਬਣਾਇਆ, ਅਤੇ ਨਾਲ ਹੀ ਮਿਰਜ਼ਾ ਗ਼ਾਲਿਬ (1797 - 1869) ਅਤੇ ਮੁਹੰਮਦ ਇਕਬਾਲ (1877 -1938),ਜਿਨ੍ਹਾਂ ਦੋਨਾਂ ਨੇ ਫ਼ਾਰਸੀ ਅਤੇ ਉਰਦੂ ਵਿਚ ਗ਼ਜ਼ਲ ਲਿਖੀ ਅਤੇ ਬੰਗਾਲੀ ਕਵੀ ਕਾਜ਼ੀ ਨਜਰੁਲ ਇਸਲਾਮ (1899-1976)। ਜੋਹਾਨ ਵੋਲਫਗੈਂਗ ਵਾਨ ਗੇਟੇ (1749 - 1832) ਦੇ ਪ੍ਰਭਾਵ ਦੇ ਰਾਹੀਂ, ਗ਼ਜ਼ਲ ਜਰਮਨੀ ਵਿਚ ਬਹੁਤ ਹਰਮਨ ਪਿਆਰੀ ਹੋਈ।

**ਰੁਬਾਈ:**

(ਉਰਦੂ, ਫ਼ਾਰਸੀ, ਅਰਬੀ) ਇੱਕ ਫ਼ਾਰਸੀ ਕਾਵਿ-ਰੂਪ ਹੈ। ਰੁਬਾਈ ਸ਼ਬਦ ਦਾ ਧਾਤੂ ਅਰਬੀ ਬੋਲੀ ਦਾ ਸ਼ਬਦ 'ਰੁੱਬਾ' ਹੈ, ਜਿਸ ਦਾ ਅਰਥ ਹੈ, ਚਾਰ। ਇਸ ਦੀਆਂ ਚਾਰ ਤੁਕਾਂ ਜਾਂ ਮਿਸਰੇ ਹੁੰਦੇ ਹਨ ਅਤੇ ਚੌਹਾਂ ਦਾ ਕਾਫ਼ੀਆ ਆਪਸ ਵਿਚ ਮਿਲਦਾ ਹੈ। ਆਮ ਤੌਰ 'ਤੇ ਪਹਿਲੀ, ਦੂਜੀ ਅਤੇ ਚੌਥੀ ਤੁਕ ਦਾ ਤੁਕਾਂਤ ਮਿਲਦਾ ਹੁੰਦਾ ਹੈ। ਰੁਬਾਈ ਦੀ ਚੌਥੀ ਤੁਕ ਸਭ ਤੋਂ ਅਹਿਮ ਮੰਨੀ ਜਾਂਦੀ ਹੈ। ਇਸ ਦੀ ਪ੍ਰਵੀਨਤਾ ਉੱਪਰ ਸਾਰੀ ਰੁਬਾਈ ਦਾ ਹੁਸਨ, ਅਸਰ ਅਤੇ ਜ਼ੋਰ ਨਿਰਭਰ ਹੁੰਦਾ ਹੈ। ਇਸ ਦਾ ਵਿਸ਼ਾ ਨਿਰਧਾਰਿਤ ਨਹੀਂ। ਉਰਦੂ ਫ਼ਾਰਸੀ ਦੇ ਸ਼ਾਇਰਾਂ ਨੇ ਹਰੇਕ ਕਿਸਮ ਦੇ ਵਿਚਾਰ ਨੂੰ ਇਸ ਵਿਚ ਸਮੋਇਆ ਹੈ। ਉਦਾਹਰਨ ਦੇ ਤੋਰ ਤੇ: ਉਮਰ ਖ਼ਯਾਮ ਦੀ ਇੱਕ ਰੁਬਾਈ ਦਾ ਮੂਲ ਫ਼ਾਰਸੀ ਪਾਠ ਅਤੇ ਪੰਜਾਬੀ ਤਰਜਮਾ:

ਅੱਜ ਰਾਹ ਚੁਨਾਰੌ ,ਕਿ ਸਲਾਮਤ ਨ ਕੁਨੰਦ .
ਬਾ ਖਲਕ ਚੁਨਾ ਜ਼ੀ ਕਿ ਕਿਆਮਤ ਨ ਕੁਨੰਦ.
ਦਰ ਮਸਜਿਦ ਗਰ ਰਵੀ ਚੁਨਾਂ ਰੌ ਕਿ ਤੁਰਾ.
ਦਰ ਪੇਸ਼ ਨ ਖਾਨੰਦ ਓ ਇਮਾਮਤ ਨ ਕੁਨੰਦ .

ਕਾਵਿ ਰੂਪਾਂ ਤੋਂ ਬਾਅਦ ਵਾਰਤਕ ਰੂਪਾਂ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ

**ਨਾਵਲ :**

ਪੰਜਾਬੀ ਦਾ ਸਭ ਤੋਂ ਪਹਿਲਾ ਅਨੁਵਾਦਿਤ ਨਾਵਲ ਯਸੂਹੀ ਮੁਸਾਫ਼ਰ ਦੀ ਯਾਤਰਾ ਹੈ ਜੋ ਕਿ ਮੂਲ ਰੂਪ ਵਿਚ ਜੌਨ ਬਨੀਅਨ ਦੁਆਰਾ ਅੰਗਰੇਜ਼ੀ ਵਿਚ "ਪਿਲਗਰਿਮਜ਼ ਪ੍ਰੋਗਰੈਸ"(Pilgrim's Progress) ਦੇ ਨਾਮ ਨਾਲ ਲਿਖਿਆ ਗਿਆ। ਇਸ ਤੋਂ ਬਾਅਦ ਦੂਜਾ ਨਾਵਲ ਜਯੋਤਿਰੁਦਯ (1882) ਮੰਨਿਆ ਜਾਂਦਾ ਹੈ ਜਿਸ ਬਾਰੇ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਹ ਮਿਸ਼ਨਰੀਆਂ ਦੁਆਰਾ ਪਹਿਲਾਂ ਬੰਗਾਲੀ ਵਿਚ ਲਿਖਵਾਇਆ ਗਿਆ ਅਤੇ ਫਿਰ ਪੰਜਾਬੀ ਵਿਚ ਅਨੁਵਾਦ ਕਰਵਾਇਆ ਗਿਆ

ਮੁੱਢਲੇ ਦੌਰ ਦੇ ਪੰਜਾਬੀ ਨਾਵਲ ਵਿਚ ਧਰਮ ਕੇਂਦਰ ਵਿਚ ਰਹਿੰਦਾ ਹੈ ਅਤੇ ਇਹਨਾਂ ਨੂੰ ਲਿਖਣ ਦਾ ਮਕਸਦ ਮਨੋਰੰਜਨ ਨਹੀਂ ਸਗੋਂ ਉਪਦੇਸ਼ਾਤਮਿਕ ਹੈ। ਇਹਨਾਂ ਦਾ ਸਿੱਧਾ ਸਿੱਧਾ ਸਬੰਧ ਲੋਕਾਂ ਨੂੰ ਸਿੱਖੀ ਨਾਲ ਜੋੜਨਾ ਹੈ। ਇਸ ਦੌਰ ਦਾ ਮੁੱਖ ਨਾਵਲਕਾਰ ਭਾਈ ਵੀਰ ਸਿੰਘ ਹੈ ਜਿਸ ਦੇ ਨਾਵਲ "ਸੁੰਦਰੀ" ਨੂੰ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਮੰਨਿਆ ਜਾਂਦਾ ਹੈ। ਇਸ ਤੋਂ ਬਿਨਾਂ ਮੋਹਨ ਸਿੰਘ ਵੈਦ ਦਾ ਨਾਵਲ "ਦੰਪਤੀ ਪਿਆਰ" ਅਤੇ ਚਰਨ ਸਿੰਘ ਸ਼ਹੀਦ ਦੇ ਨਾਵਲ "ਦਲੇਰ ਕੌਰ" ਤੇ "ਬੀਬੀ ਰਣਜੀਤ ਕੌਰ" ਵੀ ਇਸੇ ਦੌਰ ਵਿਚ ਸ਼ਾਮਿਲ ਹੁੰਦੇ ਹਨ। ਇਹਨਾਂ ਨਾਵਲਾਂ ਵਿਚ ਨਾਇਕ ਅਤੇ ਖਲਨਾਇਕ ਸਪਸ਼ਟ ਹੈ ਅਤੇ ਨਾਇਕ ਦੀ ਜਿੱਤ ਹੀ ਹੁੰਦੀ ਹੈ। ਜਿਸ ਦੇ ਮੁੱਖ ਵਿਸ਼ੇ ਹਨ ਵਿਅਕਤੀਵਾਦੀ ਆਦਰਸ਼ਵਾਦੀ ਨਾਵਲ, ਪ੍ਰਗਤੀਵਾਦੀ ਯਥਾਰਥਵਾਦੀ ਨਾਵਲ, ਉੱਤਰ-ਯਥਾਰਥਵਾਦੀ ਨਾਵਲ ਜਿਸ ਨੂੰ ਵੱਖ ਵੱਖ ਪੜਾ ਆਵਾਂ ਦੇ ਨਾਵਲਕਾਰਾਂ ਨੇ ਲਿਖਿਆ ਹੈ

**ਕਹਾਣੀ :**

ਆਧੁਨਿਕ ਪੰਜਾਬੀ ਕਹਾਣੀ ਪੰਜਾਬੀ ਸਾਹਿਤ ਦੀ ਇੱਕ ਰੂਪ ਗਤ ਵਿਧਾ ਹੈ। ਇਹ ਪੰਜਾਬੀ ਗਲਪ ਵਿਚ ਨਾਵਲ ਤੋਂ ਬਾਦ ਦੂਜੇ ਸਥਾਨ ਤੇ ਹੈ। ਆਧੁਨਿਕ ਕਹਾਣੀ ਵਿਚ ਆਮ ਮਨੁੱਖ ਦੇ ਮਾਨਵੀ ਸੰਦਰਭ ਨੂੰ ਚਿਤਰਿਆ ਗਿਆ ਹੈ। ਆਧੁਨਿਕ ਕਹਾਣੀ ਦੀ ਪੇਸ਼ਕਾਰੀ ਵਿਚ ਸੰਕੇਤਕ ਅਤੇ ਪ੍ਰਤੀਕਾਤਮਿਕ ਵਿਧੀ ਅਪਣਾਉਂਦੀ ਹੈ। ਸੰਕੇਤਾਂ ਅਤੇ ਪ੍ਰਤੀਕਾਂ ਦੀ ਵਰਤੋਂ ਆਧੁਨਿਕ ਪੰਜਾਬੀ ਕਹਾਣੀ ਸੁਚੇਤ ਪਾਠਕ ਦੀ ਮੰਗ ਕਰਦੀ ਹੈ। ਪਹਿਲਾ ਪੜਾਅ 1913-1935ਆਦਰਸ਼ਵਾਦੀ,ਯਥਾਰਥਵਾਦੀ ਪੰਜਾਬੀ ਕਹਾਣੀ ਦੂਜਾ ਪੜਾਅ -1936-1965ਪ੍ਰਗਤੀਵਾਦੀ,ਯਥਾਰਥਵਾਦੀ ਪੰਜਾਬੀ ਕਹਾਣੀ ਤੀਜਾ ਪੜਾਅ -1966-1990 ਵਸਤੂ ਮੁਖੀ,ਯਥਾਰਥਵਾਦੀ ਪੰਜਾਬੀ ਕਹਾਣੀ ਚੌਥਾ ਪੜਾਅ -1991 ਤੋਂ ਨਿਰੰਤਰ, ਉਤਰ ਯਥਾਰਥਵਾਦੀ ਪੰਜਾਬੀ ਕਹਾਣੀ ਭਾਈ ਮੋਹਨ ਸਿੰਘ ਵੈਦ,-ਸਿਆਣੀ ਮਾਤਾ (1918) ਅਭੈ ਸਿੰਘ,-ਚੰਬੇ ਦੀਆਂ ਕਲੀਆਂ (1925) ਚਰਨ ਸਿੰਘ

ਸ਼ਹੀਦ,- ਹੱਸਦੇ ਹੰਝੂ (1933) ਅਮਰ ਸਿੰਘ,-ਖੋਤੇ ਦੀ ਹੱਡ ਬੀਤੀ (1933)ਨਾਨਕ ਸਿੰਘ,-ਹੰਝੂਆਂ ਦੇ ਹਾਰ (1937) ਦੂਜਾ ਪੜਾਅ -1936-1965 ਪ੍ਰਗਤੀਵਾਦੀ,ਯਥਾਰਥਵਾਦੀ ਪੰਜਾਬੀ ਕਹਾਣੀ ਚੌਥੇ ਦਹਾਕੇ ਦੇ ਅੰਤਲੇ ਸਾਲਾਂ ਵਿਚ ਪੰਜਾਬੀ ਕਹਾਣੀ ਰਚਨਾ ਦ੍ਰਿਸ਼ਟੀ ਵਿਚ ਅਜਿਹਾ ਗੁਣਾਤਮਿਕ ਪਰਿਵਰਤਨ ਹੁੰਦਾ ਹੈ ਕਿ ਜਿਸ ਨਾਲ ਮੱਧਕਾਲੀ ਅਧਿਆਤਮਵਾਦੀ ਆਦਰਸ਼ਵਾਦੀ ਅਤੇ ਰੁਮਾਂਸਵਾਦੀ,ਸੁਧਾਰਵਾਦੀ ਦੀ ਰਹਿੰਦ ਖੂੰਹਦ ਤੋਂ ਪੂਰੀ ਤਰਾਂ ਮੁਕਤ ਹੋ ਕੇ ਵਿਚਰਨ ਲਗਦੀ ਹੈ। ਨਾਟਕਕਾਰ ਬਲਵੰਤ ਗਾਰਗੀ ਨੇ ਆਪਣੇ ਵਿਲੱਖਣ ਰੰਗ ਢੰਗ ਵਿਚ ਕਹਾਣੀਆਂ ਲਿਖੀਆਂ ਬਲਵੰਤ ਸਿੰਘ, ਕ੍ਰਿਸ਼ਨ ਚੰਦਰ ਨੇੜੇ ਲਿਜਾਂਦੀਆਂ ਹਨ, ਪਰ ਉਸ ਦੀ ਨਾਟਕਕਾਰ ਵਜੋਂ ਪ੍ਰਸਿੱਧੀ ਹੋ ਜਾਣ ਕਾਰਨ ਕਿਸੇ ਪੰਜਾਬੀ ਵਿਦਵਾਨ ਨੇ ਏਧਰ ਧਿਆਨ ਦੇਣ ਦੀ ਲੋੜ ਨਹੀਂ ਸਮਝੀ। ਇਸੇ ਤਰ੍ਹਾਂ ਤੀਜੇ ਅਤੇ ਚੌਥੇ ਪੜਾਅ ਵਿਚ ਕਹਾਣੀ ਲਿਖੀ ਗਈ

**ਨਾਟਕ :**

ਵੀਹਵੀਂ ਸਦੀ ਵਿਚ ਪੰਜਾਬੀ ਨਾਟਕ ਸਪੱਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ। 1913 ਤੋਂ ਪਹਿਲਾਂ ਬਹੁਤ ਸਾਰੇ ਅਨੁਵਾਦਿਤ ਨਾਟਕ ਰਚੇ ਗਏ। 1912 ਈ: ਵਿਚ ਭਾਈ ਮੋਹਨ ਸਿੰਘ ਵੈਦ ਨੇ 'ਕਾਮੇਡੀ ਆਫ਼ ਐਰਰਜ਼' ਦਾ 'ਭੁੱਲ-ਭੁਲੱਈਆਂ' ਨਾਮ ਹੇਠ ਅਨੁਵਾਦ ਕੀਤਾ, ਅਮਰ ਸਿੰਘ ਨੇ 'ਓਥੈਲੋ' ਨਾਟਕ ਨੂੰ 'ਦੇਸ਼-ਦਮਨ' ਨਾਮ ਅਧੀਨ ਅਨੁਵਾਦ ਕੀਤਾ। 1901 ਤੋਂ 1913 ਤੱਕ ਦੇ ਇਸ ਦੌਰ ਵਿਚ ਅਨੁਵਾਦਿਤ ਨਾਟਕਾਂ ਤੋਂ ਇਲਾਵਾ ਮੌਲਿਕ ਨਾਟਕ ਰਚਣ ਦੀ ਸ਼ੁਰੂਆਤ 'ਬਾਵਾ ਬੁੱਧ ਸਿੰਘ' ਨੇ 1909 ਈ: ਵਿਚ 'ਚੰਦਰ ਹਰੀ' ਨਾਟਕ ਨਾਲ ਕੀਤੀ। 1910 ਈ: ਵਿਚ ਭਾਈ ਵੀਰ ਸਿੰਘ ਨੇ 'ਰਾਜਾ ਲਖਦਾਤਾ ਸਿੰਘ' ਦੀ ਰਚਨਾ ਕੀਤੀ ਅਤੇ 1911 ਈ: ਵਿਚ ਅਰੂੜ ਸਿੰਘ ਤਾਇਬ ਨੇ 'ਸੁੱਕਾ ਸਮੁੰਦਰ' ਅਤੇ 1912 ਈ: ਵਿਚ 'ਨਲ ਦਮਯੰਤੀ' ਦੀ ਰਚਨਾ ਕੀਤੀ ਪ੍ਰੰਤੂ ਇਹ ਨਾਟਕਕਾਰ ਕਈ ਪੱਖਾਂ ਤੋਂ ਊਣੇ ਰਹੇ ਜਿਸ ਕਰ ਕੇ ਉਨ੍ਹਾਂ ਦੇ ਨਾਟਕਾਂ ਨੂੰ ਸੰਪੂਰਨ ਨਾਟਕ ਨਹੀਂ ਕਿਹਾ ਜਾ ਸਕਦਾ।

**ਨਿਬੰਧ :**

ਪੰਜਾਬੀ ਨਿਬੰਧ ਰਚਨਾ : ਇਤਿਹਾਸ ਵਿਕਾਸ ਤੇ ਵਿੰਭਿਨ ਰੂਪ ਆਧੁਨਿਕ ਪੰਜਾਬੀ ਵਾਰਤਕ ਦੇ ਸ਼ੁੱਧ ਵਾਰਤਕ ਰੂਪ ਵਿਚ ਨਿਬੰਧ ਦਾ ਵਿਸ਼ੇਸ਼ ਸਥਾਨ ਹੈ। ਆਧੁਨਿਕ ਪੰਜਾਬੀ ਵਾਰਤਕ ਵਿਚ ਇਹ ਰੂਪ ਅੰਗਰੇਜ਼ੀ ਪ੍ਰਭਾਵ ਦੀ ਹੀ ਦੇਣ ਹੈ। ਨਿਬੰਧ ਛੋਟੇ ਪ੍ਰਕਾਰ ਦੀ ਵਾਰਤਕ ਰਚਨਾ ਹੁੰਦੀ ਹੈ। ਜੋ ਸੰਖੇਪਤਾ ਸਾਹਿਤ ਵਿਚ ਵੱਧ ਤੋਂ ਵੱਧ ਲੜੀਵਾਰ ਭਾਵਾਂ ਤੇ ਵਿਚਾਰਾਂ ਨੂੰ ਪੇਸ਼ ਕਰਦਾ ਹੈ। ਪੰਜਾਬੀ ਨਿਬੰਧ ਦਾ ਆਰੰਭ ਇਸਾਈ ਮਸ਼ਨੀਰੀਆਂ ਨੇ ਆਪਣੇ ਮੱਤ ਦੇ ਪ੍ਰਚਾਰ ਲਈ ਹੀ ਕੀਤਾ ਸੀ। ਸ਼ੁਰੂ ਸ਼ੁਰੂ ਦੀ ਪੰਜਾਬੀ ਨਿਬੰਧ ਰਚਨਾ ਧਾਰਮਿਕ ਨਿਬੰਧ ਰਚਨਾ ਦੇ ਰੂਪ ਵਿਚ ਪੇਸ਼ ਹੁੰਦੀ ਦਿਖਾਈ ਦਿੰਦੀ ਹੈ। ਸ਼ਰਧਾ ਰਾਮ ਫਿਲੌਰੀ(1837-1881) ਤੋਂ ਸਰਕਾਰ ਨੇ ਦੋ ਪੁਸਤਕਾਂ ਰਾਜ ਦੀ ਵਿਥਿਆ(1866) ਪੰਜਾਬੀ ਬਾਤਚੀਤ (1875) ਲਿਖਵਾਈਆਂ ਜੋ ਕਿ ਨਿਬੰਧ ਸੰਗ੍ਰਹਿ ਹੀ ਸਨ। ਇਸ ਤੋਂ ਬਾਅਦ ਗਿ: ਗਿਆਨ ਸਿੰਘ ਨੇ ਗੁਰੂ ਖ਼ਾਲਸਾ, ਸਰਕਾਰ ਖ਼ਾਲਸਾ, ਪਤਿਤ ਪਵਨ ਆਦਿ ਰਚਨਾ ਕੀਤੀ। ਬਿਹਾਰੀ ਲਾਲ ਪੁਰੀ, ਪੰਡਿਤ ਤਾਰਾ ਸਿੰਘ ਨਰੋਤਮ, ਪ੍ਰੋ ਗੁਰਮੁਖ ਸਿੰਘ, ਬਾਬਾ ਰਾਮ ਸਿੰਘ ਆਦਿ ਨੇ ਰਚਨਾ ਕੀਤੀ। ਭਾਈ ਵੀਰ ਸਿੰਘ ਆਧੁਨਿਕ ਨਿਬੰਧ ਰਚਨਾ ਦੇ ਮੋਢੀ ਲਿਖਾਰੀ ਸਨ। ਉਹਨਾ ਦੇ ਚੋਣਵੇਂ ਸੰਪਾਦਕੀ ਲੇਖ ਅਮਰ ਲੇਖ ਨਾਂ ਹੇਠ ਪ੍ਰਕਾਸ਼ਿਤ ਹੋਏ। ਉਸ ਤੋਂ ਬਾਅਦ ਚਰਨ ਸਿੰਘ ਸ਼ਹੀਦ ਦੇ ਨਿਬੰਧ ਹਾਸ ਤੇ ਵਿਅੰਗ ਭਰਪੂਰ ਸਨ। ਪ੍ਰੋ: ਪੂਰਨ ਸਿੰਘ ਅਬਦਲੀ ਜੋਤਿ, ਭਾਈ ਕਾਨ੍ਹ ਸਿੰਘ ਨਾਭਾ - ਹਮ ਹਿੰਦੂ ਨਹੀਂ, ਗੁਰਮਤਿ ਸੁਧਾਰਕ ਮੋਹਨ ਸਿੰਘ ਵੈਦ ਨੇ ਵਾਰਤਕ ਤੇ ਨਿਬੰਧ ਚ ਵੱਡਾ ਭੰਡਾਰ ਸਿਰਜਿਆ ਉਸ ਦੇ ਬਹੁਭਾਂਤੀ ਵਿਸ਼ੇ ਖੇਤਰ ਵਿਚ ਸਮਾਜਿਕ ਕੁਰੀਤੀਆਂ, ਹਿਕਮਤ ਦਰਸ਼ਨ ਤੇ ਗੁਰਮਤਿ ਆਦਿ ਦਾ ਰੁਝਾਨ ਸੀ ਆਤਮ ਸੁਧਾਰ, ਕਮਾਈ ਦੀ ਬਰਕਤ ਅਨੇਕ ਗਿਆਨ ਦਰਪਣ ਆਦਿ ਸਨ। ਇਨ੍ਹਾਂ ਤੋਂ ਇਲਾਵਾ ਮਾਸਟਰ ਤਾਰਾ ਸਿੰਘ, ਨਾਨਕ ਸਿੰਘ ਨਾਵਲਿਸਟ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਆਧੁਨਿਕ ਪੰਜਾਬੀ ਵਾਰਤਕ ਦੇ ਪ੍ਰਮੁੱਖ ਸ਼ੈਲੀਕਾਰ ਸਨ। ਇਸ ਸਦੀ ਵਿਚ ਹੀ ਕਾਵਿ ਨਿਬੰਧ , ਖਤ ਨਿਬੰਧ ਆਦਿ ਵੱਖ ਵੱਖ ਤਰਾਂ ਦੇ ਨਿਬੰਧ ਰੂਪ ਹੋਂਦ ਵਿਚ ਆਏ, ਜਿਵੇਂ- ਬਾਵਾ ਬਲਵੰਤ ਦੇ ਕਾਵਿ ਨਿਬੰਧ, ਕਿਸ ਕਿਸ ਤਰਾਂ ਦੇ ਨਾਚ ਅਤੇ ਗਿ: ਗੁਰਦਿੱਤ ਸਿੰਘ, ਮੇਰਾ ਪਿੰਡ, ਮੇਰੇ ਪਿੰਡ ਦਾ ਜੀਵਨ ਸੋਹਣ ਸਿੰਘ ਜੋਸ਼ – ਅਕਾਲੀ ਮੋਰਚੇ ਦਾ ਇਤਿਹਾਸ, ਬਰਜਿੰਦਰ ਸਿੰਘ ਹਮਦਰਦ – ਧਰਤੀਆਂ ਦੇ ਗੀਤ ਅਤੇ ਖਤ ਨਿਬੰਧ ਜਿਸ ਦਾ ਅਰੰਭ ਬਾਬਾ ਰਾਮ ਸਿੰਘ ਦੇ ਖਤਾਂ ਤੋਂ ਹੋਇਆ ਅਤੇ ਦੂਜੀ ਰਚਨਾ ਭਾਈ ਰਣਧੀਰ ਸਿੰਘ ਦੀਆ ਜੇਲ ਚਿੱਠਿਆਂ ਹਨ।

**ਸਫ਼ਰਨਾਮਾ :**

ਪੰਜਾਬੀ ਸਫ਼ਰਨਾਮਾ ਸਰੂਪ ਇਤਿਹਾਸ ਤੇ ਵਿਕਾਸ - ਪੰਜਾਬੀ ਸਾਹਿਤ ਵਿਚ ਸਫ਼ਰਨਾਮਾ ਸਹਿਤ ਦਾ ਆਰੰਭ ਵੀਹਵੀਂ ਸਦੀ ਦੇ ਆਰੰਭ ਵਿਚ ਹੋਇਆ, ਪੰਜਾਬੀ ਸਫ਼ਰਨਾਮਾ ਦੀ ਪਹਿਲੀ ਰਚਨਾ ਇਸਾਈ ਮਿਸ਼ਨਰੀਆਂ ਵੱਲੋਂ ਲਿਖੀ ਗਈ (ਏਸੀਆ ਦੀ ਸੇਲ) 1898 ਈ: ਵਿਚ ਨੂੰ ਮੰਨਿਆ ਗਿਆ।

ਸਫ਼ਰਨਾਮਾ ਵਿਚ ਕੋਈ ਲੇਖਕ ਆਪਣੇ ਸਫਰ ਦਾ ਵਰਣਨ ਇਤਿਹਾਸਕ ਘਟਨਾਵਾਂ ਆਦਿ ਦੀ ਪੇਸ਼ਕਾਰੀ ਕਰਦਾ ਹੈ। ਜਿਆਦਾਤਰ ਸਫ਼ਰਨਾਮੇ ਅਸੀਂ ਵੇਖ ਸਕਦੇ ਹਾਂ ਕਿ ਲੇਖਕਾਂ ਨੇ ਪਰਦੇਸ਼ ਨਾਲ ਸਬੰਧਿਤ ਲਿਖੇ ਹਨ। ਪੰਜਾਬੀ ਸਫ਼ਰਨਾਮਾ ਰੂਪ ਨੂੰ ਲੇਖਕ ਨੇ ਕਈ ਪੜਾਵਾਂ ਵਿਚ ਵੰਡ ਕੇ ਪੇਸ਼ ਕੀਤਾ ਹੈ ਜਿਵੇ ਕੇ -

ਪਹਿਲਾ ਪੜਾਅ (1900- 1930) ਇਸ ਪੜਾਅ ਦੇ ਪਹਿਲੇ ਸਫ਼ਰਨਾਮੇ ਦੀ ਸ਼ੁਰੂਆਤ ਭਾਈ ਕਾਨ ਸਿੰਘ ਨਾਭਾ ਦਾ - ਪਹਾੜੀ ਰਿਆਸਤਾਂ ਦਾ ਸਫ਼ਰਨਾਮਾ ਦੂਜਾ ਵਲਾਇਤ ਦਾ ਸਫ਼ਰਨਾਮਾ ਸੀ। ਉਸ ਤੋਂ ਬਾਅਦ ਜੀਵਨ ਸਿੰਘ ਸੇਵਕ ਦਾ - ਅਮਰੀਕਾ ਦੀ ਸੈਰ, ਰਘੁਬੀਰ ਸਿੰਘ ਕਯੋਟਾ, ਸੁੰਦਰ ਸਿੰਘ ਨਰੂਲਾ ਆਦਿ ਨੇ ਸਫ਼ਰਨਾਮੇ ਦੀ ਰਚਨਾ ਕੀਤੀ। ਦੂਜਾ ਪੜਾਅ (1931- 1947) ਇਸ ਸਮੇਂ ਦੋਰਾਨ ਲਿਖੇ ਸਫ਼ਰਨਾਮੇ ਦੀ ਯਾਤਰਾ ਦਾ ਜਿਕਰ ਜਿਸ ਵਿਚ ਲਾਲ ਸਿੰਘ ਕਮਲਾ  ਦਾ ਪੰਜਾਬ ਯਾਤਰਾ, ਹੁਕਮ ਸਿੰਘ ਰਾਇਸ ਦਾ ਅਫਗਾਨਿਸਤਾਨ ਦਾ ਸਫਰ, ਪਿਆਰਾ ਸਿੰਘ ਸ਼ਹਿਰਾਈ ਇੱਕ ਝਾਤ ਸੋਵੀਅਤ ਰੂਸ ਤੇ ਆਦਿ ਹਨ। ਇਸ ਤੋਂ ਬਾਅਦ ਤੀਜਾ ਪੜਾਅ 1948-1975  ਅਤੇ ਚੌਥਾ ਪੜਾਅ 1976-2004 ਇਸ ਕਾਲਖੰਡ ਵਿਚ ਸਫਰਨਾਮਾ ਆਪਣੇ ਸਿਖਰ ਤੇ ਸੀ। ਇਸ ਕਾਲ ਵਿਚ ਵਿਵਧਭਾਂਤ ਦੇ ਸਫ਼ਰਨਾਮੇ ਲਿਖੇ ਜਾਣੇ ਸ਼ੁਰੂ ਹੋਏ ਜਿਨਾ ਵਿਚ ਧਾਰਮਿਕ, ਅਨੁਵਾਦਿਤ, ਮੋਲਿਕ,ਅੰਸ਼ਿਕ ਆਦਿ ਸਫ਼ਰਨਾਮੇ ਹਨ।  ਜਿਸ ਵਿਚ ਲੇਖਕਾਂ ਨੇ ਧੜਾ ਧੜ ਸਫ਼ਰਨਾਮੇ ਲਿਖੇ। ਇਸ ਕਾਲ ਵਿਚ ਕੁਝ ਪੁਰਾਣੀ ਪੀੜੀ ਨਾਲ ਸਬੰਧਿਤ ਲੇਖਕ ਅਤੇ ਕੁਝ ਨਵੇਂ ਲੇਖਕ ਸ਼ਾਮਿਲ ਹੋਏ ਜਿਵੇਂ ਗੁਦਿਆਲ ਸਿੰਘ ਫੁੱਲ ਮੇਰੀ ਪਰਬਤ ਯਾਤਰਾ, ਬਲਰਾਜ ਸਾਹਨੀ ਮੇਰੀ ਬਦੇਸ਼ ਯਾਤਰਾ, ਨਰਿੰਦਰ ਪਾਲ ਸਿੰਘ ਇੱਕੀ ਪੱਤੀਆਂ ਦਾ ਗੁਲਾਬ, ਸੁਰਜੀਤ ਸਿੰਘ ਸੇਠੀ ਦਾ ਵੰਨ ਸੁਵੰਨੇ, ਰਵਿੰਦਰ ਰਵੀ ਸਿਮਰਤੀਆਂ ਦੇ ਦੇਸ਼ ਆਦਿ ਹਨ।

**ਜੀਵਨੀ** :

ਪੰਜਾਬੀ ਵਿਚ ਜੀਵਨੀ ਪ੍ਰਕ ਸਾਹਿਤ – ਇਹ ਵਿਲੱਖਣ ਭਾਂਤ ਦੀ ਵਾਰਤਕ ਰਚਨਾ ਹੈ। ਜਿਸ ਵਿਚ ਮਨੁੱਖ ਦੇ ਸਵੈ ਦੀ ਪ੍ਰਗਟਾਓ ਰੁਚੀ ਤੇ ਇੱਕ ਦੂਜੇ ਨੂੰ ਜਾਨਣ ਦੀ ਇੱਛਾ ਤੇ ਦਿਲਚਸ਼ਪੀ ਹੁੰਦੀ ਹੈ। ਇਸ ਵਿਚ ਨਾਇਕ ਦੇ ਜੀਵਨ ਦੇ ਉੱਗੇ ਪ੍ਰਤਿਨਿਧ ਪੱਖਾਂ ਦੀ ਝਲਕ ਦਿੱਤੀ ਜਾਂਦੀ ਹੈ। ਮੋਟੇ ਤੋਰ ਤੇ ਇਸ ਦਾ ਸਬੰਧ ਸਧਾਰਨ ਤੋਂ ਵਿਸ਼ੇਸ ਸਖਸ਼ੀਅਤ ਨਾਲ ਹੁੰਦਾ ਹੈ। ਪੰਜਾਬੀ ਵਿਚ ਜੀਵਨੀ ਦਾ ਆਰੰਭ ਮੱਧਕਾਲੀ ਵਾਰਤਕ ਜਨਮਸਾਖੀ, ਸਾਖੀ ਆਦਿ ਵਾਰਤਕ ਰੂਪ ਵਿਚ ਹੋਇਆ। ਪ੍ਰੰਤੂ ਆਧੁਨਿਕ ਜੀਵਨੀ ਦਾ ਆਰੰਭ ਵੀਹਵੀਂ ਸਦੀ ਵਿਚ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਤੋਂ ਹੋਇਆ ਮੰਨਿਆ ਜਾਂਦਾ ਹੈ। ਇਹ ਸਾਹਿਤਕ ਰੂਪ ਪੰਜਾਬੀ ਸਾਹਿਤ ਵਿਚ ਬਹੁਤ ਪ੍ਰਫੁਲਿਤ ਹੋਇਆ। ਸ਼ੁਰੂ ਸ਼ੁਰੂ ਵਿਚ ਪੰਜਾਬੀ ਵਿਚ ਧਾਰਮਿਕ ਜੀਵਨੀਆਂ ਦੀ ਰਚਨਾ ਹੋਈ ਜਿਨਾਂ ਦਾ ਕੇਂਦਰ ਸਿੱਖ ਗੁਰੂ ਸਾਹਿਬਾਨ ਜਾਂ ਹੋਰ ਧਾਰਮਿਕ ਮਹਾਪੁਰਸ਼ ਸਨ। ਜਿਵੇਂ ਗਿ: ਦਿੱਤ ਸਿੰਘ – ਜਨਮਸਾਖੀ ਗੁਰੂ ਨਾਨਕ ਸਹਿਬ ਜੀ, ਡਾ: ਚਰਨ ਸਿੰਘ – ਦਸਮ ਗੁਰੂ ਚਰਿਤਰ, ਉਸ ਤੋਂ ਇਲਾਵਾ 1960 ਤੋਂ ਬਾਅਦ ਹੁਣ ਤੱਕ ਇਸ ਸਾਹਿਤ ਖੇਤਰ ਵਿਚ ਬਹੁਤ ਵਿਕਾਸ ਹੋਇਆ। ਧਾਰਮਿਕ ਖੇਤਰ ਤੋਂ ਇਲਾਵਾ ਸਮਾਜਿਕ, ਰਾਜਨੀਤਿਕ, ਸਾਹਿਤਕ ਖੇਤਰ ਨਾਲ ਸਬੰਧਿਤ ਲਿਖਤਾਂ ਹੋਂਦ ਵਿਚ ਆਈਆਂ।

**ਸਵੈ-ਜੀਵਨੀ** :

ਸਵੈ ਜੀਵਨੀ ਆਧੁਨਿਕ ਪੰਜਾਬੀ ਵਾਰਤਕ ਦੀ ਨਵੀਂ ਵਿਧਾ ਹੈ। ਜਿਸ ਵਿਚ ਲੇਖਕ ਆਪਣੇ ਜੀਵਨ ਦੀਆਂ ਵਿਸ਼ੇਸ ਘਟਨਾਵਾਂ ਜਾਂ ਉਨ੍ਹਾਂ ਦੀ ਪੁਨਰ ਸਿਰਜਨਾ ਕਰਦਾ ਹੈ  ਅਸੀਂ ਇਵੇਂ ਕਹਿ ਸਕਦੇ ਹਾਂ ਕਿ ਇਸ ਵਿਚ ਲੇਖਕ ਦੀ ਯਾਦ ਸ਼ਕਤੀ ਤੇ ਬਿਆਨ ਸ਼ਕਤੀ ਦੀ ਸੁਚੱਜੀ ਵਰਤੋਂ ਹੁੰਦੀ ਹੈ। ਇਸ ਵਿਚ ਲੇਖਕ ਦੇ ਕਈ ਉਹ ਪੱਖ ਵੀ ਸਾਹਮਣੇ ਆ ਜਾਂਦੇ ਹਨ ਜਿਨਾਂ ਦਾ ਵਰਣਨ ਕੀਤੇ ਹੋਰ ਨਹੀਂ ਹੋਇਆ ਹੁੰਦਾ। ਇਸੇ ਲਈ ਅੰਮ੍ਰਿਤਾ ਪ੍ਰੀਤਮ ਨੇ ਸਵੈ ਜੀਵਨੀ ਨੂੰ ਯਥਾਰਥ ਤਕ ਅਮਲ ਕਿਹਾ ਹੈ। ਪੰਜਾਬੀ ਵਿਚ ਸਵੈ ਜੀਵਨੀ ਦੀ ਸ਼ੁਰੂਆਤ ਨਾਨਕ ਸਿੰਘ ਨਾਵਲਿਸਟ ਤੋਂ ਮੰਨੀ ਜਾਂਦੀ ਹੈ ਭਾਵ - ਮੇਰੀ ਦੁਨੀਆਂ ਨੂੰ ਪਹਿਲੀ ਸਵੈ ਜੀਵਨੀ ਮੰਨਿਆ ਜਾਂਦਾ ਹੈ।ਇਸ ਤੋਂ ਬਾਅਦ ਪ੍ਰਿ: ਤੇਜਾ ਸਿੰਘ 'ਆਰਸੀ' 'ਮੇਰਾ ਆਪਣਾ ਆਪ' ਅਰਜਨ ਸਿੰਘ ਗੜਗਜ, ਲਾਲ ਸਿੰਘ ਦਿਲ - ਦਾਸਤਾਨ, ਖੁਸ਼ਵੰਤ ਸਿੰਘ - ਮੌਜ ਮੇਲਾ ਆਦਿ ਦੇ ਨਾਂ ਵੇਖੇ ਜਾ ਸਕਦੇ ਹਨ।

**ਸੰਸਮਰਣ/ਯਾਦਾਂ** :

ਇਹ ਨਿਜੀ ਅਨੁਭਵ ਤੇ ਯਾਦਾਂ ਤੇ ਅਧਾਰਿਤ ਵਾਰਤਕ ਰਚਨਾ ਹੁੰਦੀ ਹੈ। ਜਿਸ ਵਿਚ ਜੀਵਨ ਦੀਆਂ ਅਭੁੱਲ ਘਟਨਾਵਾਂ ਰੋਚਕ ਪਲਾਂ ਤੇ ਸਖਸ਼ੀਅਤ ਦੀ ਉਸਾਰੀ ਤੇ ਕਈ ਪੱਖ ਨਿਸ਼ਚਿਤ ਹੁੰਦੇ ਹਨ। ਇਹਨਾਂ ਯਾਦਾਂ ਕੋਈ ਲੇਖਕ ਜਾਂ ਵਿਅਕਤੀ ਆਪਣੇ ਬੀਤ ਚੁੱਕੇ ਸਮੇਂ ਦੀਆਂ ਅਨੰਤ ਯਾਦਾਂ ਵਿਚੋਂ ਕਲਪਨਾ ਤੇ ਯਾਦ ਸ਼ਕਤੀ ਦੇ ਸਹਾਰੇ ਇਨਾਂ ਨੂੰ ਪ੍ਰਭਾਵਸ਼ਾਲੀ ਤੇ ਯਥਾਰਥ ਮਈ ਢੰਗਾਂ ਨਾਲ ਅਪਣਾਉਂਦਾ ਹੈ। ਇਸ ਵਿਚ ਲੇਖਕ ਦਾ ਸਵੈ ਮੋਜੂਦ ਹੁੰਦਾ ਹੈ। ਸੰਸਮਰਣ ਜੋ ਕਿ ਸਾਹਿਤਕ ਵਾਂਗ ਸਾਹਿਤਕ ਗੁਣਾ ਦੀ ਵਰਤੋਂ ਰਾਹੀ ਰਚਿਆ ਗਿਆ ਹੋਵੇ ਇਸ ਵਿਚ ਸਮੇਂ, ਸਥਾਨ ਵਾਤਾਵਰਣ ਦੀ ਅਹਿਮ ਉਸਾਰੀ

ਹੁੰਦੀ ਹੈ । ਪੰਜਾਬੀ ਵਿਚ ਸੰਸਮਰਣ ਦਾ ਅਰੰਭ ਗੁਰਬਖਸ ਸਿੰਘ ਪ੍ਰੀਤਲੜੀ ਦੀ ਰਚਨਾ ਮੇਰੀਆਂ ਅਭੁੱਲ ਯਾਦਾਂ ਤੋਂ ਹੋਇਆ ਹੈ । ਗੁਰਮੁਖ ਸਿੰਘ ਮੁਸਾਫ਼ਿਰ - ਵੇਖਿਆ ਸੁਣਿਆ ਗਾਂਧੀ, ਸੁਰਜੀਤ ਸਿੰਘ - ਰਾਹੇ ਕੁਰਾਹੇ ਆਦਿ ਹਨ ।

**ਰੇਖਾ-ਚਿੱਤਰ** :

ਰੇਖਾ ਚਿਤਰ ਆਧੁਨਿਕ ਪੰਜਾਬੀ ਵਾਰਤਕ ਦਾ ਸ਼ੁੱਧ ਰੂਪ ਹੈ । ਰੇਖਾ ਚਿੱਤਰ ਦਾ ਮਕਸਦ ਕਿਸੇ ਵਿਅਕਤੀ ਦੇ ਜੀਵਨ ਬਿੰਬ ਜਾਂ ਸਖਸ਼ੀਅਤ ਦਾ ਚਿਤਰਣ ਜਾਂ ਉਸਾਰੀ ਕਰਨਾ ਹੈ। ਰੇਖਾ ਚਿੱਤਰ ਵਿਚ ਸਿਰਜਨਾ ਤੇ ਆਲੋਚਨਾ, ਵਾਸਤਵਿਕਤਾ ਤੇ ਕਾਲਪਨਿਕਤਾ ਭਾਵ ਜੀਵਨ ਤੇ ਸਾਹਿਤ ਦਾ ਸੁੰਦਰ ਸੁਮੇਲ ਹੁੰਦਾ ਹੈ। ਰੇਖਾ ਚਿੱਤਰ ਵਿਚ ਪਾਤਰ ਤੋਂ ਇਲਾਵਾ ਲੇਖਕ ਆਪਣਾ ਚਿੱਤਰ ਵੀ ਪੇਸ਼ ਕਰ ਸਕਦਾ ਹੈ। ਇਸ ਵਿਚ ਸਾਹਿਤਕ ਖੋਜ ਰਾਹੀ ਕਿਸੇ ਪਾਤਰ ਦਾ ਪ੍ਰਤਿਨਿਧ ਚਿੱਤਰ ਸਾਹਮਣੇ ਹੁੰਦਾ ਹੈ। ਇਸ ਵਿਚ ਕਾਲਪਨਿਕਤਾ ਦੀ ਥਾਂ ਯਥਾਰਥ ਮੁਕਤਾ ਤੇ ਇਤਿਹਾਸਕ ਦਾ ਜਿਕਰ ਹੁੰਦਾ ਹੈ। ਇਹ ਅਸਲ ਵਿਚ ਕਿਸੇ ਦੀ ਅੰਦਰੂਨੀ ਸੁੰਦਰਤਾ ਨੂੰ ਉਗਾੜਨ ਦਾ ਯਤਨ ਹੈ। ਪੰਜਾਬੀ ਵਿਚ ਰੇਖਾ ਚਿੱਤਰ ਦਾ ਮੁੱਢ ਪ੍ਰਿ: ਤੇਜਾ ਸਿੰਘ ਦੇ ਕੁੱਝ ਨਿਬੰਧ, ਪ੍ਰੀਤਮ ਸਿੰਘ ਦਾ ਸੁਭਾਅ, ਗੰਗਾਦੀਨ ਤੋਂ ਹੋਇਆ ਮੰਨਿਆ ਜਾਂਦਾ ਹੈ। ਇਸੇ ਤਰਾਂ ਜੀ ਐਸ ਰਿਆਲ ਦਾ - ਪਿੱਪਲ। ਪ੍ਰੰਤੂ ਵਾਸਤਵਿਕ ਅਰਥਾਂ ਵਿਚ ਪੰਜਾਬੀ ਰੇਖਾ ਚਿੱਤਰ ਦਾ ਆਰੰਭ 1961 ਵਿਚ ਪ੍ਰਕਾਸ਼ਿਤ ਹੋਈ ਬਲਵੰਤ ਗਾਰਗੀ ਦੀ ਰਚਨਾ - ਨਿੰਮ ਦੇ ਪੱਤੇ ਨਾਲ ਹੋਇਆ। ਪੰਜਾਬੀ ਦੇ ਰੇਖਾ ਚਿੱਤਰ ਇਕੱਲੇ ਸਾਹਿਤਕਾਰਾਂ ਬਾਰੇ ਹੀ ਲਿਖੇ ਗਏ ਹਨ। ਲਗਭਗ ਹਰ ਲੇਖਕ ਨੇ ਅਪਣਾ ਰੇਖਾ ਚਿੱਤਰ ਲਿਖਿਆ ਹੈ। ਬਲਵੰਤ ਗਾਰਗੀ ਦੇ ਰੰਗਮੰਚ ਤੋਂ ਇਲਾਵਾ ਭਾਵ ਵਾਰਤਕ ਵਿਚ ਸਫਲ ਪੇਸ਼ਕਾਰੀ ਕੀਤੀ ਹੈ ਜਿਵੇ ਕੋਡੀਆਂ ਵਾਲਾ ਸੱਪ, ਹੁਸੀਨ ਚੇਹਰੇ ਅਤੇ ਕੁਲਬੀਰ ਸਿੰਘ ਕਾਂਗ ਨੇ ਬੱਦਲਾਂ ਦੇ ਰੰਗ, ਪੱਥਰ ਲੀਕ, ਦੁੱਧ ਤੇ ਦਰਿਆ, ਅੰਮ੍ਰਿਤਾ ਪ੍ਰੀਤਮ ਕਿਰਮਚੀ ਲਕੀਰਾ ਆਦਿ ਹਨ।

**ਡਾਇਰੀ** :

ਡਾਇਰੀ ਭਾਵ ਨੋਟ ਬੁੱਕ ਜਿਸ ਵਿਚ ਕੋਈ ਲੇਖਕ ਜਾਂ ਸਧਾਰਨ ਵਿਅਕਤੀ ਰੋਜਾਨਾਂ ਦੀਆਂ ਘਟਨਾਵਾਂ ਆਦਿ ਨੋਟ ਕਰਦਾ ਹੈ। ਜਿਸ ਦੇ ਲਿਖਣ ਦਾ ਸਬੰਧ ਆਪਣੇ ਸਵੈ ਜਾਂ ਆਪੇ ਨਾਲ ਹੁੰਦਾ ਹੈ। ਡਾਇਰੀ ਇੱਕ ਆਤਮ ਕਥਾ ਦਾ ਹੀ ਰੂਪ ਹੁੰਦੀ ਹੈ। ਜਿਸ ਤੋਂ ਲਿਖਣ ਵਾਲੇ ਦਾ ਸੁਭਾਅ ਤੇ ਮਾਨਸਿਕਤਾ ਦਾ ਪਤਾ ਲਗਦਾ ਹੈ। ਭਾਵੇਂ ਅਸੀਂ ਮ ੰਨ ਸਕਦੇ ਹਾਂ ਕਿ ਅੱਜ ਦੇ ਸਮੇਂ ਵਿਚ ਡਾਇਰੀ ਵਰਗੀ ਪ੍ਰਫੁਲਿਤ ਵਿਧਾ ਨੂੰ ਮੱਹਤਵ ਦਿੱਤਾ ਜਾ ਰਿਹਾ ਹੈ। ਭਾਈ ਮੋਹਨ ਸਿੰਘ ਵੈਦ ਦੀ ਇੱਕ ਡਾਇਰੀ ਰਚਨਾ ਮਿਲਦੀ ਹੈ। ਡਾ: ਗੰਡਾ ਸਿੰਘ ਦੀ ਅੰਗ੍ਰੇਜੀ ਵਿਚ ਲਿਖੀ ਡਾਇਰੀ ਪੰਜਾਬ ਦੀ ਵੰਡ ਤੋਂ ਪਹਿਲਾ ਤੇ ਵੰਡ ਤੱਕ ਦੀਆਂ ਘਟਨਾਵਾਂ ਦਾ ਜਿਕਰ ਕੀਤਾ ਗਿਆ ਹੈ। ਇਸ ਵਰਗ ਦੀ ਇਕੋ ਇੱਕ ਪ੍ਰਸਿੱਧ ਰਚਨਾ ਬਲਰਾਜ ਸਾਹਨੀ ਦੀ "ਮੇਰੀ ਗੈਰ ਜਜਬਾਤੀ ਡਾਇਰੀ" ਹੈ

**ਪੱਤਰਕਾਰੀ**

ਪੰਜਾਬੀ ਪੱਤਰਕਾਰੀ ਦਾ ਇਤਿਹਾਸ ਤੇ ਵਿਕਾਸ - ਪੰਜਾਬੀ ਪੱਤਰਕਾਰੀ ਦਾ ਆਰੰਭ ਉਨਵੀਂ ਸਦੀ ਦੇ ਆਰੰਭ ਵੇਲੇ ਇਸਾਈ ਮਿਸ਼ਨਰੀ ਲੁਧਿਆਣਾ ਵੱਲੋਂ ਆਪਣੇ ਧਾਰਮਿਕ ਪਰਚਾਰ ਲਈ ਇੱਕ ਗੁਰਮੁਖੀ ਅਖਬਾਰ "ਚੁਪਤ੍ਰਿਆ " ਦੇ ਰੂਪ ਵਿਚ ਹੋਈ ਮੁੱਢ ਵਿਚ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਮਾਰਚ 1867 ਮੁਨਸ਼ੀ ਨਾਰਾਇਣ ਦੀ ਸੰਪਾਦਕੀ ਹੇਠ ਅਖਬਾਰ "ਸ੍ਰੀ ਦਰਬਾਰ ਸਹਿਬ ਸ੍ਰੀ ਅੰਮ੍ਰਿਤਸਰ ਜੀ " ਆਇਆ ਜੋ ਪੰਜਾਬੀ ਭਾਸ਼ਾ ਦਾ ਅਖਬਾਰ ਨਹੀਂ ਸੀ ਭਾਵ ਲਿਪੀ ਗੁਰਮੁਖੀ ਸੀ। ਬ੍ਰਹਮੋ ਸਮਾਜ ਲਹਿਰ ਅਧੀਨ ਦਿਆਲ ਸਿੰਘ ਮਜੀਠੀਆ ਨੇ ਫਰਵਰੀ 1881 ਵਿਚ ਅੰਗ੍ਰੇਜੀ ਵਿਚ ਸਪਤਾਹਿਕ ਟ੍ਰਿਬਿਉਨ ਜਾਰੀ ਕੀਤਾ। ਪੰਜਾਬੀ ਪੱਤਰਕਾਰੀ ਦਾ ਅਸਲ ਆਰੰਭ ਸਿੰਘ ਸਭਾ ਲਹਿਰ ਦੀ ਪ੍ਰੇਰਣਾ ਸਦਕਾ "ਅਕਾਲ ਪ੍ਰਕਾਸ਼ " ਪੰਜਾਬੀ ਪੱਤਰਕਾਰੀ ਦਾ ਪਹਿਲਾ ਠੋਸ ਕਦਮ ਸੀ। 1886 ਈ: ਵਿਚ ਭਾਈ ਗੁਰਮੁਖ ਸਿੰਘ ਦੇ ਯਤਨ ਸਦਕਾ " ਖਾਲਸ਼ਾ ਅਖਬਾਰ " ਜਾਰੀ ਹੋਇਆ । ਇੰਜ ਅਸੀਂ ਕਹਿ ਸਕਦੇ ਹਾਂ ਕਿ ਸ਼ੁਰੂ ਸ਼ੁਰੂ ਦੀ ਪੰਜਾਬੀ ਪੱਤਰਕਾਰੀ ਦਾ ਮੂਲ ਵਿਸ਼ਾ ਧਾਰਮਿਕ ਸੀ। ਪ੍ਰੰਤੂ ਵੀਹਵੀਂ ਸਦੀ ਵਿਚ ਧਾਰਮਿਕ ਦੇ ਨਾਲ ਨਾਲ ਕੋਮੀ ਤੇ ਸਿਆਸੀ ਚੇਤਨਾ ਦਾ ਪ੍ਰਵੇਸ਼ ਹੋਇਆ। "ਸ਼ਹੀਦ " ਅਖਬਾਰ ਅੰਮ੍ਰਿਤਸਰ ਤੋਂ ਚਰਨ ਸਿੰਘ ਸ਼ਹੀਦ ਸਦਕਾ ਜਾਰੀ ਹੋਇਆ। ਪ੍ਰੰਤੂ ਸਾਹਿਤਕ ਪੱਤਰਕਾਰੀ ਦਾ ਆਰੰਭ ਤਾਂ ਉ ੱਨਵੀਂ ਸਦੀ ਵਿਚ ਹੋ ਚੁੱਕਿਆ ਸੀ। ਪ੍ਰੰਤੂ ਇਹ ਵੀਹਵੀਂ ਸਦੀ ਵਿਚ ਪ੍ਰਫੁਲਿਤ ਹੋਈ ਜਿਵੇਂ - ਪ੍ਰੀਤਮ, ਨਵੀਂ ਦੁਨੀਆਂ, ਪ੍ਰੀਤਲੜੀ , ਫੁਲਵਾੜੀ, ਅਤੇ ਵਰਤਮਾਨ ਸਮੇਂ ਵਿਚ ਅਜੀਤ – ਸਾਧੂ ਸਿੰਘ ਹਮਦਰਦ 1959 , ਪੰਜਾਬੀ ਟ੍ਰਿਬਿਉਨ 1978, ਜੱਗਬਾਣੀ- ਹਿੰਦ ਸਮਾਚਾਰ ਗਰੁੱਪ ਵਲੋਂ 1978 ਵਿਚ ਲਾਲਾ ਜਗਤ ਨਾਰਾਇਣ ਦੇ ਹੱਥੋਂ ਪ੍ਰਕਾਸ਼ਿਤ ਹੋਏ।

**ਕੋਸ਼ਕਾਰੀ**

***ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ***

ਪੰਜਾਬੀ ਵਿਚ ਕੋਸ਼ਕਾਰੀ ਦਾ ਆਰੰਭ ਪੱਛਮੀ ਵਿਦਵਾਨਾਂ ਦੇ ਉਪਕਾਰ ਸਦਕਾ ਹੀ ਹੋਇਆ । ਡਾ: ਨਿਊਟਨ ਦੀ ਨਿਗਰਾਨੀ ਹੇਠ ਲੁਧਿਆਣਾ ਦੇ ਪਾਦਰੀਆਂ ਦਾ ਕੋਸ਼ 1854 ਈ: ਵਿਚ ਛਪ ਕੇ ਤਿਆਰ ਹੋਇਆ। ਟੈਕਸਟ ਬੁੱਕ ਕਮੇਟੀ ਵੱਲੋਂ ਕੋਸ਼ ਭਾਈ ਮਾਈਆ ਸਿੰਘ 1895 ਈ: ਵਿਚ ਤਿਆਰ ਹੋਇਆ । ਗੁਰਬਾਣੀ ਨੂੰ ਸਹੀ ਤਰੀਕੇ ਨਾਲ ਸਮਝਣ ਲਈ ਕੋਸ਼ ਤਿਆਰ ਕੀਤਾ ਗਿਆ । ਤਾਰਾ ਸਿੰਘ ਨਰੋਤਮ ਰਚਿਤ ਗਿਰਾਰਥ ਕੋਸ਼ 1895, ਪੰਡਿਤ ਹਜਾਰਾ ਸਿੰਘ ਸ੍ਰੀ ਗੁਰੂ ਗ੍ਰੰਥ ਕੋਸ਼, ਵਧਾਵਾ ਸਿੰਘ ਅੰਗ੍ਰੇਜੀ ਪੰਜਾਬੀ ਕੋਸ਼ 1849 ਈ:। ਟੀਕਾਕਾਰੀ ਟੀਕੇ ਤੋਂ ਭਾਵ ਕਿਸੇ ਕਿਰਤ/ਰਚਨਾ ਦਾ ਅਰਥ ਬੋਧ ਕਰਾਉਣ ਹੁੰਦਾ ਹੈ । ਜਿਵੇਂ ਪਰਮਾਰਥ ਤੇ ਵਿਆਖਿਆ ਆਦਿ । ਇਸ ਤੋਂ ਇਲਾਵਾ ਇਸ ਵਿਚ ਵੈਦਿਕ ਹਿਕਮਤ ,ਭਗਤੀ,ਸੂਫ਼ੀ, ਨੀਤੀ ਸਾਸ਼ਤਰ,ਪਿੰਗਲ ਯੋਗ ਅਤੇ ਹਿੰਦੂ ਧਰਮ ਆਦਿ ਅਨੇਕਾਂ ਗ੍ਰੰਥਾਂ ਰਚਨਾਵਾਂ ਦੇ ਟੀਕੇ ਮਿਲਦੇ ਹਨ । ਭਾਈ ਵੀਰ ਸਿੰਘ ਰਚਿਤ ਸੰਸਥਾ ਸ੍ਰੀ ਗੁਰੂ ਗ੍ਰੰਥ ਸਹਿਬ ਵੱਖ-ਵੱਖ ਬਾਣੀਆਂ ਦੇ ਟੀਕੇ ਜਿਵੇਂ ਜਪੁਜੀ ਸਹਿਬ ਦੇ ਅਨਗਿਣਤ ਟੀਕੇ ਪ੍ਰਾਪਤ ਹਨ । ਅਨੁਵਾਦ ਇਹ ਅਨੁਵਾਦ ਦੋ ਤਰਾਂ ਦੇ ਹੁੰਦੇ ਹਨ ਦੂਜੀਆਂ ਭਾਸ਼ਾਵਾਂ ਤੋਂ ਪੰਜਾਬੀ ਵਿਚ ਅਨੁਵਾਦ, ਪੰਜਾਬੀ ਵਿਚ ਤੇ ਪੰਜਾਬੀ ਤੋਂ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ । ਪੰਜਾਬੀ ਵਿਚ ਹੋਏ ਬਹੁਤੇ ਅਨੁਵਾਦਾਂ ਦਾ ਵਰਣਨ ਵੱਖ-ਵੱਖ ਵਾਰਤਕ ਰੂਪਾਂ ਜਿਵੇਂ ਜੀਵਨੀ, ਸਵੈ ਜੀਵਨੀ, ਨਿਬੰਧ, ਸਫਰਨਾਮਾ, ਆਦਿ ਹੇਠ ਕੀਤਾ ਜਾਂਦਾ ਰਿਹਾ ਹੈ । ਅੰਮ੍ਰਿਤਾ ਪ੍ਰੀਤਮ ਵੱਲੋਂ ਕੀਤਾ ਪੰਜਾਬੀ ਅਨੁਵਾਦ, ਜਰਮਨ ਸਾਹਿਤ ਦੀ ਪਰੰਪਰਾ, ਪ੍ਰੋ: ਪੂਰਨ ਸਿੰਘ ਵੱਲੋਂ ਐਮਰਸਨ ਦੇ ਨਿਬੰਧਾਂ ਦਾ ਅਨੁਵਾਦ ਅਬਦਲੀ ਜੋਤਿ, ਕਾਰਲ ਲਾਇਲ ਦੀ ਰਚਨਾ ਦਾ ਖੁੱਲਾ ਅਨੁਵਾਦ । ਜਿਨਾਂ ਦਾ ਵਰਣਨ ਕੀਤੇ ਨਹੀ ਹੁੰਦਾ ਜਿਵੇਂ ਨਾਨਕ ਸਿੰਘ ਨਾਵਲਿਸਟ ਮੇਰੀ ਦੁਨੀਆਂ 1949 ਜਿਸ ਸਦਕਾ ਇਹ ਪੰਜਾਬੀ ਦੀ ਪਹਿਲੀ ਸਵੈ ਜੀਵਨੀ ਹੈ । ਜਿਸ ਦੀ ਰਚਨਾ ਦੇ ਪੰਜ ਮੁੱਖ ਕਾਂਡ ਹਨ । ਬਲਰਾਜ ਸਾਹਨੀ - ਮੇਰੀ ਫਿਲਮੀ ਆਤਮ ਕਥਾ, ਅੰਮ੍ਰਿਤ ਪ੍ਰੀਤਮ - ਰਸੀਦੀ ਟਿਕਟ, ਦਲੀਪ ਕੌਰ ਟਿਵਾਨਾ - ਨੰਗੇ ਪੈਰਾਂ ਦਾ ਸਫਰ, ਸੋਹਣ ਸਿੰਘ ਸੀਤਲ - ਵੇਖੀ ਮਾਣੀ ਦੁਨੀਆ, ਸੰਤ ਸਿੰਘ ਸੇਖੋਂ - ਉਮਰ ਦਾ ਪੰਧ ਆਦਿ ਹਨ

**ਸਾਰੰਸ਼**

ਕਵਿਤਾ ਸਾਹਿਤ ਦਾ ਇੱਕ ਰੂਪ ਹੈ ਜਿਸ ਵਿਚ ਕਵੀ ਸ਼ਬਦਾਂ ਨੂੰ ਉਨ੍ਹਾਂ ਦੇ ਆਮ ਅਰਥਾਂ ਨਾਲੋਂ ਵਧੇਰੇ ਅਰਥ ਪ੍ਰਦਾਨ ਕਰਨ ਲਈ ਕਾਵਿਕ ਸਾਧਨਾਂ (ਲੈਅ, ਅਲੰਕਾਰ ਅਤੇ ਸ਼ਬਦ ਦੀਆਂ ਲਖਣਾ ਅਤੇ ਵਿਅੰਜਨਾ ਸ਼ਕਤੀਆਂ) ਦਾ ਪ੍ਰਯੋਗ ਕਰਦਾ ਹੈ। ਦੂਜੇ ਸ਼ਬਦਾਂ ਵਿਚ ਕਵਿਤਾ ਆਪਣੇ ਵਿਸ਼ੇਸ਼ ਕਲਾਤਮਕ ਪ੍ਰਯੋਜਨ ਲਈ ਭਾਸ਼ਾ ਦੇ ਸੁਹਜਾਤਮਿਕ ਅਤੇ ਲੈਆਤਮਿਕ ਗੁਣਾਂ ਦੀ ਵਰਤੋਂ ਕਰਦੀ ਹੈ। ਕਵਿਤਾ ਭਾਸ਼ਾ ਦੇ ਅੰਦਰ ਇੱਕ ਹੋਰ ਭਾਸ਼ਾ ਹੁੰਦੀ ਹੈ। ਇਸ ਵਿਚ ਖ਼ਿਆਲ, ਭਾਵ, ਦ੍ਰਿਸ਼, ਆਕਾਰ ਤੇ ਧੁਨ ਦੀ ਤਾਕਤ ਇਕੱਠੀ ਹੋਈ ਹੁੰਦੀ ਹੈ।

**ਕੇਂਦਰੀ ਸ਼ਬਦ** :

ਗੱਦ---- ਵਾਰਤਕ ਰੂਪ
ਪੱਦ---- ਕਾਵਿਰੂਪ
ਜੀਵਨੀ--- ਕਿਸੇ ਦੂਜੇ ਦੁਆਰਾ ਲਿਖੀ
ਸੰਸਮਰਣ ------ ਯਾਦਾਂ
ਸਫਰਨਾਮਾ--- ਯਾਤਰਾ ਅਨੁਭਵ
ਸਵੈ-ਜੀਵਨੀ ----------ਆਪਣੇ ਆਪ ਦੁਆਰਾ ਲਿਖੀ
ਰੇਖਾ ਚਿੱਤਰ------ ਬਿੰਬ ਉਸਾਰਨਾ

**ਸਵੈ-ਮੁਲਾਂਕਣ:**

1. ਨਜ਼ਮ ਸ਼ਬਦ ਕਿਸ ਭਾਸ਼ਾ ਦਾ ਹੈ ?
   (ੳ) ਅਰਬ
   (ਅ) ਅਰਬੀ
   (ੲ) ਜਰਮਨ
   (ਸ) ਉਰਦੂ

2. ਰੁਬਾਈ ਵਿਚ ਤੁਕਾਂਤ ਕਿਸ ਸਤਰ ਦਾ ਨਹੀਂ ਮਿਲਦਾ?
   (ੳ) ਪਹਿਲੀ
   (ਅ) ਦੂਜੀ
   (ੲ) ਤੀਜੀ
   (ਸ) ਚੌਥੀ
3. ਪੰਜਾਬੀ ਦਾ ਸਭ ਤੋਂ ਪਹਿਲਾ ਅਨੁਵਾਦਿਤ ਨਾਵਲ ਹੈ।
   (ੳ) ਯਸੂਹੀ ਮੁਸਾਫ਼ਰ ਦੀ ਯਾਤਰਾ
   (ਅ) ਬਲੱਡ ਵੈਡਿੰਗ
   (ੲ) ਚਾਂਦੀ ਦਾ ਬਕਸਾ
   (ਸ) ਅੱਗ ਦੇ ਕਲੀਰੇ
4. ਪਹਿਲੇ ਪੜਾਅ ਦੀ ਪੰਜਾਬੀ ਕਹਾਣੀ ਹੈ ।
   (ੳ) ਆਦਰਸ਼ਵਾਦੀ,ਯਥਾਰਥਵਾਦੀ
   (ਅ) ਮਨੋਵਿਗਿਆਨਕ
   (ੲ) ਚਿੰਨ੍ਹ ਵਿਗਿਆਨਕ
   (ਸ) ਪੁਨਰ ਜਾਗਰਣ
5. ਪੰਜਾਬੀ ਵਿਚ ਸਵੈ ਜੀਵਨੀ ਦੀ ਸ਼ੁਰੂਆਤ ਕਿਸ ਤੋਂ ਹੋਈ ਮੰਨੀ ਜਾਂਦੀ ਹੈ?
   (ੳ) ਨਾਨਕ ਸਿੰਘ
   (ਅ) ਬਚਿੰਤ ਕੌਰ
   (ੲ) ਪ੍ਰਿ;ਤੇਜਾ ਸਿੰਘ
   (ਸ) ਲਾਲ ਸਿੰਘ ਦਿਲ
6. ਕਵਿਤਾ ਦੇ ਤੱਤ ਹਨ।
   (ੳ) ਭਾਵ
   (ਅ) ਵਿਚਾਰ
   (ੲ) ਕਲਪਨਾ
   (ਸ) ਉਪਰੋਕਤ ਸਾਰੇ
7. ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਵਚਨ ਹੀ ਕਵਿਤਾ ਹੈ ਕਿਸ ਦਾ ਕਥਨ ਹੈ ?
   (ੳ) ਮੋਹਨ ਸਿੰਘ
   (ਅ) ਭਾਈ ਬੀਰ ਸਿੰਘ
   (ੲ) ਪ੍ਰੋ ਪੂਰਨ ਸਿੰਘ
   (ਸ) ਕੋਈ ਵੀ ਨਹੀਂ
8. ਕਵਿਤਾ ਦੀ ਸੁੰਦਰਤਾਈ ਉੱਚੇ ਨੱਛਤਰੀ ਵੱਸਦੀ ਹੈ ਇਹ ਕਿਸ ਦਾ ਕਥਨ ਹੈ?
   (ੳ) ਪ੍ਰੋ ਪੂਰਨ ਸਿੰਘ
   (ਅ) ਭਾਈ ਬੀਰ ਸਿੰਘ
   (ੲ) ਮੋਹਨ ਸਿੰਘ
   (ਸ) ਜਸਵੰਤ ਸਿੰਘ ਨੇਕੀ
9. ਮੇਰੀ ਗੈਰ ਜ਼ਜ਼ਬਾਤੀ ਡਾਇਰੀ ਕਿਸ ਦੀ ਰਚਨਾ ਹੈ?
   (ੳ) ਬਲਰਾਜ ਸਾਹਨੀ
   (ਅ) ਬਲਵੰਤ ਗਾਰਗੀ
   (ੲ) ਚਰਨ ਸਿੰਘ
   (ਸ) ਜਸਵੰਤ ਸਿੰਘ ਨੇਕੀ

10. ਨਿੰਮ ਦੇ ਪੱਤੇ ਰੇਖਾ ਚਿੱਤਰ ਕਿਸ ਦਾ ਹੈ ?

(ੳ) ਬਲਰਾਜ ਸਾਹਨੀ

(ਅ) ਬਲਵੰਤ ਗਾਰਗੀ

(ੲ) ਚਰਨ ਸਿੰਘ

(ਸ) ਜਸਵੰਤ ਸਿੰਘ ਨੇਕੀ

11.ਪੰਜਾਬੀ ਵਿਚ ਸੰਸਮਰਣ ਦਾ ਆਰੰਭ ਕਿਸ ਰਚਨਾ ਨਾਲ ਹੋਇਆ ਹੈ?

(ੳ) ਮੇਰੀਆਂ ਅਭੁੱਲ ਯਾਦਾਂ

(ਅ) ਕਿੱਤੇ ਦੀ ਯਾਦ

(ੲ) ਰੰਗ ਬਿਰੰਗੇ ਫੁੱਲ

(ਸ) ਕਲਾ ਦੀ ਤੌਰ

12. ਗੁਰਬਖਸ ਸਿੰਘ ਪ੍ਰੀਤਲੜੀ ਦਾ ਪਹਿਲਾ ਸੰਸਮਰਣ ਕਿਹੜਾ ਹੈ?

(ੳ) ਕਲਾ ਦੀ ਤੌਰ

(ਅ) ਰੰਗ ਬਿਰੰਗੇ ਫੁੱਲ

(ੲ) ਕਿੱਤੇ ਦੀ ਯਾਦ

(ਸ) ਮੇਰੀਆਂ ਅਭੁੱਲ ਯਾਦਾਂ

13. ਪੰਜਾਬੀ ਵਿਚ ਸਵੈ ਜੀਵਨੀ ਦੀ ਸ਼ੁਰੂਆਤ ਕਿਸ ਤੋਂ ਮੰਨੀ ਜਾਂਦੀ ਹੈ?

(ੳ) ਨਾਨਕ ਸਿੰਘ ਨਾਵਲਿਸਟ

(ਅ) ਗੁਰਦਿਆਲ ਸਿੰਘ

(ੲ) ਬਲਰਾਜ ਸਹਾਨੀ

(ਸ) ਬਲਵੰਤ ਗਾਰਗੀ

14. ਨਾਨਕ ਸਿੰਘ ਦੀ ਸਵੈ ਜੀਵਨੀ ਦਾ ਨਾਮ ਹੈ।

(ੳ) ਆਰਸੀ

(ਅ) ਮੇਰੀ ਦੁਨੀਆ

(ੲ) ਪੱਗਡੰਡੀਆਂ

(ਸ) ਕੋਈ ਵੀ ਨਹੀਂ

15. ਪਹਿਲੇ ਸਫ਼ਰਨਾਮੇ ਦੀ ਸ਼ੁਰੂਆਤ ਕਿਸ ਤੋਂ ਹੋਈ ਹੈ?

(ੳ) ਭਾਈ ਕਾਨ ਸਿੰਘ ਨਾਭਾ

(ਅ) ਬੱਚਿਤਰ ਸਿੰਘ

(ੲ) ਕੇਹਰ ਸਿੰਘ

(ਸ) ਸ਼ਰਧਾ ਰਾਮ ਫਿਲੌਰੀ

**ਅਭਿਆਸ ਪ੍ਰਸ਼ਨ**

1. ਆਧੁਨਿਕ ਪੰਜਾਬੀ ਸਾਹਿਤ ਪਦ ਰੂਪਾਂ ਬਾਰੇ ਜਾਣਕਾਰੀ ਦਿਓ ।
2. ਆਧੁਨਿਕ ਪੰਜਾਬੀ ਸਾਹਿਤ ਦੇ ਗਦ ਰੂਪਾਂ ਦਾ ਵਰਣਨ ਕਰੋ ।
3. ਆਧੁਨਿਕ ਪੰਜਾਬੀ ਸਾਹਿਤ ਕਾਵਿ ਰੂਪ ਗ਼ਜ਼ਲ ਬਾਰੇ ਜਾਣਕਾਰੀ ਦਿਓ।
4. ਆਧੁਨਿਕ ਪੰਜਾਬੀ ਪੱਤਰਕਾਰੀ ਬਾਰੇ ਲਿਖੋ।

**ਸੰਦਰਭ ਪੁਸਤਕਾਂ:**

1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ(ਆਦਿ ਕਾਲ ਤੋਂ ਸਮਕਾਲ ਤੱਕ),ਲਾਹੌਰ ਬੁੱਕ ਸ਼ਾਪ, ਲੁਧਿਆਣਾ, 2018
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2016
4. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018


**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%E0%A8%B8%E0%A8%BE%E0%A8%B9%E0%A8%BF%E0%A8%A4

**ਉੱਤਰਮਾਲਾ**

| | | | | |
|---|---|---|---|---|
| 1. ਅ | 2. ੲ | 3. ੳ | 4. ੳ | 5. ੳ |
| 6. ਸ | 7. ੲ | 8. ਅ | 9. ੳ | 10. ਅ |
| 11. ੳ | 12. ਸ | 13. ੳ | 14. ਅ | 15. ੳ |

# ਅਧਿਆਇ-5: ਆਧੁਨਿਕ ਪੰਜਾਬੀ ਕਵਿਤਾ: ਇਤਿਹਾਸਮੂਲਕ ਅਧਿਐਨ

*Kirandeep Singh, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


**ਉਦੇਸ਼** :

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਪੰਜਾਬੀ ਕਵਿਤਾ ਦਾ ਅਰਥ ਅਤੇ ਪਰਿਭਾਸ਼ਾ ਬਾਰੇ ਜਾਣਨਗੇ।
2. ਪੰਜਾਬੀ ਕਵਿਤਾ ਦੇ ਤੱਤਾਂ ਬਾਰੇ ਜਾਨਣ ਦੇ ਕਾਬਿਲ ਹੋਣਗੇ।
3. ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਬਾਰੇ ਜਾਣਨ ਦੇ ਕਾਬਿਲ ਹੋਣਗੇ।
4. ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਬਾਰੇ ਜਾਣਨਗੇ।

**ਪ੍ਰਸਤਾਵਨਾ** :

ਆਧੁਨਿਕ ਪੰਜਾਬੀ ਕਵਿਤਾ ਦੀ ਉਤਪਤੀ ਇਤਿਹਾਸ ਅਤੇ ਵਿਕਾਸ: ਕਵਿਤਾ ਦਾ ਜਨਮ ਹਰ ਸਾਹਿਤ ਵਿਚ ਵਾਰਤਕ ਤੋਂ ਪਹਿਲਾਂ ਹੁੰਦਾ ਹੈ। ਕਵਿਤਾ-ਮਈ ਜਜ਼ਬੇ ਹਰ ਮਨੁੱਖ ਅੰਦਰ ਹੁੰਦੇ ਹਨ, ਪਰ ਉਨ੍ਹਾਂ ਨੂੰ ਪ੍ਰਗਟਾਉਣ ਦੀ ਸ਼ਕਤੀ ਕੁਦਰਤ ਨੇ ਹਰੇਕ ਨੂੰ ਨਹੀਂ ਦਿੱਤੀ। ਕਵਿਤਾ

ਕਵੀ ਦੇ ਹਿਰਦੇ ਵਿਚੋਂ ਆਪ-ਮੁਹਾਰੇ ਫੁੱਟਦੀ ਹੈ ਅਤੇ ਆਪ ਮੁਹਾਰੇ ਹੀ ਇਕ ਵਹਾਅ ਅੰਦਰ ਤੁਰੀ ਜਾਂਦੀ ਹੈ। ਕਵਿਤਾ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਮਿਲਦੀਆਂ ਹਨ। ਜਿਵੇਂ ਕਿ:

ਆਚਾਰੀਆ ਮੰਮਟ ਦਾ ਕਹਿਣਾ ਹੈ ਕਿ "ਕਾਵਿ ਉਹ ਸ਼ਬਦ ਅਤੇ ਅਰਥ ਹਨ, ਜੋ ਦੋਸ਼ ਰਹਿਤ ਹੁੰਦੇ ਹਨ, ਗੁਣ ਤੋਂ ਮੁਕਤ ਹੁੰਦੇ ਹਨ ਅਤੇ ਕਿਧਰੇ-ਕਿਧਰੇ ਅਲੰਕਾਰ ਤੋਂ ਵੀ ਰਹਿਤ ਹੁੰਦੇ ਹਨ।"

ਆਚਾਰੀਆ ਕੁਮਕ ਦੀ ਧਾਰਣਾ ਹੈ ਕਿ "ਕਾਵਿ ਉਹ ਸ਼ਬਦ ਅਤੇ ਅਰਥ ਹਨ, ਜੋ ਇਕ ਦੂਜੇ ਨਾਲ ਸੰਬੰਧਿਤ ਹੁੰਦੇ ਹਨ, ਉਹ ਕਵੀ ਦੇ ਵਕਤ ਵਪਾਰ ਤੋਂ ਮੁਕਤ ਹੁੰਦੇ ਹਨ, ਵਿਵਸਥਿਤ ਬੰਨੇ ਰਹਿੰਦੇ ਹਨ ਅਤੇ ਸੁਹਿਰਦ ਆਨੰਦ ਦਿੰਦੇ ਹਨ।"

ਪੰਡਿਤ ਜਗਨਨਾਥ ਦਾ ਕਹਿਣਾ ਹੈ ਕਿ ''ਰਮਣੀਯ ਅਰਥ ਦਾ ਪ੍ਰਤਿਪਾਦਨ ਕਰਨ ਵਾਲਾ/ਸ਼ਬਦ ਕਾਵਿ ਹੈ ।

ਅਚਾਰੀਆ ਵਿਸ਼ਵਾਨਾਥ ਨੇ ਵੀ ਕਾਵਿ ਨੂੰ ਪਰਿਭਾਸ਼ਿਤ ਕਰਦਿਆਂ ਆਖਿਆ ਹੈ ਸੰਪੂਰਣ ਵਾਕ ਕਾਵਿ ਹੈ।''

ਪ੍ਰੋ.ਪੂਰਨ ਸਿੰਘ ਅਨੁਸਾਰ: ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਬਚਨ ਕਵਿਤਾ ਹੁੰਦੇ ਹਨ ।

ਸਵਿਨਬਰਨ ਅਨੁਸਾਰ, "ਕਵਿਤਾ ਮਨੁੱਖ ਦੀ ਆਤਮਾ ਦੀ ਆਵਾਜ਼ ਹੁੰਦੀ ਹੈ" "Poetry is the voice of man's soul."

ਸ਼ੈਲੇ ਦੇ ਸ਼ਬਦਾਂ ਵਿਚ "ਕਵਿਤਾ ਸੰਸਾਰ ਦੀ ਛੁਪੀ ਸੁੰਦਰਤਾ ਤੋਂ ਪਰਦਾ ਉਠਾਉਂਦੀ ਹੈ ਅਤੇ ਜਾਣੀਆਂ ਪਛਾਣੀਆਂ ਚੀਜਾਂ ਨੂੰ ਅਜਿਹੀ ਸ਼ਲਕ ਦਿੰਦੀ ਹੈ। ਜਿਵੇਂ ਉਹ ਜਾਣੀਆਂ ਪਛਾਣੀਆਂ ਨਾ ਹੋਣ"

ਕਵਿਤਾ ਦੀਆਂ ਪਰਿਭਾਸ਼ਾਵਾਂ ਤੋਂ ਬਾਅਦ ਕਵਿਤਾ ਦੇ ਤੱਤਾਂ ਬਾਰੇ ਸੰਖੇਪ ਜਾਣਕਾਰੀ ਜੋ ਹੇਠ ਲਿਖੇ ਅਨੁਸਾਰ ਹੈ।

ਵਿਦਵਾਨਾਂ ਨੇ ਆਪੋ ਆਪਣੀ ਦ੍ਰਿਸ਼ਟੀ ਤੋਂ ਕਵਿਤਾ ਦੇ ਤੱਤ ਚਿਤਵੇ ਹਨ। ਹਿੰਦੀ ਅਤੇ ਸੰਸਕ੍ਰਿਤ ਦੇ ਵਿਦਵਾਨਾਂ ਨੇ ਕਵਿਤਾ ਦੇ ਜਿਹੜੇ ਤੱਤ ਚਿਤਵੈ ਹਨ, ਉਹਨਾਂ ਵਿਚੋਂ ਪ੍ਰਮੁੱਖ ਹਨ ਸ਼ਬਦ ਤੱਤ, ਅਰਥ ਤੱਤ ,ਭਾਵ ਤੱਤ, ਕਲਪਨਾ ਤੱਤ ਅਤੇ ਬੁੱਧੀ ਤੱਤ । ਪੱਛਮੀ ਚਿੰਤਕ ਵਿਲੀਅਮ, ਹਡਸਨ ਅਨੁਸਾਰ ਕਵਿਤਾ ਦੇ ਤੱਤ ਇਸ ਤਰ੍ਹਾਂ ਹਨ ਭਾਵ ਤੱਤ (ਅ) ਬੁੱਧੀ ਤੱਤ, (ੲ) ਕਲਪਨਾ ਤੱਤ, (ਸ) ਸ਼ੈਲੀ ਤੱਤ,। ਕਵਿਤਾ ਦੇ ਸੰਖੇਪ ਤੱਤਾਂ ਤੋਂ ਬਾਅਦ ਆਧੁਨਿਕ ਪੰਜਾਬ ਕਵਿਤਾ ਦੇ ਆਰੰਭ ਅਤੇ ਇਤਿਹਾਸ ਬਾਰੇ ਚਾਨਣਾ ਹੇਠ ਲਿਖੇ ਅਨੁਸਾਰ ਹੈ। ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਭਾਈ ਵੀਰ ਸਿੰਘ ਦੁਆਰਾ ਹੋਇਆ। ਭਾਈ ਵੀਰ ਸਿੰਘ ਨੇ ਆਪਣੇ ਪਰਿਵਾਰ ਅਤੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਧਾਰਮਿਕ ਰੰਗਤ ਵਾਲੀਆਂ ਰਚਨਾਵਾਂ ਨਾਲ ਆਧੁਨਿਕ ਪੰਜਾਬੀ ਕਵਿਤਾ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ। ਪਰ ਆਪਣੇ ਧਾਰਮਿਕ ਵਿਸ਼ਿਆਂ ਦੀ ਪੇਸ਼ਕਾਰੀ ਲਈ ਭਾਈ ਵੀਰ ਸਿੰਘ ਨੇ ਨਵੇਂ ਕਾਵਿ-ਰੂਪਾਂ ਅਤੇ ਪ੍ਰਗਟਾ ਵਿਧੀਆਂ ਦੀ ਵਰਤੋਂ ਕੀਤੀ। ਜੇਕਰ ਉਹਨਾਂ ਦੇ ਵਿਸ਼ੇ ਸੰਬੰਧੀ ਚਰਚਾ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹਨਾਂ ਨੇ ਸਮੁੱਚੀ ਕੁਦਰਤ, ਸੁੰਦਰਤਾ, ਖ਼ੁਸ਼ੀਆਂ, ਪਿਆਰ, ਵਿਛੋੜਾ ਅਤੇ ਮਿਲਾਪ ਆਦਿ ਵਿਸ਼ਿਆਂ ਨੂੰ ਚੁਣ ਕੇ ਆਧੁਨਿਕ ਪੰਜਾਬੀ ਕਵਿਤਾ ਲਈ ਮਜ਼ਬੂਤ ਨੀਂਹ ਤਿਆਰ ਕੀਤੀ। ਭਾਈ ਵੀਰ ਸਿੰਘ ਜੇਕਰ ਕੁਦਰਤੀ ਸੁੰਦਰਤਾ ਦੀ ਗੱਲ ਵੀ ਕਰਦਾ ਹੈ ਤਾਂ ਵੀ ਉਸ ਨੂੰ ਕੁਦਰਤ ਵਿੱਚੋਂ ਪ੍ਰਮਾਤਮਾ ਦੇ ਹੀ ਦਰਸ਼ਨ ਹੁੰਦੇ ਹਨ। ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਪ੍ਰਕਿਰਤੀ ਚਿਤਰਣ ਦੀ ਨਿਰਾਲੀ ਵਿਸ਼ੇਸ਼ਤਾ ਤੇ ਅਨੋਖੀ ਮਹੱਤਤਾ ਹੈ। ਪ੍ਰਕਿਰਤੀ ਦਾ ਇੰਦ੍ਰਿਆਈ ਵਰਣਨ, ਇਕ ਉਪਦੇਸ਼ਕ ਦੇ ਤੌਰ ਤੇ ਇਸ ਦਾ ਚਿਤਰਣ, ਪ੍ਰਕਿਰਤੀ ਵਿੱਚੋਂ ਕਿਸੇ ਰਹੱਸਮਈ ਸੱਤਾ ਦਾ ਅਨੁਭਵ ਉਨ੍ਹਾਂ ਦੀ ਕਵਿਤਾ ਦੇ ਕੁਝ ਖ਼ਾਸ ਪੱਖ ਹਨ।

ਭਾਈ ਵੀਰ ਸਿੰਘ ਨੇ ਨਿੱਕੀਆਂ ਕਵਿਤਾਵਾਂ ਰਾਹੀਂ ਜ਼ਿੰਦਗੀ ਵਿਚਲੇ ਬੜੇ ਡੂੰਘੇ ਤੇ ਸੂਹਜਮਈ ਵਿਸ਼ਿਆਂ ਨੂੰ ਪੇਸ਼ ਕੀਤਾ ਪਰ ਇਸ ਦੇ ਨਾਲ ਹੀ ਲੰਬੀਆਂ ਕਵਿਤਾਵਾਂ, ਮਹਾਂਕਾਵਿ, ਗੀਤ, ਪ੍ਰਗੀਤ ਬਾਰਾਮਾਹ, ਗਜ਼ਲ, ਰੁਬਾਈ ਆਦਿ ਰਾਹੀਂ ਵੀ ਆਪਣੇ ਮਨ ਵਿਚਲੇ ਭਾਵਾਂ ਨੂੰ ਵਿਅਕਤ ਕੀਤਾ। ਉਸ ਨੇ ਪਰੰਪਰਾਗਤ ਛੰਦਾਂ ਨੂੰ ਤਿਆਗ ਕੇ ਖੁੱਲ੍ਹੀ ਕਵਿਤਾ ਨੂੰ ਅਪਣਾਇਆ। ਭਾਈ ਵੀਰ ਸਿੰਘ ਦੀ ਰਚਨਾ 'ਰਾਣਾ ਸੂਰਤ ਸਿੰਘ ਪੰਜਾਬੀ ਵਿਚਲਾ ਪਹਿਲਾ ਮਹਾਂਕਾਵਿ ਹੈ। ਉਹਨਾਂ ਦੀਆਂ ਰਚਨਾਵਾਂ ਸੰਬੰਧੀ ਵਰਨਣ ਹੇਠ ਲਿਖੇ ਅਨੁਸਾਰ ਹੈ

ਰਾਣਾ ਸੂਰਤ ਸਿੰਘ ਮਹਾਂਕਾਵਿ (1905), ਲਹਿਰਾਂ ਦੇ ਹਾਰ (1920), ਮਟਕ ਹੁਲਾਰੇ (1922), ਬਿਜਲੀਆਂ ਦੇ ਹਾਰ (1927), ਪ੍ਰੀਤ ਵੀਣਾ (1928), ਕੰਬਦੀ ਕਲਾਈ ( 1933), ਕੰਤ ਮਹੇਲੀ ਦਾ ਬਾਰਾਮਾਹ (1951), ਮੇਰੇ ਸਾਈਆਂ ਜੀਓ (1952)

ਭਾਈ ਵੀਰ ਸਿੰਘ ਪ੍ਰਮਾਤਮਾ ਦੀ ਹੋਂਦ ਇਸ ਸੰਸਾਰ ਦੇ ਕਣ-ਕਣ ਵਿੱਚ ਮੰਨਦੇ ਹਨ ਇਹੀ ਕਾਰਨ ਹੈ ਕਿ ਉਹਨਾਂ ਨੂੰ ਕੁਦਰਤੀ ਸੁੰਦਰਤਾ ਵਿੱਚੋਂ ਵੀ ਕਾਦਰ ਦੇ ਦਰਸ਼ਨ ਹੁੰਦੇ ਹਨ।

ਵੈਰੀ ਨਾਗ! ਤੇਰਾ ਪਹਿਲਾ ਝਲਕਾ, ਜਦ ਅੱਖੀਆਂ ਵਿੱਚ ਵਜਦਾ।
ਕੁਦਰਤ ਦੇ ਕਾਦਰ ਦਾ ਜਲਵਾ, ਲੈ ਲੈਂਦਾ ਇਕ ਸਿਜਦਾ।
ਰੰਗ ਫੀਰੋਜ਼ੀ ਝਲਕ ਬਲੌਰੀ, ਡਕ ਮੋਤੀਆਂ ਵਾਲੀ।

ਸੋ ਜਿਸ ਇਨਸਾਨ ਨੂੰ ਪ੍ਰਮਾਤਮਾ ਦੀ ਲਗਨ ਲੱਗ ਜਾਵੇ ਉਸ ਨੂੰ ਦੁਨੀਆਂ ਦੀ ਹਰ ਸ਼ੈਅ ਵਿੱਚੋਂ ਉਸੇ ਦੇ ਦਰਸ਼ਨ ਹੁੰਦੇ ਹਨ ਤੇ ਅਜਿਹਾ ਹੀ ਹਾਲ ਭਾਈ ਵੀਰ ਸਿੰਘ ਦਾ ਸੀ। ਸੋ ਭਾਈ ਵੀਰ ਸਿੰਘ ਨਾਲ ਭਾਵੇਂ ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਹੁੰਦਾ ਹੈ ਪਰ ਫਿਰ ਵੀ ਉਸ ਦੀਆਂ ਕਵਿਤਾਵਾਂ ਨੂੰ ਪੜ੍ਹਨ ਉਪਰੰਤ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਕਿ ਪੰਜਾਬੀ ਕਵਿਤਾ ਆਪਣੇ ਵਿਕਾਸ ਪੜਾਅ 'ਤੇ ਪਹੁੰਚ ਗਈ ਹੋਵੇ।

**ਲਾਲ ਕਿਰਪਾ ਸਾਗਰ** ( 1875 ਈ:1939 ਈ: ) ਲਾਲਾ ਕਿਰਪਾ ਸਾਗਰ ਦਾ ਵੀ ਆਧੁਨਿਕ ਪੰਜਾਬੀ ਕਵਿਤਾ ਵਿੱਚ ਇਕ ਵਿਸ਼ੇਸ਼ ਸਥਾਨ ਹੈ। ਕਿਰਪਾ ਸਾਗਰ ਦਾ ਮਹਾਂਕਾਵਿ ਲਕਸ਼ਮੀ ਦੇਵੀ (ਲੇਡੀ ਆਫ ਦੀ ਲੇਕ)" ਉੱਤੇ ਆਧਾਰਿਤ ਹੈ। ਇਸ ਮਹਾਂਕਾਵਿ ਦੀ ਸਿਰਜਣਾ ਉਸ ਨੇ ਐਨੀ ਕਲਾਤਮਿਕਤਾ ਨਾਲ ਕੀਤੀ ਹੈ ਕਿ ਕਿਤੇ ਵੀ ਪਤਾ ਨਹੀਂ ਲੱਗਦਾ ਕਿ ਇਹ ਉਲਥਾ ਕੀਤਾ ਗਿਆ ਹੈ। ਉਸ ਨੇ ਇਸ ਰਚਨਾ ਵਿੱਚ ਪੰਜਾਬੀ ਰੰਗ ਭਰਨ ਲਈ ਕਈ ਅੰਗਰੇਜ਼ੀ ਨਾਵਾਂ ਦੀ ਥਾਂ ਪੰਜਾਬੀ ਨਾਂ ਵਰਤੇ। ਉਸ ਸਮੇਂ ਜਾਂ ਤਾਂ ਕਿੱਸੇ ਜ਼ਿਆਦਾ ਲਿਖੇ ਜਾਂਦੇ ਸਨ ਤੇ ਜਾਂ ਭਾਈ ਵੀਰ ਸਿੰਘ ਧਾਰਮਿਕ ਕਵਿਤਾ ਲਿਖਦੇ ਸਨ, ਕਿਰਪਾ ਸਾਗਰ ਦਾ 'ਲਖਸ਼ਮੀ ਦੇਵੀ ਮਹਾਂਕਾਵਿ ਪੰਜਾਬੀ ਵਿੱਚ ਇਕ ਨਵਾਂ ਵਿਸ਼ਾ ਸੀ "ਲਖਸ਼ਮੀ ਦੇਵੀ ਦਾ ਵਿਸ਼ਾ ਵੀ ਬਿਲਕੁਲ ਨਵਾਂ ਜਿਹਾ ਹੈ ਜਿਸ ਵਿੱਚ ਇਤਿਹਾਸ ਤੇ ਕਲਪਨਾ ਦੋਹਾਂ ਨੂੰ ਰਲਾਇਆ ਗਿਆ ਹੈ। ਆਪਣੀ ਇਸ ਪੁਸਤਕ ਦੇ ਅਖ਼ੀਰ ਵਿੱਚ 'ਧੰਨਵਾਦ ਸੁਰਖੀ ਵਿੱਚ ਉਹ ਆਪਣੇ ਦੇਸ਼ ਦੀ ਸੁੱਖ ਮੰਗਦਾ ਲਿਖਦਾ ਹੈ ਕਿ

ਗੱਲ ਧਰਮ ਇਨਸਾਫ ਦੀ ਕਰਨ ਸੱਭੇ, ਹੱਕ ਲੈਣ ਨਾ ਕਿਸੇ ਦਾ ਮਾਰ, ਮਾਤਾ॥
ਬਾਪ ਦਾਦਿਆਂ ਦਾ ਨਾਮ ਕਰਨ ਰੋਸ਼ਨ ਹੋਵਨ ਉੱਜਲੇ ਵਿਚ ਸੰਸਾਰ, ਮਾਤਾ
ਲੈਣ ਸਿਖਿਆ ਨਾਰੀਆਂ ਲਖਸ਼ਮੀ ਤੋਂ, ਹੋਵਣ ਜੱਗ ਦੇ ਵਿਚ ਸਚਿਆਰ, ਮਾਤਾ।

ਕਿਰਪਾ ਸਾਗਰ ਨੇ ਮਹਾਂਕਾਵਿ ਲਖਸ਼ਮੀ ਦੇਵੀ ਤੋਂ ਬਿਨਾਂ ਇਕ ਗੀਤ ਸੰਗ੍ਰਹਿ "ਮਨ ਤਰੰਗ' ਦੀ ਰਚਨਾ ਵੀ ਕੀਤੀ। ਰੂਪਕ ਪੱਖ ਤੋਂ ਵੀ ਉਸ ਦੁਆਰਾ ਵਰਤੀਆਂ ਗਈਆਂ ਕਾਵਿ ਜੁਗਤਾਂ, ਰਸ ਵਿਧਾਨ ਆਦਿ ਦੀ ਪ੍ਰਸੰਸਾ ਕੀਤੀ ਗਈ ਹੈ।

**ਧਨੀ ਰਾਮ ਚਾਤ੍ਰਿਕ** (1876-1954) ਧਨੀ ਰਾਮ ਚਾਤ੍ਰਿਕ ਨੇ ਭਾਈ ਵੀਰ ਸਿੰਘ ਅਤੇ ਕਿਰਪਾ ਸਾਗਰ ਤੋਂ ਵੱਖਰੀ ਭਾਂਤ ਦੀ ਰਚਨਾ ਕੀਤੀ। ਉਸ ਨੇ ਪੰਜਾਬੀ ਕਵਿਤਾ ਨੂੰ ਧਾਰਮਿਕ ਅਤੇ ਰੋਮਾਂਟਿਕ ਮਾਹੌਲ ਵਿੱਚੋਂ ਕੱਢ ਕੇ ਆਮ ਲੋਕਾਂ ਦੀ ਗੱਲ ਕੀਤੀ ਇਸੇ ਕਾਰਨ ਉਸ ਨੂੰ ਧਰਤੀ ਦਾ ਕਵੀ ਕਿਹਾ ਜਾਂਦਾ ਹੈ। ਉਸ ਨੇ ਪੰਜਾਬੀਅਤ, ਪੰਜਾਬੀ ਲੋਕਧਾਰਾ, ਇੱਥੋਂ ਦੇ ਇਤਿਹਾਸ ਮਿਥਿਹਾਸ, ਦੇਸ਼ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਆਦਿ ਸੰਬੰਧੀ ਕਵਿਤਾਵਾਂ ਲਿਖੀਆ ਇਹ ਕਮਾਲ ਦੀ ਗੱਲ ਹੈ ਕਿ ਉਨ੍ਹਾਂ ਦੀ ਕਵਿਤਾ ਵਿੱਚ ਸ਼ਾਇਦ ਪਹਿਲੀ ਵਾਰੀ ਅਰਸ਼ ਤੇ ਫਰਸ਼ ਦੋਵਾਂ ਦੀਆਂ ਗੱਲਾਂ ਬਰਾਬਰ ਆਈਆਂ ਹਨ: ਕਿੱਸਾ ਭਰਥਰੀ ਹਰੀ, (1905 ਈ:), ਕਿੱਸਾ 'ਨਲ ਦਮਯੰਤੀ' (1906), ਕਿੱਸਾ ਧਰਮਬੀਰ' (1921), 'ਚੰਦਨਵਾੜੀ (1931), ਕੇਸਰ ਕਿਆਰੀ (1940), ਨਵਾਂ ਜਹਾਨ' (1945) ਤੇ 'ਸੂਫੀਖਾਨਾ' (1950), ਨੂਰਜਹਾਂ ਬਾਦਸ਼ਾਹ ਬੇਗਮ (1953 ਪੰਜਾਬੀ ਸਮਾਜ ਤੇ ਇੱਥੋਂ ਦੀਆਂ ਖ਼ੁਸ਼ੀਆਂ ਤਾਂ ਉਸ ਦੀਆਂ ਰਚਨਾਵਾਂ ਦਾ ਮੁੱਖ ਵਿਸ਼ਾ ਰਹੀਆਂ। ਵਿਸਾਖੀ ਦੇ ਮਹੀਨੇ ਜੱਟਾਂ ਦੀ ਖ਼ੁਸ਼ੀ ਤੇ ਮੇਲਿਆਂ ਦੀਆਂ ਰੌਣਕਾਂ ਨੂੰ ਵੀ ਉਸ ਨੇ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕੀਤਾ :

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।......................

ਪੰਜਾਬੀਅਤ ਦਾ ਵਿਸ਼ਾ ਲੈਣ ਦੇ ਨਾਲ-ਨਾਲ ਉਹ ਸਮਾਜ ਵਿੱਚ ਸਰਮਾਏਦਾਰਾਂ ਅਤੇ ਉਦਯੋਗਪਤੀਆਂ ਨੂੰ ਵੱਡੀਆਂ ਜੋਕਾਂ ਸਮਝਦਾ ਹੈ ਜੋ ਗਰੀਬ ਵਰਗ ਦੀ ਤਰੱਕੀ ਵਿੱਚ ਰੁਕਾਵਟ ਹਨ ਪਰ ਉਹ ਆਸ਼ਾਵਾਦੀ ਹੈ, ਉਸ ਨੂੰ ਪ੍ਰਤੀਤ ਹੁੰਦਾ ਸੀ ਕਿ ਧਾਰਮਿਕ ਰਹੁ-ਰੀਤਾਂ, ਜਾਤੀ ਪ੍ਰਥਾ ਤੇ ਭ੍ਰਿਸ਼ਟਾਚਾਰ ਇਕ ਦਿਨ ਫਿੱਕੇ ਪੈ ਜਾਣਗੇ ਤੇ ਇਕ ਨਵੀਂ ਸਵੇਰ ਚੜ੍ਹੇਗੀ। ਉਸ ਸਮੇਂ ਸਭ ਲੋਕ ਖੁਸ਼ ਹੋਣਗੇ।

**ਪ੍ਰੋ: ਪੂਰਨ ਸਿੰਘ** (1881 ਈ:-1931 ਈ:) ਪ੍ਰੋ: ਪੂਰਨ ਸਿੰਘ ਦੇ ਆਗਮਨ ਨਾਲ ਪੰਜਾਬੀ ਸਾਹਿਤ ਵਿੱਚ ਇਕ ਨਵੀਂ ਤਬਦੀਲੀ ਹੁੰਦੀ ਹੈ। ਪੂਰਨ ਸਿੰਘ ਤੋਂ ਪਹਿਲਾਂ ਭਾਵੇਂ ਖੁੱਲੀ ਕਵਿਤਾ ਲਿਖੀ ਜਾਂਦੀ ਸੀ, ਪਰ ਉਸ ਦਾ ਅਸਲ ਵਿਕਾਸ ਪੂਰਨ ਸਿੰਘ ਨੇ ਹੀ ਕੀਤਾ। ਛੰਦਾਬੰਦੀ ਨੂੰ ਤਾਂ ਉਹ ਨਵਾਬੀ ਜੁੱਤੀ ਦੀ ਕੈਦ ਦੱਸਦਾ ਹੈ। ਉਸ ਨੂੰ ਜ਼ਿੰਦਗੀ ਵਿਚਲੀ ਖੁਲ ਪਿਆਰੀ ਹੈ ਕਿਸੇ ਪ੍ਰਕਾਰ ਦੀ ਰੋਕ-ਟੋਕ ਨੂੰ ਉਹ ਪਸੰਦ ਨਹੀਂ ਕਰਦਾ। ਭਾਵੇਂ ਕਿ ਪੂਰਨ ਸਿੰਘ ਨੇ ਭਾਈ ਵੀਰ ਸਿੰਘ ਦੇ ਅਸਰ ਕਾਰਨ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ ਪਰ ਉਸ ਦੀਆਂ ਰਚਨਾਵਾਂ, ਉਹਨਾਂ ਨਾਲੋਂ ਅਸਲੋਂ ਹੀ ਵੱਖਰੀਆਂ ਸਨ। ਉਹਨਾਂ ਨੇ ਆਪਣੀਆਂ ਕਵਿਤਾਵਾਂ ਵਿੱਚ ਪੂਰੀ ਖੁਲ ਵਰਤੀ, ਵਿਸ਼ੇ ਅਤੇ ਰੂਪਕ ਦੋਹਾਂ ਪੱਖਾਂ ਤੋਂ ਹੀ ਕਾਫੀ ਕੁੱਝ ਨਵਾਂ ਉਸਾਰਿਆ। ਪੂਰਨ ਸਿੰਘ ਨੇ ਤਿੰਨ ਕਾਵਿ-ਸੰਗ੍ਰਹਿ ਪੰਜਾਬੀ ਕਾਵਿ ਜਗਤ ਨੂੰ ਭੇਂਟ ਕੀਤੇ। "ਖੁੱਲੇ ਘੁੰਡ' (1923), ਖੁੱਲ੍ਹੇ ਮੈਦਾਨ' (1923), "ਖੁੱਲੇ ਰੰਗ ਅਸਮਾਨੀ (1965)

ਪੂਰਨ ਸਿੰਘ ਨੇ ਪੰਜਾਬੀ ਜੀਵਨ ਬਾਰੇ ਬਹੁਤ ਕੁਝ ਲਿਖਿਆ ਇਸੇ ਕਾਰਨ ਉਸ ਨੂੰ ਅਸਲੀ ਪੰਜਾਬੀ ਕਲਾਕਾਰ ਕਵੀ ਕਿਹਾ ਜਾ ਸਕਦਾ ਹੈ। ਉਹ ਪੰਜਾਬ ਦੇ ਖੁੱਲੇ ਡੁੱਲੇ ਪਵਿੱਤਰ ਜੀਵਨ ਵਿੱਚ ਵਿਸ਼ਵਾਸ ਰੱਖਦਾ ਹੈ, ਇੱਥੋਂ ਦੇ ਮਿਹਨਤੀ ਕਿਸਾਨ, ਜੋਸ਼ੀਲੇ, ਨੌਜਵਾਨ, ਮੁਟਿਆਰਾਂ ਆਦਿ ਨਾਲ ਉਸ ਦੀ ਦਿਲੀ ਸਾਂਝ ਹੈ। ਪ੍ਰੋ: ਪੂਰਨ ਸਿੰਘ ਤਾਂ ਪੰਜਾਬੀ-ਸਾਹਿਤਕਾਰ ਦਾ ਸੁਨਹਿਰੀ ਮੋਤੀ ਹੈ। ਜਿਸ ਨੂੰ ਪ੍ਰੋ: ਪਿਆਰਾ ਸਿੰਘ 'ਪਦਮ' ਨੇ ਪੰਜਾਬ ਦਾ ਟੈਗੋਰ ਕਹਿ ਕੇ ਵਡਿਆਇਆ ਤੇ ਸਤਿਕਾਰਿਆ ਹੈ। ਪੰਜਾਬ ਦੀ ਰਾਂਗਲੀ ਧਰਤੀ, ਇਸ ਦੀਆਂ ਜੂਹਾਂ 'ਤੇ ਜੰਗਲ ਬੇਲੇ, ਇਸ ਤੇ ਜੀਵ ਜੰਤ, ਚਰਿੰਦ ਤੇ ਪਰਿੰਦ ਇਸ ਦੇ ਲਹਿ-ਲਹਾਂਦੇ ਖੇਤ ਤੇ ਉਹਨਾਂ ਵਿੱਚ ਕੰਮ ਲੱਗੇ ਕਾਮੇ, ਇਸ ਦੇ ਜੁਆਨ, ਬੁੱਢੇ, ਬੱਚੇ ਤੇ ਇਸਤਰੀਆਂ, ਇਸ ਦਾ ਇਤਿਹਾਸ, ਗੁਰ-ਇਤਿਹਾਸ ਤੇ ਗੁਰ ਵਿਅਕਤੀਆਂ, ਸਭ ਨੇ ਜਿਵੇਂ ਪੂਰਨ ਸਿੰਘ ਨੂੰ ਕੀਲ ਲਿਆ ਹੋਵੇ। ਪੂਰਨ ਸਿੰਘ ਦੀਆਂ ਪੰਜਾਬ ਨਾਲ ਮੋਹ ਸੰਬੰਧੀ ਕੁਝ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ

ਪੰਜਾਬ ਨ ਹਿੰਦੂ ਨ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਂ ਤੇ।..........................
ਇਹ ਬੇਪ੍ਰਵਾਹ ਪੰਜਾਬ ਦੇ, ਮੌਤ ਨੂੰ ਮਖੌਲਾਂ ਕਰਨ, ..................

ਪੂਰਨ ਸਿੰਘ ਨੇ ਜਿੱਥੇ ਕਵਿਤਾ ਦੀ ਰਚਨਾ ਵਿੱਚ ਕਿਸੇ ਪ੍ਰਕਾਰ ਦੀ ਬੰਧਿਸ਼ ਪ੍ਰਵਾਨ ਨਹੀਂ ਕੀਤੀ ਉੱਥੇ ਉਹ ਆਪਣੀ ਜ਼ਿੰਦਗੀ ਵੀ ਪੂਰੀ ਖੁੱਲ ਨਾਲ ਮਾਨਣੀ ਚਾਹੁੰਦਾ ਹੈ, ਜ਼ਿੰਦਗੀ ਦੀ ਦੌੜ-ਭੱਜ ਤੋਂ ਦੂਰ ਉਹ ਇਸ ਕੁਦਰਤ ਦਾ ਹਾਣੀ ਬਣ ਕੇ ਖੁੱਲ੍ਹੇ ਅਸਮਾਨ ਤੇ ਹਵਾ ਵਿੱਚ ਜਿਉਣਾ ਲੋਚਦਾ ਹੈ :

ਓਏ ! ਮੈਂ ਪੜ੍ਹਨ ਪੜਾਨ ਸਾਰਾ ਛੱਡਿਆ,
ਦਿਲ ਮੇਰਾ ਆਣ ਵਾਹੀਆਂ ਵਿੱਚ ਖੁੱਭਿਆ,

ਭਾਵੇਂ ਉਨ੍ਹਾਂ ਨੇ ਪੰਜਾਬੀ ਕਵਿਤਾ ਨੂੰ ਛੰਦਾਬੰਦੀ ਦੀ ਕੈਦ ਵਿੱਚੋਂ ਕੱਢ ਕੇ ਖੁੱਲੀ ਕਵਿਤਾ ਲਿਖਣ ਦੀ ਪਿਰਤ ਪਾਈ ਤੇ ਕਈ ਵਿਦਵਾਨਾਂ ਨੇ ਸ਼ੁਰੂ-ਸ਼ੁਰੂ ਵਿੱਚ ਆਲੋਚਨਾ ਵੀ ਕੀਤੀ ਪਰ ਫੇਰ ਵੀ ਉਨ੍ਹਾਂ ਦੀ ਕਵਿਤਾ ਵਿੱਚ ਸੰਗੀਤਾਤਮਿਕਤਾ ਤੇ ਰਾਗ-ਬੱਧਤਾ ਦਾ ਵਿਸ਼ੇਸ਼ ਗੁਣ ਮੌਜੂਦ ਹੈ। ਉਸ ਦੀ ਕਿਸੇ ਵੀ ਕਵਿਤਾ ਵੱਲ ਝਾਤੀ ਕਰੋ ਉਸ ਵਿੱਚੋਂ ਆਪ-ਮੁਹਾਰੇ ਸੰਗੀਤ ਝਰਦਾ ਪ੍ਰਤੀਤ ਹੁੰਦਾ ਹੈ। ਪੂਰਨ ਸਿੰਘ ਨੇ ਖੁੱਲ ਮਾਣਦਿਆਂ ਤੇ ਖੁੱਲੀ ਕਵਿਤਾ ਲਿਖਦਿਆਂ ਪ੍ਰਮਾਤਮਾ ਨੂੰ ਨਹੀਂ ਭੁਲਾਇਆ। ਉਹ ਆਪਣੇ ਆਪ ਨੂੰ ਸਤਿਗੁਰ ਦਾ ਸਿਖ ਮੰਨਦਾ ਹੈ ਪਰ ਨਾਲ ਹੀ ਝੂਠੇ ਧਾਰਮਿਕ ਪਾਖੰਡਾਂ ਦੀ ਨਿਖੇਧੀ ਕਰਦਾ ਹੋਇਆ ਲਿਖਦਾ ਹੈ ਕਿ :

ਪ੍ਰੋ: ਪੂਰਨ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਦੱਸੀ ਔਰਤ ਦੀ ਮਹੱਤਤਾ ਨੂੰ ਕਾਇਮ ਰੱਖਦੇ ਹੋਏ ਔਰਤ ਦੇ ਕਿਰਦਾਰ ਨੂੰ ਵਡਿਆਇਆ ਹੈ। ਪੂਰਨ ਸਿੰਘ ਨੇ ਆਪਣੀਆਂ ਕਵਿਤਾਵਾਂ ਵਿੱਚ ਭਾਵੇਂ ਉਚੇਚੇ ਤੌਰ ਤੇ ਰੂਪਕ ਪੱਖ ਵੱਲ ਧਿਆਨ ਨਹੀਂ ਦਿੱਤਾ ਪਰ ਫਿਰ ਵੀ ਉਸ ਦੀਆਂ ਰਚਨਾਵਾਂ ਵਿੱਚੋਂ ਅਲੰਕਾਰ, ਰਸ, ਬਿੰਬ, ਪ੍ਰਤੀਕ ਆਦਿ ਬੜੀ ਨਿਪੁੰਨਤਾ ਨਾਲ ਪੇਸ਼ ਕੀਤੇ ਗਏ ਨਜ਼ਰ ਆਉਂਦੇ ਹਨ।

**ਡਾ: ਦੀਵਾਨ ਸਿੰਘ ਕਾਲੇਪਾਣੀ** ( 1894 ਈ:-1944 ਈ:) ਦੀਵਾਨ ਸਿੰਘ ਨੇ ਆਪਣੀਆਂ ਕਵਿਤਾਵਾਂ ਵਿੱਚ ਸਥਾਪਿਤ ਰਾਜਨੀਤਕ ਵਿਵਸਥਾ ਸਮਾਜਿਕ ਕਦਰਾਂ-ਕੀਮਤਾਂ ਆਦਿ ਦਾ ਵਿਰੋਧ ਕੀਤਾ ਹੈ ਤੇ ਨਾਲ ਹੀ ਮਨੁੱਖ ਨੂੰ ਜ਼ਿੰਦਗੀ ਵਿੱਚ ਤਰੱਕੀ ਦੀ ਰਾਹ ਦਿਖਾਉਂਦੇ ਹੋਏ ਹਰ ਮੁਸ਼ਕਿਲ ਦਾ ਮੁਕਾਬਲਾ ਕਰਨ ਦਾ ਹੌਸਲਾ ਦਿੰਦਾ ਹੈ। ਉਸ ਨੇ ਆਪਣੀਆਂ ਕਵਿਤਾਵਾਂ ਵਿੱਚ ਜ਼ਿੰਦਗੀ ਦੀ ਗਤੀਸ਼ੀਲਤਾ ਤੇ ਲਈ ਹੁੰਗਾਰਾ ਭਰਿਆ ਹੈ। ਦੀਵਾਨ ਸਿੰਘ ਦੀ ਪਹਿਲੀ ਪੁਸਤਕ 'ਵਗਦੇ ਪਾਣੀ (1938) ਉਸ ਦੇ ਜੀਵਨ ਕਾਲ ਵਿੱਚ ਹੀ ਛਪੀ ਸੀ

ਪਰ ਦੂਸਰੀ ਅੰਤਿਮ ਲਹਿਰਾਂ ( 1962) ਬਾਅਦ ਵਿੱਚ ਛਾਪੀ। ਜ਼ਿੰਦਗੀ ਦੀ ਨਿਰੰਤਰਤਾ ਸੰਬੰਧੀ ਵਿਚਾਰ ਪੇਸ਼ ਕਰਦਾ ਹੋਇਆ ਉਹ ਲਿਖਦਾ ਹੈ ਕਿ ਦੀਵਾਨ ਸਿੰਘ ਨੇ ਭਾਵੇਂ ਨਿੱਜੀ ਪਿਆਰ ਸੰਬੰਧੀ ਵੀ ਕਵਿਤਾਵਾਂ ਲਿਖੀਆਂ ਪਰ ਉਸ ਨੇ ਬਹੁਤ ਕੁਝ ਤਾਂ ਸਿਰਫ਼ ਸਮਾਜ ਤੇ ਦੇਸ਼ ਦੀ ਤਰੱਕੀ ਲਈ ਹੀ ਲਿਖਿਆ। ਉਸ ਨੇ ਪ੍ਰੋ: ਪੂਰਨ ਸਿੰਘ ਵਾਂਗ ਛੰਦ-ਮੁਕਤ ਕਵਿਤਾਵਾਂ ਦੀ ਹੀ ਸਿਰਜਣਾ ਕੀਤੀ।

**ਡਾ: ਮੋਹਨ ਸਿੰਘ ਦੀਵਾਨਾ** ( 1899 ਈ:-1984 ਈ:)

ਮੋਹਨ ਸਿੰਘ ਦੀਵਾਨਾ ਦਾ ਪੰਜਾਬੀ ਸਾਹਿਤ ਦੇ ਇਤਿਹਾਸ, ਭਾਰਤੀ ਦਰਸ਼ਨ, ਆਲੋਚਨਾ ਆਦਿ ਖੇਤਰਾਂ ਵਿੱਚ ਇਕ ਖ਼ਾਸ ਸਥਾਨ ਹੈ। ਇਹਨਾਂ ਖੇਤਰਾਂ ਤੋਂ ਇਲਾਵਾ ਡਾ: ਦੀਵਾਨਾ ਨੇ ਪੰਜਾਬੀ ਕਵਿਤਾ ਉੱਤੇ ਵੀ ਹੱਥ ਅਜ਼ਮਾਈ ਕੀਤੀ। ਉਸ ਨੇ ਛੇ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਪ੍ਰਦਾਨ ਕੀਤੇ-ਧੁੱਪ ਛਾਂ (1931), 'ਨੀਲ ਧਾਰਾ (1935), 'ਜਗਤ ਤਮਾਸ਼ਾ' (1942), ਪਤਝੜ' (1944), 'ਮਸਤੀ (1949), ਸੋਮਰਸ (1953) ਡਾ: ਦੀਵਾਨਾ ਨੇ ਵੀ ਆਪਣੀਆਂ ਰਚਨਾਵਾਂ ਵਿੱਚ ਛੰਦਾਬੰਦੀ ਦੀ ਕੈਦ ਨੂੰ ਨਹੀਂ ਅਪਣਾਇਆ ਫਿਰ ਵੀ ਉਸ ਦੀਆਂ ਕਵਿਤਾਵਾਂ ਵਿੱਚ ਇਕ ਬੱਝਵਾਂ ਨੇਮ ਪ੍ਰਬੰਧ ਨਜ਼ਰ ਆਉਂਦਾ ਹੈ। ਭਾਵੇਂ ਡਾ: ਦੀਵਾਨਾ ਨੇ ਖੁੱਲੀ ਕਵਿਤਾ ਲਿਖੀ ਪਰ ਉਸ ਨੇ ਪਰੰਪਰਾ ਨੂੰ ਵੀ ਨਹੀਂ ਤਿਆਗਿਆ। ਅਰਥਾਤ ਸੂਫ਼ੀ ਕਾਵਿ ਤੇ ਗੁਰਮਤਿ ਕਾਵਿ ਦਾ ਪ੍ਰਭਾਵ ਉਸ ਦੀਆਂ ਰਚਨਾਵਾਂ ਵਿੱਚੋਂ ਪ੍ਰਤੱਖ ਰੂਪ ਵਿੱਚ ਵੇਖਿਆ ਜਾ ਸਕਦਾ ਹੈ ਤੇ ਇਸ ਦੇ ਨਾਲ ਹੀ ਉਹ ਆਧੁਨਿਕ ਪੱਛਮੀ ਵਿਚਾਰਾਂ ਨੂੰ ਵੀ ਲੋੜ ਅਨੁਸਾਰ ਅਪਣਾਉਂਦਾ ਹੈ। ਸਮਕਾਲੀਨ ਸਮਾਜਿਕ ਪ੍ਰਸਥਿਤੀਆਂ ਤੋਂ ਤੰਗ ਆ ਕੇ ਉਹ ਪ੍ਰਮਾਤਮਾ ਨੂੰ ਸੰਬੋਧਨ ਕਰਦਾ ਹੋਇਆ ਆਪਣੀ ਇਕ ਕਵਿਤਾ 'ਜਗਤ ਤਮਾਸ਼ਾ' ਵਿੱਚ ਲਿਖਦਾ ਹੈ:

**ਦੂਜਾ ਦੌਰ**- ਆਧੁਨਿਕ ਪੰਜਾਬੀ ਕਵਿਤਾ ਦਾ ਦੂਸਰਾ ਦੌਰ ਪ੍ਰੋ: ਮੋਹਨ ਸਿੰਘ ਦੀਆਂ ਰਚਨਾਵਾਂ ਨਾਲ ਸ਼ੁਰੂ ਹੁੰਦਾ ਹੈ। ਇਸ ਪੀੜੀ ਦੇ ਕਵੀਆਂ ਦੀਆਂ ਰਚਨਾਵਾਂ ਦੇ ਮੁੱਖ ਵਿਸ਼ੇ ਰੋਮਾਂਸਵਾਦ, ਪ੍ਰਗਤੀਵਾਦ, ਇਨਕਲਾਬੀ ਵਿਚਾਰ ਆਦਿ ਰਹੇ ਹਨ। ਇਸ ਦੌਰ ਦੀਆਂ ਕਵਿਤਾਵਾਂ ਵਿੱਚ ਪਹਿਲੇ ਦੌਰ ਨਾਲੋਂ ਬਹੁਤ ਕੁਝ ਨਵਾਂ ਵੀ ਜੁੜਿਆ ਪਰ ਇਹਨਾਂ ਕਵੀਆਂ ਨੇ ਪਰੰਪਰਾ ਤੋਂ ਮੂੰਹ ਵੀ ਨਾ ਮੋੜਿਆ। ਇਹਨਾਂ ਕਵੀਆਂ ਦੀ ਵਿਸ਼ੇਸ਼ ਪ੍ਰਾਪਤੀ ਪ੍ਰਗਤੀਵਾਦੀ ਵਿਚਾਰਧਾਰਾ ਸੀ ਜਿਸ ਦਾ ਆਗਮਨ 1935 ਈ: ਵਿੱਚ ਪੈਰਿਸ ਵਿਖੇ ਹੋਇਆ। ਪੰਜਾਬੀ ਸਾਹਿਤ ਵਿੱਚ ਪ੍ਰਗਤੀਵਾਦੀ ਵਿਚਾਰਧਾਰਾ ਸਭ ਤੋਂ ਪਹਿਲਾਂ ਸੰਤ ਸਿੰਘ ਸੇਖੋਂ ਨੇ ਅਪਣਾਈ ਤੇ ਹੌਲੀ-ਹੌਲੀ ਇਹ ਵਿਚਾਰਧਾਰਾ ਪੰਜਾਬੀ ਕਾਵਿ-ਜਗਤ ਵਿੱਚ ਵੀ ਵਿਕਸਿਤ ਹੋ ਗਈ। ਇਸ ਦੌਰ ਦੇ ਪ੍ਰਮੁੱਖ ਕਵੀ ਪ੍ਰੋ: ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫੀਰ, ਪਿਆਰਾ ਸਿੰਘ ਸਹਿਰਾਈਂ, ਸੰਤੋਖ ਸਿੰਘ 'ਧੀਰ ਅਵਤਾਰ ਸਿੰਘ ਆਜ਼ਾਦ, ਦੇਵਿੰਦਰ ਸਤਿਆਰਥੀ ਆਦਿ ਰਹੇ ਹਨ। ਜਿਨ੍ਹਾਂ ਸੰਬੰਧੀ ਲੋੜੀਂਦੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ-

**ਪ੍ਰੋ: ਮੋਹਨ ਸਿੰਘ** : ਆਧੁਨਿਕ ਪੰਜਾਬੀ ਕਵਿਤਾ ਦੇ ਦੂਸਰੇ ਦੌਰ ਦਾ ਮੋਢੀ ਪ੍ਰੋ: ਮੋਹਨ ਸਿੰਘ ਹੈ। ਉਸ ਨੇ ਅਧਿਆਤਮਵਾਦੀ ਅਤੇ ਰਹੱਸਵਾਦੀ ਵਿਚਾਰਾਂ ਤੋਂ ਬਿਨਾਂ ਰੋਮਾਂਸਵਾਦ, ਪ੍ਰਗਤੀਵਾਦ, ਔਰਤ ਦੀ ਸਥਿਤੀ ਆਦਿ ਹੋਰ ਵਿਸ਼ਿਆਂ ਨੂੰ ਵੀ ਬੜੀ ਰੌਚਿਕਤਾ ਨਾਲ ਆਪਣੀਆਂ ਕਾਵਿ-ਕਿਰਤਾਂ ਵਿੱਚ ਪੇਸ਼ ਕੀਤਾ। ਉਸ ਦੀਆਂ ਕਾਵਿ-ਕਿਰਤਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ : ਕਿ "ਸਾਵੇ ਪੱਤਰ' (1936), "ਕਸੁੰਭੜਾ (1937), "ਅਧਵਾਟੇ' (1943), ਏਸ਼ੀਆ ਦਾ ਚਾਨਣ (ਅਨੁਵਾਦਿਤ 1946), "ਕੱਚ ਸੱਚ' (1950), ਆਵਾਜ਼ਾਂ' (1954), ਵੱਡਾ ਵੇਲਾ (1958), 'ਜੰਦਰੇ (1964), 'ਜੈਮੀਰ' (1968), 'ਨਨਕਾਇਣ' (1970), 'ਬੂਹੇ' (1979) ਆਦਿ।

ਸ਼ੁਰੂ ਵਿੱਚ ਮੋਹਨ ਸਿੰਘ ਨੇ ਜੋ ਲੰਬੀਆਂ ਕਵਿਤਾਵਾਂ ਲਿਖੀਆਂ ਉਹਨਾਂ ਨੂੰ 1932 ਵਿੱਚ 'ਚਾਰ ਹੰਝੂ" ਨਾਂ ਹੇਠ ਛਾਪਿਆ ਗਿਆ। ਪਿੱਛੋਂ ਜਦੋਂ "ਸਾਵੇ ਪੱਤਰ' ਪੁਸਤਕ ਦੀ ਰਚਨਾ ਕੀਤੀ ਤਾਂ ਉਸ ਵਿੱਚ ਸ਼ਾਮਿਲ ਕਰ ਲਿਆ ਗਿਆ। ਮੋਹਨ ਸਿੰਘ ਬਾਰੇ ਕਿਹਾ

ਜਾਂਦਾ ਹੈ ਕਿ ਉਹ ਪਿਆਰ ਦਾ ਕਵੀ ਹੈ ਅਰਥਾਤ ਉਸ ਦੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ ਪਿਆਰ ਹੈ। ਪਰ ਉਹ ਨਿੱਜੀ ਪਿਆਰ ਦੇ ਦੁੱਖ ਤੋਂ ਉੱਪਰ ਉੱਠ ਕੇ ਸਮੁੱਚੀ ਲੋਕ ਪੀੜਾ ਨੂੰ ਬੋਲ ਦਿੰਦਾ ਹੈ। ਇਸੇ ਕਾਰਨ ਕਿਹਾ ਜਾਂਦਾ ਹੈ ਕਿ ਮੋਹਨ ਸਿੰਘ ਨੇ ਆਧੁਨਿਕ ਕਵਿਤਾ ਨੂੰ ਧਾਰਮਿਕ ਵਲਗਣ ਵਿੱਚੋਂ ਕੱਢ ਕੇ ਰੋਮਾਂਸਵਾਦ ਤੇ ਪ੍ਰਗਤੀਵਾਦ ਨਾਲ ਜੋੜਿਆ। ਉਸ ਦੀ ਕਵਿਤਾ ਵਿੱਚ ਸਮੇਂ ਅਨੁਸਾਰ ਕਈ ਤਬਦੀਲੀਆਂ ਵਾਪਰੀਆਂ। ਪ੍ਰੋ: ਮੋਹਨ ਸਿੰਘ ਦੀ ਪਤਨੀ ਦੀ ਮੌਤ ਨੇ ਹੀ ਉਸ ਨੂੰ ਕਵੀ ਬਣਾ ਦਿੱਤਾ "ਮੋਹਨ ਕਿੰਝ ਬਣਦਾ ਤੂੰ ਸ਼ਾਇਰ ਜੇਕਰ ਮੈਂ ਨਾ ਮਰਦੀ। ਮੋਹਨ ਸਿੰਘ ਦੀ ਕਵਿਤਾ ਵਿੱਚ ਪ੍ਰਧਾਨ ਸੁਰ ਪਿਆਰ, ਬਿਰਹਾ ਤੇ ਮਿਲਾਪ ਦੀ ਹੈ। ਉਸ ਦੀਆਂ ਰਚਨਾਵਾਂ ਵਿੱਚ ਰੋਮਾਂਸਵਾਦ ਸੰਬੰਧੀ ਕਵਿਤਾਵਾਂ ਹੇਠ ਲਿਖੇ ਅਨੁਸਾਰ ਹਨ :

ਮੈਂ ਹੁੰਦਾ ਜਾਂ ਕੁਝ ਹੋਰ ਹੋਰ
ਮੇਰੀ ਵੱਖਰੀ ਜਾਪੇ ਤੋਰ ਤੋਰ
ਕੋਈ ਆਉਂਦੀ ਜਾਵੇ ਯਾਦ ਯਾਦ
ਜਿੰਦ ਹੁੰਦੀ ਜਾਵੇ ਸੁਆਦ ਸੁਆਦ।

ਨਿੱਤਰ ਗਏ ਨੇ ਪਿਆਰ ਦੇ ਪਾਣੀ
ਦਿਲ ਦੀ ਕਟੋਰੀ ਭਰੀ ਪਈ ਏ
ਸੀਨੇ ਵਿੱਚ ਨਗੀਨੇ ਵਾਂਗੂੰ ਤੇਰੀ ਮੁਹੱਬਤ ਜੜੀ ਪਈ ਏ।

ਪ੍ਰੋ: ਮੋਹਨ ਸਿੰਘ ਨੇ ਇਹਨਾਂ ਵਿਸ਼ਿਆਂ ਤੋਂ ਬਿਨਾਂ ਪੰਜਾਬੀ ਜਨ-ਜੀਵਨ, ਸਭਿਆਚਾਰ, ਰਹਿਣ-ਸਹਿਣ ਆਦਿ ਨਾਲ ਸੰਬੰਧਿਤ ਵੀ ਕਾਫੀ ਕੁੱਝ ਲਿਖਿਆ। ਉਸ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਮੋਹਨ ਸਿੰਘ ਇਕ ਉਤਮ ਕਵੀ ਹੋਣ ਦੇ ਨਾਲ ਨਾਲ ਮਸ਼ਹੂਰ ਗੀਤਕਾਰ ਵੀ ਰਿਹਾ ਉਸ ਦੇ ਕਈ ਗੀਤ ਸੁਰਿੰਦਰ ਕੌਰ, ਆਸਾ ਸਿੰਘ ਮਸਤਾਨਾ ਆਦਿ ਦੀ ਆਵਾਜ਼ ਵਿੱਚ ਰਿਕਾਰਡ ਹੋ ਕੇ ਪ੍ਰਸਿੱਧ ਹੋਏ। ਪ੍ਰੋ: ਮੋਹਨ ਸਿੰਘ ਨੇ ਜਿੰਨੇ ਵੀ ਵਿਸ਼ੇ ਲਏ ਉਹਨਾਂ ਨੂੰ ਕਵਿਤਾ, ਗਜ਼ਲ ਤੇ ਗੀਤ ਆਦਿ ਕਾਵਿ-ਰੂਪਾਂ ਰਾਹੀਂ ਬੜੀ ਕਲਾਤਮਿਕਤਾ ਨਾਲ ਪੇਸ਼ ਕੀਤਾ। ਉਸ ਦੀਆਂ ਰਚਨਾਵਾਂ ਵਿੱਚ ਸੁੰਦਰ ਅਲੰਕਾਰ, ਵਿਸ਼ੇਸ਼ ਬਿੰਬ ਵਿਧਾਨ, ਨੌ ਰਸਾਂ ਦੀ ਵਰਤੋਂ, ਵਧੀਆ ਸ਼ੈਲੀ ਤੇ ਸਰਲ ਭਾਸ਼ਾ ਹੋਣ ਕਾਰਨ ਹੀ ਉਹ ਪੰਜਾਬੀ ਕਵਿਤਾ ਵਿੱਚ ਆਪਣਾ ਇਕ ਯੋਗ ਸਥਾਨ ਬਣਾ ਸਕੇ।

**ਅੰਮ੍ਰਿਤਾ ਪ੍ਰੀਤਮ** (1919 ਈ:) ਅੰਮ੍ਰਿਤਾ ਪ੍ਰੀਤਮ ਤੇ ਪ੍ਰੋ: ਮੋਹਨ ਸਿੰਘ ਸਮਕਾਲੀ ਹਨ। ਪ੍ਰੋ: ਮੋਹਨ ਸਿੰਘ ਵਾਂਗ ਹੀ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿੱਚ ਪਿਆਰ, ਬਿਰਹਾ, ਪ੍ਰਗਤੀਵਾਦੀ ਵਿਚਾਰ ਸ਼ਾਮਿਲ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹਨਾਂ ਦੋਹਾਂ ਦੀਆਂ ਕਾਵਿ ਰਚਨਾਵਾਂ ਦਾ ਇਤਿਹਾਸਕ ਵਿਕਾਸ ਵੀ ਇਕੋ ਜਿਹਾ ਹੈ। ਕਈ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ 1935-55 ਈ: ਤੱਕ ਦੇ ਸਮੇਂ ਨੂੰ ਅੰਮ੍ਰਿਤਾ-ਮੋਹਨ ਸਿੰਘ' ਯੁਗ ਦਾ ਨਾਂ ਦਿੱਤਾ। ਅੰਮ੍ਰਿਤਾ ਆਪਣੀ ਕਵਿਤਾਵਾਂ ਵਿੱਚ ਨਿੱਜੀ ਪੀੜ ਨੂੰ ਵਿਸਥਾਰ ਦਿੰਦੀ ਹੋਈ ਵਿਸ਼ਵ ਵੇਦਨਾ ਨੂੰ ਪੇਸ਼ ਕਰਦੀ ਹੈ। ਉਸ ਨੇ ਵੀ ਪ੍ਰੋ: ਮੋਹਨ ਸਿੰਘ ਵਾਂਗ ਪਿਆਰ ਦੇ ਜਜ਼ਬੇ ਨੂੰ , ਆਪਣੀਆਂ ਰਚਨਾਵਾਂ ਵਿੱਚ ਵਿਸ਼ੇਸ਼ ਸਥਾਨ ਦਿੱਤਾ। ਅੰਮ੍ਰਿਤਾ ਪ੍ਰੀਤਮ ਦੀਆਂ ਰਚਨਾਵਾਂ ਸੰਬੰਧੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ "ਅਮਿਤ ਲਹਿਰਾਂ' (1936), 'ਜੀਉਂਦਾ ਜੀਵਨ' (1939), ਤਰੇਲ ਧੋਤੇ ਫੁੱਲ (1941), 'ਓ ਗੀਤਾਂ ਵਾਲਿਆ' (1942), "ਬੱਦਲਾਂ ਦੇ ਪੱਲੇ ਵਿੱਚੋਂ (1943), 'ਸੰਝ ਦੀ ਲਾਲੀ (1943), "ਲੋਕ ਪੀੜ' (1944), 'ਪੱਥਰ ਗੀਟੇ' (1946), "ਲੰਮੀਆਂ ਵਾਟਾਂ (1949), ਮੈਂ ਤਵਾਰੀਖ ਹਾਂ ਹਿੰਦ ਦੀ (1949), ਸਰਘੀ ਵੇਲਾ (1951). 'ਸੁਨੇਹੜੇ (1955), "ਅਸ਼ੋਕਾ ਚੇਤੀ (1957), ਕਸਤੂਰੀਂ (1959), ਨਾਗਮਣੀ (1964), "ਕਾਗਜ਼ ਤੇ ਕੈਨਵਸ' (1970) ਸੁਨੇਹੜੇ' ਪੁਸਤਕ ਲਈ ਭਾਰਤੀ ਸਾਹਿਤ ਅਕਾਦਮੀ ਨੇ ਉਸ ਨੂੰ ਸਨਮਾਨਿਤ ਵੀ ਕੀਤਾ। ਉਸ ਦੁਆਰਾ ਪੰਜਾਬੀ ਸਾਹਿਤ ਵਿੱਚ ਪਾਏ ਯੋਗਦਾਨ ਕਾਰਨ ਹੀ 1969 ਈ: ਵਿੱਚ ਪਦਮਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਜਦੋਂ 1947 ਤੋਂ ਬਾਅਦ ਅੰਮ੍ਰਿਤਾ ਦਾ ਕਾਵਿ ਸੰਗ੍ਰਹਿ "ਲੰਮੀਆਂ ਵਾਟਾਂ 1949 ਈ: ਵਿੱਚ ਪ੍ਰਕਾਸ਼ਿਤ ਹੋਇਆ ਤਾਂ ਇਸ ਸਾਹਿਤਿਕ ਕਿਰਤ ਦੀ ਹਰ ਵਰਗ ਦੇ ਲੋਕਾਂ ਨੇ ਪ੍ਰਸ਼ੰਸਾ ਕੀਤੀ। ਪ੍ਰਿੰ: ਤੇਜਾ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਨੂੰ ਪੰਜਾਬ ਦੀ ਆਵਾਜ਼ ਆਖਿਆ ਸੀ ਕਿਉਂਕਿ ਅੰਮ੍ਰਿਤਾ ਨੇ ਵੰਡ ਦੇ ਦਰਦ ਦੀ ਕਹਾਣੀ ਹੂ-ਬ-ਹੂ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕੀਤੀ। ਪੰਜਾਬ ਦੀ ਸਮੂਹਿਕ ਤਬਾਹੀ ਤੇ ਜ਼ਖ਼ਮਾਂ ਨੂੰ ਬੋਲ ਪ੍ਰਦਾਨ ਕੀਤੇ।ਇਸੇ ਸੰਗ੍ਰਹਿ ਵਿੱਚ ਉਸ ਦੀ ਸ਼ਾਹਕਾਰ ਕਵਿਤਾ "ਆਖਾਂ ਵਾਰਿਸ ਸ਼ਾਹ ਨੂੰ ਸ਼ਾਮਿਲ ਸੀ। ਇਸ ਕਵਿਤਾ ਨੂੰ ਪੜ੍ਹ ਕੇ ਤਾਂ 1947 ਦੀ ਵੰਡ ਦਾ ਦਰਦਨਾਕ ਦ੍ਰਿਸ਼ ਅੱਖਾਂ ਅੱਗੇ ਜਿਉਂ ਦਾ ਤਿਉਂ ਸਾਕਾਰ ਹੋ ਜਾਂਦਾ ਹੈ :

ਅਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ। ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ!
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ ਅਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸਸ਼ਾਹ ਨੂੰ ਕਹਿਣ!
ਵੇ ਦਰਦਮੰਦਾ ਦਿਆ ਦਰਦੀਆ ! ਉਠ ਤੱਕ ਆਪਣਾ ਪੰਜਾਬ ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ

ਅੰਮ੍ਰਿਤਾ ਨੇ ਇਸ ਕਵਿਤਾ ਰਾਹੀਂ ਦੇਸ਼ ਦੀ ਵੰਡ ਸਮੇਂ ਔਰਤ ਦੀ ਸਥਿਤੀ ਨੂੰ ਬੜੇ ਹੀ ਵਿਅੰਗਮਈ ਤੇ ਰੌਚਕ ਢੰਗ ਨਾਲ ਵਿਅਕਤ ਕੀਤਾ ਹੈ। ਇਸੇ ਕਾਰਨ ਹੀ ਸੰਤ ਸਿੰਘ ਸੇਖੋਂ ਨੇ ਲਿਖਿਆ ਹੈ ਕਿ "1947 ਤੋਂ ਪਿੱਛੋਂ ਇਸਤਰੀ ਦੀ ਆਵਾਜ਼ ਬਣ ਕੇ ਅੰਮ੍ਰਿਤਾ ਇਸ ਤਰ੍ਹਾਂ ਕੁਰਲਾਈ ਕਿ ਉਸ ਦਾ ਇਹ ਵਿਰਲਾਪ ਇਤਿਹਾਸ ਵਿੱਚ ਸਦਾ ਗੂੰਜਦਾ ਰਹੇਗਾ। ਅੰਮ੍ਰਿਤਾ ਨੇ ਇਕ ਔਰਤ ਹੋਣ ਦੇ ਨਾਤੇ ਔਰਤ ਦੀ ਵੇਦਨਾ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਤੇ ਆਪਣੀਆਂ ਕਵਿਤਾਵਾਂ ਵਿੱਚ ਵਿਸ਼ੇ ਵਜੋਂ ਅਪਣਾਇਆ।

ਅੰਮ੍ਰਿਤਾ ਨੇ ਆਪਣੀਆਂ ਰਚਨਾਵਾਂ ਵਿੱਚ ਮੁੱਖ ਸੁਰ ਵਜੋਂ ਪ੍ਰੀਤ ਤੇ ਬਿਰਹਾ ਨੂੰ ਹੀ ਲਿਆ। ਅੰਮ੍ਰਿਤਾ ਦੀ ਕਵਿਤਾ ਵਿੱਚ ਇਸਤਰੀ ਪੁਰਖ ਦੇ ਸੰਬੰਧਾਂ ਨੂੰ ਬੜੀ ਹੀ ਭਾਵੁਕਤਾ ਨਾਲ ਪੇਸ਼ ਕੀਤਾ ਗਿਆ ਹੈ। ਭਾਵੇਂ ਕਿ ਉਸ ਨੇ ਸਮਾਜਿਕ ਅਨਿਆਂ ਤੇ ਮਨੁੱਖੀ ਅਸਤਿਤਵ ਦੀ ਸੁਤੰਤਰਤਾ ਨਾਲ ਸੰਬੰਧਿਤ ਵਿਸ਼ੇ ਵੀ ਲਏ ਪਰ ਉਸ ਦੇ ਮਨ ਵਿੱਚ ਬਹੁਤ ਤਿੱਖਾ ਜਜ਼ਬਾ ਪਿਆਰ ਦਾ ਹੀਂ ਰਿਹਾ। ਅੰਮ੍ਰਿਤਾ ਆਪਣੀ ਕਵਿਤਾ ਵਿੱਚ ਸੰਯੋਗ ਨਾਲੋਂ ਵਿਯੋਗ ਬਾਰੇ ਜ਼ਿਆਦਾ ਲਿਖਦੀ ਹੈ। ਉਹ ਪੰਜਾਬੀ ਸਾਹਿਤ ਦੀਆਂ ਪੁਰਾਤਨ ਪ੍ਰੀਤ ਨਾਇਕਾਵਾਂ ਜਿਵੇਂ ਕਿ ਸੱਸੀ, ਸੋਹਣੀ, ਹੀਰ ਆਦਿ ਉਦਾਹਰਣਾਂ ਦੇ ਕੇ ਦੱਸਦੀ ਹੈ ਕਿ ਅੱਜ ਵੀ ਪਿਆਰ ਦੇ ਰਾਹ ਵਿੱਚ ਅਨੇਕਾਂ ਰੁਕਾਵਟਾਂ ਹਨ। ਪ੍ਰੋ: ਅਤਰ ਸਿੰਘ ਨੇ ਵੀ ਆਪਣੀ ਪੁਸਤਕ ''ਕਾਵਿ-ਅਧਿਐਨ ਵਿੱਚ ਅੰਮ੍ਰਿਤਾ ਦੇ ਪਿਆਰ ਅਨੁਭਵ ਬਾਰੇ ਦੱਸਦਿਆਂ ਲਿਖਿਆ ਹੈ ਕਿ "ਅੰਮ੍ਰਿਤਾ ਦੀ ਕਵਿਤਾ ਪਿਆਰ ਦੁਖਾਂਤ ਦਾ ਕੀਰਨਾ ਹੈ। ਉਸ ਦੇ ਪਿਆਰ-ਅਨੁਭਵ ਦਾ ਅਗਲਾ ਸਾਰਾ ਵਿਕਾਸ ਇਸ ਦੁਖਾਂਤ ਨੂੰ ਸਮਝਣ, ਪ੍ਰਗਟਾਉਣ ਤੇ ਇਸ ਦੇ ਅਹਿਸਾਸ ਤੋਂ ਪਿੱਛਾ ਛੁਡਾਉਣ ਵਿੱਚ ਹੋਇਆ। ਪਿਆਰ ਤੇ ਬਿਰਹਾ ਨੂੰ ਅੰਮ੍ਰਿਤਾ ਬੇਹੱਦ ਭਾਵੁਕ, ਰਹੱਸ ਭਰਪੂਰ, ਰੋਮਾਂਸ ਭਰਪੂਰ, ਸੁਹਜ ਭਰਪੂਰ, ਨਿੱਜੀ ਰੰਗ ਵਿੱਚ ਰੰਗ ਕੇ ਪੇਸ਼ ਕਰਦੀ ਹੈ। ਉਸ ਦੀ ਕਵਿਤਾ ਵਿੱਚੋਂ ਪਿਆਰ ਅਤੇ ਬਿਰਹਾ ਸੰਬੰਧੀ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ ਇਸ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਨੇ ਆਪਣੀਆਂ ਰਚਨਾਵਾਂ ਵਿੱਚ ਕਈ ਪ੍ਰਕਾਰ ਦੇ ਵਿਸ਼ੇ ਲਏ ਤੇ ਉਹਨਾਂ ਨੂੰ ਬੜੀ ਕਲਾਤਮਿਕਤਾ ਨਾਲ ਸੌਖੇ ਤੋਂ ਸੌਖੇ ਢੰਗ ਰਾਹੀਂ ਪੇਸ਼ ਕੀਤਾ।

**ਬਾਵਾ ਬਲਵੰਤ** ( 1915 ਈ:-1972 ਈ:) ਪ੍ਰਗਤੀਵਾਦੀ ਲਹਿਰ ਵਿੱਚ ਬਾਵਾ ਬਲਵੰਤ ਦਾ ਇਕ ਅਹਿਮ ਸਥਾਨ ਹੈ। ਬਾਵਾ ਬਲਵੰਤ ਆਪਣੇ ਵਿਚਾਰਾਂ ਨੂੰ ਅਧਿਆਤਮਕ ਰੰਗਤ, ਇਤਿਹਾਸ, ਮਿਥਿਹਾਸ ਤੇ ਪੁਰਾਤਨ ਸਾਹਿਤ ਦੇ ਹਵਾਲਿਆਂ ਨਾਲ ਪੇਸ਼ ਕਰਦਾ ਹੈ। ਆਰੰਭ ਵਿੱਚ ਬਾਵਾ ਬਲਵੰਤ ਨੇ ਰੁਮਾਂਸਵਾਦੀ ਕਵਿਤਾ ਹੀ ਲਿਖੀ ਤੇ ਬਾਅਦ ਵਿੱਚ ਸਮਾਜਵਾਦ ਦੇ ਪ੍ਰਭਾਵ ਅਧੀਨ ਲਿਖਣਾ ਸ਼ੁਰੂ ਕੀਤਾ। "ਕਵੀ ਪਿਆਰ ਅਤੇ ਕੁਰਬਾਨੀ ਨੂੰ ਸਮਾਨ-ਅਰਥਕ ਹੀ ਮੰਨਦਾ ਹੈ। ਉਸ ਲਈ ਪਿਆਰ ਕੁਰਬਾਨੀ ਅਤੇ ਤਿਆਗ ਦਾ ਹੀ ਦੂਜਾ ਨਾਮ ਹੈ। ਉਸ ਦੇ ਕਾਵਿ ਸੰਗ੍ਰਹਿ ਹੇਠ ਲਿਖੇ ਅਨੁਸਾਰ ਹਨ : ਮਹਾਂ ਨਾਚੱ (1941), ਅਮਰ ਗੀਤ (1942), ਜਵਾਲਾਮੁਖੀ (1943), 'ਬੰਦਰਗਾਹ ( 1951) ਅਤੇ 'ਸੁਗੰਧ ਸਮੀਰ' (1959)। ਨਿੱਜੀ ਪਿਆਰ ਸੰਬੰਧੀ ਲਿਖਦਾ ਹੋਇਆ ਕਵੀ ਲੋਕ ਪਿਆਰ ਦੀ ਗੱਲ ਕਰਦਾ ਹੈ। ਉਸ ਨੂੰ ਮੱਧਕਾਲੀ ਨਾਇਕ ਜਾਂ ਨਾਇਕਾਵਾਂ ਵਾਂਗ ਆਪਣੀ ਮਹਿਬੂਬਾ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਜਿਵੇਂ ਕਿ

ਆਪੇ ਕਹੇਂ ਮੈਂ ਤੇਰੀ ਤੇਰੀ,ਆਪੇ ਕਹੇਂ ਨਾ ਛੋਹ,  
ਤੇਰਾ ਦਿਲ ਇਕ ਹੈ ਜਾਂ ਦੋ ? ਕਰਾਂ ਮੈਂ ਜਦੋਂ ਉਜਾਲਾ,  
ਆਖੇ 'ਬਾਲ ਨਾ ਦੀਵੇ ,ਰਹਾਂ ਜਾਂ ਬੈਠ ਹਨੇਰੇ ਅੰਦਰ  
ਆਖੇ ਕਰ ਲੈ ਲੋਅ ਲੋ

ਬਾਵਾ ਬਲਵੰਤ ਦੀ ਪੰਜਾਬੀ ਸਾਹਿਤ ਨੂੰ ਮੁਖ ਦੇਣ ਪ੍ਰਗਤੀਵਾਦੀ ਕਵਿਤਾ ਹੈ ਉਹ ਸਾਹਿਤ ਨੂੰ ਸਮਾਜ ਵਿੱਚ ਕ੍ਰਾਂਤੀ ਲਿਆਉਣ ਦੇ ਸਾਧਨ ਵਜੋਂ ਵਰਤਦਾ ਹੈ। ਮਾਰਕਸਵਾਦ ਵਿਚਲੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਕਵੀ ਨੇ ਅਧਿਆਤਮਵਾਦ ਨੂੰ ਛੱਡ ਕੇ ਵਿਗਿਆਨਕ ਤੇ ਪਦਾਰਥਕ ਸੋਚ ਨੂੰ ਅਪਣਾਇਆ। ਉਸ ਨੇ ਪੂੰਜੀਵਾਦੀਆਂ ਕੋਲੋਂ ਸੱਚੀ ਤੇ ਸੁੱਚੀ ਮਿਹਨਤ ਕਰਨ ਵਾਲੇ ਮਜ਼ਦੂਰਾਂ ਨੂੰ ਬਚਾਉਣ ਲਈ ਕਈ ਕਵਿਤਾਵਾਂ ਲਿਖੀਆਂ। "ਭਾਵੇਂ ਦੇਸ਼ ਆਜ਼ਾਦ ਹੋ ਗਿਆ ਹੈ ਫੇਰ ਵੀ ਪੂੰਜੀਪਤੀਆਂ ਦੁਆਰਾ ਆਮ ਲੋਕਾਂ ਦੇ ਜੀਵਨ ਹੱਕਾਂ ਨੂੰ ਦਿਨ ਦਿਹਾੜੇ ਸ਼ਰੇਆਮ ਲੁੱਟਿਆ ਜਾਂਦਾ ਹੈ। ਇਸ ਲੁੱਟ ਖੋਹ ਨੂੰ ਦੇਖ ਕੇ ਬਾਵਾ ਚੀਖ ਉਠਦਾ ਹੈ ਕਿ ਸਾਡੇ ਦੇਸ਼ ਵਿੱਚ ਕੋਈ ਪ੍ਰਤੀ ਨਹੀਂ ਹੋਈ ਕਿਉਂ ਜੋ ਆਮ ਜ਼ਿੰਦਗੀ ਪਹਿਲਾਂ ਤੋਂ ਵੀ ਵਧੇਰੇ ਮੰਦਹਾਲੀ ਅਤੇ ਅਨਿਆਂ ਦਾ ਸ਼ਿਕਾਰ ਹੈ।

ਇੰਞ ਬਾਵਾ ਬਲਵੰਤ ਆਪਣੀਆਂ ਕਵਿਤਾਵਾਂ ਵਿੱਚ ਪੂੰਜੀਵਾਦ ਦੇ ਵਿਰੁੱਧ ਬਗਾਵਤ ਵੀ ਕਰਦਾ ਹੈ। ਇਕ ਮਰਦ ਹੋ ਕੇ ਉਹ ਔਰਤ ਦੀ ਮਾੜੀ ਸਥਿਤੀ ਸੰਬੰਧੀ ਚਾਨਣਾ ਪਾਉਂਦਾ ਹੈ। ਉਸ ਨੇ ਆਪਣੀਆਂ ਰਚਨਾਵਾਂ ਵਿੱਚ ਭਾਰਤੀ ਔਰਤ ਦੀ ਯਥਾਰਥਕ ਤਸਵੀਰ ਨੂੰ ਪੇਸ਼ ਕੀਤਾ। ਉਸ ਨੇ ਨਿੱਝਕ ਹੋ ਕੇ ਇਸਤਰੀ ਦੀ ਬੇਬਸ ਸਥਿਤੀ ਦਾ ਵਰਣਨ ਕੀਤਾ। ਉਸ ਨੇ ਉਹਨਾਂ ਸਮਾਜਿਕ ਪ੍ਰਸਥਿਤੀਆਂ ਵੱਲ ਵੀ

ਧਿਆਨ ਦੁਆਇਆ ਜੋ ਨਾਰੀ ਨੂੰ ਵੇਸਵਾ ਬਣਨ ਲਈ ਮਜ਼ਬੂਰ ਕਰਦੀਆਂ ਹਨ। "ਵੇਸਵਾ, ਕਫਨ, ਫੇਰ ਪਾਰੋ ਨੇ ਕਿਹਾ, ਸ਼ਾਮ ਵਾਲੀ ਆਦਿ ਕਵਿਤਾਵਾਂ ਵਿੱਚ ਉਸ ਨੇ ਔਰਤ ਦੀ ਮੰਦੀ ਹਾਲਤ ਨੂੰ ਬਿਆਨ ਕੀਤਾ ਹੈ। ਪੰਜਾਬੀ ਕਵੀ ਜਮਾਤੀ ਸਮਾਜ ਦੇ ਸ਼ੋਸ਼ਣ ਕਾਰਨ ਉਸ ਵਿੱਚ ਪੇਸ਼ ਹੋਏ ਮਨੁੱਖੀ ਰਿਸ਼ਤਿਆਂ ਦਾ ਚਿੱਤਰ ਪੇਸ਼ ਕਰਦੇ ਹਨ। ਅਗਾਂਹਵਧੂ ਵਿਚਾਰਧਾਰਾ ਵਾਲੇ ਕਵੀ ਇਸਤਰੀ ਪ੍ਰਤੀ ਮੱਧਕਾਲੀ ਦ੍ਰਿਸ਼ਟੀ ਦੇ ਤਿਆਗ ਲਈ ਲਲਕਾਰ ਪੈਦਾ ਕਰਦੇ ਹੋਏ ਉਸ ਨੂੰ ਬਰਾਬਰ ਤੇ ਸ਼ਹਿਰੀ ਦਾ ਦਰਜਾ ਦਿਵਾਉਣ ਦੀ ਮੰਗ ਕਰਦੇ ਹਨ। ਬਾਵਾ ਬਲਵੰਤ ਨੇ ਵੀ ਔਰਤ ਸੰਬੰਧੀ ਬਹੁਤ ਕੁਝ ਲਿਖਿਆ ਜਿਨ੍ਹਾਂ ਵਿੱਚੋਂ ਕੁਝ ਕੁ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ :

ਅਜ਼ਲ ਤੋਂ ਹੀ ਆਦਮੀ ਜਾਲਮ ਰਿਹਾ
ਲੈ ਕੇ ਖ਼ੁਸ਼ੀਆਂ ਸੋਹਲ ਦਿੰਦਾ ਗ਼ਮ ਰਿਹਾ
ਨਜ਼ਰ ਵਿੱਚ ਔਰਤ ਸਦਾ ਦਾਸੀ ਰਹੀ
ਇਸ ਲਈ ਔਰਤ ਦੀ ਰੂਹ ਪਿਆਸੀ ਰਹੀ।

ਇਸ ਤਰ੍ਹਾਂ ਕਵੀ ਆਪਣੀਆਂ ਕਵਿਤਾਵਾਂ ਵਿੱਚ ਔਰਤ ਦਾ ਪੱਖ ਪੂਰਦਾ ਹੈ। ਉਹ ਤਾਂ ਸੀਤਾ ਉੱਤੇ ਰਾਮ ਚੰਦਰ ਵੱਲੋਂ ਕੀਤੇ ਜ਼ੁਲਮ ਨੂੰ ਵੀ ਨਹੀਂ ਜਰਦਾ ਤੇ ਉਹ ਇਸ ਅਵਤਾਰ ਨੂੰ ਵੀ ਨਹੀਂ ਛੱਡਦਾ। ਉਹ ਅਮੀਰ ਵਿਅਕਤੀਆਂ ਦੁਆਰਾ ਪੈਸੇ ਦੇ ਜ਼ੋਰ ਉੱਤੇ ਗ਼ਰੀਬ ਔਰਤਾਂ ਤੇ ਕੀਤੇ ਜ਼ੁਲਮ ਨੂੰ ਵੀ ਨੰਗਿਆਂ ਕਰਦਾ ਹੈ। ਇਹਨਾਂ ਸਾਰੇ ਵਿਸ਼ਿਆਂ ਤੋਂ ਬਿਨਾਂ ਕਵੀ ਨੌਜਵਾਨ ਪੀੜ੍ਹੀ ਨੂੰ ਕੁਝ ਨਵਾਂ ਕਰ ਗੁਜ਼ਰਨ ਲਈ ਵੀ ਪ੍ਰੇਰਦਾ ਹੈ। ਉਸ ਅਨੁਸਾਰ ਨੌਜਵਾਨਾਂ ਦੀ ਉਸਾਰੂ ਸੋਚ ਹੀ ਦੇਸ਼ ਨੂੰ ਤਰੱਕੀ ਦੀਆਂ ਰਾਹਾਂ ਤੇ ਲਿਆ ਸਕਦੀ ਹੈ ਤੇ ਸਮਾਜ ਵਿੱਚ ਪਰਿਵਰਤਨ ਸੰਭਵ ਹੈ। ਇੰਵ ਬਾਵਾ ਬਲਵੰਤ ਨੇ ਪਿਆਰ, ਮਾਨਵਵਾਦ, ਨਾਰੀਵਾਦ, ਪ੍ਰਗਤੀਵਾਦ ਆਦਿ ਵਿਸ਼ਿਆਂ ਨੂੰ ਇਤਿਹਾਸਕ ਮਿਥਿਹਾਸਕ ਹਵਾਲਿਆਂ ਤੇ ਵਿਅੰਗਾਤਮਕ ਸ਼ੈਲੀ ਰਾਹੀਂ ਰੌਚਕ ਬਣਾ ਕੇ ਪੇਸ਼ ਕੀਤਾ ਹੈ।

**ਪ੍ਰੀਤਮ ਸਿੰਘ ਸਫੀਰ**

ਅੰਮ੍ਰਿਤਾ-ਮੋਹਨ ਸਿੰਘ ਕਾਲ ਵਿੱਚ ਬਾਵਾ ਬਲਵੰਤ ਤੋਂ ਬਾਅਦ ਪ੍ਰੀਤਮ ਸਿੰਘ ਸਫੀਰ ਦਾ ਨਾਂ ਆਉਂਦਾ ਹੈ। ਸਫੀਰ ਨੇ ਰਹੱਸਵਾਦ, ਰੋਮਾਂਸਵਾਦ, ਪ੍ਰਗਤੀਵਾਦ ਸੰਬੰਧੀ ਕਵਿਤਾਵਾਂ ਦੀ ਸਿਰਜਣਾ ਕੀਤੀ। ਕਿਸੇ ਕਵਿਤਾ ਵਿੱਚ ਤਾਂ ਉਹ ਆਦਰਸ਼ਕ ਪਿਆਰ ਲੱਭਦਾ ਹੈ, ਕਿਸੇ ਵਿੱਚ ਪ੍ਰਮਾਤਮਾ ਦੇ ਦਰਸ਼ਨ ਤੇ ਕਿਸੇ ਵਿੱਚ ਇਨਕਲਾਬੀ ਵਿਚਾਰਾਂ ਦੀ ਚਰਚਾ ਕਰਦਾ ਹੋਇਆ ਆਪਣੇ ਹੱਕਾਂ ਲਈ ਮਰ ਮਿਟਣ ਨੂੰ ਤਿਆਰ ਹੈ। ਸਫੀਰ ਦਾ ਅਧਿਆਤਮਵਾਦ ਗੁਰਮਤਿ ਦੀ ਹੀ ਦੇਣ ਹੈ। ਇਸੇ ਕਾਰਨ ਹੀ ਉਹ ਲਿਖਦਾ ਹੈ ਕਿ

ਨਾ ਕੋ ਵੈਰੀ ਰਿਹਾ ਨਾ ਮਿੱਤਰ, ਸਾਰੇ ਮੈਨੂੰ ਆਪਣੇ ਵਿੱਚੋਂ ਜਾਪੇ

ਉਸ ਦੀਆਂ ਕਾਵਿ ਰਚਨਾਵਾਂ ਸੰਬੰਧੀ ਜਾਣਕਾਰੀ ਇਸ ਤਰ੍ਹਾਂ ਹੈ :-"ਕੱਤਕ ਕੂੰਜਾਂ (19941), "ਪਾਪ ਦੇ ਸੋਹਿਲੇ (1942), 'ਰਕਤ ਬੂੰਦਾਂ, ਰਾਗ ਰਿਸ਼ਮਾਂ (1946), 'ਆਦਿ ਜੁਗਾਦ (1958) ਤੇ ਸਰਬ ਕਲਾ।

ਪਿਆਰ ਦੇ ਫਲਸਫੇ ਸੰਬੰਧੀ ਚਰਚਾ ਕਰਦਾ ਹੋਇਆ ਸਫੀਰ ਕਦੇ ਪਿਆਰ ਨੂੰ ਮਾਨਣਾ ਚਾਹੁੰਦਾ ਹੈ ਤੇ ਕਦੇ ਹੁਣ ਦੇ ਪਿਆਰ ਦੀ ਤੁਲਨਾ ਮੱਧਕਾਲ ਵਿਚਲੀ ਸੱਚੀ ਤੇ ਸੁੱਚੀ ਪ੍ਰੀਤ ਨਾਲ ਕਰਦਾ ਹੈ :

ਦਿਲ ਅੰਦਰ ਦੀਏ ਰਾਜ ਰਾਣੀਏ ਲਾ, ਬਾਹਾਂ ਤੋਂ ਰਹੁ ਨਾ ਦੂਰ ਨੀ
ਏਸ ਤਰਾਂ ਦਾ ਜੀਣ ਅਸਾਨੂੰ , ਪਲ ਭਰ ਨਾ ਮਨਜ਼ੂਰ ਨੀ।

ਪਿਆਰ ਦੇ ਸਿਧਾਂਤ ਸੰਬੰਧੀ ਚਰਚਾ ਕਰਦਾ ਹੋਇਆ ਸਫੀਰ ਆਧੁਨਿਕ ਸਮੇਂ ਦੇ ਪਿਆਰ ਨੂੰ ਸਿਰਫ਼ ਕੁਝ ਸਮੇਂ ਦਾ ਜਨੂਨ ਹੀ ਸਮਝਦਾ ਹੈ। ਮੱਧਕਾਲੀ ਸਮੇਂ ਦੇ ਪਿਆਰ ਨੂੰ ਯਾਦ ਕਰਦਾ ਹੋਇਆ ਆਧੁਨਿਕ ਸਮੇਂ ਵਿੱਚ ਹੋ ਰਹੀ ਬੇਵਫ਼ਾਈ ਸੰਬੰਧੀ ਜ਼ਿਕਰ ਕਰਦਾ ਲਿਖਦਾ ਹੈ ਪਰ ਸਫੀਰ ਦੀ ਕਵਿਤਾ ਵਿਚਲੀ ਮੁਖ ਸੁਰ ਪ੍ਰਗਤੀਵਾਦ ਨਾਲ ਜਾ ਜੁੜਦੀ ਹੈ। ਸਮਾਜਵਾਦ ਦੀ ਉਡੀਕ ਕਰਦਾ ਹੋਇਆ ਉਹ ਯਕੀਨ ਰੱਖਦਾ ਹੈ ਕਿ ਸਮਾਜਵਾਦ ਦੇ ਸਥਾਪਤ ਹੋਣ ਨਾਲ ਪੂੰਜੀਵਾਦੀਆਂ ਦੀ ਲੁੱਟ-ਖਸੁੱਟ ਖ਼ਤਮ ਹੋ ਜਾਵੇਗੀ। ਮਿਹਨਤੀ ਵਿਅਕਤੀਆਂ ਨੂੰ ਆਪਣੀ ਕਿਰਤ ਦੀ ਸਹੀ ਕੀਮਤ ਮਿਲੇਗੀ। ਕਿਸੇ ਮਜ਼ਦੂਰ ਨੂੰ ਪੂੰਜੀਪਤੀਆਂ ਅੱਗੇ ਮਿਹਨਤ ਦਾ ਮੁੱਲ ਲੈਣ ਲਈ ਹੱਥ ਨਹੀਂ ਅੱਡਣੇ ਪੈਣਗੇ।

ਨਾ ਕੋਈ ਨੌਕਰ ਹੋਵੇਗਾ ਤੇ ਨਾ ਮਾਲਕ , ਸਭ ਬਰਾਬਰ ਹੋਣਗੇ। ਅਜਿਹੇ ਵਿਚਾਰਾਂ ਨਾਲ ਓਤਪ੍ਰੋਤ ਉਸ ਦੀਆਂ ਕਵਿਤਾਵਾਂ ਹੇਠ ਲਿਖੇ ਅਨੁਸਾਰ ਹਨ :

ਟੁੱਟ ਜਾਵਣ ਕੈਦਾਂ ਹੱਦਬੰਦੀਆਂ
ਵੰਡ ਰਹੇ ਨਾ ਕਾਣੀ
ਹਰ ਇਕ ਬੰਦਾ ਸ਼ਾਹ ਦੁਨੀਆਂ ਦਾ
ਹਰ ਇਕ ਤੀਵੀਂ ਰਾਣੀ।

ਇੰਝ ਉਹ ਉੱਪਰ ਲਿਖੇ ਵਿਚਾਰਾਂ ਨੂੰ ਬੜੇ ਹੀ ਰੌਚਿਕ ਢੰਗ ਨਾਲ ਪੇਸ਼ ਕਰਦਾ ਹੈ। ਪਰ ਕਈ ਜਗਾ ਆਪਣੇ ਵਿਚਾਰ ਸ਼ਬਦਾਂ ਨਾਲੋਂ ਜ਼ਿਆਦਾ ਸੰਕੇਤਾਂ ਤੇ ਚਿੰਨ੍ਹਾਂ ਰਾਹੀਂ ਸਮਝਾ ਜਾਂਦਾ ਹੈ।

**ਅਵਤਾਰ ਸਿੰਘ ਆਜ਼ਾਦ** ( 1906 ਈ:-1972 ਈ:) ਅਵਤਾਰ ਸਿੰਘ ਆਜ਼ਾਦ ਨੇ ਵੀ ਇਸ ਦੌਰ ਦੇ ਪਹਿਲੇ ਕਵੀਆਂ ਵਾਂਗ ਰੋਮਾਂਸਵਾਦ, ਪ੍ਰਗਤੀਵਾਦ ਤੇ ਯਥਾਰਥਵਾਦ ਦੇ ਪ੍ਰਭਾਵ ਅਧੀਨ ਲਿਖਿਆ। ਪਿਆਰ ਅਨੁਭਵ, ਯਥਾਰਥਕ ਚਿਤਰਨ, ਪ੍ਰਕ੍ਰਿਤੀ ਚਿਤਰਨ, ਸੁੰਦਰਤਾ ਦਾ ਬਿਆਨ, ਦੇਸ਼ ਪ੍ਰਤੀ ਪਿਆਰ ਆਦਿ ਵਿਸ਼ੇ ਉਸ ਦੀ ਕਵਿਤਾ ਦੀ ਜ਼ਿੰਦ ਜਾਨ ਸਨ। ਉਸ ਦੀਆਂ ਕਾਵਿ ਰਚਨਾਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ। 'ਸਵਾਂਤ ਬੂੰਦ' (1938), ਸਾਵਣ ਪੀਘਾਂ (1941), 'ਵਿਸ਼ਵ ਵੇਦਨ' (1941), 'ਕਨਸੋਆ' (1943), 'ਸੋਨ ਸਵੇਰਾ (1945), ਜੀਵਨ ਨਾਦ' , 'ਰਧਾਰਾ' ਆਦਿ। ਮਹਾਂਕਾਵਿ-ਮਰਦ ਅਗੰਮੜਾ' , 'ਵਿਸ਼ਵ ਨੂਰ' , 'ਮਹਾਂਬਲੀ, ਰੱਤ ਦਾ ਕੁੰਗੀ' ਅਤੇ 'ਚੜ੍ਹਦੀ ਕਲਾ ਤੇ ਉਸ ਦੀ ਕਵਿਤਾ ਦੇਸ਼ ਪਿਆਰ ਤੇ ਸਮਾਜਿਕ ਕ੍ਰਾਂਤੀ ਦੇ ਹੱਕ ਵਿੱਚ ਵੀ ਆਵਾਜ਼ ਉਠਾਉਂਦੀ ਹੈ ਤੇ ਨਾਲ ਹੀ ਗਲਤ ਰਾਜਸੀ, ਸਮਕਾਲੀ ਹਾਲਤਾਂ, ਧਾਰਮਿਕ ਫੁੱਟ ਆਦਿ ਦੇ ਵਿਰੁੱਧ ਵੀ ਲਿਖਿਆ। ਉਹ ਪੂੰਜੀ ਦੀ ਕਾਣੀ ਵੰਡ ਦਾ ਵਿਰੋਧ ਕਰਦਾ ਹੈ। ਮਜ਼ਦੂਰਾਂ ਨੂੰ ਵੀ ਉਹਨਾਂ ਦਾ ਬਣਦਾ ਹੱਕ ਦੇਣ ਦੀ ਗੱਲ ਕਰਦਾ ਉਹ ਲਿਖਦਾ ਹੈ ਕਿ :

ਘਰਾਂ ਨੂੰ ਜਾ ਰਹੇ ਨੇ ਮਜ਼ਦੂਰ,
ਦਿਨ ਭਰ ਮਸ਼ੀਨਾਂ ਨਾਲ ਘੁਲ ਕੇ,
ਚੰਦ ਟਕਿਆਂ ਲਈ ਰੱਤ ਸੁਕਾ ਕੇ,

1947 ਦੀ ਵੰਡ ਨਾਲ ਕਵੀ ਦਾ ਮਨ ਕੁਰਲਾ ਉੱਠਿਆ। ਅਜਿਹੇ ਦਰਦਨਾਕ ਦ੍ਰਿਸ਼ ਨੂੰ ਦੇਖ ਕੇ ਉਸ ਨੇ ਵੰਡ ਦੇ ਸੰਤਾਪ ਨੂੰ ਵੀ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕੀਤਾ। ਕਵੀ ਨੂੰ ਇਸ ਗੱਲ ਦਾ ਵੀ ਦੁੱਖ ਹੈ ਕਿ ਆਜ਼ਾਦੀ ਮਿਲਣ ਤੋਂ ਬਾਅਦ ਵੀ ਸਾਧਾਰਨ ਇਨਸਾਨ ਨੂੰ ਕੋਈ ਨਫ਼ਾ ਨਹੀਂ ਹੋਇਆ। ਰੂਪਕ ਪੱਖੋਂ ਕਿਹਾ ਜਾ ਸਕਦਾ ਹੈ ਕਿ ਆਜ਼ਾਦ ਨੇ ਆਪਣੀਆਂ ਕਵਿਤਾਵਾਂ ਵਿੱਚ ਕਈ ਪ੍ਰਕਾਰ ਦੇ ਛੰਦ ਵਰਤੇ, ਆਪਣੀ ਕਵਿਤਾ ਨੂੰ ਸੁੰਦਰ ਅਲੰਕਾਰਾਂ ਤੇ ਰੌਚਿਕ ਰਸਾਂ ਨਾਲ ਸਜਾਇਆ। ਅਵਤਾਰ ਸਿੰਘ ਆਜ਼ਾਦ ਤੋਂ ਬਾਅਦ ਪਿਆਰਾ ਸਿੰਘ ਸਹਿਰਾਈ, ਸੰਤੋਖ ਸਿੰਘ ਧੀਰ, ਦੇਵਿੰਦਰ ਸਤਿਆਰਥੀ ਵੀ ਇਸੇ ਦੌਰ ਦੇ ਕਵੀ ਹਨ।

**ਤੀਸਰਾ ਦੌਰ**-ਦੂਜੇ ਦੌਰ ਵਿੱਚ ਰੋਮਾਂਸਵਾਦ ਤੇ ਪ੍ਰਗਤੀਵਾਦ ਹੀ ਪ੍ਰਧਾਨ ਵਿਸ਼ੇ ਰਹੇ ਪਰ ਇਹਨਾਂ ਤੋਂ ਪਿੱਛੋਂ ਤੀਸਰੇ ਦੌਰ ਵਿੱਚ ਪ੍ਰਯੋਗਸ਼ੀਲ ਕਾਵਿਧਾਰਾ ਦਾ ਜਨਮ ਹੋਇਆ। ਜਸਵੀਰ ਸਿੰਘ ਆਹਲੂਵਾਲੀਆ ਅਤੇ ਹੋਰ ਪ੍ਰਯੋਗਸ਼ੀਲ ਕਵੀਆਂ ਦਾ ਵਿਚਾਰ ਹੈ ਕਿ ਉਹ ਪ੍ਰਗਤੀਵਾਦ ਉੱਤੇ ਚੜ੍ਹੀ ਰੋਮਾਂਸਵਾਦ ਦੀ ਪਾਣ ਨੂੰ ਉਤਾਰਨਾ ਚਾਹੁੰਦੇ ਹਨ। ਪ੍ਰਯੋਗਸ਼ੀਲ ਕਵੀਆਂ ਨੇ ਜ਼ਿੰਦਗੀ ਵਿਚਲੇ ਸੱਚ ਨੂੰ ਨਵੇਂ ਤਰੀਕੇ ਨਾਲ ਪੇਸ਼ ਕੀਤਾ। ਪ੍ਰਯੋਗ ਵਾਦ ਅਨੁਸਾਰ ਕਿਸੇ ਵਸਤੂ ਦੀ ਕੋਈ ਪਰੰਪਰਾ ਨਹੀਂ ਇਸ ਲਈ ਸਾਹਿਤ ਵੀ ਪ੍ਰਰੰਪਰਾ ਤੋਂ ਮੁਕਤ ਹੈ। ਮਨੁੱਖ ਇਸ ਸੰਸਾਰ ਵਿੱਚ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਿਹਾ ਹੈ। ਪ੍ਰਯੋਗਵਾਦੀ ਵਿਚਾਰਧਾਰਾ ਦੇ ਨਾਲ-ਨਾਲ ਇਸ ਦੌਰ ਵਿੱਚ ਸੁਹਜਵਾਦੀ ਤੇ ਅਸਤਿਤ੍ਵਵਾਦੀ ਵਿਚਾਰ ਵੀ ਸਾਹਮਣੇ ਆਏ। ਇਸ ਸਮੇਂ ਦੇ ਪ੍ਰਮੁੱਖ ਕਵੀ ਜਸਵੀਰ ਸਿੰਘ ਆਹਲੂਵਾਲੀਆ, ਸ਼ਿਵ ਕੁਮਾਰ ਬਟਾਲਵੀ, ਜਸਵੰਤ ਸਿੰਘ ਨੇਕੀ, ਮੀਸ਼ਾ, ਜਗਤਾਰ, ਰਣਧੀਰ ਸਿੰਘ ਚੰਦ, ਸਾਧੂ ਸਿੰਘ ਹਮਦਰਦ ਆਦਿ ਰਹੇ ਜਿਹਨਾਂ ਵਿੱਚੋਂ ਕੁਝ ਇਕ ਸੰਬੰਧੀ ਵਿਸਥਾਰਪੂਰਵਕ ਚਰਚਾ ਹੇਠ ਲਿਖੇ ਅਨੁਸਾਰ ਹੈ

**ਡਾ: ਹਰਿਭਜਨ ਸਿੰਘ** : ਹਰਿਭਜਨ ਸਿੰਘ ਦਾ ਕਾਵਿ ਸਿਰਜਣਾ ਵਿੱਚ ਇਕ ਵਿਸ਼ੇਸ਼ ਸਥਾਨ ਹੈ। ਉਸ ਨੇ ਰੁਮਾਂਸਵਾਦ, ਪ੍ਰਯੋਗਵਾਦ ਅਤੇ ਸੁਹਜਵਾਦ ਦੇ ਅਸਰ ਅਧੀਨ ਰਚਨਾਵਾਂ ਕੀਤੀਆਂ। ਉਸ ਦੀ ਕਵਿਤਾ ਵਿੱਚ ਭਾਵਾਂ ਤੇ ਵਿਚਾਰਾਂ ਦਾ ਸੁਮੇਲ ਹੈ। ਉਸ ਨੇ ਜ਼ਿਆਦਾ ਕਵਿਤਾਵਾਂ ਸੁਹਜਵਾਦ ਦੇ ਪ੍ਰਭਾਵ ਅਧੀਨ ਲਿਖੀਆਂ। ਉਸ ਦੀਆਂ ਰਚਨਾਵਾਂ ਸੰਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹਨ : 'ਲਾਸ਼ਾਂ' (1955), "ਅਧਰੈਣੀ (1962), 'ਨਾ ਧੁੱਪੇ ਨਾ ਛਾਵੇਂ (1967), "ਸੜਕ ਦੇ ਸਫੇ ਉਤੇ (1970), ਮੇਰੀ ਬੋਲੀ ਤੇਰੇ ਬੋਲ (ਅਨੁਵਾਦ)।

ਹਰਿਭਜਨ ਸਿੰਘ ਨੇ ਆਪਣੀ ਕਾਵਿ ਯਾਤਰਾ ਗੀਤਾਂ ਰਾਹੀਂ ਆਰੰਭ ਕੀਤੀ। ਉਸ ਅਨੁਸਾਰ ਕਾਵਿ ਦੀ ਸਿਰਜਣਾ ਅਤੇ ਸਮਝ ਲਈ ਸੰਵੇਦਨਸ਼ੀਲਤਾ ਦਾ ਹੋਣਾ ਜ਼ਰੂਰੀ ਹੈ। 1947 ਦੀ ਦੇਸ਼ ਵੰਡ ਦਾ ਕਵੀ ਦੀ ਮਾਨਸਿਕਤਾ ਤੇ ਗਹਿਰਾ ਅਸਰ ਪਿਆ, ਉਸ ਸਮੇਂ ਹਰ ਪਾਸੇ ਹੋਈ ਤਬਾਹੀ ਸੰਬੰਧੀ ਲਿਖਦਾ ਹੈ ਕਿ :

ਸੈਂ ਜਾ ਮੇਰੇ ਮਾਲਕਾ ਵਰਾਨ ਹੋਈ ਰਾਤ। ਸੈਂ ਜਾ ਮੇਰੇ ਮਾਲਕਾ ਵੇ ਵਰਤਿਆ ਹਨੇਰ।
ਵੇ ਕਾਲਖਾਂ 'ਚ ਤਾਰਿਆਂ ਦੀ ਡੁੱਬ ਗਈ ਸਵੇਰ। ਵੇ ਪਸਰੀ ਜਹਾਨ ਉੱਤੇ ਮੌਤ ਦੀ ਹਵਾੜ।

ਹਰਿਭਜਨ ਸਿੰਘ ਦੀਆਂ ਰਚਨਾਵਾਂ ਵਿੱਚੋਂ ਰੁਮਾਂਸਵਾਦ ਅਤੇ ਸੁਹਜਵਾਦ ਦੇ ਦਰਸ਼ਨ ਸਹਿਜੇ ਹੀ ਕੀਤੇ ਜਾ ਸਕਦੇ ਹਨ। ਉਸ ਨੇ ਪਿਆਰ, ਬਿਰਹਾ, ਮਿਲਾਪ ਦੀ ਘੜੀ ਆਦਿ ਵਿਸ਼ਿਆਂ ਨੂੰ ਵੀ ਆਪਣੀਆਂ ਕਵਿਤਾਵਾਂ ਵਿੱਚ ਪ੍ਰਮੁੱਖ ਸਥਾਨ ਦਿੱਤਾ। ਉਸ ਦੀਆਂ ਰੁਮਾਂਸਵਾਦ ਨਾਲ ਸੰਬੰਧਿਤ ਕਵਿਤਾਵਾਂ ਇਸ ਤਰ੍ਹਾਂ ਹਨ :

ਇੰਝ ਹਰਿਭਜਨ ਸਿੰਘ ਨੇ ਆਪਣੀਆਂ ਕਵਿਤਾਵਾਂ ਵਿੱਚ ਸੁਹਜਵਾਦ, ਰੁਮਾਂਸਵਾਦ, ਪ੍ਰਯੋਗਵਾਦ ਆਦਿ ਸੰਬੰਧੀ ਲਿਖਿਆ ਉਸ ਨੇ ਆਪਣੀਆਂ ਕਵਿਤਾਵਾਂ ਦੀ ਸੁੰਦਰਤਾ ਨੂੰ ਵਧਾਉਣ ਲਈ ਬਿੰਬ, ਅਲੰਕਾਰ, ਪ੍ਰਤੀਕ ਆਦਿ ਢੁਕਵੇਂ ਵਰਤੇ ਹਨ।

**ਸ਼ਿਵ ਕੁਮਾਰ** ਸ਼ਿਵ ਕੁਮਾਰ ਪੰਜਾਬੀ ਸਾਹਿਤ ਦਾ ਇਕ ਅਜਿਹਾ ਅਨਮੋਲ ਹੀਰਾ ਹੈ ਜਿਸ ਨੇ ਬਹੁਤ ਘੱਟ ਸਮੇਂ ਵਿੱਚ ਵਿਸ਼ਵ ਪੱਧਰ ਤੱਕ ਪ੍ਰਸਿੱਧੀ ਹਾਸਲ ਕੀਤੀ। ਸ਼ਿਵ ਨੂੰ ਬਿਰਹਾ ਦਾ ਕਵੀ ਵੀ ਕਿਹਾ ਜਾਂਦਾ ਹੈ। ਉਸ ਦੀਆਂ ਕਾਵਿ ਰਚਨਾਵਾਂ ਦਾ ਪ੍ਰਧਾਨ ਵਿਸ਼ਾ ਕਰੁਣਾ, ਦੁਖ ਤੇ ਬਿਰਹਾ ਹੀ ਰਿਹਾ ਹੈ। ਮਿਥਿਹਾਸਕ ਸ਼ਿਵ ਵਾਂਗ ਆਧੁਨਿਕ ਸਮੇਂ ਦਾ ਇਹ ਸ਼ਿਵ ਵੀ ਜ਼ਿੰਦਗੀ ਵਿਚਲੇ ਬਿਰਹਾ ਰੂਪੀ ਜ਼ਹਿਰ ਨੂੰ ਪੀ ਲੈਂਦਾ ਹੈ। ਉਸ ਦੀਆਂ ਕਵਿਤਾਵਾਂ ਵਿੱਚ ਕਰੁਣਾ ਰਸ ਦੀ ਐਨੀ ਭਰਮਾਰ ਹੈ ਕਿ ਕਵਿਤਾ ਦੀ ਇਕ ਇਕ ਸਤਰ ਵੈਣ ਪਾਉਂਦੀ ਲੱਗਦੀ ਹੈ। ਸ਼ਿਵ ਦੀ ਕਵਿਤਾ ਦਾ ਵਿਸ਼ਾ ਸਿਰਫ਼ ਬਿਰਹਾ ਤੱਕ ਹੀ ਸੀਮਿਤ ਨਹੀਂ ਰਹਿੰਦਾ ਸਗੋਂ ਇਸਤਰੀ ਦੀ ਹਾਲਤ, ਮਿਲਾਪ ਦੇ ਗੀਤ, ਨਵੇਂ ਪ੍ਰਯੋਗ ਵੀ ਉਸ ਦੀ ਕਵਿਤਾ ਵਿੱਚ ਸ਼ਾਮਿਲ ਹਨ। ਉਸ ਦੀਆਂ ਰਚਨਾਵਾਂ ਸੰਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ ਲੂਣਾਂ, "ਪੀੜਾਂ ਦਾ ਪਰਾਗਾ' , 'ਆਟੇ ਦੀਆਂ ਚਿੜੀਆਂ, ਲਾਜਵੰਤੀ' , 'ਮੈਨੂੰ ਵਿਦਾ ਕਰੋ' , 'ਬਿਰਹਾ ਤੂੰ ਸੁਲਤਾਨ' , 'ਦਰਦ ਮੰਦਾਂ ਦੀਆਂ ਆਹਾਂ' , 'ਆਰਤੀ' ਅਤੇ 'ਮੈਂ ਤੇ ਮੈਂ ਆਦਿ। ਸ਼ਿਵ ਨੇ ਆਪਣੀਆਂ ਰਚਨਾਵਾਂ ਵਿੱਚ ਨਿੱਜੀ ਪਿਆਰ ਦੀ ਅਸਫਲਤਾ ਨੂੰ ਪੇਸ਼ ਕੀਤਾ। ਉਸ ਦਾ ਇਸ਼ਕ ਨਿੱਕੀ ਉਮਰੇ ਹੀ ਤਬਾਹ ਹੋ ਗਿਆ ਤੇ ਜਿਸ ਤੋਂ ਉਪਜਿਆ ਵਿਛੋੜਾ ਉਸ ਦਾ ਜਨਮਾਂ ਦਾ ਸਾਥੀ ਬਣ ਗਿਆ। ਉਸ ਨੂੰ ਆਪਣੇ ਪਿਆਰ ਰੂਪੀ ਬਾਗ ਦੇ ਉਜੜਨ ਤੇ ਅਜਿਹੇ ਫਟ ਮਿਲੇ ਜੋ ਥੋੜੀ ਜਿਹੀ ਹਰਕਤ ਨਾਲ ਵੀ ਦੁਖਦੇ ਹਨ ਤੇ ਪੂਰੇ ਸੰਸਾਰ ਵਿੱਚ ਇਸ ਬਿਰਹਾ ਦੀ ਕੋਈ ਦਵਾ ਉਸ ਨੂੰ ਪ੍ਰਾਪਤ ਨਹੀਂ ਹੁੰਦੀ। "ਵੀਹਵੀਂ ਸਦੀ ਦੇ ਪਿਛਲੇਰੇ ਅੱਧ ਦਾ ਆਪਣੇ ਸੋਗੀ ਰੰਗ ਦਾ ਸ਼੍ਰੋਮਣੀ ਕਵੀ ਜੋ ਕੋਈ ਅਖਵਾਇਆ ਜਾ ਸਕੇਗਾ ਤਾਂ ਉਹ ਸ਼ਿਵ ਤੇ ਕੇਵਲ ਸ਼ਿਵ ਹੈ। ਜਿਥੋਂ ਤੱਕ ਕਾਵਿ-ਸਮਗਰੀ ਦਾ ਸਬੰਧ ਹੈ। ਉਹ ਅਧਿਓਂ ਵੱਧ ਬਿਰਹਾ ਵਿਛੋੜੇ ਦੀ ਹੈ। ਉਸ ਦਾ ਮਨ-ਭਾਉਂਦਾ ਵਿਸ਼ਾ ਪ੍ਰੇਮ ਅਤੇ ਕਰੁਣਾ ਰਸ ਹੈ। ਸ਼ਿਵ ਦੀ ਕਵਿਤਾ ਵਿਚਲੀ ਬਿਰਹਾ ਸੰਬੰਧੀ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ :

ਮਾਏ ! ਨੀ ਮਾਏ! ਮੈਂ ਸ਼ਿਕਰਾ ਯਾਰ ਬਣਾਇਆ

ਚੂਰੀ ਕੁੱਟਾਂ ਤੇ ਉਹ ਖਾਂਦਾ ਨਾਹੀਂ,
ਉਹਨੂੰ ਦਿਲ ਦਾ ਮਾਸ ਖਵਾਇਆ ।
ਇਕ ਉਡਾਰੀ ਐਸੀ ਮਾਰੀ ।
ਉਹ ਮੁੜ ਵਤਨੀਂ ਨਾ ਆਇਆ।

ਸ਼ਿਵ ਨੂੰ ਇਸ ਵਿਸ਼ੇ ਕਾਰਨ ਪੰਜਾਬੀ ਦਾ 'ਕੀਟਸ ਵੀ ਕਿਹਾ ਜਾਂਦਾ ਹੈ ਪਰ ਉਸ ਨੇ ਬਿਰਹਾ ਤੋਂ ਬਿਨਾਂ ਔਰਤ ਦੀ ਸਥਿਤੀ ਸੰਬੰਧੀ ਵੀ ਕਾਫ਼ੀ ਕੁੱਝ ਲਿਖਿਆ। ਉਸ ਨੇ ਔਰਤ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਇਸ ਮਰਦ ਪ੍ਰਧਾਨ ਸਮਾਜ ਵਿੱਚ ਉਹ ਦੀ ਅਹਿਮੀਅਤ ਬਾਰੇ ਦੱਸਦਾ ਹੋਇਆ ਇਕ ਸ਼ਕਤੀ ਦੇ ਰੂਪ ਵਿੱਚ ਪੇਸ਼ ਕਰਦਾ ਕੇ ਜੋ ਮਰਦ ਦੇ ਜ਼ੁਲਮਾਂ ਕਾਰਨ ਖ਼ਤਮ ਹੁੰਦੀ ਜਾ ਰਹੀ ਹੈ। ਗ਼ਰੀਬ ਆਦਮੀ ਆਰਥਿਕ ਬੜਾਂ ਕਾਰਨ ਆਪਣੀਆਂ ਜਵਾਨ ਕੁੜੀਆਂ ਬੁੱਢਿਆਂ ਨਾਲ ਵਿਆਹ ਦਿੰਦੇ ਹਨ।ਸ਼ਿਵ ਕੁਮਾਰ ਨੇ ਵੇਖਿਆ ਕਿ ਇਸਤਰੀ ਵਿਰੁੱਧ ਬੜਾ ਘੋਰ ਅਨਿਆਂ ਇਹ ਹੈ ਕਿ ਉਸ ਨੂੰ ਵਡੇਰੀ ਉਮਰ ਦੇ ਮਰਦ ਨਾਲ ਵਿਆਹ ਦਿੱਤਾ ਜਾਂਦਾ ਹੈ। ਔਰਤ ਆਪਣੇ ਸਰੀਰ ਦੀ ਕੋਈ ਕੀਮਤ ਨਹੀਂ ਹੁੰਦੀ। ਉਹ ਤਾਂ ਕੇਵਲ ਆਪਣੇ ਹਾਣ ਦਾ ਸਾਥੀ ਚਾਹੁੰਦੀ ਹੈ ਤੇ ਉਸ ਤੋਂ ਉਹ ਆਪਣਾ ਸਭ ਕੁਝ ਨਿਛਾਵਰ ਕਰਨ ਲਈ ਤਤਪਰ ਰਹਿੰਦੀ ਹੈ। ਔਰਤ ਦੀ ਤਾਸਦਿਕ ਹਾਲਤ ਨੂੰ ਦੇਖਦਿਆਂ ਹੀ ਸ਼ਿਵ ਨੇ "ਲੂਣਾਂ ਦੀ ਰਚਨਾ ਕੀਤੀ। ਔਰਤ ਦੀ ਸਥਿਤੀ ਨਾਲ ਸੰਬੰਧਿਤ ਉਸ ਦੀਆਂ ਕਵਿਤਾਵਾਂ 'ਚੋਂ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ :-)

ਸ਼ਿਵ ਨੇ ਬਿਰਹਾ, ਇਸਤਰੀ ਦੀ ਸਥਿਤੀ, ਦੇਸ਼ ਪਿਆਰ, ਪ੍ਰਯੋਗਵਾਦੀ ਆਦਿ ਵਿਸ਼ੇ ਲੈ ਕੇ ਪ੍ਰਸਿੱਧੀ ਪ੍ਰਾਪਤ ਕੀਤੀ। ਸ਼ਿਵ ਪਿੰਡ ਦਾ ਰਹਿਣ ਵਾਲਾ ਸੀ। ਇਸੇ ਕਾਰਨ ਉਸ ਨੇ ਆਪਣੀਆਂ ਰਚਨਾਵਾਂ ਵਿੱਚ ਠੇਠ ਪੰਜਾਬੀ ਦੀ ਵਰਤੋਂ ਕੀਤੀ। ਸ਼ਿਵ ਨੇ ਥੋੜੇ ਸਮੇਂ ਵਿੱਚ ਹੀ ਕਾਫ਼ੀ ਪ੍ਰਸਿੱਧੀ ਪ੍ਰਾਪਤ ਕੀਤੀ ਜਿਸ ਕਾਰਨ ਪੰਜਾਬ ਕਾਵਿ ਜਗਤ ਵਿੱਚ ਉਸ ਦਾ ਨਾਂ ਹਮੇਸ਼ਾ ਅਮਰ ਰਹੇਗਾ।

**ਜਗਤਾਰ :** ਇਸ ਦੌਰ ਦੇ ਪ੍ਰਮੁੱਖ ਕਵੀਆਂ ਵਿੱਚ ਜਗਤਾਰ ਦਾ ਨਾਂ ਵੀ ਆਉਂਦਾ ਹੈ। ਉਸ ਨੇ ਆਪਣੀ ਜ਼ਿੰਦਗੀ ਵਿੱਚ ਕਈ ਉਤਰਾਅ ਚੜ੍ਹਾਅ ਵੇਖੇ ਅਤੇ ਅਨੇਕਾਂ ਹੀ ਮੁਸੀਬਤਾਂ ਦਾ ਸਾਹਮਣਾ ਕੀਤਾ। ਜਗਤਾਰ ਨੇ ਪ੍ਰਯੋਗਵਾਦ, ਪ੍ਰਗਤੀਵਾਦ ਆਦਿ ਧਾਰਾਵਾਂ ਦੇ ਪ੍ਰਭਾਵ ਅਧੀਨ ਲਿਖਣਾ ਸ਼ੁਰੂ ਕੀਤਾ। ਉਸ ਦੀਆਂ ਗ਼ਜ਼ਲਾਂ ਵਿੱਚੋਂ ਸਮਾਜ ਵਿਚਲੇ ਯਥਾਰਥ ਦੀ ਪੇਸ਼ਕਾਰੀ ਹੂ-ਬ-ਹੂ ਕੀਤੀ ਗਈ ਹੈ। ਰਾਜਨੀਤਕ ਤੇ ਸਮਾਜਿਕ ਭ੍ਰਿਸ਼ਟਾਚਾਰ ਤੇ ਸ਼ੋਸ਼ਣ, ਪੀੜਤ ਲੋਕਾਂ ਦਾ ਦਰਦ, ਗਰੀਬ ਵਰਗ ਨਾਲ ਹੁੰਦੀਆਂ ਬੇਇਨਸਾਫ਼ੀਆਂ ਅਤੇ ਹਿੰਸਾ ਆਦਿ ਉਸ ਦੀਆਂ ਗ਼ਜ਼ਲਾਂ ਵਿਚਲੇ ਪ੍ਰਧਾਨ ਵਿਸ਼ੇ ਬਣੇ। ਜਗਤਾਰ ਧਰਮ ਨਿਰਪੱਖਤਾ ਦੀ ਹਾਮੀ ਭਰਦਾ ਹੋਇਆ ਮਾਨਵਵਾਦ ਦਾ ਸਮਰਥਕ ਬਣਦਾ ਹੋਇਆ ਹਿੰਸਾ ਦਾ ਕਰੜਾ ਵਿਰੋਧ ਕਰਦਾ ਹੈ। ਜਗਤਾਰ ਇਕ ਅਜਿਹਾ ਕਵੀ ਹੈ ਜੋ ਪਿਛਲੇ ਕਾਫੀ ਸਮੇਂ ਤੋਂ ਆਧੁਨਿਕ ਪੰਜਾਬੀ-ਕਾਵਿ ਦੇ ਖੇਤਰ ਵਿੱਚ ਕ੍ਰਿਆਸ਼ੀਲ ਹੈ। ਉਸ ਨੇ ਆਧੁਨਿਕ ਪੰਜਾਬੀ ਕਵਿਤਾ ਦੇ ਲਗਭਗ ਹਰ ਉਤਰਾਅ-ਚੜ੍ਹਾਅ ਵਿੱਚ ਸ਼ਿਰਕਤ ਕੀਤੀ ਹੈ, ਇਸੇ ਲਈ ਉਸ ਨੇ ਲੋਕਯਾਨਿਕ ਕਾਵਿਕ ਵਿਧੀ ਤੋਂ ਲੈ ਕੇ ਅੱਜ ਦੀ ਆਧੁਨਿਕ ਦ੍ਰਿਸ਼ਟੀ ਤੱਕ ਦਾ ਕਾਵਿ-ਸਫ਼ਰ ਬੜੀ ਮੁਸਤੈਦੀ ਨਾਲ ਤੈਅ ਕੀਤਾ ਹੈ।" 2 ਜਗਤਾਰ ਦੀਆਂ ਕਾਵਿ ਰਚਨਾਵਾਂ ਸੰਬੰਧੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ : ਉ : 'ਰੁੱਤਾਂ ਰਾਂਗਲੀਆਂ (1957), "ਤਲਖੀਆਂ ਰੰਗੀਨੀਆਂ' (1960), 'ਦੁੱਧ-ਪੱਥਰੀ (1961), ਅਧੂਰਾ ਆਦਮੀ (1967), 'ਲਹੂ ਦੇ ਨਕਸ਼' (1973), 'ਛਾਂਗਿਆ ਰੱਖ (1976), "ਸ਼ੀਸ਼ੇ ਦਾ ਜੰਗਲ (1980), 'ਜਜ਼ੀਰਿਆਂ ਵਿੱਚ ਘਿਰਿਆ ਸਮੁੰਦਰ' (1985). 'ਚਨੁਕਰੀ ਸ਼ਾਮ (1990), 'ਜੁਗਨੂੰ ਦੀਵਾ ਤੇ ਦਰਿਆ' (1992), ਅੱਖਾਂ ਵਾਲੀਆਂ ਪੈੜਾਂ (1999).

ਸ਼ੁਰੂ ਵਿੱਚ ਜਗਤਾਰ ਨੇ ਰੁਮਾਂਟਿਕ ਪ੍ਰਵਿਰਤੀ ਅਧੀਨ ਲਿਖਿਆ। ਇਸ ਵਿਚਾਰਧਾਰਾ ਦਾ ਪ੍ਰਭਾਵ ਕਬੂਲਦੇ ਹੋਏ ਪਿਆਰ ਦੀ ਗੱਲ ਕਰਦਾ ਹੈ ਅਸਲ ਵਿੱਚ ਰੋਮਾਂਟਿਕ ਪ੍ਰਵਿਰਤੀ ਮਨੁੱਖੀ ਮਨ ਦੀ ਮੂਲ ਪ੍ਰਵਿਰਤੀ ਹੈ। ਇਸੇ ਕਾਰਨ ਹਰ ਕਵੀ ਪਹਿਲਾਂ ਪਿਆਰ ਅਨੁਭਵ ਨੂੰ ਹੀ ਪੇਸ਼ ਕਰਦਾ ਹੈ :

ਮੇਰੇ ਦਿਲ ਵਿਚ ਵਸਦਾ ਚੋਰ,
ਫੜਾਂ ਤਾਂ ਫੜ ਨਾ ਹੋਵੇ,
ਆਪੂੰ ਈ ਪੈਂਦਾ ਸ਼ੋਰ।

ਪਰ ਉਸ ਦੀ ਬਹੁਤੀ ਕਵਿਤਾ ਪ੍ਰਗਤੀਵਾਦੀ, ਪ੍ਰਯੋਗਵਾਦੀ, ਜੁਝਾਰ ਵਿਦਰੋਹੀ ਵਿਚਾਰਾਂ ਨਾਲ ਸੰਬੰਧਿਤ ਹੈ। ਉਹ ਮਹਿਸੂਸ ਕਰਦਾ ਹੈ ਕਿ ਹੁਣ ਦੇ ਸਮੇਂ ਵਿੱਚ ਐਨੀ ਤਰੱਕੀ ਕਰਕੇ ਵੀ ਕਈ ਲੋਕ "ਕੀੜਿਆਂ ਦੇ ਭੌਣ ਉਤੇ ਖੜਨ ਵਾਲੀ ਸਾਦਾ ਜ਼ਿੰਦਗੀ ਹੰਢਾ ਰਹੇ ਹਨ। ਅਸਲ ਵਿੱਚ ਜਗਤਾਰ ਦੀ ਹਮਦਰਦੀ ਜ਼ਿੰਦਗੀ ਵਿੱਚ ਸੰਘਰਸ਼ ਕਰ ਰਹੇ ਲੋਕਾਂ ਨਾਲ ਹੈ। ਉਹ ਸਮਾਜਿਕ ਸੂਝ-ਬੂਝ ਰੱਖਣ ਵਾਲਾ ਗਜ਼ਲਕਾਰ ਹੈ। ਉਸ ਦੀਆਂ ਗ਼ਜ਼ਲਾਂ ਵਿੱਚ ਸਮਾਜ ਦੇ ਹਰ ਪੱਖ ਦਾ ਵੇਰਵਾ ਹੈ ਤੇ ਨਾਲ ਹੀ ਸਮਾਜਿਕ ਬੇਇਨਸਾਫ਼ੀਆਂ ਦਾ ਜ਼ਿਕਰ ਬੜੀ ਸ਼ਿੱਦਤ ਨਾਲ ਕਰਦਾ ਹੈ। ਜਗਤਾਰ ਦੀਆਂ ਗ਼ਜ਼ਲਾਂ ਵਿੱਚੋਂ ਅਜਿਹੇ ਵਿਚਾਰਾਂ ਦੀਆਂ ਉਦਾਹਰਣ ਹੇਠ ਲਿਖੇ ਅਨੁਸਾਰ ਹਨ

ਹੌਸਲਾ ਕਰ ਹੰਝੂਆਂ ਖ਼ਾਕ ਨਾ ਕਰ, ਧੀਰ ਧਰ।
ਨਾ ਪਿਘਲਦੇ ਨੇ ਨਾ ਪੱਥਰ ਪਾਟਦੇ, ਆਹਾਂ ਦੇ ਨਾਲ।

ਜਗਤਾਰ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਵਿਤਕਰੇ ਤੋਂ ਉਤਪੰਨ ਹੋਈ ਹਿੰਸਾ ਦੀ ਗੱਲ ਵੀ ਕਰਦਾ ਹੈ। ਉਸ ਨੇ ਪੰਜਾਬ ਦੇ ਸੰਤਾਪ ਉੱਤੇ ਆਧੁਨਿਕ ਮਨੁੱਖ ਦੀ ਨਿਰਾਸ਼ਾ ਉੱਤੇ ਜ਼ਿਆਦਾ ਲਿਖਿਆ ਹੈ। ਪੰਜਾਬ ਦੇ ਹਾਕਮਾਂ ਤੇ ਹੋਰ ਫ਼ਿਰਕੂ ਲੋਕਾਂ ਦੁਆਰਾ ਫੈਲਾਈ ਹਿੰਸਾ ਨੂੰ ਵੀ ਉਹ ਆਪਣੀਆਂ ਰਚਨਾਵਾਂ ਵਿੱਚ ਵਿਸ਼ੇਸ਼ ਥਾਂ ਦਿੰਦਾ ਹੈ। ਜਾਂ ਅਨੁਸਾਰ ਅੱਜ ਦੇ ਇਸ ਯੁੱਗ ਵਿੱਚ ਕਿਸੇ ਤੇ ਵੀ ਇਤਬਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਪਤਾ ਨਹੀਂ ਕੌਣ ਸਾਡੇ ਨਾਲ ਦੁਸ਼ਮਣੀ ਕੱਢ ਜਾਵੇ ਅਜਿਹੇ ਵਿਚਾਰਾਂ ਸੰਬੰਧੀ ਕੁਝ ਸ਼ੇਅਰ ਹੇਠ ਲਿਖੇ ਅਨੁਸਾਰ ਹਨ :

ਹਰ ਮੋੜ ਤੇ ਸਲੀਬਾ, ਹਰ ਪੈਰ ਤੇ ਹਨੇਰਾ
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਵੇਖ ਜੇਰਾ

ਪੱਥਰ ਤੇ ਨਕਸ਼ ਹਾਂ ਮੈਂ ਮਿੱਟੀ ਤੇ ਤਾਂ ਨਹੀਂ ਹਾਂ।
ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ

ਜਗਤਾਰ ਧਰਮ ਨਿਰਪੇਖਤਾ ਦੀ ਹਾਮੀ ਭਰਦਾ ਹੋਇਆ ਮਾਨਵਵਾਦ ਦਾ ਸਮਰੱਥਕ ਬਣਦਾ ਹੈ ਤੇ ਹਿੰਸਾ ਦਾ ਕਰੜਾ ਵਿਰੋਧ ਕਰਦਾ ਹੋਇਆ ਸਮੁੱਚੇ ਸੰਸਾਰ ਦਾ ਭਲਾ ਮੰਗਦਾ ਹੈ ਜਿਵੇਂ ਇਸ ਤਰ੍ਹਾਂ ਆਧੁਨਿਕ ਮਨੁੱਖ ਦੀਆਂ ਤਕਲੀਫ਼ਾਂ ਤੇ ਦੁੱਖਾਂ ਨੂੰ ਉਸ ਨੇ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ। ਉਹ ਆਧੁਨਿਕ ਯੁਗ ਦਾ ਵਰਣਨ ਕਰਦਾ ਹੋਇਆ ਕਹਿੰਦਾ ਹੈ ਕਿ ਭਾਵੇਂ ਸਮੁੱਚੇ ਸੰਸਾਰ ਨੇ ਹਰ ਪੱਖੋਂ ਤਰੱਕੀ ਕਰ ਲਈ ਪਰ ਸੰਵੇਦਨਸ਼ੀਲ ਇਨਸਾਨ ਸੰਨ ਨਹੀਂ ਹੈ। ਇਹੀ ਕਾਰਨ ਹੈ ਕਿ ਉਸ ਨੇ ਇਹਨਾਂ ਲੋਕਾਂ ਦੇ ਦੁੱਖਾਂ ਨੂੰ ਜ਼ੁਬਾਨ ਦਿੱਤੀ।

**ਸੁਰਜੀਤ ਪਾਤਰ** : ਸੁਰਜੀਤ ਪਾਤਰ ਪੰਜਾਬੀ ਦਾ ਇਕ ਪ੍ਰਸਿੱਧ ਆਧੁਨਿਕ ਕਵੀ ਹੈ। ਭਾਵੇਂ ਉਸ ਨੇ ਨਜ਼ਮਾਂ ਵੀ ਲਿਖੀਆਂ, ਗੀਤਕ ਕਵਿਤਾਵਾਂ ਤੇ ਗੀਤ ਵੀ ਪਰ ਉਸ ਨੂੰ ਵਧੇਰੇ ਸ਼ੋਹਰਤ 'ਗ਼ਜ਼ਲ ਲਿਖਣ ਕਾਰਨ ਮਿਲੀ। ਪਾਤਰ ਨੇ ਯਥਾਰਥਵਾਦ, ਪ੍ਰਗਤੀਵਾਦ ਤੇ ਪ੍ਰਯੋਗਵਾਦ ਆਦਿ ਨੂੰ ਆਧਾਰ ਬਣਾ ਕੇ ਆਪਣੇ ਮਨ ਵਿਚਲੇ ਭਾਵਾਂ ਨੂੰ ਅਭਿਵਿਅਕਤ ਕੀਤਾ। ਉਸ ਦੀਆਂ ਕਾਵਿ ਰਚਨਾਵਾਂ ਸੰਬੰਧੀ ਵਰਣਨ ਹੇਠ ਲਿਖੇ ਅਨੁਸਾਰ ਹਨ। ਹਵਾ ਵਿੱਚ ਲਿਖੇ ਹਰਫ' , 'ਹਨੇਰੇ ਵਿੱਚ ਸੁਲਗਦੀ ਵਰਣਮਾਲਾ, ਲਫਜ਼ਾ ਦੀ ਦਰਗਾਹ, 'ਕੋਲਾਜ਼ ਆਦਿ। ਕਵੀ ਦਾ ਸੰਵੇਦਨਸ਼ੀਲ ਹੋਣਾ ਕਵਿਤਾ ਦੀ ਰਚਨਾ ਸਮੇਂ ਸਭ ਤੋਂ ਜ਼ਰੂਰੀ ਹੈ। ਪਾਤਰ ਅਨੁਸਾਰ ਤਾਂ ਕਵੀ ਦਾ ਦਿਲ ਕੋਮਲਭਾਵੀ ਤੇ ਸੁਹਜਭਾਵੀ ਵੀ ਹੁੰਦਾ ਹੈ। ਉਹ ਤਾਂ ਕਵੀ ਨੂੰ ਫੁੱਲ ਨਾਲੋਂ ਵੀ ਕੋਮਲ ਸਮਝਦਾ ਹੈ।

ਮਿੱਟੀ ਉੱਤੇ ਫੁੱਲ ਉੱਤੇ, ਸ਼ਾਇਰ ਦੇ ਦਿਲ ਤੇ
ਇਕ ਮੋਈ ਤਿੱਤਲੀ ਦਾ ਹੁੰਦਾ, ਵੱਖੋ ਵੱਖਰਾ ਪਿਆਰ।

ਪਾਤਰ ਦੀ ਕਵਿਤਾ ਵਿੱਚ ਮੁਖ ਸੁਰ ਉਦਾਸੀ ਨੂੰ ਵੀ ਕਿਹਾ ਜਾ ਸਕਦਾ ਹੈ। ਉਹ ਸਮਾਜ ਵਿੱਚ ਫੈਲੀ ਕਾਣੀ ਵੰਡ, ਪਿਆਰ ਦਾ ਅਸਫਲ ਹੋਣਾ ਆਦਿ ਨੂੰ ਵੇਖ ਵੇਖ ਉਦਾਸ ਹੋ ਜਾਂਦਾ ਹੈ ਤੇ ਇਹਨਾਂ ਭਾਵਾਂ ਨੂੰ ਲੈ ਕੇ ਹੀ ਇਕ ਸ਼ਾਹਕਾਰ ਰਚਨਾ ਸਿਰਜ ਦਿੰਦਾ ਹੈ। ਪਾਤਰ ਦੀ ਕਵਿਤਾ ਦੀ ਪ੍ਰਧਾਨ ਸੁਰ, ਮੁੱਖ ਵਿਸ਼ਾ ਉਦਾਸੀ ਹੀ ਹੈ। ਇਹੋ ਕਾਰਨ ਹੈ ਕਿ ਕਿਸੇ ਨੇ ਉਸ ਨੂੰ ਉਦਾਸ ਮੌਸਮਾਂ ਦਾ ਗੀਤਾਂ ਆਖਿਆ ਹੈ, ਕਿਸੇ ਨੇ ਤੱਤੀਆਂ ਹਵਾਵਾਂ ਦੇ ਸਮੇਂ ਦਾ ਸ਼ਾਇਰ ਤੇ ਕਿਸੇ 'ਉਦਾਸ ਦਿਨਾਂ ਦਾ ਸ਼ਾਇਰ ਤੇ ਕਿਸੇ 'ਸੰਤਾਪ ਦਾ ਸ਼ਾਇਰ ਕਿਹਾ ਹੈ। ਇਸ ਵਿਸ਼ੇ ਸੰਬੰਧੀ ਪਾਤਰ ਦੀਆਂ ਰਚਨਾਵਾਂ ਵਿੱਚੋਂ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ :

ਸੁੰਨੇ ਸੁੰਨੇ ਰਾਹਾਂ ਵਿੱਚ ਕੋਈ ਕੋਈ ਪੈੜ ਏ, ਬਸ
ਦਿਲ ਹੀ ਉਦਾਸ ਏ ਜੀ ਬਾਕੀ ਸਭ ਖ਼ੈਰ ਏ

ਪਾਤਰ ਨੇ ਸਮਕਾਲੀਨ ਰਾਜਸੀ, ਕਾਨੂੰਨੀ ਹਾਲਤਾਂ ਸੰਬੰਧੀ ਵੀ ਲਿਖਿਆ ਕਿ ਅੱਜ ਦੇ ਸਮੇਂ ਵਿੱਚ ਕਿਸੇ ਨਾਲ ਨਿਆਂ ਨਹੀਂ ਹੁੰਦਾ ਸਗੋਂ ਉਲਟਾ ਕਿਸੇ ਨਾ ਕਿਸੇ ਮੁਸੀਬਤ ਵਿੱਚ ਫਸਾ ਦਿੱਤਾ ਜਾਂਦਾ ਹੈ। ਸਾਡਾ ਮੌਜੂਦਾ ਨਿਆਂ ਪ੍ਰਬੰਧ ਅਮਾਨਵੀ ਵਿਵਹਾਰ ਨੂੰ ਜਨਮ ਦਿੰਦਾ ਹੈ। ਇਸੇ ਕਾਰਣ ਹੀ ਮਨੁੱਖ ਅੰਦਰ ਮਨੁੱਖੀ ਭਾਵਨਾ ਖ਼ਤਮ ਹੋ ਰਹੀ ਹੈ। ਗਲਤ ਨਿਆਂ ਪ੍ਰਬੰਧ ਅਧੀਨ ਝੂਠੇ ਪੁਲਿਸ ਕੇਸ ਬਣਾਏ ਜਾਣ ਦੇ ਡਰੋਂ ਲੋਕ ਮਰ ਰਹੇ। ਵਿਅਕਤੀ ਦੇ ਮੂੰਹ ਵਿੱਚ ਪਾਣੀ ਪਾਉਣ ਤੋਂ ਵੀ ਡਰਦੇ ਹਨ। ਅਜਿਹੀਆਂ ਮੁਸ਼ਕਿਲਾਂ ਨਾਲ ਜੂਝ ਰਹੇ ਪੰਜਾਬ ਦੀ ਤਸਵੀਰ ਪਾਤਰ ਦੀਆਂ ਕਈ ਰਚਨਾਵਾਂ ਵਿੱਚ ਪੇਸ਼ ਕੀਤੀ ਗਈ ਹੈ ਜਿਨ੍ਹਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ।

ਕਿਤੇ ਨਾ ਕਤਲ ਦਾ ਇਲਜ਼ਾਮ ਸਿਰ ਤੇ ਆ ਜਾਵੇ
ਤੜਫਦੀ ਲਾਸ਼ ਰਹੀ ਪਰ ਕਿਸੇ ਨਾ ਹੱਥ ਲਾਇਆ

ਪੰਜਾਬ ਦੇ ਕਈ ਹੋਰ ਕਵੀਆਂ ਵਾਂਗ ਪਾਤਰ ਨੇ ਵੀ ਔਰਤ ਦੀ ਦੁਰਦਸ਼ਾ ਤੇ ਚਾਨਣਾ ਪਾਇਆ ਹੈ ਜੋ ਪਹਿਲਾਂ ਪੇਕੇ ਘਰ ਅਤੇ ਬਾਅਦ ਵਿੱਚ ਸਹੁਰੇ ਘਰ ਸੰਤਾਪ ਭੋਗਦੀ ਹੈ। ''ਪਾਤਰ ਕਾਵਿ ਵਿੱਚ ਇਸਤਰੀ ਮਾਂ, ਮਹਿਬੂਬਾ ਤੇ ਪਤਨੀ ਦੇ ਰੂਪ ਵਿੱਚ ਆਉਂਦੀ ਹੈ ਪਰ ਬਹੁਤੀ ਵਾਰ ਇਹ ਵੇਰਵਾ ਪੀੜ, ਉਦਾਸੀ ਤੇ ਦੁੱਖ ਨਾਲ ਲਬਰੇਜ਼ ਹੁੰਦਾ ਹੈ, ਬੱਸ ਕੇਵਲ ਪਤਨੀ ਤੇ ਬੱਚੇ ਬਾਰੇ ਗੱਲ ਕਰਦਿਆਂ ਉਸ

ਦੀ ਧੁਨ ਖ਼ੁਸ਼ੀ ਤੇ ਖੇੜੇ ਵਿੱਚ ਬਦਲਦੀ ਹੈ।15 ਪਾਤਰ ਦੀਆਂ ਰਚਨਾਵਾਂ ਵਿੱਚ ਔਰਤ ਦੇ ਕਈ ਰੂਪ ਤੇ ਕਈ ਰਿਸ਼ਤੇ ਦਰਸਾਏ ਗਏ ਹਨ ਜਿਵੇਂ ਕਿ :-

ਇੱਕ ਕੈਦ ’ਚੋਂ ਦੂਜੀ ਕੈਦ ’ਚ ਪਹੁੰਚ ਗਈ ਏਂ
ਕੀ ਖੱਟਿਆ ਮਹਿੰਦੀ ਲਾ ਕੇ ਵਟਣਾ ਮਲ ਕੇ।

ਡੋਲੀ ਚੁੱਕ ਲਉ ਕਹਾਰੋ ਮੇਰੀ
ਰੋਂਦਿਆਂ ਨੂੰ ਰੋਣ ਦਿਓ

ਉਪਰੋਕਤ ਵਿਸ਼ਿਆਂ ਤੋਂ ਬਿਨਾਂ ਪਾਤਰ ਨੇ ਪੰਜਾਬ ਪਿਆਰ, ਨਿੱਜੀ ਪਿਆਰ, ਬਿਰਹਾ, ਸੰਯੋਗ ਜ਼ਿੰਦਗੀ ਦੀ ਅਸਫਲਤਾ ਤੇ ਸੰਘਰਸ਼ ਆਦਿ ਸੰਬੰਧੀ ਵੀ ਰਚਨਾਵਾਂ ਕੀਤੀਆਂ। ਸੋ ਪਾਤਰ ਨੇ ਆਪਣੇ ਕਾਵਿ-ਜਗਤ ਵਿੱਚ ਇਹਨਾਂ ਵਿਸ਼ਿਆਂ ਨੂੰ ਬੜੀ ਕਲਾਤਮਿਕਤਾ ਤੇ ਸੁੰਦਰਤਾ ਨਾਲ ਪੇਸ਼ ਕੀਤਾ।

**ਪਾਸ਼ –**ਅਵਤਾਰ ਸਿੰਘ ਪਾਸ਼ ਪੰਜਾਬ ਵਿੱਚ ਚੱਲੀ ਨਕਸਲੀ ਲਹਿਰ ਵਿੱਚੋਂ ਪੈਦਾ ਹੋਈ ਜੁਝਾਰ ਵਿਰ੍ਹਾਂ ਪੰਜਾਬੀ ਕਵਿਤਾ ਦਾ ਮੁੱਖ ਕਵੀ ਰਿਹਾ। ਭਾਵੇਂ ਕਿ ਉਸ ਨੂੰ ਉਮਰ ਬਹੁਤ ਥੋੜੀ ਮਿਲੀ ਪਰ ਨਕਸਲੀ ਲਹਿਰ ਦੇ ਪ੍ਰਭਾਵ ਅਧੀਨ ਉਸ ਨੇ ਪੰਜਾਬੀ ਕਵਿਤਾ ਵਿੱਚ ਨਵੀਂ ਕਿਸਮ ਦੀ ਜੁਝਾਰੂ ਪ੍ਰਵਿਰਤੀ, ਨਵਾਂ ਯਥਾਰਥਬੋਧ, ਨਵੀਂ ਕਿਸਮ ਦੀ ਸਮਾਜਿਕ ਚੇਤਨਾ ਆਦਿ ਨੂੰ ਵਿਸਥਾਰ ਸਹਿਤ ਪੇਸ਼ ਕੀਤਾ। ‘‘ਪਾਸ਼ ਜਿਸ ਵਿਚਾਰਧਾਰਾ ਨਾਲ ਸੰਬੰਧਿਤ ਹੈ ਉਸ ਵਿੱਚ ਜਮਾਤੀ ਸੰਗਰਾਮ ਦੀ ਧਾਰਣਾ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਏਸੇ ਲਈ ਕਵੀ ਸ਼ੋਸ਼ਿਤ ਹੋ ਰਹੇ ਵਰਗ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨ ਉਤੇ ਵਧੇਰੇ ਬਲ ਦਿੰਦਾ ਹੈ। ਪਾਸ਼ ਦੀਆਂ ਕਾਵਿ ਪੁਸਤਕਾਂ “ਉੱਡਦੇ ਬਾਜਾਂ ਮਗਰ, ‘ਸਾਡੇ ਸਮਿਆਂ ਵਿੱਚ, “ਲੜਾਂਗੇ ਸਾਥੀ ਹਨ।

ਪਾਸ਼ ਨੇ ਪੰਜਾਬੀ ਕਵਿਤਾ ਨੂੰ ਉਹਨਾਂ ਲੋਕਾਂ ਨਾਲ ਜੋੜਿਆ ਜੋ ਉਸ ਸਮੇਂ ਅਣਗੌਲੇ ਹੀ ਪਏ ਸਨ। ਗਰੀਬ ਕਿਸਾਨ, ਮਜ਼ਦੂਰ, ਗਰੀਬ ਮੁਟਿਆਰ ਆਦਿ ਦੇ ਭਾਵਾਂ ਨੂੰ ਪਾਸ਼ ਨੇ ਵਕਤ ਦੀ ਆਵਾਜ਼ ਬਣਾ ਕੇ ਪੇਸ਼ ਕੀਤਾ। ਉਸ ਨੇ ਪੰਜਾਬੀ ਜੀਵਨ ਦੇ ਉਸ ਯਥਾਰਥ ਨੂੰ ਸਾਹਮਣੇ ਲਿਆਂਦਾ ਜੋ ਹੁਣ ਤੱਕ ਕਿਧਰੇ ਗੁਆਚਿਆ ਹੀ ਨਜ਼ਰ ਆਉਂਦਾ ਸੀ। ਪਾਸ਼ ਦੀਆਂ ਸਾਧਾਰਣ ਪਾਤਰਾਂ ਦੇ ਦੁੱਖਾਂ ਨੂੰ ਪੇਸ਼ ਕਰਨ ਵਾਲੀਆਂ ਕਵਿਤਾਵਾਂ ਹਨ।

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ।

ਪਾਸ਼ ਦੀ ਕਵਿਤਾ ਵਿੱਚ ਨਵਾਂ ਜੋਸ਼ ਤੇ ਰੋਹ ਨਜ਼ਰ ਆਉਂਦਾ ਹੈ। ਜਿਨ੍ਹਾਂ ਨਾਲ ਉਹ ਆਪਣੇ ਹੱਕਾਂ ਨੂੰ ਹਰ ਹੀਲੇ ਹਾਸਿਲ ਕਰਨਾ ਚਾਹੁੰਦਾ ਹੈ। ਉਹ ਇਤਿਹਾਸਕ, ਮਿਥਿਹਾਸਕ ਪਾਤਰ ਲੈ ਕੇ ਤੇ ਲੋਕ ਸਾਹਿਤ ਵਿੱਚੋਂ ਉਦਾਹਰਣਾਂ ਲੈ ਕੇ ਆਧੁਨਿਕ ਮਨੁੱਖ ਦੀ ਹਾਲਤ ਨੂੰ ਪੇਸ਼ ਕਰਦਾ ਹੈ। ਪਾਸ਼ ਨੇ ਆਪਣੀਆਂ ਕਵਿਤਾਵਾਂ ‘ਚਿੜੀਆਂ ਦਾ ਚੰਬਾ, ਆਦਿ ਲੋਕ ਗੀਤਾਂ ਅਤੇ ਵਿਆਹ ਮੁਕਲਾਵਾ ਆਦਿ ਰਸਮਾਂ ਨੂੰ ਨਵੇਂ ਅਰਥਾਂ ਦਾ ਧਾਰਣੀ ਬਣਾ ਕੇ ਵਰਤਮਾਨ ਜੀਵਨ ਦੇ ਕਰੂਰ ਯਥਾਰਥ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹ ਕਵਿਤਾਵਾਂ ਇਕ ਪਾਸੇ ਤਾਂ ਜ਼ਿੰਦਗੀ ਦੇ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਹਨ, ਦੂਜੇ ਪਾਸੇ ਪੂੰਜੀਵਾਦੀ ਸਮਾਜ ਉੱਪਰ ਵਿਅੰਗ ਕਰਦੀਆਂ ਹਨ।” 27 ਅਜਿਹੇ ਵਿਚਾਰਾਂ ਦੀਆਂ ਕੁਝ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ।

ਚਿੜੀਆਂ ਦਾ ਚੰਬਾ ਉਡ ਕੇ ਕਿਤੇ ਨਹੀਂ ਜਾਵੇਗਾ।
ਐਥੇ ਈ ਕਿਤੇ ਉਰੇ ਪਰੇ ਬੰਨਿਆਂ ਤੋਂ ਘਾਹ ਖੋਤੇਗਾ -
ਤੇ ਰੁੱਖੀਆਂ ਮਿੱਸੀਆਂ ਰੋਟੀਆਂ ਢੋਇਆ ਕਰੇਗਾ।

ਪਾਸ਼ ਨੇ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਗੱਲ ਨੂੰ ਨਵੇਂ ਢੰਗ ਨਾਲ ਆਖਦੇ ਹੋਏ ਪ੍ਰਚਲਿਤ ਧਾਰਨਾਵਾਂ ਨੂੰ ਉਲਟਾਇਆ ਹੈ ਇਸ ਨਾਲ ਉਸ ਦੀ ਕਵਿਤਾ ਵਿੱਚ ਨਵੀਨਤਾ ਤੇ ਪਰੰਪਰਾ ਨੂੰ ਵੰਗਾਰਨ ਦੀ ਦਲੇਰੀ ਪੈਦਾ ਹੋਈ ਜਿਸ ਨਕਸਲੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਆਪਣੀ ਕਵਿਤਾ ਲਿਖੀ। ਉਹ ਲਹਿਰ ਬਹੁਤ ਛੇਤੀ ਕੁਚਲ ਦਿੱਤੀ ਗਈ। ਪਾਸ਼ ਦੀ ਵੀ ਅਣਜਾਣ ਵਿਅਕਤੀਆਂ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਪਰ ਐਨੇ ਥੋੜੇ ਸਮੇਂ ਵਿੱਚ ਹੀ ਉਸ ਨੇ ਪੰਜਾਬੀ ਸਾਹਿਤ ਨੂੰ ਬਹੁਤ ਕੁਝ ਨਵਾਂ ਪ੍ਰਦਾਨ ਕੀਤਾ।
ਇਹਨਾਂ ਪ੍ਰਸਿੱਧ ਕਵੀਆਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਕਵੀ ਹਨ ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਨਾਲ ਪੰਜਾਬੀ ਸਾਹਿਤ ਨੂੰ ਨਵਾਜਿਆ ਜਿਵੇਂ ਕਿ ਜਸਵੰਤ ਸਿੰਘ ਨੇਕੀ, ਸ.ਸ. ਮੀਸ਼ਾ, ਪ੍ਰਭਜੋਤ ਕੌਰ, ਹਰਭਜਨ ਹਲਵਾਰਵੀ, ਜਸਵੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਤਾਰਾ ਸਿੰਘ ਆਦਿ ਇੰਝ ਇਹਨਾਂ ਸਾਰੇ ਸਾਹਿਤਕਾਰਾਂ ਨੇ ਕਵਿਤਾ ਦੇ ਖੇਤਰ ਵਿੱਚ ਪੰਜਾਬੀ ਸਾਹਿਤ ਨੂੰ ਇਕ ਉੱਚੇ ਮੁਕਾਮ ਤੇ ਪਹੁੰਚਾਇਆ। ਕਵਿਤਾ ਦਾ ਇਤਿਹਾਸ ਪੁਸਤਕ ਡਾ. ਰਜਿੰਦਰ ਪਾਲ ਸਿੰਘ ਦੁਆਰਾ ਲਿਖੀ ਗਈ ਹੈ ।ਪਰ ਆਧੁਨਿਕ ਪੰਜਾਬੀ ਕਵਿਤਾ ਦਾ ਕਾਲਕ ਨਿਖੇੜਾ 1849 ਤੋਂ ਕੀਤਾ ਗਿਆ ਹੈ। ਆਧੁਨਿਕ ਵਿਧਾਵਾ ਅੰਗਰੇਜੀ ਤੋਂ ਪ੍ਰਭਾਵਿਤ ਹੋ ਕੇ ਸ਼ੁਰੂ ਹੋਈਆਂ ਹਨ ਇਸ ਕਿਤਾਬ ਵਿੱਚ ਲੇਖਕ ਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਤਿੰਨ ਕਾਲਾਂ ਵਿੱਚ ਵੰਡਿਆ ਹੈ। ਪਹਿਲਾ ਪੜਾਅ - ਮੁੱਢਲਾ ਬਸਤੀਵਾਦੀ ਕਾਲ (1849-1900) ਦੂਜਾ ਪੜਾਅ-ਬਸਤੀਵਾਦੀ ਕਾਲ(1900-1947) ਤੀਜਾ ਪੜਾਅ- ਉਤਰ ਬਸਤੀਵਾਦੀ ਕਾਲ(1947-2005)

1 ਮੁੱਢਲਾ ਬਸਤੀਵਾਦੀ ਕਾਲ

2 ਬਸਤੀਵਾਦੀ ਕਾਲ

3 ਉੱਤਰ ਬਸਤੀਵਾਦੀ

4 ਪਾਕਿਸਤਾਨੀ ਪੰਜਾਬੀ ਕਵਿਤਾ

5 ਪਰਵਾਸੀ ਪੰਜਾਬੀ ਕਵਿਤਾ

ਮੁੱਢਲਾ ਬਸਤੀਵਾਦੀ ਕਾਲ

ਇਹ ਕਾਲ ਧਾਰਮਿਕ, ਰਾਜਸੀ ਕਾਰਨਾਂ ਪੱਖੋ ਵਿਸ਼ੇਸ਼ਤਾ ਰੱਖਦਾ ਹੈ।ਅੰਗਰੇਜਾਂ ਦੇ ਆਉਣ ਨਾਲ ਆਈਆਂ ਤਬਦੀਲੀਆਂ ਨਵੀਂ ਸਿਖਿਆ ਪ੍ਰਣਾਲੀ ਮੁੱਢ ਕਾਲ ਦਾ ਆਰੰਭ ਬੰਨਦੀਆਂ ਹਨ। ਇਸ ਸਮੇਂ ਸਿੱਖਿਆ ਪੁਸਤਕਾਂ ਆਧੁਨਿਕ ਚੇਤਨਾ ਦੇ ਪਸਾਰ ਲਈ ਲਿਖੀਆਂ ਗਈਆਂ ਸਨ।ਇਸ ਸਮੇਂ 1850 -1870 ਧਰਮ ਸੁਧਾਰ ਲਹਿਰ ਪੈਦਾ ਹੋਈ। ਦੂਜੀ ਵੱਡੀ ਲਹਿਰ ਨਾਮਧਾਰੀ ਲਹਿਰ ਪੈਦਾ ਹੋਈ। ਇਸ ਕਾਲ ਚ ਕਿੱਸਾ ਕਾਵਿ ਧਾਰਾ ਰੁਮਾਂਟਿਕ ਪ੍ਰਵਿਰਤੀ ਵਿੱਚ ਸਾਹਮਣੇ ਆਉਦੀ ਹੈ।ਮਾਹੀ ਕੰਬੋ, ਮੋਲਣੀ ਅਨਦੁਸਤਾਰ, ਫਜਲ ਸ਼ਾਹ, ਮੀਆਂ ਮੁਹੰਮਦ ਬਖਸ਼, ਕਿਸ਼ਨ ਸਿੰਘ ਆਰਿਫ, ਭਗਵਾਨ ਸਿੰਘ ਕਾਵਿ ਆਲੋਚਕਾਂ ਨੇ ਇਹਨਾਂ ਕਵੀਆਂ ਨਾਲ ਇਨਸਾਫ ਨਹੀਂ ਕੀਤਾ ਕਿਓਕਿ ਉਹ ਆਪ ਪੱਛਮੀ ਢੰਗ ਦੇ ਅਲੋਚਕ ਸਨ। ਇਸ ਨੰੂ ਰਵਾਇਤੀ ਕਵਿਤਾ ਕਹਿ ਕੇ ਛੱਡ ਦਿੱਤਾ ਪਰ ਇਸ ਕਿਤਾਬ ਚ ਇਹਨਾਂ ਕਵੀਆਂ ਬਾਰੇ ਜਾਣਕਾਰੀ ਦਿੱਤੀ ਹੈ ਤੇ ਇਨਾਂ ਦੀ ਕਲਾ ਕਵਿਤਾ ਵਿਸ਼ਿਆਂ ਬਾਰੇ ਦੱਸਿਆ ਗਿਆ ਹੈ। ਵਾਰ ਕਾਵਿ ਵਿੱਚ ਇਸ ਸਮੇ ਕਾਹਨ ਸਿੰਘ ਬੰਗਾ,ਮਟਕ, ਕਵੀ ਸੋਭਾ, ਖਜਾਨ ਸਿੰਘ,ਆਦਿ ਕਵੀਆਂ ਬਾਰੇ ਦੱਸਿਆ ਗਿਆ ਹੈ। ਧਾਰਮਿਕ ਕਾਵਿ ਵਿੱਚ ਮੀਰਾ ਸ਼ਾਹ ਜਲੰਧਰੀ,ਖਵਾਜਾ ਗੁਲਾਮ ਫਰੀਦ,ਇਮਾਮ ਬਖਸ਼,ਨੂਰ ਮੁਹੰਮਦ ਨੂਰ,ਆਦਿ ਕਵੀਆਂ ਦੇ ਨਾਵਾਂ ਨੂੰ ਇਸ ਪੁਸਤਕ ਚ ਦਰਜ ਕੀਤਾ ਗਿਆ ਹੈ। ਇਸ ਕਾਲ ਵਿੱਚ ਸਟੇਜੀ ਕਵਿਤਾ ਸ਼ੁਰੂ ਹੰੁਦੀ ਹੈ।1872-73 ਵਿਚ ਇਸਦਾ ਅਰੰਭ ਹੋਇਆ।ਇਹ ਕਵੀ ਦਰਬਾਰ ਪਿਰਤ ਸਰਕਾਰੀ ਸਰਪ੍ਰਸਤੀ ਹੇਠ ਸ਼ੁਰੂ ਹੋਈ।

ਬਸਤੀਵਾਦੀ ਕਾਲ :

ਇਸ ਕਾਲ ਦਾ ਸਮਾਂ 1900 -1947ਤੱਕ ਰੱਖਿਆ ਗਿਆ ਹੈ ਜੋ ਕਿ ਇਤਿਹਾਸ ਦਾ ਬਹੁਤ ਹੀ ਮਹੱਤਵਪੂਰਨ ਸਮਾਂ ਹੈ।ਇਸ ਕਾਲ ਚ ਜਿਆਦਾ ਕਵਿਤਾ ਲਹਿਰਾਂ ਚ ਪੈਦਾ ਹੋਈ।ਖਿਲਾਫਤ ਲਹਿਰ, ਬੱਬਰ ਅਕਾਲੀ ਲਹਿਰ, ਕੌਮੀ ਆਜਾਦੀ ਦੀ ਲਹਿਰ,। ਇਸ ਸਮੇਂ ਕਿਸਾਕਾਰੀ ਵੀ ਜਾਰੀ ਰਹੀ। ਸਟੇਜੀ ਕਾਵਿ ਇਸ ਕਾਲ ਚ ਰੰਗ ਫੜਦਾ ਹੈ। ਸਟੇਜੀ ਕਾਵਿ ਦੇ ਤਿੰਨ ਪੜਾਅ ਕੀਤੇ ਗਏ ਹਨ। ਮੁੱਢਲਾ ਕਾਲ, ਪ੍ਰਫੁੱਲਤ ਕਾਲ, ਸੁਤੰਤਰਤਾ ਉਪਰੰਤ ਕਾਲ ਤੋ ਅੱਗੇ। ਇਸ ਕਾਲ ਚ ਲਿਖੀ ਗਈ ਨਵੀਂ ਪੰਜਾਬੀ ਕਵਿਤਾ ਦੀ ਪ੍ਰਧਾਨਤਾ ਕਾਰਨ ਹਾਸ਼ੀਏ ਤੇ ਧੱਕੀ ਪੰਜਾਬੀ ਕਵਿਤਾ ਦਾ ਚਾਨਣਾ ਪਾਇਆ ਹੈ ਅਤੇ ਇਨਾਂ ਸਾਰੇ ਕਵੀਆਂ ਬਾਰੇ ਦੱਸਿਆ ਹੈ। ਨਵੀ ਪੰਜਾਬੀ ਕਵਿਤਾ ਦੀਆਂ ਦੋ ਪੀੜੀਆਂ ਹਨ। ਪਹਿਲੀ ਚ ਭਾਈ ਵੀਰ ਸਿੰਘ, ਪੂਰਨ ਸਿੰਘ, ਲਾਲਾ ਕਿਰਪਾ ਸਾਗਰ, ਅਤੇ ਦੂਜੀ ਚ ਮੋਹਨ ਸਿੰਘ, ਅਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਹਨ।

ਉੱਤਰ ਬਸਤੀਵਾਦੀ :

ਇਸ ਕਾਲ ਵਿੱਚ ਦੇਸ਼ ਵੰਡ ਤੋ ਬਾਅਦ ਪ੍ਰਯੋਗਸ਼ੀਲ ਲਹਿਰ, ਨਕਸਲਵਾੜੀ ਲਹਿਰ, ਪੰਜਾਬ ਸੰਕਟ, ਲਹਿਰਾਂ ਅਧੀਨ ਕਵੀ ਪੈਦਾ ਹੋਏ।ਪੰਜਾਬੀ ਕਵਿਤਾ ਨੇ ਨਵਾਂ ਰੰਗ ਫੜਿਆ।1990 ਤੋ ਬਾਅਦ ਨਵ ਬਸਤੀਵਾਦ ਜਾਂ ਉੱਤਰ ਆਧੁਨਿਕਤਾ ਜਾਂ ਸਮਕਾਲੀ ਦੌਰ ਦੀ ਪਰਵਾਸੀ, ਪਾਕਿਸਤਾਨੀ ਕਵਿਤਾ ਹੋਂਦ ਚ ਆਈ। ਪ੍ਰਗਤੀਸ਼ੀਲ ਕਵਿਤਾ ਚ ਗੁਰਚਰਨ ਰਾਮਪੁਰੀ, ਹਰਭਜਨ ਹੁੰਦਲ, ਜਹਤਾਰ, ਪ੍ਰੀਤਮ ਸਿੰਘ ਰਾਹੀ, ਆਦਿ ਕਵੀ ਵਰਣਨ ਕੀਤੇ ਹਨ। ਸਟੇਜੀ ਕਵੀਆਂ ਬਾਰੇ ਵੀ ਦੱਸਿਆ ਗਿਆ ਹੈ। ਇਸ ਦੌਰ ਵਿੱਚ ਹਜਾਰਾ ਸਿੰਘ ਗੁਰਦਾਸਪੁਰੀ, ਇੰਦਰਜੀਤ ਹਸਨਪੁਰੀ, ਆਦਿ ਨਾਮ ਆਉਂਦੇ ਹਨ। ਪ੍ਰਯੋਗਸ਼ੀਲ ਲਹਿਰ ਦਾ ਆਰੰਭ ਤਾਂ ਜਸਵੀਰ ਸਿੰਘ ਆਹਲੀਵਾਲੀਆ ਦੀ ਅਗਵਾਈ ਹੇਠ ਡਲਹੌਜੀ 1961 ਵਿੱਚ ਹੋਏ ਸੈਮੀਨਾਰ ਤੋਂ ਮੰਨਿਆ ਜਾਂਦਾ ਹੈ। ਇਹ ਲਹਿਰ 1960 -70 ਤੱਕ ਚੱਲੀ। ਅਜਾਇਬ ਕਮਲ, ਸੁਖਪਾਲਵੀਰ ਹਸਰਤ, ਰਵਿੰਦਰ ਰਵੀ, ਆਦਿ ਕਵੀਆਂ ਦੇ ਨਾਂ ਵਰਣਨ ਕੀਤੇ ਗਏ ਹਨ। ਅਧੁਨਿਕ ਪੰਜਾਬੀ ਕਵਿਤਾ ਦੇ ਅਧੀਨ ਡਾ. ਹਰਭਜਨ ਸਿੰਘ, ਜਸਵੰਤ ਸਿੰਘ ਨੇਕੀ,ਸ਼ਿਵ ਕੁਮਾਰ ਬਟਾਲਵੀ, ਆਦਿ ਕਵੀਆਂ ਨੂੰ ਰੱਖਿਆ ਹੈ। ਜੁਝਾਰਵਾਦੀ ਪ੍ਰਵਿਰਤੀ ਦੇ ਬਹੁਤ ਸਾਰੇ ਕਵੀ ਪ੍ਰਸਿੱਧ ਹੋਏ ਜਿਨਾਂ ਵਿੱਚ ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਅਮਰਜੀਤ ਚੰਦਨ, ਹਰਭਜਨ ਸਿੰਘ ਹਲਵਾਰਵੀ, ਅਵਤਾਰ ਪਾਸ਼ ਆਦਿ ਕਵੀਆਂ ਦਾ ਵਰਣਨ ਕੀਤਾ ਹੈ। ਇਸ ਸਮੇਂ ਦੇ ਕੁੱਝ ਹੋਰ ਕਵੀ ਜੋ ਪ੍ਰਮੁੱਖ ਕਵੀਆਂ ਦੀ ਗਿਣਤੀ ਵਿੱਚ ਆਉਂਦੇ ਹਨ ਜਿਵੇਂ ਕੇਸਰ ਸਿੰਘ ਅਤੇ ਸੁਰਜੀਤ ਪਾਤਰ ਦਾ ਨਾਮ ਆਉਂਦਾ ਹੈ। ਪੰਜਾਬ ਸੰਕਟ ਅਧੀਨ ਇਹਨਾਂ ਕਵੀਆਂ ਦੇ ਨਾਮ ਹਨ ਜਿਨਾਂ ਨੇ ਉਸ ਸਮੇਂ ਕਵਿਤਾ ਲਿਖੀ।

ਅੱਜਕਲ ਪਰਵਾਸੀ ਸ਼ਾਇਰੀ ਵਿਚ ਨਵਾਂ ਨਾਂ ਡਾ ਅਮਰਜੀਤ ਟਾਂਡਾ ਦਾ ਹੈ। ਉਹਨਾਂ 8 ਕਿਤਾਬਾਂ ਨਜ਼ਮਾਂ ਚ ਤੇ ਇੱਕ ਹਿੰਦੀ ਵਿੱਚ ਨਜ਼ਮਾਂ ਦੀ ਕਿਤਾਬ ਦੇ ਨਾਲ ਹੀ ਇੱਕ ਨਾਵਲ "ਨੀਲਾ ਸੁੱਕਾ ਸਮੁੰਦਰ" ਨਵੀਨ ਕਾਵਿਕ ਵਾਰਤਕ ਵਿਧੀ ਚ ਪਾਠਕਾਂ ਦੀ ਝੋਲੀ ਪਾਇਆ ਹੈ। ਉਹ ਨਜ਼ਮ ਦੇ ਸ਼ਾਇਰ ਹਨ। ਹਿੰਦੀ ਚ ਵੀ ਛਪ ਚੁੱਕੇ ਹਨ।

**ਪਾਕਿਸਤਾਨੀ ਪੰਜਾਬੀ ਕਵਿਤਾ**: ਇਸ ਵਿੱਚ ਪਾਕਿਸਤਾਨੀ ਪੰਜਾਬੀ ਕਵਿਤਾ ਦੀ ਇਤਿਹਾਸਕਾਰੀ ਵਿੱਚ 1947 ਦੀ ਦੇਸ਼ ਵੰਡ ਨੂੰ ਅਹਿਮ ਬਿੰਦੂ ਮੰਨਿਆ ਜਾ ਸਕਦਾ ਹੈ।ਦੇਸ਼ ਵੰਡ ਤੋ ਪਹਿਲਾ ਦਾ ਪੰਜਾਬੀ ਸਾਹਿਤ ਸੰਯੁਕਤ ਹੀ ਸੀ। ਪਾਕਿਸਤਾਨੀ ਪੰਜਾਬੀ ਕਵਿਤਾ ਦੀ ਇਤਿਹਾਸਕਾਰੀ ਕਰਨ ਸਮੇਂ ਕਈ ਸਮੱਸਿਆਵਾਂ ਆਉਂਦੀਆਂ ਹਨ। ਪਹਿਲੀ ਸਮੱਸਿਆ ਪੁਸਤਕ ਪ੍ਰਾਪਤੀ ਦੀ ਹੈ ਅਤੇ ਦੂਜੀ ਲਿਪੀ ਦੀ ਹੈ। ਫਿਰ ਵੀ ਇਸ ਪੁਸਤਕ ਵਿੱਚ ਤਕਰੀਬਨ ਬਹੁਤ ਸਾਰੇ ਪਾਕਿਸਤਾਨੀ ਪੰਜਾਬੀ ਸਾਹਿਤ ਨੂੰ ਬਿਆਨ ਕੀਤਾ ਗਿਆ ਹੈ।ਫੈਜ ਅਹਿਮਦ ਫੈਜ, ਸ਼ਰੀਫ ਕੁੰਜਾਹੀ, ਤਨਵੀਰ ਬੁਖਾਰੀ, ਨਜਮ ਹੁਸੈਨ ਸੱਯਦ ਆਦਿ ਕਵੀਆਂ ਬਾਰੇ ਚੰਗੀ ਤਰਾਂ ਲਿਖਿਆ ਗਿਆ ਹੈ। ਲੇਖਕ ਨੇ ਇਸ ਕਵਿਤਾ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਹੈ। ਪਹਿਲਾ ਪੜਾਅ ਜਿਸ ਵਿੱਚ ਆਜਾਦੀ ਦੀ ਖੁਸ਼ੀ ਦੀ ਕਵਿਤਾ ਅਤੇ ਦੂਜੇ ਪਾਸੇ ਇਸੇ ਹੀ ਦੌਰ ਚ ਵਿਛੋੜੇ ਦਾ ਦਰਦ ਪੇਸ਼ ਕੀਤਾ ਗਿਆ ਹੈ। ਦੂਜੇ ਪੜਾਅ ਵਿੱਚ ਟੁੱਟੇ ਸੁਪਨਿਆਂ ਦੌਰਾਨ ਲਿਖੀ ਕਵਿਤਾ ਆਉਦੀ ਹੈ। ਤੀਜੇ ਦੌਰ ਚ ਜਦੋ ਪੰਜਾਬੀ ਨੰੂ ਮਾਨਤਾ ਪ੍ਰਾਪਤ ਹੋਈ ਨਵੇਂ ਕਾਵਿ ਰੂਪ ਲਿਖੇ ਗਏ। ਚੌਥਾ ਦੌਰ ਸਮਕਾਲੀ ਰੱਖਿਆ ਗਿਆ ਹੈ ਜਿਸ ਵਿੱਚ ਕਵਿਤਰੀਆਂ ਬਦਲ ਰਹੇ ਮਹੌਲ ਬਾਰੇ ਲਿਖਦੀਆਂ ਹਨ। ਅੱਜ ਦੋਹਾਂ ਪਾਸੇ ਕਵਿਤਾ ਦਾ ਲਿਪਿਆਂਤਰ ਹੋਣ ਲੱਗਾ ਹੈ ਜੋ ਪੰਜਾਬੀ ਸ਼ਾਇਰੀ ਦਾ ਨਵਾਂ ਰੁਝਾਨ ਹੈ।

**ਪਰਵਾਸੀ ਪੰਜਾਬੀ ਕਵਿਤਾ :** ਪਰਵਾਸੀ ਕਵਿਤਾ ਕੋਈ ਪ੍ਰੁੱਮੁਖ ਧਾਰਾ ਨਹੀਂ ਸਗੋਂ ਪੰਜਾਬੀ ਕਵਿਤਾ ਅੰਦਰ ਵਿਚਰਦੀਆਂ ਸਮਾਨਾਂਤਰ ਧਾਰਾਵਾਂ ਵਿੱਚੋ ਇਕ ਹੈ। ਇਹ ਵਿਦੇਸ਼ੀ ਧਰਤੀ ਤੇ ਰਹਿੰਦੇ ਕਵੀਆਂ ਵੱਲੋਂ ਲਿਖੀ ਕਵਿਤਾ ਹੈ। ਜਿਸ ਵਿੱਚ ਇਹਨਾਂ ਦੀਆਂ ਆਪਣੀਆ ਸਮੱਸਿਆਵਾਂ ਹਨ। ਸਾਰੀ ਪਰਵਾਸੀ ਕਵਿਤਾ ਇਕੋ ਜਿਹੀ ਨਹੀਂ ਹੈ। ਲੇਖਕ ਦੁਆਰਾ ਇਹ ਵੀ ਦੱਸਿਆ ਗਿਆ ਹੈ ਕਿ ਕਿਸ ਪ੍ਰਵਾਸੀ ਪੰਜਾਬੀ ਕਵਿਤਾ ਚ ਕਿਹੜੇ ਸ਼ਬਦਾਂ ਕਾਵਿ ਰੂਪਾਂ ਦਾ ਰੁਝਾਨ ਹੈ। ਕਿਹੜੇ ਕਿਹੜੇ ਦੇਸ਼ਾ ਵਿੱਚ ਕਿਹੜੇ ਕਵੀ ਲਿਖ ਰਹੇ ਹਨ ਉਨਾਂ ਬਾਰੇ ਦੱਸਿਆ ਗਿਆ ਹੈ। ਦਰਸ਼ਨ ਸਿੰਘ ਗਿਆਨੀ, ਬੇਅੰਤ ਸਬਰਾ, ਨਵਤੇਜ ਭਾਰਤੀ, ਸਾਧੂ ਬਿਨਿੰਗ ਆਦਿ ਕਵੀਆਂ ਬਾਰੇ ਦੱਸਿਆ ਗਿਆ ਹੈ। ਪਰਵਾਸੀ ਸ਼ਾਇਰੀ ਵਿਚ ਆਸਟ੍ਰੇਲੀਆ ਤੋਂ ਸੱਭ ਤੋਂ ਮੂਹਰੇ ਨਾਂ ਡਾ ਅਮਰਜੀਤ ਟਾਂਡਾ ਦਾ ਹੈ। ਉਹਨਾਂ 8 ਕਿਤਾਬਾਂ ਨਜ਼ਮਾਂ ਚ ਤੇ ਇੱਕ ਹਿੰਦੀ ਵਿੱਚ ਨਜ਼ਮਾਂ ਦੀ ਕਿਤਾਬ ਦੇ ਨਾਲ ਹੀ ਇੱਕ ਨਾਵਲ ਨਵੀਨ ਵਿਧੀ ਚ ਪਾਠਕਾਂ ਦੀ ਝੋਲੀ ਪਾਇਆ ਹੈ। ਉਹਨਾਂ ਦੀ ਨਜ਼ਮ ਚ ਸ਼ਾਇਰੀ ਹੈ।

**ਸਾਰੰਸ਼**

ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਭਾਈ ਵੀਰ ਸਿੰਘ ਦੁਆਰਾ ਹੋਇਆ। ਭਾਈ ਵੀਰ ਸਿੰਘ ਨੇ ਆਪਣੇ ਪਰਿਵਾਰ ਅਤੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਧਾਰਮਿਕ ਰੰਗਤ ਵਾਲੀਆਂ ਰਚਨਾਵਾਂ ਨਾਲ ਆਧੁਨਿਕ ਪੰਜਾਬੀ ਕਵਿਤਾ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ। ਜੇਕਰ ਉਹਨਾਂ ਦੇ ਵਿਸ਼ੇ ਸੰਬੰਧੀ ਚਰਚਾ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹਨਾਂ ਨੇ ਸਮੁੱਚੀ ਕੁਦਰਤ, ਸੁੰਦਰਤਾ, ਖੁਸ਼ੀਆਂ, ਪਿਆਰ, ਵਿਛੋੜਾ ਅਤੇ ਮਿਲਾਪ ਆਦਿ ਵਿਸ਼ਿਆਂ ਨੂੰ ਚੁਣ ਕੇ ਆਧੁਨਿਕ ਪੰਜਾਬੀ ਕਵਿਤਾ ਲਈ ਮਜ਼ਬੂਤ ਨੀਂਹ ਤਿਆਰ ਕੀਤੀ। ਉਪਦੇਸ਼ਕ ਦੇ ਤੌਰ ਤੇ ਇਸ ਦਾ ਚਿਤਰਣ, ਪ੍ਰਕਿਰਤੀ ਵਿੱਚੋਂ ਕਿਸੇ ਰਹੱਸਮਈ ਸੱਤਾ ਦਾ ਅਨੁਭਵ ਉਨ੍ਹਾਂ ਦੀ ਕਵਿਤਾ ਦੇ ਕੁਝ ਖ਼ਾਸ ਪੱਖ ਹਨ।

**ਕੇਂਦਰੀ ਸ਼ਬਦ** :

ਬਾਰਾਮਾਹ ---- 12 ਮਹੀਨਿਆ ਤੇ ਆਧਾਰਿਤ ਰਚਨਾ

ਮਿਥਿਹਾਸ ---- ਮਿੱਥ ਆਧਾਰ ਰੂਪ

ਰੁਮਾਂਸ --- ਪ੍ਰਕ੍ਰਿਤੀ/ਭਾਵਾਂ ਤੇ ਚਾਵਾਂ ਦੀ ਖਿੱਚ

ਕੀਲਣਾ ------ ਵੱਸ 'ਚ ਕਰਨਾ

ਧਾਰਮਿਕ ਪਾਖੰਡ --- ਦਿਖਾਵੇ ਦੀ ਦੁਨੀਆਂ

ਰਾਗ-ਬੱਧਤਾ ---------- ਸੰਗੀਤ ਰੂਪ

ਸ਼ਾਹਕਾਰ ਰਚਨਾ ------ ਪ੍ਰਸਿੱਧ ਰਚਨਾ

**ਸਵੈ-ਮੁਲਾਂਕਣ:**

1. ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਬਚਨ ਕਵਿਤਾ ਹੁੰਦੇ ਹਨ। ਇਹ ਕਥਨ ਕਿਸ ਦਾ ਹੈ?
   - (ੳ) ਪ੍ਰੋ.ਪੂਰਨ ਸਿੰਘ
   - (ਅ) ਅਮ੍ਰਿਤਾ ਪ੍ਰੀਤਮ
   - (ੲ)ਭਾਈ ਵੀਰ ਸਿੰਘ
   - (ਸ) ਵਿਲੀਅਮ
2. "ਕਵਿਤਾ ਮਨੁੱਖ ਦੀ ਆਤਮਾ ਦੀ ਆਵਾਜ਼ ਹੁੰਦੀ ਹੈ। (Poetry is the voice of man's soul) ਇਹ ਕਥਨ ਕਿਸ ਦਾ ਹੈ?
   - (ੳ) ਵਿਲੀਅਮ
   - (ਅ) ਡੈਵਿਡ
   - (ੲ) ਕ੍ਰਿਸਟਲ
   - (ਸ) ਸਵਿਨਬਰਨ
3. ਕਵਿਤਾ ਦੇ ਤੱਤ ਹਨ
   - (ੳ) ਕਿਰਿਆ/ਵਾਕ
   - (ਅ) ਭਾਵ/ਭਾਵੰਸ਼
   - (ੲ) ਭਾਵ/ਕਲਪਨਾ
   - (ਸ) ਕਲਪਨਾ/ਵਾਕੰਸ਼
4. ਪਹਿਲਾਂ ਆਧੁਨਿਕ ਪੰਜਾਬੀ ਕਵੀ ਹੈ?
   - (ੳ) ਹਰਿਭਜਨ ਸਿੰਘ
   - (ਅ) ਮੋਹਨ ਸਿੰਘ
   - (ੲ) ਅੰਮ੍ਰਿਤਾ ਪ੍ਰੀਤਮ
   - (ਸ) ਭਾਈ ਵੀਰ ਸਿੰਘ
5. ਵੈਰੀ ਨਾਗ! ਤੇਰਾ ਪਹਿਲਾ ਝਲਕਾ, ਜਦ ਅੱਖੀਆਂ ਵਿੱਚ ਵਜਦਾ। ਇਹ ਸਤਰਾਂ ਕਿਸ ਦੀਆਂ ਹਨ?
   - ੳ) ਭਾਈ ਵੀਰ ਸਿੰਘ
   - (ਅ) ਅੰਮ੍ਰਿਤਾ ਪ੍ਰੀਤਮ
   - ੲ ਹਰਿਭਜਨ ਸਿੰਘ
   - ਸ ਵਿਲੀਅਮ
6. ਆਧੁਨਿਕ ਪੰਜਾਬੀ ਕਾਵਿ ਧਾਰਾ ਦਾ ਮੋਢੀ ਕਵੀ ਕੌਣ ਹੈ ?
   - ੳ. ਪ੍ਰੋ. ਪੂਰਨ ਸਿੰਘ
   - ਅ. ਪ੍ਰੋ. ਮੋਹਨ ਸਿੰਘ
   - ੲ. ਭਾਈ ਵੀਰ ਸਿੰਘ

ਸ. ਧਨੀ ਰਾਮ ਚਾਤ੍ਰਿਕ

7. ਭਾਈ ਵੀਰ ਸਿੰਘ ਕਿਹੜੀ ਪ੍ਰਵਿਰਤੀ ਅਧੀਨ ਕਵਿਤਾ ਲਿਖਦੇ ਹਨ?

ੳ. ਮਾਰਕਸਵਾਦੀ

ਅ. ਪ੍ਰਕਿਰਤੀਵਾਦੀ

ੲ. ਰੋਮਾਂਸਵਾਦੀ

ਸ. ਜੁਝਾਰਵਾਦੀ

8. ਪੰਜਾਬੀ ਵਿੱਚ ਖੁੱਲ੍ਹੀ ਕਵਿਤਾ ਕਿਸ ਨੇ ਲਿਖਣੀ ਆਰੰਭ ਕੀਤੀ ?

ੳ. ਭਾਈ ਵੀਰ ਸਿੰਘ

ਅ. ਪ੍ਰੋ ਪੂਰਨ ਸਿੰਘ

ੲ. ਧਨੀ ਰਾਮ ਚਾਤ੍ਰਿਕ

ਸ. ਮੋਹਨ ਸਿੰਘ

9. ਇਨ੍ਹਾਂ ਵਿਚੋਂ ਕਿਸ ਕਵੀ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ ?

ੳ. ਸੁਰਜੀਤ ਪਾਤਰ

ਅ. ਅਵਤਾਰ ਸਿੰਘ ਪਾਸ਼

ੲ. ਲਾਲ ਸਿੰਘ ਦਿਲ

ਸ. ਸੰਤਰਾਮ ਉਦਾਸੀ

10. ਪੂਰਨ ਸਿੰਘ ਅਨੁਸਾਰ ਸਾਧ ਮਨ ਵਿੱਚੋਂ ਨਿਕਲੇ ਬੋਲ ਕੀ ਕਹਾਉਂਦੇ ਹਨ ?

ੳ. ਕਹਾਣੀ

ਅ. ਨਿੱਕੀ ਕਹਾਣੀ

ੲ. ਕਵਿਤਾ

ਸ. ਨਾਵਲ

11. ਕਵਿਤਾ ਕਿਸ ਦਾ ਬੇਰੋਕ ਉਛਾਲਾ ਹੈ ?

ੳ. ਜਜ਼ਬਿਆਂ ਤੇ ਵਲਵਲਿਆਂ

ਅ. ਦੁੱਖ ਸੁੱਖ

ੲ. ਖੁਸ਼ੀ ਗ਼ਮੀ

ਸ. ਕੋਈ ਵੀ ਨਹੀਂ

12. ਪ੍ਰੋ ਪੂਰਨ ਸਿੰਘ ਤੇ ਕਿਸ ਪੱਛਮੀ ਵਿਦਵਾਨ ਦਾ ਅਸਰ ਹੋਇਆ ?

ੳ. ਵਾਲਟਵਿਟਮੈਨ

ਅ. ਮਾਰਕਸ

ੲ. ਰੂਸੋ

ਸ. ਸੁਕਰਾਤ

13. ਬੰਦਰਗਾਹ ਕਾਵਿ ਸੰਗ੍ਰਹਿ ਕਿਸ ਪ੍ਰਵਿਰਤੀ ਦਾ ਕਾਵਿ ਸੰਗ੍ਰਹਿ ਹੈ?

ੳ. ਰੋਮਾਂਸਵਾਦੀ

ਅ. ਯਥਾਰਥਵਾਦੀ

ੲ. ਨਾਰੀਵਾਦੀ

ਸ. ਪ੍ਰਗਤੀਵਾਦੀ

14. ਇਨ੍ਹਾਂ ਵਿੱਚੋਂ ਡਾ ਜਗਤਾਰ ਦਾ ਕਾਵਿ ਸੰਗ੍ਰਹਿ ਕਿਹੜਾ ਹੈ?

ੳ. ਲਾਜਵੰਤੀ

ਅ. ਆਟੇ ਦੀਆਂ ਚਿੜੀਆਂ

ੲ. ਜੁਗਨੂੰ ਦੀਵਾ ਤੇ ਦਰਿਆ

ਸ. ਪੀੜਾਂ ਦਾ ਪਰਾਗਾ

15. ਪੰਜਾਬੀ ਕਵੀ ਪਾਸ਼ ਦਾ ਪੂਰਾ ਨਾਂ ਕੀ ਹੈ ?

ੳ. ਅਵਤਾਰ ਸਿੰਘ

ਅ. ਲਾਲ ਸਿੰਘ

ੲ. ਕਸ਼ਮੀਰ ਸਿੰਘ

ਸ. ਦਰਸ਼ਨ ਸਿੰਘ

## ਅਭਿਆਸ ਪ੍ਰਸ਼ਨ

1. ਕਵਿਤਾ ਦਾ ਅਰਥ ਅਤੇ ਪਰਿਭਾਸ਼ਾ ਲਿਖੋ।
2. ਕਵਿਤਾ ਦੇ ਤੱਤਾਂ ਬਾਰੇ ਜਾਣਕਾਰੀ ਦਿਓ ।
3. ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਬਾਰੇ ਵਿਸਥਾਰ ਪੂਰਵਕ ਚਰਚਾ ਕਰੋ ।
4. ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਅਤੇ ਉਸ ਦੀਆਂ ਰਚਨਾਵਾਂ ਬਾਰੇ ਵਿਸਥਾਰ ਸਹਿਤ ਲਿਖੋ।

## ਸੰਦਰਭ ਪੁਸਤਕਾਂ:


1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ (ਆਦਿ ਕਾਲ ਤੋਂ ਸਮਕਾਲ ਤੱਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ 2018.
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ. 2016.


## ਮਹੱਤਵਪੂਰਨ ਲਿੰਕ

https://www.punjabitribuneonline.com/news/archive/features/%E0%A8%86%E0%A8%A7%E0%A9%81%E0%A8%A8%E0%A8%BF%E0%A8%95-%E0%A8%AA%E0%A9%B0%E0%A8%9C%E0%A8%BE%E0%A8%AC%E0%A9%80-%E0%A8%95%E0%A8%B5%E0%A8%BF%E0%A8%A4%E0%A8%BE-383900

## ਉੱਤਰਮਾਲਾ

| | | | | |
|---|---|---|---|---|
| 1. ੳ | 2. ਸ | 3. ੲ | 4. ਸ | 5. ੳ |
| 6. ੲ | 7. ਅ | 8. ਅ | 9. ੳ | 10. ੲ |
| 11. ੳ | 12. ੳ | 13. ਸ | 14. ੲ | 15. ੳ |

# ਅਧਿਆਇ - 6: ਆਧੁਨਿਕ ਪੰਜਾਬੀ ਕਵਿਤਾ : ਪ੍ਰਵਿਰਤੀਮੂਲਕ ਅਧਿਐਨ

*Kirandeep Singh, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


**ਉਦੇਸ਼ :**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਪੰਜਾਬੀ ਕਵਿਤਾ ਦੇ ਭਾਵ ਬਾਰੇ ਜਾਣੂ ਹੋਣਗੇ।
2. ਰੁਮਾਂਸਵਾਦੀ ਪ੍ਰਵਿਰਤੀ ਬਾਰੇ ਜਾਣੂ ਹੋਣਗੇ।
3. ਕਾਵਿ ਦੀਆਂ ਪ੍ਰਵਿਰਤੀਆਂ ਬਾਰੇ ਜਾਣੂ ਹੋਣਗੇ।

**ਪ੍ਰਸਤਾਵਨਾ**

ਆਧੁਨਿਕ ਪੰਜਾਬੀ ਕਵਿਤਾ ਵਿਚਲੀਆਂ ਪ੍ਰਮੁੱਖ ਪ੍ਰਵਿਰਤੀਆਂ:

ਪਰੰਪਰਾਵਾਦੀ ਅਤੇ ਰੂੜ੍ਹੀਵਾਦੀ ਵਿਚਾਰਾਂ ਤੋਂ ਬਾਅਦ ਆਧੁਨਿਕਤਾ ਦਾ ਆਗਮਨ ਹੋਇਆ। ਜਾਗੀਰਦਾਰੀ ਪ੍ਰਬੰਧ ਦੇ ਖ਼ਾਤਮੇ ਅਤੇ ਸਰਮਾਏਦਾਰੀ ਪ੍ਰਬੰਧ ਦੇ ਹੋਂਦ ਵਿਚ ਆਉਣ ਨਾਲ ਉਦਯੋਗਿਕ ਅਤੇ ਤਕਨੀਕੀ ਵਿਕਾਸ ਵਧਿਆ ਜਿਸ ਨਾਲ ਸਮਾਜਿਕ ਪ੍ਰਬੰਧ ਤੇ ਮਨੁੱਖੀ ਜੀਵਨ ਵਿਚ ਵੀ

ਭਾਰੀ ਤਬਦੀਲੀਆਂ ਆਈਆਂ। ਇਹਨਾਂ ਤਬਦੀਲੀਆਂ ਕਾਰਨ ਮਨੁੱਖ ਦੀ ਸੋਚ ਸ਼ਕਤੀ ਵੀ ਪ੍ਰਭਾਵਿਤ ਹੋਈ ਜਿਸ ਦਾ ਅਸਰ ਕਲਾ ਅਤੇ ਸਾਹਿਤ ਤੇ ਵੀ ਪਿਆ। ਇਸੇ ਅਸਰ ਦੇ ਫਲਸਰੂਪ ਸਾਹਿਤ ਦੇ ਵਿਸ਼ੇ ਅਤੇ ਰੂਪਾਂ ਵਿਚ ਬਦਲਾਉ ਆਇਆ ਜਿਸ ਨੂੰ ਆਧੁਨਿਕਤਾ' ਕਿਹਾ ਗਿਆ। ਇਹ ਤਬਦੀਲੀ ਪਹਿਲਾਂ ਪੱਛਮੀ ਦੇਸ਼ਾਂ ਵਿਚ ਵਾਪਰੀ ਤੇ ਉਨ੍ਹਾਂ ਦੇ ਸੰਪਰਕ ਵਿਚ ਹੋਣ ਕਾਰਨ ਬਾਕੀ ਦੇਸ਼ਾਂ ਵਿਚ ਵੀ ਆਧੁਨਿਕਤਾ ਦਾ ਵਿਚਾਰ ਪ੍ਰਚਲਿਤ ਹੋ ਗਿਆ। ਸਾਹਿਤ ਵਾਦ ਅੰਕ ਵਿਚ ਵੀ ਡਾ: ਕੁਲਬੀਰ ਸਿੰਘ ਕਾਂਗ ਨੇ ਆਧੁਨਿਕਤਾ ਬਾਰੇ ਲਿਖਿਆ ਹੈ ਕਿ ਪਰੰਪਰਾਗਤ ਸਭਿਆਚਾਰ ਵਿਚ ਨਵੀਆਂ ਵਿਗਿਆਨਿਕ ਅਤੇ ਤਕਨੀਕੀ - ਖੋਜਾਂ ਦੇ ਆਧਾਰ ਤੇ ਜੋ ਤਬਦੀਲੀਆਂ ਰਹੀਆਂ ਹਨ ਜਾਂ ਉੱਨਤ ਦੇਸ਼ਾਂ ਦੇ ਸੰਪਰਕ ਵਿਚ ਆਉਣ ਨਾਲ ਪੱਛਮੀ ਸਭਿਅਤਾ ਦਾ ਜੋ ਸੰਚਾਰ ਤੀਸਰੀ ਦੁਨੀਆ ਦੇ ਦੇਸ਼ਾਂ ਵਿਚ ਹੋ ਰਿਹਾ ਹੈ, ਉਸ ਨੂੰ ਆਧੁਨਿਕਤਾ ਕਹਿ ਲਿਆ ਜਾਂਦਾ ਹੈ। ਆਧੁਨਿਕਤਾ ਇੱਕ ਅਜਿਹੀ ਦ੍ਰਿਸ਼ਟੀ ਹੈ ਜੋ ਯਥਾਰਥ ਨੂੰ ਮਹੱਤਵ ਦਿੰਦੀ ਹੈ। ਨਿਰੋਲ ਕਲਪਨਾ ਦੀ ਇਸ ਵਿਚ ਕੋਈ ਜਗਾ ਨਹੀਂ। ਮੱਧਕਾਲੀ ਸਾਹਿਤ ਵਿਚਲੇ ਕਲਪਨਾ ਦੇ ਰੰਗ ਨੂੰ ਮੂਲੋਂ ਹੀ ਨਕਾਰ ਦਿੱਤਾ ਗਿਆ ਪਰ ਇਹ ਸਭ ਕੁੱਝ ਪੱਛਮੀ ਦੇਸ਼ਾਂ ਅਤੇ ਪੱਛਮੀ ਸਾਹਿਤ ਕਾਰਨ ਵੀ ਵਾਪਰਿਆ। ਭਾਰਤ ਵਿਚ ਆਧੁਨਿਕ ਚੇਤਨਾ ਦਾ ਯੁੱਗ ਅੰਗਰੇਜ਼ੀ ਰਾਜ ਦੀ ਸਥਾਪਤੀ ਨਾਲ ਆਰੰਭ ਹੋਇਆ ਜਦੋਂ ਪੱਛਮ ਵਿਚ ਪੈਦਾ ਹੋਏ ਨਵੇਂ ਗਿਆਨ ਵਿਗਿਆਨ ਅਤੇ ਇਸ ਦੇ ਫਲਸਰੂਪ ਵਿਕਸਿਤ ਹੋਈ ਸਾਂਸਕ੍ਰਿਤਿਕ ਚੇਤਨਾ ਨੇ ਭਾਰਤੀ ਜੀਵਨ ਅਤੇ ਸੰਸਕ੍ਰਿਤੀ ਦੇ ਯੁੱਗਾਂ ਪੁਰਾਣੇ ਆਧਾਰਾਂ ਅਤੇ ਸੰਸਥਾਵਾਂ ਨੂੰ ਝੰਜੋੜ ਕੇ ਭਾਰਤ ਦੀ ਆਰਥਿਕ, ਰਾਜਨੀਤਕ, ਸਮਾਜਕ ਵਿਵਸਥਾ ਅਤੇ ਸਾਂਸਕ੍ਰਿਤਿਕ ਚੇਤਨਾ ਵਿਚ ਉਹੀ ਸਥਿਤੀ ਪੈਦਾ ਕਰ ਦਿੱਤੀ ਜਿਸ ਨੂੰ ਆਧੁਨਿਕਤਾ ਦਾ ਖ਼ਮੀਰ ਕਿਹਾ ਜਾ ਸਕਦਾ ਹੈ। ਅਸਲ ਵਿਚ ਗਿਆਨ ਵਿਗਿਆਨ ਦੀਆਂ ਖੋਜਾਂ ਦਾ ਮਨੁੱਖ ਦੇ ਸਮਾਜਿਕ ਜੀਵਨ ਉੱਤੇ ਗਹਿਰਾ ਪ੍ਰਭਾਵ ਪਿਆ। ਨਵੇਂ ਯੁੱਗ ਵਿਚ ਵੀ ਕਈ ਵਿਦਵਾਨਾਂ ਨੇ ਝੂਠੇ ਧਾਰਮਿਕ ਪਾਖੰਡਾਂ ਤੋਂ ਪਰਦਾ ਉਠਾਇਆ ਤੇ ਲੋਕਾਂ ਨੂੰ ਵਿਕਾਸ ਦੀ ਰਾਹ ਤੇ ਤੋਰਿਆ। 19ਵੀਂ ਸਦੀ ਵਿਚ ਮਸ਼ੀਨੀਕਰਨ ਨਾਲ ਮਨੁੱਖ ਦੇ ਪ੍ਰਮਾਤਮਾ ਤੇ ਕੁਦਰਤ ਪ੍ਰਤੀ ਵਿਚਾਰ ਬਦਲ ਗਏ। ਡਾਰਵਿਨ ਦੇ ਵਿਕਾਸ ਸਿਧਾਂਤ, ਫਰਾਇਡ ਦੇ ਮਨੋਵਿਗਿਆਨ, ਕਾਰਲ ਮਾਰਕਸ ਦੇ ਮਾਰਕਸਵਾਦ, ਨਿਉਟਨ ਦੇ ਭੌਤਿਕ ਵਿਗਿਆਨ, ਪਾਲ ਸਾਰਤਰ ਦੇ ਅਸਤਿਤਵਵਾਦ ਨੇ ਸਮੁੱਚੇ ਸੰਸਾਰ ਵਿਚ ਮਨੁੱਖੀ ਸੋਚ ਨੂੰ ਬਦਲ ਕੇ ਰੱਖ ਦਿੱਤਾ।

ਸਮਾਜਿਕ ਅਤੇ ਮਨੁੱਖੀ ਵਿਕਾਸ ਵਿਚ ਆਧੁਨਿਕਤਾ ਦੇ ਪ੍ਰਵੇਸ਼ ਨਾਲ ਸਾਹਿਤ ਖੇਤਰ ਵਿਚ ਵੀ ਵਿਸ਼ੇ ਅਤੇ ਰੂਪ ਪੱਖੋਂ ਤਬਦੀਲੀ ਵਾਪਰੀ। ਵਿਸ਼ੇ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਰਾਜੇ ਮਹਾਰਾਜਿਆਂ ਦੀ ਮਹਿਮਾ ਗਾਉਣ ਦੀ ਥਾਂ ਉੱਤੇ ਆਮ ਇਨਸਾਨ ਦੀਆਂ ਥੁੜਾਂ ਦੁੱਖਾਂ ਤੇ ਤਕਲੀਫ਼ਾਂ ਨੂੰ ਜ਼ੁਬਾਨ ਦਿੱਤੀ ਗਈ। ਮਨੁੱਖ ਦੀ ਮਾਨਸਿਕ ਸਥਿਤੀ, ਮਨੁੱਖੀ ਹੱਕਾਂ ਦੀ ਗੱਲ, ਪਦਾਰਥਵਾਦ, ਅਮੀਰੀ ਤੇ ਗ਼ਰੀਬੀ ਵਿਚਲੇ ਦਵੰਦ ਆਦਿ ਨੂੰ ਵਿਸ਼ੇ ਵਜੋਂ ਲਿਆ ਗਿਆ। ਪਿਆਰ, ਵਿਦਰੋਹ, ਦੁੱਖ, ਤ੍ਰਾਸਦੀ ਆਦਿ ਵਿਸ਼ਿਆਂ ਨੂੰ ਨਵੇਂ ਰੂਪ ਵਿਚ ਪੇਸ਼ ਕੀਤਾ। ਪਿਆਰ ਦਾ ਵਿਸ਼ਾ ਜਿਸ ਤਰ੍ਹਾਂ ਦਾ ਮੱਧਕਾਲ ਵਿਚ ਸੀ ਉਹ ਹੁਣ ਅਸਲੋਂ ਹੀ ਬਦਲ ਗਿਆ। "ਅਜੋਕੇ ਮਨੁੱਖ ਦੇ ਪਿਆਰ ਸੰਕਲਪ ਨੂੰ ਉਸ ਦੀ ਬੇਗਾਨਗੀ, ਉਸ ਦੀ ਇਕੱਲਤਾ ਅਤੇ ਉਸ ਦੇ ਵਿਅਕਤੀਵਾਦੀ ਦ੍ਰਿਸ਼ਟੀਕੋਣ ਨੂੰ ਜੋ ਰੂਪ ਦਿੱਤਾ ਹੈ, ਆਧੁਨਿਕਤਾਵਾਦੀ ਲੇਖਕ ਉਸੇ ਰੂਪ ਨੂੰ ਚਿਤਰਦਾ ਹੈ। ਅਰਥਾਤ ਸਮੇਂ ਦੇ ਬਦਲਣ ਨਾਲ ਹਰ ਵਿਸ਼ੇ ਵਿਚ ਪਰਿਵਰਤਨ ਆ ਗਿਆ। ਵਾਸਤਵ ਵਿਚ ਆਧੁਨਿਕਤਾ ਵਿਸ਼ੇਸ਼ ਰੁਚੀਆਂ ਦੀ ਸੂਚਕ ਹੈ। ਜਿਹੜੀਆਂ ਗਿਆਨ, ਵਿਗਿਆਨ ਅਤੇ ਮਨੋਵਿਗਿਆਨ ਦੀਆਂ ਆਧੁਨਿਕ ਖੋਜਾਂ ਦੇ ਸਿੱਟੇ ਵਜੋਂ ਕਲਾਕਾਰਾਂ ਅਤੇ ਸਾਹਿਤਕਾਰਾਂ ਵਿਚ ਉਤਪੰਨ ਹੋਈਆਂ ਹਨ। ਆਧੁਨਿਕਤਾ ਨੂੰ ਕਿਸੇ ਵਿਸ਼ੇਸ਼ ਕਾਲ ਜਾਂ ਯੁੱਗ ਨਾਲ ਜੋੜਨਾ ਠੀਕ ਨਹੀਂ ਕੋਈ ਪੁਰਾਤਨ ਜਾਂ ਮੱਧਕਾਲੀ ਕਵੀ ਵੀ ਆਧੁਨਿਕਵਾਦੀ ਹੋ ਸਕਦਾ ਹੈ ਬਸ਼ਰਤੇ ਕਿ ਉਸ ਦੇ ਵਿਚਾਰ ਮਨੁੱਖ ਨੂੰ ਤਰੱਕੀ ਦਾ ਰਾਹ ਦੱਸਣ। ਜੇਕਰ ਅਸੀਂ ਆਪਣੇ ਪੁਰਾਤਨ ਸਾਹਿਤ ਵੱਲ ਝਾਤ ਮਾਰੀਏ ਤਾਂ ਅਜਿਹੇ ਆਧੁਨਿਕ ਵਿਚਾਰ ਪ੍ਰਾਪਤ ਹੋਣਗੇ ਜੋ ਵਰਤਮਾਨ ਵਿਦਵਾਨਾਂ ਨੇ ਵੀ ਨਹੀਂ ਲਿਖੇ।

ਆਧੁਨਿਕਤਾ ਜਿਸ ਵਿਚ ਵਿਕਾਸ ਦੀ ਰਾਹ, ਮਾਨਸਿਕ ਸਥਿਤੀ, ਮਨੁੱਖੀ ਹੋਂਦ ਆਦਿ ਸੰਬੰਧੀ ਵਿਚਾਰ ਪੇਸ਼ ਕੀਤੇ ਜਾਂਦੇ ਹਨ, ਉਸ ਵਿਚ ਪਰੰਪਰਾ ਦਾ ਵੀ ਵਿਸ਼ੇਸ਼ ਸਥਾਨ ਹੈ। ਅਜਿਹੇ ਕਿੰਨੇ ਹੀ ਸਾਹਿਤਕਾਰ ਹਨ ਜਿਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਸਮਝਾਉਣ ਲਈ ਉਦਾਹਰਨਾਂ ਪਰੰਪਰਾਵਾਂ ਵਿਚੋਂ ਦਿੱਤੀਆਂ ਹਨ।

**ਨਵ-ਰਹੱਸਵਾਦੀ ਪ੍ਰਵਿਰਤੀ**

ਨਵ-ਰਹੱਸਵਾਦੀ ਪ੍ਰਵਿਰਤੀ ਰਹੱਸਵਾਦੀ ਪ੍ਰਵਿਰਤੀ ਦਾ ਹੀ ਵਿਸਥਾਰ ਹੈ। ਇਹਨਾਂ ਦੋਹਾਂ ਪ੍ਰਵਿਰਤੀਆਂ ਦੀ ਜੜ੍ਹ 'ਰਹੱਸ' ਸ਼ਬਦ ਨਾਲ ਜੁੜੀ ਹੋਈ ਹੈ। 'ਰਹੱਸ' ਦਾ ਸ਼ਾਬਦਿਕ ਅਰਥ ਹੈ ਅਪ੍ਰਗਟ ਅਰਥਾਤ ਲੁਕਿਆ ਹੋਇਆ ਇੱਥੇ ਸੰਸਾਰ ਦੀ ਮੂਲ ਸ਼ਕਤੀ ਅਰਥਾਤ ਪ੍ਰਮਾਤਮਾ ਨੂੰ ਅਗਿਆਤ ਅਤੇ ਅਪ੍ਰਗਟ ਕਿਹਾ ਗਿਆ ਹੈ ਜਿਸ ਸੰਬੰਧੀ ਜਾਣਨ ਦੀ ਸਭ ਇਨਸਾਨਾਂ ਦੀ ਇੱਛਾ ਹੁੰਦੀ ਹੈ। ਰਹੱਸਵਾਦੀ ਕਵੀਆਂ ਦਾ ਪ੍ਰਮਾਤਮਾ ਵਿਚ ਅਟੁੱਟ ਵਿਸ਼ਵਾਸ ਸੀ। ਜਦੋਂ ਮਨੁੱਖ ਧਾਰਮਿਕ ਕਰਮ-ਕਾਂਡ ਕਰਦਾ ਹੈ ਤਾਂ ਅਚੇਤ ਹੀ ਉਸ ਦੇ ਮਨ ਵਿਚ ਇੱਕ ਅਜੀਬ ਡਰ ਪੈਦਾ ਹੋ ਜਾਂਦਾ ਹੈ। ਇਸ ਡਰ ਕਾਰਨ ਹੀ ਇਨਸਾਨ ਚੰਗੇ ਕਰਮ ਕਰਦਾ ਹੈ ਤੇ ਰਹੱਸਵਾਦ ਦਾ ਆਗਮਨ ਹੁੰਦਾ ਹੈ। ਮੱਧਕਾਲ ਵਿਚ ਤਾਂ ਰਹੱਸਵਾਦ ਦਾ ਮਹੱਤਵ ਹੈ ਹੀ ਸੀ

ਪਰ ਆਧੁਨਿਕ ਕਾਲ ਵਿਚ ਵੀ ਕਈ ਕਵੀਆਂ ਨੇ ਇਸ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਸਾਹਿਤ ਰਚਨਾਵਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿਚ ਇਸ ਵਾਦ ਨੂੰ ਨਵ-ਰਹੱਸਵਾਦ ਕਿਹਾ ਗਿਆ ਰਹੱਸਵਾਦ ਸੰਬੰਧੀ ਸਾਹਿੱਤਿਕ ਵਾਦ ਅੰਕ ਵਿਚ ਵੀ ਬੜੀ ਸੂਝ ਤੇ ਸਮਝ ਅਨੁਸਾਰ ਵਿਚਾਰ ਪੇਸ਼ ਕੀਤੇ ਗਏ ਹਨ। "ਰਹੱਸਵਾਦ ਦੀ ਧਰਮ, ਸਾਹਿਤ ਤੇ ਆਮ ਜੀਵਨ ਵਿਚ ਇੱਕ ਵਿਸ਼ੇਸ਼ ਮਹੱਤਾ ਹੈ। ਇਹ 'ਵਾਦ' ਸਾਰੇ ਵਾਦਾਂ ਨਾਲੋਂ ਪੁਰਾਤਨ ਹੈ, ਕਿਉਂਕਿ ਬਾਕੀ ਸਾਰੇ 'ਵਾਦ' ਬਹੁਤ ਸਮਾਂ ਪਿੱਛੋਂ ਆਉਂਦੇ ਹਨ। ਅੱਜ ਵਿਗਿਆਨ ਤੇ ਤਕਨੀਕੀ ਉੱਨਤੀ ਦੇ ਜੰਗਲ ਵਿਚ ਉਲਝਿਆ ਹੋਇਆ ਮਨੁੱਖ ਮੁੜ ਆਪਣੀਆਂ ਜੜਾਂ ਲੱਭ ਰਿਹਾ ਹੈ ਤੇ ਉਹ ਇਸ ਖੋਜ ਤੇ ਯਤਨ ਵਿਚ ਰਹੱਸਵਾਦ ਦਾ ਸਹਾਰਾ ਲੈ ਕੇ ਹੀ ਸਫਲ ਹੋ ਸਕਦਾ ਹੈ ਤੇ ਆਪਣੇ ਜੀਵਨ ਨੂੰ ਸਾਰਥਕ ਬਣਾ ਸਕਦਾ ਹੈ। ਰਹੱਸਵਾਦੀ ਕਵੀਆਂ ਤੋਂ ਹੀ ਪ੍ਰੇਰਣਾ ਲੈ ਕੇ ਆਧੁਨਿਕ ਪੰਜਾਬੀ ਕਾਵਿ ਜਗਤ ਵਿਚ ਨਵ-ਰਹੱਸਵਾਦ ਦਾ ਆਗਮਨ ਹੋਇਆ ਜਿਸ ਦਾ ਆਰੰਭ ਪੰਜਾਬੀ ਸਾਹਿਤ ਦਾ ਬਾਬਾ ਬੋਹੜ ਕਹੇ ਜਾਂਦੇ ਭਾਈ ਵੀਰ ਸਿੰਘ ਨੇ ਕੀਤਾ। ਉਨ੍ਹਾਂ ਤੋਂ ਬਿਨਾਂ ਇਸ ਵਾਦ ਜਾਂ ਬਿਰਤੀ ਵਿਚ ਪ੍ਰੋ: ਪੂਰਨ ਸਿੰਘ, ਡਾ: ਮੋਹਨ ਸਿੰਘ ਦੀਵਾਨਾ, ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ ਆਦਿ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਭਾਵੇਂ ਕਿ ਇਹਨਾਂ ਮਹਾਨ ਪੰਜਾਬੀ ਕਵੀਆਂ ਨੇ ਨਵ-ਰਹੱਸਵਾਦ ਬਾਰੇ ਲਿਖਦੇ ਹੋਏ ਰਹੱਸਵਾਦ ਦਾ ਪੱਲਾ ਨਹੀਂ ਛੱਡਿਆ ਪਰ ਉਨ੍ਹਾਂ ਨੇ ਕੁੱਝ ਹੋਰ ਨਵੀਨ ਪੱਖਾਂ ਨੂੰ ਵੀ ਇਸ ਵਿਚ ਸ਼ਾਮਿਲ ਕੀਤਾ ਜਿਵੇਂ ਕਿ ਵਿਅਕਤੀਗਤ ਚੇਤਨਤਾ, ਸਰੀਰਕ ਰੰਗਣ, ਧਰਮ ਨੂੰ ਨਵੇਂ ਦ੍ਰਿਸ਼ਟੀਕੋਣ ਨਾਲ ਦੇਖਣਾ ਆਦਿ।

ਨਵ-ਰਹੱਸਵਾਦੀ ਕਵੀਆਂ ਨੇ ਪੁਰਾਣੀ ਵਿਚਾਰਧਾਰਾ ਨੂੰ ਸਮੇਂ ਦੀ ਲੋੜ ਅਨੁਸਾਰ, ਨਵਾਂ ਰੂਪ ਦੇ ਕੇ ਪੇਸ਼ ਕੀਤਾ ਹੈ। ਇਨ੍ਹਾਂ ਦੀ ਭਾਸ਼ਾ ਵੀ ਪੁਰਾਤਨ ਨਹੀਂ ਸਗੋਂ ਸਮੇਂ ਦੇ ਅਨੁਕੂਲ ਬਦਲੀ ਹੋਈ ਭਾਸ਼ਾ ਹੈ। ਇਹ ਆਮ ਕਰਕੇ ਅਲੌਕਿਕ ਨਹੀਂ ਸਗੋਂ ਲੌਕਿਕ ਹੈ। ਭਾਵੇਂ ਕਿ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਵਿਚ ਅਲੌਕਿਕਤਾ ਦਾ ਅੰਸ਼ ਵਧੇਰੇ ਹੈ ਪਰੰਤੂ ਸਫ਼ੀਰ ਦੀ ਕਵਿਤਾ ਦੋਹਾਂ ਦਾ ਸੁਮੇਲ ਦਰਸਾਉਂਦੀ ਹੈ। ਭਾਈ ਵੀਰ ਸਿੰਘ ਨੂੰ ਪਹਿਲਾ ਨਵ-ਰਹੱਸਵਾਦੀ ਕਵੀ ਮੰਨਿਆ ਗਿਆ ਹੈ। ਉਨ੍ਹਾਂ ਨੇ ਪ੍ਰਮਾਤਮਾ ਨੂੰ ਕੁਦਰਤ ਵਿਚੋਂ ਅਤੇ ਧਰਤੀ ਦੇ ਕਣ-ਕਣ ਵਿਚੋਂ ਦੇਖਿਆ। ਇਸੇ ਕਾਰਨ ਉਹ ਪ੍ਰਮਾਤਮਾ ਦੀ ਬਣਾਈ ਇਸ ਸੁੰਦਰ ਕਿਰਤ ਦੀ ਪ੍ਰਸ਼ੰਸਾ ਕਰਦਾ ਹੋਇਆ ਸੰਪੂਰਨ ਮਨੁੱਖਤਾ ਨੂੰ ਇਸ ਦੀ ਸਾਂਭ ਸੰਭਾਲ ਕਰਨ ਦਾ ਹੋਕਾ ਦਿੰਦਾ ਹੈ। ਭਾਈ ਸਾਹਿਬ ਦੀਆਂ ਕਵਿਤਾਵਾਂ ਨੂੰ ਪੜ੍ਹਨ ਉਪਰੰਤ ਅਸੀਂ ਨਿਰਸੰਕੋਚ ਉਨ੍ਹਾਂ ਨੂੰ ਪ੍ਰਭੂ-ਪ੍ਰੀਤ ਦਾ ਕਵੀ ਕਹਿ ਸਕਦੇ ਹਾਂ। ਉਨ੍ਹਾਂ ਅਨੁਸਾਰ ਮਨੁੱਖ ਅਤੇ ਪ੍ਰਮਾਤਮਾ ਦੀ ਪ੍ਰੀਤ ਇੱਕ ਪਾਸੜ ਨਹੀਂ ਹੁੰਦੀ ਸਗੋਂ ਪ੍ਰਮਾਤਮਾ ਵੀ ਉਸ ਨੂੰ ਆਪਣੇ ਵੱਲ ਖਿੱਚਦਾ ਹੈ। ਕਈ ਵਾਰ ਤਾਂ ਭਾਈ ਵੀਰ ਸਿੰਘ ਕੁਦਰਤ ਤੇ ਪ੍ਰਮਾਤਮਾ ਬਾਰੇ ਲਿਖਦਾ ਐਨਾ ਮਗਨ ਹੋ ਜਾਂਦਾ ਹੈ ਕਿ ਉਸ ਨੂੰ ਸਮਾਜ ਦਾ ਚੇਤਾ ਵੀ ਨਹੀਂ ਰਹਿੰਦਾ। ਪ੍ਰਮਾਤਮਾ ਨੂੰ ਕਾਵਿ-ਸਿਰਜਨਾ ਦਾ ਮੁੱਖ ਸੋਮਾ ਮੰਨ ਲੈਣ ਕਰਕੇ ਹੀ ਭਾਈ ਸਾਹਿਬ ਦੀ ਰਚਨਾ ਬਹੁਤਾ ਕਰਕੇ ਸਮਾਜਕਤਾ ਤੋਂ ਮੁਕਤ ਹੋ ਜਾਂਦੀ ਹੈ। ਭਾਵੇਂ ਧਰਮ ਵਿਚ ਸਮਾਜਕਤਾ ਦੇ ਪੱਖ ਦਾ ਤਿਆਗ ਤਾਂ ਨਹੀਂ ਕੀਤਾ ਜਾਂਦਾ ਪਰ ਸਮਾਜਕਤਾ ਨਾਲੋਂ ਅਧਿਆਤਮਿਕਤਾ ਉੱਪਰ ਬਲ ਵੱਧ ਜਾਂਦਾ ਹੈ ਅਤੇ ਪਾਠਕ ਬਾਹਰਲੀ ਸੁੰਦਰਤਾ ਨਾਲੋਂ ਅੰਦਰੂਨੀ ਖਿੱਚ ਵੱਲ ਜ਼ਿਆਦਾ ਰੁਚਿਤ ਰਹਿੰਦਾ ਹੈ। ਭਾਈ ਵੀਰ ਸਿੰਘ ਦੀਆਂ ਨਵ-ਰਹੱਸਵਾਦ ਨਾਲ ਸੰਬੰਧਿਤ ਕਵਿਤਾ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ :

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ  
ਅਸਾਂ ਧਾਹ ਗਲਵਕੜੀ ਪਾਈ ।  
ਨਿਰਾ ਨੂਰ ਤੁਸੀਂ ਹੱਥ ਨਾ ਆਏ  
ਸਾਡੀ ਕੰਬਦੀ ਰਹੀ ਕਲਾਈ

ਭਾਈ ਵੀਰ ਸਿੰਘ ਤੋਂ ਬਾਅਦ ਪ੍ਰੋ: ਪੂਰਨ ਸਿੰਘ ਨੂੰ ਨਵ-ਰਹੱਸਵਾਦੀ ਕਵੀ ਕਿਹਾ ਜਾਂਦਾ ਹੈ ਜਿਸ ਨੇ ਪ੍ਰਮਾਤਮਾ 'ਤੇ ਵਿਸ਼ਵਾਸ ਵੀ ਰੱਖਿਆ ਪਰ ਧਰਮ ਨੂੰ ਤਰਕ ਦੀ ਕਸਵੱਟੀ ਤੇ ਤੋਲਿਆ ਵੀ। ਜਿੱਥੇ ਪਹਿਲਾਂ ਸਮੁੱਚੇ ਰਹੱਸਵਾਦ ਵਿਚ ਸਹਿਜ ਵਿਸ਼ਵਾਸ ਦੀ ਭਾਵਨਾ ਮਿਲਦੀ ਹੈ। ਉੱਥੇ ਨਵ-ਰਹੱਸਵਾਦ ਵਿਚ ਸ਼ਰਧਾ ਤੇ ਕੋਰੇ ਸਹਿਜ ਵਿਸ਼ਵਾਸ ਨੂੰ ਕੋਈ ਸਥਾਨ ਹਾਸਲ ਨਹੀਂ ਹੈ, ਸਗੋਂ ਹਰ ਚੀਜ਼ ਤਰਕ ਦੀ ਕਸਵੱਟੀ ਉੱਪਰ ਪਰਖੀ ਜਾਂਦੀ ਹੈ। ਪ੍ਰੋ: ਪੂਰਨ ਸਿੰਘ ਵੀ ਪ੍ਰਮਾਤਮਾ ਦੀ ਪ੍ਰਾਪਤੀ ਦੀ ਗੱਲ ਕਰਦਾ ਹੋਇਆ ਧਾਰਮਿਕ ਨਿਯਮਾਂ ਨੂੰ ਨਹੀਂ ਮੰਨਦਾ ਸਗੋਂ ਪ੍ਰਮਾਤਮਾ ਨੂੰ ਇੱਕ ਪ੍ਰੇਮੀ ਵਜੋਂ ਵੇਖਦਾ ਹੋਇਆ ਉਸ ਦੇ ਪਿਆਰ ਨੂੰ ਅਨੁਭਵ ਕਰਦਾ ਹੈ। "ਕਵੀ ਲਈ ਇਹ ਅਧਿਆਤਮਿਕ ਆਸਥਾ ਹੀ ਸਭ ਕੁੱਝ ਹੈ, ਇਸ ਤੋਂ ਭਿੰਨ ਉਸ ਨੂੰ ਕਿਸੇ ਚੀਜ਼ ਦੀ ਲੋੜ ਨਹੀਂ, ਨਾ ਕਿਸੇ ਧਰਮ-ਮਾਰਗ ਜਾਂ ਧਰਮ-ਮੰਦਿਰ ਦੀ ਲੋੜ ਹੈ। ਪ੍ਰੀਤਮ ਦੀ ਪ੍ਰਾਪਤੀ ਵਿਚ ਉਸ ਨੂੰ ਸਭ ਕੁੱਝ ਪ੍ਰਾਪਤ ਹੈ। ਉਹੀ ਉਸ ਦਾ ਸਰਬੰਸ ਹੈ। ਪੂਰਨ ਸਿੰਘ ਪ੍ਰਮਾਤਮਾ ਦੀ ਪ੍ਰਾਪਤੀ ਲਈ ਕਿਸੇ ਨਿਯਮ ਜਾਂ ਧਾਰਮਿਕ ਕਰਮ ਕਾਂਡ ਨੂੰ ਨਹੀਂ ਮੰਨਦਾ। ਨਵ-ਰਹੱਸਵਾਦ ਨਾਲ ਸੰਬੰਧਿਤ ਉਸ ਦੇ ਵਿਚਾਰ ਹੇਠ ਲਿਖੀਆਂ ਕਾਵਿ ਸਤਰਾਂ ਵਿਚੋਂ ਦੇਖੇ ਜਾ ਸਕਦੇ ਹਨ :

ਜੇ ਤੂੰ ਮੇਰਾ ਹੋਵੇਂ  
ਮੈਂ ਦੇਖਾਂ ਨਿੱਤ ਤੈਨੂੰ

ਤਾਂ ਮੰਦਰ ਦੀ ਨਾਂਹ ਲੋੜ ਮੈਨੂੰ
ਮਸਜਿਦ ਗਿਰਜਾ ਮੇਰਾ ਤੂੰ ਹੈਂ।

ਪ੍ਰੋ: ਪੂਰਨ ਸਿੰਘ ਤੋਂ ਪਿੱਛੋਂ ਪ੍ਰੀਤਮ ਸਿੰਘ 'ਸਫ਼ੀਰ' ਇੱਕ ਅਜਿਹਾ ਕਵੀ ਹੈ ਜਿਸ ਦੀ ਕਾਵਿ ਪ੍ਰੇਰਣਾ ਦਾ ਸੋਮਾ 'ਰੱਬੀ-ਪਿਆਰ ਹੈ। ਸਫ਼ੀਰ ਦੀਆਂ ਕਵਿਤਾਵਾਂ ਵਿਚਲਾ ਨਵ-ਰਹੱਸਵਾਦੀ ਪੱਖ ਹੇਠ ਲਿਖੇ ਅਨੁਸਾਰ ਹੈ :

ਪ੍ਰੀਤਮ ਸਿੰਘ ਸਫ਼ੀਰ ਤੋਂ ਬਾਅਦ ਨਵ-ਰਹੱਸਵਾਦੀ ਕਵਿਤਾ ਵਿਚ ਜਸਵੰਤ ਸਿੰਘ 'ਨੇਕੀ ਦਾ ਨਾਂ ਭੁੱਲਣਾ ਨਹੀਂ ਚਾਹੀਦਾ। ਨੇਕੀ ਨੇ ਆਪਣੀ ਕਵਿਤਾ ਵਿਚ ਇਸ ਬਿਰਤੀ ਨੂੰ ਪ੍ਰਧਾਨਤਾ ਦਿੱਤੀ।"ਰਹੱਸਵਾਦੀ ਕਵਿਤਾ ਦੇ ਪਿੜ ਵਿਚ ਜਸਵੰਤ ਸਿੰਘ 'ਨੇਕੀ' ਦਾ ਨਾਂ ਬੜਾ ਉੱਘਾ ਹੈ। ਉਹ ਕਵਿਤਾ ਲਿਖਦਾ ਹੀ ਨਹੀਂ ਸਗੋਂ ਸਿਰਜਦਾ ਹੈ। ਉਸ ਦੀ ਕਾਵਿ-ਕਲਾ ਜੁਗਤ ਤੇ ਸ਼ਬਦ-ਪ੍ਰਬੰਧ ਦੀ ਨੁਹਾਰ ਬੜੀ ਨਵੇਕਲੀ ਤੇ ਨਿਰਾਲੀ ਹੈ। ਉਹ ਚਿੰਨ੍ਹਾਂ ਤੇ ਪ੍ਰਤੀਕਾਂ ਦੀ ਬਹੁਤ ਘੱਟ ਸਹਾਇਤਾ ਲੈਂਦਾ ਹੈ ਇਸ ਦੇ ਵਿਪਰੀਤ ਸਗੋਂ ਉਹ ਆਪਣੇ ਭਾਵਾਂ ਨੂੰ ਅਮੂਰਤ ਢੰਗ ਨਾਲ ਪੇਸ਼ ਕਰਦਾ ਹੈ।' ਨੇਕੀ ਦੀ ਨਵ-ਰਹੱਸਵਾਦ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ :

ਮੈਂ ਏਸ ਮੰਚ ਤੇ ਨਚਦਾ ਸਾਂ ਕਿਸ ਇਸ਼ਾਰੇ ਤੇ ?
ਮੇਰਾ ਸਥਾਨ ਹੈ ਕਿਉਂ ਧੜਕਦੇ ਸਿਤਾਰੇ ਤੇ ?

ਨਵ-ਰਹੱਸਵਾਦ ਬਿਰਤੀ ਵਿਚ ਬਾਵਾ ਬਲਵੰਤ ਨੂੰ ਵੀ ਭੁੱਲਿਆ ਨਹੀਂ ਜਾ ਸਕਦਾ ਪਰ ਉਸ ਨੇ ਇਸ ਵਾਦ ਵਿਚ ਆਪਣੇ ਨਵੇਂ ਵਿਚਾਰ ਪੇਸ਼ ਕੀਤੇ। ਪ੍ਰੀਤਮ ਸਿੰਘ ਸਫ਼ੀਰ ਅਤੇ ਬਾਵਾ ਬਲਵੰਤ ਅਧਿਆਤਮਵਾਦੀ ਰੁਚੀਆਂ ਰੱਖਦੇ ਹਨ। ਇਨ੍ਹਾਂ ਦੋਹਾਂ ਵਿਚੋਂ ਪ੍ਰੀਤਮ ਸਿੰਘ ਸਫ਼ੀਰ ਭੌਤਿਕਵਾਦ ਤੋਂ ਅਧਿਆਤਮਵਾਦ ਵੱਲ ਗਿਆ ਹੈ ਅਤੇ ਬਾਵਾ ਬਲਵੰਤ ਅਧਿਆਤਮਵਾਦ ਵੱਲੋਂ ਭੌਤਿਕਵਾਦ ਵੱਲ ਆਇਆ ਹੈ। ਬਾਵਾ ਬਲਵੰਤ ਸਮੇਂ ਦੀ ਮੰਗ ਅਨੁਸਾਰ ਭੌਤਿਕਵਾਦੀ ਹੋ ਗਿਆ ਪਰ ਉਸ ਦੁਆਰਾ ਨਵ ਰਹੱਸਵਾਦ ਵਿਚ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ ਇਸ ਪ੍ਰਵਿਰਤੀ ਨੇ 20ਵੀਂ ਸਦੀ ਵਿਚ ਮੁਸ਼ਕਲਾਂ ਨਾਲ ਜੂਝ ਰਹੇ ਇਨਸਾਨ ਨੂੰ ਆਤਮਿਕ ਸ਼ਾਂਤੀ ਦੇ ਕੇ ਸੰਤੁਲਨ ਵਿਚ ਰੱਖਿਆ ਭਾਵੇਂ ਕਿ ਇਸ ਪ੍ਰਵਿਰਤੀ ਵਿਚ ਸਮੇਂ ਦੀ ਮੰਗ ਅਨੁਸਾਰ ਕਈ ਤਬਦੀਲੀਆਂ ਵੀ ਕੀਤੀਆਂ ਗਈਆਂ ਤਾਂ ਵੀ ਇਸ ਦੇ ਪ੍ਰਭਾਵ ਹੇਠ ਰਚੀਆਂ ਗਈਆਂ ਕਵਿਤਾਵਾਂ ਵਿਚੋਂ ਆਤਮਿਕ ਆਨੰਦ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ ਤੇ ਕਲਯੁੱਗ ਦੇ ਤਪਦੇ ਰੇਗਿਸਤਾਨ ਵਿਚ ਵੀ ਪ੍ਰਮਾਤਮਾ ਦੀ ਮਿਹਰ ਰੂਪੀ ਛਾਂ ਦਾ ਆਨੰਦ ਮਾਣ ਸਕਦੇ ਹਾਂ।

**ਰੁਮਾਂਸਵਾਦੀ ਪ੍ਰਵਿਰਤੀ**

ਰੁਮਾਂਸਵਾਦੀ ਪ੍ਰਵਿਰਤੀ ਹਮੇਸ਼ਾਂ ਕਿਸੇ ਨਾ ਕਿਸੇ ਦੇਸ਼ ਦੇ ਸਾਹਿਤ ਵਿਚ ਵਿਦਮਾਨ ਰਹੀ ਹੈ। ਇਸ ਵਿਚਲਾ ਕਲਪਨਾਮਈ ਸੰਸਾਰ ਯਥਾਰਥ ਤੋਂ ਕਿਤੇ ਸੁੰਦਰ, ਮਨਮੋਹਕ ਤੇ ਆਨੰਦ ਦੇਣ ਵਾਲਾ ਹੁੰਦਾ ਹੈ। ਜ਼ਿਆਦਾ ਲੋਕ ਰੁਮਾਂਸਵਾਦ ਵਿਚ ਸਿਰਫ਼ ਪਿਆਰ ਨੂੰ ਮਹੱਤਵ ਦਿੰਦੇ ਹਨ ਪਰ ਅਜਿਹਾ ਨਹੀਂ ਹੈ। ਇਸ ਵਿਚ ਤਾਂ ਕਲਪਨਾ ਰਾਹੀਂ ਇੱਕ ਸਾਧਾਰਨ ਇਨਸਾਨ ਅਸੀਂ ਉਡਾਰੀਆਂ ਮਾਰ ਸਕਦਾ ਹੈ, ਕੁਦਰਤੀ ਸੁੰਦਰਤਾ ਨਾਲ ਇੱਕ ਸਰ ਹੋ ਸਕਦਾ ਹੈ ਤੇ ਬੜੀਆਂ ਅਦਭੁਤ ਘਟਨਾਵਾਂ ਦਾ ਆਨੰਦ ਮਾਣ ਸਕਦਾ ਹੈ। ਮਨੁੱਖ ਕਈ ਵਾਰ ਜ਼ਿੰਦਗੀ ਦੇ ਸੱਚ ਤੋਂ ਉਕਤਾ ਜਾਂਦਾ ਹੈ ਤੇ ਕਲਪਨਾ ਰਾਹੀਂ ਅਸਚਰਜ ਤੇ ਅਦਭੁਤ ਸੰਸਾਰ ਵਿਚ ਪਹੁੰਚਣਾ ਚਾਹੁੰਦਾ ਹੈ। ਅਜਿਹਾ ਹੀ ਰੁਮਾਂਸਵਾਦੀ ਪ੍ਰਵਿਰਤੀ ਨੂੰ ਯਥਾਰਥਵਾਦ ਦੀ ਵਿਰੋਧੀ ਵੀ ਕਿਹਾ ਜਾ ਸਕਦਾ ਹੈ। ਰੁਮਾਂਸਵਾਦ ਜ਼ਿੰਦਗੀ ਨੂੰ ਉਸੇ ਤਰ੍ਹਾਂ ਪੇਸ਼ ਨਹੀਂ ਕਰਦਾ ਜਿਸ ਤਰਾਂ ਇਹ ਹੁੰਦੀ ਹੈ ਸਗੋਂ ਇਸ ਵਿਚ ਸੁੰਦਰਤਾ ਤੇ ਕਲਪਨਾ ਰੰਗ ਭਰ ਕੇ ਮਨਮੋਹਕ ਬਣਾ ਦਿੰਦਾ ਹੈ। ਕਈ ਵਾਰ ਇਨਸਾਨ ਅਸਲ ਜ਼ਿੰਦਗੀ ਵਿਚਲੇ ਸੰਘਰਸ਼ ਤੋਂ ਹਾਰ ਕੇ ਕਲਪਨਾਮਈ ਸੰਸਾਰ ਦਾ ਸਹਾਰਾ ਲੈਂਦਾ ਹੈ, ਜਿਸ ਵਿਚ ਉਹ ਆਪਣੇ ਸਾਰੇ ਦੁੱਖਾਂ ਦਾ ਦਾਰੂ ਲੱਭਦਾ ਹੈ। ਰੁਮਾਂਸਵਾਦ ਵਿਚ ਕਲਪਨਾ ਜ਼ਿਆਦਾ ਹੋਣ ਕਾਰਨ ਹੀ ਇਹ ਯਥਾਰਥ ਤੋਂ ਦੂਰ ਕਿਸੇ ਅਦਭੁਤ ਸੰਸਾਰ ਦੀ ਹੀ ਗੱਲ ਕਰਦਾ ਹੈ।'' ਰੁਮਾਂਚਕ ਅੰਗਰੇਜ਼ੀ ਪਦ ਰੋਮਾਂਟਿਕ (ROMANTIC) ਦਾ ਪੰਜਾਬੀ ਪਰਿਆਇ ਨਿਸ਼ਚਿਤ ਕੀਤਾ ਗਿਆ ਹੈ। ਜਿਸ ਦੇ ਕੋਸ਼ਗਤ ਅਰਥ ਹਨ ਝੂਠੀ ਕਹਾਣੀ। ਪਰੰਤੂ ਇਸ ਸ਼ਬਦ ਦੇ ਅਰਥਾਂ ਅਤੇ ਆਰੰਭ ਸੰਬੰਧੀ ਵਿਦਵਾਨਾਂ ਵਿਚ ਇੱਕ ਮੱਤ ਨਹੀਂ ਹੈ। ਫਿਰ ਵੀ ਅਸਚਰਜਤਾ, ਸੁਤੰਤਰਤਾ, ਸੁੰਦਰਤਾ, ਪਰਾਸਰੀਰਕਤਾ, ਪਲਾਇਨਵਾਦ, ਪ੍ਰਕਿਰਤੀ ਚਿਤਰਣ ਆਦਿ ਸੰਕਲਪ ਰੁਮਾਂਸਵਾਦ ਦੇ ਮੁੱਢਲੇ ਲੱਛਣ ਬਣ ਚੁੱਕੇ ਹਨ। ਪੰਜਾਬੀ ਸਾਹਿਤ ਵਿਚ ਰੁਮਾਂਸਵਾਦ ਪ੍ਰਵਿਰਤੀ ਕਿੱਸਾ ਸਾਹਿਤ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਕਿਉਂਕਿ ਕਿੱਸਾਕਾਰਾਂ ਨੇ ਜ਼ਿਆਦਾਤਰ ਆਪਣੇ ਵਿਸ਼ੇ ਪਿਆਰ ਨਾਲ ਸੰਬੰਧਿਤ ਹੀ ਲਏ ਹਨ ਜਿਨ੍ਹਾਂ ਵਿਚ ਕਲਪਨਾ ਦਾ ਤੱਤ ਵਧੇਰੇ ਹੁੰਦਾ ਹੈ। ਪਰ ਇਸ ਪ੍ਰਵਿਰਤੀ ਨੇ ਆਧੁਨਿਕ ਸਾਹਿਤ ਵਿਚ ਹੀ ਜ਼ਿਆਦਾ ਵਿਕਾਸ ਕੀਤਾ। ਆਧੁਨਿਕ ਕਵਿਤਾ ਦਾ ਮੋਢੀ ਭਾਈ ਵੀਰ ਸਿੰਘ ਤੋਂ ਲੈ ਕੇ ਹੁਣ ਦੇ ਸਮੇਂ ਵਿਚਲਾ ਹਰ ਇੱਕ ਕਵੀ ਇਸ ਪ੍ਰਵਿਰਤੀ ਤੋਂ ਪ੍ਰਭਾਵਿਤ ਹੈ। ਕਈ ਵਿਦਵਾਨ ਰੁਮਾਂਸਵਾਦੀ ਪ੍ਰਵਿਰਤੀ ਦਾ ਆਰੰਭ ਪ੍ਰੋ: ਮੋਹਨ ਸਿੰਘ ਤੋਂ ਮੰਨਦੇ ਹਨ ਪਰ ਅਜਿਹਾ ਨਹੀਂ ਹੈ ਸਗੋਂ ਇਸ ਦਾ ਆਰੰਭ ਭਾਈ ਵੀਰ ਸਿੰਘ ਤੋਂ ਹੁੰਦਾ ਹੈ ਕਿਉਂਕਿ ਉਨ੍ਹਾਂ ਨੇ ਕੁਦਰਤੀ ਸੁੰਦਰਤਾ ਦੇ ਅਦਭੁਤ ਨਜ਼ਾਰਿਆਂ ਨੂੰ ਕਲਪਨਾ ਦੀ ਛੋਹ ਦੇ ਕੇ

ਅਮਰ ਬਣਾ ਦਿੱਤਾ ਹੈ। ਸੋ ਰੁਮਾਂਸਵਾਦੀ ਪ੍ਰਵਿਰਤੀ ਵਿਚ ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ, ਪ੍ਰੋ: ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਸ਼ਿਵ ਕੁਮਾਰ ਬਟਾਲਵੀ ਦਾ ਨਾਂ ਲਿਆ ਜਾ ਸਕਦਾ ਹੈ।

ਰੁਮਾਂਸਵਾਦੀ ਪ੍ਰਵਿਰਤੀ ਵਿਚ ਸਭ ਤੋਂ ਪਹਿਲਾਂ ਭਾਈ ਵੀਰ ਸਿੰਘ ਦਾ ਨਾਂ ਲਿਆ ਜਾ ਸਕਦਾ ਹੈ ਕਿਉਂਕਿ ਉਹ ਕੁਦਰਤ ਦੇ ਕਵੀ ਵਜੋਂ ਜਾਣੇ ਜਾਂਦੇ ਹਨ, ਉਹ ਮਨੁੱਖਾਂ ਨਾਲੋਂ ਕੁਦਰਤ ਦੇ ਜ਼ਿਆਦਾ ਨੇੜੇ ਰਹੇ। ਇਸੇ ਕਾਰਨ ਹੀ ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਵਿਚ ਕੁਦਰਤ ਦਾ ਮਾਨਵੀਕਰਨ ਕਰਦੇ ਹੋਏ ਇਹ ਵਿਚਾਰ ਪੇਸ਼ ਕੀਤਾ ਕਿ ਕੁਦਰਤ ਵੀ ਮਨੁੱਖਾਂ ਦੀ ਤਰ੍ਹਾਂ ਹਰ ਦੁੱਖ ਦਰਦ ਨੂੰ ਅਨੁਭਵ ਕਰਦੀ ਹੈ। ਭਾਈ ਵੀਰ ਸਿੰਘ ਨੇ ਆਪਣੀਆਂ ਕਵਿਤਾਵਾਂ ਵਿਚ ਵੇਲਾਂ ਬੂਟਿਆਂ, ਨਦੀਆਂ, ਝਰਨਿਆਂ ਤੇ ਫੁੱਲਾਂ ਆਦਿ ਦਾ ਮਾਨਵੀਕਰਨ ਪੇਸ਼ ਕੀਤਾ ਹੈ।

-ਪ੍ਰੋ: ਪੂਰਨ ਸਿੰਘ ਦਾ ਨਾਂ ਰੁਮਾਂਸਵਾਦੀ ਪ੍ਰਵਿਰਤੀ ਵਿਚ ਭਾਈ ਵੀਰ ਸਿੰਘ ਤੋਂ ਬਾਅਦ ਆਉਂਦਾ ਹੈ। ਪਰ ਕਈ ਜਗਾ ਉਹ ਵੀ ਸਾਨੂੰ ਕੁਦਰਤ ਦਾ ਕਵੀ ਹੀ ਪ੍ਰਤੀਤ ਹੁੰਦਾ ਹੈ। ਉਹ ਕੁਦਰਤ ਨਾਲ ਇੱਕ ਸੁਰ ਹੋਣਾ ਚਾਹੁੰਦਾ ਹੈ। ਉਹ ਕੁਦਰਤ ਦੇ ਬਣਾਏ ਦਰਿਆਵਾਂ, ਪਸ਼ੂਆਂ ਆਦਿ ਨਾਲ ਗਲਵੱਕੜੀ ਪਾਉਣੀ ਚਾਹੁੰਦਾ ਹੈ। ਅਸਲ ਵਿਚ ਪੂਰਨ ਸਿੰਘ ਨੂੰ ਆਪਣੀ ਜ਼ਿੰਦਗੀ ਵਿਚ ਕਿਸੇ ਪ੍ਰਕਾਰ ਦਾ ਬੰਧਨ ਪ੍ਰਵਾਨ ਨਹੀਂ ਸੀ ਇਸੇ ਕਾਰਨ ਉਹ ਪ੍ਰਕਿਰਤੀ ਵਾਂਗ ਖੁੱਲ ਮਾਣਨਾ ਚਾਹੁੰਦਾ ਹੋਇਆ ਇਸ ਸੰਬੰਧੀ ਕਾਫ਼ੀ ਕੁੱਝ ਲਿਖਦਾ ਹੈ। ਉਹ ਪ੍ਰਕਿਰਤੀ ਦੀਆਂ ਬੇਜ਼ਬਾਨ ਵਸਤੂਆਂ ਵਿਚ ਜਾਨ ਪਾ ਕੇ ਮਨੁੱਖ ਨੂੰ ਉਨ੍ਹਾਂ ਦਾ ਹਮਦਰਦ ਤੇ ਭਾਈਵਾਲ ਬਣਾਉਣਾ ਚਾਹੁੰਦਾ ਹੈ। ਪ੍ਰਕਿਰਤੀ ਤੋਂ ਬਿਨਾਂ ਪੂਰਨ ਸਿੰਘ ਪੰਜਾਬ ਦੀਆਂ ਮੁਟਿਆਰਾਂ ਦੀ ਸੁੰਦਰਤਾ, ਗੱਭਰੂਆਂ ਦੀ ਜਵਾਨੀ, ਪੰਜਾਬ ਦੀਆਂ ਪ੍ਰੀਤ ਕਹਾਣੀਆਂ ਆਦਿ ਬਾਰੇ ਚਰਚਾ ਕਰਦਾ ਹੋਇਆ ਰੁਮਾਂਸਵਾਦੀ ਬਣ ਜਾਂਦਾ ਹੈ। ਸੋ ਪੰਜਾਬ ਲਈ ਪਿਆਰ ਵੀ ਰੁਮਾਂਸਵਾਦੀ ਵਿਚਾਰਾਂ ਨਾਲ ਓਤਪ੍ਰੋਤ ਹੈ।

'ਓਏ ! ਮੈਂ ਪੜ੍ਹਨ ਪੜ੍ਹਨ ਸਾਰਾ ਛੱਡਿਆ ...............

ਪ੍ਰੋ: ਪੂਰਨ ਸਿੰਘ ਤੋਂ ਬਾਅਦ ਪ੍ਰੋ: ਮੋਹਨ ਸਿੰਘ ਨੂੰ ਰੁਮਾਂਸਵਾਦੀ ਪ੍ਰਵਿਰਤੀ ਵਿਚ ਇੱਕ ਵਿਸ਼ੇਸ਼ ਸਥਾਨ ਪ੍ਰਾਪਤ ਹੋਇਆ। ਉਹ ਆਪਣੀ ਪਤਨੀ ਬਸੰਤ ਦੀ ਮੌਤ ਤੋਂ ਬਾਅਦ ਹੀਂ ਕਵੀ ਬਣਿਆਂ "ਮੋਹਨ ਕਿੰਝ ਬਣਦਾ ਤੂੰ ਸ਼ਾਇਰ, ਜੇਕਰ ਮੈਂ ਨਾ ਮਰਦੀ| ਅਸਲ ਵਿਚ ਮੋਹਨ ਸਿੰਘ ਦੇ ਮਨ ਵਿਚਲੇ ਭਾਵਾਂ ਨੂੰ ਬਸੰਤ ਦੀ ਮੌਤ ਨਾਲ ਹੀ ਬੋਲ ਮਿਲੇ। ਮੋਹਨ ਸਿੰਘ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਸ ਪ੍ਰਵਿਰਤੀ ਦਾ ਸਭ ਤੋਂ ਵੱਧ ਸਮਰੱਥ ਕਵੀ ਹੈ। ਕਈ ਵਿਦਵਾਨ ਉਸ ਨੂੰ ਪਿਆਰ ਦਾ ਕਵੀ ਕਹਿ ਕੇ ਵੀ ਸੰਬੋਧਿਤ ਕਰਦੇ ਹਨ।ਪਿਆਰਾ ਸਿੰਘ ਪਦਮ ਵੀ ਮੋਹਨ ਸਿੰਘ ਨੂੰ ਆਧੁਨਿਕ ਕਾਵਿ ਦੀ ਰੋਮਾਂਟਿਕ ਧਾਰਾ ਦਾ ਸਿਰਮੌਰ ਕਲਾਕਾਰ ਕਹਿੰਦਾ ਹੈ। ਉਸ ਅਨੁਸਾਰ, ਇਹ ਮੰਨਣਾ ਪੈਂਦਾ ਹੈ ਕਿ ਪ੍ਰੋ. ਮੋਹਨ ਸਿੰਘ ਆਧੁਨਿਕ ਕਾਵਿ ਦੀ ਰੋਮਾਂਟਿਕ ਧਾਰਾ ਦਾ ਸਿਰਮੌਰ ਕਲਾਕਾਰ ਹੈ। ਜਿਸ ਦੇ ਖ਼ਿਆਲਾਂ ਦੇ ਚਮਤਕਾਰ ਤੇ ਰੂਪਕ ਨੁਹਾਰ ਪੰਜਾਬੀ ਕਵਿਤਾ ਦਾ ਪ੍ਰੋੜਤਾ ਦਾ ਪ੍ਰਮਾਣ ਹੈ ਉਸ ਨੇ ਜੋ ਆਖਿਆ ਉਹ ਅਤਿ ਹੁਸੀਨ ਅੰਦਾਜ਼ ਵਿਚ ਪਰੰਪਰਾ ਅਤੇ ਆਧੁਨਿਕਤਾ ਨੂੰ ਮਿਲਾ ਕੇ ਆਖਿਆ ਤੇ ਉਸ ਨਾਲ ਪੰਜਾਬੀ ਸਾਹਿਤ ਦੇ ਸੁਹਜ ਨੂੰ ਚਾਰ ਚੰਨ ਲੱਗੇ।

ਮੋਹਨ ਸਿੰਘ ਦਾ ਰੁਮਾਂਸਵਾਦ ਨਿੱਜੀ ਪਿਆਰ ਦੇ ਪ੍ਰਗਟਾਅ ਨਾਲ ਆਰੰਭ ਹੁੰਦਾ ਹੈ । ਪਰ ਹੌਲੀ-ਹੌਲੀ ਲੋਕ ਪਿਆਰ ਨੂੰ ਵੀ ਆਪਣੇ ਵਿਸ਼ੇ ਦੇ ਕਲਾਵੇ ਵਿਚ ਭਰ ਲੈਂਦਾ ਹੈ। ਅਸਲ ਵਿਚ ਮੋਹਨ ਸਿੰਘ ਨੇ ਜਿਵੇਂ ਕਿ ਆਪਣੀਆਂ ਕਵਿਤਾਵਾਂ ਵਿਚ ਵੀ ਲਿਖਿਆ ਹੈ ਕਿ ਪ੍ਰਮਾਤਮਾ ਨੇ ਹੀ ਹੁਸਨ ਦੀ ਸਿਰਜਣਾ ਕੀਤੀ ਤੇ ਇਸ ਹੁਸਨ ਨੂੰ ਵੇਖ ਕੇ ਹੀ ਉਸ ਨੇ ਕਵਿਤਾ ਬਾਰੇ ਲਿਖਿਆ :

ਆਪਣੀ ਜਾਤ ਵਿਖਾਲਣ ਬਦਲੇ ਰੱਬ ਨੇ ਹੁਸ਼ਨ ਬਣਾਇਆ। ਵੇਖ ਹੁਸਨ ਦੇ ਤਿਖੇ ਜਲਵੇ, ਜ਼ੋਰ ਇਸ਼ਕ ਨੇ ਪਾਇਆ।

ਮੋਹਨ ਸਿੰਘ ਪਿਆਰ ਦਾ ਕਵੀ ਹੋਇਆ ਜਿਵੇਂ-ਜਿਵੇਂ ਉਸ ਦਾ ਅਨੁਭਵ ਵੱਧਦਾ ਗਿਆ। ਉਹ ਨਿਜੀ ਪਿਆਰ ਤੋਂ ਵਿਸ਼ਵ ਪਿਆਰ ਵੱਲ ਵੱਧਦਾ ਗਿਆ। ਰੁਮਾਂਸਵਾਦੀ ਵਿਚਾਰ ਪੇਸ਼ ਕਰਦਾ ਹੋਇਆ ਕਿਤੇ ਮੋਹਨ ਸਿੰਘ ਕੁਦਰਤੀ ਸੁੰਦਰਤਾ ਦਾ ਵਰਣਨ ਕਰਦਾ ਹੈ, ਕਿਤੇ ਕਿਸੇ ਮੁਟਿਆਰ ਦੇ ਸੁਹੱਪਣ ਦਾ, ਕਿਤੇ ਨਿੱਜੀ ਪ੍ਰੀਤ ਦਾ ਤੇ ਕਿਤੇ ਵਿਯੋਗ ਦਾ।

ਪ੍ਰੋ: ਮੋਹਨ ਸਿੰਘ ਤੋਂ ਬਾਅਦ ਅੰਮ੍ਰਿਤਾ ਪ੍ਰੀਤਮ ਰੁਮਾਂਸਵਾਦੀ ਪ੍ਰਵਿਰਤੀ ਦੇ ਪਿੜ ਵਿਚ ਨਿਤਰੀ। ਅੰਮ੍ਰਿਤਾ ਬਾਰੇ ਕਿਹਾ ਜਾਂਦਾ ਹੈ ਕਿ ਉਹ ਪਹਿਲੀ ਪੰਜਾਬੀ ਕਵਿੱਤਰੀ ਹੈ ਜਿਸ ਨੇ ਆਪਣੇ ਨਿੱਜੀ ਪਿਆਰ ਨੂੰ ਬੜੀ ਦਲੇਰੀ ਨਾਲ ਕਲਮਬੱਧ ਕੀਤਾ। ਅੰਮ੍ਰਿਤਾ ਅਨੁਸਾਰ ਮਨ ਵਿਚ ਸਭ ਤੋਂ ਬਲਵਾਨ ਮਨੋਭਾਵ ਪ੍ਰੇਮ ਦਾ ਹੈ, ਬਿਰਹਾ ਦਾ ਹੈ ਤੇ ਮਿਲਾਪ ਦਾ ਹੈ। ਉਹ ਰੁੱਤਾਂ, ਮਹੀਨਿਆਂ, ਚੰਨ ਦੀ ਚਾਨਣੀ ਆਦਿ ਦੀਆਂ ਉਦਾਹਰਨਾਂ ਦੇ ਕੇ ਆਪਣੇ ਪਿਆਰ ਅਨੁਭਵ ਨੂੰ ਪੇਸ਼ ਕਰਦੀ ਹੈ। ਅੰਮ੍ਰਿਤਾ ਪ੍ਰੀਤਮ ਦੀ ਸਵੈ ਜੀਵਨੀ ਰਸੀਦੀ ਟਿਕਟ ਨੂੰ ਪੜ੍ਹਨ ਉਪਰੰਤ ਵੀ ਪਤਾ ਲੱਗਦਾ ਹੈ ਕਿ ਉਸ ਨੇ ਕਈ ਕਵਿਤਾਵਾਂ ਆਪਣੇ ਨਿੱਜੀ ਪਿਆਰ ਦੇ ਅਨੁਭਵ ਵਿਚੋਂ ਲਿਖੀਆਂ। ਖ਼ਾਸ ਕਰਕੇ ਸੁਨੇਹੜੇ' ਕਾਵਿ ਸੰਗ੍ਰਹਿ ਵਿੱਚ ਤਾਂ ਉਸ ਨੇ ਕੁੱਝ ਸੁਨੇਹੇ ਆਪਣੇ ਪ੍ਰੇਮੀ ਨੂੰ ਦਿੱਤੇ ਸਨ।"ਉਸ ਦੇ ਵਿਚਾਰ ਪਰੰਪਰਾਗਤ ਤੇ ਸੰਸਕਾਰਕ ਸਨ। ਪਰ ਅਨੁਭਵ ਦੀ ਚੋੜੱਤਨ ਨੇ ਉਸ ਨੂੰ ਸੁਝਾਇਆ ਕਿ ਪਿਆਰ ਜੀਵਨ ਦੀ ਮੂਲ ਜਜ਼ਬਾਤੀ ਲੋੜ ਹੈ। ਉਸ ਨੇ ਜੀਵਨ ਨੂੰ ਪਿਆਰ ਬਿਨਾਂ "ਸੱਖਣਾ ਤੇ ਨਿਰਾਰਥਕ ਸਮਝਿਆ। ਇਹ ਸੱਖਣਾਪਣ ਭਰਨ ਲਈ ਉਸ

ਨੇ ਆਪਣੀ ਕਵਿਤਾ ਵਿਚ ਆਪਣੇ ਸੁਪਨੇ ਸੱਧਰਾਂ ਘੜਨੇ ਤੇ ਪ੍ਰਗਟਾਣੇ ਸ਼ੁਰੂ ਕੀਤੇ। ਅੰਮ੍ਰਿਤਾ ਨੇ ਆਪਣੀ ਸਵੈ ਜੀਵਨੀ ਵਿਚ ਲਿਖਿਆ ਹੈ ਕਿ 1957 ਵਿਚ ਜਦੋਂ ਸਾਹਿਤ ਅਕਾਦਮੀ ਦਾ ਐਵਾਰਡ ਮਿਲਿਆ ਤਾਂ ਖ਼ਬਰ ਸੁਣਦਿਆਂ ਹੀ ਮੇਰੇ ਮੂੰਹੋਂ ਨਿਕਲਿਆ। ਇਹ ਸੁਨੇਹੜੇ ਤਾਂ ਮੈਂ ਕਿਸੇ ਇਨਾਮ ਲਈ ਨਹੀਂ ਲਿਖੇ ਸਨ। ਅਸਲ ਵਿਚ 'ਸੁਨੇਹੜੇ' ਪੁਸਤਕ ਰਾਹੀਂ ਤਾਂ ਅੰਮ੍ਰਿਤਾ ਨੇ ਆਪਣੇ ਮਨ ਦੇ ਭਾਵ ਬਿਰਹਾ, ਮਿਲਾਪ ਅਤੇ ਲੋਕ ਪਿਆਰ ਬਾਰੇ ਲਿਖਿਆ ਹੈ। ਅੰਮ੍ਰਿਤਾ ਕਵਿਤਾ ਲਿਖਦੀ ਹੋਈ ਨਿੱਜੀ ਪਿਆਰ ਤੋਂ ਉੱਪਰ ਉੱਠ ਕੇ ਪੂਰੇ ਵਿਸ਼ਵ ਵਿਚਲੇ ਪਿਆਰ ਦੀ ਗੱਲ ਕਰਦੀ ਹੈ। ਉਸ ਦਾ -- ਵਿਚਾਰ ਹੈ ਕਿ ਜਿਵੇਂ ਪਹਿਲਾਂ ਪ੍ਰੀਤ ਕਹਾਣੀਆਂ ਦਾ ਜ਼ਿਆਦਾਤਰ ਅੰਤ ਦੁਖਾਂਤਕ ਹੀ ਹੁੰਦਾ ਸੀ। ਇਸੇ ਤਰ੍ਹਾਂ ਆਧੁਨਿਕ ਸਮੇਂ ਵਿਚ ਵੀ ਪਿਆਰ ਦਾ ਅੰਤ ਦੁਖਾਂਤ ਹੀ ਹੈ। ਅੰਮ੍ਰਿਤਾ ਵੀ ਮੋਹਨ ਸਿੰਘ ਵਾਂਗ 'ਬਣ ਗਿਆ ਮਿੱਤਰਾਂ ਦਾ ਗ਼ਮ, ਲੋਕਾਂ ਦਾ ਗ਼ਮ ਵਾਂਗ ਆਪਣੇ ਗ਼ਮ ਵਿਚ ਪੂਰੀ ਦੁਨੀਆ ਦੇ ਗ਼ਮ ਨੂੰ ਸ਼ਾਮਿਲ ਕਰ ਲੈਂਦੀ ਹੈ। ਉਸ ਦਾ ਬਿਰਹਾ ਸਿਰਫ਼ ਨਿੱਜੀ ਪੱਖਾਂ ਨੂੰ ਹੀ ਨਹੀਂ ਪੇਸ਼ ਕਰਦਾ ਸਗੋਂ ਪੂਰੇ ਵਿਸ਼ਵ ਨੂੰ ਲਪੇਟ ਲੈਂਦਾ ਹੈ। ਉਹ ਆਪ ਵੀ ਪਿਆਰ ਵਿਚ ਸਭ ਕੁੱਝ ਹਾਰਨ ਨੂੰ ਤਿਆਰ ਹੈ। ਮੱਧਕਾਲੀ - ਸਾਹਿਤ ਵਿਚਲੇ ਪ੍ਰੀਤ ਨਾਇਕ ਤੇ ਨਾਇਕਾਵਾਂ ਤੋਂ ਪ੍ਰੇਰਣਾ ਲੈ ਕੇ ਆਪਣੇ ਪਿਆਰ ਨੂੰ ਪ੍ਰਵਾਨ ਚਾੜ੍ਹਨ ਦੀ ਹਰ ਕੋਸ਼ਿਸ਼ ਕਰਦੀ ਹੈ। "ਕਵਿੱਤਰੀ ਨੇ ਆਪਣੇ ਜਿਸ ਨਿੱਜੀ. ਪਿਆਰ ਦੀ ਗੱਲ ਛੇੜੀ ਹੈ ਉਸ ਦਾ ਸਰੂਪ ਆਦਰਸ਼ਵਾਦੀ ਹੈ। ਉਸ ਨੇ ਪਰੰਪਰਾ ਦੀ ਕੰਨੀਂ ਘੁੱਟ ਕੇ ਫੜੀ ਹੋਈ ਹੈ। ਪ੍ਰੀਤ ਦੇ ਇਤਿਹਾਸ ਦੀ ਕਿਸੇ ਆਦਰਸ਼ ਨਾਇਕਾ ਵਾਂਗ ਉਹ ਵੀ ਇਸ਼ਕ ਵਿਚ ਹਰ ਕੁਰਬਾਨੀ ਕਰਨ ਲਈ ਤਿਆਰ ਹੈ।

ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਬਾਵਾ ਬਲਵੰਤ ਨੇ ਰੁਮਾਂਸਵਾਦੀ ਪ੍ਰਵਿਰਤੀ ਦਾ ਅਸਰ ਕਬੂਲਿਆ। ਉਹ ਵੀ ਅੰਮ੍ਰਿਤਾ ਵਾਂਗ ਨਿੱਜੀ ਪਿਆਰ ਅਤੇ ਲੋਕ ਪਿਆਰ ਦਾ ਸੁੰਦਰ ਸੁਮੇਲ ਕਰਦਾ ਹੈ। ਉਸ ਨੇ ਪਹਿਲਾਂ ਪਹਿਲ ਆਪਣੀ ਜ਼ਿੰਦਗੀ ਵਿਚਲੀ ਵੀਰਾਨੀ, ਕਿਸੇ ਨਾਲ ਪਿਆਰ ਹੋਣ ਬਾਰੇ ਤੇ ਫਿਰ ਅਮੀਰੀ ਗ਼ਰੀਬੀ ਦੀ ਕੰਧ ਨਾਲ ਉਸ ਪਿਆਰ ਦੇ ਖੇਰੂੰ-ਖੇਰੂੰ ਹੋ ਜਾਣ ਬਾਰੇ ਲਿਖਿਆ "ਉਨ੍ਹਾਂ ਨੇ ਪ੍ਰੇਮਿਕਾ ਨੂੰ ਅਸਲੀ ਨਾਂ ਨਾਲ ਸੰਬੋਧਿਤ ਕੀਤਾ ਪਰ ਫੇਰ ਵੀ ਉਨ੍ਹਾਂ ਨੇ ਪਿਆਰ ਨੂੰ ਆਦਰਸ਼ਕ ਜ਼ਰੂਰ ਰੱਖਿਆ। ਇਹ ਪ੍ਰਗਟਾਉਣ। ਛੁਪਾਉਣ ਦਾ ਦਵੰਦ ਪ੍ਰੇਮੀ/ਪ੍ਰੇਮਿਕਾ, ਜਾਂ ਕਵੀ ਦੀ ਨਿੱਜੀ ਮਰਜ਼ੀ ਨਹੀਂ ਸੀ, ਸਗੋਂ ਇਸ ਦੀਆਂ ਜੜ੍ਹਾਂ ਸਮਾਜਿਕ ਸਨ।

ਬਾਵਾ ਬਲਵੰਤ ਨੂੰ ਨਿੱਜੀ ਤੌਰ ਤੇ ਕਿਸੇ ਅਮੀਰ ਲੜਕੀ ਕ੍ਰਿਸ਼ਨਾ ਨਾਲ ਪਿਆਰ ਹੋ ਜਾਂਦਾ ਹੈ ਪਰ ਅਮੀਰੀ-ਗ਼ਰੀਬੀ ਦੇ ਪਾੜ ਕਾਰਨ ਉਨ੍ਹਾਂ ਦਾ ਮੇਲ ਨਹੀਂ ਹੁੰਦਾ ਜਿਸ ਸਦਕਾ ਕਵੀ ਦਾ ਮਨ ਕੁਰਲਾ ਉੱਠਦਾ ਹੈ ਤੇ ਮਨ ਵਿਚਲੇ ਭਾਵਾਂ ਨੂੰ ਕਵਿਤਾ ਵਿਚ ਬਿਆਨ ਕਰਦਾ ਹੈ। "ਬਾਵਾ ਨੇ ਆਪਣੇ ਜਾਂ ਆਮ ਪਿਆਰ ਬਾਰੇ ਜੋ ਉਦਗਾਰ ਜਾਂ ਵਿਚਾਰ ਪ੍ਰਗਟਾਏ ਹਨ ਉਨ੍ਹਾਂ ਤੋਂ ਹੀ ਉਸ ਦਾ ਪਿਆਰ ਸੰਕਲਪ ਜਾਂ ਫ਼ਲਸਫ਼ਾ ਮੂਰਤੀਮਾਨ ਹੁੰਦਾ ਹੈ। ਦਮੋਦਰ ਹੀ ਹੀਰ ਆਪਣੇ ਮਹਿਬੂਬ ਰਾਂਝੇ ਨੂੰ ਪੀਰ, ਮੁਰਸ਼ਦ ਤੇ ਰੱਬ ਮੰਨਦੀ ਹੈ। ਪ੍ਰੋ ਮੋਹਨ ਸਿੰਘ ਆਪਣੀ ਮਹਿਬੂਬਾ ਨੂੰ ਨਿੱਕਾ ਰੱਬ ਆਖਦਾ ਹੈ। ਇਸ ਤਰ੍ਹਾਂ ਬਾਵਾ ਵੀ ਆਪਣੀ ਪ੍ਰੇਮਿਕਾ ਨੂੰ ਰੱਬ ਦੇ ਤੁੱਲ ਹੀ ਮੰਨਦਾ ਹੈ।

ਆਪੇ ਕਹੇ, "ਮੈਂ ਤੇਰੀ ਤੇਰੀ ਆਪੇ ਕਹੇ, "ਨਾ ਛੋਹ ਤੇਰਾ ਇੱਕ ਦਿਲ ਹੈ ਜਾਂ ਦੋ

ਬਾਵਾ ਬਲਵੰਤ ਤੋਂ ਬਾਅਦ ਸ਼ਿਵ ਕੁਮਾਰ ਨੂੰ ਰੁਮਾਂਸਵਾਦੀ ਪ੍ਰਵਿਰਤੀ ਵਿਚ ਇੱਕ ਖ਼ਾਸ ਸਥਾਨ ਪ੍ਰਾਪਤ ਹੈ। ਸ਼ਿਵ ਨੇ ਪੰਜਾਬੀ ਕਾਵਿ ਜਗਤ ਵਿਚ ਉਸ ਸਮੇਂ ਪ੍ਰਵੇਸ਼ ਕੀਤਾ ਜਦੋਂ ਰੁਮਾਂਸਵਾਦੀ ਪ੍ਰਵਿਰਤੀ ਭਰ ਜੋਬਨ ਵਿਚ ਵਿਚਰ ਰਹੀ ਸੀ। ਸ਼ਿਵ ਬਾਰੇ ਤਾਂ ਕਿਹਾ ਜਾਂਦਾ ਹੈ ਕਿ ਉਹ ਜੰਮਦਾ ਹੀ ਕਵੀ ਬਣ ਗਿਆ ਤੇ ਇਸ ਦਾ ਕਾਰਨ ਉਸ ਦਾ ਜਮਾਂਦਰੂ ਹੀ ਆਸ਼ਕ ਹੋਣਾ ਸੀ। ਚੜ੍ਹਦੀ ਜਵਾਨੀ ਵਿਚ ਮੀਨਾ ਨਾਲ ਪਿਆਰ ਅਤੇ ਉਸ ਪਿੱਛੋਂ ਮੀਨਾ ਦੀ ਮੌਤ ਨੇ ਉਸ ਨੂੰ ਬਿਰਹਾ ਦਾ ਕਵੀ ਬਣਾ ਦਿੱਤਾ। ਇਸ ਤਰ੍ਹਾਂ ਰੁਮਾਂਸਵਾਦੀ ਪ੍ਰਵਿਰਤੀ ਵਿਚ ਇਹਨਾਂ ਕਵੀਆਂ ਨੇ ਆਪਣਾ ਬਣਦਾ ਯੋਗਦਾਨ ਪਾਇਆ।ਇਸ ਪ੍ਰਵਿਰਤੀ ਦੀ ਸਹਾਇਤਾ ਨਾਲ ਹੀ ਸੰਸਾਰ ਵਿਚਲੀ ਸੁੰਦਰਤਾ, ਪਿਆਰ, ਬਿਰਹਾ ਆਦਿ ਨੂੰ ਪੇਸ਼ ਕੀਤਾ ਗਿਆ। ਇਹਨਾਂ ਕਾਵਿ ਪੁਸਤਕਾਂ ਜਾਂ ਕਾਵਿ ਕਿਰਤਾਂ ਨੂੰ ਪੜ੍ਹ ਕੇ ਯਥਾਰਥਕ ਜ਼ਿੰਦਗੀ ਦੀਆਂ ਮੁਸ਼ਕਲਾਂ ਤੋਂ ਕੁੱਝ ਸਮੇਂ ਲਈ ਰਾਹਤ ਪ੍ਰਾਪਤ ਕੀਤੀ ਜਾ ਸਕਦੀ ਹੈ।

### ਪ੍ਰਗਤੀਵਾਦੀ ਪ੍ਰਵਿਰਤੀ

ਪ੍ਰਗਤੀਵਾਦੀ ਵਿਚਾਰਧਾਰਾ ਨੇ ਰੁਮਾਂਸਵਾਦ ਵਿਚਲੀ ਸੁੰਦਰਤਾ, ਪਿਆਰ ਆਦਿ ਨੂੰ ਛਲਾਵਾ ਦੱਸ ਕੇ ਆਮ ਇਨਸਾਨ ਦਾ ਧਿਆਨ ਸਮਾਜ ਵਿਚ ਪਸਰੀ ਕਾਣੀ ਵੰਡ ਅਤੇ ਗ਼ਰੀਬੀ ਵੱਲ ਖਿੱਚਿਆ। ਪ੍ਰਗਤੀ ਸ਼ਬਦ ਆਪਣੇ ਅਸਲ ਅਰਥਾਂ ਵਿਚ ਵਿਕਾਸ ਤੇ ਗਤੀਸ਼ੀਲਤਾ ਦਾ ਸੂਚਕ ਹੈ। 18ਵੀਂ ਸਦੀ ਵਿਚ ਯੂਰਪ ਵਿਚ ਆਈ ਉਦਯੋਗਿਕ ਤੇ ਸਮਾਜਿਕ ਚੇਤਨਾ ਪ੍ਰਗਤੀਵਾਦੀ ਪ੍ਰਵਿਰਤੀ ਦਾ ਆਧਾਰ ਬਣੀ।"ਸਾਹਿਤ ਵਿਚ ਪ੍ਰਗਤੀਵਾਦ ਤੋਂ ਭਾਵ ਅਜਿਹੇ ਭਾਵਾਂ ਤੋਂ ਹੈ ਜਿਹੜੇ ਕਾਰਲ ਮਾਰਕਸ ਦੇ ਦਵੰਦਾਤਮਿਕ ਭੌਤਿਕਵਾਦ ਨੂੰ ਆਧਾਰ ਬਣਾਉਂਦੇ ਹਨ ਅਤੇ ਆਮ ਜੀਵਨ ਦੀ ਅਗਵਾਈ ਕਰਦੇ ਹਨ। ਪ੍ਰਗਤੀਵਾਦੀ ਸਾਹਿਤ ਉਨ੍ਹਾਂ ਸਾਰੀਆਂ ਵਿਰੋਧੀ ਸ਼ਕਤੀਆਂ ਜਿਹੜੀਆਂ ਜਨਤਾ ਦਾ ਸ਼ੋਸ਼ਣ ਕਰਦੀਆਂ ਹਨ, ਜਿਵੇਂ ਸਾਮਰਾਜਵਾਦ, ਫਾਸ਼ਿਜ਼ਮ, ਪੂੰਜੀਵਾਦ ਤੇ ਭੂਪਵਾਦੀ ਦੀ ਘਿਣਾਉਣੀ ਅਸਲੀਅਤ ਨੂੰ ਨੰਗਿਆਂ ਕਰਦਾ ਹੈ। ਪ੍ਰਗਤੀਵਾਦੀ ਸਾਹਿਤ ਕ੍ਰਾਂਤੀਕਾਰੀ ਵਿਚਾਰਾਂ ਦਾ ਸਮਰੱਥ

ਹੈ। ਪੰਜਾਬੀ ਵਿਚ ਪ੍ਰਗਤੀਵਾਦੀ ਵਿਚਾਰਾਂ ਦੀ ਪ੍ਰਵੇਸ਼ ਪੱਛਮੀ ਸਾਹਿਤ ਦੇ ਪ੍ਰਭਾਵ ਸਦਕਾ ਹੋਇਆ। ਪੰਜਾਬੀ ਸਾਹਿਤ ਵਿਚਲਾ ਪ੍ਰਗਤੀਵਾਦ ਸਾਹਿਤ ਵਿਚ ਰਹੱਸਵਾਦ ਤੇ ਰੁਮਾਂਸਵਾਦ ਨੂੰ ਮੂਲੋਂ ਹੀ ਨਕਾਰਦਾ ਹੈ। ਪ੍ਰਗਤੀਵਾਦੀਆਂ ਦਾ ਵਿਚਾਰ ਹੈ ਕਿ ਅਸਲ ਸਾਹਿਤ ਉਹੋ ਹੈ ਜੋ ਆਪਣੇ ਹੱਕਾਂ ਦੀ ਗੱਲ ਕਰੇ ਜਿਸ ਸਾਹਿਤ ਵਿਚ ਜ਼ਾਲਮ ਸ਼੍ਰੇਣੀ ਪ੍ਰਤੀ ਵਿਦਰੋਹ ਨਹੀਂ ਤੇ ਕਿਰਤੀਆਂ ਕਿਸਾਨਾਂ ਲਈ ਹਮਦਰਦੀ ਨਹੀਂ ਉਸ ਨੂੰ ਸਾਹਿਤ ਕਹਿਣਾ ਅਣਉਚਿਤ ਹੈ। ਪੰਜਾਬੀ ਸਾਹਿਤ ' ਖੇਤਰ ਵਿਚ 1935-36 ਈ: ਵਿਚ ਪ੍ਰਗਤੀਵਾਦ ਦਾ ਆਗਮਨ ਹੁੰਦਾ ਹੈ, 1940 ਈ: ਵਿਚ ਇਹ ਵਿਰਤੀ ਵਿਕਾਸ ਫੜਦੀ ਹੈ ਤੇ 1960 ਈ: ਵਿਚ ਭਰ ਜੋਬਨ ਵਿਚ ਪਹੁੰਚਦੀ ਹੋਈ ਸਾਹਿਤ ਮੰਡਲ ਵਿਚ ਚਮਕ ਉੱਠਦੀ ਹੈ। "ਪ੍ਰਗਤੀਸ਼ੀਲ ਅੰਦੋਲਨ ਦਾ ਰੁੱਖ ਦੇਸ਼ ਦੀ ਜਨਤਾ, ਮਜ਼ਦੂਰਾਂ, ਕਿਸਾਨਾਂ ਤੇ ਮੱਧ-ਵਰਗ ਵੱਲ ਹੋਣਾ ਚਾਹੀਦਾ ਹੈ।

ਪੰਜਾਬੀ ਕਵੀਆਂ ਨੇ ਇਸ ਵਿਚਾਰਧਾਰਾ ਨੂੰ ਅਪਣਾਉਂਦੇ ਹੋਏ ਸਾਹਿਤ ਉੱਤੋਂ ਰਹੱਸਵਾਦ ਤੇ ਰੁਮਾਂਸਵਾਦ ਦਾ ਅਸਰ ਖ਼ਤਮ ਕਰਦੇ ਹੋਏ ਆਮ ਇਨਸਾਨ ਨੂੰ ਨਾਇਕ ਬਣਾ ਕੇ ਪੇਸ਼ ਕੀਤਾ। ਇਸ ਪ੍ਰਵਿਰਤੀ ਵਿਚ ਦੋ ਵਕਤ ਦੀ ਰੋਟੀ ਲਈ ਸਾਰਾ ਦਿਨ ਰੁਲਦੇ ਮਜ਼ਦੂਰ, ਕਿਸਾਨ, ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰਦੀਆਂ ਔਰਤਾਂ ਆਦਿ ਨੂੰ ਨਾਇਕ ਬਣਾ ਕੇ ਪੇਸ਼ ਕੀਤਾ ਗਿਆ ਹੈ। ਪੰਜਾਬੀ ਕਾਵਿ ਜਗਤ ਵਿਚ ਪ੍ਰੋ: ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਸੁਰਜੀਤ ਪਾਤਰ ਆਦਿ ਕਵੀਆਂ ਨੇ ਪ੍ਰਗਤੀਵਾਦੀ ਪ੍ਰਵਿਰਤੀ ਅਧੀਨ ਕਾਵਿ ਸਿਰਜਣਾ ਕੀਤੀ।

ਪ੍ਰੋ : ਮੋਹਨ ਸਿੰਘ ਜਿਸ ਨੂੰ ਰੁਮਾਂਸਵਾਦੀ ਪ੍ਰਵਿਰਤੀ ਦਾ ਸਿਰਮੌਰ ਕਵੀ ਕਿਹਾ ਗਿਆ ਹੈ, ਉਸ ਨੇ ਸਮੇਂ ਦੀ ਮੰਗ ਅਨੁਸਾਰ ਆਮ ਇਨਸਾਨ ਦੀ ਜੂਨ ਸੁਧਾਰਨ, ਔਰਤ ਨੂੰ ਮਰਦ ਦੇ ਬਰਾਬਰ ਹੱਕ ਦੇਣ ਲਈ ਪ੍ਰਗਤੀਵਾਦੀ ਪ੍ਰਵਿਰਤੀ ਨੂੰ ਅਪਣਾਇਆ। "ਜੇ ਇਤਿਹਾਸਕ ਦ੍ਰਿਸ਼ਟੀ ਤੋਂ ਮੋਹਨ ਸਿੰਘ ਦੀ ਕਵਿਤਾ ਦਾ ਅਧਿਐਨ ਕਰੀਏ ਤਾਂ ਪ੍ਰਗਤੀਵਾਦ, ਇਨਕਲਾਬ ਆਦਿ ਦੀ ਪੂਰੇ ਦੇਸ਼ ਦੀ ਵੰਡ ਦੇ ਉਜਾੜੇ ਪਿੱਛੇ ਉਸ ਵਿਚ ਉੱਚੀ ਹੁੰਦੀ ਹੈ। ਆਰਥਿਕ ਮੰਦਵਾੜੇ ਦੇ ਅੰਤਰਗਤ ਕਵੀ ਲੈਂਡ ਸ਼੍ਰੇਣੀ ਦੇ ਪ੍ਰਤੀਨਿਧ ਟਾਟਿਆਂ ਤੇ ਬਿਰਲਿਆਂ ਦੀ ਆਲੋਚਨਾ ਕਰਦਾ ਹੈ।

ਅਰਸ਼ਾਂ ਤੋਂ ਉੱਤਰੀ ਆਜ਼ਾਦੀ ਦੀ ਪਰੀ, ਬਿਰਲਿਆਂ ਤੇ ਟਾਟਿਆਂ ਨੇ ਬੋਚ ਲਈ।

ਪ੍ਰੋ: ਮੋਹਨ ਸਿੰਘ ਤੋਂ ਬਾਅਦ ਅੰਮ੍ਰਿਤਾ ਪ੍ਰੀਤਮ ਦਾ ਨਾਂ ਪ੍ਰਗਤੀਵਾਦੀ ਪ੍ਰਵਿਰਤੀ ਵਿਚ ਆਉਂਦਾ ਹੈ। ਅੰਮ੍ਰਿਤਾ ਨੇ ਜਿੱਥੇ ਰੁਮਾਂਸਵਾਦੀ ਪ੍ਰਵਿਰਤੀ ਦਾ ਪ੍ਰਭਾਵ ਕਬੂਲਿਆ ਉੱਥੇ ਪ੍ਰਗਤੀਵਾਦੀ ਵਿਚਾਰਾਂ ਨੂੰ ਵੀ ਅਪਣਾਇਆ। ਉਸ ਨੇ ਸਮਾਜ ਵਿਚ ਗ਼ਰੀਬ ਵਰਗ ਦੀ ਹੋ ਰਹੀ ਲੁੱਟ-ਖਸੁੱਟ ਦੇ ਵਿਰੁੱਧ ਆਵਾਜ਼ ਚੁੱਕੀ। ਪੰਜਾਬੀ ਦੇ ਪ੍ਰਗਤੀਵਾਦੀ ਕਵੀਆਂ ਵਿਚ ਅੰਮ੍ਰਿਤਾ ਪ੍ਰੀਤਮ ਵੀ ਇੱਕ ਮਹੱਤਵਪੂਰਨ ਕਵਿੱਤਰੀ ਹੈ। ਭਾਰਤੀ ਨਾਰੀ ਦੇ ਦਮਨ ਅਤੇ 1947 ਦੇ ਫ਼ਿਰਕੂ ਫ਼ਸਾਦਾਂ ਤੇ ਪ੍ਰੀਤਮ ਨੇ ਜੋ ਕਵਿਤਾ ਰਚੀ ਹੈ, ਉਹ ਨਿਸ਼ਚੇ ਹੀ ਪੰਜਾਬੀ ਦੀ ਉੱਤਮ ਪ੍ਰਗਤੀਵਾਦੀ ਕਵਿਤਾ ਮੰਨੀ ਜਾਣੀ ਚਾਹੀਦੀ ਹੈ। ਭਾਰਤੀ ਨਾਰੀ ਦੀ ਧੁਰ ਆਤਮਾ ਨੂੰ ਸਮਝਣ ਅਤੇ ਉਸ ਉੱਤੇ ਮਰਦ ਪ੍ਰਧਾਨ ਸਮਾਜ ਵਿਚ ਹੁੰਦੇ ਤਸ਼ੱਦਦ ਦਾ ਜੋ ਚਿੱਤਰ ਅੰਮ੍ਰਿਤਾ ਪ੍ਰੀਤਮ ਨੇ ਪੇਸ਼ ਕੀਤਾ ਹੈ ਉਸ ਦਾ, ਉਸ ਦੇ ਸਮਕਾਲੀ ਕਵੀਆਂ ਵਿਚ ਲਗਭਗ ਅਭਾਵ ਹੀ ਹੈ। ਅੰਮ੍ਰਿਤਾ ਨੇ ਦੇਸ਼ ਦੀ ਵੰਡ ਸਮੇਂ ਔਰਤਾਂ ਦੀ ਹੋਈ ਬੇਇੱਜ਼ਤੀ ਨੂੰ ਬੜੇ ਹੀ ਕਰੁਣਾਮਈ ਢੰਗ ਨਾਲ ਬਿਆਨ ਕਰਦੇ ਹੋਏ ਲਿਖਿਆ ਹੈ ਕਿ :

ਅੱਜ ਆਖਾਂ ਵਾਰਿਸਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ। ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।

ਇਸ ਕਵਿਤਾ ਵਿਚ ਸਭ ਤੋਂ ਪਹਿਲਾਂ ਤਾਂ ਔਰਤ ਦੀ ਦਰਦਨਾਕ ਸਥਿਤੀ ਬਾਰੇ ਦੱਸਿਆ ਗਿਆ ਹੈ ਉਹ ਇੱਕ ਤਰਾਂ ਨਾਲ ਵਾਰਸ ਸ਼ਾਹ ਨੂੰ ਵੀ ਉਲਾਂਭਾ ਦਿੰਦੀ ਹੈ ਕਿ ਅੱਜ ਲੱਖਾਂ ਧੀਆਂ ਦੀ ਪੱਤ ਰੁਲ ਰਹੀ ਹੈ ਤੇ ਤੂੰ ਚੁੱਪ ਹੈ ਪਰ ਇਸ ਤੋਂ ਬਾਅਦ ਉਹ ਸੰਪੂਰਨ ਪੰਜਾਬ ਦੇ ਉਜਾੜੇ ਦੀ ਗੱਲ ਕਰਦੀ ਹੈ।"ਅੰਨਦਾਤਾ" ਕਵਿਤਾ ਵਿਚ ਅੰਮ੍ਰਿਤਾ ਪ੍ਰੀਤਮ ਔਰਤ ਦਾ ਮਰਦ ਦੀ ਗ਼ੁਲਾਮ ਹੋਣ ਬਾਰੇ ਦੱਸਦੀ ਹੈ ਤੇ ਇਸ ਗ਼ੁਲਾਮੀ ਦਾ ਮੁੱਖ ਕਾਰਨ ਔਰਤ ਦਾ ਆਰਥਿਕ ਤੌਰ ਤੇ ਮਰਦ ਉੱਪਰ ਨਿਰਭਰ ਕਰਨਾ ਹੈ। ਅੰਨਦਾਤਾ ਕਵਿਤਾ ਵਿਚ ਅੰਮ੍ਰਿਤਾ ਮਰਦ ਨੂੰ ਬੜੇ ਵਿਅੰਗਮਈ ਲਹਿਜ਼ੇ ਵਿਚ ਔਰਤ ਦਾ ਅੰਨਦਾਤਾ ਕਹਿੰਦੀ ਹੈ। ਔਰਤ ਦੀ ਦੁਖਦਾਈ ਅਵਸਥਾ ਦਾ ਮੂਲ ਕਾਰਨ ਇਹ ਹੈ ਕਿ ਉਹ ਆਰਥਿਕ ਤੌਰ ਤੇ ਮਰਦ ਉੱਪਰ ਨਿਰਭਰ ਕਰਦੀ ਹੈ ਅਤੇ ਇਸ ਲਈ ਮਰਦ ਦੀ ਗ਼ੁਲਾਮ . ਹੈ। ......ਮਰਦ ਇਸਤਰੀ ਦੇ ਹਾਵਾਂ-ਭਾਵਾਂ ਦੀ ਕਦਰ ਨਹੀਂ ਕਰਦਾ, ਸਗੋਂ ਉਸ ਦੀਆਂ ਰੀਝਾਂ ਅਤੇ ਚਾਵਾਂ ਦਾ ਖ਼ੂਨ ਕਰਦਾ ਰਹਿੰਦਾ ਹੈ। ਉਹ ਇਹ ਚਾਹੁੰਦਾ ਹੈ ਕਿ ਔਰਤ ਆਪਣੀਆਂ ਸਾਰੀਆਂ ਖ਼ੁਸ਼ੀਆਂ ਉਸ ਉੱਪਰ ਕੁਰਬਾਨ ਕਰ ਦੇਵੇ। ਉਦਾਹਰਨ ਵਜੋਂ :

ਅੰਨ ਦਾਤਾ!
ਮੈਂ ਚੰਮ ਦੀ ਗੁੱਡੀ ਖੇਡ ਲੈ, ਖਿਡਾ ਲੈ!
ਲਹੂ ਦਾ ਪਿਆਲਾ ਪੀ ਲੈ ਪਿਲਾ ਲੈ!
ਤੇਰੇ ਸਾਹਵੇਂ ਖੜੀ ਹਾਂ, ਵਰਤਣ ਦੀ ਸ਼ੈ, ਜਿਵੇਂ ਚਾਹੇ ਵਰਤ ਲੈ!

ਓ ਉੱਗੀ ਹਾਂ, ਪਿਸੀ ਹਾਂ, ਗੁੱਝੀ ਹਾਂ, ਵਿਲੀ ਹਾਂ।
ਤੇ ਅੱਜ ਤੱਤੇ ਤਵੇ ਉੱਤੇ ਜਿਵੇਂ ਚਾਹੇ ਪਰਤ ਲੈ।
ਮੇਰੀ ਜ਼ਬਾਨ ਤੇ ਇਨਕਾਰ ? ਇਹ ਕਿਵੇਂ ਹੋ ਸਕਦੈ!
....ਹਾਂ...ਪਿਆਰ.....ਇਹ ਤੇਰੇ ਮਤਲਬ ਦੀ ਸ਼ੈ ਨਹੀਂ.... (ਅੰਨ ਦਾਤਾ)

ਅੰਮ੍ਰਿਤਾ ਨੇ ਆਪਣੀ ਕਵਿਤਾ ਵਿਚ ਸਿਰਫ਼ ਔਰਤ ਦੇ ਹੱਕਾਂ ਦੀ ਹੀ ਗੱਲ ਨਹੀਂ ਕੀਤੀ ਸਗੋਂ ਮਜ਼ਦੂਰਾਂ, ਕਿਸਾਨਾਂ ਤੇ ਹੋਰ ਮਿਹਨਤੀ ਵਿਅਕਤੀਆਂ ਬਾਰੇ ਵੀ ਲਿਖਿਆ ਹੈ। ਜੋ ਸਾਰਾ ਦਿਨ ਖ਼ੂਨ ਪਸੀਨਾ ਇੱਕ ਕਰਕੇ ਵੀ ਚੰਗੀ ਰੋਟੀ ਨਹੀਂ ਖਾ ਸਕਦੇ। ਉਦਾਹਰਨ ਵਜੋਂ :

ਭੁੱਖੇ ਲੂਸਣ ਅੱਜ ਦੇ ਹਾਲੀ, ਕਿਰਤੀ ਕਾਮੇ ਢਿੱਡੋਂ ਖਾਲੀ।
ਦੂਜੇ ਨੂੰ ਜੋ ਦੇਣ ਖ਼ੁਸ਼ਹਾਲੀ, ਪੇਸ਼ ਉਨ੍ਹਾਂ ਦੇ ਪਈ ਕੰਗਾਲੀ

ਅੰਮ੍ਰਿਤਾ ਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਸਮਾਜ ਵਿਚ ਅਮੀਰ ਵਰਗ ਗ਼ਰੀਬਾਂ ਨੂੰ ਜੀਉਣ ਨਹੀਂ ਦਿੰਦਾ ਅੰਮ੍ਰਿਤਾ ਪ੍ਰੀਤਮ ਨੂੰ ਸਮਾਜ ਦੀ ਸ਼੍ਰੇਣੀ ਵੰਡ ਬਾਰੇ ਗਿਆਨ ਹੋ ਚੁੱਕਾ ਸੀ ਕਿ ਜਗੀਰੂ ਅਤੇ ਪੂੰਜੀਵਾਦ ਸਮਾਜ ਪੈਸੇ ਦੀ ਸਰਦਾਰੀ ਵਾਲਾ ਸਮਾਜ ਸੀ, ਜਿਸ ਵਿਚ ਮਿਹਨਤਕਸ਼ ਹਮੇਸ਼ਾਂ ਹੀ ਭੁੱਖਾ ਜ਼ਿੰਦਾ ਹੈ ਪਰ ਪੈਸੇ ਵਾਲੇ ਲੋਕ ਬਿਨਾਂ ਮਿਹਨਤ ਕੀਤਿਆਂ ਹੀ ਐਸ਼ੋ ਇਸ਼ਰਤ ਦੀ ਜ਼ਿੰਦਗੀ ਬਤੀਤ ਕਰਦੇ ਹਨ।:

ਇਸ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਪੰਜਾਬੀ ਦੀ ਆਵਾਜ਼ ਬਣ ਕੇ ਹਰ ਨਾ-ਇਨਸਾਫ਼ੀ ਬਾਰੇ ਲਿਖਦੀ ਹੈ। ਚਾਹੇ ਉਹ ਆਰਥਿਕ ਕਾਣੀਵੰਡ ਹੋਵੇ ਤੇ ਚਾਹੇ ਔਰਤ ਦੀ ਸਥਿਤੀ, ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਬਾਵਾ ਬਲਵੰਤ ਨੇ ਪ੍ਰਗਤੀਵਾਦੀ ਪ੍ਰਵਿਰਤੀ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਇਆ। 'ਮਹਾਂਨਾਚ', 'ਬਾਗੀ', 'ਜਵਾਨ' ਆਦਿ ਕਵਿਤਾਵਾਂ ਵਿਚ ਉਸ ਨੇ ਆਪਣੇ ਹੱਕਾਂ ਦੀ ਰੱਖਿਆ ਲਈ ਕ੍ਰਾਂਤੀਕਾਰੀ ਵਿਚਾਰ ਪੇਸ਼ ਕੀਤੇ। ਬਾਵਾ ਬਲਵੰਤ ਵਿਅੰਗਾਤਮਿਕ ਸ਼ੈਲੀ ਨੂੰ ਅਪਣਾਉਂਦਾ ਹੋਇਆ ਗ਼ਲਤ ਸਮਾਜਿਕ ਪ੍ਰਬੰਧਾਂ ਤੇ ਕਰਾਰੀ ਸੱਟ ਮਾਰਦਾ ਹੈ । ਬਾਵਾ ਬਲਵੰਤ ਨੂੰ ਇਹ ਵੀ ਅਹਿਸਾਸ ਹੈ ਕਿ ਦੇਸ਼ ਦੇ ਆਜ਼ਾਦ ਹੋਣ ਨਾਲ ਆਮ ਜਨਤਾ ਨੂੰ ਕੋਈ ਫ਼ਾਇਦਾ ਨਹੀਂ ਹੋਇਆ। ਉਹ ਪਹਿਲਾਂ ਵੀ ਗ਼ੁਲਾਮ ਸਨ ਤੇ ਹੁਣ ਵੀ ਗ਼ੁਲਾਮ ਹੀ ਰਹੇ।"ਭਾਵੇਂ ਦੇਸ਼ ਆਜ਼ਾਦ ਹੋ ਗਿਆ ਹੈ ਫੇਰ ਵੀ ਪੂੰਜੀਪਤੀਆਂ ਦੁਆਰਾ ਆਮ ਲੋਕਾਂ ਦੇ ਜੀਵਨ ਹੱਕਾਂ ਨੂੰ ਸ਼ਰੇਆਮ ਲੁੱਟਿਆ ਜਾਂਦਾ ਹੈ। ਇਸ ਲੁੱਟ-ਖੋਹ ਦੀ ਗਰਮ ਬਾਜ਼ਾਰੀ ਨੂੰ ਦੇਖ ਕੇ ਬਾਵਾ ਚੀਕ ਉੱਠਦਾ ਹੈ ਕਿ ਸਾਡੇ ਦੇਸ਼ ਵਿਚ ਕੋਈ ਪ੍ਰਗਤੀ ਨਹੀਂ ਹੋਈ ਕਿਉਂ ਜੋ ਆਮ ਜ਼ਿੰਦਗੀ ਪਹਿਲਾਂ ਤੋਂ ਵੀ ਵਧੇਰੇ ਮੰਦਹਾਲੀ ਅਤੇ ਅਨਿਆਂ ਦਾ ਸ਼ਿਕਾਰ ਹੈ। ਉਦਾਹਰਨ ਵਜੋਂ ਪ੍ਰੀਤਮ ਸਿੰਘ ਸਫ਼ੀਰ ਨੇ ਵੀ ਪ੍ਰਗਤੀਵਾਦੀ ਪ੍ਰਵਿਰਤੀ ਦੇ ਅਸਰ ਹੇਠਾਂ ਕਈ ਕਵਿਤਾਵਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿਚ ਗ਼ਰੀਬੀ ਵਿਚ ਗ਼ਰਕ ਮਜ਼ਦੂਰ ਨੂੰ ਉੱਚਾ ਚੁੱਕਣ ਦੀ ਗੱਲ ਕੀਤੀ ਗਈ ਹੈ ਅਤੇ ਉਨ੍ਹਾਂ ਦਾ ਖ਼ੂਨ ਚੂਸਣ ਵਾਲੇ ਅਮੀਰਾਂ ਦੇ ਵਿਰੁੱਧ ਵਿਅੰਗ ਨਾਲ ਕਟਾਖਸ਼ ਕੀਤਾ ਗਿਆ ਹੈ।"ਕੱਤਕ ਕੂੰਜਾਂ", 'ਮਨੂ ਦੇ ਪੈਰੋਕਾਰ',ਕਿਸੇ ਦੇ ਖ਼ੂਨ 'ਚੋਂ, ਹਸਤਨਾਪੁਰ ਦਾ ਜ਼ਮਾਨਾ ਨਹੀਂ ਹੁਣ ਆਦਿ ਕਵਿਤਾਵਾਂ ਪ੍ਰਗਤੀਵਾਦੀ ਵਿਚਾਰਾਂ ਨਾਲ ਓਤਪ੍ਰੋਤ ਹਨ। ਉਹ ਗ਼ਰੀਬਾਂ ਦਾ ਖ਼ੂਨ ਨਿਚੋੜਨ ਵਾਲੇ ਅਮੀਰ ਵਰਗ ਉੱਤੇ ਵਿਅੰਗ ਕੱਸਦਾ ਲਿਖਦਾ ਹੈ ਕਿ :

ਕਿਸੇ ਦੇ ਖ਼ੂਨ 'ਚੋਂ ਨਿਖਰਿਆ ਹੈ । ਤੇਰੀ ਪਗੜੀ ਦਾ ਸਫੈਦ ਕੰਵਲ ,

ਉਹ ਅਮੀਰੀ-ਗ਼ਰੀਬੀ ਵਿਚਲਾ ਪਾੜ ਮੇਚ ਦੇਣਾ ਚਾਹੁੰਦਾ ਹੈ। ਉਹ ਸਮਾਜਵਾਦ ਦੇ ਆਉਣ ਦੀ ਉਡੀਕ ਕਰਦਾ ਹੈ। ਉਸ ਅਨੁਸਾਰ ਸਮਾਜਵਾਦ ਸਥਾਪਿਤ ਹੋਣ ਨਾਲ ਪੂੰਜੀਵਾਦੀਆਂ ਦੀ ਲੁੱਟ-ਖਸੁੱਟ ਖ਼ਤਮ ਹੋ ਜਾਵੇਗੀ। ਸਭ ਇਨਸਾਨ ਦਸਾਂ ਨਹੁੰਆਂ ਦੀ ਕਿਰਤ ਵਿਚ ਵਿਸ਼ਵਾਸ ਰੱਖਣਗੇ। ਕਿਸੇ ਗ਼ਰੀਬ ਨੂੰ ਅਮੀਰ ਅੱਗੇ ਹੱਥ ਨਹੀਂ ਅੱਡਣੇ ਪੈਣਗੇ। ਇਸ ਤਰ੍ਹਾਂ ਪ੍ਰਗਤੀਵਾਦੀ ਪ੍ਰਵਿਰਤੀ ਵਾਲੇ ਕਵੀਆਂ ਨੇ ਆਪਣੀਆਂ ਰਚਨਾਵਾਂ ਦਾ ਮੁੱਖ ਆਧਾਰ ਮਾਰਕਸਵਾਦੀ ਸਿਧਾਂਤਾਂ ਨੂੰ ਬਣਾਇਆ ਤੇ ਆਮ ਲੋਕਾਂ ਦੇ ਹੱਕਾਂ ਦੀ ਗੱਲ ਕੀਤੀ।

**ਪ੍ਰਯੋਗਵਾਦੀ ਪ੍ਰਵਿਰਤੀ :**

ਪ੍ਰਗਤੀਵਾਦੀ ਪ੍ਰਵਿਰਤੀ ਤੋਂ ਬਾਅਦ ਪ੍ਰਯੋਗਵਾਦੀ ਪ੍ਰਵਿਰਤੀ ਦਾ ਜਨਮ ਹੋਇਆ। ਪ੍ਰਯੋਗਵਾਦੀਆਂ ਦਾ ਵਿਚਾਰ ਸੀ ਕਿ ਉਹ ਪ੍ਰਗਤੀਵਾਦੀ ਉੱਤੇ ਚੜ੍ਹੀ ਰੁਮਾਂਸਵਾਦੀ ਦੀ ਪਾਣ ਨੂੰ ਉਤਾਰਨਾ ਚਾਹੁੰਦੇ ਹਨ ਇਸ ਪ੍ਰਵਿਰਤੀ ਦੇ ਕਵੀਆਂ ਅਨੁਸਾਰ ਮਨੁੱਖ ਦਾ ਹਰ ਕਰਮ ਤੇ ਬ੍ਰਹਿਮੰਡ ਦੀ ਹਰ ਪ੍ਰਕਿਰਿਆ, ਰੋਜ਼ਾਨਾ ਜ਼ਿੰਦਗੀ ਵਿਚਲੀਆਂ ਘਟਨਾਵਾਂ ਆਪਣੇ ਆਪ ਵਿਚ ਇੱਕ ਵੱਖਰਾ ਪ੍ਰਯੋਗ ਹਨ। ਇਹੀ ਕਾਰਨ ਹੈ ਕਿ ਪ੍ਰਯੋਗ ਵਾਦੀਆਂ ਦਾ ਵਿਚਾਰ ਹੈ ਕਿ ਕਿਸੇ ਵਸਤੂ, ਮਨੁੱਖ ਤੇ ਸਮਾਜ ਦੀ ਕੋਈ ਪਰੰਪਰਾ ਨਹੀਂ ਹੁੰਦੀ। ਇਸ ਲਹਿਰ ਦਾ ਸਿਖਰ 1962 ਤੋਂ 1967 ਈ: ਮੰਨਿਆ ਜਾ

ਸਕਦਾ ਹੈ। ਭਾਵੇਂ ਅੱਜ ਤੱਕ ਰਚੀ ਗਈ ਜਾਂ ਰਚੀ ਜਾ ਰਹੀ ਪੰਜਾਬੀ ਕਵਿਤਾ ਬੜੇ ਸੁੰਦਰ ਅਤੇ ਸਾਰਥਕ ਪ੍ਰਯੋਗਾਂ ਦੀ ਧਾਰਨੀ ਹੈ, ਪਰੰਤੂ ਮੌਲਿਕ ਅਨੁਭਵ-ਪ੍ਰਣਾਲੀ ਦੀ ਸੱਜਰੀ ਕਾਵਿ-ਸ਼ਬਦਾਵਲੀ/ਬਿੰਬਾਵਲੀ ਰਾਹੀਂ ਕੀਤੀ ਗਈ ਪੇਸ਼ਕਾਰੀ ਨੂੰ ਪ੍ਰਯੋਗਸ਼ੀਲ ਕਵਿਤਾ ਦਾ ਨਾਮ ਦਿੱਤਾ ਗਿਆ ਹੈ।

ਪ੍ਰਯੋਗਸ਼ੀਲ ਕਾਵਿ ਪ੍ਰਵਿਰਤੀ ਵਿਚ ਖੰਡਿਤ ਮਨੁੱਖ ਦੀ ਮਾਨਸਿਕ ਦਸ਼ਾ, ਨਿਰਾਸ਼ਾ, ਅਜੋਕੇ ਮਨੁੱਖ ਦੀਆਂ ਔਕੜਾਂ, ਸੰਘਰਸ਼, ਮਨੁੱਖ ਦੇ ਮਨ ਵਿਚਲੀ ਤ੍ਰਾਸਦੀ, ਗ਼ਲਤ ਸਮਾਜਿਕ ਤੇ ਧਾਰਮਿਕ ਕਦਰਾਂ-ਕੀਮਤਾਂ ਤੇ ਵਿਅੰਗ, ਮਨੁੱਖ ਦੀ ਦਵੰਦਾਤਮਿਕ ਸਥਿਤੀ, ਕਾਮ ਦੀ ਖੁੱਲ ਮਾਣਨ ਸੰਬੰਧੀ ਵਿਸ਼ੇ ਲਏ ਜਾਂਦੇ ਹਨ। ਇਸ ਕਾਵਿ ਪ੍ਰਵਿਰਤੀ ਦੇ ਪ੍ਰਮੁੱਖ ਕਵੀ ਇਸ ਤਰਾਂ ਹਨ ਡਾ. ਜਸਬੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਜਗਤਾਰ, ਸ.ਸ. ਮੀਸ਼ਾ, ਅਜਾਇਬ ਕਮਲ, ਤਾਰਾ ਸਿੰਘ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਆਦਿ। ਇਨ੍ਹਾਂ ਕਵੀਆਂ ਦੀਆਂ ਕਵਿਤਾਵਾਂ ਵਿਚ ਪ੍ਰਯੋਗਸ਼ੀਲ ਕਾਵਿ ਪ੍ਰਵਿਰਤੀ ਦੇ ਸਾਰੇ ਲੱਛਣ-ਜਿਵੇਂ ਘੋਰ ਵਿਅਕਤੀਵਾਦ, ਨਿਰਾਸ਼ਾ ਤੇ ਵਿਸ਼ਾਦ, ਸਮਾਜਿਕ ਵਿਵੇਚਨਾ, ਫਰਾਇਡਵਾਦ ਤੇ ਪ੍ਰਭਾਵ ਅਧੀਨ ਕਾਮ ਦਾ ਖੁੱਲ੍ਹਾ ਵਰਣਨ-ਪ੍ਰਗਟ ਹੋਏ ਹਨ। ਪ੍ਰਯੋਗਸ਼ੀਲ ਕਾਵਿ ਪ੍ਰਵਿਰਤੀ ਦੇ ਮੁੱਖ ਲੱਛਣ ਹੇਠ ਲਿਖੇ ਅਨੁਸਾਰ ਹਨ :

1. ਪ੍ਰਯੋਗਸ਼ੀਲ ਕਵੀ ਕਿਸੇ ਪਰੰਪਰਾ ਨੂੰ ਨਹੀਂ ਮੰਨਦੇ।
2. ਇਸ ਪ੍ਰਵਿਰਤੀ ਵਿਚ ਮਨੁੱਖ ਦੀਆਂ ਮਾਨਸਿਕ ਮੁਸ਼ਕਲਾਂ ਦਾ ਪ੍ਰਗਟਾਵਾ ਹੁੰਦਾ ਹੈ।
3. ਖੰਡਿਤ ਮਨੁੱਖ ਦੀ ਪੇਸ਼ਕਾਰੀ।
4. ਸਮਾਜਿਕ ਤੇ ਧਾਰਮਿਕ ਕੱਟੜਤਾ ਤੇ ਵਿਅੰਗ।
5. ਕਿਸੇ ਵਿਚਾਰਧਾਰਾ ਜਾਂ ਵਾਦ ਵਿਚ ਨਾ ਬੱਝਣਾ।
6. ਫਰਾਇਡ ਦੇ ਕਾਮ ਸਿਧਾਂਤ ਦੀ ਚਰਚਾ।

ਜ਼ਿੰਦਗੀ ਦੀਆਂ ਪੇਚੀਦਗੀਆਂ, ਲਘੂ ਅਤੇ ਮਹਾਂਨਗਰ ਦੇ ਜੀਵਨ ਦੀਆਂ ਬੇਤਰਤੀਬੀਆਂ, ਉਸ ਵਿਚਲਾ ਖੋਖਲੇਪਣ, ਸਦੀਵੀ ਕਦਰਾਂ-ਕੀਮਤਾਂ ਦੀ ਅਣਹੋਂਦ, ਗੈਰ ਕਾਨੂੰਨੀ ਧੰਦੇ, ਅਸੰਤੁਲਿਤ ਵਿਆਹਾਂ ਵਿਚੋਂ ਪੈਦਾ ਹੋਈ ਨਿਰਾਸ਼ਾ, ਖੰਡ ਖੰਡ ਵਿਚ ਵਿਭਾਜਤ ਹੋ ਚੁੱਕਾ ਮਨੁੱਖ, ਉਸ ਦੀ ਲੀਰੋਂ ਲੀਰ ਹੋਈ ਦਸ਼ਾ ਆਦਿ ਸੂਖਮ ਵਿਸ਼ੇ ਪ੍ਰਗਤੀਵਾਦੀ ਕਵੀਆਂ ਦੀ ਅਨੁਭੂਤੀ ਦਾ ਅੰਗ ਨਾ ਬਣ ਸਕੇ। ਇਸ ਅਨੁਭੂਤੀ ਨੂੰ ਨਵੀਂ ਅਭਿਵਿਅਕਤੀ ਦੀ ਜ਼ਰੂਰਤ ਸੀ ਜਿਸ ਨੂੰ ਪ੍ਰਯੋਗਵਾਦੀ ਪੰਜਾਬੀ ਕਵੀਆਂ ਨੇ ਪੂਰਾ ਕੀਤਾ।

ਪ੍ਰਯੋਗਸ਼ੀਲ ਕਾਵਿ ਪ੍ਰਵਿਰਤੀ ਵਿਚ ਨਾਇਕ ਕੋਈ ਬਲਵਾਨ ਪੁਰਖ ਨਹੀਂ ਸਗੋਂ ਆਪਣੀਆਂ ਹੀ ਲੋੜਾਂ ਤੇ ਮਾਨਸਿਕ ਤਣਾਉ ਨਾਲ ਲੜ ਰਿਹਾ ਸਾਧਾਰਨ ਮਨੁੱਖ ਹੈ। ਜਸਬੀਰ ਸਿੰਘ ਆਹਲੂਵਾਲੀਆ ਨੂੰ ਇਸ ਕਾਵਿ ਪ੍ਰਵਿਰਤੀ ਦਾ ਮੋਢੀ ਕਿਹਾ ਜਾਂਦਾ ਹੈ। ਉਸ ਨੇ ਆਪਣੀਆਂ ਰਚਨਾਵਾਂ ਵਿਚ ਮਨੁੱਖ ਨੂੰ ਆਪਣੇ ਮੂਲ ਉਦੇਸ਼ ਤੋਂ ਭਟਕਿਆ ਦਿਖਾਇਆ ਹੈ ਉਹ ਦਿਸ਼ਾਹੀਣ ਤੇ ਦੁਬਿਧਾ ਵਿਚ ਫਸਿਆ ਹੋਇਆ ਹੈ। ''ਪ੍ਰਯੋਗਵਾਦੀ ਪ੍ਰਵਿਰਤੀ ਤੋਂ ਪ੍ਰਭਾਵਿਤ ਕਵਿਤਾ ਨੇ ਪੰਜਾਬੀ ਜਗਤ ਨੂੰ ਪਰੰਪਰਾ ਦੀ ਲਛਮਣ ਰੇਖਾ ਤੋਂ ਜਾਣੂ ਕਰਵਾਇਆ ਹੈ। ਜਿਸ ਦੇ ਚੌਖਟੇ ਵਿਚ ਰਹਿੰਦੇ ਹੋਇਆ ਮਨੁੱਖ ਪ੍ਰਗਤੀ-ਵਿਹੂਣਾ ਹੀ ਰਹਿੰਦਾ ਹੈ।ਅਜਿਹੇ ਵਿਚਾਰ ਹੀ ਆਹਲੂਵਾਲੀਆ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਦਾ ਹੈ।

ਰਵਿੰਦਰ ਰਵੀ ਵੀ ਅਜਿਹਾ ਕਵੀ ਹੈ ਜਿਸ ਨੇ ਆਪਣੇ ਵਿਚਾਰਾਂ ਨੂੰ ਪ੍ਰਯੋਗਸ਼ੀਲ, ਕਾਵਿ ਪ੍ਰਵਿਰਤੀ ਰਾਹੀਂ ਪੇਸ਼ ਕੀਤਾ 'ਬੁੱਕਲ ਦੇ ਵਿਚ ਚੋਰ', 'ਬਿੰਦੂ', ਦਿਲ ਟਰਾਂਸਪੋਰਟ ਤੋਂ 'ਬਾਅਦ ਉਸ ਦੇ ਪ੍ਰਸਿੱਧ ਪ੍ਰਯੋਗਸ਼ੀਲ ਕਾਵਿ ਸੰਗ੍ਰਹਿ ਹਨ। ਉਸ ਨੇ ਵੀ ਆਪਣੀਆਂ ਕਵਿਤਾਵਾਂ ਵਿਚ ਬਿਖਰੇ ਤੇ ਉੱਜੜੇ ਹੋਏ ਮਨੁੱਖ ਨੂੰ ਪੇਸ਼ ਕੀਤਾ ਹੈ। ਉਸ ਅਨੁਸਾਰ ਅੱਜ ਦਾ ਮਨੁੱਖ ਆਪਣੇ ਸਮਾਜ ਨਾਲ ਇੱਕ ਸੁਰ ਨਹੀਂ ਹੈ, ਤੇ ਨਾ ਹੀ ਕੋਈ ਭਵਿੱਖ ਲਈ ਸੁਪਨਾ ਹੀ ਹੈ। ਰਵਿੰਦਰ ਰਵੀ ਦੀਆਂ ਪ੍ਰਯੋਗਸ਼ੀਲ ਕਾਵਿ ਪ੍ਰਵਿਰਤੀ ਨਾਲ ਸੰਬੰਧਿਤ ਕਵਿਤਾਵਾਂ ਹੇਠ ਲਿਖੇ ਅਨੁਸਾਰ ਹਨ ਰਵਿੰਦਰ ਰਵੀ ਤੋਂ ਬਾਅਦ ਅਜਾਇਬ ਕਮਲ ਦਾ ਨਾਂ ਵਿਸ਼ੇਸ਼ ਮਹੱਤਵ ਰੱਖਦਾ ਹੈ। ਕਮਲ ਨੇ ਵੀ ਆਧੁਨਿਕ ਸਮੇਂ ਅਰਥਾਤ ਉਦਯੋਗਿਕ ਯੁੱਗ ਦੇ ਮਨੁੱਖ ਦੇ ਖੰਡਿਤ ਵਿਅਕਤੀਤਵ, ਤ੍ਰਾਸਦੀ ਅਜਨਬੀਪਣ ਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ। ਉਸ ਅਨੁਸਾਰ ਅਜੋਕੇ ਮਨੁੱਖ ਦੀ ਜ਼ਿੰਦਗੀ ਬੜੀਆਂ ਮੁਸ਼ਕਲਾਂ ਨਾਲ ਭਰੀ ਪਈ ਹੈ। ਉਸ ਦੀਆਂ ਕਾਵਿ ਕਿਰਤਾਂ ਵਿਚੋਂ ਕੁੱਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ :

ਹਰ ਪਲ ਆਪਣਾ ਏਦਾਂ ਬੀਤੇ
ਕੱਚਾ ਜਿਵੇਂ ਸੰਖੀਆ ਖਾਣਾ
ਜੀਕਣ ਘੋਟ ਧਤੂਰਾ ਪੀਣਾ (ਸ਼ਤਰੰਜ ਦੀ ਖੇਡ)

ਇਸੇ ਤਰ੍ਹਾਂ ਸ਼ਿਵ ਕੁਮਾਰ ਵੀ ਬਿਰਹਾ ਤੇ ਵਿਯੋਗ ਸੰਬੰਧੀ ਲਿਖਦਾ ਹੋਇਆ ਪ੍ਰਯੋਗਵਾਦੀ ਬਣ ਜਾਂਦਾ ਹੈ ਉਸ ਅਨੁਸਾਰ ਅੱਜ ਦੇ ਇਸ ਯੁੱਗ ਵਿਚ ਸਿਰਫ਼ ਰੁਪਏ ਦੀ ਹੀ ਅਹਿਮੀਅਤ ਹੈ। ਬਾਕੀ ਰਿਸ਼ਤੇ ਖੁਰਦੇ ਜਾ ਰਹੇ ਹਨ। ਇਸ ਤਰ੍ਹਾਂ ਪ੍ਰਯੋਗਸ਼ੀਲ ਕਵੀਆਂ ਨੇ ਆਪਣੀਆਂ ਰਚਨਾਵਾਂ ਦੁਆਰਾ ਪੰਜਾਬੀ ਕਵਿਤਾ ਦੇ ਵਿਕਾਸ ਵਿਚ ਇੱਕ ਮਹੱਤਵਪੂਰਨ ਯੋਗਦਾਨ ਪਾਇਆ। ਪ੍ਰਯੋਗਸ਼ੀਲ ਕਾਵਿ ਪ੍ਰਵਿਰਤੀ ਵਿਚ ਅਜੋਕੇ ਮਨੁੱਖ ਦੇ ਖੰਡਿਤ ਆਪੇ, ਮਾਨਸਿਕ ਸਥਿਤੀ ਨੂੰ ਬੜੀ ਕਲਾਤਮਿਕਤਾ ਨਾਲ ਪੇਸ਼ ਕੀਤਾ ਗਿਆ ਹੈ।

**ਜੁਝਾਰਵਾਦੀ ਪ੍ਰਵਿਰਤੀ**

ਪ੍ਰਯੋਗਵਾਦੀ ਪ੍ਰਵਿਰਤੀ ਤੋਂ ਬਾਅਦ ਆਧੁਨਿਕ ਕਾਵਿ ਪਰੰਪਰਾ ਵਿਚ ਜੁਝਾਰਵਾਦੀ ਪ੍ਰਵਿਰਤੀ ਦਾ ਆਗਮਨ ਹੁੰਦਾ ਹੈ। ਇਸ ਵਿਚਲੇ ਕਵੀਆਂ ਨੇ ਪ੍ਰਗਤੀਵਾਦੀ ਵਿਚਾਰਾਂ ਦਾ ਹੀ ਵਿਸਥਾਰ ਕੀਤਾ ਪਰ ਇਹਨਾਂ ਨੇ ਗ਼ਲਤ ਰਾਜਨੀਤਿਕ ਤੇ ਸਮਾਜਿਕ ਢਾਂਚੇ ਦਾ ਵਿਰੋਧ ਅੱਤਵਾਦੀ ਰੁਖ ਅਪਣਾ ਕੇ ਕੀਤਾ। ਇਸ ਕਾਵਿ ਪ੍ਰਵਿਰਤੀ ਨੂੰ ਨਕਸਲੀ ਕਵਿਤਾ ਵੀ ਕਿਹਾ ਗਿਆ। ਇਸ ਕਾਵਿ-ਪ੍ਰਵਿਰਤੀ ਦੇ ਕਵੀਆਂ ਨੇ ਪ੍ਰਗਤੀਵਾਦੀ ਕਵੀਆਂ ਤੋਂ ਅੱਗੇ ਜਾ ਕੇ ਤੇ ਅੱਤਵਾਦੀ ਹੋ ਕੇ ਗ਼ਲਤ ਰਾਜਨੀਤਿਕ ਢਾਂਚੇ ਨੂੰ ਵੰਗਾਰਿਆ ਹੈ। ਇਹ ਕਵੀ ਜ਼ਿੰਦਗੀ ਦਾ ਨੰਗਾ ਸੱਚ ਬਿਆਨ ਕਰਨ ਵਿਚ ਯਕੀਨ ਰੱਖਦੇ ਹਨ। ਇਨ੍ਹਾਂ ਕਵੀਆਂ ਦਾ ਉਦੇਸ਼ ਅਜਿਹੀ ਤਬਦੀਲੀ ਹੈ ਜਿਹੜੀ ਸੁਧਾਰਵਾਦੀ ਢੰਗ ਨਾਲ ਨਹੀਂ ਆਉਂਦੀ ਸਗੋਂ ਤਸ਼ੱਦਦ ਰਾਹੀਂ ਲਿਆਂਦੀ ਜਾ ਸਕਦੀ ਹੈ। ਕਿਹਾ ਜਾਂਦਾ ਹੈ ਕਿ ਜਦੋਂ ਮਾਰਕਸਵਾਦੀ ਅਤੇ ਪ੍ਰਗਤੀਵਾਦੀ ਵਿਚਾਰਾਂ ਦੇ ਸਮਰਥਕ ਹੱਥਾਂ ਵਿਚ ਹਥਿਆਰ ਫੜ ਕੇ ਆਪਣੇ ਹੱਕਾਂ ਦੀ ਰਾਖੀ ਲਈ ਅੱਗੇ ਆਏ ਤਾਂ ਇਸ ਕਾਵਿ ਪ੍ਰਵਿਰਤੀ ਦਾ ਜਨਮ ਹੋਇਆ। ਇਹ ਲਹਿਰ ਛੇ ਸੱਤ ਸਾਲ ਹੀ ਚੱਲੀ। ਬਿਹਾਰ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ ਅਤੇ ਪੰਜਾਬ ਵਿਚ ਤਾਂ ਕਾਫ਼ੀ ਫੈਲੀ। ਇਸ ਲਹਿਰ ਦੇ ਕਈ ਸੰਗਰਾਮੀ ਕਵੀ ਅਤੇ ਲੇਖਕ ਸਨ। ਇਹ ਆਪਣੇ ਹੱਕਾਂ ਲਈ ਹਥਿਆਰਬੰਦ ਲੜਾਈ ਲੜਦੇ ਰਹੇ ਤੇ ਕਈ ਵਾਰ ਜੇਲ੍ਹ ਵੀ ਗਏ, ਪੁਲਿਸ ਦੇ ਤਸੀਹੇ ਵੀ ਸਹੇ, ਇਸ ਲਹਿਰ ਦੇ ਵਿਕਾਸ ਦੌਰਾਨ ਲਿਖੇ ਸਾਹਿਤ ਨੂੰ ਹੀ ਜੁਝਾਰਵਾਦੀ ਪ੍ਰਵਿਰਤੀ, ਕਿਹਾ ਜਾਂਦਾ ਹੈ। ਇਸ ਕਾਵਿ ਪ੍ਰਵਿਰਤੀ ਨਾਲ ਸੰਬੰਧਿਤ ਕਵੀ ਜ਼ਿਆਦਾਤਰ ਪਿੰਡਾਂ ਵਿਚੋਂ ਹੀ ਸਨ।"ਵਧੇਰੇ ਕਰਕੇ ਪੇਂਡੂ ਗ਼ਰੀਬ ਕਿਸਾਨੀ ਅਤੇ ਦਲਿਤ ਵਰਗ ਦੇ ਕਵੀਆਂ ਦੀ ਰਚਨਾ ਹੋਣ ਕਾਰਨ ਜੁਝਾਰਵਾਦੀ ਕਵਿਤਾ ਦਾ ਵਡੇਰਾ ਹਿੱਸਾ ਨਿਰੋਲ ਪੇਂਡੂ ਦਲਿਤ ਅਤੇ ਸਭ ਸੁੱਖਾਂ ਤੋਂ ਵੰਚਿਤ ਕਿਸਾਨੀ ਦੇ ਅਨੁਭਵ ਤੱਕ ਉਸੇ ਤਰ੍ਹਾਂ ਸੀਮਤ ਰਿਹਾ ਜਿਵੇਂ ਪ੍ਰਯੋਗਵਾਦੀ ਕਵਿਤਾ ਨਿਰੋਲ ਸ਼ਹਿਰੀ ਮੱਧ-ਸ਼੍ਰੇਣੀ ਦੇ ਅਨੁਭਵ ਤੱਕ ਸੀਮਤ ਸੀ। ਜੁਝਾਰਵਾਦੀ ਪ੍ਰਵਿਰਤੀ ਦੇ ਕਵੀਆਂ ਨੇ ਨਾ ਸਿਰਫ਼ ਆਪਣੇ ਹੱਕਾਂ ਦੀ ਗੱਲ ਕੀਤੀ ਸਗੋਂ ਸਮਾਜਿਕ ਤੇ ਰਾਜਨੀਤਿਕ ਢਾਂਚੇ ਵਿਚ ਹੁੰਦੇ ਅਨਿਆਂ ਨੂੰ ਰੋਕਣ ਲਈ ਹਥਿਆਰ ਵੀ ਚੁੱਕੇ। ਭਾਵੇਂ ਕਿ ਇਸ ਲਹਿਰ ਨੂੰ ਜਬਰੀ ਦਬਾ ਦਿੱਤਾ ਗਿਆ ਪਰ ਫੇਰ ਵੀ ਬਹੁਤ ਸਾਰੇ ਕਵੀਆਂ ਨੇ ਇਸ ਪ੍ਰਵਿਰਤੀ ਅਧੀਨ ਕਾਵਿ-ਸਿਰਜਣਾ ਕੀਤੀ। ਇਸ ਪ੍ਰਵਿਰਤੀ ਦੇ ਪ੍ਰਮੁੱਖ ਕਵੀ ਪਾਸ਼, ਜਗਤਾਰ, ਸੁਖਬੀਰ, ਦਰਸ਼ਨ ਖਟਕੜ, ਲਾਲ ਸਿੰਘ ਦਿਲ, ਅਮਰਜੀਤ ਚੰਦਨ, ਸੰਤ ਰਾਮ ਉਦਾਸੀ, ਹਰਭਜਨ ਹਲਵਾਰਵੀ ਆਦਿ ਕੁੱਝ ਹੋਰ ਪੰਜਾਬੀ ਕਵੀਆਂ ਜਿਵੇਂ ਸ਼ਿਵ ਕੁਮਾਰ ਤੇ ਸੁਰਜੀਤ ਪਾਤਰ ਉੱਤੇ ਵੀ ਇਸ ਪ੍ਰਵਿਰਤੀ ਦਾ ਪ੍ਰਭਾਵ ਪਿਆ। ਇਸ ਕਾਵਿ ਪ੍ਰਵਿਰਤੀ ਦਾ ਮੁੱਖ ਕਵੀ ਪਾਸ਼ ਰਿਹਾ ਜਿਸ ਦਾ ਪੂਰਾ ਨਾਮ ਅਵਤਾਰ ਸਿੰਘ ਪਾਸ਼ ਸੀ। ਪਾਸ਼ ਨੇ ਪੰਜਾਬੀ ਕਾਵਿ ਜਗਤ ਵਿਚ ਪੈਦਾ ਹੋਈ। ਪਾਸ਼ ਦੁਆਰਾ ਪੇਸ਼ ਕੀਤੇ ਆਰਥਿਕ ਸੰਕਟ, ਪਿੰਡਾਂ ਵਿਚਲੀ ਆਰਥਿਕ ਮੰਦਹਾਲੀ ਆਦਿ ਤੋਂ ਜ਼ਿੰਦਗੀ ਦਾ ਉਹ ਯਥਾਰਥ ਨਿੱਖਰ ਕੇ ਸਾਡੇ ਸਾਹਮਣੇ ਆਇਆ ਜਿਸ ਦਾ ਜ਼ਿਕਰ ਪੰਜਾਬੀ ਕਾਵਿ ਜਗਤ ਵਿਚ ਅਜੇ ਤੱਕ ਨਹੀਂ ਸੀ ਹੋਇਆ। ਸਮਾਜ ਵਿਚਲੇ ਮਜਬੂਰ, ਮਿਹਨਤੀ ਅਤੇ ਨਕਾਰੇ ਹੋਏ ਪਾਤਰਾਂ ਨਾਲ ਸੰਬੰਧਿਤ ਉਸ ਦੀਆਂ ਕੁੱਝ ਕਵਿਤਾਵਾਂ ਵਿਚੋਂ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ , ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ `ਚ ਰੁੜ ਜਾਂਦੀ ਹੈ , ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ (ਸਾਡੇ ਸਮਿਆਂ ਵਿਚ)
ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ

ਪਾਸ਼ ਦੇ ਨਾਲ ਹੀ ਲਾਲ ਸਿੰਘ ਦਿਲ ਦਾ ਵੀ ਪੰਜਾਬੀ ਜੁਝਾਰਵਾਦੀ ਪ੍ਰਵਿਰਤੀ ਵਿਚ ਇੱਕ ਖ਼ਾਸ ਸਥਾਨ ਰਿਹਾ। ਉਸ ਨੇ ਵੀ ਸਮਾਜ ਵਿਚ ਅਣਗੌਲੇ ਪਾਤਰਾਂ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਨਾਇਕ ਬਣਾ ਕੇ ਪੇਸ਼ ਕੀਤਾ। ਲਾਲ ਸਿੰਘ ਦਿਲ ਨੇ ਵੀ ਬਾਕੀ ਜੁਝਾਰਵਾਦੀ ਕਵੀਆਂ ਵਾਂਗ ਆਪਣੀਆਂ ਕਵਿਤਾਵਾਂ ਪਾਠਕਾਂ ਦੇ ਮਨੋਰੰਜਨ ਜਾਂ ਸੁਹਜ-ਸੁਆਦ ਲਈ ਨਹੀਂ ਲਿਖੀਆਂ ਸਗੋਂ ਆਮ ਲੋਕਾਂ ਦੇ ਹੱਕਾਂ ਦੀ ਰਾਖੀ ਤੇ ਅਮੀਰ ਵਰਗ ਤੇ ਗ਼ਰੀਬਾਂ ਦਾ ਖ਼ੂਨ ਚੂਸਦੀਆਂ ਜੋਕਾਂ ਦੇ ਵਿਰੁੱਧ ਲਿਖੀਆਂ। ਲਾਲ ਸਿੰਘ ਨੇ ਮਜ਼ਦੂਰਾਂ ਤੇ ਉਨ੍ਹਾਂ ਦੇ ਬੱਚਿਆਂ ਦੀ ਜ਼ਿੰਦਗੀ ਵਿਚਲੇ ਕੌੜੇ ਯਥਾਰਥ ਨੂੰ ਸ਼ਬਦ ਦਿੱਤੇ ਤੇ ਉਨ੍ਹਾਂ ਨੂੰ ਆਪਣੇ ਹੱਕਾਂ ਵਿਚ ਆਵਾਜ਼ ਚੁੱਕਣ ਲਈ ਕਿਹਾ। ਲਾਲ ਸਿੰਘ ਦਿਲ ਦੀਆਂ ਇਸ ਪ੍ਰਵਿਰਤੀ ਦੀ ਹਾਮੀ ਭਰਦੀਆਂ ਕਵਿਤਾਵਾਂ ਵਿਚੋਂ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ

"ਐ ਝੁੱਗੀਆਂ 'ਚ ਜਾਗਦਿਓ ਇਨਕਲਾਬ ਝੁੱਗੀਆਂ 'ਚੋਂ ਨਿਕਲਣਾ!" "ਐ ਖੱਤਿਆਂ 'ਚ ਜਾਗਦਿਓ

ਸੰਤ ਰਾਮ ਉਦਾਸੀ ਵੀ ਜੁਝਾਰਵਾਦੀ ਪ੍ਰਵਿਰਤੀ ਵਿਚਲਾ ਪ੍ਰਮੁੱਖ ਕਵੀ ਰਿਹਾ। ਉਸ ਨੇ ਆਪਣੇ ਹੱਕਾਂ ਦੀ ਰਾਖੀ ਲਈ ਹਥਿਆਰ ਚੁੱਕਣ ਲਈ ਕਿਹਾ। ਉਸ ਅਨੁਸਾਰ ਸ਼ੋਸ਼ਣ ਤੋਂ ਮੁਕਤੀ ਪ੍ਰਾਪਤ ਕਰ ਕੇ ਹੀ ਆਦਰਸ਼ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਪਾਸ਼ ਵਾਂਗ ਸੰਤ ਰਾਮ ਉਦਾਸੀ ਨੇ ਵੀ ਧਰਮ, ਇਤਿਹਾਸ ਤੇ ਮਿਥਿਹਾਸ ਵਿਚੋਂ ਉਦਾਹਰਨਾਂ ਲੈ ਕੇ ਆਪਣੇ ਕਾਵਿ-ਜਗਤ ਦੀ ਸਿਰਜਣਾ ਕੀਤੀ। ਉਸ ਦਾ ਵਿਚਾਰ ਹੈ ਕਿ ਅੱਜ ਦੇ ਯੁੱਗ ਵਿਚ ਖ਼ੁਦ ਰਾਮ ਰਾਵਣ ਦੀ ਰੱਖਿਆ ਲਈ ਖੜ੍ਹਾ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਚੰਡੀ ਵਾਂਗ ਹੀ ਮਨ ਵਿਚ ਹੌਸਲਾ ਤਾਕਤ ਭਰ ਕੇ ਸ਼ੋਸ਼ਣ ਕਰਨ ਵਾਲੀ ਸ਼੍ਰੇਣੀ ਦਾ ਟਾਕਰਾ ਕੀਤਾ ਜਾ ਸਕਦਾ ਹੈ ਕਵਿਤਾ ਵਿਚਲੀ ਵਿਦਰੋਹੀ ਪ੍ਰਵਿਰਤੀ ਦੀਆਂ ਉਦਾਹਰਨਾਂ ਹੇਠ ਲਿਖੇ

ਹਨੂਮਾਨ ਲਲਕਾਰੇ ਕਿਹੜੇ ਰਾਵਣ ਨੂੰ

ਰਾਵਣ ਦੇ ਤਾਂ ਮੂਹਰੇ ਰਾਮ ਖਲੋਇਆ ਹੈ। :

ਅਮਰਜੀਤ ਚੰਦਨ ਨੇ ਵੀ ਜੁਝਾਰਵਾਦੀ ਪ੍ਰਵਿਰਤੀ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਉਸ ਨੇ ਵੀ ਬਾਕੀ ਜੁਝਾਰਵਾਦੀ ਕਵੀਆਂ ਵਾਂਗ ਗੁਰੀਲਾ ਯੁੱਧ ਦੇ ਨਾਲ ਆਰਥਿਕਤਾ ਨੂੰ ਸੁਧਾਰਨ ਬਾਰੇ ਲਿਖਿਆ। "ਅਮਰਜੀਤ ਚੰਦਨ ਵੀ ਪ੍ਰਤਿਭਾਸ਼ਾਲੀ ਜੁਝਾਰ ਵਿਦਰੋਹੀ ਕਵੀ ਹੈ। 'ਕੌਣ ਨਹੀਂ ਚਾਹੇਗਾ ਉਸ ਦਾ ਮੌਲਿਕ ਸੰਗ੍ਰਹਿ ਹੈ। ਇਸ ਤੋਂ ਇਲਾਵਾ ਚੰਦਨ ਨੇ ਵਿਸ਼ਵ ਪ੍ਰਸਿੱਧ ਕ੍ਰਾਂਤੀਕਾਰੀ ਕਵਿਤਾਵਾਂ ਨੂੰ ਪੰਜਾਬੀ ਵਿਚ ਬੜੀ ਖ਼ੂਬਸੂਰਤੀ ਨਾਲ ਅਨੁਵਾਦ ਕੀਤਾ ਹੈ। ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਕ੍ਰਾਂਤੀਸ਼ੀਲ ਕਵਿਤਾ ਸੰਨ੍ਹਾਂ ਜਿਵੇਂ-ਆਰੰਭ , ਅਸੀਂ ਜਿਉਂਦੇ ਅਸੀਂ ਜਾਗਦੇ ਆਦਿ ਵਿਚ ਸ਼ਾਮਿਲ ਹਨ। ਅਸਲ ਵਿਚ ਚੰਦਨ ਨੇ ਗੁਰੀਲਾ ਯੁੱਧ ਵਿਧੀ ਨੂੰ ਲੋਕ ਯੁੱਧ ਦਾ ਨਾਂ ਦਿੱਤਾ। ਉਸ ਦੀਆਂ ਜੁਝਾਰਵਾਦੀ ਕਵਿਤਾਵਾਂ ਹੇਠ ਲਿਖੇ ਅਨੁਸਾਰ ਹਨ : ਉਹ ਆ ਰਿਹਾ ਹੈ, ਉਹ ਆਵੇਗਾ , ਉਸ ਦੇ ਹੱਥ ਵਿਚ ਬੰਦੂਕ ਹੋਵੇਗੀ

ਜਿਸ ਨੂੰ ਉਹ ਮਧੁਰ ਰਾਗਨੀਆਂ ਦਾ ਸਾਜ਼ ਕਹਿੰਦਾ ਹੈ। (ਕੌਣ ਨਹੀਂ ਚਾਹੇਗਾ)

ਸੁਖਬੀਰ ਇਸ ਕਾਵਿ ਪ੍ਰਵਿਰਤੀ ਨਾਲ ਸੰਬੰਧਿਤ ਅਜਿਹਾ ਕਵੀ ਹੈ ਜਿਸ ਨੇ ਜ਼ਿੰਦਗੀ ਵਿਚਲੇ ਕਠੋਰ ਯਥਾਰਥ ਨੂੰ ਸਾਹਮਣੇ ਲਿਆਂਦਾ। ਉਹ ਸੰਸਾਰ ਵਿਚ ਪਸਰੀ ਕਾਣੀਵੰਡ ਤੇ ਆਰਥਿਕ ਮੰਦਹਾਲੀ ਨੂੰ ਖ਼ਤਮ ਕਰਨ ਲਈ ਆਸਵੰਦ ਹੈ। ਉਹ ਹੈ ਵਿਚਲੇ ਲੋਕਰਾਜ ਦੇ ਪਿੱਛੇ ਲੁਕਵੇਂ ਰੂਪ ਵਿਚ ਸਾਮਰਾਜੀ ਹਕੂਮਤ ਪ੍ਰਤੀ ਵਿਦਰੋਹ ਦੀ ਭਾਵਨਾ ਅਪਣਾਉਂਦਾ ਹੈ। ਉਹ ਕਿਰਤੀਆਂ ਨੂੰ ਸ਼ੋਸ਼ਣਕਾਰੀ ਵਰਗ ਵਿਰੁੱਧ ਬਗ਼ਾਵਤ ਕਰਨ ਲਈ ਕਹਿੰਦਾ ਹੈ। ਉਸ ਅਨੁਸਾਰ ਆਜ਼ਾਦ ਭਾਰਤ ਵਿਚ ਵੀ ਲੋਕਾਂ ਨੂੰ ਆਪਣੇ ਬਣਦੇ ਹੱਕ ਨਹੀਂ ਮਿਲਦੇ, ਇਹ ਹੱਕ ਤਾਂ ਹੀ ਮਿਲਣਗੇ ਜੇਕਰ ਜੁਝਾਰਵਾਦੀ ਵਿਚਾਰਧਾਰਾ ਨੂੰ ਯਥਾਰਥਕ ਰੂਪ ਵਿਚ ਪੇਸ਼ ਕੀਤਾ ਜਾਵੇ।

ਇਹਨਾਂ ਜੁਝਾਰਵਾਦੀ ਪ੍ਰਵਿਰਤੀ ਵਿਚਲੇ ਕਵੀਆਂ ਤੋਂ ਬਿਨਾਂ ਹੋਰ ਵੀ ਕਵੀ ਹਨ। ਜਿਨ੍ਹਾਂ ਨੇ ਇਸ ਪ੍ਰਵਿਰਤੀ ਨੂੰ ਸਿਖ਼ਰਾਂ ਤੱਕ ਪਹੁੰਚਾਇਆ ਜਿਵੇਂ ਕਿ ਸੁਜਾਤਾ ਸੰਧੂ, ਸੰਤ ਸੰਧੂ, ਪ੍ਰਮਿੰਦਰਜੀਤ, ਦਰਸ਼ਨ ਖਟਕੜ, ਗੁਰਦੀਪ ਗਰੇਵਾਲ, ਸ਼ਮਸ਼ੇਰ ਨਿਰਮਲ ਆਦਿ ਜਿਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਇਸ ਪ੍ਰਵਿਰਤੀ ਰਾਹੀਂ ਪੇਸ਼ ਕੀਤਾ। ਅਸਲ ਵਿਚ ਜੁਝਾਰਵਾਦੀ ਕਵੀਆਂ ਨੇ ਵੀ ਪ੍ਰਗਤੀਵਾਦੀਆਂ ਵਾਂਗ ਆਮ ਲੋਕਾਂ ਦੇ ਹੱਕਾਂ ਦੀ ਗੱਲ ਕੀਤੀ, ਲੋਟੂ ਸ਼੍ਰੇਣੀ ਦਾ ਵਿਰੋਧ ਵੀ ਕੀਤਾ ਤੇ ਆਰਥਿਕ ਸਥਿਤੀ ਸੁਧਾਰਨ ਬਾਰੇ ਵੀ ਸੋਚਿਆ, ਪਰ ਜੁਝਾਰਵਾਦੀ ਕਵੀ ਆਪਣੇ ਹੱਕਾਂ ਲਈ ਹਥਿਆਰ ਚੁੱਕਣ ਬਾਰੇ ਕਹਿੰਦੇ ਸਨ ਤੇ ਇਸ ਲਈ ਉਨ੍ਹਾਂ ਨੇ ਗੁਰੀਲਾ ਯੁੱਧ ਨੀਤੀ ਵੀ ਅਪਣਾਈ। ਇਸੇ ਕਾਰਨ ਜੁਝਾਰਵਾਦੀ ਪ੍ਰਵਿਰਤੀ ਨੂੰ ਦਬਾ ਦਿੱਤਾ ਗਿਆ ਪਰ ਫਿਰ ਵੀ ਪੰਜਾਬੀ ਸਾਹਿਤ ਤੇ ਖ਼ਾਸ ਕਰਕੇ ਕਾਵਿ ਖੇਤਰ ਵਿਚ ਇਸ ਦਾ ਪ੍ਰਮੁੱਖ ਸਥਾਨ ਹੈ।

**ਸੁਹਜਵਾਦੀ ਪ੍ਰਵਿਰਤੀ**

ਸੁਹਜ ਸਿਰਜਣਾ ਤੇ ਇਸ ਦੁਆਰਾ ਆਨੰਦ ਮਾਣਨਾ ਮਨੁੱਖ ਦਾ ਮੁੱਢ ਕਦੀਮ ਤੋਂ ਹੀ ਸ਼ੌਕ ਰਿਹਾ ਹੈ। ਇਸੇ ਕਾਰਨ ਵੱਖ-ਵੱਖ ਕਲਾ ਕਿਰਤਾਂ ਦੁਆਰਾ ਕਈ ਸੁੰਦਰ ਕਲਾਵਾਂ ਦੀ ਰਚਨਾ ਕੀਤੀ ਗਈ ਅਤੇ ਉਸ ਦੁਆਰਾ ਮਨੁੱਖ ਨੇ ਆਪਣੇ ਮਨ ਅੰਦਰਲੀ ਸੁਹਜ ਤ੍ਰਿਸ਼ਨਾ ਨੂੰ ਸ਼ਾਂਤ ਕੀਤਾ। ਇਸੇ ਤਰ੍ਹਾਂ ਸਾਹਿਤ ਵਿਚ ਭਾਵੇਂ ਗਿਆਨ, ਵਿਗਿਆਨ, ਸਿਧਾਂਤਾਂ ਆਦਿ ਦੀ ਗੱਲ ਕੀਤੀ ਜਾਂਦੀ ਹੈ ਪਰ ਫਿਰ ਵੀ ਮਨੁੱਖ ਦੀ ਸੁੰਦਰਤਾ ਪ੍ਰਤੀ ਖਿੱਚ ਨੂੰ ਪੂਰਾ ਕਰਨ ਲਈ ਵੀ ਕਈ ਰਚਨਾਵਾਂ ਦੀ ਸਿਰਜਣਾ ਕੀਤੀ ਗਈ। ਖ਼ਾਸ ਕਰਕੇ ਕਵਿਤਾ ਦੇ ਖੇਤਰ ਵਿਚ ਤਾਂ ਸੁਹਜ ਸਿਰਜਣਾ ਇੱਕ ਪ੍ਰਮੁੱਖ ਉਦੇਸ਼ ਰਿਹਾ। "ਸੁਹਜ ਵਿਚ ਰੁਚੀ ਲੈਣੀ ਮਨੁੱਖੀ ਮਨੋਂ ਬਣਤਰ ਦੀ ਸੁਭਾਵਿਕ ਵਿਸ਼ੇਸ਼ਤਾ ਹੈ। ਮਨੁੱਖੀ ਮਨ ਵਿਹਾਰਕ ਲੋੜਾਂ ਦੀ ਪੂਰਤੀ ਅਤੇ ਸਿਧਾਂਤਿਕ ਗਿਆਨ ਦੀ ਪ੍ਰਾਪਤੀ ਤੋਂ ਇਲਾਵਾ ਕਿਸੇ ਹੋਰ ਸੰਤੁਸ਼ਟੀ ਦ◌ੀ ਵੀ ਤਲਾਸ਼ ਵਿਚ ਰਹਿੰਦਾ ਹੈ। ਉਹ ਹੈ ਉਸ ਦੇ ਸੁਹਜ-ਸੁਆਦ ਦੀ ਸੰਤੁਸ਼ਟੀ। ਕੋਮਲ ਕਲਾਵਾਂ ਦੇ ਹੋਂਦ ਵਿਚ ਆਉਣ ਅਤੇ ਕਾਇਮ ਰਹਿਣ ਦਾ ਸਿਹਰਾ ਮਨੁੱਖ ਦੀ ਸੁਹਜ-ਰੁਚੀ ਦੇ ਸਿਰ ਹੀ ਹੈ ਕਿਉਂਕਿ ਜੇ ਨਿਰਾ ਵਿਹਾਰਿਕ ਲੋੜਾਂ ਦੀ ਪੂਰਤੀ ਜਾਂ ਗਿਆਨ ਮੂਲਕ ਉਪਯੋਗਤਾ ਨੂੰ ਹੀ ਉਤਪਾਦਨ ਜਾਂ ਸਿਰਜਣਾ ਦਾ ਇੱਕ ਮਾਤਰ ਆਧਾਰ ਮੰਨਿਆ ਜਾਵੇ ਤਾਂ ਅਜੋਕੇ ਮਨੁੱਖੀ ਜੀਵਨ ਵਿਚ ਕੋਮਲ ਕਲਾਵਾਂ ਲਈ ਤਿਲ ਮਾਤਰ ਥਾਂ ਨਾ ਰਹਿ ਜਾਵੇ।

ਆਧੁਨਿਕ ਸਮੇਂ ਵਿਚ ਕਈ ਵਾਦ, ਪ੍ਰਵਿਰਤੀਆਂ ਤੇ ਧਾਰਾਵਾਂ ਪ੍ਰਚੱਲਿਤ ਹੁੰਦੀਆਂ ਹਨ। ਕੋਈ ਧਰਮ ਬਾਰੇ, ਕੋਈ ਸਮਾਜ ਬਾਰੇ ਤੇ ਕੋਈ ਪਿਆਰ ਬਾਰੇ ਲਿਖਦਾ ਹੈ, ਵਿਸ਼ਾ ਭਾਵੇਂ ਜੋ ਵੀ ਹੋਵੇ ਉਸ ਵਿਚ ਸੁਹਜ ਦੀ ਸਿਰਜਣਾ ਜ਼ਰੂਰ ਹੋਵੇਗੀ। ਤਾਂ ਹੀ ਕਵਿਤਾ ਨੂੰ ਪੜ੍ਹ ਕੇ ਆਨੰਦ ਮਾਣਿਆ ਜਾਂਦਾ ਹੈ। ਸੁਹਜ ਵਿਚ ਕਿਸੇ ਵਿਸ਼ੇ ਵਿਚਾਰ ਜਾਂ ਵਾਦ ਨੂੰ ਨਹੀਂ ਲਿਆ ਜਾਂਦਾ ਸਗੋਂ ਇਸ ਨੂੰ ਹਰ ਤਰ੍ਹਾਂ ਦੇ ਵਾਕਾਂ ਵਿਚੋਂ ਲੱਭਿਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਸੁਹਜਵਾਦ ਦਾ ਘੇਰਾ ਬੜਾ ਵਿਸ਼ਾਲ ਹੈ। ਸੁਹਜਵਾਦੀ ਪ੍ਰਵਿਰਤੀ ਰਾਹੀਂ ਹੀ ਕੋਈ ਕਵੀ ਸਾਨੂੰ ਮਾਨਸਿਕ ਤਣਾਉ ਤੋਂ ਮੁਕਤ ਕਰਵਾ ਕੇ ਅਰਸ਼ੀ ਉਡਾਰੀਆਂ ਮਰਵਾ ਸਕਦਾ ਹੈ।" "ਸੁਹਜ ਸੁਆਦ ਦੀ ਤ੍ਰਿਪਤੀ ਮਨੁੱਖੀ ਮਨ ਦੀ ਬੁਨਿਆਦੀ ਲੋੜ ਹੈ। ਇਸ ਕਰਕੇ ਸਾਹਿਤਕਾਰ ਲਈ ਜੀਵਨ ਵਿਚ ਸੁਹਜ ਇੱਕ ਤੱਕੜੀ ਪ੍ਰੇਰਨਾ ਦਾ ਕੰਮ ਦੇਂਦਾ ਹੈ। ਮਨ ਦੀਆਂ ਜੋ ਉਡਾਰੀਆਂ ਕਵੀਆਂ ਤੋਂ ਸੁਹਜ ਨੇ ਮਰਵਾਈਆਂ ਹਨ, ਹੋਰ ਕੋਈ ਵਿਸ਼ਾ ਨਹੀਂ ਕਰਵਾ ਸਕਦਾ। ਇਹ ਮਨੁੱਖ ਦੀ ਸੁਹਜਵਾਦੀ ਰੁਚੀ ਹੀ ਹੈ ਕਿ ਉਹ ਸਾਹਿਤ ਰੂਪੀ ਫੁੱਲਾਂ ਵੱਲ ਭੌਰਿਆਂ ਦੀ ਤਰ੍ਹਾਂ ਆਕਰਸ਼ਿਤ ਹੁੰਦਾ ਹੈ।

ਭਾਈ ਵੀਰ ਸਿੰਘ ਦੀ ਕਵਿਤਾ ਵਿਚ ਵੀ ਸੁਹਜਵਾਦ ਨੂੰ ਵੇਖਿਆ ਜਾ ਸਕਦਾ ਹੈ। ਭਾਈ ਵੀਰ ਸਿੰਘ ਨੇ ਗੁਰਮਤਿ ਦੇ ਸਿਧਾਂਤਾਂ, ਰਹੱਸਵਾਦੀ ਵਿਚਾਰਾਂ, ਕੁਦਰਤੀ ਸੁੰਦਰਤਾ ਸੰਬੰਧੀ ਲਿਖਦੇ ਹੋਏ ਸੁਹਜ ਸਿਰਜਣਾ ਵੀ ਕਮਾਲ ਦੀ ਕੀਤੀ ਹੈ, ਉਨ੍ਹਾਂ ਦੀ ਹਰ ਵਿਸ਼ੇ ਨਾਲ ਸੰਬੰਧਿਤ ਕਵਿਤਾ ਵਿਚੋਂ ਮਨੁੱਖੀ ਸੁਹਜ ਦੀ ਤ੍ਰਿਪਤੀ ਹੋ ਸਕਦੀ ਹੈ। ਖ਼ਾਸ ਕਰਕੇ ਭਾਈ ਸਾਹਿਬ ਦੁਆਰਾ ਪੇਸ਼ ਕੀਤੇ ਕੁਦਰਤੀ ਨਜ਼ਾਰੇ ਤਾਂ ਆਪਣੇ ਆਪ ਵਿਚ ਇੱਕ ਕਲਾ ਬਣ ਗਏ। ਅਸਲ ਵਿਚ ਸੁੰਦਰਤਾ ਤੇ ਸੁਹਜ ਤਾਂ ਮਨੁੱਖੀ ਜ਼ਿੰਦਗੀ ਦਾ ਆਧਾਰ ਹਨ। ਦੁਨੀਆ ਦੀ ਹਰ ਵਸਤੂ ਕਿਸੇ ਨਾ ਕਿਸੇ ਰੂਪ ਵਿਚ ਸੁੰਦਰਤਾ ਤੇ ਆ ਟਿਕਦੀ ਹੈ। ਭਾਈ ਵੀਰ ਸਿੰਘ ਕਾਦਰ ਦੀ ਇਸ ਕੁਦਰਤ ਵਿਚੋਂ ਜਦੋਂ ਵੀ ਕਿਸੇ ਸੁੰਦਰ ਵਸਤ ਨੂੰ ਵੇਖਦਾ ਹੈ ਤੇ ਰਚਨਾ ਆਰੰਭ ਕਰ ਦਿੰਦਾ ਹੈ। ਉਨ੍ਹਾਂ ਦੀ ਕਵਿਤਾ ਵਿਚ ਵਗਦੇ ਝਰਨੇ, ਖਿੜੇ ਹੋਏ ਫ਼ੁਲ, ਕਸ਼ਮੀਰ ਦੇ ਬਾਗ਼ ਆਦਿ ਸੁਹਜ ਸਿਰਜਣਾ ਦੀ ਇੱਕ ਮਿਸਾਲ ਕਾਇਮ ਕਰਦੇ ਨਜ਼ਰ ਆਉਂਦੇ ਹਨ। ਭਾਈ ਵੀਰ ਸਿੰਘ ਲਈ ਸੁੰਦਰਤਾ ਕੋਈ ਅਤਿ ਸੂਖਮ ਵਸਤੂ ਹੈ ਜਿਹੜੀ ਜਿੰਦ ਛੋਹ ਲਾਉਣ ਦੀ ਸਮਰੱਥਾ ਰੱਖਦੀ ਹੈ। ਉਸ ਨੇ ਕਸ਼ਮੀਰ ਦੀ ਅਕਹਿ ਸੁੰਦਰਤਾ ਸੰਬੰਧੀ ਵੀ ਢੇਰ ਸਾਰੀਆਂ ਕਵਿਤਾਵਾਂ ਲਿਖੀਆਂ ਹਨ। ਉਨ੍ਹਾਂ ਦੀਆਂ ਕਵਿਤਾਵਾਂ ਵਿਚਲੀਆਂ ਸੁਹਜ ਭਰਪੂਰ ਕਾਵਿ ਸਤਰਾਂ ਹੇਠ ਲਿਖੇ ਅਨੁਸਾਰ ਹਨ :

ਵੈਰੀ ਨਾਗ ਤੇਰਾ ਪਹਿਲਾ ਝਲਕਾ
ਜਦ ਅੱਖੀਆਂ ਵਿਚ ਵਜਦਾ,
ਕੁਦਰਤ ਦੇ ਕਾਦਰ ਜਾ ਜਲਵਾ
ਲੈ ਲੈਂਦਾ ਇੱਕ ਸਿੱਜਦਾ

ਭਾਈ ਵੀਰ ਸਿੰਘ ਤੋਂ ਬਾਅਦ ਪ੍ਰੋ: ਪੂਰਨ ਸਿੰਘ ਨੇ ਆਪਣੀ ਕਵਿਤਾ ਰਾਹੀਂ ਕੁਦਰਤੀ ਸੁੰਦਰਤਾ, ਪੰਜਾਬ ਨਾਲ ਪਿਆਰ, ਪੰਜਾਬ ਦੇ ਗੱਭਰੂ ਤੇ ਮੁਟਿਆਰਾਂ ਦੀਆਂ ਸੋਹਣੀਆਂ ਸੂਰਤਾਂ ਨੂੰ ਪੇਸ਼ ਕਰਦੇ ਹੋਏ ਸੁਹਜ ਸਿਰਜਣਾ ਕੀਤੀ। "ਪੂਰਨ ਸਿੰਘ ਇੱਕ ਅਤਿਅੰਤ ਕੋਮਲ ਰੁਚੀਆਂ ਵਾਲਾ ਅਤੇ ਸੰਵੇਦਨਸ਼ੀਲ ਮਨੁੱਖ ਸੀ। ਉਹ ਸੁੰਦਰਤਾ ਨੂੰ ਕਿਸੇ ਸਰੀਰ ਦੀ ਕੈਦ ਵਿਚ ਨਹੀਂ ਦੇਖਦਾ। ਉਸ ਲਈ ਇਹ ਅਸਰੀਰੀ ਵਸਤੂ ਹੈ ਜੋ ਮਨੁੱਖੀ ਇੰਦਰੀਆਂ ਦੀ ਪਕੜ ਤੋਂ ਉੱਪਰ ਹੈ। ਇਹ ਮਰਦਾਂ ਵਿਚ ਨਹੀਂ, ਖ਼ੂਬਸੂਰਤ, ਔਰਤਾਂ ਵਿਚ ਨਹੀਂ, ਇਹ ਤਾਂ ਰੂਹਾਨੀ ਜਗਤ ਦਾ ਕੋਈ ਸੂਖਮ ਜਿਹਾ ਝਲਕਾਰਾ ਹੈ। ਪਰ ਫਿਰ ਵੀ ਜਦੋਂ ਉਹ ਪ੍ਰਾਕ੍ਰਿਤਕ ਹੋਂਦਾਂ ਵਿਚ ਮਿਲ ਜਾਣਾ ਚਾਹੁੰਦਾ ਹੈ ਤੇ ਪੜ੍ਹਾਈ ਛੱਡ ਕੇ ਜੱਟਾਂ ਨਾਲ ਰਲ ਜਾਣਾ ਚਾਹੁੰਦਾ ਹੈ ਤਾਂ ਉਸ ਦੀ ਰੂਹਾਨੀ ਸੁੰਦਰਤਾ ਕਵਿਤਾ ਰਾਹੀਂ ਸਾਡੇ ਸਾਹਮਣੇ ਆ ਜਾਂਦੀ ਹੈ। ਉਸ ਲਈ ਸੁੰਦਰਤਾ ਆਤਮਾ ਨੂੰ ਪ੍ਰਸੰਨ ਕਰਨ ਦਾ ਇੱਕ ਅਹਿਸਾਸ ਹੈ ਪਰ ਇਹ ਅਹਿਸਾਸ ਵੀ ਤਾਂ ਸੁੰਦਰ ਦੁਨਿਆਵੀ ਵਸਤਾਂ, ਕੁਦਰਤੀ ਨਜ਼ਾਰਿਆਂ ਆਦਿ ਰਾਹੀਂ ਹੀ ਹੁੰਦਾ ਹੈ। ਉਸ ਦੀਆਂ ਸੁਹਜਵਾਦੀ ਪ੍ਰਵਿਰਤੀ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ :

ਸੁਹੱਪਣ ਕੋਈ ਚੀਜ਼ ਨਾਂਹ
ਸੁਹੱਪਣ ਕੋਈ ਫੜਨ ਵਾਲੀ
ਗਲ ਲਾਣ ਵਾਲੀ ਸ਼ੈਅ ਨਾਂਹ
ਇਹ ਤਾਂ ਸੁਖਮ-ਅਰੂਪ ਜਿਹਾ ਮੈਂ ਹਾਂ

ਪ੍ਰੋ: ਮੋਹਨ ਸਿੰਘ ਨੇ ਵੀ ਸੁਹਜਵਾਦੀ ਪ੍ਰਵਿਰਤੀ ਨੂੰ ਅੱਗੇ ਵਧਾਉਣ ਵਿਚ ਆਪਣਾ ਯੋਗਦਾਨ ਪਾਇਆ। ਮੋਹਨ ਸਿੰਘ ਨੇ ਨਿੱਜੀ ਪਿਆਰ ਲੋਕ ਪਿਆਰ, ਔਰਤ ਦੀ ਸੁੰਦਰਤਾ ਤੇ ਕੁਦਰਤੀ ਸੁਹੱਪਣ ਬਾਰੇ ਬਹੁਤ ਕੁੱਝ ਲਿਖਿਆ। ਉਹ ਇੱਕ ਰੰਗ ਰੰਗੀਲਾ ਸ਼ਾਇਰ ਸੀ ਜਿਸ ਨੇ ਜ਼ਿੰਦਗੀ ਦੇ ਕਈ ਰੰਗਾਂ ਨੂੰ ਜਾਣ ਕੇ ਸਾਡੇ ਸਾਹਮਣੇ ਪੇਸ਼ ਕੀਤਾ।"ਉਹ ਧਰਤੀ ਦੇ ਜੀਵਨ ਨਾਲ ਡੂੰਘਾ ਸੰਬੰਧ ਰੱਖਦਾ ਹੋਇਆ ਇਸ ਦੇ ਵੰਨ-ਸੁਵੰਨੇ ਅਨੁਭਵਾਂ ਨੂੰ ਆਪਣੀ ਕਵਿਤਾ ਵਿਚ ਸਮੇਟਦਾ ਹੈ। ਕਵਿਤਾ ਵਿਚਲੀ ਚੇਤਨਾ ਜਿੱਥੇ ਬੌਧਿਕਤਾ ਨਾਲ ਭਰਪੂਰ ਹੈ, ਉੱਥੇ ਉਹ ਸਹਿਜ ਜਿਸ ਦੀ ਬਹੁ-ਪਰਤੀ ਇਕਾਗਰਤਾ ਦਾ ਪਰਿਚੈ ਦੇਂਦੀ

ਬਾਵਾ ਬਲਵੰਤ ਦੀ ਕਵਿਤਾ ਵਿਚੋਂ ਵੀ ਸੁਹਜਵਾਦੀ ਅੰਸ਼ ਪ੍ਰਤੱਖ ਨਜ਼ਰ ਆਉਂਦੇ ਹਨ। ਉਸ ਨੇ ਨਿੱਜੀ ਪਿਆਰ ਦੀ ਪੀੜ, ਪ੍ਰਗਤੀਵਾਦੀ ਆਦਿ ਵਿਸ਼ਿਆਂ ਸੰਬੰਧੀ ਕਵਿਤਾਵਾਂ ਲਿਖਦੇ ਹੋਏ ਅਚਨਚੇਤ ਹੀ ਸੁਹਜਵਾਦੀ ਪ੍ਰਵਿਰਤੀ ਦੇ ਵਿਕਾਸ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਉਸ ਨੇ ਸਮਾਜ ਵਿਚ ਪਸਰੀ ਸੁੰਦਰਤਾ ਨੂੰ ਦੇਖ ਕੇ ਆਪਣੇ ਬੋਲਾਂ ਤੇ ਕਲਮ ਰਾਹੀਂ ਅਮਰ ਬਣਾ ਦਿੱਤਾ ਹੈ। ਬਾਵਾ ਬਲਵੰਤ ਦੀ ਕਾਵਿ ਰਚਨਾ ਵਿਚ ਵਿਅਕਤੀਗਤ ਸੁਹਜ-ਬਿਰਤੀ ਅਤੇ ਪ੍ਰਗਤੀਵਾਦੀ ਆਦਰਸ਼ ਦਾ ਸੁਮੇਲ ਦਿਖਾਈ ਦਿੰਦਾ ਹੈ। ਉਸ ਦੀ ਕਾਵਿ-ਰਚਨਾ ਵਿਚ ਪ੍ਰੇਮਿਕਾ ਦਾ ਹੁਸਨ, ਪ੍ਰਕਿਰਤੀ ਦੀ ਸੁੰਦਰਤਾ, ਕਲਾ ਦੀ ਸੁਹਜਾਤਮਕਤਾ ਦਾ ਸੁਮੇਲ ਇੱਕ ਸੁੰਦਰ ਸਮਾਜ ਦੀ ਉਸਾਰੀ ਤੇ ਪ੍ਰਗਤੀਵਾਦੀ ਆਦਰਸ਼ ਵੱਲ ਪ੍ਰੇਰਿਤ ਕਰਦੇ ਹਨ। ਉਸ ਦੀਆਂ ਕਾਵਿ ਰਚਨਾਵਾਂ ਵਿਚਲੀ ਸੁਹਜ ਦ੍ਰਿਸ਼ਟੀ ਹੇਠ ਲਿਖੇ ਅਨੁਸਾਰ ਹੈ :

ਪੰਖੜੀਆਂ ਤੋਂ ਵੀ ਹੈ ਕੋਮਲ
ਮੇਰੇ ਉਸ ਦਾ ਪਿਆਰ,
ਪੱਕੀ ਹੈ ਪਰ ਹੀਰਿਆਂ ਕੋਲੋਂ
ਪਿਆਰ ਦੀ ਲੁਕਵੀਂ ਤਾਰ (ਸੁਗੰਧ ਸਮੀਰ)

ਸ਼ਿਵ ਜਿਸ ਨੂੰ ਬਿਰਹਾ ਦਾ ਸੁਲਤਾਨ' ਕਿਹਾ ਜਾਂਦਾ ਹੈ ਦੀ ਸੰਪੂਰਨ ਕਾਵਿ-ਰਚਨਾ ਨੂੰ ਜੇਕਰ ਸੁਹਜਵਾਦੀ ਕਹਿ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।ਉਸ ਦੀ ਕਵਿਤਾ ਨਿੱਜੀ ਪਿਆਰ ਦੀ ਅਸਫਲਤਾ ਦੀ ਪੀੜ ਨਾਲ ਕੁਰਲਾ ਰਹੀ ਪ੍ਰਤੀਤ ਹੁੰਦੀ ਹੈ। ਸ਼ਿਵ ਔਰਤ ਦੀ ਵਕਾਲਤ ਕਰਦਾ ਹੋਇਆ, ਲੂਣਾ ਨੂੰ ਨਿਰਦੋਸ਼ ਸਾਬਤ ਕਰਦਾ ਹੋਇਆ ਵੀ ਸੁਹਜ ਦੀ ਸਿਰਜਣਾ ਕਰਦਾ ਹੈ। ਉਸ ਦੀ ਕਵਿਤਾ ਵਿਚ ਸੁਹਜਵਾਦੀ ਪ੍ਰਵਿਰਤੀ ਕਾਰਨ ਹੀ ਉਸ ਦੀ ਕਵਿਤਾ ਨੂੰ ਹਰ ਵਰਗ ਦਾ ਵਿਅਕਤੀ ਪੜ੍ਹਦਾ ਤੇ ਮਾਣਦਾ ਹੈ। ਸ਼ਿਵ ਕੁਮਾਰ ਦੀ ਕਾਵਿ-ਰਚਨਾ ਆਧੁਨਿਕ ਪੰਜਾਬੀ ਕਾਵਿ ਵਿਚ ਸ਼ੁੱਧ ਭਾਵਾਤਮਿਕਤਾ ਉੱਤੇ ਆਧਾਰਿਤ ਸੁਹਜ-ਵ੍ਰਿਤੀ ਦੀ ਵੰਨਗੀ ਪੇਸ਼ ਕਰਦੀ ਹੈ। ਇਸ ਦੀ ਆਪਾ ਪਤੀ/ ਨਾਕਾਮੀ ਤੋਂ ਉਤਪੰਨ ਹੋਣ ਵਾਲੀ ਬਿਰਹੋਂ ਦੀ ਪੀੜ ਸ਼ਿਵ ਕਾਵਿ ਦਾ ਕੇਂਦਰੀ ਅਨੁਭਵ ਹੈ, ਜਿਸ ਦੀ ਸਰੋਦੀ ਅਭਿਵਿਅਕਤੀ ਇਸ ਕਾਵਿ ਦੀ ਰਚਨਾਤਮਿਕ ਵਿਲੱਖਣਤਾ ਦਾ ਪਛਾਣ-ਚਿੰਨ੍ਹ ਬਣ ਗਈ ਹੈ। ਬਿਰਹੋਂ ਦੀ ਭਾਵ-ਸਥਿਤੀ ਦੀ ਪ੍ਰਸਤੁਤੀ ਕਿਸੇ ਓਹਲੇ। ਆਸਰੇ ਅਤੇ ਯੋਜਨ ਤੋਂ ਬਗ਼ੈਰ ਕਰਨ ਸਦਕਾ ਇਹ ਕਾਵਿ ਨਿਸ਼-ਪ੍ਰਯੋਜਨ ਸੁਹਜਾਤਮਕਤਾ ਨਾਲ ਭਰਪੂਰ ਹੋ ਨਿੱਬੜਿਆ ਹੈ। ਉਸ ਦੇ ਕਾਵਿ ਜਗਤ ਵਿਚੋਂ ਸੁਹਜਵਾਦੀ ਪੱਖ ਹੇਠ ਲਿਖੇ ਅਨੁਸਾਰ ਹਨ ਡਾ: ਹਰਭਜਨ ਸਿੰਘ ਨੇ ਵੀ ਆਪਣੀ ਕਵਿਤਾ ਵਿਚ ਰੁਮਾਂਸਵਾਦ, ਪ੍ਰਯੋਗਵਾਦ ਸੰਬੰਧੀ ਵਿਚਾਰ ਪੇਸ਼ ਕਰਦੇ ਹੋਏ ਸੁਹਜਵਾਦੀ ਪ੍ਰਵਿਰਤੀ ਸੰਬੰਧੀ ਵੀ ਅਚਨਚੇਤ ਬਹੁਤ ਕੁੱਝ ਕਿਹਾ। ਉਸ ਦੀਆਂ ਕਵਿਤਾਵਾਂ ਵਿਚਲੇ ਭਾਵ ਭਾਵੇਂ ਪ੍ਰਯੋਗਵਾਦੀ ਹੀ ਕਿਉਂ ਨਾ ਹੋਣ ਸੁੰਦਰਤਾ ਦਾ ਬੋਧ ਕਰਵਾਉਂਦੇ ਹਨ। ਇਸੇ ਕਾਰਨ ਕਈ ਆਲੋਚਕ ਉਸ ਨੂੰ ਸੁਹਜਵਾਦੀ ਕਵੀ ਵੀ ਕਹਿ ਦਿੰਦੇ ਹਨ। ਉਸ ਨੇ ਪਿਆਰ, ਮਿਲਾਪ, ਬਿਰਹਾ ਆਦਿ ਵਿਸ਼ਿਆਂ ਦੀ ਪੇਸ਼ਕਾਰੀ ਸਮੇਂ ਸੁਹਜਵਾਦ ਦੇ ਸਿਖ਼ਰਾਂ ਨੂੰ ਛੋਹਿਆ। ਹਰਭਜਨ ਸਿੰਘ, ਕਾਵਿ ਦੀ ਪ੍ਰਮਾਣਿਕ ਕਿਰਤੀ ਪ੍ਰਤੀ ਸੱਜਰਾ ਕਵੀ ਹੈ ਅਤੇ ਇਹੋ ਸਜਰਤਾ ਉਸ ਦੀ ਸੁਹਜ-ਦ੍ਰਿਸ਼ਟੀ ਦੀ ਬਹੁ-ਪਾਸਾਰੀ ਸਿਰਜਣਾਤਮਿਕਤਾ ਦਾ ਮੂਲ ਆਧਾਰ ਬਣੀ ਹੈ। ਉਸ ਦੀਆਂ ਸੋਹਜਵਾਦ ਨਾਲ ਓਤਪ੍ਰੋਤ ਕਵਿਤਾਵਾਂ ਵਿਚੋਂ ਕੁੱਝ ਕਾਵਿ ਸਤਰਾਂ ਹੇਠ ਲਿਖੇ ਅਨੁਸਾਰ ਹਨ : ਵੇ ਮੈਂ ਭਰੀ ਸੁਗੰਧੀਆਂ ਪੌਣ ਸੱਜਣ ਤੇਰੇ ਬੂਹੇ ਵੇ ਤੂੰ ਇੱਕ ਵਾਰੀ ਤਕ ਲੈ ਕੌਣ ਸੱਜਣ ਤੇਰੇ ਬੂਹੇ ।

**ਸਾਰੰਸ਼**

ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਪੰਜਾਬੀ ਕਵਿਤਾ ਵਿਚ ਕਈ ਪ੍ਰਵਿਰਤੀਆਂ ਪ੍ਰਚੱਲਿਤ ਹਨ ਜਿਵੇਂ ਕਿ ਨਵ-ਰਹੱਸਵਾਦ, ਰੁਮਾਂਸਵਾਦ, ਪ੍ਰਗਤੀਵਾਦ, ਪ੍ਰਯੋਗਵਾਦ, ਜੁਝਾਰਵਿਦਰੋਹੀ ਆਦਿ ਪਰ ਹਰ ਪ੍ਰਵਿਰਤੀ ਦਾ ਕਵੀ ਕਿਸੇ ਨਾ ਕਿਸੇ ਢੰਗ ਨਾਲ ਸੁਹਜਵਾਦੀ ਪ੍ਰਵਿਰਤੀ ਨਾਲ ਜੁੜਿਆ ਹੁੰਦਾ ਹੈ। ਅਸਲ ਵਿਚ ਹਰ ਵਿਅਕਤੀ ਆਪਣੇ ਸੁਭਾਅ ਅਤੇ ਰੁਚੀਆਂ ਅਨੁਸਾਰ ਕਵਿਤਾ ਨੂੰ ਪੜ੍ਹ ਕੇ ਸੁਹਜ ਭੁੱਖ ਦੀ ਕ੍ਰਿਤੀ ਕਰਦਾ ਹੈ ਤੇ ਆਧੁਨਿਕ ਪੰਜਾਬੀ ਕਾਵਿ ਇਸ ਦੇ ਸਮਰੱਥ ਹੈ ਅਰਥਾਤ ਇਸ ਰਾਹੀਂ ਹਰ ਵਰਗ ਤੇ ਉਮਰ ਦਾ ਪਾਠਕ ਆਤਮਿਕ ਆਨੰਦ, ਖੇੜੇ ਅਤੇ ਸੁਹਜ ਦੀ ਪ੍ਰਾਪਤੀ ਕਰ ਸਕਦਾ ਹੈ।

**ਕੇਂਦਰੀ ਸ਼ਬਦ** :

ਯਥਾਰਥ ---- ਸੱਚ
ਸੰਸਕ੍ਰਿਤ ---- ਪੁਰਾਤਨ ਰੂਪ
ਮਨੋਵਿਗਿਆਨ --- ਮਾਨਸਿਕ ਸੋਚ ਪੱਧਰ
ਰੱਹਸਵਾਦ ------ ਲੁਕਿਆ ਹੋਇਆ ਅਰਥ
ਪ੍ਰਗਤੀਵਾਦ--- ਵਾਧਾ
ਜੁਝਾਰਵਾਦ---------- ਜੋਸ਼ ਭਰਪੂਰ
ਗੁਲਾਮ ------ ਦੂਜੇ ਦੇ ਅਧੀਨ

**ਸਵੈ-ਮੁਲਾਂਕਣ**:

1. ਇਨਾਂ ਵਿਚੋਂ ਪ੍ਰਵਿਰਤੀ ਹੈ?
   (ੳ) ਕਲਪਨਾ
   (ਅ) ਨਾਟਕ
   (ੲ) ਰੱਹਸਵਾਦ
   (ਸ)ਕਵਿਤਾ
2. ਰੱਹਸਵਾਦੀ ਕਵੀ ਹਨ?
   (ੳ) ਹਰਿਭਜਨ ਸਿੰਘ
   ਅ) ਜਸਵੰਤ ਕਵੰਲ
   (ੲ) ਸੋਮਪਾਲ ਹੀਰਾ
   (ਸ) ਭਾਈ ਵੀਰ ਸਿੰਘ
3. ਖੰਡਿਤ ਮਨੁੱਖ ਦੀ ਪੇਸ਼ਕਾਰੀ ਹੈ ਕਿਸ ਵਾਦ ਦੀ ਧਾਰਨਾ ਹੈ?
   (ੳ) ਪ੍ਰਯੋਗਵਾਦ
   (ਅ) ਰੱਹਸਵਾਦ
   (ੲ) ਜੁਝਾਰਵਾਦ
   (ਸ) ਪ੍ਰਗਤੀਵਾਦ
4. "ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
   ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ" ਇਹ ਸਤਰਾਂ ਕਿਸ ਦੀਆਂ ਹਨ?
   (ੳ) ਸ.ਸ ਮੀਸ਼ਾਂ
   (ਅ) ਅਵਤਾਰ ਪਾਸ਼
   (ੲ) ਭਾਈ ਵੀਰ ਸਿੰਘ
   (ਸ) ਲਾਲ ਸਿੰਘ ਦਿਲ
5. ਹੇਠਾਂ ਦਿੱਤੇ ਕਵੀਆਂ ਵਿਚੋਂ ਸਹੁਜਵਾਦੀ ਕਵੀ ਹਨ?
   (ੳ) ਪੂਰਨ ਸਿੰਘ
   ਅ) ਮੋਹਨ ਸਿੰਘ
   (ੲ) ਭਾਈ ਵੀਰ ਸਿੰਘ
   ਸ) ਹਰਿਭਜਨ ਸਿੰਘ

6. ਜਸਵੰਤ ਸਿੰਘ ਨੇਕੀ ਦਾ ਸਬੰਧ ਕਿਸ ਕਾਵਿ ਪ੍ਰਵਿਰਤੀ ਨਾਲ ਹੈ ?

ੳ. ਨਵ- ਰਹੱਸਵਾਦੀ

ਅ. ਪ੍ਰਯੋਗਵਾਦੀ

ੲ. ਜੁਝਾਰਵਾਦੀ

ਸ. ਕੋਈ ਵੀ ਨਹੀਂ

7. ਪ੍ਰਮੁੱਖ ਰਹੱਸਵਾਦੀ ਕਵੀ ਕਿਹੜੇ ਹਨ?

ੳ. ਬਲਰਾਜ ਸਹਾਨੀ

ਅ. ਬਲਵੰਤ ਗਾਰਗੀ

ੲ. ਭਾਈ ਵੀਰ ਸਿੰਘ

ਸ. ਕੋਈ ਵੀ ਨਹੀਂ

8. ਪ੍ਰਮੁੱਖ ਰੁਮਾਂਸਵਾਦੀ ਕਵੀ ਹਨ ?

ੳ. ਬਲਰਾਜ ਸਹਾਨੀ

ਅ. ਪ੍ਰੋ ਪੂਰਨ ਸਿੰਘ

ੲ. ਭਾਈ ਵੀਰ ਸਿੰਘ

ਸ. ਕੋਈ ਵੀ ਨਹੀਂ

9. ਪੰਜਾਬੀ ਦੇ ਪ੍ਰਮੁੱਖ ਪ੍ਰਯੋਗਸ਼ੀਲ ਕਵੀ ਹਨ?

ੳ. ਬਲਰਾਜ ਸਹਾਨੀ

ਅ. ਡਾ ਹਰਭਜਨ ਸਿੰਘ

ੲ. ਭਾਈ ਵੀਰ ਸਿੰਘ

ਸ. ਜਸਬੀਰ ਸਿੰਘ ਆਹਲੂਵਾਲੀਆ

10. ਪ੍ਰਮੁੱਖ ਜੁਝਾਰਵਾਦੀ ਕਵੀ ਕਿਹੜੇ ਹਨ?

ੳ. ਅਵਤਾਰ ਪਾਸ਼

ਅ. ਡਾ ਹਰਭਜਨ ਸਿੰਘ

ੲ. ਭਾਈ ਵੀਰ ਸਿੰਘ

ਸ. ਜਸਬੀਰ ਸਿੰਘ ਆਹਲੂਵਾਲੀਆ

11. ਪਾਸ਼ ਕਾਵਿ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ ?

ੳ. ਲੋਟੂ ਜਮਾਤ ਦੀ ਤਿੱਖੇ ਸੁਰ ਵਿੱਚ ਵਿਰੋਧਤਾ

ਅ. ਨਾਚ ਰਾਜ

ੲ. ਕਲਾ ਕਥਾ

ਸ. ਬਾਣੀ ਸੰਚਾਰ

12. ਪ੍ਰਗਤੀਵਾਦੀ ਕਵੀ ਹਨ?

ੳ. ਭਾਈ ਵੀਰ ਸਿੰਘ

ਅ. ਪ੍ਰੋ ਪੂਰਨ ਸਿੰਘ

ੲ. ਪ੍ਰੋ ਮੋਹਨ ਸਿੰਘ

ਸ. ਜਸਬੀਰ ਸਿੰਘ ਆਹਲੂਵਾਲੀਆ

13. ਰੁਮਾਂਸਵਾਦੀ ਕਾਵਿ ਦੀ ਪ੍ਰਵਿਰਤੀ ਨਾਲ ਜੁੜੇ ਕਵੀ ਹਨ?

ੳ. ਪ੍ਰੋ ਪੂਰਨ ਸਿੰਘ

ਅ. ਅੰਮ੍ਰਿਤਾ ਪ੍ਰੀਤਮ

ੲ. ਪ੍ਰੋ ਮੋਹਨ ਸਿੰਘ

ਸ. ਉਪਰੋਕਤ ਸਾਰੇ

14 ਸੰਤ ਰਾਮ ਉਦਾਸੀ ਹੈ?

ੳ. ਪ੍ਰਗਤੀਵਾਦੀ

ਅ. ਜੁਝਾਰਵਾਦੀ

ੲ. ਰੁਮਾਂਸਵਾਦੀ

ਸ. ਉਪਰੋਕਤ ਸਾਰੇ

15. ਜੁਝਾਰਵਾਦੀ ਕਵੀ ਹਨ ?

ੳ.ਸੰਤ ਰਾਮ ਉਦਾਸੀ

ਅ. ਲਾਲ ਸਿੰਘ ਦਿਲ

ੲ. ਦਰਸ਼ਨ ਖਟਕੜ

ਸ. ਉਪਰੋਕਤ ਸਾਰੇ

**ਅਭਿਆਸ ਪ੍ਰਸ਼ਨ**

1. ਸਾਹਿਤਕ ਪ੍ਰਵਿਰਤੀਆਂ ਤੋਂ ਕੀ ਭਾਵ ਹੈ?
2. ਆਧੁਨਿਕ ਪੰਜਾਬੀ ਪ੍ਰਵਿਰਤੀਆਂ ਦਾ ਇਤਿਹਾਸ ਮੂਲਕ ਅਧਿਐਨ ਕਰੋ ।
3. ਪੰਜਾਬੀ ਦੇ ਆਧੁਨਿਕ ਰੁਮਾਂਸਵਾਦੀ ਕਵੀਆਂ ਬਾਰੇ ਜਾਣਕਾਰੀ ਦਿਓ ।
4. ਪ੍ਰਯੋਗਵਾਦੀ ਪ੍ਰਵਿਰਤੀ ਅਤੇ ਇਸ ਦੇ ਅਧੀਨ ਆਉਂਦੇ ਕਵੀਆਂ ਬਾਰੇ ਜਾਣਕਾਰੀ ਦਿਓ।

**ਸੰਦਰਭ ਪੁਸਤਕਾਂ:**


1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ (ਆਦਿ ਕਾਲ ਤੋਂ ਸਮਕਾਲ ਤੱਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ 2018.
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ. 2016.


**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%E0%A8%B8%E0%A8%BE%E0%A8%B9%E0%A8%BF%E0%A8%A4

## ਉੱਤਰਮਾਲਾ

| | | | | |
|---|---|---|---|---|
| 1. ੲ | 2. ਸ | 3. ੳ | 4. ਅ | 5. ਸ |
| 6. ੳ | 7. ੲ | 8. ਅ | 9. ਸ | 10. ੳ |
| 11. ੳ | 12. ੲ | 13. ਸ | 14. ਅ | 15. ਸ |

# ਅਧਿਆਇ- 7: ਆਧੁਨਿਕ ਪੰਜਾਬੀ ਕਹਾਣੀ: ਵਿਕਾਸ ਪੜਾਅ ਅਤੇ ਪ੍ਰਵਿਰਤੀਮੂਲਕ

*Kirandeep Singh, Lovely Professional University*

# ਅਧਿਐਨ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


**ਉਦੇਸ਼ :**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਕਹਾਣੀ ਦੀ ਪਰਿਭਾਸ਼ਾ ਬਾਰੇ ਜਾਣੂ ਹੋਣਗੇ।
2. ਕਹਾਣੀ ਦੇ ਵਿਕਾਸ ਪੜਾਅ ਬਾਰੇ ਜਾਣਨ ਦੇ ਕਾਬਿਲ ਹੋਣਗੇ।
3. ਕਹਾਣੀ ਦੀਆਂ ਪ੍ਰਵਿਰਤੀਆਂ ਬਾਰੇ ਜਾਣਨ ਦੇ ਯੋਗ ਹੋਣਗੇ।

**ਵਿਸ਼ਾ**

ਆਧੁਨਿਕ ਕਹਾਣੀ ਨੂੰ ਨਿੱਕੀ ਕਹਾਣੀ, ਨਿੱਕੀ ਹੁਨਰੀ ਕਹਾਣੀ, ਛੋਟੀ ਕਹਾਣੀ ਤੇ ਕਹਾਣੀਆਂ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਨਾਵਲ ਤੋਂ ਪਿੱਛੋਂ ਗਲਪ ਦੀ ਇਹ ਦੂਜੀ ਰੂਪ ਵਿਧਾ ਹੈ। ਹਰ ਇੱਕ ਸਾਹਿੱਤਿਕ ਰੂਪ ਵਿਧਾ ਦੀ ਵੱਖਰੀ ਪਹਿਚਾਣ ਹੁੰਦੀ ਹੈ ਜੋ ਉਸ ਰੂਪ ਵਿਧਾ ਦੀਆਂ ਰਚਨਾਤਮਿਕ ਵਿਧੀਆਂ ਦੇ ਆਧਾਰ ਉੱਤੇ ਨਿਸ਼ਚਤ ਕੀਤੀ ਜਾਂਦੀ ਹੈ। ਰਚਨਾਤਮਿਕ ਵਿਧੀਆਂ ਦਾ ਵਿਸ਼ੇਸ਼ ਰੂਪ ਵਿਚ ਪ੍ਰਯੋਗ ਹੀ ਰੂਪ-ਵਿਧਾ ਨੂੰ ਦੂਜੀਆਂ ਸਾਹਿੱਤਿਕ ਵਿਧੀਆਂ ਤੋਂ ਵੱਖਰਾਉਂਦਾ ਹੈ। ਨਿੱਕੀ ਕਹਾਣੀ ਬਾਰੇ ਲੰਮੇ ਅਰਸੇ ਤਕ ਬਹੁਤ ਸਾਰੀਆਂ ਭ੍ਰਾਂਤੀਆਂ ਪ੍ਰਚਲਿਤ ਰਹੀਆਂ ਹਨ।

ਸਭ ਤੋਂ ਪਹਿਲੀ ਭ੍ਰਾਂਤੀ ਇਹ ਬਣੀ ਰਹੀ ਹੈ ਕਿ ਨਿੱਕੀ ਕਹਾਣੀ ਪਰੰਪਰਾ ਵਿਚ ਚੱਲ ਰਹੀਆਂ ਪੌਰਾਣਿਕ, ਇਤਿਹਾਸਕ-ਮਿਥਿਹਾਸ ਕਥਾਵਾਂ ਦਾ ਹੀ ਆਧੁਨਿਕ ਰੂਪ ਹੈ। ਇਹਨਾਂ ਕਹਾਣੀਆਂ ਵਿਚ ਸਾਡੇ ਦੇਸ਼ ਦੀਆਂ ਹਿਤੋ-ਉਪਦੇਸ਼, ਪੰਚਤੰਤਰ, ਤੇ ਬੁੱਧ ਨਾਲ ਸਬੰਧਿਤ ਜਾਤਕ ਕਥਾਵਾਂ, ਪੱਛਮ

ਦੀਆਂ ਈਸਪ ਦੀਆਂ ਕਹਾਣੀਆਂ ਤੇ ਆਮ ਲੋਕਾਂ ਵਿਚ ਪ੍ਰਚਲਿਤ ਬਾਤਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ। ਕਈ ਵਿਦਵਾਨਾਂ ਵੱਲੋਂ ਪੰਜਾਬੀ ਵਾਰਤਕ ਦੇ ਮੱਧਕਾਲੀਨ ਸਾਹਿਤ ਰੂਪ ਸਾਖੀ ਨੂੰ ਵੀ ਪੰਜਾਬੀ ਦੀਆਂ ਪਹਿਲੀਆਂ ਕਹਾਣੀਆਂ ਦਾ ਰੂਪ ਕਿਹਾ ਗਿਆ ਹੈ। ਆਧੁਨਿਕ ਦੌਰ ਵਿਚ ਪੈਦਾ ਤੇ ਪ੍ਰਫੁਲਿਤ ਹੋਈ ਨਿੱਕੀ ਕਹਾਣੀ ਆਪਣੀਆਂ ਰਚਨਾਤਮਿਕ ਵਿਧੀਆਂ ਦੀ ਭਿੰਨਤਾ ਕਾਰਨ ਇਹਨਾਂ ਕਹਾਣੀਆਂ ਤੋਂ ਵੱਖਰੀ ਹੈ। ਇਹਨਾਂ ਪੁਰਾਤਨ ਕਹਾਣੀਆਂ ਵਿਚ ਪ੍ਰਗਟਾਉ ਵਿਧੀ ਦੇ ਨੁਕਤੇ ਤੋਂ ਵਿਸਥਾਰ ਦੀ ਗੱਲ ਹੈ ਕਿਉਂਕਿ ਪੁਰਾਤਨ ਕਹਾਣੀ ਦਾ ਮਨੋਰਥ ਕਿਸੇ ਧਾਰਮਿਕ ਜਾਂ ਨੈਤਿਕ ਉਪਦੇਸ਼ ਜਾਂ ਸਿੱਖਿਆ ਦੇਣਾ ਹੈ। ਇਸ ਲਈ ਇਹਨਾਂ ਕਹਾਣੀਆਂ ਵਿਚ ਵਿਆਖਿਆ ਦੀ ਵਿਧੀ ਅਪਣਾਈ ਜਾਂਦੀ ਹੈ ਜਦੋਂ ਕਿ ਆਧੁਨਿਕ ਕਹਾਣੀ ਸੰਕੇਤਕ ਤੇ ਸੁਝਾਉਆਤਮਕ ਭਾਸ਼ਾ ਦਾ ਪ੍ਰਯੋਗ ਕਰਦੀ ਹੈ।

ਪੁਰਾਤਨ ਕਹਾਣੀ ਦਾ ਮਨੋਰਥ ਧਾਰਮਿਕ ਤੇ ਨੈਤਿਕ ਉਪਦੇਸ਼ ਦੇ ਕੇ ਪਾਠਕ ਜਾਂ ਸਰੋਤੇ ਨੂੰ ਆਪਣੇ ਵਿਚਾਰਾਂ ਦਾ ਅਨੁਸਾਰੀ ਬਣਾਉਂਦਾ ਹੈ, ਇਸ ਲਈ ਵਿਆਖਿਆ ਉਸ ਦੀ ਮੁੱਖ ਲੋੜ ਹੈ। ਇਸ ਦੇ ਉਲਟ ਨਿੱਕੀ ਕਹਾਣੀ ਆਪਣੇ ਪਾਠਕ ਨੂੰ ਝੰਜੋੜਦੀ ਹੈ ਤੇ ਜ਼ਿੰਦਗੀ ਦੇ ਮਸਲਿਆਂ ਸਬੰਧੀ ਨਵੇਂ ਪ੍ਰਸ਼ਨ ਪੈਦਾ ਕਰਦੀ ਹੈ। ਇਹੋ ਕਾਰਨ ਹੈ ਕਿ ਆਧੁਨਿਕ ਨਿੱਕੀ ਕਹਾਣੀ ਆਪਣੇ ਪ੍ਰਗਟਾਉ ਵਿਚ ਸੰਕੇਤਕ ਤੇ ਪ੍ਰਤੀਕਾਤਮਿਕ ਵਿਧੀ ਅਪਣਾਉਂਦੀ ਹੈ। ਨਿੱਕੀ ਕਹਾਣੀ ਸੰਕੇਤਕ ਸ਼ੈਲੀ ਵਿਚ ਲਿਖੀ ਹੋਣ ਕਾਰਨ ਸੁਚੇਤ ਤੇ ਬੁੱਧੀਮਾਨ ਪਾਠਕ ਦੀ ਮੰਗ ਕਰਦੀ ਹੈ। ਪੁਰਾਤਨ ਕਹਾਣੀ ਸਮਾਜ ਵਿਚ ਪ੍ਰਚਲਿਤ ਆਦਰਸ਼ਕ ਮੁੱਲਾਂ ਨੂੰ ਹੀ ਦ੍ਰਿੜ੍ਹ ਕਰਵਾਉਂਦੀ ਹੈ ਜਦੋਂ ਕਿ ਆਧੁਨਿਕ ਨਿੱਕੀ ਕਹਾਣੀ ਪ੍ਰਚਲਿਤ ਮੂਲ-ਵਿਧਾਨ ਉੱਤੇ ਪ੍ਰਸ਼ਨ ਚਿੰਨ੍ਹ ਲਾਉਂਦੀ ਹੋਈ ਪਾਠਕ ਨੂੰ ਨਵੀਆਂ ਮਨੁੱਖੀ ਪਰਿਸਥਿਤੀਆਂ ਬਾਰੇ ਸੋਚਣ ਲਈ ਮਜਬੂਰ ਕਰ ਹੈ। ਪੁਰਾਣੀ ਤੇ ਆਧੁਨਿਕ ਨਿੱਕੀ ਕਹਾਣੀ ਦੇ ਨਿੱਕੇ ਆਕਾਰ ਦੀ ਸਮਾਨਤਾ ਨਾਲ ਪੁਰਾਣੀ ਕਹਾਣੀ ਨੂੰ ਆਧੁਨਿਕ ਕਹਾਣੀ ਦਾ ਪਹਿਲਾ ਰੂਪ ਮੰਨ ਲਿਆ ਜਾਂਦਾ ਹੈ। ਅਸਲ ਇਹ ਹੈ ਕਿ ਰੂਪ-ਵਿਧਾਵਾਂ ਦੀ ਪਹਿਚਾਣ ਆਕਾਰ ਨਾਲ ਨਹੀਂ ਬਲਕਿ ਉਨ੍ਹਾਂ ਦੀਆਂ ਰਚਨਾਤਮਿਕ-ਵਿਧੀਆਂ ਦੇ ਵਿਸ਼ੇਸ਼ ਰੂਪ ਵਿਚ ਪ੍ਰਯੋਗ ਰਾਹੀਂ ਨਿਸ਼ਚਤ ਕੀਤੀ ਜਾਂਦੀ ਹੈ । ਇਸ ਪ੍ਰਕਾਰ ਆਧੁਨਿਕ ਨਿੱਕੀ ਕਹਾਣੀ ਪੁਰਾਤਨ ਕਹਾਣੀ ਨਾਲੋਂ ਵੱਖਰੀ ਆਧੁਨਿਕ ਗਲਪ ਵਿਧਾ ਹੈ।

ਪੁਰਾਤਨ ਕਹਾਣੀ ਅਸਾਧਾਰਨ ਪਾਤਰ, ਅਸਾਧਾਰਨ ਘਟਨਾਵਾਂ ਤੇ ਅਸਾਧਾਰਨ ਪਰਿਸਥਿਤੀਆਂ ਦੀ ਸਿਰਜਣਾ ਕਰਦੀ ਹੈ। ਪੁਰਾਣੀਆਂ ਕਹਾਣੀਆਂ ਦੇ ਪਾਤਰ ਦੇਵੀ-ਦੇਵਤੇ ਰਾਜੇ-ਰਾਣੇ, ਡਾਕੂ, ਜਾਨਵਰ ਤੇ ਪੰਛੀ, ਪ੍ਰੇਮੀ-ਪ੍ਰੇਮਿਕਾਵਾਂ, ਸੰਤ, ਫ਼ਕੀਰ ਤੇ ਹੋਰ ਪਰਾਸਰੀਰਕ ਸੰਸਾਰ ਨਾਲ ਸਬੰਧਿਤ (ਦਿਓ ਤੇ ਭੂਤ-ਪ੍ਰੇਤ) ਅਸਾਧਾਰਨ ਪਾਤਰ ਹਨ । ਕਹਾਣੀਆਂ ਦੇ ਨਿਸ਼ਚੇ ਵੀ ਅਸਾਧਾਰਨ ਤੇ ਆਦਰਸ਼ਕ ਹਨ । ਇਹ ਕਹਾਣੀਆਂ ਪਾਰ ਲੌਕਿਕ ਦ੍ਰਿਸ਼ਟੀ ਵਾਲੀਆਂ ਹਨ ਜੋ ਰਹੱਸਮਈ ਵਾਤਾਵਰਨ ਸਿਰਜਦੀਆਂ ਹਨ । ਇਹਨਾਂ ਦੀਆਂ ਸਮੱਸਿਆਵਾਂ ਦੀ ਅਸਾਧਾਰਨ ਹਨ। ਇਸ ਦੇ ਉਲਟ ਨਿੱਕੀ ਕਹਾਣੀ ਸਾਧਾਰਨ ਮਨੁੱਖ ਦੀਆਂ ਆਧੁਨਿਕ ਕਠੋਰ ਪ੍ਰਸਥਿਤੀਆਂ ਵਿਚ ਪੈਦਾ ਹੋਈਆਂ ਮਾਨਵੀ ਸਮੱਸਿਆਵਾਂ ਨੂੰ ਪੇਸ਼ ਕਰਦੀ ਹੈ। ਅਜੋਕੀ ਸਮਾਜਕ-ਰਾਜਨੀਤਕ ਮਨੁੱਖ ਵਿਰੋਧੀ ਸਥਿਤੀ ਵਿਚ ਸਾਧਾਰਨ ਵਿਅਕਤੀ ਦੀ ਵਿਸ਼ੇਸ਼ਤਾ ਨੂੰ ਨਿੱਕੀ ਕਹਾਣੀ ਵਿਅੰਗ ਤੇ ਕਟਾਖਸ਼ ਰਾਹੀਂ ਸਿਰਜਦੀ ਹੈ। ਵਿਅੰਗ ਤੇ ਕਟਾਖਸ਼ ਨਿੱਕੀ ਕਹਾਣੀ ਦੀ ਸ਼ੈਲੀ ਦਾ ਮਹੱਤਵਪੂਰਨ ਤੱਤ ਹੈ।

ਆਮ ਤੌਰ ਤੇ ਕਈ ਵਿਦਵਾਨਾਂ ਵੱਲੋਂ ਇਹ ਵੀ ਮੰਨ ਲਿਆ ਜਾਂਦਾ ਹੈ ਕਿ ਨਿੱਕੀ ਕਹਾਣੀ ਵਿਚ ਕਥਾ ਦਾ ਅੰਸ਼ ਹੋਣ ਕਾਰਨ ਹੀ ਇਹ ਨਿੱਕੀ ਕਹਾਣੀ ਹੈ। ਕਥਾ-ਅੰਸ਼ ਦੇ ਆਧਾਰ ਉੱਤੇ ਵੀ ਆਧੁਨਿਕ ਕਹਾਣੀ ਦਾ ਸਬੰਧ ਪੁਰਾਤਨ ਕਥਾ-ਕਹਾਣੀਆਂ ਨਾਲ ਜੋੜਿਆ ਜਾਂਦਾ ਹੈ। ਜੇਕਰ ਇਸ ਦਲੀਲ ਨੂੰ ਮੰਨਿਆ ਜਾਵੇ ਤਾਂ ਪੰਜਾਬੀ ਦੇ ਸਾਰੇ ਮੱਧਕਾਲੀਨ ਕਥਾ-ਸਾਹਿਤ ਭਾਵ ਕਿੱਸਾ, ਜੰਗਨਾਮਾ, ਵਾਰ ਤੇ ਸਾਖੀ ਆਦਿ ਨੂੰ ਵੀ ਆਧੁਨਿਕ ਨਿੱਕੀ ਕਹਾਣੀ ਨਾਲ ਜੋੜਿਆ ਜਾਣਾ ਚਾਹੀਦਾ ਹੈ। ਮਨੁੱਖ ਦੀਆਂ ਬਹੁਤ ਸਾਰੀਆਂ ਸਿਰਜਣਾਵਾਂ ਵਿਚ ਕਥਾ-ਅੰਸ਼ ਮਿਲ ਸਕਦਾ ਹੈ। ਪਰੰਤੂ, ਇਸ ਗੱਲ ਦਾ ਭਾਵ ਇਹ ਨਹੀਂ ਕਿ ਇਹ ਸਾਰੀਆਂ ਸਿਰਜਣਾਵਾਂ ਦਾ ਸਬੰਧ ਨਿੱਕੀ ਕਹਾਣੀ ਨਾਲ ਹੈ। ਕਥਾ-ਅੰਸ਼ ਦੇ ਆਧਾਰ ਤੇ ਨਿੱਕੀ ਕਹਾਣੀ ਨੂੰ ਪੁਰਾਤਨ ਕਹਾਣੀ ਨਾਲ ਨਹੀਂ ਜੋੜਿਆ ਜਾ ਸਕਦਾ।

ਕਹਾਣੀ ਦੇ ਇਤਿਹਾਸ ਤੇ ਇਸ ਦੀ ਵਿਧਾ ਨਾਲ ਸਬੰਧੀ ਅਗਲੀ ਸਮੱਸਿਆ ਇਸ ਦੇ ਆਕਾਰ ਦੀ ਹੈ। ਪੰਜਾਬੀ ਸਾਹਿਤ ਦੇ ਬਹੁਤ ਸਾਰੇ ਵਿਦਵਾਨ ਪੱਛਮੀ ਤੇ ਅੰਗਰੇਜ਼ੀ ਸਾਹਿਤ ਦੇ ਵਿਦਵਾਨਾਂ ਦੇ ਪ੍ਰਭਾਵ ਅਧੀਨ ਕਹਾਣੀ ਦੀ ਪਰਿਭਾਸ਼ਾ ਕਹਾਣੀ ਦੇ ਆਕਾਰ ਦੇ ਨੁਕਤੇ ਤੋਂ ਕਰਦੇ ਰਹੇ ਹਨ। ਜਿਵੇਂ ਕਹਾਣੀ ਪੰਦਰਾਂ ਮਿੰਟਾਂ ਜਾਂ ਅੱਧੇ ਘੰਟੇ ਵਿਚ ਪੜ੍ਹੀ ਜਾ ਸਕਣ ਵਾਲੀ ਰਚਨਾ ਹੁੰਦੀ ਹੈ, ਜਿਹੜੀ ਰਚਨਾ ਇੱਕੋ ਬੈਠਕ ਵਿਚ ਪੜ੍ਹੀ ਜਾਵੇ ਆਦਿ । ਇਸ ਪ੍ਰਕਾਰ ਹੀ ਕਹਾਣੀ ਨੂੰ ਸਮੇਂ, ਸਥਾਨ ਤੇ ਪ੍ਰਭਾਵ ਦੀ ਏਕਤਾ ਨਾਲ ਵੀ ਜੋੜਿਆ ਗਿਆ ਹੈ। ਇਸ ਪ੍ਰਕਾਰ ਹੀ ਕਹਾਣੀ ਨੂੰ ਨਾਵਲ ਦਾ ਛੋਟਾ ਰੂਪ ਵੀ ਕਿਹਾ ਗਿਆ ਹੈ। ਇਹ ਸਾਰੀਆਂ ਪਰਿਭਾਸ਼ਾਵਾਂ ਕਹਾਣੀ ਦੀ ਵਿਧਾ ਗਤ ਵਿਲੱਖਣਤਾ ਸਥਾਪਤ ਤੇ ਸਪਸ਼ਟ ਕਰਨ ਤੋਂ ਅਸਮਰਥ ਰਹਿ ਜਾਂਦੀਆਂ ਹਨ। ਜਿਵੇਂ ਕਹਾਣੀ ਦੇ ਆਕਾਰ ਦੀ ਗੱਲ ਹੈ। ਕਹਾਣੀਆਂ ਬਹੁਤ ਛੋਟੇ ਆਕਾਰ ਦੀਆਂ ਵੀ ਹਨ ਤੇ ਵੱਡੇ ਆਕਾਰ ਦੀਆਂ ਵੀ। ਆਕਾਰ ਕਹਾਣੀ ਵਿਚਲੀਆਂ ਲੋੜਾਂ ਸਥਾਪਤ ਕਰਦੀਆਂ ਹਨ। ਸਮੇਂ, ਸਥਾਨ ਤੇ ਪ੍ਰਭਾਵ ਦੀ ਏਕਤਾ ਨੂੰ ਆਧੁਨਿਕ ਕਹਾਣੀ ਸਵੀਕਾਰ ਹੀ ਨਹੀਂ ਕਰਦੀ। ਆਧੁਨਿਕ ਗਲਪ ਵਿਧੀਆਂ ਦੇ ਪ੍ਰਚਲਿਤ ਹੋਣ ਨਾਲ ਸਮੇਂ ਤੇ ਸਥਾਨ ਦਾ ਉਹ ਮਹੱਤਵ ਹੀ ਨਹੀਂ ਰਿਹਾ । ਕਹਾਣੀ ਨਾਵਲ ਦਾ ਵੀ ਸੰਖੇਪ ਨਹੀਂ ਬਲਕਿ ਦੋਵੇਂ ਗਲਪ ਦਾ ਰੂਪ ਹੋਣ ਦੇ ਬਾਵਜੂਦ ਤਕਨੀਕੀ ਭਿੰਨਤਾ ਰੱਖਦੇ ਹਨ । ਨਾਵਲ ਸਮੁੱਚੇ ਜੀਵਨ ਦੇ ਪਾਸਾਰ ਦੇ ਸੰਦਰਭ ਵਿਚ ਮਨੁੱਖੀ

ਦੁਬਿਧਾਵਾਂ ਤੇ ਸਮੱਸਿਆਵਾਂ ਦੀ ਜਟਿਲਤਾ ਨੂੰ ਪੇਸ਼ ਕਰਦਾ ਹੈ। ਕਹਾਣੀ ਇਹਨਾਂ ਦੁਬਿਧਾਵਾਂ ਤੇ ਸਮੱਸਿਆਵਾਂ ਦੇ ਇਕਹਿਰੇ ਪਾਸਾਰ ਨੂੰ ਹੀ ਪੇਸ਼ ਕਰਦੀ ਹੈ। ਕਹਾਣੀ ਬਹੁ ਪਰਤੀ ਤਾਂ ਹੈ ਬਹੁ-ਪਾਸਾਰੀ ਨਹੀਂ । ਇਸ ਪ੍ਰਕਾਰ ਹੀ ਕਹਾਣੀ ਵਿਚ ਕਲਾਤਮਕ ਸੰਜਮ ਨਾਵਲ ਨਾਲੋਂ ਕਿਤੇ ਜ਼ਿਆਦਾ ਰੱਖਣਾ ਪੈਂਦਾ ਹੈ। ਕਹਾਣੀ ਅਜੋਕੇ ਮਨੁੱਖ ਦੀ ਦੁਬਿਧਾ ਗਤ ਸਥਿਤੀ ਦੀ ਸਿਰਜਣਾ ਸੰਕੇਤਾਤਮਕ ਭਾਸ਼ਾ ਰਾਹੀਂ ਉਸਾਰੇ ਅਖੰਡ ਗਲਪ ਬਿੰਬ ਤੇ ਬੱਝਵੇਂ ਪ੍ਰਭਾਵ ਰਾਹੀਂ ਕਰਦੀ ਹੈ।

ਪੰਜਾਬੀ ਕਹਾਣੀ : ਆਧੁਨਿਕ ਪੰਜਾਬੀ ਕਹਾਣੀ ਦੇ ਇਤਿਹਾਸ ਲਿਖਣ ਸਮੇਂ ਸਭ ਤੋਂ ਪਹਿਲੀ ਸਮੱਸਿਆ ਇਹ ਆਉਂਦੀ ਹੈ ਇਸ ਇਤਿਹਾਸ ਨੂੰ ਆਰੰਭ ਕਿਥੋਂ ਕੀਤਾ ਜਾਵੇ ? ਸਥਿਤੀ ਦਾ ਵਿਅੰਗ ਇਹ ਹੈ ਕਿ ਬਹੁਤੇ ਪੰਜਾਬੀ ਦੇ ਵਿਦਵਾਨ ਕਹਾਣੀ ਨੂੰ ਪਰਖਣ ਲਈ ਵਿਧਾਗਤ ਦ੍ਰਿਸ਼ਟੀ ਤਾਂ ਪੱਛਮੀ ਕਹਾਣੀ ਦੇ ਮਾਪਦੰਡਾਂ ਤੋਂ ਪ੍ਰਾਪਤ ਕਰਦੇ ਹਨ, ਪਰ ਪੰਜਾਬੀ ਕਹਾਣੀ ਦਾ ਆਰੰਭ ਭਾਈ ਵੀਰ ਸਿੰਘ ਜਾਂ ਭਾਈ ਮੋਹਨ ਸਿੰਘ ਵੈਦ ਤੋਂ ਮੰਨਦੇ ਹਨ । ਇਹਨਾਂ ਦੋਵਾਂ ਲੇਖਕਾਂ ਦੀਆਂ ਕਹਾਣੀਆਂ ਜਾਂ ਕਹਾਣੀ ਵਰਗੀਆਂ ਰਚਨਾਵਾਂ ਪ੍ਰਚਲਿਤ ਪੱਛਮੀ ਮਾਪ-ਦੰਡਾਂ ਅਨੁਸਾਰ ਕਹਾਣੀਆਂ ਦੇ ਵਿਧਾ ਗਤ ਨਿਯਮਾਂ ਉੱਤੇ ਪੂਰੀਆਂ ਨਹੀਂ ਉੱਤਰਦੀਆਂ। ਪੰਜਾਬੀ ਕਹਾਣੀ ਦੇ ਸਬੰਧ ਵਿਚ ਇਹ ਵਿਰੋਧਾਭਾਸਕ ਵਿਚਾਰ ਲੰਮੇ ਅਰਸੇ ਤੋਂ ਪ੍ਰਚੱਲਿਤ ਹਨ ।ਕਹਾਣੀ ਦੇ ਪੱਛਮੀ ਮਾਪ-ਦੰਡਾਂ ਨੂੰ ਅਪਣਾਉਂਦਾ ਹੋਇਆ ਹੀ ਡਾ ਗੁਰਬਖ਼ਸ਼ ਸਿੰਘ ਫਰੈਂਕ ਪੰਜਾਬੀ ਕਹਾਣੀ ਦਾ ਆਰੰਭ ਨਿਰੋਲ ਪੱਛਮੀ ਪ੍ਰਭਾਵ ਦੀ ਦੇਣ ਮੰਨਦਾ ਹੈ ਤੇ ਇਸ ਦੇ ਪਹਿਲੇ ਕਹਾਣੀਕਾਰ ਸੰਤ ਸਿੰਘ ਸੇਖੋਂ ਤੇ ਸੁਜਾਨ ਸਿੰਘ ਨੂੰ ਮੰਨਦਾ ਹੈ । ਫਰੈਂਕ ਅਨੁਸਾਰ ਪੰਜਾਬੀ ਵਿਚ ਜੇ ਵਧੇਰੇ ਕਰੜਾਈ ਨਾਲ ਦੇਖੀਏ ਤਾਂ ਇਸ ਦਾ ਮੁੱਢ ਸੁਜਾਨ ਸਿੰਘ ਤੇ ਸੰਤ ਸਿੰਘ ਸੇਖੋਂ ਨਾਲ ਬੱਝਾ, ਜਿਹਨਾਂ ਨੇ ਇਸ ਦਾ ਕਾਵਿ-ਸ਼ਾਸਤਰ ਉਲੀਕਿਆ ਅਤੇ ਕਹਾਣੀਆਂ ਵੀ ਲਿਖੀਆਂ।" (ਨਿੱਕੀ ਕਹਾਣੀ ਤੇ ਪੰਜਾਬੀ ਨਿੱਕੀ ਕਹਾਣੀ, ਪੰਨਾ 10) ਫਰੈਂਕ ਤੋਂ ਬਿਨਾਂ ਲਗਭਗ ਸਾਰੇ ਵਿਦਵਾਨ ਕਹਾਣੀ ਦੀ ਪਰਖ ਤਾਂ ਪੱਛਮੀ ਕਹਾਣੀ ਹੀਂ ਕਰਦੇ ਹਨ ਪਰ ਕਹਾਣੀ ਦਾ ਆਰੰਭ ਭਾਈ ਵੀਰ ਸਿੰਘ ਜਾਂ ਉਹਨਾਂ ਤੋਂ ਮਗਰੋਂ ਕਹਾਣੀਕਾਰਾਂ ਨਾਲ ਕੀਤਾ ਜਾਂਦਾ ਹੈ । ਆਨਿਕ ਪੰਜਾਬੀ ਕਹਾਣੀ ਆਧੁਨਿਕ ਸਾਹਿਤ ਕਈ ਹੋਰ ਵਿਧਾਵਾਂ ਵਾਂਗ ਪੰਜਾਬ ਵਿਚ ਅੰਗਰੇਜ਼ੀ ਸੱਤਾ ਤੇ ਉਸ ਦੇ ਧਾਰਮਿਕ ਤੇ ਸਾਂਸਕ੍ਰਿਤ ਹਮਲੇ ਕਾਰਨ ਪੈਦਾ ਹੋਏ ਪ੍ਰਤਿਕਰਮਾ ਤੇ ਸਥਿਤੀਆਂ ਦੀ ਉਪਜ ਹੈ। ਕਹਾਣੀ ਨੇ ਬਾਕੀ ਸਾਹਿਤ ਵਿਧਾਵਾਂ ਵਾਂਗ ਪੱਛਮੀ ਪ੍ਰਭਾਵ ਵੀ ਕਬੂਲਿਆ ਪਰ ਇਸ ਦੇ ਉਦਭਵ ਦਾ ਮੂਲ ਕਾਰਨ ਪੰਜਾਬ ਦੀ ਪੈਦਾ ਹੋਈ ਨਵੀਂ ਸਥਿਤੀ ਹੈ। ਇਹੋ ਕਾਰਨ ਹੈ ਕਿ ਪੰਜਾਬੀ ਕਹਾਣੀ ਦੀ ਪੱਛਮੀ ਤੇ ਅੰਗਰੇਜ਼ੀ ਕਹਾਣੀ ਤੋਂ ਵੱਖਰੀ ਹੋਂਦ ਹੈ। ਇਸ ਦੇ ਉਦਭਵ ਤੋਂ ਵਿਕਾਸ ਦੀ ਗਤੀ ਭਾਰਤੀ ਤੇ ਪੰਜਾਬੀ ਸਾਹਿਤ, ਪੰਜਾਬ ਦੇ ਸਮਕਾਲੀ ਹਾਲਾਤ ਤੇ ਪੱਛਮੀ ਸਾਹਿਤ ਦੇ ਪ੍ਰਭਾਵ ਕਾਰਨ ਕਰਮ-ਪ੍ਰਤਿਕਰਮ ਦਾ ਨਤੀਜਾ ਹੈ।

ਉਪਰੋਕਤ ਧਾਰਨਾ ਅਨੁਸਾਰ ਅਸੀਂ ਆਧੁਨਿਕ ਪੰਜਾਬੀ ਕਹਾਣੀ ਦਾ ਆਰੰਭ ਭਾਈ ਵੀਰ ਸਿੰਘ ਤੋਂ ਮੰਨ ਸਕਦੇ ਹਾਂ। ਬਹੁਤੇ ਵਿਦਵਾਨ ਪੰਜਾਬੀ ਕਹਾਣੀ ਦਾ ਆਰੰਭ ਮੋਹਨ ਸਿੰਘ ਵੈਦ ਜਾਂ ਚਰਨ ਸਿੰਘ ਸ਼ਹੀਦ ਤੋਂ ਮੰਨਦੇ ਹਨ। ਮੋਹਨ ਸਿੰਘ ਵੈਦ ਤੇ ਚਰਨ ਸਿੰਘ ਸ਼ਹੀਦ ਦੀਆਂ ਕਹਾਣੀਆਂ ਨਾ ਤਾਂ ਪੱਛਮੀ ਕਹਾਣੀ ਦੇ ਪ੍ਰਚੱਲਿਤ ਮਾਪ-ਦੰਡਾਂ ਉੱਤੇ ਪੂਰੀਆਂ ਉੱਤਰਦੀਆਂ ਹਨ ਤੇ ਨਾ ਹੀ ਸਮਕਾਲੀ ਪੱਛਮੀ ਕਹਾਣੀ ਨਾਲ ਉਹਨਾਂ ਦੀ ਕੋਈ ਸਮਾਨਤਾ ਹੈ। ਇਸ ਲਈ ਇਹ ਗੱਲ ਸਪਸ਼ਟ ਹੈ ਕਿ ਇਹਨਾਂ ਲੇਖਕਾਂ ਦੀਆਂ ਕਹਾਣੀਆਂ ਦਾ ਰੂਪ ਨਿਵੇਕਲਾ ਹੈ ਜੋ ਆਰੰਭਕ ਪੰਜਾਬੀ ਕਹਾਣੀ ਦਾ ਹੈ। ਜੇਕਰ ਅਜਿਹਾ ਹੈ ਤਾਂ ਭਾਈ ਵੀਰ ਸਿੰਘ ਦੇ ਚਮਤਕਾਰਾਂ' ਨੂੰ ਆਧੁਨਿਕ ਪੰਜਾਬੀ ਕਹਾਣੀ ਦਾ ਮੁੱਢਲਾ ਰੂਪ ਮੰਨਣਾ ਉਚਿੱਤ ਜਾਪਦਾ ਹੈ। ਭਾਸ਼ਾ ਵਿਭਾਗ ਵੱਲੋਂ ਪ੍ਰਕਾਸ਼ਿਤ "ਪੰਜਾਬੀ ਸਾਹਿਤ ਦਾ ਇਤਿਹਾਸ" ਵਿਚ ਵੀ ਇਸ ਗੱਲ ਪ੍ਰਤੀ ਦੁਚਿੱਤੀ ਪ੍ਰਗਟਾਈ ਗਈ ਹੈ, "ਕਹਿਣ ਨੂੰ ਤਾਂ ਭਾਈ ਵੀਰ ਸਿੰਘ ਦੀਆਂ ਚਮਤਕਾਰ ਸਾਖੀਆਂ ਨੂੰ ਵੀ ਨਿੱਕੀ ਕਹਾਣੀ ਕਿਹਾ ਜਾ ਸਕਦਾ ਹੈ ਪਰ ਇਹ ਗੱਲ ਵਾਜਬ ਨਹੀਂ। ਨਿੱਕੀ ਕਹਾਣੀ ਦਾ ਅਸਲ ਮੋਢੀ ਮੋਹਨ ਸਿੰਘ ਵੈਦ ਨੂੰ ਹੀ ਮੰਨਣਾ ਪਏਗਾ.....ਉਸ ਦੀਆਂ ਕਹਾਣੀਆਂ ਬਹੁਤੀਆਂ ਮੌਲਿਕ ਨਹੀਂ ਸਗੋਂ ਆਧਾਰਤ ਸਨ।"

**ਭਾਈ ਮੋਹਨ ਸਿੰਘ ਵੈਦ (1881-1938)** ਭਾਈ ਮੋਹਨ ਸਿੰਘ ਵੈਦ ਨੂੰ ਬਹੁਤੇ ਪੰਜਾਬੀ ਵਿਦਵਾਨਾਂ ਵੱਲੋਂ ਪੰਜਾਬੀ ਦਾ ਪਹਿਲਾ ਕਹਾਣੀਕਾਰ ਮੰਨਿਆ ਗਿਆ ਹੈ। ਭਾਈ ਮੋਹਨ ਸਿੰਘ ਵੈਦ ਨੇ ਮੌਲਿਕ ਅਤੇ ਆਧਾਰਤ, ਦੋਵੇਂ ਪ੍ਰਕਾਰ ਦੀਆਂ ਕਹਾਣੀਆਂ ਦੀ ਸਿਰਜਣਾ ਕੀਤੀ । ਉਨ੍ਹਾਂ ਨੇ ਤਿੰਨ ਕਹਾਣੀ-ਸੰਗ੍ਰਹਿ "ਹੀਰੇ ਦੀਆਂ ਕਣੀਆਂ", ਰੰਗ ਬਿਰੰਗੇ ਫ਼ੁਲ ਤੇ ਕਿਸਮਤ ਦਾ ਚੱਕਰ ਪ੍ਰਕਾਸ਼ਿਤ ਕੀਤੇ। 'ਹੀਰੇ ਦੀਆਂ ਕਣੀਆਂ ਤੇ ਰੰਗ ਬਰੰਗ ਫੁੱਲ ਦੀਆਂ ਕਹਾਣੀਆਂ ਪੱਛਮੀ ਕਹਾਣੀਆਂ ਉੱਤੇ ਅਤੇ ਕਿਸਮਤ ਦਾ ਚੱਕਰ ਵਿਚਲੀਆਂ ਕਹਾਣੀਆਂ ਪੁਰਾਤਨ ਭਾਰਤੀ ਕਥਾ-ਸਾਹਿਤ ਉੱਤੇ ਆਧਾਰਤ ਹਨ । ਵੈਦ ਦੀਆਂ ਕਹਾਣੀਆਂ ਦੀ ਬਹੁ-ਗਿਣਤੀ ਨਾ ਤਾਂ ਮੌਲਿਕ ਹੈ ਅਤੇ ਨਾ ਹੀ ਅਨੁਵਾਦ। ਉਹ ਆਪਣੀ ਕਹਾਣੀ ਲੋੜ ਅਨੁਸਾਰ ਆਧਾਰਤ ਕਹਾਣੀ ਨਾਲੋਂ ਪਾਤਰਾਂ, ਘਟਨਾਵਾਂ ਤੇ ਉਦੇਸ਼ ਅਨੁਸਾਰ ਤਬਦੀਲੀ ਕਰ ਲੈਂਦਾ ਹੈ। ਭਾਈ ਮੋਹਨ ਸਿੰਘ ਵੈਦ ਦਾ ਕਹਾਣੀ ਸਿਰਜਣਾ ਦਾ ਮਨੋਰਥ ਨਿਸ਼ਚਤ ਹੈ। ਉਸ ਦੀ ਕਹਾਣੀ ਸਿਰਜਣਾ ਪਾਠਕ ਨੂੰ ਸੰਸਾਰਕ ਜੀਵਨ ਵਿਚ ਭਾਵ ਵਿਉਪਾਰ ਆਦਿ ਵਿਚ ਸਫਲਤਾ ਦੁਆਉਣਾ ਤੈ ਧਾਰਮਿਕ ਸੁਧਾਰ' ਰਾਹੀਂ ਮੁਕਤੀ ਪ੍ਰਾਪਤ ਕਰਵਾਉਣਾ ਹੈ । ਵੈਦ ਰਾਹੀਂ ਪੰਜਾਬੀ ਕਹਾਣੀ ਵਿਚ ਮੱਧ ਸ਼੍ਰੇਣਿਕ ਦ੍ਰਿਸ਼ਟੀ ਪ੍ਰਤੱਖ ਤੌਰ ਤੇ ਪ੍ਰਗਟ ਹੁੰਦੀ ਹੈ।

**ਚਰਨ ਸਿੰਘ ਸ਼ਹੀਦ**

ਪੰਜਾਬੀ ਵਿਚ ਮੌਲਿਕ ਕਹਾਣੀ ਦੀ ਸਿਰਜਣਾ ਸਭ ਤੋਂ ਪਹਿਲਾਂ ਚਰਨ ਸਿੰਘ ਸ਼ਹੀਦ ਨੇ ਕੀਤੀ। ਸ਼ਹੀਦ ਦੀਆਂ ਕਹਾਣੀਆਂ ਦਾ ਕਹਾਣੀ-ਸੰਗ੍ਰਹਿ "ਹੱਸਦੇ ਹੰਝੂ' ਸਿਰਲੇਖ ਅਧੀਨ ਛਪਿਆ । ਸ਼ਹੀਦ ਦੀਆਂ ਮਹੱਤਵਪੂਰਨ ਕਹਾਣੀਆਂ ਇਸਤਰੀ ਸਭਾ', 'ਦਿੱਬ-ਦ੍ਰਿਸ਼ਟੀ, "ਠਾਣੇਦਾਰੀ', 'ਨੀਂਦਰ ਹਰਾਮ', 'ਚਾਹ ਪਾਲਟੀ' ਤੇ 'ਛੋੜਾ ਆਦਿ ਹਨ। ਸ਼ਹੀਦ ਹਾਸਰਸੀ ਕਹਾਣੀ ਲੇਖਕ ਹੈ। ਪਰ ਉਸ ਦਾ ਹਾਸ ਰਸ ਗੁੱਝੇ ਵਿਅੰਗ ਤੇ ਕਟਾਖਸ਼ ਦਾ ਸੂਚਕ ਨਹੀਂ। ਉਹ ਥੋੜ੍ਹੀ ਜਿਹੀ ਗੱਲ ਤੋਂ ਅਤਿਕਥਨੀ ਦੀ ਵਿਧੀ ਰਾਹੀਂ ਹਾਸ-ਰਸ ਉਤਪੰਨ ਕਰਦਾ ਹੈ। ਉਸ ਦਾ ਹਾਸ ਰਾਸ ਮੋਟਾ-ਠੁੱਲ੍ਹਾ ਹੈ। ਇਸ ਮੁੱਢਲੇ ਦੌਰ ਵਿਚ ਗਿਆਨੀ ਗੁਰਦਿੱਤ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਜੋਸ਼ੂਆ ਫਜਲਦੀਨ, ਅਜ਼ਹਰ ਹੈਦਰ ਆਦਿ ਹਨ ਇਹਨਾਂ ਸਾਰੇ ਲੇਖਕਾਂ ਦੀਆਂ ਰਚਨਾਵਾਂ 'ਫੁਲਵਾੜੀ', 'ਕਿਰਤੀ, ਪ੍ਰੀਤਮ`, "ਹੰਸ" ਆਦਿ ਵਿਚ ਛਪਦੀਆਂ ਰਹੀਆਂ। ਇਹਨਾਂ ਲੇਖਕਾਂ ਵਿਚੋਂ ਹੀਰਾ ਸਿੰਘ ਦਰਦ ਅਜਿਹਾ ਕਹਾਣੀਕਾਰ ਹੈ ਜਿਸ ਨੇ ਤੀਹ ਦੇ ਕਰੀਬ ਸਿਆਸੀ ਤੇ ਅਗਾਂਹਵਧੂ ਦ੍ਰਿਸ਼ਟੀ ਵਾਲੀਆਂ ਕਹਾਣੀਆਂ ਦੀ ਸਿਰਜਣਾ ਕੀਤੀ।

**ਨਾਨਕ ਸਿੰਘ**

ਇਹਨਾਂ ਆਰੰਭਿਕ ਕਹਾਣੀਕਾਰਾਂ ਤੋਂ ਪਿੱਛੋਂ ਨਾਵਲਕਾਰ ਨਾਨਕ ਸਿੰਘ ਕਹਾਣੀ ਖੇਤਰ ਵਿਚ ਵੀ ਆਪਣਾ ਵਡਮੁੱਲਾ ਯੋਗਦਾਨ ਪਾਉਂਦਾ ਹੈ। ਨਾਨਕ ਸਿੰਘ ਨੇ ਹੰਝੂਆਂ ਦੇ ਹਾਰ ਸੱਧਰਾਂ ਦੇ ਹਾਰ ,ਮਿੱਧੇ ਹੋਏ ਫੁੱਲ, ਠੰਢੀਆਂ ਛਾਵਾਂ, ਸੁਪਨਿਆਂ ਦੀਆਂ ਕਬਰਾਂ ਆਦਿ ਕਹਾਣੀ-ਸੰਗ੍ਰਹਿ ਲਿਖੇ । ਇਸਤਰੀ ਦੀਆਂ ਸਮੱਸਿਆਵਾਂ ਤੇ ਉਸ ਦੀ ਦਸ਼ਾ, ਜਾਤ-ਪਾਤ ਦਾ ਮਸਲਾ ਤੇ ਹੇਠਲੇ ਆਰਥਕ ਵਰਗਾਂ ਦੀ ਸੰਪੰਨ ਵਰਗਾਂ ਵੱਲੋਂ ਲੁੱਟ ਆਦਿ ਉਸ ਦੀਆਂ. ਕਹਾਣੀਆਂ ਦਾ ਮੁੱਖ ਵਿਸ਼ਾ ਹੈ। ਨਾਨਕ ਸਿੰਘ ਇਸ ਵਿਸ਼ੇ ਪ੍ਰਤੀ ਮੱਧਵਰਗੀ ਸੁਧਾਰਵਾਦੀ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਨਾਨਕ ਸਿੰਘ ਨੇ ਇਹਨਾਂ ਕਹਾਣੀਆਂ ਵਿਚ ਸਮਾਜਕ ਸਮੱਸਿਆਵਾਂ ਦਾ ਕਾਰਨ ਛਲ-ਕਪਟ ਕਰਨ ਵਾਲੇ ਪਾਤਰਾਂ ਨੂੰ ਸਿਰਜਿਆ ਹੈ ? ਇਹਨਾਂ ਦਾ ਸਮਾਧਾਨ ਆਦਰਸ਼ਕ ਪਾਤਰਾਂ ਦੇ ਚਿਤਰਨ ਨਾਲ ਕੀਤਾ ਹੈ। ਨਾਨਕ ਸਿੰਘ ਸਮੱਸਿਆਵਾਂ ਦਾ ਸਮਾਧਾਨ ਸਥਿਤੀ ਪਰਿਵਰਤਨ ਦੀ ਥਾਂ ਵਿਅਕਤੀ ਪਰਿਵਰਤਨ ਵਿਚ ਵੇਖਦਾ ਹੈ। ਨਾਵਲ ਤੇ ਕਹਾਣੀ ਵਿਚ ਲੇਖਕ ਦੀ ਗਲਪ-ਦ੍ਰਿਸ਼ਟੀ ਦੀ ਇਹੋ ਊਣਤਾਈ ਹੈ।

**ਗੁਰਬਖ਼ਸ਼ ਸਿੰਘ ਪ੍ਰੀਤਲੜੀ**

ਗੁਰਬਖ਼ਸ਼ ਸਿੰਘ ਪ੍ਰੀਤਲੜੀ ਵਾਰਤਕਕਾਰ, ਪੱਤਰਕਾਰ, ਨਾਵਲਕਾਰ ਹੋਣ ਦੇ ਨਾਲ-ਨਾਲ ਪੰਜਾਬੀ ਦੇ ਮੁੱਢਲੇ ਦੌਰ ਦਾ ਇੱਕ ਮਹੱਤਵਪੂਰਨ ਕਹਾਣੀਕਾਰ ਵੀ ਹੈ। ਭਾਵ ਉਹ ਲੰਮਾ ਅਰਸਾ ਲਿਖਦਾ ਰਿਹਾ ਹੈ, ਪਰ ਇਤਿਹਾਸਕ ਤੌਰ ਤੇ ਉਸ ਦਾ ਸਥਾਨ ਮੁੱਢਲੇ ਕਹਾਣੀਕਾਰਾਂ ਵਿਚ ਹੀ ਹੈ। ਅਨੋਖੇ ਤੇ ਇਕੱਲੇ (1940), 'ਨਾਗ ਪ੍ਰੀਤ ਦਾ ਜਾਦੂ (1940), "ਅਸਮਾਨੀ ਮਹਾਂਨਦੀ (1940), ਵੀਣਾ ਵਿਨੋਦ (1942), ਪਰੀਤਾਂ ਦੇ ਪਹਿਰੇਦਾਰ` (1962), "ਭਾਬੀ ਮੈਨਾ" (1946), "ਪ੍ਰੀਤ ਕਹਾਣੀਆਂ (1950) ਤੇ 'ਇਸ਼ਕ ਜਿਹਨਾਂ ਦੇ ਹੱਡੀ ਰਚਿਆ` (ਆਧਾਰਤ ਕਹਾਣੀਆਂ 1950) ਆਦਿ ਬਾਰਾਂ ਕਹਾਣੀ-ਸੰਗ੍ਰਹਿ ਹਨ। ਗੁਰਬਖ਼ਸ਼ ਸਿੰਘ ਨੇ ਆਪਣੇ ਅਫ਼ਲਾਤੂਨੀ ਪਿਆਰ ਸਿਧਾਂਤ, "ਪਿਆਰ ਕਬਜ਼ਾ ਨਹੀਂ ਪਹਿਚਾਣ ਹੈ" ਨੂੰ ਪ੍ਰਚਾਰਨ ਦੇ ਮਨੋਰਥ ਹਿਤ ਕਹਾਣੀ ਸਿਰਜਣਾ ਕੀਤੀ ਹੈ। ਗੁਰਬਖ਼ਸ਼ ਸਿੰਘ ਦੀਆਂ ਕਹਾਣੀਆਂ ਵਿਚ ਕਈ ਥਾਵਾਂ ਉੱਤੇ ਮਨੋਵਿਗਿਆਨਕ ਵਿਸ਼ਲੇਸ਼ਣ ਤੇ ਸਮਾਜਵਾਦੀ ਦ੍ਰਿਸ਼ਟੀ ਤਾਂ ਨਜ਼ਰ ਆਉਂਦੀ ਹੈ ਪਰ ਇਹ ਸਾਰਾ ਕੁੱਝ ਉਸ ਦੇ ਉਦਾਰਵਾਦੀ-ਮਾਨਵਵਾਦੀ ਆਦਰਸ਼ਕ ਪ੍ਰੀਤ ਫ਼ਲਸਫ਼ੇ ਵਿਚ ਹੀ ਸਮਾ ਜਾਂਦਾ ਹੈ।

ਗੁਰਮੁਖ ਸਿੰਘ ਮੁਸਾਫ਼ਰ (1899). , ਗੁਰਮੁਖ ਸਿੰਘ ਮੁਸਾਫ਼ਰ ਦੇ ਗੁਟਾਰ" , "ਆਲ੍ਹਣੇ ਦੇ ਬੋਟ' ਤੇ 'ਅੱਲਾ ਵਾਲੇ ਵਰਨਣਯੋਗ ਕਹਾਣੀ-ਸੰਗ੍ਰਹਿ ਹਨ। ਗੁਰਮੁਖ ਸਿੰਘ ਮੁਸਾਫ਼ਰ ਸੁਤੰਤਰਤਾ ਸੰਗਰਾਮ ਵਿਚ ਸਰਗਰਮ ਰਿਹਾ ਹੈ। ਇਹੋ ਕਾਰਨ ਹੈ ਕਿ ਉਸ ਦੀਆਂ ਕਹਾਣੀਆਂ ਵਿਚ ਜੇਲ੍ਹਾਂ ਦਾ ਅਨੁਭਵ, ਅੰਗਰੇਜ਼ ਸ਼ਾਸਕਾਂ ਤੇ ਪ੍ਰਬੰਧਕੀ ਅਮਲੇ ਦੀ ਸਖ਼ਤੀ ਕਾਰਨ ਸੁਤੰਤਰਤਾ ਸੰਗਰਾਮੀਆਂ ਦੀ ਸੰਕਟਮਈ ਸਥਿਤੀ, ਸੁਤੰਤਰਤਾ ਸੰਗਰਾਮੀਆਂ ਦੀ ਸੰਘਰਸ਼ਮਈ ਦ੍ਰਿੜ੍ਹਤਾ ਤੇ ਰਾਸ਼ਟਰਵਾਦੀ ਭਾਵਨਾਵਾਂ ਦਾ ਚਿਤਰਨ ਹੈ। ਮੁਸਾਫ਼ਰ ਦੇਸ਼ ਭਗਤੀ ਤੇ ਰਾਸ਼ਟਰਵਾਦੀ ਭਾਵਨਾਵਾਂ ਨੂੰ ਆਦਰਸ਼ਵਾਦੀ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ। ਉਸ ਦੀਆਂ ਕਹਾਣੀਆਂ ਕਲਾ ਪੱਖੋਂ ਭਾਵੇਂ ਮੁੱਢਲੇ ਕਹਾਣੀਕਾਰਾਂ ਵਰਗੀਆਂ ਹਨ, ਪਰ ਇਹਨਾਂ ਵਿਚ ਪੇਸ਼ ਅਨੁਭਵ ਲੇਖਕ ਦਾ ਹੰਢਾਇਆ ਹੋਣ ਕਾਰਨ ਵਧੇਰੇ ਯਥਾਰਥਵਾਦੀ ਹੈ।

**ਨੌਰੰਗ ਸਿੰਘ**

ਨੌਰੰਗ ਸਿੰਘ ਦੇ ਬੋਝਲ ਪੰਡਾਂ' ਤੇ 'ਭੁਖੀਆਂ ਰੂਹਾਂ ਦੋ ਕਹਾਣੀ-ਸੰਗ੍ਰਹਿ ਹਨ। ਨੌਰੰਗ ਸਿੰਘ ਆਪਣੀਆਂ ਕਹਾਣੀਆਂ ਵਿਚ ਪੇਂਡੂ ਕਾਮਿਆਂ ਤੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦਾ ਹੈ। ਪੇਂਡੂ ਜਨ-ਸਮੂਹ ਦੇ ਜੀਵਨ ਦੀਆਂ ਥੁੜਾਂ ਤੇ ਪੂੰਜੀਵਾਦੀ ਜਬਰ ਉਸ ਦੀਆਂ ਕਹਾਣੀਆਂ ਦਾ ਮੁੱਖ ਵਿਸ਼ਾ ਹੈ। ਪੇਂਡੂ ਪਾਤਰਾਂ ਦੀਆਂ ਸਮੱਸਿਆਵਾਂ ਸਿਰਜਣ ਸਮੇਂ ਉਹ ਪੇਂਡੂ ਵਾਤਾਵਰਨ ਉਸਾਰਨ ਵਿਚ ਬਹੁਤ ਮਾਹਿਰ ਹੈ। ਕਿਤੇ-ਕਿਤੇ ਉਸ ਉੱਤੇ ਗੁਰਬਖ਼ਸ਼

ਸਿੰਘ ਦਾ ਪ੍ਰਭਾਵ ਵੀ ਨਜ਼ਰ ਆਉਂਦਾ ਹੈ। 1947 ਤੋਂ ਪਿੱਛੋਂ ਦੀਆਂ ਉਸ ਦੀਆਂ ਕਹਾਣੀਆਂ ਮਿਰਜ਼ੇ ਦੀ ਜੂਹ' ਤੇ ਬੂਹਾ ਖੁੱਲ੍ਹ ਗਿਆ" ਰੁਮਾਂਟਿਕ ਤੇ ਆਦਰਸ਼ਕ ਭਾਂਤ ਦੀਆਂ ਹਨ ਇਨ੍ਹਾਂ ਕਹਾਣੀਆਂ ਦੇ ਪਾਤਰ ਵੀ ਰੁਮਾਂਟਿਕ ਤੇ ਆਦਰਸ਼ਵਾਦੀ ਹਨ । ਇਹ ਕਹਾਣੀਆਂ ਲਿਖੀਆਂ ਵੀ ਕਾਵਿਮਈ ਸ਼ੈਲੀ ਵਿਚ ਹਨ।

**ਸੁਜਾਨ ਸਿੰਘ**

ਸੁਜਾਨ ਸਿੰਘ ਦੇ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਰਾਹੀਂ ਕਹਾਣੀ-ਕਲਾ ਵਿਚ ਸਿਫ਼ਤੀਂ ਤਬਦੀਲੀ ਆਉਂਦੀ ਹੈ। ਦੁੱਖ-ਸੁਖ' (1941), 'ਦੁੱਖ-ਸੁਖ ਤੋਂ ਪਿੱਛੋਂ' (1946 (1951-52), ਨਰਕਾਂ ਦੇ ਦੇਵਤੇ` (1951-52), ਮਨੁੱਖ ਤੇ ਪਸ਼ੂ (1955) ਡੇਢ ਆਦਮੀ (1955) ਸ਼ਹਿਰ ਤੇ ਗ੍ਰਾਂ" (1985) ਆਦਿ ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ ਸੁਜਾਨ ਸਿੰਘ ਦੀ ਕਹਾਣੀ ਕਲਾ ਦਾ ਸਫ਼ਰ ਭਾਵੇਂ ਬਹੁਤ ਲੰਮਾ ਹੈ, ਪਰ . ਕਲਾ ਸਮਾਜ ਲਈ' ਦੇ ਸਿਧਾਂਤ ਦਾ ਧਾਰਨੀ ਰਿਹਾ ਹੈ।, ਕਹਾਣੀਆਂ ਵਿਚ ਉਸ ਦੀ ਗਲਪ-ਦ੍ਰਿਸ਼ਟੀ ਰੁਮਾਂਟਿਕ ਤੇ ਆਦਰਸ਼ਵਾਦੀ ਜਾਪਦੀ ਹੈ। ਪ੍ਰਗਤੀਵਾਦੀ ਪ੍ਰਭਾਵ ਅਧੀਨ , 1947 ਤੋਂ ਪਿੱਛੋਂ ਉਸ ਦੀਆਂ ਕਹਾਣੀਆਂ ਸਮਾਜ ਯਥਾਰਥਵਾਦੀ ਦ੍ਰਿਸ਼ਟੀ ਤੋਂ ਪ੍ਰਭਾਵਿਤ ਹੋਣ ਕਾਰਨ ਵਧੇਰੇ ਯਥਾਰਥਵਾਦੀ ਹਨ। ਸੁਜਾਨ ਸਿੰਘ ਕਹਾਣੀਆਂ ਵਿਚ ਪੰਜਾਬੀ ਇਸਤਰੀ, ਕਿਸਾਨ, ਮਜ਼ਦੂਰ ਤੇ ਹੋਰ ਕਾਮੇ ਵਰਗ ਦੇ ਸੰਕਟਮਈ ਸਥਿਤੀ ਨੂੰ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। 1947 ਦੀ ਵੰਡ ਤੋਂ ਪੈਦਾ ਹੋਈ ਕਰੁਣਾਮਈ ਸਥਿਤੀ ਨੂੰ ਮਨੁੱਖ ਤੇ ਪਸ਼ੂ` ਦੀਆਂ ਕਹਾਣੀਆਂ ਵਿਚ ਮਾਨਵਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ । ਸੁਜਾਨ ਸਿੰਘ ਨੇ ਫਰਾਇਡਵਾਦ ਦਾ ਵੀ ਯਥਾਯੋਗ ਪ੍ਰਭਾਵ ਕਬੂਲਿਆ ਹੈ। ਇਸ ਪੱਖੋਂ ਉਸ ਦੀ ਕਹਾਣੀ "ਰਾਸ ਲੀਲ੍ਹਾ ਇੱਕ ਮਹੱਤਵਪੂਰਨ ਰਚਨਾ ਹੈ, ਪ੍ਰਗਤੀਵਾਦੀ ਕਹਾਣੀ ਦੇ ਤੌਰ ਤੇ 'ਕੁਲਫ਼ੀ' ਨੇ ਬਹੁਤ ਪ੍ਰਸਿੱਧੀ ਹਾਸਲ ਕੀਤੀ ।

**ਸੰਤ ਸਿੰਘ ਸੇਖੋਂ**

ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਪ੍ਰਸਿੱਧ ਆਲੋਚਕ, ਨਾਟਕਕਾਰ, ਨਾਵਲਕਾਰ ਤੇ ਕਹਾਣੀਕਾਰ ਹੈ ਜਿਸ ਨੂੰ ਬਾਬਾ ਬੋਹੜ ਕਰ ਕੇ ਜਾਣਿਆ ਜਾਂਦਾ ਹੈ। ਸਮਾਚਾਰ" (1943), ਕਾਮੇ ਤੇ ਯੋਧੇ` (1948), "ਅੱਧੀ ਵਾਟ' (1951), ਤੀਜਾ ਪਹਿਰ` (1956), "ਸਿਆਣਪਾਂ" (1981) ਉਸ ਦੇ ਕਹਾਣੀ-ਸੰਗ੍ਰਹਿ ਹਨ । ਸੰਤ ਸਿੰਘ ਸੇਖੋਂ ਦੇ ਪੰਜਾਬੀ ਕਹਾਣੀ ਖੇਤਰ ਵਿਚ ਪ੍ਰਵੇਸ਼ ਨਾਲ ਪੰਜਾਬੀ ਕਹਾਣੀ ਵਿਚ ਤਕਨੀਕ ਤੇ ਦ੍ਰਿਸ਼ਟੀ ਪੱਖੋਂ ਗੁਣਾਤਮਿਕ ਤਬਦੀਲੀ ਵਾਪਰਦੀ ਹੈ। ਸੇਖੋਂ ਕਿਉਂਕਿ ਪੱਛਮੀ ਗਿਆਨ-ਵਿਗਿਆਨ ਤੇ ਸਾਹਿਤ ਚਿੰਤਨ ਦਾ ਗਿਆਤਾ ਸੀ ਇਸ ਕਾਰਨ ਉਸ ਨੇ ਪੱਛਮੀ ਤਕਨੀਕ ਉੱਤੇ ਆਧਾਰਤ ਨਿੱਕੀ ਕਹਾਣੀ ਦੀ ਸਿਰਜਣਾ ਕੀਤੀ। ਇਹਨਾਂ ਕਹਾਣੀਆਂ ਵਿਚ ਸਮੇਂ, ਸਥਾਨ ਤੇ ਪ੍ਰਭਾਵ ਦੀ ਏਕਤਾ ਨਾਲ ਬੱਝਵਾਂ ਪ੍ਰਭਾਵ ਪੈਦਾ ਕੀਤਾ ਗਿਆ ਹੈ। ਕਹਾਣੀ ਦਾ ਝਟਪਟਾ ਆਰੰਭ ਤੇ ਸੰਕੇਤਾਤਮਕ ਅੰਤ ਇੱਕ ਹੋਰ ਮਹੱਤਵਪੂਰਨ ਤੱਤ ਹੈ। ਕਹਾਣੀ ਵਿਚ ਭਾਸ਼ਾ ਦੇ ਸੁਚੱਜੇ ਪ੍ਰਯੋਗ ਤੇ ਵਸਤੂ ਪ੍ਰਤੀ ਦ੍ਰਿਸ਼ਟੀ ਦੀ ਸੂਖਮਤਾ ਕਾਰਨ ਤਿੱਖਾ ਤੇ ਗੁੱਝਾ ਵਿਅੰਗ ਸਿਰਜਿਆ ਗਿਆ ਹੈ। ਕਹਾਣੀ ਦੀਆਂ ਘਟਨਾਵਾਂ ਭਾਵੇਂ ਜੀਵਨ ਮਈ ਰੂਪ ਵਿਚ ਸਿਰਜੀਆਂ ਗਈਆਂ ਹਨ ਪਰ ਉਹਨਾਂ ਵਿਚ ਨਾਟਕੀ ਜੁਗਤਾਂ ਦਾ ਪ੍ਰਯੋਗ ਕਹਾਣੀ ਰਸ ਪੈਦਾ ਕਰਦਾ ਹੈ। ਸੇਖੋਂ ਦੀ ਭਾਸ਼ਾ ਮਲਵਈ ਰੰਗ ਵਾਲੀ ਕੇਂਦਰੀ ਪੰਜਾਬੀ ਹੈ ਪਰ ਉਸ ਦੀ ਸ਼ੈਲੀ ਸੰਖੇਪ ਤੇ ਵਿਅੰਗਾਤਮਿਕ ਹੈ। ਕਹਾਣੀ ਵਿਚ ਬੌਧਿਕਤਾ ਭਾਰੂ ਹੋਣ ਕਾਰਨ ਕਿਤੇ-ਕਿਤੇ ਨਿਬੰਧ ਸ਼ੈਲੀ ਵਾਲੇ ਦੋਸ਼ ਦ੍ਰਿਸ਼ਟੀਗੋਚਰ ਹੁੰਦੇ ਹਨ।

ਸੇਖੋਂ ਆਪਣੀਆਂ ਕਹਾਣੀਆਂ ਵਿਚ ਮਜ਼ਦੂਰਾਂ, ਕਿਸਾਨਾਂ ਤੇ ਜਨ-ਸਾਧਾਰਨ ਦੀਆਂ ਸਮੱਸਿਆਵਾਂ ਨੂੰ ਪ੍ਰਗਟਾਉਂਦਾ ਹੋਇਆ ਪਰੰਪਰਾਵਾਦੀ ਵਿਸ਼ਵਾਸ, ਅੰਧ ਵਿਸ਼ਵਾਸ, ਪਿਛਾਂਹ-ਖਿੱਚੂ ਮਨੌਤਾਂ ਤੇ ਆਰਥਕ ਨਾ-ਬਰਾਬਰੀ ਉੱਤੇ ਗੁੱਝੀਆਂ ਟਕੋਰਾਂ ਲਾਉਂਦਾ ਹੈ। ਸੇਖੋਂ ਨੇ ਆਪਣੇ ਡੂੰਘੇ ਵਿਗਿਆਨਕ ਨਜ਼ਰੀਏ ਰਾਹੀਂ ਪਾਤਰਾਂ ਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਯਥਾਰਥਕ ਰੂਪ ਵਿਚ ਸਿਰਜਿਆ ਹੈ। ਸੇਖੋਂ ਦੀਆਂ ਕਹਾਣੀਆਂ ਸਦਾਚਾਰਕ ਕੀਮਤਾਂ ਦਾ ਪ੍ਰਚਾਰ ਨਹੀਂ ਕਰਦੀਆਂ ਬਲਕਿ ਇਹਨਾਂ ਕੀਮਤਾਂ ਦੇ ਦਬਾਓ ਕਾਰਨ ਵਿਅਕਤੀ ਦੇ ਮਨ ਵਿਚ ਪੈਦਾ ਹੁੰਦੇ ਤਣਾਉ ਦੇ ਯਥਾਰਥ ਨੂੰ ਵੀ ਪ੍ਰਗਟਾਉਂਦੀਆਂ ਹਨ । ਪਾਤਰਾਂ ਦੇ ਤਣਾਉ ਦੇ ਯਥਾਰਥ ਦਾ ਚਿਤਰਨ ਹੀ ਸੇਖੋਂ ਦੀ ਪਾਤਰ-ਉਸਾਰੀ ਨੂੰ ਪੂਰਵਲੇ ਕਹਾਣੀਕਾਰਾਂ ਤੋਂ ਨਿਖੇੜਦਾ ਹੈ। "ਪਾਤਾਲ ਦਾ ਬੰਦਾ" , "ਅਨੋਖ ਸਿੰਘ ਦੀ ਵਹੁਟੀ', 'ਪੇਮੀ ਦੇ ਨਿਆਣੇ", "ਮੰਝਧਾਰ', 'ਭੱਤਾ, "ਮੁੜ ਵਿਧਵਾ ਤੇ ਬਾਬਾ ਜੈਮਲ ਉਸ ਦੀਆਂ ਮਹੱਤਵਪੂਰਨ ਕਹਾਣੀਆਂ ਹਨ। ਪੂਰਬਲੇ ਕਹਾਣੀਕਾਰ ਦੀ ਗਲਪ-ਦ੍ਰਿਸ਼ਟੀ ਜਿੱਥੇ ਇੱਕ ਨਿਸ਼ਚਤ ਮਨੋਰਥ ਉੱਤੇ ਆਧਾਰਤ ਸੀ। ਉੱਥੇ ਸੇਖੋਂ ਦੀ ਦ੍ਰਿਸ਼ਟੀ ਸਾਧਾਰਨ ਮਨੁੱਖ ਤੇ ਸਮਾਜ ਦੇ ਯਥਾਰਥ ਨੂੰ ਉਸ ਦੇ ਕਾਰਨਾਂ ਸਹਿਤ ਪ੍ਰਗਟਾਉਣ ਉੱਤੇ ਕੇਂਦਰਿਤ ਹੈ।

**ਪ੍ਰੋ. ਮੋਹਨ ਸਿੰਘ**

ਪ੍ਰੋ ਮੋਹਨ ਸਿੰਘ ਭਾਵੇਂ ਪੰਜਾਬੀ ਦਾ ਇੱਕ ਪ੍ਰਸਿੱਧ ਕਵੀ ਹੈ, ਪਰ ਪੰਜਾਬੀ ਕਹਾਣੀ ਵਿਚ ਵੀ ਉਸ ਦਾ ਮਹੱਤਵਪੂਰਨ ਸਥਾਨ ਹੈ। ਭਾਵੇਂ ਉਸ ਨੇ ਇੱਕ ਕਹਾਣੀ-ਸੰਗ੍ਰਹਿ "ਨਿੱਕੀ-ਨਿੱਕੀ ਵਾਸ਼ਨਾ ਪ੍ਰਕਾਸ਼ਿਤ ਕੀਤਾ ਹੈ ਪਰ ਇਸ ਦੀਆਂ ਕਹਾਣੀਆਂ ਆਪਣੇ ਸਮਕਾਲੀ ਕਹਾਣੀ ਸਾਹਿਤ ਵਿਚ ਪ੍ਰਤੀ ਰੂਪਕ ਗਲਪ ਦਾ ਨਮੂਨਾ ਹੋਣ ਕਾਰਨ ਮਹੱਤਵਪੂਰਨ ਸਥਾਨ ਰੱਖਦੀਆਂ ਹਨ । ਪ੍ਰੋ. ਮੋਹਨ ਸਿੰਘ ਦੀ ਗਲਪ ਦ੍ਰਿਸ਼ਟੀ ਆਪਣੇ ਬਹੁਤੇ ਸਮਕਾਲੀ ਕਹਾਣੀਕਾਰਾਂ ਨਾਲੋਂ ਭਿੰਨ ਹੈ। ਉਸ ਦੀ ਗਲਪ ਦ੍ਰਿਸ਼ਟੀ ਵਿਚ ਆਦਰਸ਼ਵਾਦ ਤੇ ਯਥਾਰਥਵਾਦ ਦਾ ਸੁਮੇਲ ਹੈ। ਇਸ ਦੀ ਮਿਸਾਲ ਉਸ ਦੀਆਂ ਕਹਾਣੀਆਂ 'ਮਾਂ' ਅਤੇ 'ਸੂਹਾਂ ਦੀ ਬਹਾਰ ਹੈ। ਇਹ ਕਹਾਣੀਆਂ ਆਧਾਰਤ ਹੋਣ ਤੇ ਬਾਵਜੂਦ ਵੀ ਮੌਲਿਕ ਜਾਪਦੀਆਂ ਹਨ। ਦੂਜਾ, ਉਸ ਦੀਆਂ ਕਹਾਣੀਆਂ ਸਾਧਾਰਨ ਮਨੁੱਖ ਦੀ ਸਾਧਾਰਨਤਾ ਉੱਤੇ ਕੇਂਦਰਿਤ ਰਹਿੰਦੀਆਂ ਹਨ। ਤੀਜਾ, ਪਰੰਪਰਾਵਾਦੀ ਮੁੱਢਲੀ ਕਹਾਣੀ ਵਾਂਗ ਉਹ ਸਦਾਚਾਰਕ ਕੀਮਤਾਂ ਦਾ ਉਪਦੇਸ਼ ਨਹੀਂ ਦੇਂਦਾ ਬਲਕਿ ਇਸਤਰੀ-ਮਰਦ ਦੀ ਸੁਭਾਵਕ ਜਿਨਸੀ ਖਿੱਚ ਨੂੰ ਆਧੁਨਿਕ ਮਨੋਵਿਗਿਆਨ ਦੀ ਸਹਾਇਤਾ ਨਾਲ ਕਲਾਮਈ ਰੂਪ ਵਿਚ ਪੇਸ਼ ਕਰਦਾ ਹੈ। ਨਿੱਕੀ-ਨਿੱਕੀ ਵਾਸ਼ਨਾ, ਸੂਹਾਂ ਦੀ ਬਹਾਰ' ਤੇ 'ਇੱਕ ਵਿਦਿਆਰਥੀ' ਕਹਾਣੀਆਂ ਇਸ ਪੱਖੋਂ ਵੇਖੀਆਂ ਜਾ ਸਕਦੀਆਂ ਉਸ ਸਮੇਂ ਪੰਜਾਬੀ ਕਹਾਣੀ ਵਿਚ ਕਾਮ ਭਾਵਨਾਵਾਂ ਤੇ ਸੰਬੰਧਾਂ ਪ੍ਰਤੀ ਮਨੋਵਿਗਿਆਨ ਦ੍ਰਿਸ਼ਟੀ ਤੋਂ ਕਹਾਣੀ ਲਿਖਣਾ ਕਾਫ਼ੀ ਗੌਲਣਯੋਗ ਗੱਲ ਹੈ। ਪ੍ਰੋ. ਮੋਹਨ ਸਿੰਘ ਆਪਣੀਆਂ ਵਿਚ ਇਸ ਸਮੱਸਿਆ ਨੂੰ ਬਹੁਤ ਹੀ ਸਹਿਜ ਰੂਪ ਵਿਚ ਉਸਾਰਦਾ ਹੈ। ਵਿਆਖਿਆਮਈ ਟਿੱਪਣੀਆਂ, ਸੰਬੋਧਨ ਯੁਕਤ ਸ਼ੈਲੀ ਤੇ ਇੱਛਾਮੂਲਿਕ ਘਟਨਾਵਾਂ ਤੇ ਪਾਤਰਾਂ ਦੀ ਉਸਾਰੀ ਆਦਿ . ਨੂੰ ਉਸ ਦੀਆਂ ਕਹਾਣੀਆਂ ਵਿਚੋਂ ਲੱਭਣਾ ਮੁਸ਼ਕਲ ਹੈ। ਉਹ ਪਾਤਰਾਂ ਦੀ ਭਾਵਕ ਤਰਲਤਾ ਨੂੰ ਕਾਵਿਮਈ ਤੇ ਪ੍ਰਤੀਕਾਤਮਿਕ ਸ਼ੈਲੀ ਰਾਹੀਂ ਉਸਾਰਦਾ ਹੈ। ਪਾਤਰਾਂ ਦੀਆਂ ਸੂਖਮ ਭਾਵਨਾਵਾਂ ਕਾਵਿ-ਮਈ, ਸ਼ੈਲੀ ਵਿਚ ਹੀ ਉਸਾਰੀਆਂ ਜਾ ਸਕਦੀਆਂ ਹਨ। ਪ੍ਰੋ. ਮੋਹਨ ਸਿੰਘ ਕਾਵਿਮਈ ਸ਼ੈਲੀ ਦੀ ਸਿਰਜਣਾ ਦੇ ਬਾਵਜੂਦ ਗਲਪ-ਦ੍ਰਿਸ਼ਟੀ ਕਾਰਨ ਮਨੋਵਿਗਿਆਨਕ ਯਥਾਰਥਕ ਕਹਾਣੀਕਾਰ ਹੈ।

**ਦਵਿੰਦਰ ਸਤਿਆਰਥੀ**

ਦਵਿੰਦਰ ਸਤਿਆਰਥੀ ਨੇ ਪੰਜਾਬੀ ਕਹਾਣੀ ਨੂੰ ਕੁੰਗ ਪੋਸ਼, "ਦੇਵਤਾ ਡਿੱਗ ਪਿਆ . ਤਿੰਨ ਬੂਹਿਆਂ ਵਾਲਾ ਘਰ; ਕਹਾਣੀ-ਸੰਗ੍ਰਹਿ ਦਿੱਤੇ ਹਨ। ਦਵਿੰਦਰ ਸਤਿਆਰਥੀ ਨੇ ਸਾਰਾ ਜੀਵਨ ਦੇਸ-ਪ੍ਰਦੇਸ਼ ਦੇ ਭ੍ਰਮਣ ਤੇ ਲੋਕਗੀਤਾਂ ਦੇ ਇਕੱਤਰੀਕਰਨ ਉੱਤੇ ਲਾ ਦਿੱਤਾ ਹੈ। ਉਸ ਨੇ ਵਿਭਿੰਨ ਥਾਵਾਂ ਦੀ ਸੰਸਕ੍ਰਿਤੀ, ਲੋਕਾਚਾਰ ਤੇ ਵਿਭਿੰਨ ਪ੍ਰਕਾਰ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਗਿਆਨ ਹੈ। ਇਸ ਪ੍ਰਕਾਰ ਸਤਿਆਰਥੀ ਦਾ ਅਨੁਭਵ ਖੇਤਰ ਬਹੁਤ ਵਿਸ਼ਾਲ ਹੈ ਸਤਿਆਰਥੀ ਦੀਆਂ ਕਹਾਣੀਆਂ ਵਿਚ ਪਾਤਰ, ਘਟਨਾਵਾਂ ਦੀ ਚੋਣ ਭਾਰਤ ਦੇ ਵਿਭਿੰਨ ਖੇਤਰਾਂ ਵਿਚੋਂ ਕੀਤੀ ਹੈ ਤੇ ਇਹਨਾਂ ਨੂੰ ਵਿਭਿੰਨ ਖੇਤਰਾਂ ਦੇ ਲੋਕ ਗੀਤਾਂ, ਲੋਕ ਕਹਾਣੀਆਂ ਦੇ ਪ੍ਰਭਾਵ ਰਾਹੀਂ ਪੇਸ਼ ਕੀਤਾ ਹੈ। ਸਤਿਆਰਥੀ ਦੀ ਸ਼ੈਲੀ ਭਾਵੇਂ ਚਿੰਨ੍ਹਾਤਮਕ ਹੈ, ਪਰ ਉਸ ਦਾ ਪ੍ਰਗਟਾ ਢੰਗ ਲੋਕ ਗੀਤਾਂ ਵਾਂਗ ਸਰਲ ਤੇ ਸਪਸ਼ਟ ਹੈ ਜੋ ਯਥਾਰਥਕ ਪ੍ਰਭਾਵ ਪਾਉਂਦਾ ਹੈ। ਤਕਨੀਕ ਪੱਖੋਂ ਸਤਿਆਰਥੀ ਆਪਣੇ ਸੁਭਾਅ ਵਾਂਗ ਬਹੁਤ ਖੁੱਲ੍ਹਾਂ ਲੈਂਦਾ ਹੈ। ਸਤਿਆਰਥੀ ਵਿਅਕਤੀਵਾਦੀ ਹੋਣ ਦੇ ਬਾਵਜੂਦ ਅਗਾਂਹਵਧੂ ਰੁਚੀਆਂ ਰੱਖਣ ਵਾਲਾ ਕਹਾਣੀਕਾਰ ਹੈ। ਉਹ ਕਹਾਣੀਆਂ ਰਾਹੀਂ ਅੰਤਰ-ਪ੍ਰਦੇਸ਼ਿਕ ਸਾਂਝ, ਰਾਸ਼ਟਰੀ ਚੇਤੰਨਤਾ ਤੇ ਅੰਤਰ-ਰਾਸ਼ਟਰੀ ਮਾਨਵਵਾਦ ਸਿਰਜਣ ਲਈ ਯਤਨਸ਼ੀਲ ਹੈ।

**ਡਾ. ਮੋਹਨ ਸਿੰਘ ਦੀਵਾਨਾ**

ਡਾ. ਮੋਹਨ ਸਿੰਘ ਦੀਵਾਨਾ ਦੂਜੇ ਦੌਰ ਦਾ ਇੱਕ ਹੋਰ ਵਿਦਵਾਨ ਕਹਾਣੀ ਲੇਖਕ ਹੈ । ਜਿਸ ਨੇ ਤਿੰਨ ਦਰਜਨ ਦੇ ਲਗਭਗ ਕਹਾਣੀਆਂ ਲਿਖੀਆਂ ਹਨ। ਦੇਵਿੰਦਰ ਬਤੀਸੀ, ਪਰਾਂਦੀ' ਤੇ 'ਰੰਗ ਤਮਾਸ਼ੇ' ਉਸ ਦੇ ਕਹਾਣੀ-ਸੰਗ੍ਰਹਿ ਹਨ। ਉਸ ਦੀਆਂ ਕਹਾਣੀਆਂ ਵਿਚ ਵਸਤੂ ਜਗਤ ਦੀਆਂ ਸਮੱਸਿਆਵਾਂ ਨੂੰ ਅਧਿਆਤਮਵਾਦੀ ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਨਿਭਾਇਆ ਗਿਆ ਹੈ। ਬੌਧਿਕ ਵਿਅੰਗ ਤੇ ਤਿੱਖਾ ਕਟਾਖਸ਼ ਉਸ ਦੀਆਂ ਕਹਾਣੀਆਂ ਦਾ ਮਹੱਤਵਪੂਰਨ ਗੁਣ ਹੈ। ਤਕਨੀਕੀ ਤੌਰ ਤੇ ਨਵੇਂ ਪ੍ਰਯੋਗ ਕਰਨ ਵਾਲਾ ਲੇਖਕ ਹੈ ਤੇ ਉਸ ਦਾ ਸ਼ੈਲੀ ਉੱਤੇ ਸਾਖੀਆਂ ਦੀ ਸ਼ੈਲੀ ਦਾ ਪ੍ਰਭਾਵ ਹੈ।

**ਤੀਜੇ ਦੌਰ ਦੀ ਪੰਜਾਬੀ ਕਹਾਣੀ** .

ਕਰਤਾਰ ਸਿੰਘ ਦੁੱਗਲ ਦੇ ਪ੍ਰਵੇਸ਼ ਰਾਹੀਂ ਪੰਜਾਬੀ ਕਹਾਣੀ ਤੀਜੇ ਦੌਰ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਪਹਿਲਾ ਦੌਰ ਆਰੰਭਕ ਕਹਾਣੀ ਦਾ ਹੈ ਜਿਸ ਵਿਚ ਨਿਸ਼ਚਤ ਮਨੋਰਥ ਅਧੀਨ ਉਪਦੇਸ਼ਆਤਮਕ ਕਹਾਣੀ ਦੀ ਸਿਰਜਣਾ ਕੀਤੀ ਗਈ। ਇਸ ਕਹਾਣੀ ਦੇ ਲੇਖਕਾਂ ਨੇ ਧਾਰਮਿਕ ਸਮਾਜ ਸੁਧਾਰ ਕਰਕੇ ਉੱਚ ਸਦਾਚਾਰ ਵਾਲਾ ਆਦਰਸ਼ਕ ਸਮਾਜ ਸਿਰਜਣ ਦੀ ਕਲਪਨਾ ਕੀਤੀ ਹੈ। ਦੂਜਾ ਦੌਰ ਸੁਜਾਨ ਸਿੰਘ, ਸੰਤ ਸਿੰਘ ਸੇਖੋਂ ਰਾਹੀਂ ਹੁੰਦਾ ਹੈ। ਇਹਨਾਂ ਲੇਖਕਾਂ ਨੇ ਕਹਾਣੀ ਦੀ ਪੱਛਮੀ ਤਕਨੀਕ ਨੂੰ ਆਦਰਸ਼ ਮੰਨ ਕੇ ਇਸ ਦਾ ਸਫਲਤਾ ਸਹਿਤ ਪ੍ਰਯੋਗ ਕੀਤਾ। ਸੇਖੋਂ ਨੂੰ ਸੁਜਾਨ ਸਿੰਘ ਨਾਲੋਂ ਵਧੇਰੇ ਸਫਲਤਾ ਮਿਲੀ । ਦੁੱਗਲ ਦੇ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਤੋਂ ਕੁੱਝ ਸਮਾਂ ਬਾਅਦ 1947 ਵਿਚ ਦੇਸ਼ ਆਜ਼ਾਦ ਹੋ ਗਿਆ, ਪੰਜਾਬ ਦੀ ਵੰਡ

ਹੋ ਗਈ। ਵਿੱਦਿਆ ਦਾ ਪਾਸਾਰ ਹੋਇਆ ਤੇ ਲੋਕਤੰਤਰਿਕ ਢਾਂਚਾ ਲਾਗੂ ਹੋ ਗਿਆ । ਇਹਨਾਂ ਸਾਰੀਆਂ ਘਟਨਾਵਾਂ ਨੇ ਪੰਜਾਬੀ ਕਹਾਣੀ ਨੂੰ ਵੰਨ-ਸੁਵੰਨਤਾ ਤੇ ਨਵੇਂ ਅਨੁਭਵਾਂ ਨਾਲ ਜੋੜਿਆ।

**ਕਰਤਾਰ ਸਿੰਘ ਦੁੱਗਲ**

ਕਰਤਾਰ ਸਿੰਘ ਦੁੱਗਲ ਦੇ ਭਾਵੇਂ 1947 ਤੋਂ ਪਹਿਲਾਂ ਸਵੇਰ ਸਾਰ', ਪਿੱਪਲ ਪੱਤੀਆਂ ਤੇ 'ਕੁੜੀ ਕਹਾਣੀ ਕਰਦੀ ਗਈ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਸਨ । ਪਰ ਉਸ ਦੀ ਕਹਾਣੀ ਵਿਚ ਜਲੌ 1947 ਤੋਂ ਪਿੱਛੋਂ ਹੀ ਆਉਂਦਾ ਹੈ। ਉਹ ਪੰਜਾਬੀ ਵਿਚ ਸਭ ਤੋਂ ਵਧ ਲਿਖਣ ਵਾਲਾ ਤੇ ਪੜ੍ਹਿਆ ਜਾਣ ਵਾਲਾ ਲੇਖਕ ਹੈ। ਕਹਾਣੀ ਤੋਂ ਇਲਾਵਾ ਉਸ ਨੇ ਨਾਵਲ, ਨਾਟਕ ਤੇ ਕਵਿਤਾ ਦੀ ਵੀ ਸਿਰਜਣਾ ਕੀਤੀ ਹੈ। ਪਰੰਤੂ ਦੁੱਗਲ ਨੂੰ ਸਭ ਤੋਂ ਵੱਧ ਪ੍ਰਸਿੱਧੀ ਕਹਾਣੀਕਾਰ ਦੇ ਤੌਰ ਤੇ ਮਿਲੀ ਹੈ। ਕਰਤਾਰ ਸਿੰਘ ਇੱਕ ਅਜਿਹਾ ਲੇਖਕ ਜਿਸ ਲਈ ਲਿਖਣਾ ਨਿੱਤ ਨੇਮ ਹੈ। ਹੁਣ ਤੱਕ ਦੁੱਗਲ ਦੇ ਲਗਭਗ ਵੀਹ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਸਵੇਰੇ ਸਾਰ' (1940-41), ਪਿੱਪਲ ਪੱਤੀਆਂ (1940 ) ਕੁੜੀ ਕਹਾਣੀ ਕਰਦੀ ਗਈ' (1943), 'ਡੰਗਰ`, ਅੱਗ ਖਾਣ ਵਾਲੇ, ਕਰਾਮਾਤ, ਪਾਰੇ ਮੈਰੇ (1961), 'ਇੱਕ ਛਿੱਟ ਚਾਨਣ ਦੀ (1963), "ਮਾਜਾ ਨਹੀਂ ਮੋਇਆ (1970), ਤੇ 'ਢੋਇਆ ਹੋਇਆ ਬੂਹਾ ਉਸ ਦੇ ਪ੍ਰਮੁੱਖ ਕਹਾਣੀ-ਸੰਗ੍ਰਹਿ ਹਨ , .ਕਹਾਣੀ ਦੇ ਖੇਤਰ ਵਿਚ ਗਿਣਾਤਮਿਕ ਪੱਖੋਂ ਦੁੱਗਲ ਦਾ ਉਹ ਸਥਾਨ ਹੈ ਜੋ ਗੁਰਬਖ਼ਸ਼ ਦਾ ਪੰਜਾਬੀ, ਵਾਰਤਕ ਵਿਚ ਤੇ ਨਾਨਕ ਸਿੰਘ ਦਾ ਪੰਜਾਬੀ ਨਾਵਲ ਵਿਚ ਹੈ। ਦੁੱਗਲ ਦੀ ਕਹਾਣੀ ਲੇਖਨ ਵਿਚ ਪਹਿਲੀ ਵਿਲੱਖਣਤਾ ਇਹ ਹੈ ਕਿ ਇਹ ਬਾਕੀ ਕਹਾਣੀਕਾਰਾਂ ਦੇ ਉਲਟ 'ਕਲਾ-ਕਲਾ ਲਈ' ਦੇ ਸਿਧਾਂਤ ਦਾ ਧਾਰਨੀ ਹੈ। ਕਲਾ ਕਲਾ ਲਈ ਦੇ ਸਿਧਾਂਤ ਵਿਚੋਂ ਹੀ ਉਸ ਦੀਆਂ ਕਹਾਣੀਆਂ ਵਿਚ ਸੁੰਦਰਤਾ ਦੀ ਪਛਾਣ , ਸੁੰਦਰਤਾ ਦੀ ਸਿਰਜਣਾ, ਸੁੰਦਰਤਾ ਦੀ ਪ੍ਰਸ਼ੰਸਾ, ਸੁੰਦਰਤਾ ਦੀ ਭੁੱਖ ਅਤੇ ਇਸ ਭੁੱਖ ਦੀ ਸੰਤੁਸ਼ਟੀ ਪ੍ਰਗਟ. ਹੋਈ ਹੈ। ਉਸ ਦੇ ਸੁੰਦਰਤਾ ਪ੍ਰਤੀ ਦ੍ਰਿਸ਼ਟੀਕੋਣ ਕਾਰਨ ਹੀ ਉਸ ਦੀਆਂ ਕਹਾਣੀਆਂ ਦੀ ਨਾਇਕਾਂ ਲੰਮੇ-ਲੰਮੇ ਵਾਲਾਂ ਵਾਲੀ ਸੁੰਦਰ ਔਰਤ ਹੈ। ਲੇਖਕ ਬਹੁਤੀਆਂ ਕਹਾਣੀਆਂ ਵਿਚ ਇਸ ਸੁੰਦਰ ਔਰਤ ਦੇ ਪਿਆਰ ਤੇ ਕਾਮ-ਸੰਬੰਧਾਂ ਦੀ ਸਿਰਜਣਾ ਕਰਦਾ ਹੈ । ਇਹਨਾਂ ਕਾਮ ਸੰਬੰਧਾਂ ਦੇ ਵਿਸ਼ਲੇਸ਼ਣ ਲਈ ਆਧਾਰ ਉਹ ਫਰਾਇਡ ਦੇ ਮਨੋਵਿਗਿਆਨਕ ਸਿਧਾਂਤਾਂ ਨੂੰ ਬਣਾਉਂਦਾ ਹੈ। ਉਹ ਕਾਮ ਵਾਸ਼ਨਾ ਦੀ ਕੁਦਰਤੀ ਖਿੱਚ ਨੂੰ ਨਿਝੱਕ ਹੋ ਕੇ ਬਿਆਨ ਕਰਦਾ ਹੈ ਉਹ ਕਾਮ-ਵਾਸ਼ਨਾ ਤੋਂ ਅਤ੍ਰਿਪਤ ਔਰਤਾਂ ਦਾ ਮਨੋਵਿਸ਼ਲੇਸ਼ਨ ਕਰਦਾ ਹੈ। ਮੀਰਾਂ ਮੁਸਲੀ ਕਹਾਣੀ ਕਿਵੇਂ ਬਣੀ', 'ਚਕ ਮਾਕ', 'ਨੇਤਰ ਹੀਣ", "ਪਾਰੈ ਮੈਰੇ`, "ਗੁਲਾਮ . ਕੁਲਸਮ' ਤੇ 'ਮੈਨਾ ਭਾਬੀ ਆਦਿ ਦੀਆਂ ਨਾਇਕਾਵਾਂ ਇਸ ਪੱਖੋਂ ਵੇਖੀਆਂ ਜਾ ਸਕਦੀਆਂ ਹਨ। ਪਸ਼ੂਆਂ ਵਿਚ ਕਾਮ ਵਾਸ਼ਨਾ ਦੀ ਖਿੱਚ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ (ਵੱਢ ਵਿਚ ਇੱਕ ਸਵੇਰ', 'ਸ਼ਹਿਰ ਜਾਦ' ਤੇ 'ਮੁਤੀਆਂ ਤੇ ਮੁੰਨੀ` ਆਦਿ ਕਹਾਣੀਆਂ ਵਿਚ) ਪੇਸ਼ ਕੀਤਾ ਗਿਆ ਹੈ। ਦੁੱਗਲ ਕਾਮ ਸਬੰਧ ਤੇ ਜਿਨਸੀ ਉਤੇਜਨਾਵਾਂ ਦਾ ਕਈ ਵਾਰ ਪ੍ਰਕਿਰਤੀ ਵਾਦੀ ਵਰਣਨ ਕਰਦਾ ਹੈ । ਇਸ ਪੱਖੋਂ ਹੀ ਉਸ ਦੀਆਂ ਕਹਾਣੀਆਂ ਦੀ ਸਭ ਤੋਂ ਵਧ ਆਲੋਚਨਾ ਹੋਈ ਹੈ।

**ਕੁਲਵੰਤ ਸਿੰਘ ਵਿਰਕ**

ਕੁਲਵੰਤ ਸਿੰਘ ਵਿਰਕ ਜੀਵਨ ਦੇ ਯਥਾਰਥ ਨੂੰ ਸਹਿਜ ਰੂਪ ਵਿਚ ਪ੍ਰਗਟਾਉਣ ਵਾਲਾ ਪੰਜਾਬੀ ਦਾ ਵਿਲੱਖਣ ਕਹਾਣੀ-ਲੇਖਕ ਹੈ। 'ਛਾਹ ਵੇਲਾ` (1950), "ਧਰਤੀ ਤੇ ਆਕਾਸ਼(1951), ਤੂੜੀ ਦੀ ਪੰਡ (1954), ਏਕਸ ਕੇ ਹਮ ਬਾਰਿਕ' (1955) ਛੱਪੜ (1957), 'ਗੋਲਾਂ (1961), ਨਵੇਂ ਲੋਕ' (1967) ਤੇ ਆਤਸ਼ਬਾਜ਼ੀ .. ਉਸ ਦੇ ਅੱਠ ਕਹਾਣੀ ਸੰਗ੍ਰਹਿ ਹਨ।

ਵਿਰਕ ਦੀ ਕਹਾਣੀ ਨਾਲ ਪੰਜਾਬੀ ਕਹਾਣੀ ਵਿਚ ਸਿਵਤੀ ਤਬਦੀਲੀ ਵਾਪਰਦੀ ਹੈ ਵਿਰਕ ਆਪਣੀਆਂ ਕਹਾਣੀਆਂ ਵਿਚ ਕਿਸੇ ਸਿਧਾਂਤ ਜਾਂ ਮਨੋਰਥ ਦਾ ਦਖ਼ਲ ਨਹੀਂ ਹੋਣ ਦੇਂਦਾ। ਵਿਰਕ ਨਿਰਸੰਦੇਹ ਦ੍ਰਿਸ਼ਟੀ ਪੱਖੋਂ ਮਾਰਕਸਵਾਦੀ ਹੈ ਤੇ ਮਨੋਵਿਗਿਆਨ ਦੀਆਂ ਕਾਂਡਾਂ ਤੋਂ ਵੀ ਜਾਣੂ ਹੈ। ਪਰ ਆਪਣੀ ਕਿਸੇ ਕਹਾਣੀ ਵਿਚ ਵੀ ਇਹਨਾਂ ਦਾ ਸਿੱਧਾ ਜ਼ਿਕਰ ਨਹੀਂ ਕਰਦਾ ।ਸੇਖੋਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਮਾਰਕਸਵਾਦੀ ਚੌਖਟੇ ਕਾਰਨ ਮਕਾਨ ਕੀ ਜਪਦੀਆਂ ਹਨ ਤੇ ਦੁੱਗਲ ਦੀਆਂ ਕਹਾਣੀਆਂ ਵਿਚ ਫ਼ਰਾਇਡਵਾਦੀ ਮਨੋਵਿਗਿਆਨਕ ਸਿਧਾਂਤਾਂ ਦਾ ਸਿੱਧਾ ਦਖ਼ਲ ਹੈ। ਪਰ ਵਿਰਕ ਦੀ ਕਹਾਣੀ ਕਲਾ ਵਿਚ ਇਹ ਊਣਤਾਈਆਂ ਵੀ ਲੱਭਣੀਆਂ ਬਹੁਤ ਕਠਨ ਹਨ। ਉਸ ਦੀ ਕਹਾਣੀ ਕਹਾਣੀ ਦੇ ਅੰਤ ਉੱਤੇ ਪਏ ਸੰਕੇਤ ਉੱਤੇ ਆਧਾਰਤ ਹੁੰਦੀ ਹੈ। ਕਹਾਣੀ ਦਾ ਹਰ ਇੱਕ ਸ਼ਬਦ, ਘਟਨਾ ਤੇ ਬਾਕੀ ਸਾਰਾ ਪ੍ਰਬੰਧ ਇਸ ਸੰਕੇਤ ਦੇ ਅਧੀਨ ਸਿਰਜਿਆ ਜਾਂਦਾ ਹੈ। ਕਹਾਣੀ ਦੀ ਲੋੜ ਅਨੁਸਾਰ ਵਿਰਕ ਹਰ ਪ੍ਰਕਾਰ ਦੀ ਤਕਨੀਕ ਦਾ ਪ੍ਰਯੋਗ ਕਰ ਲੈਂਦਾ ਹੈ। ਉਸ ਨੇ ਘਟਨਾਮੂਲਕ ਕਹਾਣੀ ਵੀ ਲਿਖੀ ਹੈ ਤੇ ਪਾਤਰਾਂ ਦੇ ਸੁਭਾਅ ਚਿੱਤਰ ਦੀ ਵਿਧੀ ਰਾਹੀਂ ਵੀ। ਵਿਰਕ ਸਾਧਾਰਨ ਪਾਤਰਾਂ ਦੀ ਸਾਧਾਰਨਤਾ ਨੂੰ ਪੇਸ਼ ਕਰਨ ਵਾਲਾ ਕਹਾਣੀਕਾਰ ਹੈ। ਵਿਰਕ ਆਧੁਨਿਕ ਯੁੱਗ ਤੋਂ ਪੈਦਾ ਹੋਈ ਨਵੀਂ ਮਾਨਸਿਕਤਾ ਤੇ ਪਰੰਪਰਾਵਾਦੀ ਰੂੜ੍ਹੀਵਾਦੀ ਮਾਨਸਿਕਤਾ ਦੇ ਤਣਾਉ ਦਾ ਕਹਾਣੀਕਾਰ ਹੈ। ਉਹ ਬਹੁਤ ਥਾਈਂ ਪੁਰਾਣੇ ਖ਼ਿਆਲਾਂ ਉੱਤੇ ਤਿੱਖਾ ਵਿਅੰਗ ਕਰਦਾ ਹੈ। ਨਵੀਆਂ ਉਸਾਰੂ ਕੀਮਤਾਂ ਦੇ ਉਹ ਹੱਕ ਵਿਚ ਹੈ । ਵਿਰਕ ਨੇ ਪੜ੍ਹੀ ਲਿਖੀ ਨੌਕਰੀ ਪੇਸ਼ਾ ਔਰਤ ਦੇ ਸਾਵੇਂ ਰੂਪ ਨੂੰ ਬਹੁਤ ਸੁਹਜਮਈ ਬਣਾ ਕੇ ਪੇਸ਼ ਕੀਤਾ ਹੈ। ਪੰਜਾਬੀ ਅਵਚੇਤਨ ਤੇ ਪੰਜਾਬੀ ਸੰਸਕ੍ਰਿਤੀ ਤੋਂ ਉਤਪੰਨ ਸੰਸਕਾਰਾਂ ਤੇ ਮਨੋਵੇਗਾਂ ਨੂੰ ਆਧੁਨਿਕ ਜੀਵਨ ਮੁੱਲਾਂ ਦੇ ਮੁਕਾਬਲੇ ਵਿਚ ਸਿਰਜਿਆ ਗਿਆ ਹੈ। ਉਸ ਨੇ ਮਨੁੱਖੀ ਸ਼ਖ਼ਸੀਅਤ ਤੇ ਆਧੁਨਿਕ ਜੀਵਨ ਦੇ ਉਲਾਰਾਂ ਨੂੰ ਵੀ ਵਿਅੰਗ ਦਾ ਵਿਸ਼ਾ

ਬਣਾਇਆ ਹੈ। 'ਛਾਹ ਵੇਲਾ', 'ਤੂੜੀ ਦੀ ਪੰਡ, ਦੁੱਧ ਦਾ ਛੱਪੜ, ਖੱਬਲ, ਸ਼ੇਰਨੀਆਂ, ਰਸ ਭਰੀਆਂ' ਤੇ 'ਧਰਤੀ ਹੇਠਲਾ ਬੋਲਦ ਆਦਿ ਉਸ ਦੀਆਂ ਮਹੱਤਵਪੂਰਨ ਕਹਾਣੀਆਂ ਹਨ। ਵਿਰਕ ਉਦਾਰਵਾਦੀ ਮਾਨਵਵਾਦੀ ਦ੍ਰਿਸ਼ਟੀ ਦਾ ਯਥਾਰਥਵਾਦੀ ਕਹਾਣੀਕਾਰ ਹੈ।

**ਠਵਤੇਜ ਸਿੰਘ**

ਦੇਸ਼ ਵਾਪਸੀ', 'ਨਵੀਂ ਰੁੱਤ', 'ਬਾਸਮਤੀ ਦੀ ਮਹਿਕ' ਤੇ 'ਚਾਨਣ ਦੇ ਬੀਜ ਨਵਤੇਜ ਸਿੰਘ ਦੇ ਕਹਾਣੀ-ਸੰਗ੍ਰਹਿ ਹਨ । ਪੰਜਾਬੀ ਕਹਾਣੀ ਵਿਚ ਨਵਤੇਜ ਸਿੰਘ ਕ੍ਰਾਂਤੀਕਾਰੀ ਰੁਮਾਂਟਿਕ ਦ੍ਰਿਸ਼ਟੀ ਵਾਲਾ ਵਿਲੱਖਣ ਕਹਾਣੀਕਾਰ ਹੈ। ਨਵਤੇਜ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਭਾਰਤ ਦੀ ਆਜ਼ਾਦੀ ਦੀ ਲਹਿਰ, ਕਮਿਊਨਿਸਟ ਲਹਿਰ, ਲੋਕਾਂ ਦਾ ਆਰਥਕ, ਰਾਜਨੀਤਕ ਗ਼ੁਲਾਮੀ, ਸੁਤੰਤਰਤਾ ਉਪਰੰਤ ਰਾਜਸੀ ਸਥਿਤੀ, ਸੰਪਰਦਾਇ ਰਾਜਨੀਤੀ ਦਾ ਮਨੁੱਖ ਵਿਰੋਧੀ ਰੂਪ ਆਦਿ ਵਿਸ਼ਿਆਂ ਨੂੰ ਆਪਣੀ ਵਿਸ਼ੇਸ਼ ਰਾਜਨੀਤਕ ਦ੍ਰਿਸ਼ਟੀ ਰਾਹੀਂ ਪੇਸ਼ ਕੀਤਾ ਹੈ। ਲੇਖਕ ਨੇ ਸਫਲਤਾ ਸਹਿਤ ਕਹਾਣੀ ਕਲਾ ਨੂੰ ਸਮਾਜਵਾਦੀ ਵਿਚਾਰਾਂ ਲਈ ਵਰਤਿਆ ਤੇ ਰਾਜਨੀਤਕ ਘਟਨਾਵਾਂ ਤੇ ਫ਼ੌਰੀ ਤੌਰ ਤੇ , ਕਹਾਣੀਆਂ ਦੀ ਸਿਰਜਣਾ ਕੀਤੀ। ਤਕਨੀਕ ਪੱਖੋਂ ਉਸ ਦੀ ਕਹਾਣੀ ਕਲਾ ਕਾਫ਼ੀ ਖੁੱਲ੍ਹਾਂ ਮਾਣਦੀ ਹੈ।

ਸੰਤੋਖ ਸਿੰਘ ਧੀਰ (1920) ਤੀਜੇ ਦੌਰ ਦਾ ਇੱਕ ਹੋਰ ਮਹੱਤਵਪੂਰਨ ਸਮਾਜਵਾਦੀ ਯਥਾਰਥਵਾਦੀ ਕਹਾਣੀਕਾਰ ਹੈ। ਸਿੱਟਿਆਂ ਦੀ ਛਾਂ', 'ਸਵੇਰ ਹੋਣ ਤਕ", "ਸਾਂਝੀ ਕੰਧ' ਤੇ 'ਸ਼ਰਾਬ ਦਾ ਗਿਲਾਸ'ਦੇ ਪ੍ਰਤੀਨਿਧ ਕਹਾਣੀ-ਸੰਗ੍ਰਹਿ ਹਨ। ਧੀਰ ਆਪਣੀਆਂ ਕਹਾਣੀਆਂ ਵਿਚ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਹੋਰ , ਗ਼ਰੀਬ ਸ਼੍ਰੇਣੀਆਂ ਦੇ ਆਰਥਕ ਸੰਕਟ ਨੂੰ ਆ ਸਮਾਜਵਾਦੀ ਤੇ ਸਵਾਦੀ ਆਦਰਸ਼ ਦਾ ਪ੍ਰਚਾਰ ਕਰਦਾ ਹੈ।

ਇਸ ਤੋਂ ਇਲਾਵਾ ਉਸ ਨੇ ਪੈਪਸੂ ਦੀ ਮੁਜ਼ਾਰਾ ਲਹਿਰ, ਅਮਲ ਲਹਿਰ, ਖ਼ੁਸ਼ ਹੈਸੀਅਤ ਟੈਕਸ ਵਿਰੋਧੀ ਮੋਰਚਾ ਜੀਵਨ ਤੇ ਰਾਜਨੀਤਕ ਵਿਵਸਥਾ ਨੂੰ ਆਪਣੀਆਂ ਕਹਾਣੀਆਂ ਵਿਚ ਵਿਸ਼ਾ ਬਣਾਇਆ ਹੈ । ਧੀਰ ਦੇ ਪਾਤਰ ਸਾਧਾਰਨ ਵੀ ਹਨ ਤੇ ਰਾਜਨੀਤਕ ਤੌਰ ਤੇ ਚੇਤੰਨ ਵੀ। ਧੀਰ ਮੁੱਖ ਤੌਰ ਤੇ ਸਾਹਸਪੂਰਣ ਤੇ ਸੰਘਰਸ਼ਸ਼ੀਲ ਪਾਤਰਾਂ ਦਾ ਚਤੇਰਾ ਹੈ। ਮਲਵਈ ਭਾਸ਼ਾ ਦਾ ਉਸ ਨੂੰ ਬੜਾ ਡੂੰਘਾ ਗਿਆਨ ਹੈ। ਉਸ ਦੀ ਸ਼ੈਲੀ ਸੰਕੇਤਾਤਮਕ ਹੈ।

**ਸੁਰਜੀਤ ਸਿੰਘ ਸੇਠੀ**

ਸੁਰਜੀਤ ਸਿੰਘ ਸੇਠੀ ਦੇ "ਮਹੀਂਵਾਲ', 'ਕੌੜੇ ਘੁੱਟ', 'ਅੰਗਰੇਜ਼-ਅੰਗਰੇਜ਼ ਸਨ', "ਸਲਾਮ', 'ਡੂੰਘੇ ਪਾਣੀਆਂ ਦੇ ਹਾਣੀ' ਆਦਿ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਸੇਠੀ ਮਨੋਵਿਗਿਆਨਕ ਸ਼ੈਲੀ ਦਾ ਇੱਕ ਪ੍ਰਯੋਗਵਾਦੀ ਕਹਾਣੀਕਾਰ ਹੈ। ਆਪਣੇ ਨਾਵਲਾਂ ਵਾਂਗ ਉਸ ਨੇ ਕਹਾਣੀਆਂ ਵਿਚ ਵੀ ਆਧੁਨਿਕ ਮੱਧਵਰਗੀ ਜੀਵਨ ਦੀ ਸੰਵੇਦਨਾ ਨੂੰ ਨਵੀਆਂ ਮਨੋਵਿਗਿਆਨਿਕ ਵਿਧੀਆਂ ਰਾਹੀਂ ਪੇਸ਼ ਕੀਤਾ ਹੈ। ਸੇਠੀ ਨੇ ਕਹਾਣੀਆਂ ਵਿਚ ਕਹਾਣੀ ਰਸ ਦੀ ਥਾਂ ਪਾਤਰ ਉਸਾਰੀ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਪਾਤਰ ਉਸਾਰੀ ਲਈ ਉਸ ਨੇ ਪ੍ਰਮੁੱਖ ਤੌਰ ਤੇ ਚੇਤਨਾ-ਪ੍ਰਵਾਹ ਦੀ ਵਿਧੀ ਦਾ ਪ੍ਰਯੋਗ ਕੀਤਾ ਹੈ। ਸੇਠੀ ਪਾਤਰਾਂ ਦੇ ਮਾਨਸਿਕ ਜਗਤ ਦੀ ਉਸਾਰੀ ਛੋਟੇ-ਛੋਟੇ ਵਾਕਾਂ ਰਾਹੀਂ ਕੇਂਦਰੀ ਪੰਜਾਬੀ ਵਿਚ ਕਰਦਾ ਹੈ।

ਅੰਮ੍ਰਿਤਾ ਪ੍ਰੀਤਮ ਇਸ ਦੌਰ ਦੀ ਇੱਕ ਹੋਰ ਕਹਾਣੀਕਾਰ ਹੈ ਜੋ ਮਨੋਵਿਗਿਆਨਕਦ੍ਰਿਸ਼ਟੀ ਤੋਂ ਇਸਤਰੀ ਦੀ ਮਨੁੱਖੀ ਹੋਂਦ ਨੂੰ ਕਾਵਿਮਈ ਸ਼ੈਲੀ ਵਿਚ ਪ੍ਰਗਟ ਕਰਦੀ ਹੈ ਪ੍ਰੀਤਮ ਨੂੰ ਪੰਜਾਬੀ ਕਹਾਣੀ ਵਿਚ ਕਹਾਣੀਕਾਰ ਦੇ ਤੌਰ ਤੇ ਬਹੁਤੀ ਮਾਨਤਾ ਪ੍ਰਾਪਤ ਨਹੀਂ ਹੋਈ। ਮੋਮਬੱਤੀਆਂ ਦਾ ਭੇਤ' ਅਤੇ 'ਕੁੰਜੀਆਂ ਉਸ ਦੇ ਪ੍ਰਮੁੱਖ ਕਹਾਣੀ-ਸੰਗ੍ਰਹਿ ਹਨ ਇਸੇ ਦੌਰ ਵਿਚ ਕਰਤਾਰ ਸਿੰਘ ਸੂਰੀ, ਹਰਬੰਸ ਸਿੰਘ ਜੌਲੀ, ਲੋਚਨ ਬਖਸ਼ੀ, ਗੁਰਦਿਆਲ ਸਿੰਘ ਫੁੱਲ, ਸਵਿੰਦਰ ਸਿੰਘ ਉੱਪਲ, ਗੁਰਮੁਖ ਸਿੰਘ ਜੀਤ, ਸੂਬਾ ਸਿੰਘ, ਗੁਰਨਾਮ ਸਿੰਘ ਤੀਰ ਪਿਆਰਾ ਸਿੰਘ ਦਾਤਾ ਤੇ ਪ੍ਰਭਜੋਤ ਕੌਰ ਆਦਿ ਕਹਾਣੀ ਲੇਖਕ ਵੀ ਕਹਾਣੀ ਸਿਰਜਨਾ ਵਿਚ ਰੁੱਝੇ ਰਹੇ ਹਨ।

**ਦਲੀਪ ਕੌਰ ਟਿਵਾਣਾ**

ਇਸ ਦੌਰ ਵਿਚ ਇਸਤਰੀ ਲੇਖਕਾਵਾਂ ਵਿਚੋਂ ਦਲੀਪ ਕੌਰ ਟਿਵਾਣਾ ਦਾ ਨਾਮ ਉਸ ਦੀ ਯਥਾਰਥਵਾਦੀ ਦ੍ਰਿਸ਼ਟੀ ਤੇ ਸਹਿਜ-ਸੰਖੇਪ ਸ਼ੈਲੀ ਕਾਰਨ ਮਹੱਤਵਪੂਰਨ ਹੈ। ਪਬਲ ਵੈਹਣ 'ਤ੍ਰਾਟਾਂ`, 'ਵੈਰਾਗੇ ਨੈਣ', 'ਸਾਧਨਾ', 'ਤੂੰ ਭਰੀ ਹੁੰਗਾਰਾ' ਤੇ 'ਯਾਤਰਾ ਆਦਿ ਪ੍ਰਮੁੱਖ ਕਹਾਣੀ-ਸੰਗ੍ਰਹਿ ਹਨ। ਲੇਖਕਾ ਦੀਆਂ ਪਹਿਲੇ ਦੌਰ ਦੀਆਂ ਕਹਾਣੀਆਂ ਵਿਚ ਔਰਤ ਪ੍ਰਤੀ ਬੇਲੋੜੇ ਤਰਸ ਦੀ ਭਾਵਨਾ ਵਧੇਰੇ ਹੈ ਪਰ ਪਿਛਲੀਆਂ ਕਹਾਣੀਆਂ ਵਿਚ ਉਸ ਦੀ ,ਅੰਤਰ ਦ੍ਰਿਸ਼ਟੀ ਵਿਚ ਪਕਿਆਈ ਆਈ ਹੈ। ਮਨੋਵਿਗਿਆਨਕ ਤੇ ਬੌਧਿਕ ਸੂਝ ਵਿਚ ਪਰਪੱਕਤਾ ਆਉਣ ਕਾਰਨ ਲੇਖਕਾ ਪਿਛਲੇ ਦੌਰ ਵਿਚ ਪ੍ਰਮਾਣਿਕ ਗਲਪ ਬਿੰਬ ਸਿਰਜਣ ਦੇ ਸਮਰੱਥ ਹੋਈ ਹੈ।

**ਅਜੀਤ ਕੌਰ**

ਅਜੀਤ ਕੌਰ ਪੰਜਾਬੀ ਕਹਾਣੀ ਦੀ ਇੱਕ ਸਨਸਨੀਖ਼ੇਜ਼ ਇਸਤਰੀ ਲੇਖਕ ਹੈ ਜੋ ਪੰਜਾਬੀ ਕਹਾਣੀ ਵਿਚ ਯਥਾਰਥ ਦੇ ਨਵੇਂ ਪੱਖਾਂ ਨੂੰ ਉਜਾਗਰ ਕਰਦੀ ਹੈ। ਅਜੀਤ ਕੌਰ ਦੀਆਂ ਕਹਾਣੀਆਂ ਦਾ ਵੱਡਾ ਹਿੱਸਾ ਔਰਤ ਦੇ ਅਸਤਿਤਵ ਦੇ ਸੰਕਟ ਨਾਲ ਸਬੰਧੀ ਹੈ। ਅਜੀਤ ਕੌਰ ਔਰਤ ਦੇ ਅਸਤਿਤਵ ਦੇ ਸੰਕਟ ਨੂੰ ਉਸ ਦੇ ਕਾਮ-ਸੰਬੰਧਾਂ ਦੇ ਪ੍ਰਗਟਾਉ ਤੇ ਸਿਰਜਣ ਰਾਹੀਂ ਪੇਸ਼ ਕਰਦੀ ਹੈ। ਫ਼ਾਲਤੂ ਔਰਤ', 'ਅੱਧਾ ਆਦਮੀ ਸਾਬਤ ਆਦਮੀ", "ਦਿਉਰ ਭਾਬੀਆਂ', 'ਹਾਟ ਵਾਟਰ ਬਾਟਲ' ਤੇ 'ਖੋਪੇ ਦੀ ਠੂਠੀ ਆਦਿ ਕਹਾਣੀਆਂ ਵਿਚ ਉਹਨਾਂ ਔਰਤਾਂ ਦਾ ਜ਼ਿਕਰ ਹੈ ਜਿਹੜੀਆਂ ਪਹਿਲਾਂ ਹੀ ਵਿਆਹੇ ਮਰਦ ਨਾਲ ਪਿਆਰ ਸੰਬੰਧਾਂ ਵਿਚ ਪੈਂਦੀਆਂ ਹਨ ਜਾਂ ਪਿਆਰ ਸਬੰਧ ਵਾਲਾ ਮਰਦ ਆਪਣਾ ਪੂਰਨ ਆਪਾ ਔਰਤ ਨੂੰ ਸਮਰਪਿਤ ਨਹੀਂ ਕਰਦਾ । ਇਹ ਔਰਤਾਂ ਸਰੀਰਕ ਤੇ ਮਾਨਸਿਕ ਤੌਰ ਤੇ ਅਧੂਰੇ ਮਰਦ ਨੂੰ ਭੋਗਦੀਆਂ ਵੀ ਹਨ ਤੇ ਪੂਰੇ ਮਰਦ ਦੀ ਅਪੂਰਤੀ ਕਾਰਨ ਮਾਨਸਿਕ ਦੁਬਿਧਾ ਤੇ ਕਲੇਸ਼ ਵਿਚ ਵੀ ਰਹਿੰਦੀਆਂ ਹਨ । ਅਜੀਤ ਕੌਰ ਦੀ ਪ੍ਰਸਿੱਧੀ ਦਾ ਕਾਰਨ ਔਰਤ-ਮਰਦ ਕਾਮ ਸੰਬੰਧਾਂ ਦੇ ਨਿਸੰਗ ਬਿਆਨ ਤੇ ਇਹਨਾਂ ਸੰਬੰਧਾਂ ਦੇ ਸੂਖਮ ਯਥਾਰਥ ਨੂੰ ਪ੍ਰਗਟਾਉਣ ਕਾਰਨ ਹੈ। ਇਸ ਸਭ ਕੁੱਝ ਪ੍ਰਗਟਾਉਂਦਿਆਂ ਸ਼ੈਲੀ ਦੀ ਤੀਬਰਤਾ ਉਸ ਦੀ ਕਹਾਣੀ ਸਿਰਜਣਾ ਦਾ ਉੱਤਮ ਗੁਣ ਹੈ। ਇਸ ਵਿਸ਼ੇ ਤੋਂ ਇਲਾਵਾ ਉਸ ਨੇ ਔਰਤ ਦੇ ਅਸਤਿਤਵ ਦੇ ਸੰਕਟ ਨੂੰ ਸਮਾਜਕ-ਆਰਥਕ ਤੇ ਸਾਂਸਕ੍ਰਿਤਿਕ ਵਿਵਸਥਾ ਦੀ ਕਠੋਰਤਾ ਦੇ ਪ੍ਰਸੰਗ ਵਿਚ ਵੀ ਚਿਤਰਿਆ ਹੈ। ਇਸ ਪ੍ਰਸੰਗ ਲਈ ਉਸ ਦੀਆਂ 'ਗੁਲਬਾਨੋ', 'ਮਾਮੀ', 'ਸੁਲਗਦੇ ਸਾਹ', 'ਇੱਕ ਪਿਆਲਾ ਦੋ ਹੋਂਠ, ਮਾਂ ਪੁੱਤਰ', 'ਸੂਹਾ ਸਾਲੂ, ਸੂਲੀ ਉੱਤੇ ਲਟਕਦੇ ਪਲ' ਤੇ 'ਬਤ ਸ਼ਿਕਨ ਆਦਿ ਕਹਾਣੀਆਂ ਵੇਖੀਆਂ ਜਾ ਸਕਦੀਆਂ ਹਨ । ਅਜੀਤ ਕੌਰ ਇਹਨਾਂ ਕਹਾਣੀਆਂ ਰਾਹੀਂ ਔਰਤ ਦੇ ਅਸਤਿੱਤਵ ਦੇ ਸੰਕਟ ਨੂੰ ਕਈ ਪੱਖਾਂ ਤੋਂ ਸਮਝਾਉਣ ਦਾ ਯਤਨ ਕਰਦੀ ਹੈ।

**ਰਾਮ ਸਰੂਪ ਅਣਖੀ**

ਰਾਮ ਸਰਪ ਅਣਖੀ ਸੱਠਵਿਆਂ ਦੇ ਅੰਤ ਤੋਂ ਲੈ ਕੇ ਲਗਾਤਾਰ ਕਹਾਣੀ ਸਿਰਜਣਾ ਕਰ ਰਿਹਾ ਹੈ । ਉਸ ਨੇ ਲਗਭਗ ਦੋ ਸੌ ਦੇ ਕਰੀਬ ਕਹਾਣੀਆਂ ਲਿਖੀਆਂ ਹਨ। ਸੁੱਤਾ ਨਾਗ . ਕੱਚਾ ਧਾਗਾ, "ਮਨੁੱਖ ਦੀ ਮੌਤ` , 'ਟੀਸੀ ਦਾ ਬੇਰ` , ਖਾਰਾ ਦੁੱਧ ਆਦਿ ਉਸ ਦੇ ਮਹੱਤਵਪੂਰਨ ਕਹਾਣੀ-ਸੰਗ੍ਰਹਿ ਹਨ। ਸਵਾਲ ਦਰ ਸਵਾਲ' ਉਸ ਦੀਆਂ ਚੋਣਵੀਂਆਂ ਸੱਠ ਕਹਾਣੀਆਂ ਦਾ ਸੰਗ੍ਰਹਿ ਹੈ। ਅਣਖੀ ਦੀ ਕਹਾਣੀ ਕਲਾ ਦੇ ਪ੍ਰਮੁੱਖ ਦੋ ਪੜਾਅ ਹਨ । ਪਹਿਲੇ ਪੜਾਅ ਉੱਤੇ ਅਣਖੀ ਕਹਾਣੀਆਂ ਵਿਚ ਕਾਮ-ਸੰਬੰਧਾਂ ਉੱਤੇ ਵਧੇਰੇ ਕੇਂਦਰਿਤ ਰਹਿੰਦਾ ਹੈ। ਇਸ ਪੜਾਅ ਉੱਤੇ ਉਹ ਡਰਾਈਵਰਾਂ, ਕੰਡਕਟਰਾਂ, ਵੈਲੀਆਂ ਤੇ ਲੁੱਚੇ ਸਕੂਲ ਮਾਸਟਰਾਂ ਨੂੰ ਕਹਾਣੀ ਵਿਚ ਪ੍ਰਮੁੱਖ ਪਾਤਰ ਲੈਂਦਾ ਹੈ। ਇਹਨਾਂ ਨੂੰ ਪ੍ਰਗਟਾਉਂਦਿਆਂ ਉਸ ਦੀ ਦ੍ਰਿਸ਼ਟੀ ਵੀ ਰੁਮਾਂਟਿਕ ਹੈ । ਹੌਲੀ-ਹੌਲੀ ਅਣਖੀ ਦੀ ਕਹਾਣੀ ਕਲਾ ਨੇ ਵਿਕਾਸ ਕੀਤਾ ਤੇ ਉਸ ਦੀ ਦ੍ਰਿਸ਼ਟੀ ਵਿਚ ਯਥਾਰਥਵਾਦੀ ਪਰਿਵਰਤਨ ਵਾਪਰਿਆ ਹੈ। 'ਖਾਰਾ ਦੁੱਧ' ਸੰਗ੍ਰਹਿ ਤੇ ਇਸ ਪਿੱਛੋਂ ਛਪਣ ਵਾਲੀਆਂ ਕਹਾਣੀਆਂ ਨੇ ਅਣਖੀ ਨੂੰ ਨਿੱਕੀ ਕਹਾਣੀ ਦਾ ਮਾਣਯੋਗ ਕਹਾਣੀਕਾਰ ਬਣਾ ਦਿੱਤਾ। ਅਣਖੀ ਮਾਲਵੇ ਖੇਤਰ ਦੇ ਪੇਂਡੂ ਸਮਾਜ ਤੇ ਨੌਕਰੀ ਪੇਸ਼ਾ ਮੱਧਵਰਗ ਦਾ ਕਹਾਣੀਕਾਰ ਹੈ। ਉਹ ਸਾਧਾਰਨ ਮਨੁੱਖਾਂ ਦੀ ਕਹਾਣੀ ਸਾਧਾਰਨ ਤੇ ਸਰਲ ਭਾਸ਼ਾ ਵਿਚ ਤੇ ਸੰਕੇਤਾਤਮਕ ਸ਼ੈਲੀ ਵਿਚ ਸਿਰਜਦਾ ਹੈ। ਇਸ ਸਮੇਂ ਅਣਖੀ ਪ੍ਰਮੁੱਖ ਯਥਾਰਥਵਾਦੀ ਕਹਾਣੀਕਾਰਾਂ ਦੀ ਕਤਾਰ ਵਿਚ ਆਉਂਦਾ ਹੈ।

ਇਸ ਦੌਰ ਵਿਚ ਹੀ ਜਸਵੰਤ ਸਿੰਘ ਵਿਰਦੀ ਪ੍ਰਤੀਕਾਤਮਿਕ ਤੇ ਚਿੰਨ੍ਹਾਤਮਕ ਸ਼ੈਲੀ ਵਿਚ ਲਿਖਣ ਵਾਲਾ ਲੇਖਕ ਹੈ। ਉਸ ਦੇ ਅੱਧੀ ਦਰਜਨ ਤੋਂ ਵੀ ਵਧ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਹਨਾਂ ਵਿਚੋਂ ਪ੍ਰਮੁੱਖ ਆਪਣੀ-ਆਪਣੀ ਸੀਮਾ', 'ਜ਼ਿੰਦਗੀ', 'ਸੀਸ ਭੇਟ ਤੇ "ਨਦੀ ਦਾ ਪਾਣੀ ਆਦਿ ਮਹੱਤਵਪੂਰਨ ਹਨ। ਰਘਬੀਰ ਢੰਡ ਪੰਜਾਬੀ ਦਾ ਇੱਕ ਸਮਰੱਥ ਕਹਾਣੀਕਾਰ ਹੈ ਜਿਸ ਨੇ ਬੋਲੀ ਧਰਤੀ ਉਸ ਪਾਰ' ਤੇ 'ਕਾਇਆ ਕਲਪ ਕਹਾਣੀ ਸੰਗ੍ਰਹਿ ਸਿਰਜੇ ਹਨ। ਉਸ ਨੇ ਭਾਰਤ ਤੇ ਬਰਤਾਨੀਆ ਦੇ ਜੀਵਨ ਅਨੁਭਵ ਨੂੰ ਕਹਾਣੀਆਂ ਵਿਚ ਪੇਸ਼ ਕੀਤਾ ਹੈ । ਉਸ ਦੀਆਂ ਕਹਾਣੀਆਂ ਵਿਚ ਮਨੁੱਖ ਦੀ ਹਰ ਪ੍ਰਕਾਰ ਦੀ ਗ਼ੁਲਾਮੀ ਤੋਂ ਦਮਨ ਵਿਰੁੱਧ ਵਿਦਰੋਹ ਦੀ ਭਾਵਨਾ ਹੈ ਤੇ ਬਰਤਾਨੀਆ ਵਿਚਲੇ ਏਸ਼ੀਆਈ ਤੋਂ ਅਫ਼ਰੀਕੀ ਲੋਕਾਂ ਨਾਲ ਹੁੰਦੇ ਨਸਲੀ ਵਿਤਕਰੇ ਨੂੰ ਉਜਾਗਰ ਕੀਤਾ ਗਿਆ ਹੈ। ਪੰਜਾਬੀ ਸਾਹਿਤ ਵਿਚ ਉਸ ਦੀਆਂ ਕਹਾਣੀਆਂ 'ਕੁਰਸੀ ਤੇ ਸ਼ਾਨੇ ਪੰਜਾਬ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ ਹੈ।

**ਗੁਰਬਚਨ ਭੁੱਲਰ**

ਗੁਰਬਚਨ ਭੁੱਲਰ ਉਪਰੋਕਤ ਲੇਖਕਾਂ ਤੋਂ ਉਪਰੰਤ ਪੰਜਾਬੀ ਕਹਾਣੀ ਦਾ ਇੱਕ ਪ੍ਰਤਿਭਾਵਾਨ ਲੇਖਕ ਹੈ। ਉਹ ਸਾਹਿੱਤਿਕ ਜੀਵਨ ਦੇ ਆਰੰਭ ਤੋਂ .ਹੀ ਮਾਰਕਸਵਾਦੀ ਚਿੰਤਨ ਦਾ ਗਿਆਤਾ ਤੇ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਹੈ। ਉਸ ਦੀ ਗਲਪ ਦ੍ਰਿਸ਼ਟੀ ਦਾ ਮਹੱਤਵਪੂਰਨ ਗੁਣ ਹੈ ਕਿ ਉਹ ਚਿੰਤਕ ਹੋਣ ਦੇ ਬਾਵਜੂਦ ਆਪਣੀਆਂ ਕਹਾਣੀਆਂ ਵਿਚ ਸਿਰਜਕ ਹੀ ਰਹਿੰਦਾ ਹੈ। ਉਹ ਪ੍ਰਤੀਕਾਤਮਿਕ, ਸੰਕੇਤਾਤਕ ਸ਼ੈਲੀ ਦਾ ਮਾਲਕ ਹੈ ਕਹਾਣੀ ਦੀ ਲੋੜ ਅਨੁਸਾਰ ਉਹ ਤਕਨੀਕੀ ਵਿਧੀਆਂ ਦਾ ਸੁਯੋਗ ਪ੍ਰਯੋਗ ਕਰ ਲੈਂਦਾ ਹੈ ਉਸ ਦੀਆਂ ਕਹਾਣੀਆਂ ਦਾ ਵੱਡਾ ਗੁਣ ਇਹ ਹੈ ਕਿ ਉਹ ਬਹੁਤ ਹੀ ਰੋਚਕ ਤੇ ਬੱਝਵਾਂ ਪ੍ਰਭਾਵ ਪਾਉਣ ਵਾਲੀਆਂ ਹਨ। ਭਾਵੇਂ ਉਹ ਪੱਛਮੀ ਨਿੱਕੀ ਕਹਾਣੀ ਦੀ ਤਕਨੀਕ ਅਪਣਾਉਂਦਾ ਹੈ ਪਰ ਕਹਾਣੀ ਦੀ ਲੋੜ ਅਨੁਸਾਰ ਖੁੱਲ ਵੀ ਲੈ ਲੈਂਦਾ ਹੈ । ਭੁੱਲਰ ਕਿਸਾਨੀ-ਭਾਈਚਾਰਕ ਜੀਵਨ ਦੀਆਂ ਸਮੱਸਿਆਵਾਂ ਤੋਂ ਲੈ ਕੇ ਅੰਤਰ ਰਾਸ਼ਟਰੀ ਸਮੱਸਿਆਵਾਂ ਤਕ ਹਰ ਪ੍ਰਕਾਰ ਦੀ ਕਹਾਣੀ ਦੀ ਸਿਰਜਣਾ ਕੀਤੀ ਹੈ ਸਮਾਜਕ ਸੰਪਰਦਾਇਕਤਾ, ਸਮਾਜਵਾਦ, ਇਨਕਲਾਬ ਤੇ ਰਾਜਨੀਤੀ ਦੀ ਵਿਸ਼ੇ ਹਨ। ਭੁੱਲਰ ਮਲਵਈ ਉਪਭਾਖਾ

ਦੀ ਰੰਗਤ ਵਾਲੇ ਛੋਟੇ-ਛੋਟੇ ਫਿਰਕਿਆਂ ਰਾਹੀਂ ਕਹਾਣੀ ਉਸਾਰ ਲੈਂਦਾ ਹੈ। ਵਿਅੰਗ ਤੇ ਕਟਾਖਸ਼ ਉਸ ਦੀ ਕਹਾਣੀ ਹੈ ਸ਼ੈਲੀ ਦਾ ਪ੍ਰਮੁੱਖ ਗੁਣ ਹੈ- 'ਇੱਕੀਵੀਂ ਸਦੀ', 'ਦੀਵੇ ਵਾਂਗ ਬਲਦੀ ਅੱਖ', ਮੈਂ ਗ਼ਜ਼ਨਵੀ ਨਹੀਂ ਹੈ ਉਸ ਦੀਆਂ ਚਰਚਿਤ ਕਹਾਣੀਆਂ ਹਨ। '

**ਮੋਹਨ ਭੰਡਾਰੀ**

ਇਸ ਦੌਰ ਦਾ ਇੱਕ ਹੋਰ ਕਹਾਣੀਕਾਰ ਹੈ ਜਿਸ ਨੇ ਆਪਣੀ ਕਹਾਣੀਆਂ ਦੇ ਪਹਿਲੇ ਦੌਰ ਵਿਚ ਮਾਲਵਾ ਭੂ ਖੇਤਰ ਦੇ ਭੂਮੀਹੀਣ ਵਰਗ ਦੀਆਂ ਆਰਥਕ ਕਠਨਾਈਆਂ ਉੱਤੇ ਕਹਾਣੀਆਂ ਲਿਖੀਆਂ ਹਨ। ਉਸ ਦੀਆਂ ਦੂਜੇ ਦੌਰ ਦੀਆਂ ਕਹਾਣੀਆਂ ਸ਼ਹਿਰੀ ਮੱਧਵਰਗ ਦੇ ਅਨੁਭਵਾਂ ਨੂੰ ਪ੍ਰਗਟਾਉਂਦੀਆਂ ਹਨ। ਭੰਡਾਰੀ ਸੰਕੇਤਾਤਮਕ ਤੇ ਪ੍ਰਤੀਕਾਤਮਿਕ ਚਿੰਨ੍ਹਾਤਮਕ ਸ਼ੈਲੀ ਅਪਣਾਉਂਦਾ ਹੈ।

ਗੁਲਜ਼ਾਰ ਸਿੰਘ ਸੰਧੂ ਇਸ ਦੌਰ ਦਾ ਯਥਾਰਥਵਾਦੀ ਮਾਨਵੀ ਦ੍ਰਿਸ਼ਟੀ ਵਾਲਾ ਲੇਖਕ ਹੈ। ਹੁਸਨ ਦੇ ਹਾਣੀ ਤੇ 'ਇੱਕ ਸਾਂਝ ਪੁਰਾਣੀ ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਪੰਜਾਬ ਸੰਕਟ ਨਾਲ ਸੰਬੰਧਿਤ ਉਸ ਦੀਆਂ ਕਹਾਣੀਆਂ 'ਰੁਦਨ ਬਿੱਲੀਆਂ ਦਾ, ਮੁਰਗ਼ੇ ਦਾ ਪੰਜਾ', 'ਪਤਨੀ ਮਾਂ ਨਹੀਂ ਸੀ' ਨੇ ਇਸ ਦੁਖਾਂਤ ਦਾ ਸਹਿਜ ਰੂਪ ਵਿਚ ਵਿਸ਼ਲੇਸ਼ਣ ਕਰਦੀਆਂ ਹਨ। ਜਸਬੀਰ ਭੁੱਲਰ ਇਸ ਦੌਰ ਦਾ ਕਾਵਿਮਈ ਤੇ ਪ੍ਰਗੀਤਕ ਬੋਲੀ ਦਾ ਕਹਾਣੀਕਾਰ ਹੈ।

**ਵਰਿਆਮ ਸੰਧੂ**

ਪੰਜਾਬੀ ਕਹਾਣੀ ਦੇ ਤੀਜੇ ਦੌਰ ਵਿਚ ਵਰਿਆਮ ਸੰਧੂ ਤੇ ਪ੍ਰੇਮ ਪ੍ਰਕਾਸ਼ ਨੂੰ ਮਾਨਤਾ ਪ੍ਰਾਪਤ ਹੋਈ ਹੈ। ਵਰਿਆਮ ਸੰਧੂ ਦੇ ਹੁਣ ਤਕ "ਲੋਹੇ ਦੇ ਹੱਥ'(1971), ਅੰਗ -ਸੰਗ।(1981), ਤੇ 'ਭੱਜੀਆਂ ਬਾਹੀਂ (1987) ਤਿੰਨ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਸੰਧੂ ਨੇ ਹੁਣ ਤਕ ਲਗਭਗ ਢਾਈ ਦਰਜਨ ਕਹਾਣੀਆਂ ਦੀ ਸਿਰਜਣਾ ਕੀਤੀ ਹੈ । ਵਰਿਆਮ ਸੰਧੂ ਨੂੰ ਕਹਾਣੀਕਾਰ ਦੇ ਤੌਰ ਤੇ ਪ੍ਰਸਿੱਧੀ 'ਅੰਗ ਸੰਗ' ਸੰਗ੍ਰਹਿ ਨਾਲ ਹੀ ਮਿਲੀ ਹੈ। ਪਹਿਲੇ ਕਹਾਣੀ ਸੰਗ੍ਰਹਿ ਵੇਲੇ ਉਹ ਨਕਸਲਬਾੜੀ ਲਹਿਰ ਨਾਲ ਸਬੰਧੀ ਸੀ। ਪਹਿਲੇ ਸੰਗ੍ਰਹਿ ਦੀਆਂ ਕਹਾਣੀਆਂ ਉੱਤੇ ਇਸ ਵਿਚਾਰਧਾਰਾ ਦਾ ਪ੍ਰਭਾਵ ਹੈ, ਕਲਾ ਪੱਖੋਂ ਵੀ ਇਹ ਪਹਿਲੇ ਪੜਾਅ ਦੀਆਂ ਕਹਾਣੀਆਂ ਹੋਣ ਕਾਰਨ ਬਹੁਤਾ ਪ੍ਰਭਾਵ ਨਹੀਂ ਪਾਉਂਦੀਆਂ। ਦੂਜੇ ਤੇ ਤੀਜੇ ਕਹਾਣੀ-ਸੰਗ੍ਰਹਿ ਦੇ ਛਪਣ ਨਾਲ ਤੇ ਇਹਨਾਂ ਪੁਸਤਕਾਂ ਤੋਂ ਬਾਹਰ ਪ੍ਰਕਾਸ਼ਿਤ ਹੋਣ ਵਾਲੀਆਂ ਕਹਾਣੀਆਂ ਨੇ ਵਰਿਆਮ ਦੀ ਕਲਾ ਨੂੰ ਪ੍ਰਫੁੱਲਿਤ ਕੀਤਾ ਹੈ। ਸੇਖੋਂ, ਦੁੱਗਲ ਤੇ ਵਿਰਕ ਵਾਂਗ ਸੰਧੂ ਨਾਲ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਸਿਫਤੀ ਤਬਦੀਲੀ ਆਉਂਦੀ ਹੈ। ਵਰਿਆਮ ਨਿੱਕੀ ਕਹਾਣੀ ਦੇ ਪੱਛਮੀ ਸਿਧਾਂਤ ਨੂੰ ਤਿਲਾਂਜਲੀ ਦੇ ਦੇਂਦਾ ਹੈ। ਕਹਾਣੀ ਨਿੱਕੀ ਤੋਂ ਵੱਡੀ ਬਣ ਜਾਂਦੀ ਹੈ। ਕਥਾਨਕ ਲਈ ਦੇਸੀ ਪਰੰਪਰਾਵਾਦੀ ਕਥਾ-ਵਿਧੀਆਂ ਦੀ ਵਰਤੋਂ ਕਰਦਾ ਹੈ। ਬਿਰਤਾਂਤ ਇਕਹਿਰਾ ਨਾ ਹੋ ਕੇ ਬਹੁ ਪਰਤੀ ਹੋ ਜਾਂਦਾ ਹੈ। ਪਾਤਰਾਂ ਦੀ ਗਿਣਤੀ ਵੀ ਵਧ ਜਾਂਦੀ ਹੈ। ਭਾਸ਼ਾ ਦੀ ਪ੍ਰਤੀਕਾਤਮਿਕ ਵਰਤੋਂ ਰਾਹੀਂ ਕਹਾਣੀ ਇਕਹਿਰੀ ਸਮੱਸਿਆ ਦੀ ਥਾਂ ਸਮੱਸਿਆਵਾਂ ਦੇ ਸਮੂਹ ਪੇਸ਼ ਕਰਨ ਦੇ ਸਮਰੱਥ ਹੁੰਦੀ ਹੈ। ਸੰਧੂ ਮੁੱਖ ਕੱਥਾਂ ਨਾਲ ਛੋਟੀਆਂ-ਛੋਟੀਆਂ ਕਥਾਵਾਂ ਨੂੰ ਜੋੜਦਾ ਹੋਇਆ ਪ੍ਰਭਾਵ ਦੀ ਇਕਾਗਰਤਾ ਬਣਾਈ ਰੱਖਦਾ ਹੈ। ਸੰਧੂ ਸਮਾਜਕ ਯਥਾਰਥ ਨੂੰ ਸਹਿਜ ਰੂਪ ਪ੍ਰਗਟਾਉਂਦਾ ਹੋਇਆ ਭਾਸ਼ਾ ਰਾਹੀਂ ਸਮੱਸਿਆ ਨੂੰ ਬਹੁ-ਅਰਥਤਾ ਪ੍ਰਦਾਨ ਕਰਦਾ ਹੈ। ਵਰਿਆਮ ਸੰਧੂ ਡੂੰਘੀ ਨੀਝ ਵਾਲਾ ਸਮਾਜ-ਸ਼ਾਸਤਰੀ ਤੇ ਮਨੋਵਿਗਿਆਨੀ ਹੈ ਜੋ ਮੌਜੂਦਾ ਵਿਵਸਥਾ ਦੀ ਕਠੋਰਤਾ ਤੋਂ ਪੈਦਾ ਮਨੁੱਖੀ ਦੁਖਾਂਤ ਨੂੰ ਹਮਦਰਦੀ ਨਾਲ ਸਿਰਜਦਾ ਹੋਇਆ ਵਿਵਸਥਾ ਤੇ ਤਿੱਖਾ ਵਿਅੰਗ ਕਰਦਾ ਹੈ। ਵਰਿਆਮ ਨੇ ਪੇਂਡੂ ਜੀਵਨ ਦੀਆਂ ਸਮੱਸਿਆਵਾਂ ਨੂੰ ਹੀ ਮੋਟੇ ਤੌਰ ਤੇ ਸਿਰਜਿਆ ਹੈ ਤੇ ਇਸ ਪੱਖੇ 'ਅੰਗ ਸੰਗ', 'ਸੁਨਹਿਰੀ ਕਿਣਕਾ` , "ਡੈਮ', 'ਤਾਰ ਤੇ ਤੁਰਦਾ ਆਦਮੀ`, ਤੇ ਆਪਣਾ-ਆਪਣਾ ਹਿੱਸਾ ਆਦਿ ਉਸ ਦੀਆਂ ਪ੍ਰਮੁੱਖ ਕਹਾਣੀਆਂ ਹਨ । ਪੰਜਾਬ ਦੇ ਦੁਖਾਂਤ ਬਾਰੇ 'ਵਾਪਸੀ', 'ਭੱਜੀਆ ਬਾਹੀਂ', 'ਚੌਥੀ ਕੂਟ' ਤੇ 'ਮੈਂ ਹੁਣ ਠੀਕ-ਠਾਕ ਹਾਂ ਕਹਾਣੀਆਂ ਇੱਕ ਦਸਤਾਵੇਜ਼ ਹਨ ਜੋ ਆਪਣੇ ਵਿਚ ਇਸ ਸਮੱਸਿਆ ਦੀਆਂ ਕਈ ਪਰਤਾਂ ਸਾਂਭੀ ਬੈਠੀਆਂ ਹਨ ।

**ਪ੍ਰੇਮ ਪ੍ਰਕਾਸ਼**

ਪ੍ਰੇਮ ਪ੍ਰਕਾਸ਼ ਇਸ ਦੌਰ ਦਾ ਇੱਕ ਹੋਰ ਕਹਾਣੀਕਾਰ ਹੈ ਜੋ ਵਰਿਆਮ ਦਾ ਸਮਕਾਲੀ ਵੀ ਹੈ ਤੇ ਜਿਸ ਨੂੰ ਪੰਜਾਬੀ ਕਹਾਣੀ ਖੇਤਰ ਵਿਚ ਪ੍ਰਸਿੱਧੀ ਵੀ ਬਹੁਤ ਮਿਲੀ ਹੈ। ਦੋਵੇਂ ਨਕਸਲਬਾੜੀ ਲਹਿਰ ਦੀ ਉਪਜ ਹਨ। "ਕਚਕੜੇ', 'ਨਮਾਜ਼ੀ', 'ਮੁਕਤੀ", "ਸ਼ਵੇਤਾਂਬਰ ਨੇ ਕਿਹਾ ਸੀ', 'ਪ੍ਰੇਮ ਕਹਾਣੀਆਂ' ਤੇ 'ਕੁੱਝ ਅਣਕਿਹਾ ਵੀ' ਉਸ ਦੇ ਛੇ ਕਹਾਣੀ ਸੰਗ੍ਰਹਿ ਹਨ । ਆਰੰਭਕ ਦੌਰ ਦੀਆਂ ਕੁੱਝ ਕਹਾਣੀਆਂ ਨਕਸਲਬਾੜੀ ਪ੍ਰਭਾਵ ਅਧੀਨ ਆਰਥਕ ਸਮੱਸਿਆਵਾਂ ਨੂੰ ਸਮਾਜਕ ਸੰਦਰਭ ਵਿਚ ਸਿਰਜਦੀਆਂ ਹਨ। ਇਸ ਪਿੱਛੋਂ ਪ੍ਰੇਮ ਪ੍ਰਕਾਸ਼ ਪੰਜਾਬੀ ਕਹਾਣੀ ਵਿਚ ਆਪਣੀ ਰਚਨਾ ਦ੍ਰਿਸ਼ਟੀ ਕਾਰਨ ਨਿਵੇਕਲਾ ਸਥਾਨ ਬਣਾ ਲੈਂਦਾ ਹੈ। ਪ੍ਰੇਮ ਪ੍ਰਕਾਸ਼ ਪੂੰਜੀਵਾਦੀ ਵਿਵਸਥਾ ਤੋਂ ਪੈਦਾ ਹੋਈ ਜੋ ਇਸ ਸ਼੍ਰੇਣੀ ਦੇ ਮਾਨਸਿਕ ਸੰਕਟ ਨੂੰ ਆਪਣੀਆਂ ਰਚਨਾਵਾਂ ਵਿਚ ਸਿਰਜਦਾ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾਨਾਇਕ ਜਾਂ ਮੁੱਖ ਪਾਤਰ ਉਹ ਵਿਅਕਤੀ ਹੈ ਜੋ ਪਰੰਪਰਾਵਾਦੀ ਮਨੁੱਖ ਪੱਖੀ ਕੀਮਤਾਂ ਤੋਂ ਵਿਰਵਾ ਹੋ ਚੁੱਕਾ ਹੈ, ਪੂੰਜੀਵਾਦੀ ਪੈਸਾ ਕੀਮਤਾਂ ਉਸ ਨੂੰ ਕੋਈ ਢਾਰਸ ਨਹੀਂ ਦਿੰਦੀਆਂ ਤੇ ਮਨੁੱਖੀ ਰਿਸ਼ਤਿਆਂ ਨੂੰ ਮਕਾਨਕੀ ਬਣਾ ਦੇਂਦੀਆਂ ਹਨ।

ਮੱਧਸ਼੍ਰੇਣਿਕ ਆਧੁਨਿਕ ਮਨੁੱਖ ਕੋਲ ਕੋਈ ਹੋਰ ਆਦਰਸ਼ ਵੀ ਹੈ ਨਹੀਂ। ਇਸ ਸਥਿਤੀ ਵਿਚ ਪ੍ਰੇਮ ਪ੍ਰਕਾਸ਼ ਮੁੱਢ ਕਦੀਮ ਤੋਂ ਮਨੁੱਖ ਦੀ ਮੁਕਤੀ ਦੀ ਭਾਲ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਉਂਦਾ ਹੈ। ਮੱਧਸ਼੍ਰੇਣਿਕ ਦੁਖਾਂਤ ਨੂੰ ਲੇਖਕ ਨੇ ਇਸ ਨੁਕਤੇ ਤੋਂ ਸਿਰਜਿਆ ਹੈ। ਦੂਜਾ ਪ੍ਰੇਮ ਪ੍ਰਕਾਸ਼ ਰਾਹੀਂ ਕਹਾਣੀ ਵਿਚ ਪਹਿਲੀ ਵਾਰੀ ਅਜਿਹੀ ਔਰਤ ਦਾ ਸੰਕਲਪ ਪੇਸ਼ ਹੋਇਆ ਜਿਹੜੀ ਮਰਦ ਵਾਂਗ ਹੀ ਸ਼ਕਤੀਸ਼ਾਲੀ ਹੈ। ਆਪਣੇ ਮਨੁੱਖੀ ਰੂਪ ਦੀਆਂ ਸਾਰੀਆਂ ਸੰਭਾਵਨਾਵਾਂ ਹੰਢਾਉਣ ਲਈ ਤਤਪਰ ਹੈ। ਪੰਜਾਬੀ ਕਹਾਣੀ ਵਿਚ ਮੱਧਸ਼੍ਰੇਣਿਕ ਵਿਅਕਤੀ ਦੀ ਅਜਿਹੀ ਸਥਿਤੀ ਅਤੇ ਔਰਤ ਦਾ ਇਹ ਸੰਕਲਪ ਪਹਿਲੀ ਵਾਰ ਪੇਸ਼ ਹੁੰਦਾ ਹੈ। ਲੇਖਕ ਨੇ ਇਹਨਾਂ ਕਹਾਣੀਆਂ ਵਿਚ ਬਿਰਤਾਂਤ ਤੇ ਮਨੋਵਿਗਿਆਨ ਦੀਆਂ ਅਤਿ-ਆਧੁਨਿਕ ਵਿਧੀਆਂ ਦਾ ਪ੍ਰਯੋਗ ਕੀਤਾ ਹੈ।

**ਸਾਰੰਸ਼**

ਇਸ ਦੌਰ ਵਿਚ ਹੀ ਪੰਜਾਬੀ ਵਿਚ ਚੰਦਨ ਨੇਗੀ ਕਰਤਾ 'ਚਿੱਤਰ ਗੁਪਤ ਮੇਰਾ ਆਪਾ ਮੋੜ ਦੇ, ਬਚਿੰਤ ਕੌਰ ਕਰਤਾ 'ਭੁੱਬਲ ਦੀ ਅੱਗ' ਤੇ 'ਕਿਆਰੀ ਲੌਂਗਾਂ ਦੀ, ਸੁਖਵੰਤ ਕੌਰ ਮਾਨ ਕਰਤਾ 'ਭੁੱਖੜੇ ਦੇ ਫੁੱਲ" ਤੇ "ਉਹ ਨਹੀਂ ਆਉਣਗੇ" , ਬਲਜੀਤ ਕੌਰ ਬਲੀ ਤੇ ਕਰਤਾ ਤੇ ਨਕਸ਼ ਮਿਟਦੇ ਗਏ' ਤੇ 'ਹਾਦਸੇ ਹਵਾਲੇ ਤੇ ਸਲੀਬਾਂ' ਬਲਵਿੰਦਰ ਕੌਰ ਬਰਾੜ ਕਰਤਾ 'ਜੱਗ ਵਿਚ ਸੀਰ', 'ਮਿੱਟੀ ਨਾ ਫਰੋਲ ਜੋਗੀਆਂ ਆਦਿ ਕਹਾਣੀ ਲੇਖਕਾਵਾਂ ਹਨ ਜਿਹੜੀਆਂ ਸਮਾਜਕ ਯਥਾਰਥਵਾਦੀ ਦ੍ਰਿਸ਼ਟੀ ਤੋਂ ਕਹਾਣੀ ਸਿਰਜਣਾ ਵਿਚ ਰੁੱਝੀਆਂ ਹੋਈਆਂ ਹਨ। ਇਹਨਾਂ ਲੇਖਕਾਵਾਂ ਦੀ (ਬਚਿੰਤ ਕੌਰ ਤੇ ਬਲਵਿੰਦਰ ਬਰਾੜ ਨੂੰ ਛੱਡ ਕੇ) ਇਹ ਵਿਲੱਖਣਤਾ ਹੈ ਕਿ ਇਹ ਹੋਰ ਇਸਤਰੀ ਲੇਖਕਾਵਾਂ ਵਾਂਗ ਔਰਤ ਨੂੰ ਬੇਲੋੜੀ ਤਰਸ ਦਾ ਪਾਤਰ ਨਹੀਂ ਬਣਾਉਂਦੀਆਂ। ਇਹਨਾਂ ਲੇਖਕਾਵਾਂ ਤੋਂ ਇਲਾਵਾ ਇਸ ਦੌਰ ਵਿਚ ਸਾਧੂ ਸਿੰਘ, ਸਾਧੂ, ਕਿਰਪਾਲ ਕਜ਼ਾਕ, ਪ੍ਰੇਮ ਗੋਰਖੀ, ਦਲਬੀਰ ਚੇਤਨ, ਜੋਗਿੰਦਰ ਸਿੰਘ ਕੈਰੋਂ, ਅਤਰ ਜੀਤ, ਕ੍ਰਿਸ਼ਨ ਕੁਮਾਰ ਰੱਤੂ, ਭੂਰਾ ਸਿੰਘ ਕਲੇਰ, ਬਲਦੇਵ ਸਿੰਘ, ਸਵਰਨ ਚੰਦਨ, ਗੁਰਪਾਲ ਲਿਟ, ਗੁਰਮੇਲ ਮਡਾਹੜ, ਨ, ਸ. ਰਤਨ, ਕਾਨ੍ਹ ਸਿੰਘ, ਮੁਖਤਾਰ ਗਿੱਲ, ਮੁਖ਼ਤਿਆਰ ਸਿੰਘ, ਪ੍ਰਗਟ ਸਿੰਘ ਸਿੱਧੂ ਆਦਿ ਪੰਜਾਬੀ ਕਹਾਣੀ ਵਿਚ ਸਥਾਪਤ ਹੋ ਚੁੱਕੇ ਮਹੱਤਵਪੂਰਨ ਨਾਂ ਹਨ। ਅਸੀਵਿਆਂ ਤੋਂ ਪਿੱਛੋਂ ਇੱਕ ਅਸਲੋਂ ਨਵਾਂ ਪੋਚ ਕਹਾਣੀ ਸਿਰਜਣ ਵਿਚ ਗੰਭੀਰਤਾ ਸਹਿਤ ਰੁੱਝਿਆ ਹੋਇਆ ਹੈ। ਇਹਨਾਂ ਵਿਚ ਮਹੱਤਵਪੂਰਨ ਨਾਮ ਡਾ. ਜਸਵਿੰਦਰ ਸਿੰਘ, ਡਾ. ਬਲਦੇਵ ਸਿੰਘ ਧਾਲੀਵਾਲ, ਜਿੰਦਰ, ਬਲਜਿੰਦਰ ਨਸਰਾਲੀ, ਸਰਵਮੀਤ ਤੇ ਬਲਵਿੰਦਰ ਆਦਿ ਹਨ। ਇਹ ਪੋਚ ਪੰਜਾਬੀ ਕਹਾਣੀ ਨੂੰ ਨਵੀਆਂ ਦਿਸ਼ਾਵਾਂ ਦੇਣ ਵੱਲ ਯਤਨਸ਼ੀਲ ਹੈ। ਪੰਜਾਬੀ ਕਹਾਣੀ ਨੂੰ ਇਹਨਾਂ ਤੋਂ ਬਹੁਤ ਆਸਾਂ ਹਨ।

**ਕੇਂਦਰੀ ਸ਼ਬਦ :**

ਨਿੱਕੀ ਕਹਾਣੀ ---- ਛੋਟੀ ਕਹਾਣੀ
ਜਿੰਨ ਨਾਲ ਸੰਬੰਧਤ ਕਹਾਣੀ ---- ਭੂਤ ਪ੍ਰੇਤਾਂ ਨਾਲ ਸੰਬੰਧਤ ਕਹਾਣੀ
ਅਤਿਕਥਨੀ --- ਵਧਾ ਚੜਾ ਕੇ ਪੇਸ਼ ਕਰਨਾ
ਯਥਾਰਥਵਾਦੀ ਕਹਾਣੀ ------ ਸੱਚ ਤੇ ਆਧਾਰਿਤ
ਮਨੁੱਖਤਾਵਾਦੀ--- ਮਾਨਵ ਰੂਪ
ਗੁਟਾਰ ---------- ਪੰਛੀ ਦਾ ਨਾਮ
ਸੁੰਤਤਰਤਾ------ ਆਜ਼ਾਦ

**ਸਵੈ-ਮੁਲਾਂਕਣ:**

1. ਗੁਰਮੁਖ ਸਿੰਘ ਮੁਸਾਫਰ ਜਨਮ ਕਦੋਂ ਹੋਇਆ ਹੈ?

    ੳ. 1899
    ਅ. 1799
    ੲ. 1999
    ਸ. 1699

2. ਗੁਰਮੁਖ ਸਿੰਘ ਮੁਸਾਫਰ ਦਾ ਕਹਾਣੀ ਸੰਗ੍ਰਹਿ ਹੈ?

    ੳ. ਕਿਰਮਚੀ ਲਕੀਰਾ

ਅ. ਫੁੱਲਾਂ ਦੀ ਵਾਸ਼ਨਾ

ੲ. "ਆਲਣੇ ਦੇ ਬੋਟ'

ਸ. ਨਿੰਮ ਦੇ ਪੱਤੇ

3. ਨਾਨਕ ਸਿੰਘ ਦਾ ਕਹਾਣੀ ਸੰਗ੍ਰਹਿ ਹੈ?

ੳ. ਮਿੱਧੇ ਹੋਏ ਫੁੱਲ

ਅ. ਕਲਾਨੌਰ

ੲ. ਨੀਂਦਰ ਹਰਾਮ

ਸ. ਛੜਾ

4. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਜਨਮ ਹੋਇਆ ਹੈ?

ੳ. 1845

ਅ. 1876

ੲ. 1895

ਸ. 1977

5. ਸੁਜਾਨ ਸਿੰਘ ਦਾ ਕਹਾਣੀ ਸੰਗ੍ਰਹਿ ਹੈ।

ੳ ਨਰਕਾਂ ਦੇ ਦੇਵਤੇ

ਅ ਨਵਾਂ ਜ਼ਮਾਨਾ

ੲ. ਬਾਗਾਂ ਦਾ ਰਾਖਾ

ਸ. ਮਿੱਧੇ ਫੁੱਲ

6. ਨਿੱਕੀ ਕਹਾਣੀ ਮੁੱਢ ਤੋਂ ਆਪਣੇ ਕਿਹੜੇ ਗੁਣਾਂ ਕਰਕੇ ਪਾਠਕ ਨੂੰ ਕੀਲ ਕੇ ਬੰਨ੍ਹ ਲੈਂਦੀ ਹੈ?

ੳ. ਨਾਟਕੀ ਗੁਣਾਂ

ਅ. ਕਲਾਤਮਿਕਤਾ

ੲ. ਵਾਰਤਾਲਾਪ

ਸ. ਕਹਾਣੀ

7. ਪ੍ਰੇਮ ਪ੍ਰਕਾਸ਼ ਰਚਿਤ ਬੱਚੇ ਦੀ ਸ਼ਰਾਰਤ ਕਹਾਣੀ ਵਿੱਚ ਬੱਚੇ ਨੇ ਅਧਿਆਪਕ ਨਾਲ ਕੀ ਸ਼ਰਾਰਤ ਕੀਤੀ ਸੀ?

ੳ. ਕੋਈ ਵੀ ਨਹੀਂ

ਅ. ਗਾਲਾਂ ਕੱਢਣ

ੲ. ਅੱਗੇ ਬੋਲਣ

ਸ. ਪ੍ਰੇਮ ਪੱਤਰ ਪਾਉਣ

8. ਕਹਾਣੀ ਦੀ ਚਾਲ ਕਿਹੋ ਜਿਹੀ ਹੋਣੀ ਚਾਹੀਦੀ ਹੈ?

ੳ. ਤੇਜ਼

ਅ. ਮੱਧਮ

ੲ. ਸੁਸਤ

ਸ. ਕੋਈ ਵੀ ਨਹੀਂ

9. ਕਹਾਣੀ ਵਿੱਚ ਕਿਹੋ ਜਿਹੇ ਵਿਸ਼ੇ ਨੂੰ ਲਿਆ ਜਾ ਸਕਦਾ ਹੈ?

ੳ. ਹਰ ਪ੍ਰਕਾਰ ਦੇ

ਅ. ਸਮਾਜਿਕ

ੲ. ਰੱਹਸਮਈ

ਸ. ਕੋਈ ਵੀ ਨਹੀਂ

10. ਕਿਹੜੇ ਲੇਖਕ ਦੀ ਕਹਾਣੀ 'ਕੁਲਫੀ ਵਿੱਚ ਬੱਚੇ ਦੀ ਕੁਲਫ਼ੀ ਪ੍ਰਾਪਤ ਕਰਨ ਦੀ ਕਿਰਿਆ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਹੈ?

ੳ. ਆਈ ਸੀ. ਨੰਦਾ

ਅ. ਅੰਮ੍ਰਿਤਾ ਪ੍ਰੀਤਮ

ੲ. ਸੁਜਾਨ ਸਿੰਘ

ਸ. ਗੁਰਬਚਨ ਸਿੰਘ ਭੁੱਲਰ

11. ਕਿਹੜੇ ਲੇਖਕ ਦੀਆਂ ਕਹਾਣੀਆਂ ਵਿੱਚ ਵਾਤਾਵਰਨ ਨੂੰ ਵਿਸ਼ੇਸ਼ ਸਫ਼ਲਤਾ ਨਾਲ ਚਿਤਰਿਆ ਗਿਆ ਹੈ?

ੳ. ਆਈ ਸੀ. ਨੰਦਾ

ਅ. ਵਰਿਆਮ ਸਿੰਘ ਸੰਧੂ

ੲ. ਦਲੀਪ ਕੌਰ ਟਿਵਾਣਾ

ਸ. ਅਜੀਤ ਕੌਰ

12. 'ਹੱਸਦੇ ਹੰਝੂ' ਕਹਾਣੀ ਸੰਗ੍ਰਹਿ ਕਦੋਂ ਆਇਆ?

ੳ. 1988

ਅ. 1989

ੲ. 1933

ਸ. 1934

13. ਇਨਾਂ ਵਿਚੋਂ ਦੂਜੇ ਪੜਾਅ ਦਾ ਯਥਾਰਥਵਾਦੀ ਕਹਾਣੀਕਾਰ ਹੈ?

ੳ. ਸੰਤ ਸਿੰਘ ਸੇਖੋਂ

ਅ. ਅਭੈ ਸਿੰਘ

ੲ. ਚਰਨ ਸਿੰਘ ਸ਼ਹੀਦ

ਸ. ਨਾਨਕ ਸਿੰਘ

14. ਰਾਮ ਸਰੂਪ ਅਣਖੀ ਦਾ ਕਹਾਣੀ ਸੰਗ੍ਰਹਿ ਹੈ?

ੳ. ਨਿੰਮ ਦੇ ਪੱਤੇ

ਅ. ਕੌਡੀਆਂ ਵਾਲਾ ਸੱਪ

ੲ. ਨਾਗਮਣੀ

ਸ. ਸੁੱਤਾ ਨਾਗ

15. 'ਕਸਾਈਬਾੜਾ' ਕਹਾਣੀ ਸੰਗ੍ਰਹਿ ਕਿਸ ਦਾ ਹੈ?

ੳ. ਅਜੀਤ ਕੌਰ

ਅ. ਅੰਮ੍ਰਿਤਾ ਪ੍ਰੀਤਮ

ੲ. ਪ੍ਰਭਜੋਤ ਕੌਰ

ਸ. ਦਲੀਪ ਕੌਰ ਟਿਵਾਣਾ

## ਅਭਿਆਸ ਪ੍ਰਸ਼ਨ

1. ਆਧੁਨਿਕ ਪੰਜਾਬੀ ਕਹਾਣੀ ਦੇ ਮੁੱਢਲੇ ਪੜਾਅ ਬਾਰੇ ਲਿਖੋ ?
2. ਪੰਜਾਬੀ ਕਹਾਣੀ ਦਾ ਅਰਥ ਅਤੇ ਪਰਿਭਾਸ਼ਾ ਵਿਸਤਾਰ ਸਾਹਿਤ ਚਰਚਾ ਕਰੋ।
3. ਭਾਈ ਮੋਹਨ ਸਿੰਘ ਵੈਦ ਕਿਹੜੀ ਪ੍ਰਵਿਰਤੀ ਅਧੀਨ ਕਹਾਣੀ ਰਚਦਾ ਹੈ ? ਚਰਚਾ ਕਰੋ।
4. ਆਧੁਨਿਕ ਪੰਜਾਬੀ ਕਹਾਣੀ ਦੇ ਇਤਿਹਾਸ ਬਾਰੇ ਵਿਸਥਾਰ ਸਹਿਤ ਲਿਖੋ।

## ਸੰਦਰਭ ਪੁਸਤਕਾਂ:

1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ (ਆਦਿ ਕਾਲ ਤੋਂ ਸਮਕਾਲ ਤੱਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ 2018.
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ. 2016.
4. ਡਾ. ਜਸਵਿੰਦਰ ਸਿੰਘ, ਡਾ ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ. 2018.

**ਮਹੱਤਵਪੂਰਨ ਲਿੰਕ**

https://pa.%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%95%E0%A8%B9%E0%A8%BE%E0%A8%A3%E0%A9%80_%E0%A8%A6%E0%A8%BE_%E0%A8%87%E0%A8%A4%E0%A8%BF%E0%A8%B9%E0%A8%BE%E0%A8%B8_(_%E0%A8%A1%E0%A8%BE._%E0%A8%AC%E0%A8%B2%E0%A8%A6%E0%A9%87%E0%A8%B5_%E0%A8%B8%E0%A8%BF%E0%A9%B0%E0%A8%98_%E0%A8%A7%E0%A8%BE%E0%A8%B2%E0%A9%80%E0%A8%B5%E0%A8%BE%E0%A8%B2,_2006)

## ਉੱਤਰਮਾਲਾ

| | | | | |
|---|---|---|---|---|
| 1. ੳ | 2. ੲ | 3. ੳ | 4. ੲ | 5. ੳ |
| 6. ਅ | 7. ਸ | 8. ੳ | 9. ੳ | 10. ੲ |
| 11. ਅ | 12. ੲ | 13. ੳ | 14. ਸ | 15. ਅ |

# ਅਧਿਆਇ - 8: ਪੰਜਾਬੀ ਨਾਵਲ ਦਾ ਵਿਕਾਸ ਪੜਾਅ: ਪ੍ਰਵਿਰਤੀਮੂਲਕ ਅਧਿਐਨ

*Kirandeep Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

**ਉਦੇਸ਼ :**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਨਾਵਲ ਦੀ ਪਰਿਭਾਸ਼ਾ ਬਾਰੇ ਜਾਣਨਗੇ।
2. ਨਾਵਲ ਦੇ ਵਿਕਾਸ ਪੜਾਅ ਬਾਰੇ ਜਾਣਨਗੇ ।
3. ਨਾਵਲ ਦੀਆਂ ਪ੍ਰਵਿਰਤੀਆਂ ਬਾਰੇ ਜਾਣਨਗੇ ।

**ਪ੍ਰਸਤਾਵਨਾ**

ਪੰਜਾਬੀ ਵਿਚ ਨਾਵਲ ਸ਼ਬਦ ਸਿਧਾ ਅੰਗਰੇਜ਼ੀ ਸ਼ਬਦ Novel ਤੋਂ ਆਇਆ ਹੈ ਅਰਨੈਸਟ ਏ ਬੇਕਰ ਨੇ ਨਾਵਲ ਦੀ ਪਰਿਭਾਸ਼ਾ ਦਿੰਦੇ ਹੋਏ ਉਸ ਨੂੰ ਗੱਦ ਬੱਧ ਕਥਾਨਕ ਦੇ ਮਾਧਿਅਮ ਦੁਆਰਾ ਜੀਵਨ ਅਤੇ ਸਮਾਜ ਦੀ ਵਿਆਖਿਆ ਦਾ ਸਰਬੋਤਮ ਸਾਧਨ ਦੱਸਿਆ ਹੈ। ਇੰਜ ਤਾਂ ਵਿਸ਼ਵ ਸਾਹਿਤ ਦਾ ਅਰੰਭ ਹੀ ਸ਼ਾਇਦ ਕਹਾਣੀਆਂ ਨਾਲ ਹੋਇਆ ਅਤੇ ਉਹ ਮਹਾਂਕਾਵਾਂ ਦੇ ਯੁੱਗ ਤੋਂ ਅੱਜ ਤੱਕ ਦੇ ਸਾਹਿਤ ਦੀ ਰੀੜ੍ਹ ਰਹੀਆਂ ਹਨ, ਫਿਰ ਵੀ ਨਾਵਲ ਨੂੰ ਆਧੁਨਿਕ ਯੁੱਗ ਦੀ ਦੇਣ ਕਹਿਣਾ ਵਧੇਰੇ ਢੁਕਵਾਂ ਹੋਵੇਗਾ। ਸਾਹਿਤ ਵਿਚ ਗੱਦ ਦਾ ਪ੍ਰਯੋਗ ਜੀਵਨ ਦੇ ਯਥਾਰਥ ਚਿਤਰਨ ਦਾ ਲਖਾਇਕ ਹੈ। ਸਾਧਾਰਨ ਬੋਲ-ਚਾਲ ਦੀ ਭਾਸ਼ਾ ਦੁਆਰਾ ਲੇਖਕ ਲਈ ਆਪਣੇ ਪਾਤਰਾਂ, ਉਹਨਾਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਜੀਵਨ ਦੀ ਵਿਆਪਕ ਪਿੱਠ-ਭੂਮੀ ਨਾਲ ਪ੍ਰਤੱਖ ਸੰਬੰਧ ਸਥਾਪਤ ਕਰਨਾ ਆਸਾਨ ਹੋ ਗਿਆ ਹੈ।

ਨਾਵਲ ਇਤਾਲਵੀ ਸ਼ਬਦ 'novella' ਤੋਂ ਨਿਕਲਿਆ ਹੈ ਤੇ ਇਤਾਲਵੀ ਜ਼ਬਾਨ ਵਿਚ ਇਸ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਨਾਵਲ ਇੱਕ ਪ੍ਰਕਾਰ ਦੀ ਕਥਾ,ਵਾਰਤਾ,ਗੱਲਬਾਤ ਜਾਂ ਬਿਆਨ ਹੈ ਜਿਸ ਵਿਚ ਕਿ ਜੀਵਨ ਵਿਚੋਂ ਪਾਤਰ ਲੈ ਕੇ ਉਹਨਾਂ ਦੇ ਕਰਮ ਬਾਰੇ ਸਮਾਜਕ ਦ੍ਰਿਸ਼ਟੀਕੋਣ ਤੋਂ ਟਿੱਪਣੀ ਕੀਤੀ ਜਾਵੇ ਇਤਾਲਵੀ ਜ਼ਬਾਨ ਵਿਚ ' Novella' ਦੀ ਸਾਰਿਆਂ ਤੋ ਚੰਗੀ ਮਿਸਾਲ ਡੀਕੈਮਰੋਂ ਜਿਸ ਦੇ ਲੇਖਕ Baccacio ਸੀ ਮੰਨੀ ਗਈ ਹੈ ਤੇ ਦੁਨੀਆ ਦੇ ਪ੍ਰਸਿੱਧ ਲਿਖਾਰੀਆਂ ਨੇ ਇਸ ਦੀ ਸਮਗਰੀ ਨੂੰ ਸਾਹਿਤ ਰਚਨਾ ਲਈ ਵਰਤਿਆ ਹੈ।1 ਡਾ ਅਹੂਜਾ ਦੇ ਸ਼ਬਦਾਂ ਵਿਚ "ਨਾਵਲ ਸਾਧਾਰਨ ਜੀਵਨ ਦਾ ਇੱਕ ਕਲਪਿਤ ਚਿੱਤਰ ਹੈ। ਹਰ ਸਾਹਿੱਤਿਕ ਰਚਨਾ ਵਾਂਗ ਨਾਵਲ ਦਾ ਵੀ ਕੋਈ ਨਾ ਕੋਈ ਵਿਸ਼ਾ ਜਾਂ ਸਮੱਸਿਆ ਹੁੰਦੀ ਹੈ ਜਿਸ ਦਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਾਡੇ ਜੀਵਨ ਨਾਲ ਸੰਬੰਧ ਹੁੰਦਾ ਹੈ।

ਦੂਜੀ ਰਾਏ ਇਹ ਹੈ ਕਿ ਪੰਜਾਬੀ ਨਾਵਲ ਮੱਧਕਾਲੀਨ ਬਿਰਤਾਂਤ ਰੂਪਾਂ ਭਾਵ ਕਿੱਸਾ ਕਾਵਿ, ਵਾਰ ਕਾਵਿ ਤੇ ਜੰਗਨਾਮਾ ਤੇ ਸਾਖੀਆਂ ਆਦਿ ਤੋਂ ਪੈਦਾ ਹੋਇਆ ਹੈ। ਇਹ ਗੱਲ ਤਾਂ ਸੱਚ ਹੈ ਕਿ ਪੰਜਾਬੀ ਨਾਵਲ ਵਰਗਾ ਕੋਈ ਸਾਹਿੱਤਿਕ ਰੂਪਾਕਾਰ ਮੱਧਕਾਲੀਨ ਸਾਹਿਤ ਵਿਚ ਪ੍ਰਾਪਤ ਨਹੀਂ ਸੀ, ਪਰ ਪੰਜਾਬੀ ਨਾਵਲ ਨੇ ਮੱਧਕਾਲੀਨ ਕਥਾ- ਸਾਹਿਤ ਤੋਂ ਆਪਣੀ ਬਣਤਰ ਵਿਚ ਬਹੁਤ ਸਾਰੇ ਅੰਸ਼ਾਂ ਨੂੰ ਸਮੋਇਆ ਹੈ। ਬਹੁਤ ਲੰਮੇ ਸਮੇਂ ਪੰਜਾਬੀ ਨਾਵਲ ਦੀਆਂ ਕਥਾਨਕ ਰੂੜੀਆਂ, ਪਾਤਰ ਸੰਕਲਪ ਤੇ ਸੰਬੋਧਨਾਤਮਕ ਤੇ ਉਪਦੇਸ਼ਆਤਮਕ ਸ਼ੈਲੀ ਮੱਧਕਾਲੀਨ ਬਿਰਤਾਂਤਕ ਸਾਹਿਤ ਵਿਧਾਵਾਂ ਦੇ ਪ੍ਰਭਾਵ ਅਧੀਨ ਹੀ ਵਿਚਰਦੀ ਹੈ। ਮੁੱਢਲਾ ਪੰਜਾਬੀ ਨਾਵਲ ਦਾ ਤਾਂ ਬਾਹਰੀ ਚੌਖਟਾ ਹੀ ਪੱਛਮੀ ਹੈ, ਪਰ ਪੰਜਾਬੀ ਨਾਵਲ ਦੀ ਆਂਤਰਿਕ ਬਣਤਰ ਦੇ ਅੰਸ਼ ਮੱਧਕਾਲੀਨ ਕਥਾ-ਸਾਹਿਤ ਵਾਲੇ ਹੀ ਹਨ। ਇਸ ਦੀ ਇਹ ਗੱਲ ਨਿਸ਼ਚਤ ਹੈ ਕਿ ਪੰਜਾਬੀ ਨਾਵਲ ਪੱਛਮੀ ਪ੍ਰਭਾਵ ਤੇ ਮੱਧਕਾਲੀਨ ਬਿਰਤਾਂਤ ਸਾਹਿਤ ਦੇ ਸਾਂਝੇ ਪ੍ਰਭਾਵ ਤੋਂ ਹੋਂਦ ਵਿਚ ਆਇਆ ਹੈ।

ਪੰਜਾਬੀ ਨਾਵਲ ਦੇ ਜਨਮ ਨਾਲ ਸਬੰਧਤ ਇਹ ਧਾਰਨਾ ਵੀ ਹੈ ਕਿ ਪੰਜਾਬੀ ਨਾਵਲ ਦੇ ਹੋਂਦ ਵਿਚ ਆਉਣ ਲਈ ਬਾਹਰੀ ਹਾਲਾਤ ਪੈਦਾ ਹੋ ਗਏ ਸਨ। ਭਾਵ ਪੰਜਾਬੀ ਪ੍ਰੈੱਸ ਦਾ ਹੋਂਦ ਵਿਚ ਆਉਣਾ ਤੇ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਨਾਲ ਪੰਜਾਬੀ ਸਭਿਅਤਾ ਤੇ ਸੰਸਕ੍ਰਿਤੀ ਦਾ ਅਗਲੇ ਪੜਾਅ ਵਿਚ ਦਾਖਲ ਹੋਣਾ ਆਦਿ । ਭਾਰਤ ਨੂੰ ਛੱਡ ਕੇ ਸੰਸਾਰ ਦੀਆਂ ਦੂਜੀਆਂ ਭਾਸ਼ਾਵਾਂ ਵਿਚ ਨਾਵਲ ਦੇ ਉਦਭਵ ਨੂੰ ਸਭਿਅਤਾ-ਸੰਸਕ੍ਰਿਤੀ ਦੇ ਪੂੰਜੀਵਾਦੀ ਯੁੱਗ ਨਾਲ ਜੋੜਿਆ ਜਾ ਸਕਦਾ ਹੈ, ਪਰ ਭਾਰਤੀ ਤੇ ਪੰਜਾਬੀ ਨਾਵਲ ਦਾ ਉਦਭਵ ਇੱਥੋਂ ਦੀਆਂ ਇਤਿਹਾਸਕ ਤੇ ਰਾਜਨੀਤਕ ਸਥਿਤੀਆਂ ਦੀ ਉਪਜ ਹੈ। ਬਰਤਾਨਵੀ ਸਾਮਰਾਜ ਨੇ ਈਸਾਈ ਮੱਤ ਦੇ ਪ੍ਰਚਾਰ ਲਈ ਗਲਪ ਤੇ ਵਿਸ਼ੇਸ਼ ਕਰਕੇ ਨਾਵਲ ਨੂੰ ਸਾਧਨ ਬਣਾਇਆ। ਈਸਾਈ ਮੱਤ ਦੇ ਪ੍ਰਚਾਰ ਦੇ ਵਿਰੋਧ ਵਿਚੋਂ ਤੇ ਭਾਰਤੀ ਧਰਮਾਂ ਤੇ ਸਭਿਅਤਾ ਦੀ ਪਵਿੱਤਰਤਾ ਤੇ ਮਹਾਨਤਾ ਸਥਾਪਤੀ ਦੇ ਮਨੋਰਥ ਅਧੀਨ ਪੰਜਾਬੀ ਨਾਵਲ ਵਿਚ ਮੌਲਿਕ ਰਚਨਾਵਾਂ ਦੀ ਸਿਰਜਣਾ ਆਰੰਭ ਹੋਈ ।

ਪੰਜਾਬੀ ਨਾਵਲ ਦਾ ਪਹਿਲਾ ਦੌਰ : ਪੰਜਾਬੀ ਭਾਸ਼ਾ ਵਿਚ ਛਪਿਆ ਸਭ ਤੋਂ ਪਹਿਲਾ ਨਾਵਲ 'ਯਸੂਈ ਮੁਸਾਫ਼ਰ ਦੀ ਯਾਤਰਾ" ਹੈ। ਇਹ ਨਾਵਲ ਜਾਨ ਬਨੀਅਨ ਦਾ ਸੰਸਾਰ-ਪ੍ਰਸਿੱਧ ਨਾਵਲ ਹੈ ਜੋ ਸਤਾਰ੍ਹਵੀਂ ਸਦੀ ਵਿਚ "ਪਿਲਗਿਮਜ਼ ਪ੍ਰੋਗ੍ਰੈਸ" ਸਿਰਲੇਖ ਅਧੀਨ ਪੰਜਾਬੀ ਵਿਚ ਪਹਿਲੀ ਵਾਰ 1859 ਈ. ਵਿਚ ਛਪਿਆ । ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਦੁਬਾਰਾ ਇਸ ਨਾਵਲ ਨੂੰ 1969 ਵਿਚ ਛਾਪਿਆ ਹੈ। ਦੂਜਾ ਨਾਵਲ "ਜਯੋਤਿਰੁਦਯ" ਹੈ ਜੋ 1882 ਈ. ਵਿਚ ਛਪਿਆ । "ਜਯੋਤਿਰੁਦਯ" ਦਾ ਅਰਥ "ਜੋਤ ਦਾ ਉਦੇ ਹੋਣਾ ਹੈ। ਇਹ ਦੋਵੇਂ ਨਾਵਲ ਇਸਾਈ ਮਿਸ਼ਨਰੀਆਂ ਵੱਲੋਂ ਲੁਧਿਆਣੇ ਦੇ ਮਿਸ਼ਨ ਪ੍ਰੈੱਸ ਵੱਲੋਂ ਛਾਪੇ ਗਏ । "ਜਯੋਤਿਰੁਦਯ" ਪਾਦਰੀ ਵੇਰੀ ਸਾਹਿਬ ਤੇ ਪਿਲਗ੍ਰਿਮਜ਼ ਪ੍ਰੋਗ੍ਰੈਸ ਪਾਦਰੀ ਰੁਡਾਲਟ ਸਾਹਿਬ ਦੇ ਯਤਨਾਂ ਨਾਲ ਛਾਪੇ ਗਏ । ਪਹਿਲੇ ਅਨੁਵਾਦਿਤ ਨਾਵਲ "ਪਿਲਗ੍ਰਿਮਜ਼ ਪ੍ਰੋਗ੍ਰੈਸ" ਭਾਵ "ਯਿਸੂਈ ਮੁਸਾਫ਼ਰ ਦੀ ਯਾਤਰਾ" ਚ ਈਸਾਈ ਮੱਤ ਦੇ ਧਾਰਮਿਕ ਨਿਸ਼ਚਿਆਂ ਨੂੰ ਦ੍ਰਿੜ੍ਹਾਇਆ ਗਿਆ ਨਾਵਲ ਵਿਚ ਪਾਦਰੀ, ਬਾਈਬਲ ਅਤੇ ਈਸਾ ਮਸੀਹ ਨੂੰ ਕੇਂਦਰੀ ਅਹਿਮੀਅਤ ਦਿੱਤੀ ਗਈ ਹੈ। ਨਾਵਲ ਵਿਚ ਜਿਹਨਾਂ ਨੈਤਿਕ ਗੁਣਾਂ ਤੋਂ ਧਾਰਮਿਕ ਸਿਧਾਂਤਾਂ ਨੂੰ ਪੇਸ਼ ਕੀਤਾ ਗਿਆ ਹੈ ਉਹ ਗੁਰਬਾਣੀ ਵਿਚ ਪੇਸ਼ ਸਿਧਾਂਤਾਂ ਨਾਲ ਮੇਲ ਖਾਂਦੇ ਹਨ। ਨਾਵਲ ਦਾ ਮੁਹਾਵਰਾ ਵੀ ਗੁਰਬਾਣੀ ਵਾਲੀ ਭਾਸ਼ਾ ਦਾ ਹੈ। ਪੰਜਾਬੀ ਕਾਵਿ ਰੂਪ ਦੋਹਰੇ ਦੀ ਵੀ ਵਰਤੋਂ ਕੀਤੀ ਗਈ ਹੈ ਜੋ ਅਨੁਵਾਦਕ ਨੇ ਆਪਣੇ ਵੱਲੋਂ ਸ਼ਾਮਲ ਕੀਤੇ ਹਨ। ਨਾਵਲ ਦੇ ਅੰਤ ਵਿਚ ਹਿੰਦੂ ਧਰਮ ਤੇ ਇਸਲਾਮ ਧਰਮ ਦੀ ਨਿੰਦਿਆ ਕੀਤੀ ਗਈ ਪਰ ਸਿੱਖ ਧਰਮ ਦੀ ਨਹੀਂ। ਇਸ ਨਾਵਲ ਦਾ ਮਨੋਰਥ ਜਾਪਦਾ ਹੈ ਕਿ ਗੁਰਬਾਣੀ ਦੇ ਮੁਹਾਵਰੇ ਵਿਚ ਈਸਾਈ ਧਰਮ ਦਾ ਪ੍ਰਚਾਰ ਕੀਤਾ ਜਾਵੇ. ਅਤੇ ਨਾਲ ਹੀ ਪੰਜਾਬ ਦੇ ਸਿੱਖਾਂ ਨਾਲ ਭਾਈਵਾਲੀ ਪਾਈ ਜਾਵੇ ਜੋ ਉਸ ਸਮੇਂ ਦੇ ਅੰਗਰੇਜ਼ ਸ਼ਾਸਕਾਂ ਦੀ ਰਾਜਨੀਤਕ ਨੀਤੀ ਸੀ। ਇਸ ਪ੍ਰਕਾਰ ਹੀ "ਜਯੋਤਿਰੁਦਯ" ਨਾਵਲ ਵਿਚ ਬੰਗਾਲੀ ਜੀਵਨ ਨੂੰ ਪੇਸ਼ ਕੀਤਾ ਗਿਆ ਹੈ। ਡਾ. ਜੋਗਿੰਦਰ ਸਿੰਘ ਰਾਹੀਂ ਨੂੰ ਇੰਜ ਜਾਪਦਾ ਹੈ ਨਾਵਲ ਸ਼ਾਇਦ ਬੰਗਾਲੀ ਭਾਸ਼ਾ ਵਿਚ ਲਿਖੇ ਬੰਗਾਲੀ ਨਾਵਲ ਦਾ ਪੰਜਾਬੀ ਰੂਪਾਂਤਰਨ ਹੈ। ਇਹ ਨਾਵਲ ਵੀ ਈਸਾਈ ਮੱਤ ਦਾ ਪ੍ਰਚਾਰ ਕਰਦਾ ਹੈ, ਈਸਾਈ ਮੱਤ ਤੇ ਪੱਛਮੀ ਜੀਵਨ ਨੂੰ ਭਾਰਤੀ ਜੀਵਨ ਤੇ ਸੰਸਕ੍ਰਿਤੀ ਤੋਂ ਵਧੀਆ ਦਰਸਾਉਂਦਾ ਹੈ। ਨਾਵਲ ਬੰਗਾਲੀ ਜੀਵਨ ਦੇ ਪਛੜੇ ਪਣ ਤੇ ਈਸਾਈ ਮੱਤ ਰਾਹੀਂ ਭਾਰਤੀ ਜੀਵਨ ਦੇ ਪਛੜੇ ਪਣ ਦੀ ਗੁਲਾਮੀ ਦੂਰ ਕਰਕੇ ਨਵੀਂ ਰੌਸ਼ਨੀ ਦਾ ਪ੍ਰਚਾਰ ਕਰਦਾ ਹੈ। ਇਹ ਨਾਵਲ ਈਸਾਈ ਮੱਤ ਦਾ ਪ੍ਰਚਾਰ ਯਥਾਰਥਵਾਦੀ ਗਲਪ-ਸ਼ੈਲੀ ਰਾਹੀਂ ਕਰਦਾ ਹੈ ਤੇ ਪੰਜਾਬੀ ਦੇ ਮੁੱਢਲੇ ਨਾਵਲ ਦੇ ਮੁਕਾਬਲੇ ਵਿਧਾ ਗਤ ਦ੍ਰਿਸ਼ਟੀ ਤੋਂ ਕਾਫ਼ੀ ਪ੍ਰੋਢ ਰਚਨਾ ਜਾਪਦੀ ਹੈ। ਇਹਨਾਂ ਦੋਵਾਂ ਨਾਵਲਾਂ ਦੀ ਸਿਰਜਣਾ ਦਾ ਮਨੋਰਥ ਈਸਾਈ ਮੱਤ ਦਾ ਪ੍ਰਚਾਰ ਤੇ ਅੰਗਰੇਜ਼ੀ ਰਾਜ ਤੇ ਜੀਵਨ-ਪੱਧਤੀ ਨੂੰ ਭਾਰਤੀ ਜੀਵਨ ਪੱਧਤੀ ਨਾਲੋਂ ਵਧੀਆ ਤੇ ਮਨੁੱਖ ਪੱਖੀ ਦਰਸਾਉਣਾ ਹੈ। ਇੰਜ ਜਾਪਦਾ ਹੈ ਕਿ ਇਹਨਾਂ ਅਨੁਵਾਦ ਹੋਏ ਨਾਵਲਾਂ ਦੇ ਪ੍ਰਭਾਵ ਅਧੀਨ ਪੰਜਾਬੀ ਵਿਚ ਨਾਵਲ ਰਚਨਾ ਹੋਈ ਹੋਵੇ, ਪਰ ਕੋਈ ਅਜਿਹੀ ਰਚਨਾ ਪ੍ਰਾਪਤ ਨਹੀਂ ਹੈ। ਡਾ. ਮਨਮੋਹਨ ਕੇਸਰ ਅਨੁਸਾਰ ਅਜਿਹੀ ਇੱਕ ਰਚਨਾ ਡਾ, ਚਰਨ ਸਿੰਘ ਦੀ ਮਿਲਦੀ ਹੈ ਜੋ "ਜੰਗ ਮਤ੍ਰੋਲੀ" ਸਿਰਲੇਖ ਅਧੀਨ

ਛਪੀ ਸੀ। ਉਹਨਾਂ ਅਨੁਸਾਰ ਇਹ ਨਾਵਲ ਕਾਲਪਨਿਕ ਤੇ ਪ੍ਰਭਾਵ ਪੱਖੋਂ ਸੁਧਾਰਵਾਦੀ ਭਾਂਤ ਦਾ ਹੈ। ਅਸਲੀਅਤ ਵਿਚ ਮੌਲਿਕ ਪੰਜਾਬੀ ਨਾਵਲ ਦਾ ਆਰੰਭ ਭਾਈ ਵੀਰ ਸਿੰਘ ਦੇ ਨਾਵਲਾਂ ਰਾਹੀਂ ਹੁੰਦਾ ਹੈ। ਭਾਈ ਵੀਰ ਸਿੰਘ ਦੇ ਪੰਜਾਬੀ ਵਿਚ ਚਾਰ ਨਾਵਲ ਸੁੰਦਰੀ (1897), ਸਤਵੰਤ ਕੌਰ (1899) ਬਿਜੈ ਸਿੰਘ (1899) ਤੇ ਬਾਬਾ ਨੌਧ ਸਿੰਘ (1917) ਪ੍ਰਕਾਸ਼ਿਤ ਹੋਏ ਹਨ। ਇਸ ਦੌਰ ਦੇ ਕੁੱਝ ਹੋਰ ਨਾਵਲਕਾਰ ਭਾਵ ਭਾਈ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ ਤੇ ਅਮਰ ਸਿੰਘ ਆਦਿ ਭਾਈ ਵੀਰ ਸਿੰਘ ਦੇ ਪ੍ਰਭਾਵ ਅਧੀਨ ਹੀ ਨਾਵਲ ਸਿਰਜਣਾ ਕਰਦੇ ਹਨ ।

**ਭਾਈ ਵੀਰ ਸਿੰਘ (1872-1957)**

ਭਾਈ ਵੀਰ ਸਿੰਘ ਦੇ ਨਾਵਲ ਸਿਰਜਣ ਦਾ ਮਨੋਰਥ ਇਸ ਗੱਲ ਵਿਚ ਹੈ ਕਿ ਉਹ ਈਸਾਈ ਧਰਮ ਤੇ ਪੱਛਮੀ ਸਭਿਆਚਾਰ ਦੇ ਮੁਕਾਬਲੇ ਸਿੱਖ ਧਰਮ ਤੇ ਦੇਸੀ ਸਭਿਆਚਾਰ ਦੀ ਵਡੱਤਣ ਸਥਾਪਤ ਕਰਨ ਦਾ ਯਤਨ ਕਰਦਾ ਹੈ। ਇਹੋ ਕਾਰਨ ਹੈ ਕਿ ਭਾਈ ਵੀਰ ਸਿੰਘ ਸਿੱਖ ਇਤਿਹਾਸ ਦੇ ਅਠਾਰ੍ਹਵੀਂ ਸਦੀ ਦੇ ਗੌਰਵਮਈ ਤੇ ਸੰਘਰਸ਼ਸ਼ੀਲ ਇਤਿਹਾਸ ਨੂੰ ਆਪਣੇ ਨਾਵਲਾਂ ਵਿਚ ਪੁਨਰ-ਸੁਰਜੀਤ ਕਰਦਾ ਹੈ। ਭਾਈ ਵੀਰ ਸਿੰਘ ਦੇ ਪਹਿਲੇ ਮੌਲਿਕ ਨਾਵਲ "ਸੁੰਦਰੀ ਵਿਚ ਸੁੰਦਰੀ ਨੂੰ ਇੱਕ ਆਦਰਸ਼ਕ ਸਿੱਖ ਔਰਤ ਦੇ ਰੂਪ ਵਿਚ ਪੇਸ਼ ਕੀਤਾ ਗਿਆ ਜੋ ਮੁਗ਼ਲਾਂ ਦੇ ਕਬਜ਼ੇ ਵਿਚ ਰਹਿਣ ਦੇ ਬਾਵਜੂਦ ਵੀ ਆਪਣਾ ਸਿਦਕ ਨਹੀਂ ਹਾਰਦੀ । ਸਿੱਖ ਜਥੇ ਦੀ ਸ਼ਕਤੀ ਨੂੰ ਪੇਸ਼ ਕੀਤਾ ਗਿਆ ਹੈ ਜੋ ਸੁੰਦਰੀ ਨੂੰ ਮੁਗ਼ਲਾਂ ਦੀ ਕੈਦ ਵਿਚੋਂ ਸੁਤੰਤਰ ਕਰਵਾਉਂਦਾ ਹੈ। 'ਸਤਵੰਤ ਕੌਰ' ਨਾਵਲ ਵਿਚ ਸਿੱਖ ਆਸ਼ਿਆਂ ਦੀ ਗੱਲ ਕੀਤੀ ਗਈ ਹੈ। ਸਿੱਖ ਫ਼ਲਸਫ਼ੇ ਦੀ ਇਸ ਨਾਵਲ ਵਿਚ ਵਿਆਖਿਆ ਕਰਨ ਦਾ ਯਤਨ ਕੀਤਾ ਗਿਆ ਹੈ। ਨਾਵਲ ਬਿਜੈ ਸਿੰਘ ਵਿਚ ਵੀ ਇੱਕ ਆਦਰਸ਼ਕ ਸਿੱਖ ਦੇ ਗੁਣਾਂ ਨੂੰ ਪੇਸ਼ ਕੀਤਾ ਗਿਆ ਹੈ। ਬਾਬਾ ਨੋਧ ਸਿੰਘ' ਵਿਚ ਲੇਖਕ ਨੇ ਪੰਜਾਬੀ ਸਭਿਆਚਾਰ ਤੇ ਜੀਵਨ ਮੁੱਲਾਂ ਨੂੰ ਪੱਛਮੀ ਮੁੱਲਾਂ ਦੇ ਮੁਕਾਬਲੇ ਵਡਿਆਇਆ ਹੈ। ਸਮੁੱਚੇ ਰੂਪ ਵਿਚ ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਵਿਚ ਪੱਛਮੀ ਪਹਿਰਾਵੇ ਦੇ ਮੁਕਾਬਲੇ ਤੇ ਦੇਸੀ ਪਹਿਰਾਵਾ, ਪੱਛਮੀ ਜੀਵਨ ਢੰਗ ਦੀ ਥਾਂ ਪੂਰਬੀ ਜੀਵਨ ਢੰਗ, ਪੱਛਮੀ ਵਿੱਦਿਆ ਤੇ ਡਾਕਟਰੀ ਦੀ ਥਾਂ ਦੇਸੀ ਚਕਿਤਸਾ, ਅੰਗਰੇਜ਼ੀ ਭਾਸ਼ਾ ਦੀ ਥਾਂ ਪੰਜਾਬੀ ਬੋਲੀ, ਈਸਾ ਤੇ ਅੰਜੀਲ ਦੀ ਥਾਂ ਗੁਰੂ ਤੇ ਗੁਰੂ ਦੀ ਮਿਹਰ ਉੱਤੇ ਬਲ ਦਿੱਤਾ ਹੈ। ਭਾਈ ਵੀਰ ਸਿੰਘ ਪੰਜਾਬੀ ਦਾ ਪਹਿਲਾ ਮੌਲਿਕ ਨਾਵਲਕਾਰ ਹੈ। ਇਸ ਲਈ ਸੁਭਾਵਕ ਹੀ ਵਿਧਾ ਗਤ ਦ੍ਰਿਸ਼ਟੀ ਤੋਂ ਇਹਨਾਂ ਨਾਵਲਾਂ ਵਿਚ ਮੁੱਢਲੇ ਨਾਵਲ ਵਾਲੀਆਂ ਊਣਤਾਈਆਂ ਹਨ।

**ਭਾਈ ਮੋਹਨ ਸਿੰਘ ਵੈਦ (1881-1936)**

ਮੁੱਢਲੇ ਦੌਰ ਦਾ ਦੂਜਾ ਮਹੱਤਵਪੂਰਨ ਨਾਵਲਕਾਰ ਭਾਈ ਮੋਹਨ ਸਿੰਘ ਵੈਦ ਹੈ । ਉਹਨਾਂ ਨੇ ਬਹੁਤ ਸਾਰੀਆਂ ਭਾਸ਼ਾਵਾਂ ਤੋਂ ਇਲਾਵਾ ਪੰਜਾਬੀ ਨਾਵਲ ਵਿਚ "ਸੁਸ਼ੀਲ ਨੂੰਹ. 'ਸੁਭਾਗ ਕੌਰ', 'ਸੁਖੀ ਪਰਵਾਰ`, ਸੁਖਦੇਵ ਕੌਰ', 'ਸੁਘੜ ਨੂੰਹ ਤੇ ਲੜਾਕੀ ਸੱਸ" , "ਪਛਤਾਵਾ", 'ਇੱਕ ਸਿੱਖ ਘਰਾਨਾ', 'ਕਮਾਈ ਦੀ ਬਰਕਤ', 'ਕਪਟੀ ਮਿੱਤਰ', 'ਸੁਸ਼ੀਲ ਵਿਧਵਾ", 'ਦੰਪਤੀ ਪਿਆਰ` ਆਦਿ ਰਚਨਾਵਾਂ ਦੀ ਸਿਰਜਣਾ ਕੀਤੀ। ਭਾਈ ਮੋਹਨ ਸਿੰਘ ਵੈਦ ਉੱਤੇ ਭਾਵੇਂ ਭਾਈ ਵੀਰ ਸਿੰਘ ਦਾ ਡੂੰਘਾ ਪ੍ਰਭਾਵ ਹੈ, ਪਰ ਵੈਦ ਦੇ ਨਾਵਲ ਸਿੱਖ ਧਰਮ ਦੀਆਂ ਸਮੱਸਿਆਵਾਂ ਦੀ ਥਾਂ ਸਿੱਖ ਸਮਾਜ ਉੱਤੇ ਕੇਂਦਰਿਤ ਹਨ। ਭਾਈ ਵੀਰ ਸਿੰਘ ਜਿੱਥੇ ਸਿੱਖ ਧਰਮ ਦੇ ਸੁਧਾਰ ਚਾਹੁੰਦਾ ਹੈ, ਉੱਥੇ ਵੈਦ ਸਿੱਖ ਸਮਾਜ ਵਿਚ ਸੁਧਾਰ ਦਾ ਇੱਛਕ ਹੈ। ਵੈਦ ਦੇ ਹੱਥਾਂ ਵਿਚ ਪੰਜਾਬੀ ਨਾਵਲ ਧਰਮ ਖੇਤਰ ਤੋਂ ਸਿੱਖ ਸਮਾਜ ਰਾਹੀਂ ਸਮਾਜਕ ਸਮੱਸਿਆਵਾਂ ਵਿਚ ਦਾਖ਼ਲ ਹੁੰਦਾ ਹੈ। ਪਾਤਰ ਸੰਕਲਪ ਵਿਚ ਥੋੜ੍ਹੀ ਤਬਦੀਲੀ ਵਾਪਰਦੀ ਹੈ ਕਿਉਂਕਿ ਵੈਦ ਦੇ ਪਾਤਰ ਸਾਧਾਰਨ ਸਿੱਖ ਅਤੇ ਸਮਾਜਕ ਕਮਜ਼ੋਰੀਆਂ ਵਾਲੇ ਪਾਤਰ ਹਨ। ਇਹ ਨਾਵਲ ਕਥਾਨਕ ਪੱਖੋਂ ਰੁਮਾਂਸ ਕਥਾ ਵਾਲੇ ਤੇ ਸ਼ੈਲੀ ਪੱਖੋਂ ਉਪਦੇਸ਼ਾਤਮਿਕ ਹਨ ।

**ਚਰਨ ਸਿੰਘ ਸ਼ਹੀਦ (1881-1935).**

ਇਸ ਦੌਰ ਦੇ ਹੀ ਇੱਕ ਹੋਰ ਮਹੱਤਵਪੂਰਨ ਨਾਵਲਕਾਰ ਚਰਨ ਸਿੰਘ ਸ਼ਹੀਦ ਜਿਹਨਾਂ ਨੇ 'ਦਲੇਰ ਕੌਰ', 'ਰਣਜੀਤ ਕੌਰ" , "ਗਿਸਤ ਦੀ ਬੇੜੀ", "ਦੋ ਵਹੁਟੀਆਂ ਆਦਿ ਨਾਵਲਾਂ ਦੀ ਸਿਰਜਣਾ ਕੀਤੀ। ਚਰਨ ਸਿੰਘ ਸ਼ਹੀਦ ਦੀ ਨਾਵਲ ਸਿਰਜਣਾ ਭਾਈ ਵੀਰ ਤੇ ਵੈਦ ਦੇ ਨਾਵਲ ਦੇ ਭਾਂਤ ਦੀ ਹੈ। ਇਹਨਾਂ ਦੀ ਦ੍ਰਿਸ਼ਟੀ ਵੀ ਧਾਰਮਿਕ-ਸਮਾਜਕ ਸੁਧਾਰਵਾਦ ਹੀ ਹੈ। ਅਮਰ ਸਿੰਘ ਛਾਪੇ ਵਾਲਾ (ਮਾਲਕ ਮਾਡਲ ਪ੍ਰੈੱਸ ਲਾਹੌਰ) ਇਸ ਸਮੇਂ ਦਾ ਇੱਕ ਹੋਰ ਨਾਵਲਕਾਰ ਹੈ ਜਿਸ ਨੇ ਪਹਿਲਾ ਨਾਵਲ "ਘਰ ਦਾ ਨਿਰਬਾਹ ਸਮਾਜਕ ਸੁਧਾਰ ਬਾਰੇ ਲਿਖਿਆ ਤੇ ਦੂਜਾ ਨਾਵਲ 'ਸੁਚੱਜੀ ਧੀ ਘਰੋਗੀ ਜੀਵਨ ਬਾਰੇ ਹੈ । ਆਪ ਨੇ ਕਈ ਅੰਗਰੇਜ਼ੀ ਨਾਵਲਾਂ ਦੇ ਪੰਜਾਬੀ ਅਨੁਵਾਦ ਵੀ ਕੀਤੇ। ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਵੀ ਪ੍ਰੇਮ ਲਗਨ

ਤੇ "ਬਾਬਾ ਤੇਗ਼ਾ ਸਿੰਘ' ਦੋ ਨਾਵਲਾਂ ਦਾ ਰਚੇਤਾ ਹੈ। ਪ੍ਰੇਮ ਲਗਨ ਵਿਚ ਅਕਾਲੀ ਲਹਿਰ ਦੇ ਪਿਛੋਕੜ ਵਿਚ ਪੇਂਡੂ ਪੰਜਾਬ ਦੇ ਸਮਾਜਕ ਜੀਵਨ ਨੂੰ ਪੇਸ਼ ਕੀਤਾ ਗਿਆ ਹੈ। ਦੂਜੇ ਨਾਵਲ "ਬਾਬਾ ਤੇਗ਼ਾ ਸਿੰਘ' ਵਿਚ ਅੰਗਰੇਜ਼ਾਂ ਦੀ ਹਾਰ ਉਪਰੰਤ ਪੰਜਾਬ ਦੀ ਹਾਲਤ ਸਿਰਜੀ ਗਈ ਹੈ ਪਰ ਇਸ ਨਾਵਲ ਦੀ ਕਥਾ ਵਿਚ ਰੁਮਾਂਟਿਕ ਤੇ ਜਾਸੂਸੀ ਤੱਤਾਂ ਦੀ ਪ੍ਰਧਾਨਤਾ ਹੈ।ਇਸ ਪ੍ਰਕਾਰ ਹਰਬਖ਼ਸ਼ ਸਿੰਘ ਦਾ ਨਾਵਲ 'ਸ਼ਕੁੰਤਲਾ ਹੈ ਜਿਸ ਵਿਚ ਆਜ਼ਾਦੀ ਦੇ ਸੰਘਰਸ਼ ਨੂੰ ਬਿਆਨ ਕੀਤਾ ਗਿਆ ਹੈ। ਇਸੇ ਸਮੇਂ ਵਿਚ ਨਾਟਕਕਾਰ ਈਸ਼ਵਰ ਚੰਦਰ ਨੰਦਾ ਨੇ ਮੁਰਾਦਾਂ ਤੇ "ਤੇਜ਼ ਕੌਰ , ਜੋਸ਼ੂਆ

ਫ਼ਜ਼ਲਦੀਨ ਤੇ ਪ੍ਰਭਾ", ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਅਣ-ਵਿਆਹੀ ਮਾਂ ਆਦਿ ਤੇ ਹੋਰ ਕਈ ਨਾਵਲਕਾਰਾਂ ਨੇ ਨਾਵਲੀ ਰਚਨਾਵਾਂ ਦੀ ਸਿਰਜਣਾ ਕੀਤੀ । ਇਸ ਦੌਰ ਦੇ ਨਾਵਲ ਦੀ ਵਿਸ਼ੇਸ਼ਤਾ ਇਹ ਹੈ ਕਿ ਨਾਵਲ ਧਾਰਮਿਕ ਸੁਧਾਰਵਾਦ ਦੇ ਖੇਤਰ ਤੋਂ ਸਮਾਜਕ ਸੁਧਾਰਵਾਦ ਦੇ ਖੇਤਰ ਵਿਚ ਪ੍ਰਵੇਸ਼ ਕਰ ਰਿਹਾ ਸੀ, ਪਰ ਵਿਧਾਗਤ ਦ੍ਰਿਸ਼ਟੀ ਤੋਂ ਨਾਵਲ ਅਜੇ ਮੁੱਢਲੇ ਰੂਪ ਵਿਚ ਹੀ ਸੀ।

ਦੂਜੇ ਦੌਰ ਦਾ ਨਾਵਲ : 1935 ਤੋਂ 1965 ਤਕ ਦੇ ਪੰਜਾਬੀ ਨਾਵਲ ਦੀ ਮੁੱਖ ਧਾਰਾ ਪ੍ਰਗਤੀਵਾਦੀ ਹੈ। ਪ੍ਰਗਤੀਵਾਦੀ ਸਾਹਿਤ ਧਾਰਾ ਅਧੀਨ ਸਾਹਿਤ ਰਚਨਾ ਲਈ ਵਿਸ਼ਵ ਤੇ ਭਾਰਤੀ ਪੱਧਰ ਉੱਤੇ ਸਾਹਿਤ ਰਚਨਾ ਲਈ ਕੁੱਝ ਮੁੱਦੇ ਨਿਸ਼ਚਤ ਕੀਤੇ ਗਏ, ਜਿਵੇਂ ਕਿ ਫਾਸ਼ੀਵਾਦ ਤੇ ਨਾਜ਼ੀਵਾਦ ਦਾ ਵਿਰੋਧ, ਬਰਤਾਨਵੀ ਸਾਮਰਾਜ ਦਾ ਵਿਰੋਧ, ਸਾਮੰਤਵਾਦ ਦਾ ਵਿਰੋਧ, ਕੌਮੀ ਸਰਮਾਏ ਦਾਰੀ ਦਾ ਵਿਰੋਧ, ਜਾਤ-ਪਾਤ, ਛੂਤ-ਛਾਤ ਤੇ ਇਸਤਰੀ ਜਾਤੀ ਦੇ ਦਮਨ ਦਾ ਵਿਰੋਧ, ਹਮਣਵਾਦ ਤੇ ਸਮਾਜਕ ਪਰੰਪਰਾਵਾਦ ਦਾ ਵਿਰੋਧ, ਕਿਸਾਨ-ਮਜ਼ਦੂਰ ਸ਼੍ਰੇਣੀ ਦਾ ਸਮਰਥਨ ਅਤੇ ਉਸ ਦੇ ਕਲਿਆਣ ਦਾ ਲਕਸ਼ । ਇਸ ਦੌਰ ਦੇ ਸਮੁੱਚੇ ਪੰਜਾਬੀ ਸਾਹਿਤ ਤੇ ਪੰਜਾਬੀ ਨਾਵਲ ਵਿਚ ਇਹਨਾਂ ਸਮੱਸਿਆਵਾਂ ਦੀ ਪ੍ਰਮੁੱਖਤਾ ਨਿਰਵਿਵਾਦ ਹੈ।

ਨਾਨਕ ਸਿੰਘ (1897–1971).

ਨਾਨਕ ਸਿੰਘ ਦੇ "ਗ਼ਰੀਬ ਦੀ ਦੁਨੀਆ , ਪਿਆਰ ਦੀ ਦੁਨੀਆ" , "ਇੱਕ ਮਿਆਨ ਦੋ ਤਲਵਾਰਾਂ", "ਆਦਮ ਖੋਰ, "ਪੁਜਾਰੀ ਆਦਿ ਕਈ ਨਾਵਲਾਂ ਵਿਚ ਇਹ ਸੁਰ ਵੇਖੀ ਜਾ ਸਕਦੀ ਹੈ। ਨਾਨਕ ਸਿੰਘ ਭਾਵੇਂ ਪ੍ਰਗਤੀਵਾਦ ਦੀ ਯੋਜਨਾਬੱਧ ਲਹਿਰ ਤੋਂ ਪਹਿਲਾਂ ਹੀ ਨਾਵਲ ਰਚਨਾ ਵਿਚ ਰੁੱਝਿਆ ਹੋਇਆ ਸੀ ਪਰ ਉਸ ਦੇ ਨਾਵਲ ਸਾਹਿਤ ਦੀਆਂ ਸਮੱਸਿਆਵਾਂ ਵਿਚ ਪ੍ਰਗਤੀਵਾਦੀ ਮਸਲੇ ਹੀ ਰਹੇ ਹਨ। ਉਪਰੋਕਤ ਨਾਵਲਾਂ ਤੋਂ ਇਲਾਵਾ ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਤੇ 'ਪਵਿੱਤਰ ਪਾਪੀ' ਨੂੰ ਵੀ ਬਹੁਤ ਪ੍ਰਸਿੱਧੀ ਪ੍ਰਾਪਤ ਹੋਈ ਹੈ। ਪੰਜਾਬੀ ਨਾਵਲ ਸਾਹਿਤ ਵਿਚ ਨਾਨਕ ਸਿੰਘ ਇੱਕ ਅਜਿਹਾ ਲੇਖਕ ਹੈ ਜਿਸ ਨੂੰ ਸਭ ਤੋਂ ਪਹਿਲਾਂ ਸਭ ਤੋਂ ਵਧ ਲੋਕ-ਪ੍ਰਿਯਤਾ ਮਿਲੀ । ਸਭ ਤੋਂ ਵਧੇਰੇ ਨਾਵਲ ਸਿਰਜਣਾ ਵੀ ਨਾਨਕ ਸਿੰਘ ਨੇ ਕੀਤੀ। ਇਹੀ ਕਾਰਨ ਹੈ ਕਿ ਲੰਮੇ ਸਮੇਂ ਤਕ ਸਾਹਿੱਤਿਕ ਖੇਤਰ ਵਿਚ ਨਾਨਕ ਸਿੰਘ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਕਿਹਾ ਜਾਂਦਾ ਰਿਹਾ ਹੈ। ਇਸ ਗੱਲ ਦਾ ਸਭ ਤੋਂ ਵੱਡਾ ਕਾਰਨ ਸ਼ਾਇਦ ਇਹੋ ਹੈ ਕਿ ਨਾਨਕ ਸਿੰਘ ਤੋਂ ਪਹਿਲਾਂ ਪੰਜਾਬੀ ਨਾਵਲ ਧਾਰਮਿਕ ਸੰਪਰਦਾਇਕ ਦ੍ਰਿਸ਼ਟੀ ਕਾਰਨ ਸਮੁੱਚੇ ਪੰਜਾਬੀ ਪਾਠਕਾਂ ਵਿਚ ਸਵੀਕਾਰ ਨਹੀਂ ਹੋਇਆ ,

ਭਾਈ ਵੀਰ ਸਿੰਘ ਤੇ ਉਹਨਾਂ ਦੇ ਪਦ-ਚਿੰਨ੍ਹਾਂ ਤੇ ਚੱਲਣ ਵਾਲੇ ਪਹਿਲੇ ਦੌਰ ਦੇ ਨਾਵਲਕਾਰ ਜਿਵੇਂ ਧਾਰਮਿਕ ਤੇ ਸਮਾਜਕ ਸੰਕਟਾਂ ਦਾ ਸਮਾਧਾਨ ਬਹਾਦਰ ਤੇ ਪਵਿੱਤਰ ਸਿੱਖ ਸੂਰਮਿਆਂ ਰਾਹੀਂ ਕਰਦੇ ਸਨ। ਉਸ ਪ੍ਰਕਾਰ ਹੀ ਨਾਨਕ ਸਿੰਘ ਸਮਾਜਕ ਸੰਕਟਾਂ ਦਾ ਹੱਲ ਵਿਅਕਤੀ ਚਰਿੱਤਰ ਦੇ ਕਾਇਆ-ਕਲਪ ਵਿਚ ਦੇਖਦਾ ਹੈ। ਨਾਨਕ ਸਿੰਘ ਦੇ ਨਾਵਲਾਂ ਦਾ ਕਥਾਨਕ ਭਾਵੇਂ ਮਨੋਰਥ-ਪੂਰਵਕ ਘਟਨਾ-ਪ੍ਰਬੰਧ ਉੱਤੇ ਉੱਸਰਿਆ ਹੋਇਆ ਹੈ, ਪਰ ਪੰਜਾਬੀ ਨਾਵਲ ਵਿਚ ਪਹਿਲੀ ਵਾਰੀ ਉਤਸੁਕਤਾ ਭਰਪੂਰ ਕਥਾਨਕ ਦੀ ਸਿਰਜਣਾ ਨਾਨਕ ਸਿੰਘ ਨੇ ਹੀ ਕੀਤੀ। ਨਾਵਲ ਦੇ ਵਿਧਾ ਗਤ ਨਿਯਮਾਂ ਦੀ ਦ੍ਰਿਸ਼ਟੀ ਤੋਂ ਨਾਨਕ ਦੀ ਗਲਪ ਸ਼ੈਲੀ ਭਾਸਣੀ ਹੈ, ਸੰਬੋਧਨੀ ਲਹਿਜ਼ਾ ਹੈ, ਕਥਾਨਕ ਪੂਰਵ ਮਿਥਿਤ ਮਨੋਰਥ ਕਾਰਨ ਮੌਕਾ-ਮੇਲ ਦੀ ਵਿਧੀ ਅਨੁਸਾਰ ਹੈ, ਪਾਤਰ-ਸੰਕਲਪ ਭਾਵਨਾ-ਮੂਲਿਕ ਦ੍ਰਿਸ਼ਟੀ ਵਾਲਾ ਹੈ। ਭਾਸ਼ਾ ਤੇ ਬੋਲੀ ਦਾ ਸੁਭਾਅ ਵਿਅੰਗਾਤਮਿਕ ਘੱਟ ਤੇ ਭਾਵਨਾ ਮੂਲਕ ਵਧੇਰੇ ਹੈ। ਇਹਨਾਂ ਵਿਧਾ ਗਤ ਦੋਸ਼ਾਂ ਦੇ ਬਾਵਜੂਦ ਨਾਨਕ ਸਿੰਘ ਕਈ ਥਾਈਂ ਆਪਣੇ ਪਾਤਰਾਂ ਦੀ ਮਾਨਸਿਕ ਦੁਬਿਧਾ ਨੂੰ ਪ੍ਰਗਟਾਉਂਦਾ ਹੈ। ਇਸ ਪ੍ਰਕਾਰ ਹੀ ਖਲਨਾਇਕੀ ਚਰਿੱਤਰ ਵਾਲੇ ਪਾਤਰਾਂ ਦੇ ਵਿਅੰਗ ਚਿੱਤਰਾਂ ਦੀ ਕਈ ਥਾਂਈਂ ਸਿਰਜਣਾ ਉਸ ਦੇ ਨਾਵਲਾਂ ਨੂੰ ਪਹਿਲੇ ਦੌਰ ਦੇ ਨਾਵਲ ਨਾਲੋਂ ਨਿਖੇੜਦੀ ਹੈ। ਇਸ ਰਲ ਦੀ ਉੱਤਮ ਮਿਸਾਲ ਇੱਕ ਮਿਆਨ ਦੋ ਤਲਵਾਰਾਂ ਵਿਚੋਂ ਸੋਢੀ ਖ਼ਾਨਦਾਨ ਦੇ ਮੋਹਰੀ ਪਾਤਰ ਦੀ ਉਸਾਰੀ ਵਿਚੋਂ ਵੇਖੀ ਜਾ ਸਕਦੀ ਹੈ। ਸਮੁੱਚੇ ਰੂਪ ਵਿਚ ਨਾਨਕ ਸਿੰਘ ਦੇ ਨਾਵਲ ਸਾਹਿਤ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਨਾਨਕ ਸਿੰਘ ਦੇ ਨਾਵਲਾਂ ਰਾਹੀਂ ਪਹਿਲੀ ਪੰਜਾਬੀ ਗਲਪ-ਸਾਹਿਤ ਵਸਤੂ ਜਗਤ ਦੇ ਯਥਾਰਥ ਨੂੰ ਪੇਸ਼ ਕਰਨ ਦਾ ਯਤਨ ਕਰਦਾ

ਸੁਰਿੰਦਰ ਸਿੰਘ ਨਰੂਲਾ (1917)

ਇਸ ਦੌਰ ਦਾ ਦੂਜਾ ਮਹੱਤਵਪੂਰਨ ਜ਼ਿਕਰਯੋਗ ਨਾਵਲਕਾਰ ਪ੍ਰੋਫੈਸਰ ਸੁਰਿੰਦਰ ਸਿੰਘ ਨਰੂਲਾ ਹੈ। ਸੁਰਿੰਦਰ ਸਿੰਘ ਨਰੂਲਾ ਨੇ "ਪਿਉ ਪੁਤਰ', 'ਰੰਗ-ਮਹਿਲ', 'ਜਗਰਾਤਾ, ਦੀਨ ਤੇ ਦੁਨੀਆ" , "ਨੀਲੀਬਾਰ", "ਲੋਕ-ਦੁਸ਼ਮਣ', 'ਜੱਗ ਬੀਤੀ', 'ਦਿਲ ਦਰਿਆ ਤੇ ਸਿੱਲ੍ਹ ਅਲੂਣੀ ਆਦਿ ਨਾਵਲਾਂ ਦੀ ਸਿਰਜਣਾ ਕੀਤੀ। ਸੁਰਿੰਦਰ ਸਿੰਘ ਨਰੂਲਾ ਨੇ ਆਪਣੇ ਪਹਿਲੇ ਨਾਵਲ "ਪਿਉ ਪੁੱਤਰ ਰਾਹੀਂ ਇਹ ਸਥਾਪਤ ਕਰ ਦਿੱਤਾ ਸੀ ਕਿ ਉਹ ਪੰਜਾਬੀ ਦਾ ਪਹਿਲਾ ਯਥਾਰਥਵਾਦੀ ਨਾਵਲਕਾਰ ਹੈ। ਪੱਛਮੀ ਤੇ ਅੰਗਰੇਜ਼ੀ ਗਲਪ ਸਾਹਿਤ ਦਾ ਗਿਆਤਾ ਹੋਣ ਕਾਰਨ ਤੇ ਪੰਜਾਬੀ ਨਾਵਲ ਵਿਚ ਯਥਾਰਥਵਾਦੀ ਨਾਵਲਾਂ ਦੀ ਸਿਰਜਣਾ ਕਾਰਨ ਨਰੂਲੇ ਦੀ ਨਾਵਲ ਰਚਨਾ ਨੂੰ ਗੰਭੀਰ ਸਾਹਿੱਤਿਕ ਹਲਕਿਆਂ ਵਿਚ ਬਹੁਤ ਮਾਨਤਾ ਪ੍ਰਾਪਤ ਹੋਈ ਹੈ। ਨਰੂਲੇ ਨੇ ਆਪਣੇ ਪਹਿਲੇ ਨਾਵਲ "ਪਿਉ ਪੁੱਤਰ' ਨੂੰ ਪ੍ਰਕਿਰਤੀ ਵਾਦੀ ਯਥਾਰਥਵਾਦੀ ਦ੍ਰਿਸ਼ਟੀ ਤੋਂ ਸਿਰਜਿਆ ਹੈ। ਇਸ ਨਾਵਲ ਵਿਚ ਲੇਖਕ ਨੇ ਅੰਮ੍ਰਿਤਸਰ ਸ਼ਹਿਰ ਦੇ ਵੀਹਵੀਂ ਸਦੀ ਦੇ ਪਹਿਲੇ ਵੀਹ ਸਾਲਾਂ ਦੇ ਸਮਾਜਕ, ਰਾਜਨੀਤਕ ਤੇ ਸਭਿਆਚਾਰਕ ਇਤਿਹਾਸ ਨੂੰ ਪੇਸ਼ ਕੀਤਾ ਹੈ । ਪੰਜਾਬੀ ਨਾਵਲ ਸਾਹਿਤ ਵਿਚ ਪਹਿਲੀ ਵਾਰ ਕੋਈ ਸਮਾਂ ਜਾਂ ਸ਼ਹਿਰ ਕਿਸੇ ਪਾਤਰ ਦੀ ਥਾਂ ਕੇਂਦਰੀ ਮਹੱਤਵ ਪ੍ਰਾਪਤ ਕਰਦਾ ਹੈ। ਇਸ ਪ੍ਰਕਾਰ ਹੀ ਲੇਖਕ ਦਾ ਇੱਕ ਹੋਰ ਨਾਵਲ 'ਦੀਨ ਤੇ ਦੁਨੀਆ ਹੈ ਜਿਸ ਵਿਚ ਪੰਜਾਬ ਦੇ ਇਤਿਹਾਸ, 1947 ਦੀ ਵੰਡ ਤੇ ਭਾਰਤ/ਪੰਜਾਬ ਵਿਚ ਦੇਸੀ

ਸਰਮਾਏਦਾਰੀ ਦੇ ਉਦੇ ਹੋਣ, ਤੇ ਰਾਜ-ਸੱਤਾ ਤੇ ਸਰਮਾਏਦਾਰਾਂ ਦੀ ਭਾਈਵਾਲੀ ਨੂੰ ਯਥਾਰਥਕ ਤੇ ਵਿਗਿਆਨਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਨਰੂਲੇ ਦੇ ਨਾਵਲਾਂ ਵਿਚੋਂ ਪੰਜਾਬ ਦੇ 1947 ਤੋਂ ਪੰਜਾਹ ਸਾਲ ਪਹਿਲਾਂ ਤੇ ਤੀਹ ਸਾਲ ਪਿੱਛੋਂ ਦੇ ਪੰਜਾਬ ਦੇ ਅੱਸੀ ਸਾਲਾਂ ਦੇ ਇਤਿਹਾਸ ਨੂੰ ਯਥਾਰਥ ਰੂਪ ਵਿਚ ਜਾਣਿਆ ਜਾ ਸਕਦਾ ਹੈ। ਪੰਜਾਬੀ ਨਾਵਲ ਸਾਹਿਤ ਦੇ ਇਤਿਹਾਸ ਵਿਚ ਯਥਾਰਥਵਾਦੀ ਗਲਪ ਦ੍ਰਿਸ਼ਟੀ ਪੱਖੋਂ ਨਰੂਲੇ ਦੇ ਪ੍ਰਵੇਸ਼ ਨਾਲ ਪੰਜਾਬੀ ਨਾਵਲ ਵਿਚ ਸਿਫਤੀ ਤਬਦੀਲੀ ਵਾਪਰਦੀ ਹੈ। ॥ ਸੁਰਿੰਦਰ ਸਿੰਘ ਨਰੂਲਾ ਆਪਣੇ ਨਾਵਲ ਵਿਚ ਯਥਾਰਥਵਾਦੀ ਦ੍ਰਿਸ਼ਟੀ ਮਾਰਕਸਵਾਦੀ ਚਿੰਤਨ ਤੋਂ ਪ੍ਰਾਪਤ ਕਰਦਾ ਹੈ। ਇਸ ਕਾਰਨ ਹੀ ਉਸ ਦੇ ਨਾਵਲਾਂ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਸਮੋਈ ਹੋਈ ਹੈ। ਬਹੁਤੇ ਨਾਵਲਾਂ ਵਿਚ ਪ੍ਰਗਤੀਵਾਦ ਉੱਭਰਵੇਂ ਰੂਪ ਵਿਚ ਪ੍ਰਗਟ ਨਹੀਂ ਹੁੰਦਾ ਕਿਉਂਕਿ ਲੇਖਕ ਦਾ ਨਾਵਲ ਸਿਰਜਣਾ ਦਾ ਮੁੱਖ ਮਨੋਰਥ ਯਥਾਰਥ ਨੂੰ ਇਤਿਹਾਸਕ ਰੂਪ ਵਿਚ ਪੇਸ਼ ਕਰਨਾ ਹੈ। ਪਰੰਤੂ, ਲੇਖਕ ਨੇ ਪ੍ਰਗਤੀਵਾਦੀ ਵਿਚਾਰਧਾਰਾ ਦਾ ਪ੍ਰਭਾਵ ਕਬੂਲ ਕੇ ਲੋਕ ਦੁਸ਼ਮਣ ਤੇ ਨੀਲੀ ਬਾਰ` ਆਦਿ ਨਾਵਲਾਂ ਦੀ ਸਿਰਜਣਾ ਵੀ ਕੀਤੀ ਹੈ। "ਲੋਕ-ਦੁਸ਼ਮਣ ਵਿਚ ਬਿਸਵੇਦਾਰ ਤੇ ਕਿਸਾਨੀ ਦੀ ਜੱਦੋ-ਜਹਿਦ ਨੂੰ ਹਿੰਸਕ ਤੇ ਅਹਿੰਸਕ ਚਿੰਤਨ ਦੇ ਵਿਚਾਰਧਾਰਕ ਵਿਰੋਧ ਰਾਹੀਂ ਪੇਸ਼ ਕੀਤਾ ਗਿਆ ਹੈ। ਨੀਲੀਬਾਰ ਇੱਕ ਇਤਿਹਾਸਕ ਨਾਵਲ ਹੈ ਜਿਸ ਵਿਚ ਆਦਿਵਾਸੀ ਟੱਪਰੀਵਾਸ ਦੇ ਬਾਰ ਦੇ ਇਲਾਕੇ ਦੇ ਜ਼ਿਮੀਂਦਾਰ ਨਾਲ ਸੰਘਰਸ਼ ਨੂੰ ਪੇਸ਼ ਕੀਤਾ ਗਿਆ ਹੈ। ਇਹ ਨਾਵਲ ਨਰੂਲੇ ਦੇ ਯਥਾਰਥਵਾਦੀ ਨਾਵਲਾਂ ਜਿੰਨੀ ਪ੍ਰਸਿੱਧੀ ਪ੍ਰਾਪਤ ਨਹੀਂ ਕਰ ਸਕੇ ਕਿਉਂਕਿ ਇਤਿਹਾਸਕ ਯਥਾਰਥ ਨੂੰ ਪੇਸ਼ ਕਰਨ ਸਮੇਂ ਕਮਜ਼ੋਰੀਆਂ ਦਾ ਸ਼ਿਕਾਰ ਹਨ। ਨਰੂਲੇ ਦੇ ਨਾਵਲਾਂ ਰਾਹੀਂ ਪੰਜਾਬੀ ਨਾਵਲ ਵਿਧਾਗਤ ਦ੍ਰਿਸ਼ਟੀ ਤੋਂ ਵੀ ਗਤੀ ਹੈ। ਨਰੂਲੇ ਤੋਂ ਪਹਿਲੇ ਪੰਜਾਬੀ ਨਾਵਲ ਵਿਚ ਮੌਕਾ-ਮੇਲ ਉੱਤੇ ਆਧਾਰਤ ਕਥਾ ਕਹਾਣੀ ਰਸ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਸੀ ਪਰ ਨਰੂਲੇ ਦੇ ਨਾਵਲਾਂ ਵਿਚ , ਪਾਤਰ-ਉਸਾਰੀ ਨੂੰ ਦਿੱਤੀ ਜਾਣੀ ਆਰੰਭ ਹੋਈ। ਨਰੂਲੇ ਰਾਹੀਂ ਪਾਤਰ ਸੰਕਲਪ ਤਬਦੀਲੀ ਵਾਪਰਦੀ ਹੈ । ਨਰੂਲੇ ਦੇ ਪਾਤਰ ਚੰਗੇ ਤੇ ਮਾੜੇ ਦੇ ਸੰਕਲਪ ਅਨੁਸਾਰ ਸਿਰਜੇ ਗਏ ਸਗੋਂ ਮਨੁੱਖੀ ਰੂਪ ਵਿਚ ਉੱਸਰਦੇ ਹਨ। ਇਸ ਪ੍ਰਕਾਰ ਹੀ ਨਰੂਲੇ ਦੇ ਨਾਵਲਾਂ ਦੀ ਭਾਸ਼ਾ ਤੇ ਵਾਰਤਾਲਾਪ ਵਿਚ ਸਿਰਜਣਾਤਮਿਕਤਾ ਦੀ ਕਮੀ ਹੈ। ਲੇਖਕ ਦੀ ਆਪਣੀ ਵਿਦਵਤਾ ਤੇ ਭਾਸ਼ਣੀ ਲਹਿਜ਼ਾ ਭਾਰੂ ਰਹਿੰਦਾ ਹੈ । ਇਸ ਦੇ ਬਾਵਜੂਦ ਨਰੂਲੇ ਦੀ ਯਥਾਰਥਵਾਦੀ ਦ੍ਰਿਸ਼ਟੀ ਕਾਰਨ ਪੰਜਾਬੀ ਨਾਵਲ ਗਤੀਸ਼ੀਲ ਹੋਇਆ ਹੈ। ਪਰ ਉਸ ਦੇ ਨਾਵਲ ਸਾਹਿਤ ਵਿਚ ਸਿਰਜਣਾਤਮਿਕਤਾ ਦੀ ਕਮੀ ਆਮ ਪਾਠਕ ਵਰਗ ਵਿਚ ਅਕੇਵਾਂ ਪੈਦਾ ਕਰਦੀ ਹੈ।

ਸੰਤ ਸਿੰਘ ਸੇਖੋਂ (1908)

ਸੰਤ ਸਿੰਘ ਸੇਖੋਂ ਆਪਣੀ ਬਹੁਤ ਥੋੜ੍ਹੀ ਨਾਵਲ ਰਚਨਾ ਵਿਚ ਪੰਜਾਬੀ ਨਾਵਲ ਸਾਹਿਤ ਨੂੰ ਯਥਾਰਥਵਾਦੀ ਦ੍ਰਿਸ਼ਟੀ ਤੇ ਪ੍ਰੌਢ ਗਲਪ ਰਚਨਾ ਦੇਂਦਾ ਹੈ। ਸੰਤ ਸਿੰਘ ਦੇ ਨਾਵਲ 'ਲਹੂ ਮਿੱਟੀ ਵਿਚ ਮਨੁੱਖ ਤੇ ਪ੍ਰਸਥਿਤੀਆਂ ਦੇ ਤਣਾਉ ਰਾਹੀਂ ਪੰਜਾਬ ਦੇ 1947 ਤੋਂ ਪਹਿਲਾਂ ਦੇ ਕਿਰਸਾਨੀ ਸਮਾਜ ਦੇ ਇਤਿਹਾਸਕ ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ। ਨਾਵਲ ਵਿਚ ਕਿਰਸਾਣੀ ਪਰਿਵਾਰ ਆਪਣੀ ਹੋਂਦ ਲਈ ਸੰਘਰਸ਼ ਕਰਦਾ ਹੈ। ਪਾਤਰ ਆਪੋ-ਆਪਣੀ ਸਥਿਤੀ ਵਿਚ ਸੰਘਰਸ਼ ਕਰਦੇ ਹੋਏ ਯੁਗ-ਵਿਸ਼ੇਸ਼ ਦੇ ਪ੍ਰਤੀਨਿਧ ਅੰਤਰ-ਵਿਰੋਧਾਂ ਨੂੰ ਪੇਸ਼ ਕਰਦੇ ਹਨ । ਸੇਖੋਂ ਆਪਣੇ ਇਸ ਨਾਵਲ ਵਿਚ ਆਜ਼ਾਦੀ ਤੋਂ ਪਹਿਲੇ ਦੇ ਅੰਗਰੇਜ਼ਾਂ ਦੀ ਗੁਲਾਮੀ ਵਾਲੇ ਸਮਾਜ ਵਿਚ ਕਿਰਸਾਨੀ ਦੀ ਆਰਥਿਕ ਮੰਦਹਾਲੀ ਤੇ ਖੜੋਤ ਨੂੰ ਮਾਰਕਸਵਾਦੀ ਦ੍ਰਿਸ਼ਟੀ ਤੋਂ ਸਿਰਜਦਾ ਹੈ।

ਸੰਤ ਸਿੰਘ ਸੇਖੋਂ ਪੰਜਾਬੀ ਦਾ ਪ੍ਰਸਿੱਧ ਵਿਦਵਾਨ, ਸਾਹਿਤਕਾਰ ਤੇ ਆਲੋਚਕ ਹੈ। ਇਹੋ ਕਾਰਨ ਹੈ ਕਿ ਉਸ ਦੇ ਇਸ ਨਾਵਲ ਵਿਚ ਉਸ ਦੀ ਵਿਦਵਤਾ ਨਾਵਲੀ ਸਿਰਜਣਾ ਉੱਤੇ ਪ੍ਰਭਾਵ ਪਾਉਂਦੀ ਹੈ। ਉਹ ਗਲਪ ਬਿੰਬ ਉਸਾਰਨ ਦੀ ਥਾਂ ਤੇ ਨਾਵਲੀ ਸਥਿਤੀ ਤੇ ਪਾਤਰਾਂ ਦੇ ਤਣਾਉ ਦੀ ਵਿਆਖਿਆ ਆਰੰਭ ਦੇਂਦਾ ਹੈ। ਬਹੁਤੀਆਂ ਘਟਨਾਵਾਂ ਲੇਖਕ ਵੱਲੋਂ ਸਿਰਜੀਆਂ ਨਹੀਂ ਗਈਆਂ ਬਲਕਿ ਅਸਿੱਧੇ ਢੰਗ ਨਾਲ ਸੁਣਾਈਆਂ ਗਈਆਂ ਹਨ। ਇਹ ਨਾਵਲ ਮਨੁੱਖ ਦੀ ਸਮਾਜਕ ਹੋਂਦ ਦਾ ਵਿਸ਼ਲੇਸ਼ਣ ਕਰਨ ਵਿਚ ਤਾਂ ਸਫਲ ਹੋਇਆ ਹੈ, ਪਰ ਨਾਵਲੀ ਵਿਧਾ ਦੇ ਨਿਯਮਾਂ ਪੱਖੋਂ ਨਾਵਲ ਕਈ ਕਮਜ਼ੋਰੀਆਂ ਦਾ ਸ਼ਿਕਾਰ ਹੈ। ਸੰਤ ਸਿੰਘ ਸੇਖੋਂ ਨੇ ਇੱਕ ਛੋਟੇ ਆਕਾਰ ਦਾ ਨਾਵਲ 'ਬਾਬਾ ਆਸਮਾਨ' ਵੀ ਲਿਖਿਆ ਹੈ। ਇਸ ਨਾਵਲ ਵਿਚ ਆਰਥਕ ਮਜਬੂਰੀਆਂ ਕਾਰਨ ਨਾਵਲ ਦਾ ਮੁੱਖ-ਪਾਤਰ ਬਾਬਾ ਆਸਮਾਨ ਵਿਦੇਸ਼ ਜਾਂਦਾ ਹੈ। ਮੁੱਖ ਪਾਤਰ ਬਾਹਰ ਜਾਣ ਉਪਰੰਤ ਆਪਣੀ ਮਿੱਟੀ ਦੀ ਛੂਹ ਪ੍ਰਾਪਤ ਕਰਨ ਲਈ ਤਰਸਦਾ ਹੈ। ਸੇਖੋਂ ਇਸ ਨਾਵਲ ਰਾਹੀਂ ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਇੱਕ ਪਾਸੇ ਵਿਅਕਤੀ ਦੀਆਂ ਆਰਥਕ ਲੋੜਾਂ ਹਨ ਤੇ ਦੂਜੇ ਪਾਸੇ ਉਸ ਦੇ ਸੰਸਕਾਰ, ਪਰੰਪਰਾ ਤੇ ਮਿੱਟੀ ਦਾ ਮੋਹ ਹੈ। ਲੇਖਕ ਦਰਸਾਉਂਦਾ ਹੈ ਕਿ ਨਾਵਲ ਦਾ ਮੁੱਖ ਪਾਤਰ ਜੁਆਨੀ ਵੇਲੇ, ਜ਼ਿੰਦਗੀ ਮਾਣਨ ਸਮੇਂ ਪੈਸਾ ਕਮਾਉਣ ਵਿਚ ਲੱਗਿਆ ਰਹਿੰਦਾ ਹੈ ਤੇ ਬੁਢਾਪੇ ਵਿਚ ਇਹ ਪੈਸਾ ਉਸ ਦੇ ਕਿਸੇ ਕੰਮ ਨਹੀਂ ਆਉਂਦਾ। ਸੇਖੋਂ ਨੇ ਭਾਵੇਂ ਥੋੜ੍ਹੀ ਨਾਵਲ ਰਚਨਾ ਕੀਤੀ ਹੈ, ਪਰ ਸਮੱਸਿਆ ਦੇ ਵਿਗਿਆਨਕ ਵਿਸ਼ਲੇਸ਼ਣ ਕਾਰਨ ਗੰਭੀਰ ਸਾਹਿੱਤਿਕ ਹਲਕਿਆਂ ਵਿਚ ਇਸ ਦਾ ਵਿਸ਼ੇਸ਼ ਮਹੱਤਵ ਹੈ।

ਜਸਵੰਤ ਸਿੰਘ ਕੰਵਲ (1920)

ਜਸਵੰਤ ਸਿੰਘ ਕੰਵਲ ਤੇ ਸੁਰਿੰਦਰ ਸਿੰਘ ਨਰੂਲਾ ਲਗਭਗ ਸਮਕਾਲੀ ਹਨ ਭਾਵੇਂ ਜਸਵੰਤ ਕੰਵਲ ਦਾ ਪਹਿਲਾ ਨਾਵਲ ਨਰੂਲੇ ਤੋਂ ਦੋ ਸਾਲ ਪਹਿਲਾਂ 1944 ਵਿਚ ਪ੍ਰਕਾਸ਼ਿਤ ਹੋ ਗਿਆ ਸੀ । ਕੰਵਲ ਨੇ ਲਗਭਗ ਡੇਢ ਦਰਜਨ ਨਾਵਲਾਂ ਦੀ ਸਿਰਜਣਾ ਕੀਤੀ ਜਿਹਨਾਂ ਵਿਚੋਂ ਸੱਚ ਨੂੰ ਫਾਂਸੀ", "ਪਾਲੀ',

ਪੂਰਨਮਾਸ਼ੀ', 'ਰਾਤ ਬਾਕੀ ਹੈ', 'ਸਿਵਲ ਲਾਈਨਜ਼', 'ਰੂਪ ਧਾਰਾ", 'ਹਾਣੀ', ਮਿੱਤਰ ਪਿਆਰੇ ਨੂੰ', 'ਜੇਰਾ" ਤੇ 'ਬਰਫ਼ ਦੀ ਅੱਗ" ਆਦਿ ਜ਼ਿਕਰਯੋਗ ਹਨ। ਜਸਵੰਤ ਸਿੰਘ ਕੰਵਲ ਪੰਜਾਬੀ ਦਾ ਇੱਕ ਅਜਿਹਾ ਨਾਵਲਕਾਰ ਹੈ ਜੋ 1944 ਤੋਂ ਹੁਣ ਤਕ ਲਗਾਤਾਰ ਨਾਵਲ ਸਿਰਜਣਾ ਵਿਚ ਰੁੱਝਿਆ ਹੋਇਆ ਹੈ। ਜਸਵੰਤ ਸਿੰਘ ਕੰਵਲ ਨੇ ਆਪਣੇ ਨਾਵਲਾਂ ਵਿਚ ਮਾਲਵਾ ਖੇਤਰ ਦੇ ਪਿੰਡਾਂ ਦੀ ਜ਼ਿੰਦਗੀ ਨੂੰ ਆਧਾਰ ਬਣਾਇਆ ਹੈ ਕੰਵਲ ਦੇ ਬਹੁਤੇ ਨਾਵਲ ਕਿਸਾਨੀ ਸਮਾਜ ਦੀਆਂ ਵਾਸਤਵਿਕ ਹਾਲਤਾਂ, ਸਥਿਤੀਆਂ ਘਟਨਾਵਾਂ, ਪਾਤਰਾਂ ਤੇ ਮਲਵਈ ਬੋਲੀ ਉੱਤੇ ਆਧਾਰਤ ਹਨ। ਨਾਨਕ ਸਿੰਘ ਨੇ ਜਿੱਥੇ ਪੰਜਾਬ ਦੇ ਸ਼ਹਿਰੀ ਜੀਵਨ ਨੂੰ ਨਾਵਲ ਦਾ ਵਿਸ਼ਾ ਬਣਾਇਆ ਹੈ ਉੱਥੇ ਕੰਵਲ ਪੰਜਾਬ ਦੇ ਪੇਂਡੂ ਖੇਤਰ ਦਾ ਨਾਵਲਕਾਰ ਹੈ।

ਜਸਵੰਤ ਸਿੰਘ ਕੰਵਲ ਇੱਕ ਅਜਿਹਾ ਨਾਵਲਕਾਰ ਹੈ ਜੋ ਕਿਸੇ ਇੱਕੋ ਜੀਵਨ ਦ੍ਰਿਸ਼ਟੀ ਨਾਲ ਬੱਝਿਆ ਨਹੀਂ ਰਿਹਾ | ਆਪਣੇ ਮੁੱਢਲੇ ਨਾਵਲ "ਪਾਲੀ, ਪੂਰਨਮਾਸ਼ੀ ਤੇ ਸੱਚ ਨੂੰ ਫਾਂਸੀ' ਵਿਚ ਉਸ ਦੀ ਦ੍ਰਿਸ਼ਟੀ ਰੁਮਾਂਟਿਕ ਆਦਰਸ਼ਵਾਦੀ ਹੈ ਤੇ ਪਾਲੀ ਵਿਚ ਵੇਦਾਂਤ ਤੇ ਖ਼ਲੀਲ ਜ਼ਿਬਰਾਨ ਦਾ ਪ੍ਰਭਾਵ ਉਸ ਉੱਤੇ ਪ੍ਰਤੱਖ ਰੂਪ ਵਿਚ ਦਿਖਾਈ ਦੇਂਦਾ ਹੈ। ਇਵੇਂ ਸੱਚ ਨੂੰ ਫਾਂਸੀ ਸਮੇਂ ਉਸ ਉੱਤੇ ਗੁਰਬਖ਼ਸ਼ ਸਿੰਘ ਦੇ ਪ੍ਰੀਤ ਫ਼ਲਸਫ਼ੇ ਦਾ ਪ੍ਰਭਾਵ ਹੈ।

ਜਸਵੰਤ ਸਿੰਘ ਕੰਵਲ ਉੱਤੇ ਲੰਮਾ ਸਮਾਂ ਸਥਾਈ ਪ੍ਰਭਾਵ ਮਾਰਕਸਵਾਦੀ ਚਿੰਤਨ ਦਾ ਰਿਹਾ ਹੈ। ਮਾਰਕਸਵਾਦੀ ਚਿੰਤਨ ਦੇ ਪ੍ਰਭਾਵ ਅਧੀਨ ਹੀ ਉਸ ਨੇ ਆਪਣੇ ਨਾਵਲਾਂ ਦੀ ਸਮਾਜਵਾਦੀ ਵਿਚਾਰਧਾਰਾ ਦਾ ਕਾਫ਼ੀ ਸਮੇਂ ਤਕ ਪ੍ਰਚਾਰ ਕੀਤਾ ਹੈ। ਉਸ ਦੇ ਨਾਵਲਾਂ ' ਰਾਤ ਬਾਕੀ ਹੈ', 'ਰੂਪ ਧਾਰਾ", ਭਵਾਨੀ', 'ਤਾਰੀਖ਼ ਵੇਖਦੀ ਹੈ, ਬਰਫ਼ ਦੀ ਅੱਗ ਤੇ ਲਹੂ ਦੀ ਲੋਅ ਆਦਿ ਵਿਚ ਸਮਾਜਵਾਦੀ ਵਿਚਾਰਧਾਰਾ ਵੇਖੀ ਜਾ ਸਕਦੀ ਹੈ। ਉਸ ਦੇ ਨਾਵਲਾਂ ਇਨ੍ਹਾਂ ਵਿਚ ਕਮਿਊਨਿਸਟ ਪਾਰਟੀਆਂ ਦੀਆਂ ਨੀਤੀਆਂ ਤੇ ਮਾਰਕਸੀ ਸਿਧਾਂਤਾਂ ਦੀ ਵਿਆਖਿਆ ਹੈ। ਕਮਿਊਨਿਸਟ ਵਿਚਾਰਾਂ ਦਾ ਵਧੇਰੇ ਉੱਘੜਵਾਂ ਪ੍ਰਚਾਰ ਰੂਪ ਧਾਰਾ ਤਾਰੀਖ਼ ਵੇਖਦੀ ਹੈ', 'ਰਾਤ ਬਾਕੀ ਹੈ' ਤੇ 'ਬਰਫ਼ ਦੀ ਅੱਗ" ਵਿਚ ਵੇਖਿਆ ਜਾ ਸਕਦਾ ਹੈ : ਇਹਨਾਂ ਨਾਵਲਾਂ ਵਿਚ ਉਹ ਆਰਥਕ ਰਾਜਨੀਤਕ ਗ਼ੁਲਾਮੀ ਤੋਂ ਪੀੜਤ ਵਰਗਾਂ ਦੀ ਵਕਾਲਤ ਕਰਦਾ ਹੈ

ਕਰਨਲ ਨਰਿੰਦਰ ਪਾਲ ਸਿੰਘ (1923)

ਇਸ ਦੌਰ ਦਾ ਇੱਕ ਹੋਰ ਮਹੱਤਵਪੂਰਨ ਨਾਵਲਕਾਰ ਕਰਨਲ ਨਰਿੰਦਰਪਾਲ ਸਿੰਘ ਹੈ। ਜਿਸ ਨੇ ਵਿਭਿੰਨ ਵਿਸ਼ਿਆਂ ਨਾਲ ਸਬੰਧਤ ਨਾਵਲਾਂ ਦੀ ਸਿਰਜਣਾ ਕੀਤੀ। ਉਸ ਨੇ ਆਪਣੇ ਨਾਵਲਾਂ ਵਿਚ ਪਿਆਰ, ਰੁਮਾਂਸ, ਮਨੋਵਿਗਿਆਨ, ਜਿਨਸੀ ਖੁੱਲ ਤੇ ਸਿੱਖ ਇਤਿਹਾਸ ਨੂੰ ਵਿਸ਼ਾ ਬਣਾਇਆ ਹੈ। ਉਸ ਦੇ ਪੰਦਰਾਂ ਨਾਵਲਾਂ ਵਿਚੋਂ 'ਸੈਨਾਪਤੀ', 'ਤੀਆ ਜਾਲ , (ਪੁੰਨਿਆਂ ਕਿ ਮੱਸਿਆ", 'ਟਾਪੂ', 'ਵਿਕੇਂਦ੍ਰਿਤ', 'ਬਾ ਮੁਲਾਹਜਾ ਹੋਸ਼ਿਆਰ` ਆਦਿ ਨਾਵਲ ਚਰਚਿਤ ਹੋਏ ਹਨ। ਇਸ ਪ੍ਰਕਾਰ ਹੀ ਸਿੱਖ ਇਤਿਹਾਸ ਨਾਲ ਸਬੰਧਤ ਖੰਨਿਓ ਤਿੱਖੀ" , ਵਾਲੋਂ ਨਿੱਕੀ", "ਏਤਿ ਮਾਰਗ ਜਾਣਾ" ਤੇ 'ਇੱਕ ਸਰਕਾਰ ਬਾਝੋਂ ਨਾਵਲ ਹਨ। ਇਹਨਾਂ ਨਾਵਲਾਂ ਵਿਚ ਸਿੱਖ ਰਾਜ ਦੇ ਸਥਾਪਤ ਹੋਣ ਤੇ ਟੁੱਟਣ ਦੀ ਵਿਥਿਆ ਹੈ। ਕਰਨਲ ਨਰਿੰਦਰਪਾਲ ਸਿੰਘ ਨੇ ਭਾਵੇਂ ਗਿਣਤੀ ਵਿਚ ਕਾਫ਼ੀ ਨਾਵਲ ਰਚਨਾ ਕੀਤੀ ਹੈ ਪਰ ਪ੍ਰਮਾਣਿਕ ਗਲਪ ਦ੍ਰਿਸ਼ਟੀ ਦੇ ਨੁਕਤੇ ਤੋਂ ਉਹ ਪੰਜਾਬੀ ਨਾਵਲ ਨੂੰ ਨਵੀਂ ਦਿਸ਼ਾ ਨਹੀਂ ਦੇ ਸਕਿਆ। ਉਸ ਦੀ ਗਲਪ- ਦ੍ਰਿਸ਼ਟੀ ਇਤਿਹਾਸਕ ਨਾਵਲ ਵਿਚ ਭਾਈ ਵੀਰ ਸਿੰਘ ਦੇ ਪ੍ਰਭਾਵ ਅਧੀਨ ਤੇ ਦੂਜੇ ਨਾਵਲਾਂ ਵਿਚ ਨਾਨਕ ਸਿੰਘ ਦੇ ਪ੍ਰਭਾਵ ਅਧੀਨ ਹੀ ਰਹੀ ਹੈ। ਪੰਜਾਬੀ ਨਾਵਲ ਦਾ ਪ੍ਰਸਿੱਧ ਆਲੋਚਕ ਡਾ. ਜੋਗਿੰਦਰ ਸਿੰਘ ਰਾਹੀ ਤਾਂ ਉਸ ਦੇ ਬਹੁਤੇ ਨਾਵਲਾਂ ਨੂੰ ਬਾਤ ਦਾ ਬਤੰਗੜ ਹੀ ਆਖਦਾ ਹੈ। ਉਸ ਦੀਆਂ ਸਿੱਖ ਇਤਿਹਾਸਕ ਰਚਨਾਵਾਂ ਵਿਚ ਇਤਿਹਾਸ ਆਧੁਨਿਕ ਜੀਵਨ ਦੀ ਲੋਕਤੰਤਰਿਕ ਸੋਝੀ ਨੂੰ ਆਧਾਰ ਬਣਾ ਕੇ ਲਿਖਿਆ ਗਿਆ ਹੈ। ਆਧੁਨਿਕ ਲੋਕਤੰਤਰਿਕ ਸਿਧਾਂਤ ਨੂੰ ਸਿੱਖ ਇਤਿਹਾਸ ਉੱਤੇ ਠੋਸਣ ਕਾਰਨ ਨਰਿੰਦਰਪਾਲ ਸਿੰਘ ਦੇ ਨਾਵਲ ਮੱਧਕਾਲੀਨ ਸੰਦਰਭ ਤੋਂ ਹੀ ਟੁੱਟ ਜਾਂਦੇ ਹਨ। ਸਮੁੱਚੇ ਰੂਪ ਵਿਚ ਨਰਿੰਦਰਪਾਲ ਸਿੰਘ ਪੰਜਾਬੀ ਨਾਵਲ ਵਿਚ ਗਿਣਤੀ ਪੱਖੋਂ ਵਾਧਾ ਤਾਂ ਕਰਦਾ ਹੈ ਪਰ ਗੁਣਾਤਮਿਕ ਤੌਰ ਤੇ ਕੋਈ ਵਿਲੱਖਣ ਪ੍ਰਾਪਤੀ ਨਹੀਂ ਕਰਦਾ ।

ਅੰਮ੍ਰਿਤਾ ਪ੍ਰੀਤਮ (1919)

ਇਸ ਦੌਰ ਵਿਚ ਪੰਜਾਬੀ ਨਾਵਲ ਸਾਹਿਤ ਖੇਤਰ ਵਿਚ ਪੰਜਾਬੀ ਦੀ ਪਹਿਲੀ ਇਸਤਰੀ ਲੇਖਕ ਅੰਮ੍ਰਿਤਾ ਪ੍ਰੀਤਮ ਪ੍ਰਵੇਸ਼ ਕਰਦੀ ਹੈ। ਡਾਕਟਰ ਦੇਵ , ਪਿੰਜਰ`, ਆਲ੍ਹਣਾ", ਅੱਸੂ` , 'ਇੱਕ ਸਵਾਲ', 'ਚੱਕ ਨੰਬਰ ਛੱਤੀ", "ਦਿੱਲੀ ਦੀਆਂ ਗਲੀਆਂ` ਆਦਿ ਉਸ ਦੇ ਪ੍ਰਸਿੱਧ ਨਾਵਲ ਹਨ । ਅੰਮ੍ਰਿਤਾ ਪ੍ਰੀਤਮ ਨੇ ਆਪਣੇ ਨਾਵਲਾਂ ਵਿਚ ਇਸਤਰੀ ਨੂੰ ਕੇਂਦਰ ਵਿਚ ਰੱਖਿਆ ਹੈ। ਪਰੰਪਰਾਵਾਦੀ ਮੱਧਕਾਲੀਨ ਭਾਰਤੀ ਸਮਾਜ ਵਿਚ ਔਰਤ ਨੂੰ ਦੁਜੈਲੀ ਥਾਂ ਪ੍ਰਾਪਤ ਹੈ। ਇਸ ਸਮਾਜ ਦੇ ਕੀਮਤ ਪ੍ਰਬੰਧ ਅਨੁਸਾਰ ਔਰਤ ਨੀਵੇਂ ਦਰਜੇ ਦਾ ਮਨੁੱਖ ਹੈ। ਅੰਮ੍ਰਿਤਾ ਪ੍ਰੀਤਮ ਦੇ ਨਾਵਲ ਇਸੇ ਯਥਾਰਥ ਨੂੰ ਪ੍ਰਗਟਾਉਣ ਦਾ ਯਤਨ ਕਰਦੇ ਹਨ। ਲੇਖਿਕਾ ਨੇ ਆਪਣੇ ਨਾਵਲ ਵਿਚ ਆਧੁਨਿਕ ਜੀਵਨ ਸੰਦਰਭ ਵਿਚ ਅਤਿ ਦੀਆਂ ਸੰਵੇਦਨਸ਼ੀਲ ਇਸਤਰੀਆਂ ਨੂੰ ਸਿਰਜਿਆ ਹੈ। ਪਿੰਜਰ` ਦੇ ਇਸਤਰੀ ਪਾਤਰ ਭਾਵੇਂ ਅਨਪੜ੍ਹ ਹਨ, ਪਰ ਉਹਨਾਂ ਵਿਚ ਵੀ ਸੰਵੇਦਨਸ਼ੀਲਤਾ ਬਹੁਤ ਤੀਖਣ ਹੈ। ਪੰਜਾਬੀ ਸਾਹਿਤ ਆਲੋਚਨਾ ਨੇ ਅੰਮ੍ਰਿਤਾ ਪ੍ਰੀਤਮ ਨੂੰ ਇੱਕ ਕਵਿੱਤਰੀ ਦੇ ਰੂਪ ਵਿਚ ਹੀ ਸਵੀਕਾਰ ਕੀਤਾ ਹੈ। ਉਸ ਦੇ ਨਾਵਲ ਸਾਹਿਤ ਵਿਚ ਵੀ ਕਾਵਿਕ ਅੰਸ਼ਾਂ ਦੀ ਪ੍ਰਧਾਨਤਾ ਹੈ। ਅੰਮ੍ਰਿਤਾ ਪ੍ਰੀਤਮ ਦੀ ਪੰਜਾਬੀ ਨਾਵਲ ਵਿਚ ਇਹ ਵਿਲੱਖਣਤਾ ਹੈ ਕਿ ਉਸ ਨੇ ਪਹਿਲੀ ਵਾਰ ਸੂਖਮ ਬਿਰਤੀ ਵਾਲੀ ਸੰਵੇਦਨਸ਼ੀਲ ਔਰਤ ਦਾ ਬਿੰਬ ਪੇਸ਼ ਕੀਤਾ। ਪਿੰਜਰ, ਇੱਕ ਸਵਾਲ, "ਚੱਕ ਨੰਬਰ ਛੱਤੀ, ਤੇ ਰੰਗ ਦਾ ਪੱਤਾ , ਨਾਵਲਾਂ ਨੂੰ ਆਲੋਚਨਾ ਤੇ ਪਾਠਕ-ਵਰਗ ਵੱਲੋਂ ਸਵੀਕ੍ਰਿਤੀ ਵੀ ਪ੍ਰਾਪਤ ਹੋਈ ਹੈ।

ਕਰਤਾਰ ਸਿੰਘ ਦੁੱਗਲ (1917).

ਕਰਤਾਰ ਸਿੰਘ ਦੁੱਗਲ ਇਸ ਦੌਰ ਦਾ ਇੱਕ ਹੋਰ ਨਾਵਲਕਾਰ ਹੈ ਜਿਸ ਦੇ ਆਂਦਰਾਂ "ਨਹੁੰ ਤੇ ਮਾਸ', 'ਉਸ ਦੀਆਂ ਚੂੜੀਆਂ, ਇੱਕ ਦਿਲ ਵਿਕਾਊ ਹੈ ਤੇ . ਹਾਲ ਮੁਰੀਦਾਂ ਦਾ", ਆਦਿ ਜ਼ਿਕਰਯੋਗ ਨਾਵਲ ਹਨ। ਉਸ ਦਾ ਨਵਾਂ ਤ੍ਰੈ-ਲੜੀ ਨਾਵਲ ਜੋ ਵੱਖ ਵੱਖ ਜਿਲਦਾਂ. ਵਿਚ ਹੈ "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ', 'ਸਰਬੱਤ ਦਾ ਭਲਾ , ਨਾਵਲ ਹਨ। ਇਹਨਾਂ ਨਾਵਲਾਂ ਵਿਚ ਸਿੱਖ ਇਤਿਹਾਸ ਦੇ ਸੰਦਰਭ ਵਿਚ ਅਕਾਲੀ ਮੋਰਚਿਆਂ ਦਾ ਇਤਿਹਾਸ ਸਿਰਜਿਆ ਹੈ। ਪਰੰਤੂ ਕਰਤਾਰ ਸਿੰਘ ਦੁੱਗਲ ਨੂੰ ਨਾਵਲ ਦੀ ਥਾਂ ਕਹਾਣੀਕਾਰ ਦੇ ਤੌਰ ਤੇ ਵਧੇਰੇ ਪ੍ਰਸਿੱਧੀ ਮਿਲੀ ਹੈ। ਦੁੱਗਲ ਆਪਣੇ ਨਾਵਲਾਂ ਵਿਚ ਭਾਸ਼ਾ ਪੋਠੋਹਾਰੀ ਦਾ ਪ੍ਰਯੋਗ ਕਰਦਾ ਹੈ । ਦੁੱਗਲ ਦੀ ਨਾਵਲ ਦ੍ਰਿਸ਼ਟੀ ਪ੍ਰਕਿਰਤੀ ਵਾਦੀ ਯਥਾਰਥਵਾਦੀ ਹੈ। ਇਹ ਫ਼ਰਾਇਡ ਤੋਂ ਪ੍ਰਭਾਵਿਤ ਹੋਣ ਕਾਰਨ ਨਾਵਲਾਂ ਵਿਚ ਜਿਨਸੀ ਕਿਰਿਆਵਾਂ ਨਿਸ਼ਠਤਾ ਨਾਲ ਬਿਆਨ ਕਰਦਾ ਹੈ। ਇਸ ਦੌਰ ਵਿਚ ਹੀ ਗੁਰਚਰਨ ਸਿੰਘ ਦੇ ਨਾਵਲ ਵਗਦੀ ਸੀ ਰਾਵੀ ਨੂੰ ਵੀ ਗੰਭੀਰ ਸਾਹਿੱਤਿਕ ਹਲਕਿਆਂ ਵੱਲੋਂ ਸਵੀਕ੍ਰਿਤੀ ਪ੍ਰਾਪਤ ਹੋਈ ਹੈ ਪੰਜਾਬੀ ਨਾਵਲ ਖੇਤਰ ਵਿਚ "ਲਹੂ-ਮਿੱਟੀ ਤੋਂ ਪਿੱਛੋਂ ਇਹ ਦੂਸਰੀ ਸ਼ੁੱਧ ਯਥਾਰਥਵਾਦੀ ਰਚਨਾ ਹੈ ਜਿਹੜੀ ਪ੍ਰਤੀਰੂਪਕ ਗਲਪ ਦਾ ਨਮੂਨਾ ਹੈ।

ਪੰਜਾਬੀ ਦਾ ਇੱਕ ਹੋਰ ਮਹੱਤਵਪੂਰਨ ਨਾਵਲਕਾਰ ਸੋਹਣ ਸਿੰਘ ਸੀਤਲ ਇਸ ਦੌਰ ਵਿਚ ਹੀ ਨਾਵਲ ਰਚਨਾ ਵਿਚ ਰੁੱਝ ਗਿਆ ਸੀ ਤੇ ਉਮਰ ਦੇ ਲਿਹਾਜ਼ ਨਾਲ ਵੀ ਉਹ ਗਿਆ ਇਸ ਦੌਰ ਦੇ ਨਾਵਲਕਾਰਾਂ ਦਾ ਹਾਣੀ ਹੈ ਪਰੰਤੂ ਉਸ ਦੇ ਨਾਵਲਾਂ ਨੂੰ ਸਵੀਕ੍ਰਿਤੀ ਬਹੁਤ ਪਿੱਛੋਂ ਜਾ ਕੇ ਪ੍ਰਾਪਤ ਹੋਈ ਹੈ। ਉਂਜ ਵੀ ਉਸ ਦੇ ਨਾਵਲ ਸਾਹਿਤ ਇਤਿਹਾਸ ਵਿਚ ਜ਼ਿਕਰਯੋਗ ਨਾਵਲਾਂ ਦੀ ਸਿਰਜਣਾ 1960 ਤੋਂ ਪਿੱਛੋਂ ਹੀ ਹੋਈ ਹੈ।

**ਤੀਜੇ ਦੌਰ ਦਾ ਪੰਜਾਬੀ ਨਾਵਲ**

1965 ਤੋਂ ਪਹਿਲਾਂ ਦਾ ਪੰਜਾਬੀ ਨਾਵਲ ਲਗਭਗ ਕਿਸੇ ਨਾ ਕਿਸੇ ਦਿਸ਼ਾ ਮਨੋਰਥ ਅਧੀਨ ਲਿਖਿਆ ਜਾਂਦਾ ਰਿਹਾ ਹੈ। ਯਥਾਰਥਵਾਦੀ ਨਾਵਲ ਜਾਂ ਪ੍ਰਤੀਰੂਪਕ ਨਾਵਲ ਦੇ ਆਰੰਭਕ ਰੂਪ "ਲਹੂ ਮਿਟੀ",, ਵਗਦੀ ਸੀ ਰਾਵੀ' ਤੇ 'ਪਿਉ ਪੁੱਤਰ` ਆਦਿ ਕਈ ਨਾਵਲਾਂ ਵਿਚ ਪ੍ਰਗਟ ਹੁੰਦੇ ਹਨ ਜੋ 1965 ਤੋਂ ਪਿੱਛੋਂ ਦੇ ਪੰਜਾਬੀ ਨਾਵਲ ਲਈ ਖਾਦ ਦਾ ਕੰਮ ਕਰਦੇ ਹਨ। 1965 ਤਕ ਸਿਰਜੇ ਗਏ ਪੰਜਾਬੀ ਨਾਵਲ ਦੀ ਪਰੰਪਰਾ ਤੇ ਪੰਜਾਬੀ ਜੀਵਨ ਦੀਆਂ ਤਬਦੀਲੀਆਂ ਨੇ 1965 ਤੋਂ ਪਿੱਛੋਂ ਦੇ ਨਾਵਲ ਨੂੰ ਇੱਕ ਦਿਸ਼ਾ ਦਿੱਤੀ । 1965 ਤੋਂ ਪਿੱਛੋਂ ਦਾ ਪੰਜਾਬੀ ਨਾਵਲ ਪਹਿਲੇ ਨਾਵਲ ਦੀ ਪਰੰਪਰਾ ਵਾਂਗ ਲੋਕਪੱਖੀ ਸੁਰ ਤਾਂ ਅਪਣਾਉਂਦਾ ਹੈ ਪਰ ਪਹਿਲੇ ਨਾਵਲ ਵਾਂਗ ਇਸ ਨਾਵਲ ਵਿਚ ਲੋਕ-ਪੱਖ ਉੱਭਰਵੇਂ ਰੂਪ ਵਿਚ ਪੇਸ਼ ਨਹੀਂ ਹੁੰਦਾ ਬਲਕਿ ਹੌਲੀ-ਹੌਲੀ ਨਾਵਲ ਸਿਰਜਣਾ ਦੇ ਅਧੀਨ ਵਿਚਰਨ ਲੱਗ ਪੈਂਦਾ ਹੈ। 1965 ਤੋਂ ਪਿੱਛੋਂ ਦੇ ਨਾਵਲ ਦਾ ਮੁੱਖ ਰੁਝਾਨ ਯਥਾਰਥਵਾਦੀ ਹੈ। ਇਹ ਯਥਾਰਥਵਾਦ ਅੱਗੋਂ ਕਈ ਰੂਪਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਦੌਰ ਤੇ ਦੂਜੇ ਦੌਰ ਦਾ ਇਹ ਨਾਵਲ ਵਿਭਿੰਨ ਯਥਾਰਥਵਾਦੀ ਦ੍ਰਿਸ਼ਟੀਆਂ ਤੇ ਆਧੁਨਿਕ ਗਲਪ ਵਿਧੀਆਂ ਦੇ ਪ੍ਰਯੋਗ ਕਾਰਨ ਵੱਖਰਾ ਰੂਪ ਅਖ਼ਤਿਆਰ ਕਰ ਲੈਂਦਾ ਹੈ। ਪੰਜਾਬੀ ਜੀਵਨ ਦੇ ਹਰ ਖੇਤਰ ਵਿਚ ਵਾਪਰੇ ਨਵੇਂ ਪਰਿਵਰਤਨਾਂ ਤੇ ਪੈਦਾ ਹੋਈਆਂ ਨਵੀਆਂ ਪਰਿਸਥਿਤੀਆਂ ਨੇ ਪੰਜਾਬੀ ਨਾਵਲ ਨੂੰ ਨਵੀਂ ਵਸਤੂ-ਸਥਿਤੀ ਤੇ ਅਨੁਭਵ ਤੋਂ ਜਾਣੂ ਕਰਵਾਇਆ। ਇਸ ਦੌਰ ਦੇ ਨਾਵਲ ਨੂੰ ਵਿਧਾਗਤ ਦ੍ਰਿਸ਼ਟੀ ਤੋਂ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇੱਕ ਰੂਪ ਪਰੰਪਰਾਵਾਦੀ ਨਾਵਲ ਹੈ ਜਿਸ ਵਿਚ ਅਜੇ ਤਕ ਵੀ ਕਥਾਨਕ ਨੂੰ ਮਹੱਤਵਪੂਰਨ ਸਥਾਨ ਦਿੱਤਾ ਜਾਂਦਾ ਹੈ। ਇਹ ਨਾਵਲ ਵਸਤੂ-ਸੰਦਰਭ ਨਾਲ ਵਧੇਰੇ ਜੁੜਿਆ ਰਹਿੰਦਾ ਹੈ ਤੇ ਆਧੁਨਿਕ ਗਲਪ-ਵਿਧੀਆਂ ਨੂੰ ਲੋੜ ਅਨੁਸਾਰ ਅਪਣਾਉਂਦਾ ਹੈ। ਦੂਜਾ ਰੂਪ ਆਧੁਨਿਕ ਪੰਜਾਬੀ ਨਾਵਲ ਦਾ ਹੈ ਜਿਸ ਵਿਚ ਵਾਮਨ ਸਮੱਸਿਆਵਾਂ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਇਹਨਾਂ ਨਾਵਲਾਂ ਵਿਚ ਸਮੱਸਿਆਵਾਂ ਦੀ ਉਸਾਰੀ ਮਨੋਵਿਗਿਆਨਕ ਲੱਭਤਾਂ ਦੇ ਆਧਾਰ ਉੱਤੇ ਕੀਤੀ ਜਾਂਦੀ ਹੈ। ਨਵੀਆਂ ਗਲਪ-ਵਿਧੀਆਂ ਦੇ ਪ੍ਰਯੋਗ ਰਾਹੀਂ ਪਾਤਰ ਉਸਾਰੀ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ।

| ਇਸ ਦੌਰ ਦਾ ਪਹਿਲਾ ਪੰਜਾਬੀ ਨਾਵਲਕਾਰ ਸੋਹਣ ਸਿੰਘ ਸੀਤਲ ਨੂੰ ਮੰਨਿਆ ਜਾ ਸਕਦਾ ਹੈ।

ਸੋਹਣ ਸਿੰਘ ਸੀਤਲ (1909)

'ਸਿੱਖ ਰਾਜ ਕਿਵੇਂ ਗਿਆ", 'ਪੁਰਾਤਨ ਸਰਦਾਰ ਘਰਾਣੇ, ਸਿੱਖ ਮਿਸਲਾਂ", 'ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਆਦਿ ਸੀਤਲ ਦੇ ਸਿੱਖ ਇਤਿਹਾਸ ਨਾਲ ਸਬੰਧਤ ਨਾਵਲ ਹਨ। ਸੀਤਲ ਨੇ ਇਹਨਾਂ ਨਾਵਲਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਨਾਵਲਾਂ ਦੀ ਰਚਨਾ ਕੀਤੀ ਜਿਹਨਾਂ ਵਿਚ ਜ਼ਿਕਰਯੋਗ ਨਾਵਲ 'ਜੰਗ ਜਾਂ ਅਮਨ', 'ਤੂਤਾਂ ਵਾਲਾ ਖੂਹ`, ਈਚੋਗਿਲ ਨਹਿਰ ਤਕ' ਤੇ 'ਜੁੱਗ ਬਦਲ ਗਿਆ" ਹੈ। ਸੀਤਲ ਦੇ ਇਹਨਾਂ ਚਾਰੇ ਨਾਵਲਾਂ ਨੂੰ ਪੰਜਾਬੀ ਨਾਵਲ ਸਾਹਿਤ ਦੇ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਮਿਲਿਆ ਹੈ , ਸੀਤਲ ਨੇ ਤੂਤਾਂ ਵਾਲਾ ਖੂਹ' ਤੇ 'ਈਚੋਗਿਲ ਨਹਿਰ ਤਕ' ਨਾਵਲ ਵਿਚ 1947 ਤੋਂ , ਪਹਿਲਾਂ ਸਦੀਆਂ ਤੋਂ ਪ੍ਰਫੁਲਿਤ ਹੋਈ ਪੰਜਾਬੀ ਕੌਮੀਅਤ ਦੀ ਕਥਾ ਤੇ ਸਾਂਝੀ ਪੰਜਾਬੀ ਸੰਸਕ੍ਰਿਤੀ ਨੂੰ ਸਮਕਾਲੀ ਜੀਵਨ ਦੀਆਂ ਘਟਨਾਵਾਂ ਦੀ ਸਿਰਜਣਾ ਰਾਹੀਂ ਸਜੀਵ ਕੀਤਾ ਹੈ। ਜੰਗ ਜਾਂ ਅਮਨ' ਵਿਚ ਜੰਗ ਦੇ ਸੰਕਟ ਸਮੇਂ ਮਨੁੱਖੀ ਹੋਣੀ ਦੇ ਪੱਖ ਨੂੰ ਪੇਸ਼ ਕੀਤਾ ਹੈ। ਜੁੱਗ ਬਦਲ ਗਿਆ" ਵਿਚ ਸੀਤਲ ਨੇ ਪੰਜਾਬ ਦੇ ਯੁੱਗ ਵਿਸ਼ੇਸ਼ ਦੇ ਵਿਸ਼ੇਸ਼ ਖ਼ਿੱਤੇ ਮਾਝੇ ਦੀ ਕਿਰਸਾਨੀ ਜੀਵਨ ਦੀਆਂ ਆਰਥਕ

ਵਿਰੋਧਤਾਵਾਂ ਤੇ ਉਸ ਦੇ ਮਨੁੱਖੀ ਰਿਸ਼ਤਿਆਂ ਉੱਤੇ ਪੈਂਦੇ ਪ੍ਰਭਾਵ ਨੂੰ ਬਹੁਤ ਸੂਖਮਤਾ ਤੇ ਬਾਰੀਕੀ ਨਾਲ ਚਿਤਰਿਆ ਹੈ। ਸੋਹਣ ਸਿੰਘ ਸੀਤਲ ਦੀ ਨਾਵਲ ਦ੍ਰਿਸ਼ਟੀ ਆਲੋਚਨਾਤਮਿਕ ਯਥਾਰਥਵਾਦੀ ਹੈ ਕਿਉਂਕਿ ਉਸ ਨੇ ਆਪਣੇ ਨਾਵਲਾਂ ਵਿਚ ਸਮੱਸਿਆਵਾਂ ਤੇ ਸੰਕਟਾਂ ਨੂੰ ਸਹਿਜ ਅਨੁਭਵ ਰਾਹੀਂ ਹੀ ਸਿਰਜਿਆ ਹੈ ਤੇ ਨਾਵਲਾਂ ਦੇ ਅੰਤ ਵਿਚ ਥੋੜ੍ਹੀ ਆਦਰਸ਼ਕ ਖੋਟ ਵੀ ਪਾ ਦਿੱਤੀ ਹੈ। ਸੀਤਲ ਸੰਬੋਧਨ ਮੁਕਤ ਗਲਪ ਸ਼ੈਲੀ, ਯਥਾਰਥਵਾਦੀ ਜੀਵਨ ਮਈ ਕਥਾਨਕ, ਪਾਤਰਾਂ ਦੀ ਸਭਿਆਚਾਰਕ ਪਿਛੋਕੜ ਵਾਲੀ ਬੋਲੀ ਦਾ ਸਫਲਤਾਪੂਰਵਕ ਪ੍ਰਯੋਗ ਕਰਦਾ ਹੈ।

ਗੁਰਦਿਆਲ ਸਿੰਘ (1933)

ਗੁਰਦਿਆਲ ਸਿੰਘ ਇਸ ਦੌਰ ਦਾ ਇੱਕ ਹੋਰ ਯਥਾਰਥਵਾਦੀ ਨਾਵਲਕਾਰ ਹੈ ਜਿਸ ਰਾਹੀਂ ਪੰਜਾਬੀ ਨਾਵਲ ਨੂੰ ਨਵੀਂ ਦਿਸ਼ਾ ਪ੍ਰਾਪਤੀ ਹੁੰਦੀ ਹੈ। "ਮੜ੍ਹੀ ਦਾ ਦੀਵਾ", 'ਅਣਹੋਏ' . 'ਕੁਵੇਲਾ", 'ਰੇਤੇ ਦੀ ਇੱਕ ਮੁੱਠੀ', 'ਆਥਣ ਉਗਣ' , 'ਅੰਨੇ ਘੋੜੇ ਦਾ ਦਾਨ' , 'ਅੱਧ ਚਾਨਣੀ ਰਾਤ, ਤੇ 'ਪਰਸਾ" ਉਸ ਦੀਆਂ ਪ੍ਰਸਿੱਧ ਨਾਵਲੀ ਰਚਨਾਵਾਂ ਹਨ। ਗੁਰਦਿਆਲ ਸਿੰਘ ਪੰਜਾਬ ਦੀ ਜਗੀਰਦਾਰੀ ਵਿਵਸਥਾ ਤੋਂ ਪੂੰਜੀਵਾਦੀ ਵਿਵਸਥਾ ਵਿਚ ਵਾਪਰਨ ਵਾਲੇ ਪਰਿਵਰਤਨ ਤੇ ਇਸ ਪਰਿਵਰਤਨ ਕਾਰਨ ਪੈਦਾ ਹੋਏ ਮਨੁੱਖੀ ਸੰਕਟ ਤੇ ਤ੍ਰਾਸਦੀ ਦਾ ਲੇਖਕ ਹੈ। ਇਸ ਪਰਿਵਰਤਨ ਤੇ ਜਾਗੀਰੂ-ਪੂੰਜੀਵਾਦੀ ਵਿਵਸਥਾ ਤੋਂ ਪੈਦਾ ਹੋਈਆਂ ਪਰਿਸਥਿਤੀਆਂ ਦੀ ਕਠੋਰਤਾ ਨੂੰ ਉਸ ਨੇ ਆਪਣੇ ਹਰ ਨਾਵਲ ਵਿਚ ਪੇਸ਼ ਕੀਤਾ ਹੈ। ਇਸ ਕਠੋਰਤਾ ਦੇ ਸਨਮੁੱਖ ਮਨੁੱਖ ਦੀ ਨਿਗੂਣੀ ਹੋਂਦ ਦੀ ਤ੍ਰਾਸਦੀ ਉਸ ਦੇ ਨਾਵਲਾਂ ਦਾ ਕੇਂਦਰੀ ਨੁਕਤਾ ਹੈ। "ਅਣਹੋਏ" ਵਿਚ ਨਾਇਕ ਪਾਤਰ ਬਿਸ਼ਨਾ ਸੱਚਾਈ ਉੱਤੇ ਅੜਿਆ ਪਰਿਵਰਤਨ ਦੀਆਂ ਪੈਸਾ ਕੀਮਤਾਂ ਸਾਹਮਣੇ ਮਰ ਮੁੱਕ ਜਾਂਦਾ ਹੈ। "ਅੱਧ ਚਾਨਣੀ ਰਾਤ' ਦਾ ਕੇਂਦਰੀ ਪਾਤਰ ਮੋਦਨ ਵੀ ਕਬਾਇਲੀ ਭਾਵਨਾਵਾਂ ਤੇ ਪੂੰਜੀਵਾਦੀ ਪੈਸਾ ਕੀਮਤਾਂ ਕਾਰਨ ਪੈਦਾ ਹੋਈਆਂ ਸ਼ਕਤੀਆਂ ਦੇ ਟਕਰਾਉ ਕਾਰਨ ਸਾਦਿਕ ਹੋਈ ਭੋਗਦਾ ਹੈ। "ਮੜ੍ਹੀ ਦਾ ਦੀਵਾ' ਵੀ ਪੂੰਜੀਵਾਦੀ ਪਰਿਵਰਤਨ ਕਾਰਨ ਜੱਟ ਤੇ ਸੀਰੀ ਦੇ ਰਿਸ਼ਤੇ ਦੀ ਟੁੱਟ-ਭੱਜ ਤੋਂ ਪੈਦਾ ਹੋਈ ਤ੍ਰਾਸਦੀ ਦੀ ਕਹਾਣੀ ਹੈ। ਗੁਰਦਿਆਲ ਸਿੰਘ ਦਾ ਨਾਵਲ 'ਪਰਸਾ' ਭਾਵੇਂ ਪੰਜਾਬ ਦੇ ਅਤਿਵਾਦੀ ਦੌਰ ਦੇ ਸੰਦਰਭ ਵਿਚ ਲਿਖਿਆ ਹੋਇਆ ਹੈ ਫਿਰ ਵੀ ਇਸ ਨਾਵਲ ਦਾ ਮੂੱਲ ਤਣਾਉ ਪੰਜਾਬੀ ਪਰੰਪਰਾਵਾਦੀ ਸਾਂਸਕ੍ਰਿਤਿਕ ਕਦਰਾਂ-ਕੀਮਤਾਂ ਤੇ ਨਵੇਂ ਪੂੰਜੀਵਾਦੀ ਮੁੱਲਾਂ ਵਿਚ ਹੈ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਪਹਿਲੀ ਵਾਰੀ ਪੰਜਾਬ ਦੀ ਮੱਧ ਸ਼੍ਰੇਣੀ ਦੀ ਥਾਂ ਹੇਠਲੇ ਪੇਂਡੂ ਵਰਗਾਂ ਦਾ ਅਨੁਭਵ ਪੇਸ਼ ਹੋਇਆ ਹੈ। ਵਿਧਾਗਤ ਦ੍ਰਿਸ਼ਟੀ ਤੋਂ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਰੂਪ-ਰਚਨਾ ਪ੍ਰਤਿਰੂਪ ਨਾਵਲ ਵਾਲੀ ਹੈ। ਲੇਖਕ ਆਪਣੀ ਗੱਲ ਸਜੀਵ ਗਲਪ ਬਿੰਬਾਂ ਰਾਹੀਂ ਪ੍ਰਗਟਾਉਂਦਾ ਹੈ। ਆਧੁਨਿਕ ਗਲਪ-ਵਿਧੀਆਂ ਦਾ ਵੀ ਆਂਸ਼ਕ ਰੂਪ ਵਿਚ ਪ੍ਰਯੋਗ ਕਰਦਾ ਹੈ। ਸਮੁੱਚੇ ਰੂਪ ਵਿਚ ਪਰੰਪਰਾਵਾਦੀ ਨਾਵਲ ਵਾਲੀਆਂ ਗਲਪ ਵਿਧੀਆਂ ਹੀ ਲੇਖਕ ਦੀਆਂ ਰਚਨਾਵਾਂ ਵਿਚ ਹੋਰ ਵਿਕਸਤ ਹੁੰਦੀਆਂ ਹਨ।

ਮੋਹਨ ਕਾਹਲੋਂ

ਮੋਹਨ ਕਾਹਲੋਂ ਇਸ ਦੌਰ ਦੇ ਪੰਜਾਬੀ ਨਾਵਲ ਦਾ ਇੱਕ ਹੋਰ ਮਹੱਤਵਪੂਰਨ ਨਾਵਲਕਾਰ ਹੈ। "ਮਛਲੀ ਇੱਕ ਦਰਿਆ ਦੀ", "ਬੇੜੀ ਤੇ ਬਰੇਤਾ", 'ਪਰਦੇਸੀ ਰੁੱਖ', 'ਗੋਰੀ ਨਦੀ ਦਾ ਗੀਤ' , 'ਬਾਰਾਂਦਰੀ ਦੀ ਰਾਣੀ' ਅਤੇ 'ਮੈਂ ਕੁਆਰੀ ਨਹੀਂ ਰਹੀ' ਮੋਹਨ ਕਾਹਲੋਂ ਦੀਆਂ ਛੇ ਨਾਵਲੀ ਰਚਨਾਵਾਂ ਹਨ । ਮੋਹਨ ਕਾਹਲੋਂ ਦੇ ਨਾਵਲ-ਜਗਤ ਦੀ ਪਹਿਲੀ ਵਿਲੱਖਣਤਾ ਇਹ ਹੈ ਕਿ ਉਸ ਨੇ ਪਹਿਲੀ ਵਾਰ ਪੰਜਾਬੀ ਨਾਵਲ ਵਿਚ ਅਰਧ ਪਹਾੜੀ ਤੇ ਰਾਵੀ ਨਾਲ ਲਗਦੇ ਪੂਰਬੀ ਪੰਜਾਬ ਦੇ ਜ਼ਿਲ੍ਹੇ ਗੁਰਦਾਸਪੁਰ ਦੇ ਮਲਾਹਾਂ, ਗੁੱਜਰਾਂ ਤੇ ਹੋਰ ਜਾਤੀਆਂ ਦੇ ਜੀਵਨ ਰਾਹੀਂ ਇਸ ਖੇਤਰ-ਵਿਸ਼ੇਸ਼ ਦੇ ਜੀਵਨ ਨੂੰ ਪੇਸ਼ ਕੀਤਾ ਹੈ। ਲੇਖਕ ਦਾ ਮਨੋਰਥ ਪਾਤਰਾਂ ਜਾਂ ਘਟਨਾਵਾਂ ਸਿਰਜਣਾ ਨਹੀਂ ਬਲਕਿ ਪਾਤਰਾਂ ਤੇ ਘਟਨਾਵਾਂ ਰਾਹੀਂ ਉਸ ਖੇਤਰ ਵਿਸ਼ੇਸ਼ ਦੇ ਜੀਵਨ ਨੂੰ ਪੇਸ਼ ਕਰਨਾ ਹੈ। ਇਹ ਉਹ ਖ਼ਿੱਤਾ ਹੈ ਜਿੱਥੇ ਰਾਵੀ ਪਹਾੜ ਤੋਂ ਉਤਰ ਕੇ ਮੈਦਾਨ ਵਿਚ ਆਉਂਦੀ ਹੈ। ਇਹ ਖੇਤਰ ਚੰਬੇ ਤੋਂ ਲੈ ਕੇ ਡੇਰਾ ਬਾਬਾ ਨਾਨਕ ਤਕ ਫੈਲਿਆ ਹੋਇਆ ਲੇਖਕ ਇਹਨਾਂ ਨਾਵਲੀ ਰਚਨਾਵਾਂ ਵਿਚ ਇਸ ਖ਼ਿੱਤੇ ਦੀ ਵਿਸ਼ੇਸ਼ ਜੀਵਨ-ਪੱਧਤੀ ਨੂੰ ਪੇਸ਼ ਕਰਦਾ ਹੈ। ਇਹ ਜੀਵਨ ਪੱਧਤੀ ਆਧੁਨਿਕ ਜੀਵਨ ਦੇ ਮੁੱਲਾਂ ਤੋਂ ਅਭਿੱਜ ਹੈ। ਜਨ-ਸਮੂਹ ਦਾ ਜੀਵਨ-ਨਿਰਬਾਹ ਬੇੜੀ ਚਲਾਉਣ, ਪਸ਼ੂ ਪਾਲਣ ਤੇ ਖੇਤੀ ਉੱਤੇ ਆਧਾਰਤ ਹੈ। ਸਮੁੱਚਾ ਜੀਵਨ ਪਰੰਪਰਾਵਾਦੀ ਮੁੱਲਾਂ ਵਿਚ ਬੱਝਿਆ ਹੋਇਆ ਹੈ। ਲੇਖਕ ਨੇ ਆਪਣੇ ਇਹਨਾਂ ਨਾਵਲਾਂ ਵਿਚ ਇਸ ਜੀਵਨ ਦੇ ਆਰਥਕ ਤੇ ਸਾਂਸਕ੍ਰਿਤਿਕ -ਮੁੱਲਾਂ ਦੀ ਪਾਤਰਾਂ ਉੱਤੇ ਕਠੋਰ ਪਕੜ ਦਰਸਾਈ ਹੈ। ਆਰਥਕ ਸੰਕਟ ਤੇ ਸਾਂਸਕ੍ਰਿਤਿਕ ਮੁੱਲਾਂ ਦੀ ਕਠੋਰਤਾ ਕਾਰਨ ਹੀ ਪਾਤਰ ਦੁਖਾਂਤ ਭੋਗਦੇ ਹਨ । ਇਸ ਸਾਹ ਘੁਟਵੇਂ ਦੁਖਾਂਤ ਵਿਚੋਂ ਹੀ ਪਾਤਰ ਅਸਮਾਜਿਕ ਜਿਨਸੀ ਸੰਬੰਧਾਂ ਰਾਹੀਂ ਪਤੀ ਭਾਲਦੇ ਹਨ ਜੋ ਅੰਤ ਵਿਚ ਦੁਖਾਂਤ ਦਾ ਕਾਰਨ ਬਣਦੀ ਹੈ। ਲੇਖਕ ਨੇ ਆਪਣੀਆਂ ਨਾਵਲੀ ਰਚਨਾਵਾਂ ਵਿਚ ਇਸਤਰੀ ਪਾਤਰਾਂ ਨੂੰ ਕੇਂਦਰੀ ਸਥਾਨ ਦਿੱਤਾ ਹੈ। ਬੇੜੀ ਤੇ ਬਰੇਤਾ" ਦੀ 'ਸਾਹਣੀ' ਤੇ 'ਮਛਲੀ ਇੱਕ ਦਰਿਆ ਦੀ ਮੁੱਖ ਪਾਤਰ 'ਰਤਨੋ' ਯਾਦਗਾਰੀ ਪਾਤਰ ਹਨ। ਕਾਹਲੋਂ ਦੀ ਨਾਵਲ ਕਲਾ ਦਾ ਇੱਕ ਹੋਰ ਮਹੱਤਵਪੂਰਨ ਪੱਖ ਉਸ ਦੀ ਪ੍ਰਤੀਕਾਤਮਿਕ ਸ਼ੈਲੀ ਹੈ। ਉਸ ਦੀ ਭਾਸ਼ਾ ਇਸ ਖ਼ਿੱਤੇ ਦੀ ਅਰਧ ਪਹਾੜੀ ਬੋਲੀ ਹੈ। ਪਾਤਰਾਂ ਤੇ ਸਥਿਤੀਆਂ ਅਨੁਸਾਰ ਇਹ ਭਾਸ਼ਾ ਆਪਣਾ ਰੂਪ ਬਦਲ ਲੈਂਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਾਹਲੋਂ ਪਾਤਰਾਂ ਨੂੰ ਸਿਰਜਣ ਸਮੇਂ ਪਾਤਰ ਦੇ ਧਰਮ ਤੇ ਜਾਤੀ ਦੇ ਪਿਛੋਕੜ ਵਾਲਾ ਸਾਂਸਕ੍ਰਿਤਿਕ ਲਹਿਜ਼ਾ ਸਿਰਜਣ ਵਿਚ ਮਾਹਿਰ ਹੈ।

**ਸੁਖਬੀਰ (1926)**

ਸੁਖਬੀਰ ਨੇ ਹੁਣ ਤਕ 'ਪਾਣੀ ਤੇ ਪੁਲ' (1964), "ਰਾਤ ਦਾ ਚਿਹਰਾ ,ਸੜਕਾਂ ਤੇ ਕਮਰੇ' (1970), "ਗਰਦਸ਼' (1973), "ਉੱਖੜੇ ਹੋਏ ਪੈਰ (1974) ਤੇ ਅੱਧੇ ਪੌਣੇ (1981) ਨਾਵਲ ਲਿਖੇ ਹਨ। ਸੁਖਬੀਰ ਅਨੁਸਾਰ ਉਸ ਦਾ ਨਾਵਲ 'ਰਾਤ ਦਾ ਚਿਹਰਾ ਲਿਖਿਆ ਪਹਿਲਾਂ ਗਿਆ ਸੀ ਤੇ ਛਪਿਆ ਬਆਦ ਵਿਚ 'ਪਾਣੀ ਤੇ ਪੁਲ` ਤੋਂ ਪਿੱਛੋ ਹੈ। ਇਨ੍ਹਾਂ ਨਾਵਲਾਂ ਤੋਂ ਵੀ ਪਹਿਲਾਂ ਸੁਖਬੀਰ ਨੇ ਬੱਚਿਆਂ ਲਈ ਇੱਕ ਨਾਵਲ 'ਕੱਚ ਦਾ ਸ਼ਹਿਰ ਲਿਖਿਆ ਸੀ। ਸੁਖਬੀਰ ਪੰਜਾਬ ਦਾ ਇੱਕ ਅਜਿਹਾ ਨਾਵਲਕਾਰ ਹੈ ਜੋ ਲੰਮੇ ਅਰਸੇ ਤੋਂ ਮੁੰਬਈ ਰਹਿ ਰਿਹਾ ਹੈ। ਸੁਖਬੀਰ ਨੇ ਆਪਣਾ ਸਾਰਾ ਜੀਵਨ ਕੁਲ ਵਕਤੀ ਲੇਖਕ ਬਣ ਕੇ ਬਿਤਾਇਆ ਹੈ। ਪੰਜਾਬੀ ਨਾਵਲ ਵਿਚ ਮਹਾਂ ਨਗਰ ਦੇ ਜੀਵਨ ਅਨੁਭਵ ਨੂੰ ਸਭ ਤੋਂ ਪਹਿਲਾਂ ਸੁਖਬੀਰ ਨੇ ਹੀ ਆਪਣੇ ਨਾਵਲਾਂ ਰਾਹੀਂ ਪੇਸ਼ ਕੀਤਾ ਹੈ। ਗਰਦਸ਼', 'ਸੜਕਾਂ ਤੇ ਕਮਰੇ' ਤੇ 'ਅੱਧੇ ਪੌਣੇ ਨਾਵਲੀ ਰਚਨਾਵਾਂ ਇਸ ਅਨੁਭਵ ਦੇ ਚਿਤਰਨ ਪੱਖੋਂ ਮਹੱਤਵਪੂਰਨ ਰਚਨਾਵਾਂ ਹਨ।

ਸੁਖਬੀਰ 'ਰਾਤ ਦਾ ਚਿਹਰਾ ਵਿਚ ਇੱਕ ਕੱਟੇ ਹੋਏ ਪਰਾਂ ਵਾਲੀ ਪਰੀ ਦੇ ਪ੍ਰਤੀਕ ਰਾਹੀਂ ਦੇਸ਼ ਦੀ ਆਜ਼ਾਦੀ ਉਪਰੰਤ ਲੋਕਾਂ ਦੀ ਆਰਥਕ-ਸਮਾਜਕ ਦੁਰਦਸ਼ਾ ਦੀ ਸਥਿਤੀ ਉੱਤੇ ਵਿਅੰਗ ਕਰਦਾ ਹੈ। ਪ੍ਰਤੀਕਾਤਮਿਕ ਸ਼ੈਲੀ ਵਿਚ ਲਿਖਿਆ ਇਹ ਇੱਕ ਲੰਮਾ ਕਾਵਿ ਨਾਵਲ ਹੈ। "ਪਾਣੀ ਤੇ ਪੁਲ' ਵਿਚ ਮਾਂ ਤੇ ਧੀ ਦੇ ਇੱਕੋ ਅਜਨਬੀ ਵਿਅਕਤੀ ਨਾਲ ਪ੍ਰੇਮ ਦੀ ਤਿਕੋਣ ਰਾਹੀਂ ਮਨੁੱਖ ਦੀ ਦੁਬਿਧਾ ਗ੍ਰਸਤ ਸਥਿਤੀ ਨੂੰ ਸਿਰਜਿਆ ਗਿਆ ਹੈ। 'ਗਰਦਸ਼` ਵਿਚ ਵਿਅਕਤੀ ਦੇ ਰੁਮਾਂਟਿਕ ਪਿਆਰ ਦੇ ਸੁਪਨੇ ਦੀ ਖਿੱਚ ਤੇ ਦੁਖਾਂਤ ਨੂੰ ਚਿਤਰਿਆ ਗਿਆ ਹੈ। "ਅੱਧੇ ਪੌਣੇ ਵਿਚ ਸੁਖਬੀਰ ਨੇ ਹਮ ਜਿਨਸੀ ਮੁੰਡੇ ਤੇ ਇੱਕ ਪੇਸ਼ਾਵਰ ਔਰਤ ਦੇ ਪਿਆਰ ਨੂੰ ਅਣਮਨੁੱਖੀ ਪੂੰਜੀਵਾਦੀ ਪੈਸਾ ਕੀਮਤਾਂ ਤੋਂ ਪੈਦਾ ਹੋਈ ਕਠੋਰ ਸਥਿਤੀ ਦੇ ਸਨਮੁੱਖ ਪੇਸ਼ ਕੀਤਾ ਹੈ। "ਰਾਤ ਦਾ ਚਿਹਰਾ" ਨੂੰ ਛੱਡ ਕੇ ਲੇਖਕ ਦੇ ਸਾਰੇ ਨਾਵਲ ਪਾਤਰਾਂ ਦੀਆਂ ਵਿਸ਼ੇਸ਼ ਸਥਿਤੀਆਂ ਤੇ ਵਿਸ਼ੇਸ਼ ਸੁਭਾਅ ਦੀ ਉਪਜ ਹਨ ਜੋ ਪਾਤਰਾਂ ਦੇ ਇਤਿਹਾਸਕ-ਸਮਾਜਕ ਸੰਦਰਭ ਨੂੰ ਉਸਾਰਨ ਨਾਲੋਂ ਪਾਤਰਾਂ ਦੀਆਂ ਮਾਨਸਿਕ ਦੁਬਿਧਾਵਾਂ ਤੇ ਸਥਿਤੀਆਂ ਨੂੰ ਪ੍ਰਗਟਾਉਣ ਉੱਤੇ ਕੇਂਦਰਿਤ ਹਨ। ਪਾਤਰਾਂ ਦੀ ਮਾਨਸਿਕਤਾ ਨੂੰ ਲੇਖਕ ਪ੍ਰਤੀਕਾਂ, ਚਿੰਨ੍ਹਾਂ ਤੇ ਕਾਵਿਮਈ ਭਾਸ਼ਾ ਰਾਹੀਂ ਪ੍ਰਗਟਾਉਂਦਾ ਹੈ। ਇਹ ਕਵਿਤਾ ਕਈ ਵਾਰ ਯਥਾਰਥ ਨੂੰ ਧੁੰਦਲਾ ਵੀ ਕਰਦੀ ਹੈ। ਲੇਖਕ ਦਾ ਨਾਵਲ ਸੜਕਾਂ ਤੇ ਕਮਰੇ' ਪਹਿਲੇ ਨਾਵਲਾਂ ਤੋਂ ਭਿੰਨਤਾ ਰੱਖਣ ਕਾਰਨ ਇੱਕ ਅਪਵਾਦ ਹੈ। ਇਸ ਨਾਵਲ ਵਿਚ ਪ੍ਰਤੀਨਿਧ ਸਥਿਤੀਆਂ ਤੇ ਪਾਤਰਾਂ ਦੇ ਸਿਰਜਣ ਰਾਹੀਂ ਬੰਬਈ ਮਹਾਂਨਗਰ ਦੇ ਜੀਵਨ ਤੇ ਸਮੁੱਚੇ ਸਭਿਆਚਾਰ ਨੂੰ ਸਿਰਜਣ ਦਾ ਯਤਨ ਕੀਤਾ ਗਿਆ ਹੈ। ਇਸ ਨਾਵਲ ਵਿਚ ਪਾਤਰਾਂ ਤੇ ਸਥਿਤੀਆਂ ਦੇ ਇਤਿਹਾਸਕ ਸਮਾਜਕ ਸੰਦਰਭ ਨੂੰ ਸਿਰਜਿਆ ਗਿਆ ਹੈ।

ਪੰਜਾਬੀ ਦੇ ਪ੍ਰਸਿੱਧ ਗਲਪ ਆਲੋਚਕ ਡਾ. ਰਘਬੀਰ ਸਿੰਘ ਸਿਰਜਣਾ ਨੇ ਕਿਹਾ ਹੈ ਕਿ ਸੁਖਬੀਰ ਦੇ ਲਗਭਗ ਸਾਰੇ ਹੀ ਪਾਤਰ ਭਟਕਣ, ਗਰਦਸ਼, ਬੇਚੈਨੀ, ਅਕੇਵਾਂ, ਇਕੱਲ, ਉਦਾਸੀ, ਬਿਮਾਰੀ, ਬੇਕਾਰੀ ਦੀ ਹੋਣੀ ਹੰਢਾ ਰਹੇ ਹਨ | ਪਾਤਰਾਂ ਦੀ ਇਹ ਸਥਿਤੀ ਸੁਖਬੀਰ ਦੇ ਨਿਰਾਸ਼ਾ ਤੇ ਵਿਸ਼ਾਦਗ੍ਰਸ਼ਤ ਮੱਧਸ਼੍ਰੇਣਿਕ ਦ੍ਰਿਸ਼ਟੀਕੋਣ ਦੀ ਉਪਜ ਹੈ। ਸੁਖਬੀਰ ਦੀ ਗਲਪ-ਦ੍ਰਿਸ਼ਟੀ ਵਿਚ ਦੁਫੇੜ ਹੈ। ਇੱਕ ਪਾਸੇ ਉਹ ਮਨੋਵਿਗਿਆਨ ਦੀਆਂ ਆਧੁਨਿਕ ਵਿਧੀਆਂ ਅਨੁਸਾਰ ਪਾਤਰਾਂ ਦੇ ਮਨ ਦੀਆਂ ਦੁਬਿਧਾਵਾਂ, ਨਿਰਾਸ਼ਾ, ਵਿਸ਼ਾਦ ਆਦਿ ਦਾ ਸਿਰਜਣ ਵਿਸ਼ੇਸ਼ ਸਥਿਤੀਆਂ ਰਾਹੀਂ ਕਰਦਾ ਹੈ ਤੇ ਦੂਜੇ ਪਾਸੇ ਇਹਨਾਂ ਸਮੱਸਿਆਵਾਂ ਦਾ ਆਸ਼ਾਜਨਕ ਹੱਲ (ਨਾਵਲਾਂ ਤੇ ਅੰਤ ਵਿਚ) ਸਦਾਚਾਰਕ ਨਿਯਮਾਂ ਅਨੁਸਾਰ ਕਰਦਾ ਹੈ ਜੋ ਉਸ ਦੀ ਪ੍ਰਗਤੀਵਾਦੀ ਆਦਰਸ਼ਵਾਦੀ ਬਿਰਤੀ ਦਾ ਸੂਚਕ ਹੈ। ਸੁਰਜੀਤ ਹਾਂਸ ਦਾ "ਮਿੱਟੀ ਦੀ ਢੇਰੀ' ਯਥਾਰਥਵਾਦੀ ਪਰੰਪਰਾ ਦਾ ਇੱਕ ਹੋਰ ਮਹੱਤਵਪੂਰਨ ਨਾਵਲ ਹੈ। ਓਮ ਪ੍ਰਕਾਸ਼ ਗਾਸੋ ਨੇ ਵੀ ਸੁਪਨੇ ਤੇ ਸੰਸਕਾਰ', 'ਕੱਪੜਵਾਸ' ਤੇ "ਪੰਜਨਾਦ' ਆਦਿ ਨਾਵਲਾਂ ਦੀ ਸਿਰਜਣਾ ਕੀਤੀ ਹੈ। ਪਰ ਗਾਸੋ ਸਿਰਜਣਾਤਮਿਕਤਾ ਦੀ ਕਮੀ ਕਾਰਨ ਬਹੁਤਾ ਪ੍ਰਭਾਵ ਨਹੀਂ ਪਾ ਸਕਿਆ।

**ਸੁਰਜੀਤ ਸਿੰਘ ਸੇਠੀ (1928-1995).**

ਪੰਜਾਬੀ ਨਾਵਲ ਦੀ ਪਰੰਪਰਾਵਾਦੀ ਯਥਾਰਥਵਾਦੀ ਧਾਰਾ ਦੇ ਬਰਾਬਰ ਹੀ ਆਧੁਨਿਕਤਾਵਾਦੀ ਨਾਵਲਕਾਰ ਵੀ ਨਾਵਲ ਸਿਰਜਣਾ ਵਿਚ ਰੁੱਝੇ ਰਹੇ ਹਨ। ਆਧੁਨਿਕਤਾਵਾਦੀ ਨਾਵਲਕਾਰਾਂ ਵਿਚੋਂ ਸੁਰਜੀਤ ਸਿੰਘ ਸੇਠੀ ਮੋਹਰੀ ਹੈ। ਉਸ ਦੇ ਜ਼ਿਕਰਯੋਗ ਨਾਵਲ ਇੱਕ ਖਾਲੀ ਪਿਆਲਾ" , "ਆਬਰਾ ਕਦਾਬਰਾ, "ਸੈਲ ਪੱਥਰ', 'ਡੁੱਬਦੇ ਸੂਰਜ ਨੂੰ ਸਲਾਮ' ਤੇ 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ" ਹਨ। ਸੇਠੀ ਇੱਕ ਪ੍ਰਯੋਗਵਾਦੀ ਨਾਵਲਕਾਰ ਹੈ। ਜੋ ਪੱਛਮ ਦੀਆਂ ਗਲਪ-ਵਿਧੀਆਂ ਦਾ ਪੰਜਾਬੀ ਨਾਵਲ ਵਿਚ ਪ੍ਰਯੋਗ ਕਰਦਾ ਹੈ। ਪੰਜਾਬੀ ਨਾਵਲ ਵਿਚ ਸੇਠੀ ਦੀ ਨਾਵਲਕਾਰ ਦੇ ਤੌਰ ਤੇ ਪਛਾਣ 'ਇੱਕ ਖ਼ਿਆਲੀ ਪਿਆਲਾ" ਨਾਲ ਹੀ ਬਣਦੀ ਹੈ। ਇਸ ਨਾਵਲ ਵਿਚ ਸੇਠੀ ਨੇ ਨਾਵਲ ਦੀ ਕੇਂਦਰੀ ਪਾਤਰ ਰੋਮਾਂ ਦੀ ਮਾਨਸਿਕ ਸਥਿਤੀ ਨੂੰ ਬਿਆਨ ਕੀਤਾ ਹੈ ਜੋ ਆਪਣੇ ਮਾਤਾ-ਪਿਤਾ ਦੀ ਤ੍ਰਾਸਦੀ ਤੋਂ ਡਰਦੀ ਤੇ ਆਪਣੀ ਭਾਵੁਕ ਚੋਣ ਕਾਰਨ ਕਈ ਪਤੀ ਬਦਲਦੀ ਅੰਤ ਨੂੰ ਖਾਲੀ ਪਿਆਲਾ ਬਣ ਜਾਂਦੀ ਹੈ। ਡੁੱਬਦੇ ਸੂਰਜ ਨੂੰ ਸਲਾਮ' ਰਾਹੀਂ ਬੁਢਾਪੇ ਵਿਚ ਮਨੁੱਖ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ। ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ ਵਿਚ ਜਲਿਆਂ ਵਾਲੇ ਬਾਗ਼ ਦੀ ਘਟਨਾ ਨੂੰ ਜਨਰਲ ਡਾਇਰ ਦੇ ਹੀਣ ਭਾਵ ਤੋਂ ਉਪਜੇ ਮਾਨਸਿਕ ਦਵੰਦ ਰਾਹੀਂ ਪੇਸ਼ ਕੀਤਾ ਗਿਆ ਹੈ। ਸੁਰਜੀਤ ਸਿੰਘ ਸੇਠੀ ਆਪਣੇ ਨਾਵਲਾਂ ਵਿਚ ਘਟਨਾਵਾਂ ਦੀ ਥਾਂ ਪਾਤਰਾਂ ਦੀ ਉਸਾਰੀ ਵੱਲ ਵਧੇਰੇ ਧਿਆਨ ਦੇਂਦਾ ਹੈ। ਪਾਤਰ-ਉਸਾਰੀ ਵੇਲੇ ਵੀ ਆਧੁਨਿਕ ਗਲਪ-ਵਿਧੀਆਂ ਦੇ ਪ੍ਰਯੋਗ ਰਾਹੀਂ ਉਹ ਪਾਤਰਾਂ ਦੇ ਜਿਨਸੀ ਸੰਬੰਧਾਂ ਦੇ ਵਿਸ਼ਲੇਸ਼ਣ ਉੱਤੇ ਲੋੜੋਂ ਵੱਧ ਕੇਂਦਰਿਤ ਰਹਿੰਦਾ ਹੈ। ਗਲਪ-ਸ਼ੈਲੀ ਦੇ ਦ੍ਰਿਸ਼ਟੀਕੋਣ

ਤੋਂ ਉਹ ਨਾਵਲਾਂ ਵਿਚ ਬਿਰਤਾਂਤ ਚਿੱਤਰ ਦੀ ਥਾਂ ਦ੍ਰਿਸ਼ ਚਿੱਤਰ ਸਿਰਜਦਾ ਹੈ। ਇਹਨਾਂ ਦ੍ਰਿਸ਼ ਚਿੱਤਰਾਂ ਵਿਚੋਂ ਅਰਥ ਪਾਠਕ ਨੂੰ ਆਪ ਲੱਭਣੇ ਪੈਂਦੇ ਹਨ । ਇਸ ਲਈ ਆਮ ਸਾਧਾਰਨ ਪਾਠਕ ਇਹਨਾਂ ਨਾਵਲਾਂ ਤੋਂ ਰਸ ਪ੍ਰਾਪਤ ਨਹੀਂ ਕਰ ਸਕਦਾ। ਸੇਠੀ ਦੇ ਨਾਵਲ ਪਾਠਕ ਤੋਂ ਵਿਕਸਤ ਬੁੱਧੀ ਦੀ ਮੰਗ ਕਰਦੇ ਹਨ।

**ਨਿਰੰਜਨ ਤਸਨੀਮ (1929)**

ਨਿਰੰਜਨ ਤਸਨੀਮ ਪੰਜਾਬੀ ਦਾ ਅਜਿਹਾ ਨਾਵਲਕਾਰ ਹੈ ਜਿਸ ਨੇ ਉਰਦੂ, ਹਿੰਦੀ, ਅੰਗਰੇਜ਼ੀ ਤੇ ਪੰਜਾਬੀ ਚਾਰ ਜ਼ੁਬਾਨਾਂ ਵਿਚ ਨਾਵਲ ਰਚਨਾ ਕੀਤੀ ਹੈ। ਉਸ ਦੇ ਹਿੰਦੀ ਤੇ ਉਰਦੂ ਵਿਚ ਇੱਕ-ਇੱਕ ਤੇ ਅੰਗਰੇਜ਼ੀ ਵਿਚ ਦੋ ਨਾਵਲ ਛਪੇ ਹਨ। ਵਧੇਰੇ ਹੁਣ ਤਕ ਉਸ ਦੇ ਨੇ ਨਾਵਲ ਛਪ ਚੁੱਕੇ ਹਨ। ਜਿਹਨਾਂ ਵਿਚੋਂ ਪਰਛਾਵੇਂ, ਹਨੇਰਾ ਹੋਣ ਤਕ', 'ਕਸਕ' ਤੇ 'ਰੇਤ ਛੱਲ ਉਸ ਦੇ ਪੱਖ ਨਾ ਸਿਰਜਣਾ ਤੋਂ ਇਲਾਵਾ ਉਹ ਲਗਾਤਾਰ ਨਾਵਲ ਆਲੋਚਨਾ ਵਿਚ ਵੀ ਸਰਗਰਮ ਰਿਹਾ ਹੈ। ਇਸ ਸਬੰਧ ਵਿਚ ਉਸ ਦੀਆਂ ਚਾਰ ਪੁਸਤਕਾਂ ਮਿਲਦੀਆਂ ਹਨ।

ਨਿਰੰਜਨ ਤਸਨੀਮ 1966 ਤੋਂ ਲਗਾਤਾਰ ਨਾਵਲ ਸਿਰਜਣਾ ਵਿਚ ਰੁੱਝਿਆ ਹੈ। ਲੇਖਕ ਨੂੰ ਸੇਠੀ ਵਾਂਗ ਮਨੁੱਖੀ ਮਨ ਦੀਆਂ ਦੁਬਿਧਾਵਾਂ, ਉਲਝਣਾਂ ਸਿਰਜਣ ਪ੍ਰਯੋਗਵਾਦੀ ਨਾਵਲਕਾਰ ਮੰਨਿਆ ਜਾਂਦਾ ਹੈ।

**ਗਿਆਨੀ ਕੇਸਰ ਸਿੰਘ (1913)**

ਗਿਆਨੀ ਕੇਸਰ ਸਿੰਘ ਪੰਜਾਬੀ ਦਾ ਇੱਕ ਹੋਰ ਵਿਲੱਖਣ ਅਨੁਭਵ ਵਾਲਾ ਲੇਖਕ ਹੈ। ਜਿਸ ਨੇ ਆਪਣਾ ਸਾਹਿੱਤਿਕ ਮਨੋਰਥ ਸੁਤੰਤਰਤਾ ਸੰਗਰਾਮ ਸਮੇਂ ਦੇ ਪੰਜਾਬੀ ਸ਼ਹੀਦਾਂ ਦੀਆਂ ਜੀਵਨ ਕਥਾਵਾਂ ਨੂੰ ਨਾਵਲੀ ਰੂਪ ਦੇਣਾ ਬਣਾਇਆ ਹੋਇਆ ਹੈ। ਉਸ ਨੇ ਆਪਣੇ ਬਹੁਤੇ ਨਾਵਲਾਂ ਵਿਚ ਭਾਰਤ ਤੋਂ ਬਾਹਰ ਲੜੇ ਗਏ ਸੁਤੰਤਰਤਾ-ਸੰਗਰਾਮ ਨੂੰ ਵਿਸ਼ਾ ਬਣਾਇਆ ਹੈ। "ਲਹਿਰ ਵਧਦੀ ਗਈ, "ਬਾਬਾ ਹਰੀ ਸਿੰਘ ਉਸਮਾਨ', 'ਜੰਗੀ ਕੈਦੀ, "ਅਮਰ ਸ਼ਹੀਦ ਮਦਨ ਲਾਲ ਢੀਂਗਰਾ, "ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ' ਤੇ 'ਵਾਰਸ ਸ਼ਾਹ ਦੀ ਮੌਤ ਆਦਿ ਉਸ ਦੇ ਪ੍ਰਮੁੱਖ ਨਾਵਲ ਹਨ।

ਇਹਨਾਂ ਨਾਵਲਾਂ ਵਿਚ ਪੇਸ਼ ਸੁਤੰਤਰਤਾ ਸੰਗਰਾਮੀਆਂ ਦੀਆਂ ਜੀਵਨੀਆਂ ਦੇ ਗਲਪੀਕਰਨ ਸਮੇਂ ਲੇਖਕ ਕੋਲ ਕਲਪਨਾ ਸ਼ਕਤੀ ਦੀ ਘਾਟ ਹੈ। ਲੇਖਕ ਬਹੁਤਾ ਸ਼ਹੀਦਾਂ ਦੇ ਜੀਵਨ ਦੇ ਤੱਥਾਂ ਉੱਤੇ ਹੀ ਕੇਂਦਰਿਤ ਰਹਿੰਦਾ ਹੈ ਜੋ ਰਚਨਾਵਾਂ ਨੂੰ ਨਾਵਲ ਨਹੀਂ ਬਣਨ ਦੇਂਦੇ। ਦੂਜਾ ਲੇਖਕ ਨਾਵਲ ਰਚਨਾਵਾਂ ਵਿਚ ਨਿਸ਼ਚਤ ਪ੍ਰਤੀਮਾਨਕ ਪਾਤਰ ਸਿਰਜਦਾ ਹੈ ਜੋ ਮਾਨਵੀ ਘੱਟ ਜਾਪਦੇ ਹਨ। ਸ਼ਹੀਦਾਂ ਨੂੰ ਅਡੋਲ ਤੇ ਅਟੱਲ ਨਾਇਕਾਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ । ਲੇਖਕ ਦੀ ਦ੍ਰਿਸ਼ਟੀ ਮਾਰਕਸਵਾਦੀ ਹੈ ਪਰ ਉਹ ਮਾਰਕਸਵਾਦ ਨੂੰ ਮਕਾਨਕੀ ਰੂਪ ਵਿਚ ਹੀ ਵਰਤਦਾ ਹੈ। ਜਮਾਤੀ ਵੰਡ ਸਬੰਧੀ ਹਰ ਨਾਵਲ ਵਿਚ ਕਿਸੇ ਨਾ ਕਿਸੇ ਪਾਤਰ ਤੋਂ ਭਾਸ਼ਣ ਕਰਵਾਇਆ ਗਿਆ ਹੈ। ਲੇਖਕ ਦੇ ਨਾਵਲ 'ਜੰਗੀ ਕੈਦੀ' ਵਿਚ ਵੀ ਭਾਸ਼ਣ ਵਿਧੀ ਥਾਂ ਪੁਰ ਥਾਂ ਵਰਤੀ ਗਈ ਹੈ। ਇਸ ਨਾਵਲ ਦੇ ਵਿਲੱਖਣ ਅਨੁਭਵ ਜੋ ਦੂਜੇ ਵਿਸ਼ਵ ਯੁੱਧ ਨਾਲ ਸਬੰਧਤ ਹਨ ਵਿਸ਼ੇਸ਼ ਮਹੱਤਵ ਦੇ ਧਾਰਨੀ ਹਨ। ਦੂਜਾ ਨਾਵਲ ਵਿਚ ਪੇਸ਼ ਜਮਾਤੀ ਦ੍ਰਿਸ਼ਟੀਕੋਣ ਤੋਂ ਪੇਸ਼ ਰਾਸ਼ਟਰਵਾਦ, ਨਸਲਵਾਦ ਪੰਜਾਬੀ ਪਾਠਕ ਲਈ ਅਸਲੋਂ ਨਵਾਂ ਸੀ ਜਿਸ ਕਾਰਨ ਇਸ ਨਾਵਲ ਨੂੰ ਕਾਫ਼ੀ ਪ੍ਰਸਿੱਧੀ ਮਿਲੀ ਹੈ। ਸਮੁੱਚੇ ਤੌਰ ਤੇ ਗਿਆਨੀ ਕੇਸਰ ਸਿੰਘ ਪ੍ਰਗਤੀਵਾਦੀ ਆਦਰਸ਼ਵਾਦੀ ਮਾਨਵਵਾਦੀ ਦ੍ਰਿਸ਼ਟੀ ਵਾਲਾ ਲੇਖਕ ਹੈ।

**ਦਲੀਪ ਕੌਰ ਟਿਵਾਣਾ (1932) .**

ਦਲੀਪ ਕੌਰ ਟਿਵਾਣਾ 1967 ਤੋਂ ਨਾਵਲ ਰਚਨਾ ਵਿਚ ਰੁੱਝੀ ਹੋਈ ਹੈ। ਉਸ ਨੇ ਹੁਣ ਤਕ ਡੇਢ ਦਰਜਨ ਦੇ ਕਰੀਬ ਨਾਵਲ ਲਿਖੇ ਹਨ। ਉਸ ਦੇ ਬਹੁਤੇ ਨਾਵਲ ਆਕਾਰ ਵਿਚ ਛੋਟੇ ਹਨ। "ਅਗਨੀ ਪ੍ਰੀਖਿਆ` , 'ਏਹੁ ਹਮਾਰਾ ਜੀਵਣਾ', 'ਤੀਲੀ ਦਾ ਨਿਸ਼ਾਨ', 'ਦੂਸਰੀ ਸੀਤਾ", 'ਹਸਤਾਖ਼ਰ', 'ਪੈੜ ਚਾਲ', 'ਲੰਘ ਗਏ ਦਰਿਆ' ਤੇ 'ਕਥਾ ਕੁਕਨੁਸ ਦੀ ਉਸ ਦੀਆਂ ਮਹੱਤਵਪੂਰਨ ਰਚਨਾਵਾਂ ਹਨ। ਉਹ ਆਪਣੇ ਨਾਵਲਾਂ ਵਿਚ ਇਸਤਰੀ ਨਾਲ ਸਬੰਧਤ ਸਮੱਸਿਆਵਾਂ ਨੂੰ ਇਸਤਰੀ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀ ਹੈ। ਉਹ ਆਪਣੇ ਨਾਵਲਾਂ ਵਿਚ ਇਸਤਰੀ ਨੂੰ ਵਧੇਰੇ ਹਮਦਰਦੀ ਨਾਲ ਚਿਤਰਦੀ ਹੈ। ਉਸ ਦੇ ਨਾਵਲਾਂ ਵਿਚ ਮੁੱਖ ਰੂਪ ਵਿਚ ਔਰਤ ਦੇ ਦੋ ਰੂਪ ਉੱਭਰਦੇ ਹਨ। ਇੱਕ ਰੂਪ ਪਰੰਪਰਾਵਾਦੀ ਇਸਤਰੀ ਦਾ ਹੈ ਜੋ ਆਪਣੀ ਸ਼ਕਤੀ ਦੁੱਖ ਜਰਨ ਵਿਚ ਮੰਨਦੀ ਹੈ। ਦੂਜੀ ਇਸਤਰੀ ਅਤਿ ਦੀ ਆਧੁਨਿਕ ਹੋਣ ਕਰ ਕੇ ਆਪਣੀਆਂ ਖ਼ਾਹਿਸ਼ਾਂ ਦੀ ਪੂਰਤੀ ਲਈ ਹਰ ਪ੍ਰਕਾਰ ਦੇ ਬੰਧਨ ਤੋਂ ਆਜ਼ਾਦ ਹੈ। ਟਿਵਾਣਾ ਆਪਣੇ ਨਾਵਲਾਂ ਵਿਚ ਜਦੋਂ ਨਵੀਂ ਪੜ੍ਹੀ ਲਿਖੀ ਤੇ ਆਰਥਕ ਤੌਰ ਤੇ ਆਜ਼ਾਦ ਔਰਤ ਦਾ ਰੂਪ ਚਿਤਰਦੀ ਹੈ ਤਾਂ ਉਸ ਨੂੰ ਸੰਤੁਲਿਤ ਰੂਪ ਵਿਚ ਪੇਸ਼ ਨਹੀਂ ਕਰਦੀ ਕਿਉਂਕਿ ਉਸ ਦੀਆਂ ਇਹ ਨਾਇਕਾਵਾਂ ਪੜ੍ਹੀਆਂ ਲਿਖੀਆਂ ਹੋਣ ਦੇ ਬਾਵਜੂਦ ਵੀ ਕਿਸੇ ਨਾ ਕਿਸੇ ਤਰ੍ਹਾਂ ਪਰੰਪਰਾ ਨਾਲ ਬੱਝੀਆਂ ਹੁੰਦੀਆਂ ਹਨ । ਜਿਸ ਕਰ ਕੇ ਇਹ ਆਧੁਨਿਕਤਾ ਤੇ ਪਰੰਪਰਾ ਦਾ ਸੰਤਾਪ ਭੋਗਦੀਆਂ ਪ੍ਰਤੀਤ ਹੁੰਦੀਆਂ ਹਨ। ਟਿਵਾਣਾ ਦੇ ਨਾਵਲਾਂ ਵਿਚ ਪੇਸ਼ ਸਥਿਤੀਆਂ ਦੇ ਬਾਵਜੂਦ ਵੀ ਸੰਤੁਲਿਤ ਔਰਤ ਦਾ ਰੂਪ ਨਹੀਂ ਲੱਭਣਾ। ਜਿਸ ਦਾ ਕਾਰਨ ਲੇਖਕਾਂ ਦੀ ਰਚਨਾ ਵਿਚ ਬਾਹਰੀ ਦਖ਼ਲ ਅੰਦਾਜ਼ੀ ਤੇ ਉਸ ਦਾ ਪਰੰਪਰਾ ਨਾਲ ਮੋਹ ਹੈ ਜਿਸ ਕਰ ਕੇ ਉਸ ਦੀਆਂ ਨਾਇਕਾਵਾਂ ਸੰਭਾਵਨਾਵਾਂ ਦੇ ਬਾਵਜੂਦ ਵੀ ਬੇਲੋੜੇ ਤਰਸ ਦਾ ਪਾਤਰ ਬਣ ਜਾਂਦੀਆਂ ਹਨ। ਲੇਖਕਾ ਦੇ ਏਹੁ ਹਮਾਰਾ ਜੀਵਣਾ', 'ਲੰਘ ਗਏ ਦਰਿਆ' ਤੇ 'ਦੂਸਰੀ ਸੀਤਾ ਨਾਵਲ ਇਸ ਦੋਸ਼ ਤੋਂ ਮੁਕਤ ਹਨ। ਟਿਵਾਣਾ ਦੀ ਨਾਵਲ ਸ਼ੈਲੀ ਅਤਿ ਦੀ ਸੰਖੇਪ, ਵਿਅੰਗਾਤਮਿਕ ਤੇ ਕਟਾਖਸ਼ ਭਰਪੂਰ ਹੈ।

**ਰਾਮ ਸਰੂਪ ਅਣਖੀ** (1932)

ਸੀਤਲ ਤੇ ਗੁਰਦਿਆਲ ਸਿੰਘ ਦੀ ਯਥਾਰਥਵਾਦੀ ਧਾਰਾ ਵਿਚ 1965 ਤੋਂ ਪਿੱਛੋਂ ਦਾ ਬਹੁਤ ਸਾਰਾ ਨਾਵਲ ਲਿਖਿਆ ਗਿਆ ਰਾਮ ਸਰੂਪ ਅਣਖੀ ਪੰਜਾਬੀ ਦਾ ਇੱਕ ਹੋਰ , ਮਹੱਤਵਪੂਰਨ ਨਾਵਲਕਾਰ ਹੈ ਜਿਸ ਨੇ ਹੁਣ ਤਕ ਸੁਲਗਦੀ ਰਾਤ', 'ਜ਼ਖ਼ਮੀ ਅਤੀਤ', 'ਕੋਠੇ ਖੜਕ ਸਿੰਘ' ਤੇ 'ਪਰਤਾਪੀ' ਨਾਵਲਾਂ ਦੀ ਸਿਰਜਣਾ ਕੀਤੀ । ਅਣਖੀ ਨੂੰ 'ਕੋਠੇ ਖੜਕ ਸਿੰਘ' ਤੋਂ ਪਿੱਛੋਂ ਹੀ ਪੰਜਾਬੀ ਨਾਵਲ ਵਿਚ ,ਬਹੁਤ ਮਾਣ ਮਿਲਿਆ ਹੈ । ਅਣਖੀ ਦੇ ਨਾਵਲ ਮੁੱਢ ਤੋਂ ਹੀ ਕਿਸਾਨੀ ਦੀਆਂ ਸਮੱਸਿਆਵਾਂ ਉੱਤੇ ਆਧਾਰਤ ਹਨ। 'ਸੁਲਗਦੀ ਰਾਤ' ਵਿਚ ਜ਼ਮੀਨ ਦੀ ਵੰਡ ਤੋਂ ਪੈਦਾ ਹੋਏ ਛੋਟੀ ਕਿਸਾਨੀ ਦੇ ਆਪਸੀ ਝਗੜਿਆਂ ਨੂੰ ਰੁਮਾਂਟਿਕ ਪ੍ਰਗਤੀਵਾਦੀ ਸਮਾਜਵਾਦੀ ਨੁਸਖ਼ੇ ਰਾਹੀਂ ਸੁਲਝਾਇਆ ਗਿਆ ਹੈ।ਜ਼ਖਮੀ ਅਤੀਤ' ਵਿਚ ਇੱਕ ਔਰਤ ਸੁਰਿੰਦਰ ਦੇ ਵਿਅਕਤੀਵਾਦੀ, ਆਦਰਸ਼ਵਾਦੀ ਸੰਘਰਸ਼ ਨੂੰ ਪ੍ਰਗਤੀਵਾਦੀ ਸੰਘਰਸ਼ ਦੇ ਰੂਪ ਵਿਚ ਸਿਰਜਿਆ ਗਿਆ ਹੈ । ਉਸ ਦਾ ਇਸ ਤੋਂ ਅਗਲਾ ਨਾਵਲ 'ਪਰਤਾਪੀ ਵੀ ਸ਼ੁੱਧ ਯਥਾਰਥਵਾਦ ਦੀ ਉੱਤਮ ਮਿਸਾਲ ਹੈ। ਇਸ ਨਾਵਲ ਵਿਚ ਜ਼ਮੀਨ ਉੱਤੇ ਆਧਾਰਤ ਮਨੁੱਖੀ ਰਿਸ਼ਤਿਆਂ ਹੋਂਦ ਤੇ ਹੋਣੀ ਨੂੰ ਇਸਤਰੀ ਪਾਤਰਾਂ ਦੀ ਤ੍ਰਾਸਦੀ ਦੇ ਪ੍ਰਸੰਗ ਵਿਚ ਸਿਰਜਿਆ ਗਿਆ ਹੈ ।ਅਣਖੀ ਦੇ ਆਖ਼ਰੀ ਦੋ ਨਾਵਲਾਂ ਵਿਚ ਗਲਪ ਸ਼ੈਲੀ ਵਿਚ ਨਿਖਾਰ ਆਇਆ ਹੈ ।

**ਅਜੀਤ ਕੌਰ** (1934)

ਅਜੀਤ ਕੌਰ ਪੰਜਾਬੀ ਦੀ ਇੱਕ ਵਿਲੱਖਣ ਸ਼ੈਲੀ ਦੀ ਲੇਖਕਾ ਹੈ। ਹੁਣ ਤਕ ਉਸ ਦੇ ਪੋਸਟ ਮਾਰਟਮ', 'ਫ਼ਾਲਤੂ ਔਰਤ', 'ਧੁੱਪ ਵਾਲਾ ਸ਼ਹਿਰ', 'ਕੱਟੀਆਂ ਲਕੀਰਾਂ ਟੁੱਟੇ ਤ੍ਰਿਕੋਣ , ਛੋਟੇ ਆਕਾਰ ਦੇ ਨਾਵਲ ਛਪ ਚੁੱਕੇ ਹਨ।

ਅਜੀਤ ਕੌਰ ਦੀਆਂ ਇਹਨਾਂ ਰਚਨਾਵਾਂ ਵਿਚ ਔਰਤ ਮਰਦ ਦੇ ਪਿਆਰ ਤੇ ਕਾਮ ਸੰਬੰਧਾਂ ਨੂੰ ਪ੍ਰਗਟਾਇਆ ਗਿਆ ਹੈ । ਇਹ ਸਬੰਧ ਵਿਆਹ ਬਾਹਰੇ ਹੋਣ ਕਰ ਕੇ ਅਧੂਰੇ ਤੇ ਅਤ੍ਰਿਪਤ ਹਨ, ਜਿਸ ਕਰ ਕੇ ਅਜੀਤ ਕੌਰ ਦੀਆਂ ਔਰਤਾਂ ਵਿਸ਼ਾਤਗ੍ਰਸਤ ਹੁੰਦੀਆਂ ਹਨ। ਇਹ ਦੁਖਾਂਤ ਇਸ ਕਰ ਕੇ ਵਾਪਰਦਾ ਹੈ ਕਿ ਇਹਨਾਂ ਰਚਨਾਵਾਂ ਵਿਚਲਾ ਮਰਦ ਵਿਆਹਿਆ ਹੋਇਆ ਹੋਣ ਕਾਰਨ ਔਰਤ ਨੂੰ ਪੂਰਨ ਮਰਦ ਵਾਲਾ ਸਾਥ ਤੇ ਘਰ ਨਹੀਂ ਦੇ ਸਕਦਾ। ਪਰੰਤੂ ਔਰਤ ਇਹਨਾਂ ਦੀ ਤਲਾਸ਼ ਵਿਚ ਦੂਰ ਤਕ ਉਸ ਮਰਦ ਦਾ ਪਿੱਛਾ ਕਰਦੀ ਹੋਈ ਫ਼ਾਲਤੂ ਹੋਣ ਦਾ ਦੁਖਾਂਤ ਭੋਗਦੀ ਹੈ। ਲੇਖਕਾ ਦਾ ਨਾਵਲਿਟ ਪੋਸਟ ਮਾਰਟਮ' ਵੱਖਰੀ ਭਾਂਤ ਦਾ ਨਾਵਲ ਹੈ ਇਸ ਵਿਚ ਮਰਦ ਨੂੰ ਸੈੱਲਫ਼ ਪਿਟੀ ਦੇ ਨੁਕਤੇ ਤੋਂ ਪੇਸ਼ ਕੀਤਾ ਗਿਆ ਹੈ।

ਅਜੀਤ ਕੌਰ ਨੇ ਆਪਣੀਆਂ ਰਚਨਾਵਾਂ ਵਿਚ ਔਰਤ ਨੂੰ ਨਾਰੀਵਾਦੀ ਨੁਕਤੇ ਤੋਂ ਪੇਸ਼ ਕੀਤਾ ਹੈ। ਨਾਵਲਾਂ ਦੀ ਬਣਤਰ ਇਕਹਿਰੀ ਤੇ ਭਾਸ਼ਾ ਅਤਿ ਦੀ ਤੀਬਰ ਤੇ ਵੇਗਮਈ ਹੈ।

ਕੁੱਝ ਹੋਰ ਨਾਵਲਕਾਰ

ਦੂਸਰਾ ਹੀਰੋਸ਼ੀਮਾ" ਕਰਤਾ ਬਲਦੇਵ ਸਿੰਘ, "ਅੱਧੀ ਰਾਤ ਪਹਿਰ ਦਾ ਤੜਕਾ ਕਰਤਾ ਬੂਟਾ ਸਿੰਘ, ਧੂੜ ਉੱਡਦੀ ਰਹੀ' ਬਲਬੀਰ ਸਿੰਘ ਸੰਧੂ, ਸੱਤ ਵਿਢਾ ਖੂਹ ਕਰਤਾ ਬਸੰਤ ਕੁਮਾਰ ਰਤਨ, "ਰਿਸ਼ਤਿਆਂ ਦੇ ਰੰਗ' ਤੇ 'ਚਾਨਣ ਦਾ ਜੰਗਲ' ਕਰਤਾ ਇੰਦਰ ਸਿੰਘ ਖ਼ਾਮੋਸ਼ ਤੇ 'ਜਲ ਬਿਨ ਕੁੰਭ" ਕਰਤਾ ਚੰਦਨ ਨੇਗੀ ਆਦਿ ਇਸ ਸਮੇਂ ਦੇ ਹੋਰ ਮਹੱਤਵਪੂਰਨ ਨਾਵਲ ਹਨ।

**ਬਲਜੀਤ ਕੌਰ ਬਲੀ** (1939) .

ਬਲਜੀਤ ਕੌਰ ਬਲੀ ਨੇ ਕਾਫ਼ੀ ਪ੍ਰੋਢ ਉਮਰ ਵਿਚ ਨਾਵਲ ਸਿਰਜਣਾ ਆਰੰਭ ਕੀਤੀ। 1979 ਵਿਚ ਉਸ ਦਾ ਪਹਿਲਾ ਨਾਵਲ 'ਆਪਣੀ ਛਾਵੇਂ ਪ੍ਰਕਾਸ਼ਿਤ ਹੋਇਆ। 'ਠਰੀ ਰਾਤ' , ਧੁੱਪ ਦੀ ਵਾਟ' ਤੇ 'ਗੁਆਚੇ ਸੂਰਜ ਉਸ ਦੇ ਤਿੰਨ ਹੋਰ ਨਾਵਲ ਹਨ । ਲੇਖਕਾ ਨੇ ਪਹਿਲੇ ਨਾਵਲ ਵਿਚ ਅਜਿਹੀ ਇਸਤਰੀ ਦੇ ਰੂਪ ਨੂੰ ਸਿਰਜਿਆ ਹੈ ਜੋ ਪੜ੍ਹ ਲਿਖ ਕੇ ਆਰਥਕ ਆਜ਼ਾਦੀ ਪ੍ਰਾਪਤ ਕਰਨ ਉਪਰੰਤ ਸਵੈਮਾਣ ਨਾਲ ਜਿਊਣਾ ਲੋਚਦੀ ਹੈ। ਨਾਵਲ ਵਿਚ ਮੁੱਖ ਤਣਾਉ ਔਰਤ ਵਿਰੋਧੀ ਪਰੰਪਰਾਵਾਦੀ ਰੂੜ੍ਹੀਵਾਦੀ ਵਿਚਾਰਾਂ ਤੇ ਨਵੀਂ ਪੈਦਾ ਹੋਈ ਸਵੈਮਾਣ ਵਾਲੀ ਪੜ੍ਹੀ ਲਿਖੀ ਔਰਤ ਵਿਚਕਾਰ ਹੈ। ਲੇਖਕਾ ਨੇ ਨਾਵਲ ਦੀ ਮੁੱਖ-ਪਾਤਰ ਰਾਹੀਂ ਔਰਤ ਦੇ ਸਵੈਮਾਣ ਲਈ ਸੰਘਰਸ਼ ਕਰ ਰਹੀ ਤੇ ਚੇਤਨ ਹੋ ਰਹੀ ਨਵੀਂ ਔਰਤ ਦੇ ਬਿੰਬ ਨੂੰ ਕਾਵਿਮਈ ਸੰਕੇਤਾਤਮਕ ਭਾਸ਼ਾ ਵਿਚ ਸਿਰਜਿਆ ਹੈ। ਇਹ ਨਾਵਲ ਵਿਸ਼ੇ ਪ੍ਰਤਿ ਦ੍ਰਿਸ਼ਟੀਕੋਣ ਤੋਂ ਤਾਂ ਅਗਾਂਹਵਧੂ ਹੈ ਪਰ ਇਸ ਦੀ ਸ਼ੈਲੀ ਪ੍ਰਤਿਵਾਦੀ ਰੁਮਾਂਟਿਕ ਧਾਰਾ ਵਾਲੀ ਹੈ। ਲੇਖਕਾਂ ਦੇ ਨਾਵਲ 'ਠਰੀ ਰਾਤ' ਨੂੰ ਗੰਭੀਰ ਸਾਹਿੱਤਿਕ ਹਲਕਿਆਂ ਵਿਚ ਕਾਫ਼ੀ ਮਾਨਤਾ ਮਿਲੀ ਹੈ। ਇਹ ਨਾਵਲ ਪੰਜਾਬ ਦੀ ਕਿਰਸਾਣੀ ਉੱਤੇ ਆਧਾਰਤ ਹੈ। ਨਾਵਲ ਕਿਰਸਾਣੀ ਜੀਵਨ ਵਿਚਲੇ ਮਨੁੱਖੀ ਰਿਸ਼ਤਿਆਂ ਦੀ ਕਰੂਰਤਾ ਨੂੰ ਅਜੋਕੇ ਦੌਰ ਦੇ ਆਰਥਕ-ਸਾਂਸਕ੍ਰਿਤਿਕ ਸੰਦਰਭ ਵਿਚ ਪੇਸ਼ ਕਰਦਾ ਹੈ। ਨਾਵਲ ਵਿਚ ਲੇਖਕਾ ਦੀ ਸ਼ੈਲੀ ਸ਼ੁੱਧ ਯਥਾਰਥਵਾਦੀ ਹੈ। ਸਮੁੱਚੇ ਨਾਵਲ ਨੂੰ ਸਜੀਵ ਬਿੰਬ ਰਾਹੀਂ ਚਿਤਰਿਆ ਗਿਆ ਹੈ । ਧੁੱਪ ਦੀ ਵਾਟ' ਨਾਵਲ ਵਿਚ ਪੰਜਾਬੀ ਔਰਤ ਨਾਲ ਸਬੰਧਤ ਤਿੰਨ ਪੀੜੀਆਂ ਤੇ ਇਹਨਾਂ ਤਿੰਨਾਂ ਪੀੜ੍ਹੀਆਂ ਦੀਆਂ

ਔਰਤਾਂ ਦੀ ਸਮਾਜਕ ਭੂਮਿਕਾ ਨੂੰ ਸਮਾਜ-ਵਿਗਿਆਨ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਤਿੰਨੇ ਔਰਤਾਂ ਦੀ ਤੁਲਨਾ ਰਾਹੀਂ ਇਹ ਵੀ ਸਥਾਪਤ ਕੀਤਾ ਗਿਆ ਹੈ ਕਿ ਕਿਸ ਪੀੜ੍ਹੀ ਦੀ ਔਰਤ ਦੀ ਕਿੰਨੀ ਸਮਾਜਕ ਸਾਰਥਿਕਤਾ ਹੈ। ਲੇਖਕਾ ਲੰਮਾ ਅਰਸਾ ਸਕੂਲ ਅਧਿਆਪਕ ਰਹੀ ਹੈ, ਜਿਸ ਕਾਰਨ ਉਸ ਨੂੰ ਬੱਚਿਆਂ ਦੀਆਂ ਸਮੱਸਿਆਵਾਂ ਦਾ ਡੂੰਘਾ ਗਿਆਨ ਹੈ। ਲੇਖਕਾਂ ਦਾ ਚੌਥਾ ਨਾਵਲ ਗੁਆਚੇ ਸੂਰਜ ਸਕੂਲੀ ਵਿਦਿਅਕ ਢਾਂਚੇ ਦੀ ਸਥਿਤੀ ਤੇ ਅਜੋਕੇ ਦੌਰ ਵਿਚ ਪੈਦਾ ਹੋਏ ਪੰਜਾਬ ਸੰਕਟ ਦੇ ਸੰਦਰਭ ਵਿਚ ਬੱਚਿਆਂ ਦੇ ਭਵਿੱਖ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦਾ ਹੈ। ਲੇਖਕਾ ਨਾਵਲ ਵਿਚ ਨਵੀਂ ਪੀੜ੍ਹੀ ਦੇ ਭਵਿੱਖ ਦੇ ਸੰਕਟ ਨੂੰ ਕੇਂਦਰ ਵਿਚ ਰੱਖ ਕੇ ਸਮੁੱਚੀ ਵਿਵਸਥਾ ਉੱਤੇ ਵਿਅੰਗ ਸਿਰਜਦੀ ਹੈ।

ਲੇਖਕਾ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਹ ਆਪਣੇ ਤੋਂ ਪਹਿਲੀਆਂ ਇਸਤਰੀ ਲੇਖਕਾਵਾਂ ਦੀ ਨਾਵਲ ਦ੍ਰਿਸ਼ਟੀ ਤੋਂ ਤੋੜ-ਵਿਛੋੜਾ ਕਰਦੀ ਹੈ। ਉਹ ਪਹਿਲੀਆਂ ਲੇਖਕਾਵਾਂ ਵਾਂਗ ਇਸਤਰੀ ਪ੍ਰਤੀ ਬੇਲੋੜੇ ਤਰਸ ਦੀ ਭਾਵਨਾ ਤੋਂ ਮੁਕਤ ਹੈ। ਇਸ ਪ੍ਰਕਾਰ ਹੀ ਉਹ ਮਰਦ ਪ੍ਰਤੀ ਉਲਾਰ ਬਿਰਤੀ ਨਹੀਂ ਰੱਖਦੀ ਸਗੋਂ ਮਰਦ ਤੇ ਔਰਤ ਦੇ ਸੰਕਟ ਜਾਂ ਸਥਿਤੀ ਨੂੰ ਵਿਵਸਥਾ ਦੇ ਸੰਦਰਭ ਵਿਚ ਸਿਰਜਦੀ ਹੈ। ਲੇਖਕਾ ਸੰਬੋਧਨ ਯੁਕਤ ਨਾਵਲ ਸ਼ੈਲੀ ਦਾ ਪ੍ਰਯੋਗ ਕਰਦੀ ਹੈ। ਲੇਖਕਾ ਸੇਖੋਂ, ਸੀਤਲ, ਗੁਰਦਿਆਲ ਸਿੰਘ ਦੀ ਨਾਵਲੀ ਸ਼ੈਲੀ ਦੇ ਅਗਲੇ ਪੜਾਅ ਦੀ ਨਾਵਲਕਾਰ ਹੈ ।

**ਕਰਮਜੀਤ ਕੁੱਸਾ (1953).**

ਨਵੀਂ ਪੀੜ੍ਹੀ ਦੇ ਨਾਵਲਕਾਰਾਂ ਵਿਚੋਂ ਕਰਮਜੀਤ ਕੁੱਸੇ ਨੂੰ ਸਭ ਤੋਂ ਵਧ ਮਾਨਤਾ ਪ੍ਰਾਪਤ ਹੋਈ ਹੈ । "ਬੁਰਕੇ ਵਾਲੇ ਲੁਟੇਰੇ', 'ਰਾਤ ਦੇ ਰਾਹੀ, ਰੋਹੀ ਬੀਆਬਾਨ" "ਅੱਗ ਦਾ ਗੀਤ ਤੇ ਜ਼ਖਮੀ ਦਰਿਆ" ਉਸ ਦੀਆਂ ਨਾਵਲੀ ਰਚਨਾਵਾਂ ਹਨ। ਕੁੱਸੇ ਦਾ ਪਹਿਲਾਂ ਨਾਵਲ"ਬੁਰਕੇ ਵਾਲੇ ਲੁਟੇਰੇ' ਜਸਵੰਤ ਸਿੰਘ ਕੰਵਲ ਦੀ ਪ੍ਰਗਤੀਵਾਦੀ ਰੁਮਾਂਟਿਕ ਧਾਰਾ ਦਾ ਨਾਵਲ ਹੈ। ਇਸ ਕਾਰਨ ਇਸ ਨਾਵਲ ਨੂੰ ਬਹੁਤਾ ਮਹੱਤਵ ਪ੍ਰਾਪਤ ਨਹੀਂ ਹੋਇਆ ।

ਕਰਮਜੀਤ ਕੁੱਸੇ ਨੇ ਆਪਣੇ ਦੂਜੇ ਨਾਵਲ 'ਰਾਤ ਦੇ ਰਾਹੀ ਦੇ ਪ੍ਰਕਾਸ਼ਨ ਰਾਹੀਂ ਹੀ ਪੰਜਾਬੀ ਨਾਵਲ ਸਾਹਿਤ ਵਿਚ ਆਪਣਾ ਸਥਾਨ ਬਣਾ ਲਿਆ ਸੀ। ਕੁੱਸੇ ਦਾ ਇਹ ਨਾਵਲ ਪੰਜਾਬ ਦੀ ਛੋਟੀ ਕਿਰਸਾਣੀ ਦੇ ਔਰਤ ਮਰਦ ਦੇ ਕਾਮ ਸੰਬੰਧਾਂ ਉੱਤੇ ਕੇਂਦਰਿਤ ਹੈ ਪੰਜਾਬ ਦੀ ਕਿਰਸਾਣੀ ਦੇ ਔਰਤ-ਮਰਦ ਕਾਮ ਸੰਬੰਧਾਂ ਬਾਰੇ ਇਸ ਪ੍ਰਕਾਰ ਦੀ ਯਥਾਰਥਕ ਰਚਨਾ ਪੰਜਾਬੀ ਨਾਵਲ ਵਿਚ ਪਹਿਲਾਂ ਪ੍ਰਾਪਤ ਨਹੀਂ। ਇਸ ਨਾਵਲ ਦੀ ਵਿਸ਼ੇਸ਼ਤਾ ਇਹ ਹੈ ਕਿ , ਨਾਵਲ ਔਰਤ-ਮਰਦ ਕਾਮ ਸੰਬੰਧਾਂ ਨੂੰ ਆਰਥਿਕ-ਸਮਾਜਕ ਤੇ ਰਾਜਨੀਤਕ ਸੰਦਰਭ ਵਿਚ ਰੱਖ ਕੇ ਪੇਸ਼ ਕਰਦਾ ਹੈ। ਨਾਵਲ ਵਿਚ ਔਰਤ-ਮਰਦ ਕਾਮ ਸਬੰਧ ਆਰਥਕ ਹਾਲਤਾਂ ਵਿਚੋਂ ਪੈਦਾ ਹੁੰਦੇ ਹਨ । ਇਹ ਆਰਥਕ ਹੀਣਤਾ ਛੋਟੀ ਕਿਰਸਾਣੀ ਦੀ ਸਥਿਤੀ ਹੈ ਤੇ ਦੂਜਾ ਮਾਲਵਾ ਖੇਤਰ ਦੇ ਮਰਦ ਔਰਤਾਂ ਦੀ ਘੱਟ ਗਿਣਤੀ ਤੇ ਪੁਰਾਤਨ ਨੈਤਿਕ ਜਗੀਰੂ ਮੁੱਲਾਂ ਕਾਰਨ ਬਿਨਾਂ ਵਿਆਹ ਤੋਂ ਹੀ ਰਹਿ ਜਾਂਦੇ ਹਨ । ਨਾਵਲ ਵਿਚ ਪੇਸ਼ ਔਰਤਾਂ ਦੀਪੋ, ਬੰਤੋ ਤੇ ਗੁਰਬੰਸੋ , ਵਿਭਿੰਨ ਸਮਿਆਂ ਤੇ ਵੱਖੋ-ਵੱਖਰੇ ਮਰਦਾਂ ਨਾਲ ਕਾਮ ਸੰਬੰਧਾਂ ਨੂੰ ਪੇਸ਼ ਕੀਤਾ ਹੈ ਪਰ ਇਹਨਾਂ ਦੇ ਮਰਦ ਔਰਤਾਂ ਦੇ ਅਜਿਹਾ ਕਰਨ ਤੇ ਤਿਲ ਮਿਲਾਉਂਦੇ ਤਾਂ ਹਨ ਪਰ ਉਹਨਾਂ ਨੂੰ ਘਰੋਂ ਕੱਢਣ ਜਾਂ ਛੱਡਣ ਦੀ ਸਥਿਤੀ ਵਿਚ ਨਹੀਂ ਹਨ। ਲੇਖਕ ਨਾਵਲ ਵਿਚ ਮਾਲਵਾ ਖੇਤਰ ਦੇ ਇਹਨਾਂ ਮਨੁੱਖੀ ਸੰਬੰਧਾਂ ਦੀ ਜਟਿਲਤਾ ਨੂੰ ਸ਼ੁੱਧ ਯਥਾਰਥਕ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ।

ਪਰਵਾਸੀ ਪੰਜਾਬੀ ਨਾਵਲ

ਪੰਜਾਬੀ ਨਾਵਲ ਸਿਰਜਣ ਦੀ ਇੱਕ ਧਾਰਾ ਪਰਵਾਸੀ ਪੰਜਾਬੀ ਸਾਹਿਤ ਵਿਚ ਵੀ ਚੱਲ ਰਹੀ ਹੈ। ਭਾਵੇਂ ਬਹੁਤਾ ਪਰਵਾਸੀ ਪੰਜਾਬੀ ਨਾਵਲ ਯਥਾਰਥਵਾਦੀ ਦ੍ਰਿਸ਼ਟੀ ਤੋਂ ਹੀ ਲਿਖਿਆ ਗਿਆ ਹੈ ਪਰ ਇਸ ਨਾਵਲ ਵਿਚ ਇੱਕ ਵੱਖਰੇ ਅਨੁਭਵ ਨੂੰ ਸਿਰਜਿਆ ਗਿਆ ਹੈ । ਇਹਨਾਂ ਨਾਵਲਾਂ ਵਿਚ ਆਪਣੀ ਜਨਮ-ਭੂਮੀ ਪ੍ਰਤੀ ਉਦਰੇਵਾਂ, ਆਪਣੇ ਸਭਿਆਚਾਰ ਪ੍ਰਤਿ ਮੋਹ ਵੀ ਹੈ ਤੇ ਨਾਲ ਹੀ ਪੱਛਮੀ ਜੀਵਨ ਵਿਚ ਭੋਗੇ ਕਸ਼ਟਾਂ ਦੇ ਨਸਲਵਾਦ ਦੀਆਂ ਸਮੱਸਿਆਵਾਂ ਦਾ ਵੀ ਜ਼ਿਕਰ ਹੈ। ਇਹਨਾਂ ਨਾਵਲਕਾਰਾਂ ਵਿਚ ਪ੍ਰਮੁੱਖ ਨਾਵਲਕਾਰ ਸਵਰਨ ਚੰਦਨ, ਦਰਸ਼ਨ ਧੀਰ, ਰਘਬੀਰ ਢੰਡ ਆਦਿ ਹਨ । ਸਵਰਨ ਚੰਦਨ ਦੇ ਮਹੱਤਵਪੂਰਨ ਨਾਵਲ 'ਨਵੇਂ ਰਿਸ਼ਤੇ', 'ਕੱਚੇ ਘਰ' , "ਕੱਖ-ਕਾਨ ਤੇ ਦਰਿਆ", 'ਕਦਰਾਂ ਕੀਮਤਾਂ" ਤੇ 'ਕੰਜਕਾਂ" ਹਨ। "ਕੰਜਕਾਂ" ਸਵਰਨ ਚੰਦਨ ਦਾ ਮਹਾ ਕਾਵਿਕ ਨਾਵਲ ਹੈ ਜੋ ਬਰਤਾਨਵੀ ਭਾਰਤੀ ਔਰਤ ਦੇ ਸੰਘਰਸ਼ਮਈ ਇਤਿਹਾਸ ਨੂੰ ਸਮਾਜਕ-ਰਾਜਨੀਤਕ ਸੰਦਰਭ ਵਿਚ ਯਥਾਰਥਵਾਦੀ ਸ਼ੈਲੀ ਵਿਚ ਪ੍ਰਗਟਾਉਂਦਾ ਹੈ। "ਸੰਘਰਸ਼' ਤੇ 'ਆਪਣੇ-ਆਪਣੇ ਰਾਹ" ਆਦਿ ਨਾਵਲ ਦਰਸ਼ਨ ਧੀਰ ਦੀਆਂ ਰਚਨਾਵਾਂ ਹਨ ਜੋ ਰੁਮਾਂਟਿਕ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਲਿਖੀਆਂ ਹੋਈਆਂ ਹਨ। ਰਘਬੀਰ ਢੰਡ ਦਾ ਇੱਕੋ ਇੱਕ ਨਾਵਲ ਰਿਸ਼ਤਿਆਂ ਦੀ ਯਾਤਰਾ ਹੈ।

ਪੰਜਾਬੀ ਨਾਵਲ ਦੀ ਸਿਰਜਣਾ ਵਿਚ ਅਜੋਕੇ ਦੌਰ ਵਿਚ ਬਹੁਤ ਸਾਰੇ ਨਾਵਲਕਾਰ ਨਾਵਲ ਸਿਰਜਣਾ ਵਿਚ ਰੁੱਝੇ ਹੋਏ ਹਨ। ਨਵੇਂ ਪੰਜਾਬੀ ਨਾਵਲਕਾਰਾਂ ਵਿਚੋਂ ਕਿਰਪਾਲ ਸਿੰਘ ਆਜ਼ਾਦ ਦਾ ਵੱਡ ਅਕਾਰੀ ਨਾਵਲ 'ਸੁਪਨੇ ਤੋਂ ਸੱਚ ਤਕ` , ਜੋਗਿੰਦਰ ਸਿੰਘ ਕੈਰੋਂ ਦੇ "ਨਾਦ ਬਿੰਦ" ਤੇ 'ਸਭਨਾਂ ਜਿੱਤੀਆਂ ਬਾਜ਼ੀਆਂ, ਮਿੱਤਰ ਸੈਨ ਮੀਤ ਦੇ 'ਤਫ਼ਤੀਸ਼' ਤੇ 'ਕਟਹਿਰਾ" , ਨਿੰਦਰ ਗਿੱਲ ਦੇ ਪੰਜਾਬ ੮੪ ਤੇ ਦਹਿਸ਼ਤ ਦੇ ਦਿਨਾਂ ਵਿਚ` , ਜਸਵੀਰ ਮੰਡ ਦਾ ਨਾਵਲ ਔੜ ਦੇ ਬੀਜ' ਤੇ ਸ਼ਾਹ ਚਮਨ ਦੇ ਨਾਵਲ "ਹਨੇਰੇ 'ਚ ਘਿਰਿਆ ਆਦਮੀ' ਤੇ 'ਜ਼ਖਮੀ ਗੁਲਾਬ`, ਯਾਦਵਿੰਦਰ ਤਪਾ ਦੇ 'ਰਿਸ਼ਤੇ

ਨਾਤੇ' ਤੇ 'ਚੰਦੇ ਲਹਿੰਦੇ, ਜਗਰੂਪ ਸਿੰਘ ਬਵਿੰਗ ਦੇ ਕਾਨਿਆਂ ਵਾਲਾ ਰਾਹ' ਤੇ 'ਮਨੁੱਖੀ ਰਿਸ਼ਤੇ' ਕੁੱਝ ਵਿਸ਼ੇਸ਼ ਮਹੱਤਵ ਵਾਲੀਆਂ ਨਾਵਲੀ ਰਚਨਾਵਾਂ ਹਨ।

**ਸਾਰੰਸ਼ :** ਅੰਤ ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਵਲ ਦੇ ਵਿਕਾਸ ਵਿਚ ਇਨ੍ਹਾਂ ਨਾਵਲਕਾਰਾਂ ਦਾ ਮਹੱਤਵਪੂਰਨ ਯੋਗਦਾਨ ਹੈ ਜਿਨ੍ਹਾਂ ਨੇ ਨਾਵਲ ਦੇ ਵਿਕਾਸ ਦੇ ਨਾਲ ਨਾਲ ਇਸਤਰੀ, ਕਿਸਾਨੀ, ਗ਼ਰੀਬੀ , ਸ਼ੋਸ਼ਣ ਅਤੇ ਨਾਵਲ ਦੀਆਂ ਪ੍ਰਮੁੱਖ ਵਿਧੀਆਂ ਨੂੰ ਚਿਤਰਿਆ ਹੈ।

**ਕੇਂਦਰੀ ਸ਼ਬਦ :**

ਨਾਵਲ ---- ਗਲਪ ਰੂਪ

ਸਭਿਅਤਾ ---- ਪੁਰਾਤਨ ਲੋਕਧਾਰਾ

ਮਨੁੱਖੀ ਰਿਸ਼ਤੇ --- ਨਾਵਲ ਦਾ ਨਾਮ

ਸ਼ੋਸ਼ਣ ------ ਅਤਿਆਚਾਰ

ਯਥਾਰਥ --- ਸੱਚ

ਉਦਰੇਵਾਂ ---------- ਉਦਾਸ

**ਸਵੈ-ਮੁਲਾਂਕਣ:**

1. ਨਾਵਲ ਇਤਾਲਵੀ ਸ਼ਬਦ ' ਤੋਂ ਬਣਿਆ ਹੈ?
   - ੳ novella'
   - ਅ novell
   - ੲ novlla'
   - ਸ noella'
2. ਨਾਵਲ "ਜਯੋਤਿਰੁਦਯ ਕਦੋਂ ਛਪਿਆ?
   - ੳ 1881
   - ਅ 1882
   - ੲ 1982
   - ਸ 1984
3. ਭਾਈ ਵੀਰ ਸਿੰਘ ਦਾ ਨਾਵਲ ਹੈ?
   - ੳ ਬਿਜੈ ਸਿੰਘ
   - ਅ ਬਾਬਾ ਨੌਧ ਸਿੰਘ
   - ੲ ਸਤਵੰਤ ਸਿੰਘ
   - ਸ ਉਪਰੋਕਤ ਸਾਰੇ
4. ਭਾਈ ਮੋਹਨ ਸਿੰਘ ਵੈਦ ਦਾ ਜਨਮ ਹੋਇਆ ਹੈ?
   - ੳ 1999
   - ਅ **1881**
   - ੲ **1936**
   - ਸ 1982
5. ਨਾਨਕ ਸਿੰਘ ਦਾ ਨਾਵਲ ਹੈ।
   - ੳ ਚਿੱਟਾ ਲਹੂ
   - ਅ ਇਕ ਮਿਆਨ ਦੋ ਤਲਵਾਰਾਂ
   - ੲ ਪੱਵਿਤਰ ਪਾਪੀ

ਸ ਉਪਰੋਕਤ ਸਾਰੇ

6. ਨਾਵਲ ਕਿਸ ਕਾਲ ਦਾ ਪ੍ਰਮੁੱਖ ਸਾਹਿਤ ਰੂਪ ਹੈ?

ੳ. ਆਧੁਨਿਕ ਕਾਲ

ਅ. ਮੱਧਕਾਲ

ੲ. ਪੁਰਾਤਨ ਕਾਲ

ਸ. ਕੋਈ ਵੀ ਨਹੀਂ

7. ਨਾਵਲਕਾਰ ਘਟਨਾਵਾਂ ਚੁਣ ਕੇ ਕਿਸ ਦੀ ਸਿਰਜਣਾ ਕਰਦਾ ਹੈ?

ੳ. ਸਮੱਸਿਆਵਾਂ

ਅ. ਗੁੰਝਲਾਂ

ੲ. ਕਹਾਣੀ

ਸ. ਨਾਵਲ

8. ਪਾਤਰ-ਉਸਾਰੀ ਕਰਨ ਸਮੇਂ ਲੇਖਕ ਨੂੰ ਬੜਾ ਕਿਵੇਂ ਰਹਿਣ ਦੀ ਜ਼ਰੂਰਤ ਹੈ?

ੳ. ਅਚੇਤ

ਅ. ਜਾਗਰੂਕ

ੲ. ਸੁਚੇਤ

ਸ. ਕੋਈ ਵੀ ਨਹੀਂ

9. ਕਿਹੜੇ ਪਾਤਰ ਸਥਿਤੀਆਂ, ਪਰਿਸਥਿਤੀਆਂ ਅਨੁਸਾਰ ਬਦਲਦੇ ਰਹਿੰਦੇ ਹਨ?

ੳ. ਚਪਟੇ ਪਾਤਰ

ਅ. ਗੋਲ ਪਾਤਰ

ੲ. ਲੰਬੇ ਪਾਤਰ

ਸ. ਕੋਈ ਵੀ ਨਹੀਂ

10. ਕਿਹੜੇ ਪਾਤਰ ਅਖੀਰ ਤੱਕ ਇੱਕ ਸਰੂਪ ਅਖਤਿਆਰ ਕਰੀ ਰੱਖਦੇ ਹਨ?

ੳ. ਤਿਕੋਣ ਪਾਤਰ

ਅ. ਗੋਲ ਪਾਤਰ

ੲ. ਚਪਟੇ ਪਾਤਰ

ਸ. ਕੋਈ ਵੀ ਨਹੀਂ

11. ਕਿਹੜੇ ਸਾਹਿਤ ਦੇ ਪ੍ਰਭਾਵ ਨਾਲ ਪੰਜਾਬੀ ਵਿੱਚ ਨਾਵਲ ਲਿਖਣੇ ਸ਼ੁਰੂ ਹੋਏ ਸਨ?

ੳ. ਫਾਰਸੀ ਸਾਹਿਤ

ਅ. ਉਰਦੂ ਸਾਹਿਤ

ੲ. ਅੰਗਰੇਜ਼ੀ ਸਾਹਿਤ

ਸ. ਅਰਬੀ ਸਾਹਿਤ

12. ‘ਕਰਮਜੀਤ ਕੁੱਸਾ’ ਦਾ ਲਿਖਿਆ ਨਾਵਲ ਕਿਹੜਾ ਹੈ?

ੳ. ਰੋਹੀ ਬੀਆਬਾਨ

ਅ. ਪਵਿੱਤਰ ਪਾਪੀ

ੲ. ਮੜ੍ਹੀ ਦਾ ਦੀਵਾ

ਸ. ਪਿਉ-ਪੁੱਤਰ

13. ਭਾਈ ਵੀਰ ਸਿੰਘ ਨੇ ਕਿਹੜਾ ਨਾਵਲ ਲਿਖ ਕੇ ਪ੍ਰਸਿੱਧੀ ਪਾਈ?

ੳ. ਸੁੰਦਰੀ

ਅ. ਮੜ੍ਹੀ ਦਾ ਦੀਵਾ

ੲ. ਚੰਦਰਕਾਂਤਾ

ਸ. ਸ਼ਰਾਬ ਕੌਰ

14. ਕਿਸ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਕਿਹਾ ਜਾਂਦਾ ਹੈ?

ੳ. ਸੁਰਜੀਤ ਪਾਤਰ
ਅ. ਨਾਨਕ ਸਿੰਘ
ੲ. ਜਸਵੰਤ ਸਿੰਘ ਕੰਵਲ
ਸ. ਨਰਿੰਦਰਪਾਲ

15. "ਕੋਠੇ ਖੜਕ ਸਿੰਘ ਕਿਸ ਦਾ ਲਿਖਿਆ ਨਾਵਲ ਹੈ?

ੳ. ਰਾਮ ਸਰੂਪ ਅਣਖੀ
ਅ. ਅੰਮ੍ਰਿਤਾ ਪ੍ਰੀਤਮ
ੲ. ਓਮ ਪ੍ਰਕਾਸ਼ ਗਾਸੋ
ਸ. ਨਾਨਕ ਸਿੰਘ

**ਅਭਿਆਸ ਪ੍ਰਸ਼ਨ**

1. ਨਾਵਲ ਦਾ ਅਰਥ ਦੱਸਦੇ ਹੋਏ ਇਸ ਦੀ ਪਰਿਭਾਸ਼ਾ ਲਿਖੋ।
2. ਪੰਜਾਬੀ ਨਾਵਲ ਦੇ ਇਤਿਹਾਸ ਬਾਰੇ ਲਿਖੋ ?
3. ਪੰਜਾਬੀ ਨਾਵਲ ਦੇ ਵਿਕਾਸ ਬਾਰੇ ਲਿਖੋ ?
4. ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ ਦੀਆਂ ਬਾਰੇ ਵਿਸਤਾਰ ਪੂਰਵਕ ਚਰਚਾ ਕਰੋ?

**ਸੰਦਰਭ ਪੁਸਤਕਾਂ:**


1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ (ਆਦਿ ਕਾਲ ਤੋਂ ਸਮਕਾਲ ਤੱਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ 2018.
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ. 2016.


**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%E0%A8%A8%E0%A8%BE%E0%A8%B5%E0%A8%B2

**ਉੱਤਰਮਾਲਾ**

| | | | | |
|---|---|---|---|---|
| 1. ੳ | 2. ਅ | 3. ਸ | 4. ਅ | 5. ਸ |
| 6. ੳ | 7. ੳ | 8. ੲ | 9. ਅ | 10. ੲ |
| 11. ੲ | 12. ੳ | 13. ੳ | 14. ਅ | 15. ੳ |

# ਅਧਿਆਇ -9: ਆਧੁਨਿਕ ਪੰਜਾਬੀ ਨਾਟਕ, ਪਰਿਭਾਸ਼ਾ ਅਤੇ ਵਿਕਾਸ ਪੜਾਅ

*Kirandeep Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

**ਉਦੇਸ਼ :**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਨਾਟਕ ਦੀ ਪਰਿਭਾਸ਼ਾ ਬਾਰੇ ਜਾਣਨ ਦੇ ਕਾਬਿਲ ਹੋਣਗੇ।
2. ਆਧੁਨਿਕ ਪੰਜਾਬੀ ਨਾਟਕ ਦੇ ਇਤਿਹਾਸ ਨੂੰ ਸਮਝਣ ਦੇ ਕਾਬਿਲ ਹੋਣਗੇ।
3. ਆਧੁਨਿਕ ਪੰਜਾਬੀ ਨਾਟਕ ਦੇ ਇਤਿਹਾਸਕ ਵਿਕਾਸ ਨੂੰ ਸਮਝਣ ਦੇ ਕਾਬਿਲ ਹੋਣਗੇ ।

**ਪ੍ਰਸਤਾਵਨਾ**

ਨਾਟਕ ਦੇ ਸਰੂਪ ਅਥਵਾ ਅਸਤਿਤਵ ਨੂੰ ਨਿਸ਼ਚਿਤ ਕਰਨ ਸਮੇਂ ਬਹੁਤ ਸਾਰੇ ਪ੍ਰਸ਼ਨ ਚਿੰਨ੍ਹ ਉੱਭਰ ਕੇ ਸਾਹਮਣੇ ਆਉਂਦੇ ਹਨ ਜਿਵੇਂ ਨਾਟਕ ਦਾ ਸਰੂਪ ਕੀ ਹੈ ? ਕੀ ਇਹ ਸਾਹਿਤ ਕਲਾ ਹੈ ਜਾਂ ਮੰਚ ਕਲਾ ਹੈ ? ਬਾਕੀ ਸਾਹਿਤ ਨਾਲੋਂ ਇਸ ਦੀ ਵਿਲੱਖਣਤਾ ਕੀ ਹੈ ? ਇਸ ਰਚਨਾ ਦਾ ਕਿਥੋਂ ਤਕ ਸ਼ਬਦੀ ਰੂਪ ਅਤੇ ਲਿਖਤੀ ਰੂਪ ਨਾਲ ਸੰਬੰਧ ਹੈ ? ਕੀ ਨਾਟਕ ਦਾ ਮੰਚਿਤ ਰੂਪ ਅਤੇ ਲਿਖਤੀ ਰੂਪ ਇੱਕ ਦੂਸਰੇ ਦੇ ਵਿਰੋਧੀ ਹਨ ? ਨਾਟਕ ਦਾ ਹੋਰ ਸਾਹਿਤ ਰੂਪਾਂ ਤੇ ਕਲਾਵਾਂ ਨਾਲ ਕੀ ਸੰਬੰਧ ਹੈ ? ਨਾਟਕੀ ਰਚਨਾ ਲਿਖਤੀ ਰੂਪ ਤੋਂ ਮੰਚਤ ਰੂਪ ਤੱਕ ਕਿਵੇਂ ਸਫ਼ਰ ਕਰਦਾ ਹੈ ? ਨਾਟਕ ਕਿਥੋਂ ਤੱਕ ਜੀਵਨ ਦੀ ਵਿਆਖਿਆ ਕਰਦਾ ਹੈ ? ਆਦਿ ਮਹੱਤਵਪੂਰਨ ਪ੍ਰਸ਼ਨ ਹਨ ਜਿਨ੍ਹਾਂ ਦਾ ਸੰਬੰਧ ਨਾਟਕ ਦੇ ਸਰੂਪ ਅਤੇ ਪਰਿਭਾਸ਼ਾ ਨਾਲ ਜੁੜਿਆ ਹੋਇਆ ਹੈ । ਵਿਸ਼ਵ ਵਿਚ ਯੂਨਾਨੀ ਨਾਟ-ਪਰੰਪਰਾ ਅਤੇ ਸੰਸਕ੍ਰਿਤ ਨਾਟ-ਪਰੰਪਰਾ ਦੇ ਪੁਰਾਨਤਮ ਨਾਟ ਪਰੰਪਰਾਵਾਂ ਹਨ । ਦੋਹਾਂ ਪਰੰਪਰਾਵਾਂ ਨੇ ਆਪਣੇ ਆਪਣੇ ਨਾਟਸ਼ਾਸਤਰ ਦੀ ਸਿਰਜਨਾ ਕੀਤੀ ਹੈ । ਯੂਨਾਨੀ ਨਾਟ-ਪਰੰਪਰਾ ਤੇ ਨਾਟ-ਸਿਧਾਂਤ ਬਾਰੇ ਅਰਸਤੂ ਦੇ ਕਾਵਿ-ਸ਼ਾਸਤਰ ਵਿਚ ਵਰਣਨ ਮਿਲਦਾ ਹੈ ਅਤੇ ਭਾਰਤੀ ਨਾਟ-ਸ਼ਾਸਤਰ ਬਾਰੇ ਭਰਤ ਮੁਨੀ ਦੇ 'ਨਟਯ ਸ਼ਾਸਤਰ ਵਿਚ ਸਿਧਾਂਤਕ ਚਰਚਾ ਪ੍ਰਾਪਤ ਹੈ। ਪੰਜਾਬੀ ਨਾਟਕ ਦੀ ਸਮੀਖਿਆਂ ਦੋਹਾਂ ਨਾਟ-ਸਿਧਾਂਤਾਂ ਦੇ ਰਲਗੱਡ ਜਿਹੇ ਰੂਪ ਵਿਚ ਕੁੱਝ ਚੋਣਵੇਂ ਤੱਤ ਪੰਜਾਬੀ ਨਾਟ-ਰਚਨਾਵਾਂ ਤੇ ਲਾਗੂ ਕੀਤੇ ਜਾ ਰਹੇ ਹਨ । ਅਜੇ ਸੁਤੰਤਰ ਤੇ ਮੌਲਿਕ ਪੰਜਾਬੀ ਨਾਟ-ਸ਼ਾਸਤਰ ਦੀ ਸਿਰਜਨਾ ਤੇ ਸਥਾਪਤੀ ਵਿਚ ਸਮਾਂ ਲੱਗੇਗਾ ਪਰ ਇਸ ਪਾਸੇ ਵੱਲ ਸਾਡੇ ਨਾਟ-ਸ਼ਾਸਤਰੀ ਰੁਚਿਤ ਜ਼ਰੂਰ ਜਾਪਦੇ ਹਨ।

ਅਸਲ ਵਿਚ ਨਾਟਕ ਇੱਕ ਸਮੇਂ ਸਾਹਿੱਤਿਕ ਰਚਨਾ ਵੀ ਹੈ ਅਤੇ ਮੰਚ ਰਚਨਾ ਵੀ ਹੈ, ਕਿਉਂਕਿ ਬਤੌਰ ਪੜੇ ਜਾਣ ਤੇ ਰਚਨਾ ਦੀ ਸਮੱਗਰੀ ਨੂੰ ਮਾਣਨ ਕਰਕੇ ਇਹ ਸਾਹਿਤ ਰੂਪ ਹੈ ਅਤੇ ਰੰਗਮੰਚ ਤੇ ਖੇਡੇ ਜਾਣ ਕਰਕੇ ਇਹ ਦ੍ਰਿਸ਼-ਸਾਹਿਤ ਵੀ ਹੈ। ਇਸੇ ਕਰਕੇ ਨਾਟ-ਕਲਾ ਜਟਿਲ ਅਤੇ ਸੰਯੁਕਤ (Composite) ਕ੍ਰਿਤ ਦੀ ਮਾਲਕ ਹੈ। ਜਿੱਥੇ ਪਾਤਰ, ਪ੍ਰਸਥਿਤੀਆਂ, ਘਟਨਾਵਾਂ, ਗੱਦ, ਤਣਾਉ ਅਤੇ ਭਾਸ਼ਾ ਪਦ ਇਸ ਕਲਾ ਦੇ ਸਾਹਿਤ ਨਾਲ ਸੰਬੰਧ ਜੋੜਦੇ ਹਨ, ਉੱਥੇ ਰੰਗ ਮੰਚ, ਅਦਾਕਾਰ, ਮੰਚੀ-ਭਾਸ਼ਾ, ਮੰਚ-ਜੜਤ, ਵੈਸ਼-ਭੂਸਾ, ਮੇਕਅਪ, ਰੌਸ਼ਨੀ, ਆਵਾਜ਼ (Sound) ਦਰਸ਼ਕ, ਪ੍ਰਵੇਸ਼ ਪ੍ਰਸਥਾਨ ਤੇ ਪਰਦਾ ਆਦਿ ਵਸਤੂਆਂ ਦੀ ਵਰਤੋਂ ਇਸ ਨੂੰ ਸਾਹਿਤ ਰੂਪ ਨਾਲੋਂ ਪਰੇ ਲੈ ਜਾਂਦੀਆਂ ਹਨ।

ਨਾਟਕ ਦੀ ਇਸ ਤਰਾਂ ਦੀ ਗੁੰਝਲਦਾਰ ਪ੍ਰਕ੍ਰਿਤੀ ਕਾਰਨ ਹੀ ਕੁੱਝ ਚਿੰਤਕਾਂ ਨੇ ਇਸ ਕਲਾ ਨੂੰ ਪ੍ਰਤੀਰੂਪਕ ਗਲਪ (Representational Fiction) ਵੀ ਆਖਿਆ ਹੈ । ਪਰ ਅਜਿਹਾ ਕਹਿਣ ਨਾਲ ਵੀ ਸਮੱਸਿਆ ਸੰਪੂਰਨ ਤੌਰ ਤੇ ਹੱਲ ਨਹੀਂ ਹੁੰਦੀ। ਇਸ ਨਾਲ ਤਾਂ ਕੇਵਲ ਦੋਹਾ ਪੱਖਾਂ ਨੂੰ ਜੋੜਨ ਵਾਲੀ ਗਲ ਹੈ। ਪ੍ਰਸਤੁਤੀ ਪੱਖ ਤੋਂ ਭਾਵ ਰੰਗ-ਮੰਚ ਕਲਾ ਵਾਸਤੇ ਲੈ ਲਿਆ ਗਿਆ ਹੈ ਅਤੇ ਗਲਪ ਪੱਖ ਤੋਂ ਭਾਵ ਨਿਰੋਲ ਸਾਹਿੱਤਿਕ ਰਚਨਾ ਲਈ ਲੈ ਲਿਆ ਗਿਆ ਹੈ । ਇਹ ਸਮੱਸਿਆ ਦਾ ਸਮਾਧਾਨ ਨਹੀਂ, ਸਮੱਸਿਆ ਪ੍ਰਤੀ ਇੱਕ ਦ੍ਰਿਸ਼ਟੀਕੋਣ ਹੈ । ਨੂੰ ਅਸਲ ਵਿਚ ਨਾ ਤਾਂ ਨਾਟਕ ਨੂੰ ਕੇਵਲ ਲਿਖਤੀ ਰੂਪ ਤਕ ਹੀ ਸੀਮਤ ਕੀਤਾ ਜਾਣਾ ਚਾਹੀਦਾ ਹੈ ਅਤੇ ਨਾ ਹੀ ਇਸ ਨੂੰ ਨਿਰੋਲ ਮੰਚੀ ਕਲਾ ਹੀ ਮੰਨਣਾ ਠੀਕ ਹੈ । ਪਰ ਇੱਕ ਗਲ ਨਿਸ਼ਚਿਤ ਹੈ ਕਿ ਮੰਚ (Stage) ਦੇ ਆਧਾਰ ਤੇ ਇਸ ਨਾਟਕ) ਨੂੰ ਦੂਸਰੀਆਂ ਸਾਹਿਤ-ਵਿਧਾਵਾਂ ਤੋਂ ਨਿਖੇੜਿਆ ਜ਼ਰੂਰ ਜਾ ਸਕਦਾ ਹੈ । ਨਾਟਕ ਵਿਚ ਸਾਹਿਤ ਦੇ ਗੁਣ ਜ਼ਰੂਰ ਸਮਿਲਤ ਹਨ ਪਰ ਜਿੰਨਾ ਚਿਰ ਨਾਟਕ ਰੰਗਮੰਚ ਤੇ ਖੇਡਿਆ ਨਹੀਂ ਜਾਂਦਾ ਉਤਨੀ ਦੇਰ ਤੱਕ ਨਾਟਕ ਦੇ ਪਾਠ-ਗਤ ਰੂਪ ਦੀਆਂ ਸਮੂਹ ਸੰਭਾਵਨਾਵਾਂ ਸਾਕਾਰ ਹੋਈਆਂ ਮੁਸ਼ਕਲ ਹਨ ਕਿਉਂਕਿ ਇੱਕ ਹੀ ਨਾਟਕ ਦੀਆਂ ਵੱਖ ਵੱਖ ਪੇਸ਼ਕਾਰੀਆਂ ਵਿਚ ਅਰਥ-ਸੰਭਾਵਨਾਵਾਂ ਭਿੰਨ ਭਿੰਨ ਰੂਪ ਵਿਚ ਪ੍ਰਗਟ ਹੁੰਦੀਆਂ ਹਨ । . ਫਲਸਰੂਪ ਅਸੀਂ ਕਹਿ ਸਕਦੇ ਹਾਂ ਕਿ ਨਾਟਕ ਦੇ ਪਾਠ-ਗਤ-ਰੂਪ ਵਿਚ ਬਹੁਤ ਕੁੱਝ ਅਣਲਿਖਿਆ,

ਅਤੇ ਅਣ ਕਹਿਆ ਅਤੇ ਬਹੁਤ ਕੁੱਝ ਮੂਕ ਅਵਸਥਾ ਵਿਚ ਹੁੰਦਾ ਹੈ ਜਿਸ ਨੂੰ ਜ਼ਬਾਨ ਅਦਾਕਾਰ ਆਪਣੇ ਹਾਵਾਂ ਭਾਵਾਂ ਤੇ ਅਦਾਵਾਂ ਨਾਲ ਦੇਂਦਾ ਹੈ । ਨਾਟਕ-ਕਲਾ ਦਾ ਖੇਤਰ ਲੇਖਕ, ਪਾਠਕ ਅਤੇ ਦਰਸ਼ਕ ਤੱਕ ਫੈਲਿਆ ਹੋਇਆ ਹੈ । ਦਰਸ਼ਕਾਂ " ਅਤੇ ਲੇਖਕ ਦੇ ਵਿਚਕਾਰ ਨਿਰਦੇਸ਼ਕ ਅਤੇ ਐਕਟਰ ਫਿਰ ਦੋ ਸੁਤੰਤਰ ਸਿਰਜਨਾਤਮਕ ਹਸਤੀਆਂ ਹਨ । ਇਹ ਦੋਵੇਂ ਸ਼ਕਤੀਆਂ ਨਾਟਕ ਦੀ ਪੁਨਰ-ਸਿਰਜਨਾ ਕਰਦੀਆਂ ਹਨ । ਇਸ ਦਾ ਭਾਵ ਇਹ ਹੋਇਆ ਕਿ ਨਾਟਕ ਨਾਲ ਸੰਬੰਧ ਕੇਵਲ ਲੇਖਕ ਦਾ ਹੀ ਨਹੀਂ ਸਗੋਂ ਨਿਰਦੇਸ਼ਕ, ਅਦਾਕਾਰ ਅਤੇ ਦਰਸ਼ਕੀ ਪਾਠਕ ਦਾ ਵੀ ਹੈ । ਨਾਟਕ ਦੀ ਸੰਪੂਰਨਤਾ ਲੇਖਕ ਤੋਂ ਦਰਸ਼ਕ ਤੱਕ ਪਹੁੰਚਣ ਵਿਚ ਹੈ । ਇਸ ਸਫ਼ਰ ਵਿਚ ਇੱਕ ਹੋਰ ਧਰਾਤਲ ਵੀ ਹੈ ਜਿਸ ਨੂੰ ਰੰਗਮੰਚ ਆਖਿਆ ਜਾਂਦਾ ਹੈ ਅਤੇ ਨਿਰਦੇਸ਼ਕ' ਅਤੇ 'ਅਦਾਕਾਰ ਇਸ ਸਫ਼ਰ ਦਾ ਵਾਹਨ ਹਨ । ਸਿੱਟਾ ਇਹ ਨਿਕਲਦਾ ਹੈ ਕਿ ਨਾਟਕ ਕਲਾ ਨੂੰ ਇੱਕ ਸਮੇਂ (At the same time) ਸਾਹਿਤ ਕਲਾ ਅਤੇ ਮੰਚ ਕਲਾ ਨਾਲ ਸੰਬੰਧਿਤ ਕਰਨ ਨਾਲ ਹੀ ਇਸ ਦੀ ਪ੍ਰਕ੍ਰਿਤੀ ਨੂੰ ਸਮਝਿਆ ਜਾ ਸਕਦਾ ਹੈ । ਇਸ ਦਾ ਭਾਵ ਇਹ ਵੀ ਹੈ ਕਿ ਨਾਟਕ ਇੱਕ ਮਿਸ਼ਰਤ ਕਲਾ ਹੈ। ਇਸ ਦੀ ਪ੍ਰਕ੍ਰਿਤੀ ਨੂੰ ਸਾਕਾਰ ਕਰਨ ਵਿਚ ਸਾਹਿਤ ਕਲਾ ਅਤੇ ਹੋਰ ਕਲਾਵਾਂ ਦਾ ਵੱਡਮੁੱਲਾ ਯੋਗਦਾਨ ਹੁੰਦਾ ਹੈ |

ਨਾਟਕ ਰਚਨਾ ਦੇ ਸਾਹਿਤ ਤੇ ਰੰਗਮੰਚ ਦੀ ਇੱਕ ਜਟਿਲ ਤੇ ਮਿਸ਼ਰਤ ਪ੍ਰਕਿਰਤੀ ਵਾਲੀ ਕਲਾ ਹੈ। ਨਾਟਕ ਕਲਾ ਦੇ ਮਿਸ਼ਰਤ ਸਰੂਪ ਦੇ ਸੰਕੇਤ ਇਸ ਸ਼ਬਦ ਦੀ ਵਿਉਤਪਤੀ ਵਿਚੋਂ ਹੀ ਪ੍ਰਾਪਤ ਹੋ ਜਾਂਦੇ ਹਨ । ਨਾਟਕ ਸ਼ਬਦ ਦੀ ਵਿਉਤਪਤੀ ਨੂੰ 'ਨ੍ਰਿਤ' ਸ਼ਬਦ ਤੇ "ਨੱਟ ਧਾਤੂ ਨਾਲ ਜੋੜਿਆ ਜਾਂਦਾ ਹੈ। ਨ੍ਰਿਤ ਸ਼ਬਦ ਦੇ ਅਰਥ ਨਾਚ ਹੈ ਤੇ "ਨੱਟ` ਤੋਂ ਭਾਵ ਹੈ "ਨਕਲ' ਪੁਰਾਤਨ ਮੇਲਿਆਂ ਆਦਿ ਦੇ ਇਕੱਠਾਂ ਵਿਚ ਆਮ ਲੋਕਾਂ ਤੇ ਮਨੋਰੰਜਨ ਲਈ ਪੇਸ਼ ਕੀਤੀਆਂ ਜਾਂਦੀਆਂ ਨਕਲਾਂ ਜਾਂ ਕਿਸੇ ਕਥਾ ਦਾ ਸੁਆਂਗ ਕਰਨ ਵਾਲੇ ਨੂੰ ਵੀ ਨੱਟ ਕਿਹਾ ਜਾਂਦਾ ਸੀ। ਨਾਟਕ ਸ਼ਬਦ ਦਾ ਨ੍ਰਿਤ' ਤੇ 'ਨੱਟ

ਨਾਲ ਡੂੰਘਾ ਸਬੰਧ ਜਾਪਦਾ ਹੈ ਕਿਉਂਕਿ ਪੁਰਾਤਨ ਨਾਟਕ ਵਿਚ ਨ੍ਰਿਤ ਨਾਟਕ ਦਾ ਮਹੱਤਵਪੂਰਨ ਹਿੱਸਾ ਰਿਹਾ ਹੈ ਤੇ ਨਕਲ ਤਾਂ ਨਾਟਕ ਦਾ ਆਧਾਰ ਹੀ ਹੈ। ਇਸ ਪ੍ਰਕਾਰ ਹੀ 'ਨਾਟਯ' ਸ਼ਬਦ ਤੋਂ ਵੀ ਨਾਟਕ ਸ਼ਬਦ ਦੀ ਉਤਪਤੀ ਮੰਨੀ ਜਾਂਦੀ ਹੈ। ਨਾਟਕ ਸ਼ਬਦ ਦੇ ਅਰਥ ਵੀ '' ਤੇ 'ਨੱਟ' ਦੇ ਸੰਯੁਕਤ ਜਿਹੇ ਅਰਥਾਂ ਨਾਲ ਮਿਲਦੇ ਜੁਲਦੇ ਹਨ।

ਆਧੁਨਿਕ ਪੰਜਾਬੀ ਨਾਟਕ ਦੇ ਜਨਮ ਦੇ ਪਿਛੋਕੜ ਵਿਚ ਉਪਰੋਕਤ ਤੱਥ - ਮਹੱਤਵਪੂਰਨ ਹਨ। ਪਰੰਤੂ, ਸਾਹਿਤ ਦੇ ਦੂਜੇ ਸਾਹਿਤ ਰੂਪਾਂ ਵਾਂਗ ਹੀ ਪੰਜਾਬੀ ਨਾਟਕ ਦਾ ਆਧੁਨਿਕ ਰੂਪ ਸਿਰਜਣ ਵਿਚ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਪੈਦਾ ਹੋਈ ਸਥਿਤੀ - ਮਹੱਤਵਪੂਰਨ ਹੈ। ਅੰਗਰੇਜ਼ਾਂ ਨੇ ਪੱਛਮੀ ਵਿੱਦਿਆ ਤੇ ਸਭਿਆਚਾਰ ਦੇ ਪ੍ਰਚਾਰ ਲਈ ਪ੍ਰਬੰਧ ਕੀਤੇ। ਈਸਾਈ ਮਿਸ਼ਨਰੀਆਂ ਨੇ ਈਸਾਈ ਮੱਤ ਦਾ ਪ੍ਰਚਾਰ ਆਰੰਭ ਕੀਤਾ। ਪ੍ਰਤੀਕਰਮ ਵਜੋਂ ਸਿੰਘ ਸਭਾ, ਆਰੀਆ ਸਮਾਜ, ਬ੍ਰਹਮੋ ਸਮਾਜ ਤੇ ਅਹਿਮਦੀਆ ਆਦਿ ਲਹਿਰਾਂ ਪੈਦਾ ਹੋਈਆਂ ਜੋ ਧਰਮ ਦੀ ਪੁਨਰ-ਸੁਰਜੀਤੀ ਤੇ ਸਦਾਚਾਰਕ ਮਾਹੌਲ ਦੀ ਉਸਾਰੀ ਵਿਚ ਰੁੱਝੀਆਂ ਹੋਣ ਕਰ ਕੇ ਰੰਗ ਤਮਾਸ਼ੇ ਦੇ ਉਲਟ ਸਨ। ਪਰੰਤੂ, ਇਸ ਦੇ ਬਾਵਜੂਦ ਪੱਛਮੀ ਵਿੱਦਿਆ ਦਾ ਆਰੰਭ ਹੋਣਾ, ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਦੀ ਸਥਾਪਨਾ, ਪਾਰਸੀ ਥੀਏਟਰੀਕਲ ਕੰਪਨੀਆਂ, ਟੈਂਪਰਸ ਐਸੋਸੀਏਸ਼ਨ ਦੀ ਸਥਾਪਨਾ ਤੇ ਈਸਾਈ ਮਿਸ਼ਨਰੀਆਂ ਦਾ ਈਸਾਈ ਮੱਤ ਦਾ ਪ੍ਰਚਾਰ ਆਦਿ ਕੁੱਝ ਅਜਿਹੇ ਕਾਰਨ ਹਨ ਜਿਹਨਾਂ ਨੇ ਪੰਜਾਬੀ ਥੀਏਟਰ ਦੇ ਜਨਮ ਵਿਚ ਮਹੱਤਵਪੂਰਨ ਯੋਗਦਾਨ ਪਾਇਆ।

ਪਾਰਸੀ ਥੀਏਟਰੀਕਲ ਕੰਪਨੀਆਂ ਨੇ 1880 ਵਿਚ ਲਾਹੌਰ ਤੇ ਅੰਮ੍ਰਿਤਸਰ ਵਿਚ ਖੇਲ ਪੇਸ਼ ਕਰਨੇ ਆਰੰਭ ਕਰ ਦਿੱਤੇ। ਪਾਰਸੀ ਕੰਪਨੀਆਂ ਸਰਕਸ ਵਾਲਿਆਂ ਵਾਂਗ ਆਪਣਾ ਸਾਰਾ ਸਾਜੋ ਸਾਮਾਨ ਨਾਲ ਰੱਖਦੀਆਂ ਸਨ। ਜਿੱਥੇ ਉਹਨਾਂ ਨੂੰ ਕੋਈ ਬਣੀ ਬਣਾਈ ਸਟੇਜ ਭਾਵ ਥੜ੍ਹਾ ਜਾਂ ਚੌਂਤਰਾ ਆਦਿ ਪ੍ਰਾਪਤ ਨਹੀਂ ਸੀ ਹੁੰਦਾ ਉੱਥੇ ਉਹ ਆਰਜ਼ੀ ਸਟੇਜ ਬਣਾ ਲੈਂਦੇ ਸਨ। ਗੌਰਮਿੰਟ ਕਾਲਜ ਲਾਹੌਰ ਦੇ ਇੱਕ ਪ੍ਰੋਫ਼ੈਸਰ ਜੇ. ਸੀ. ਉਮਾਨ ਨੇ 1880 ਵਿਚ ਆਪਣੀ ਛਪੀ . ਹੋਈ ਪੁਸਤਕ ਵਿਚ ਅੱਖੀਂ ਦੇਖੇ ਪੰਜ ਨਾਟਕਾਂ ਤੇ ਸਟੇਜ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ। ਪਾਰਸੀ ਥੀਏਟਰ ਦੇ ਪ੍ਰਭਾਵ ਅਧੀਨ ਹੀ ਰਾਮ ਲੀਲ੍ਹਾ ਤੇ ਕ੍ਰਿਸ਼ਨ ਲੀਲ੍ਹਾ ਲਈ ਸਟੇਜ ਦਾ ਇਸਤੇਮਾਲ ਹੋਣਾ ਆਰੰਭ ਹੋ ਗਿਆ। ਸਭ ਤੋਂ ਪਹਿਲਾਂ ਲਾਹੌਰ ਵਿਚ 1905 ਵਿਚ ਭਾਟੀ ਦਰਵਾਜ਼ੇ ਦੇ ਬਾਹਰ ਮੇਲਾ ਰਾਮ ਥੀਏਟਰ ਹੋਂਦ ਵਿਚ ਆਇਆ। 1910-11 ਵਿਚ ਆਗਾ ਹਸ਼ਰ ਤੇ ਮਾਸਟਰ ਰਹਿਮਤ ਅਲੀ ਦੀਆਂ ਦੋ ਥੀਏਟਰੀਕਲ ਕੰਪਨੀਆਂ ਸਥਾਪਤ ਹੋਈਆਂ ਜੋ ਲਾਹੌਰ ਵਿਚ ਹਰ ਰੋਜ਼ ਨਾਟਕ ਖੇਡਦੀਆਂ ਸਨ। ਨਸ਼ਿਆਂ ਤੇ ਸ਼ਰਾਬ ਵਿਰੁੱਧ ਪ੍ਰਚਾਰ ਦੇ ਮਨੋਰਥ ਅਧੀਨ ਸੰਸਥਾਵਾਂ ਹੋਂਦ ਵਿਚ ਆਈਆਂ ਜਿਹਨਾਂ ਵਿਚ ਟੈਂਪਰੈੱਸ ਐਸੋਸੀਏਸ਼ਨ ਇੱਕ ਅਜਿਹੀ ਸੰਸਥਾ ਸੀ ਜਿਸ ਨੇ ਇਸ ਮੁਹਿੰਮ ਲਈ ਨਾਟਕ ਦੇ ਮਾਧਿਅਮ ਨੂੰ ਵਰਤੋਂ ਵਿਚ ਲਿਆਂਦਾ। ਸਕੂਲ ਕਾਲਜਾਂ ਵਿਚ ਅੰਗਰੇਜ਼ ਤੇ ਅੰਗਰੇਜ਼ੀ ਅਧਿਆਪਕਾਂ ਨੇ ਨਾਟਕ ਤੇ ਇਕਾਂਗੀ ਖਿਡਾਉਣੇ ਆਰੰਭ ਕੀਤੇ।

ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ੇ ਉਪਰੰਤ ਆਪਣੀਆਂ ਪ੍ਰਸ਼ਾਸਨਿਕ ਲੋੜਾਂ ਲਈ ਪੰਜਾਬ ਹੈ ਪਰੰਪਰਾਵਾਦੀ ਜਗੀਰਦਾਰੀ ਪ੍ਰਬੰਧ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ ਤਾਂ ਜੋ ਅੰਗਰੇਜ਼ੀ ਰਾਜ ਨੂੰ ਪੱਕੇ ਪੈਰੀਂ ਤੇ ਚਿਰ-ਸਥਾਈ ਕੀਤਾ ਜਾ ਸਕੇ। ਵਿੱਦਿਆ ਵਿਭਾਗ ਖੋਲ੍ਹ ਕੇ ਪੱਛਮੀ ਵਿੱਦਿਆ ਤੇ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਕੀਤੀ ਗਈ। ਹੌਲੀ-ਹੌਲੀ ਪੰਜਾਬ ਦੀ ਰੱਜੀ-ਪੁੱਜੀ ਉੱਪਰਲੀ ਸ਼੍ਰੇਣੀ ਨੂੰ ਪੱਛਮੀ ਵਿੱਦਿਆ ਤੇ ਸਾਹਿਤ ਦਾ ਗਿਆਨ ਪ੍ਰਾਪਤ ਹੋਣਾ ਸ਼ੁਰੂ ਹੋਇਆ। ਅੰਗਰੇਜ਼ੀ ਅਧਿਆਪਕਾਂ ਨੇ ਵੀ ਨਵੇਂ ਪੜੇ ਲਿਖੇ ਪੰਜਾਬੀ ਨੌਜੁਆਨਾਂ ਨੂੰ ਆਧੁਨਿਕ ਪੱਛਮੀ ਸਾਹਿੱਤਿਕ ਰੂਪਾਂ ਵਿਚ ਲਿਖਣ ਲਈ ਪ੍ਰੇਰਿਆ। ਇਸ ਸਥਿਤੀ ਵਿਚ ਪੰਜਾਬੀ ਨਾਟਕ ਪੱਛਮੀ ਸਾਹਿਤ ਤੇ ਨਾਟਕ ਦੇ ਪ੍ਰਭਾਵ ਅਧੀਨ ਪੈਦਾ ਹੋਇਆ ਭਾਵੇਂ ਇਸ ਨੇ ਭਾਰਤੀ ਨਾਟਕ ਤੇ ਲੋਕ-ਨਾਟਕ ਪਰੰਪਰਾ ਦੇ ਵੀ ਬਹੁਤ ਸਾਰੇ ਤੱਤ ਆਪਣੇ ਵਿਚ ਸਮੋਏ ਹੋਏ ਸਨ।

**ਮੁੱਢਲਾ ਪੰਜਾਬੀ ਨਾਟਕ**

ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਤੋਂ ਪਿੱਛੋਂ ਪੈਦਾ ਹੋਈਆਂ ਪਰਿਸਥਿਤੀਆਂ ਕਾਰਨ ਲਗਭਗ ਦਸ ਸਦੀਆਂ ਪਿੱਛੋਂ ਪੰਜਾਬੀ ਨਾਟਕ ਮੁੜ ਸੁਰਜੀਤ ਹੋਇਆ। ਪੰਜਾਬੀ ਵਿਚ ਪਹਿਲਾ ਨਾਟਕ ਪਾਰਸੀ ਥੀਏਟਰੀਕਲ ਕੰਪਨੀਆਂ ਆਦਿ ਦੇ ਪ੍ਰਭਾਵ ਕਾਰਨ ਅੰਗਰੇਜ਼ੀ ਜਾਂ ਸੰਸਕ੍ਰਿਤ ਨਾਟਕਾਂ ਦੇ ਅਨੁਵਾਦਾਂ ਤੇ ਭਾਰਤੀ ਪੰਜਾਬੀ ਦੇ ਇਤਿਹਾਸਕ, ਮਿਥਿਹਾਸਿਕ ਵਿਸ਼ਿਆਂ ਉੱਤੇ ਲਿਖੇ ਨਾਟਕਾਂ ਰਾਹੀਂ ਹੋਇਆ। ਅੰਗਰੇਜ਼ੀ ਰਾਜ ਦੇ ਇਹ ਪਹਿਲੇ ਪੰਜਾਹ ਸੱਠ ਸਾਲ ਪੰਜਾਬੀ ਨਾਟਕ ਦੇ ਜਨਮ ਤੇ ਵਿਕਾਸ ਲਈ ਇਤਿਹਾਸਕ ਤੌਰ ਤੇ ਬਹੁਤ ਮਹੱਤਵਪੂਰਨ ਹਨ। ਇਸ ਸਮੇਂ ਹੀ ਅਨੁਵਾਦ ਤੇ ਮੌਲਿਕ ਨਾਟਕਾਂ ਨੂੰ ਸਟੇਜ ਪ੍ਰਾਪਤ ਹੋ ਗਈ। ਜਿਸ ਕਰ ਕੇ ਨਾਟਕ ਖੇਡੇ ਜਾਣ ਲਈ ਲਿਖੇ ਜਾਣ ਲੱਗੇ। ਡਾ. ਚਰਨ ਸਿੰਘ ਨੇ ਕਾਲੀਦਾਸ ਦੇ ਸੰਸਕ੍ਰਿਤ ਦੇ ਪ੍ਰਸਿੱਧ ਨਾਟਕ ਸ਼ਕੁੰਤਲਾ ਦਾ ਅਨੁਵਾਦ ਕੀਤਾ। ਮਾਨ ਸਿੰਘ ਨੇ ਕਾਲੀਦਾਸ ਦੇ ਨਾਟਕ 'ਵਿਕ੍ਰੋਮੋਰਵਸ਼ੀ' ਦਾ ਅਨੁਵਾਦ ਕੀਤਾ। ਬਲਵੰਤ ਸਿੰਘ ਤੇ ਨਰੈਣ ਸਿੰਘ ਨੇ ਸ਼ੈਕਸਪੀਅਰ ਦੇ ਨਾਟਕ 'ਕਿੰਗ ਲੀਅਰ ਨੂੰ ਪੰਜਾਬੀ ਰੂਪ ਦਿੱਤਾ। ਮੋਹਨ ਸਿੰਘ ਵੈਦ ਨੇ 'ਕਾਮੇਡੀ ਔਫ ਐਰਰਜ਼', ਅਮਰ ਸਿੰਘ ਨੇ ਉਥੈਲੋ' ਆਦਿ ਨਾਟਕਾਂ ਦੇ ਅਨੁਵਾਦ ਕੀਤੇ।

**ਭਾਈ ਵੀਰ ਸਿੰਘ** :

ਮੁੱਢਲੇ ਦੌਰ ਵਿਚ ਬਹੁਤ ਸਾਰਾ ਮੌਲਿਕ ਨਾਟਕ ਵੀ ਲਿਖਿਆ ਗਿਆ। ਭਾਈ ਵੀਰ ਸਿੰਘ ਦਾ ਨਾਟਕ 'ਰਾਜਾ ਲਖਦਾਤਾ ਸਿੰਘ ਪੰਜਾਬੀ ਦੇ ਮੁੱਢਲੇ ਮੌਲਿਕ ਨਾਟਕਾਂ ਵਿਚੋਂ ਹੈ। ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਵਾਂਗ ਇਸ ਨਾਟਕ ਵਿਚ ਵੀ ਸਿੱਖ ਧਰਮ ਵਿਚ ਆਈ ਗਿਰਾਵਟ ਦੇ ਚਿੱਤਰ ਸਿਰਜ ਕੇ ਇਸ ਗਿਰਾਵਟ ਨੂੰ ਦੂਰ ਕਰਨ ਲਈ ਸੁਧਾਰਵਾਦੀ ਉਪਦੇਸ਼ ਦਿੱਤੇ ਹਨ। ਨਾਟਕ ਦ੍ਰਿਸ਼ਟੀ ਪੱਖੋਂ ਸੁਧਾਰਵਾਦੀ ਦੇ ਉਪਦੇਸ਼ਾਤਮਿਕ ਹੈ।

ਨਾਟਕ ਸ਼ੈਲੀ ਪੱਖੋਂ ਭਾਈ ਵੀਰ ਸਿੰਘ ਸੰਸਕ੍ਰਿਤ ਨਾਟ-ਪਰੰਪਰਾ ਨੂੰ ਸੁਰਜੀਤ ਕਰਨ ਦਾ ਯਤਨ ਕਰਦਾ ਹੈ। ਉਹ ਨਾਟਕ ਵਿਚ ਨਟ-ਨਟੀ ਦਾ ਪ੍ਰਯੋਗ ਕਰਦਾ ਹੈ। ਰਾਜਾ ਲਖਦਾਤਾ ਸਿੰਘ ਨਾਲ ਇੱਕ ਪਾਤਰ ਵਿਦੂਸ਼ਕ (ਮਖੌਲੀਆ) ਵੀ ਸੰਸਕ੍ਰਿਤ ਨਾਟਕ ਦੀ ਪਰੰਪਰਾ ਅਨੁਸਾਰ ਹੀ ਸਿਰਜਿਆ ਗਿਆ ਹੈ। ਵਾਰਤਾਲਾਪ ਵਾਰਤਕ ਤੇ ਛੰਦ ਦੋਹਾਂ ਰੂਪਾਂ ਵਿਚ ਹੈ। ਬਿਖਰਿਆ ਕਥਾਨਕ, ਉਪਦੇਸ਼ਾਤਮਿਕ ਸ਼ੈਲੀ, ਨਾਟਕੀ ਟੱਕਰ ਤੇ ਕਾਰਜ ਦੀ ਅਣਹੋਂਦ ਕਾਰਨ ਇਹ ਨਾਟਕ ਤਕਨੀਕ ਪੱਖੋਂ ਇੱਕ ਕਮਜ਼ੋਰ ਰਚਨਾ ਹੈ।

**ਗਿਆਨੀ ਦਿੱਤ ਸਿੰਘ** :

ਗਿਆਨੀ ਦਿੱਤ ਸਿੰਘ ਪੰਜਾਬੀ ਦੇ ਮੁੱਢਲੇ ਨਾਟਕਕਾਰ ਵਿਚੋਂ ਹੈ ਜੋ ਭਾਈ ਵੀਰ . ਵਾਂਗ ਹੀ ਸਿੱਖ ਧਰਮ ਦੇ ਸੁਧਾਰ ਦੇ ਮਨੋਰਥ ਹਿੱਤ ਨਾਟਕ ਸਿਰਜਣਾ ਕਰਦਾ ਹੈ। ਉਸ ਦੇ ਸੁਪਨ ਨਾਟਕ' ਤੇ 'ਰਾਜਾ ਬੋਧ' ਦੋ ਨਾਟਕ ਹਨ। ਪਹਿਲੇ ਨਾਟਕ ਵਿਚ ਉਸ ਨੇ ਸਿੱਖ ਧਰਮ ਦੇ ਸਿਧਾਂਤਾਂ ਬਾਰੇ ਲਿਖਿਆ ਹੈ ਕਿ ਦਸਵੇਂ ਗੁਰੂ ਸਾਹਿਬਾਨ ਦੇ ਜੋਤੀ ਜੋਤ ਸਮਾਉਣ ਉਪਰੰਤ ਸਿੱਖ ਧਰਮ ਦੇ ਅਨੁਆਈਆਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਤੇ ਪਥ-ਪ੍ਰਦਰਸ਼ਕ ਮੰਨਣਾ ਚਾਹੀਦਾ ਹੈ। ਸਿੱਖਾਂ ਦਾ ਗੁਰੂ ਕੋਈ ਦੇਹਵਾਦੀ ਪੁਰਖ ਨਹੀਂ ਹੋ ਸਕਦਾ । ਇਸ ਨਾਟਕ ਵਿਚ ਭਾਵੇਂ ਸਮਕਾਲੀ ਧਾਰਮਿਕ ਜੀਵਨ ਨੂੰ ਆਧਾਰ ਬਣਾਇਆ ਗਿਆ ਹੈ ਪਰ ਤਕਨੀਕ ਪੱਖੋਂ ਇਹ ਨਾਟਕ ਵੀ ਸਫਲ ਨਹੀਂ ਬਲਕਿ ਮੁੱਢਲੇ ਰੂਪ ਵਾਲਾ ਹੀ ਹੈ। ਇਸ ਨਾਟਕ ਨੂੰ ਸੁਪਨ ਸ਼ੈਲੀ ਵਿਚ ਲਿਖਿਆ ਗਿਆ ਹੈ। ਦੂਜਾ, ਨਾਟਕ ਵੀ ਇੱਕ ਕਮਜ਼ੋਰ ਨਾਟਕੀ ਰਚਨਾ ਹੈ ਜਿਸ ਦਾ ਬਹੁਤਾ ਭਾਗ ਕਵਿਤਾ ਵਿਚ ਲਿਖਿਆ ਗਿਆ ਹੈ। **ਬਾਵਾ ਬੁੱਧ ਸਿੰਘ (1878-1931)** .:

ਬਾਵਾ ਬੁੱਧ ਸਿੰਘ ਇਸ ਦੌਰ ਦਾ ਇੱਕ ਹੋਰ ਨਾਟਕਕਾਰ ਹੈ। "ਮੁੰਦਰੀ ਛਲ', 'ਨਾਰ ਨਵੇਲੀ', 'ਚੰਦਰ ਹਰੀ' ਤੇ 'ਦਮਨੀ' ਆਦਿ ਉਸ ਦੇ ਨਾਟਕ ਹਨ । ਇਹਨਾਂ ਨਾਟਕਾਂ ਵਿਚ ਉਸ ਨੇ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। "ਮੁੰਦਰੀ ਛਲ' ਵਿਚ ਪਤੀਵਰਤਾ ਇਸਤਰੀ ਨੂੰ ਆਦਰਸ਼ਕ ਰੂਪ ਵਿਚ ਪੇਸ਼ ਕੀਤਾ ਹੈ। 'ਦਮਨੀ ਵਿਚ ਅਛੂਤਾਂ ਦੀ ਤੇ 'ਨਾਰ ਨਵੇਲੀ' ਵਿਚ ਨਵੀਂ ਤਹਿਜ਼ੀਬ ਦੀ ਔਰਤ ਨਾਲ ਸਬੰਧਤ ਵਿਸ਼ੇ ਪ੍ਰਗਟਾਏ ਗਏ ਹਨ। ਇਹ ਨਾਟਕ ਨਿਭਾਅ ਵਿਚ ਤਕਨੀਕ ਪੱਖੋਂ ਕਾਫ਼ੀ ਪਛੜੇ ਹੋਏ ਹਨ। ਬਾਵਾ ਬੁੱਧ ਸਿੰਘ ਨੇ ਇਹ ਨਾਟਕ ਈਸ਼ਵਰ ਚੰਦਰ ਨੰਦਾ ਦੇ ਸਾਹਿਤ ਵਿਚ ਪ੍ਰਵੇਸ਼ ਤੋਂ ਪਹਿਲਾਂ ਲਿਖੇ ਤੇ ਕੁੱਝ ਪਿੱਛੋਂ ਲਿਖੇ ਗਏ।

**ਲਾਲਾ ਕਿਰਪਾ ਸਾਗਰ** :

ਲਾਲਾ ਕਿਰਪਾ ਸਾਗਰ ਨੇ ਇਸ ਦੌਰ ਵਿਚ ਪੰਜਾਬੀ ਵਿਚ ਇਤਿਹਾਸਕ ਨਾਟਕ ਦਾ ਮੁੱਢ ਬੰਨ੍ਹਿਆ। ਉਸ ਨੇ ਪੰਜਾਬ ਦੇ ਨੇੜਲੇ ਭੂਤਕਾਲ ਦੇ ਇਤਿਹਾਸ ਨੂੰ ਆਪਣੀ ਰਚਨਾ ਮਹਾਰਾਜਾ ਰਣਜੀਤ ਸਿੰਘ ਭਾਗ ਪਹਿਲਾ ਤੇ ਦੂਜਾ, "ਡੀਡੋ ਜੰਮਵਾਲ ਰਾਹੀਂ ਪੇਸ਼ ਕੀਤਾ। ਲਾਲਾ ਕਿਰਪਾ ਸਾਗਰ ਨੇ ਇਹਨਾਂ ਨਾਟਕਾਂ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦੇ ਕੌਮੀ ਨਾਇਕ ਵਜੋਂ ਪੇਸ਼ ਕੀਤਾ ਹੈ। ਲੇਖਕ ਆਪਣੇ ਉਦੇਸ਼ ਵਿਚ ਸਫਲ ਹੈ। ਪਹਿਲੇ ਦੋ ਨਾਟਕਾਂ ਵਿਚ ਤਾਂ ਮਹਾਰਾਜਾ ਰਣਜੀਤ ਸਿੰਘ ਨੂੰ ਆਦਰਸ਼ਕ ਰੂਪ ਵਿਚ ਚਿਤਰਿਆ ਗਿਆ ਹੈ। ਪਰ ਤੀਜੇ ਭਾਗ ਵਿਚ ਮਹਾਰਾਜੇ ਵਿਚ ਸਾਮਰਾਜੀ ਰੁਚੀਆਂ ਪੈਦਾ ਹੁੰਦੀਆਂ ਚਿਤਰੀਆਂ ਹਨ। ਤੀਜੇ ਨਾਟਕ ਵਿਚ ਜੰਮੂ ਦੇ ਇੱਕ ਨਾਇਕ ਡੀਡੋ ਨੂੰ ਲੋਕ-ਨਾਇਕ ਦੇ ਰੂਪ ਵਿਚ ਚਿਤਰਿਆ ਹੈ। ਇਹ ਨਾਟਕ ਪੰਜਾਬੀ ਜੀਵਨ ਨੂੰ ਬਹੁਤ ਵਿਸਥਾਰ ਤੇ ਯਥਾਰਥਕ ਰੂਪ ਵਿਚ ਪੇਸ਼ ਕਰਦਾ ਹੈ। ਪੰਜਾਬੀ ਲੋਕ-ਨਾਟ ਦੀਆਂ ਨਾਟਕੀ ਵਿਧੀਆਂ ਦਾ ਭਰਪੂਰ ਪ੍ਰਯੋਗ ਕੀਤਾ ਹੈ। ਪਿੰਡ ਦੇ ਵਿਹਲੇ ਬਾਜ਼ਾਰ, ਪੇਂਡੂ ਘਰਾਂ ਦੇ ਦ੍ਰਿਸ਼, ਭੂਤਾਂ ਤੇ ਚੁੜੇਲਾਂ ਦਾ ਵਿਆਹ, ਨਿਹੰਗਾਂ ਦੀ ਛਾਉਣੀ ਤੇ ਨਕਲੀਆਂ ਦੀ ਨਕਲ ਆਦਿ ਰਾਹੀਂ ਆਮ ਦਰਸ਼ਕ ਲਈ ਰਸ ਪੈਦਾ ਕੀਤਾ ਗਿਆ ਹੈ। ਇਹ ਰਚਨਾ ਇਤਿਹਾਸਕ ਸੱਚ ਸਿਰਜਣ ਵਿਚ ਵੀ ਸਫਲ ਹੈ। ਬੋਲੀ ਪੱਖੋਂ ਵੀ ਲੇਖਕ ਨੇ ਮੁਹਾਵਰੇਦਾਰ ਕੇਂਦਰੀ ਪੰਜਾਬੀ ਦੀ ਵਰਤੋਂ ਕਰਦਾ ਹੈ । ਵਾਰਤਾਲਾਪ ਵੀ ਯਥਾਰਥਕ ਹੈ। ਇਹ ਰਚਨਾਵਾਂ ਸਮਕਾਲੀ ਜੀਵਨ ਦੇ ਯਥਾਰਥ ਨੂੰ ਪੇਸ਼ ਕਰਨ ਵਿਚ ਤਾਂ ਸਫਲ ਹੋਈਆਂ ਹਨ ਪਰ ਨਾਟਕੀ ਤਕਨੀਕ ਪੱਖੋਂ ਕਮਜ਼ੋਰ ਹਨ। ਖਿੰਡਾਊ ਰੂਪ ਵਾਲਾ ਕਥਾਨਕ ਤੇ ਸਟੇਜੀ ਪੱਖ ਦੀ ਅਣਗਹਿਲੀ ਨਾਟਕ ਨੂੰ ਸਫਲ ਰਚਨਾ ਨਹੀਂ ਬਣਨ ਦੇਂਦੇ। ਪਰੰਤੂ ਯਥਾਰਥਵਾਦੀ ਪੰਜਾਬੀ ਨਾਟਕ ਦੀ ਚੰਗੀ ਸ਼ੁਰੂਆਤ ਪੱਖੋਂ ਇਹਨਾਂ ਨਾਟਕਾਂ ਦਾ ਇਤਿਹਾਸਕ ਮਹੱਤਵ ਹੈ।

**ਬ੍ਰਿਜ ਲਾਲ ਸ਼ਾਸਤਰੀ** :

ਬ੍ਰਿਜ ਲਾਲ ਸ਼ਾਸਤਰੀ ਦਾ ਜਨਮ ਪਿੰਡ ਲੋਧੀਆਂ, ਤਹਿਸੀਲ ਸ਼ਕਰਗੜ, ਜ਼ਿਲ੍ਹਾ ਗੁਰਦਾਸਪੁਰ ਵਿਚ ਸ੍ਰੀ ਅਮਰ ਚੰਦ ਦੇ ਘਰ ਹੋਇਆ। ਆਪ ਸੰਸਕ੍ਰਿਤ ਦੇ ਪ੍ਰੋਫ਼ੈਸਰ ਸਨ ਤੇ 1949 ਵਿਚ ਰਿਟਾਇਰ ਹੋ ਗਏ । ਆਪ ਨੇ "ਪੂਰਨ ਨਾਟਕ', 'ਸਾਵਿਤ੍ਰੀ', 'ਸੁਕੰਨਿਆ ਤੇ 'ਊਦੈਤ' ਨਾਟਕ ਸਾਹਿਤ ਨੂੰ ਦਿੱਤੇ। ਇਹਨਾਂ ਨਾਟਕਾਂ ਵਿਚ ਸਦਾਚਾਰਕ ਕੀਮਤਾਂ ਦੇ ਪ੍ਰਚਾਰ ਰਾਹੀਂ ਆਚਰਣਕ ਉਸਾਰੀ ਦੀ ਪ੍ਰੇਰਨਾ ਦਿੱਤੀ ਗਈ ਹੈ। 'ਪੂਰਨ ਨਾਟਕ ਨੂੰ ਇਸ ਦੇ ਲੋਕ ਮਨ ਵਿਚ ਵਸੇ ਵਿਸ਼ੇ ਕਾਰਨ ਕਾਫ਼ੀ ਪ੍ਰਸਿੱਧੀ ਮਿਲੀ । ਨਾਟਕ ਵਿਚ ਹਾਸ ਰਸ, ਵਿਅੰਗ ਤੇ ਕਟਾਖ ਰਾਹੀਂ ਰਸ ਪੈਦਾ ਕੀਤਾ ਗਿਆ ਹੈ । ਬੋਲੀ ਠੇਠ ਕੇਂਦਰੀ ਮੁਹਾਵਰੇ ਵਾਲੀ ਹੈ। ਦੂਜੇ ਤਿੰਨਾਂ ਨਾਟਕਾਂ ਨੂੰ ਉਹਨਾਂ ਵਿਚਲੇ ਪਰਾਸਰੀਰਕ ਰੰਗ ਕਾਰਨ ਬਹੁਤੀ ਸਿੱਧੀ ਪ੍ਰਾਪਤ ਨਹੀਂ ਹੋਈ। ਸੁੱਕਾ ਸਮੁੰਦਰ" ਕਰਤਾ ਅਰੂੜ ਸਿੰਘ, ਮਨਮੋਹਕ ਨਾਟਕ' ਕਰਤਾ ਗੁਰਬਖ਼ਸ਼ ਸਿੰਘ ਬਰਿਸਟਰ ਇਸ ਦੌਰ ਦੀਆਂ ਦੋ ਹੋਰ ਰਚਨਾਵਾਂ ਹਨ। ਇਹ ਰਚਨਾਵਾਂ ਕੇਵਲ ਗਿਣਤੀ ਵਿਚ ਹੀ ਵਾਧਾ ਕਰਦੀਆਂ ਹਨ ।

ਇਸ ਦੌਰ ਦਾ ਪੰਜਾਬੀ ਨਾਟਕ ਇਤਿਹਾਸਕ ਮਿਥਿਹਾਸਿਕ ਘਟਨਾਵਾਂ ਉੱਤੇ ਉੱਸਰਿਆ ਹੋਇਆ ਹੈ। ਇਹ ਸੁਧਾਰਵਾਦੀ ਦ੍ਰਿਸ਼ਟੀ ਦਾ ਨਾਟਕ ਹੈ। ਸਮਕਾਲੀਨ ਅੰਗਰੇਜ਼ੀ ਨਾਟਕ ਤੇ ਭਾਰਤੀ ਸੰਸਕ੍ਰਿਤ ਨਾਟਕ ਪਰੰਪਰਾ ਦਾ ਪ੍ਰਭਾਵ ਇਹਨਾਂ ਨਾਟਕਕਾਰਾਂ ਦੀਆਂ ਰਚਨਾਵਾਂ ਵਿਚੋਂ ਸਪਸ਼ਟ ਨਜ਼ਰ ਆਉਂਦਾ ਹੈ। ਇਹ ਨਾਟਕ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਨੂੰ ਸਿਰਜਣ ਵੱਲ ਵੀ ਰੁਚਿਤ ਹੁੰਦਾ ਹੈ, ਪਰ ਸਫਲਤਾ ਪ੍ਰਾਪਤ ਨਹੀਂ ਕਰਦਾ। ਇਸ ਅਸਫਲਤਾ ਦਾ ਵੱਡਾ ਕਾਰਨ ਨਾਟਕਕਾਰਾਂ ਦੀ ਪਰੰਪਰਾਵਾਦੀ ਰੁਮਾਂਟਿਕ ਤੇ ਸੁਧਾਰਵਾਦੀ ਦ੍ਰਿਸ਼ਟੀ ਹੈ। ਇਸ ਦੇ ਬਾਵਜੂਦ ਇਸ ਮੁੱਢਲੇ ਪੰਜਾਬੀ ਨਾਟਕ ਦੀ ਇਤਿਹਾਸਕ ਮਹੱਤਤਾ ਹੈ, ਜੋ ਸਮਕਾਲੀ ਪੰਜਾਬੀ ਸਾਹਿਤ ਤੇ ਸਮਾਜ ਦੀਆਂ ਪਰਿਸਥਿਤੀਆਂ ਦੀ ਮੂੰਹ ਬੋਲਦੀ ਤਸਵੀਰ ਹੈ। ਇਹਨਾਂ ਨਾਟਕਾਂ ਦਾ ਤਕਨੀਕੀ ਪੱਖ ਵੀ ਬਹੁਤ ਕਮਜ਼ੋਰ ਹੈ।

**ਪਹਿਲੇ ਦੌਰ ਦਾ ਪੰਜਾਬੀ ਨਾਟਕ** :

ਆਧੁਨਿਕ ਪੰਜਾਬੀ ਨਾਟਕ ਦਾ ਜਨਮ 1913 ਵਿਚ ਈਸ਼ਵਰ ਚੰਦਰ ਨੰਦਾ ਦੇ ਇਕਾਂਗੀ "ਸੁਹਾਗ" ਨਾਲ ਮੰਨਿਆ ਜਾਂਦਾ ਹੈ। "ਸੁਹਾਗ" ਇਕਾਂਗੀ ਦਾ ਪਹਿਲਾ ਨਾਮ ਦੁਲਹਨ' ਸੀ। ਇਸ ਇਕਾਂਗੀ ਦੀ 1913 ਵਿਚ ਦਿਆਲ ਸਿੰਘ ਕਾਲਜ ਲਾਹੌਰ ਦੀ ਸਟੇਜ ਉੱਤੇ ਸਫਲ ਪੇਸ਼ਕਾਰੀ ਤੇ ਮੁਕਾਬਲੇ ਵਿਚ ਪਹਿਲੇ ਨੰਬਰ ਤੇ ਆਉਣਾ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਵੱਡੀ ਘਟਨਾ ਹੈ ਜੋ "ਸੁਹਾਗ" (ਦੁਲਹਨ) ਨੂੰ ਪੰਜਾਬੀ ਦੀ ਪਹਿਲੀ ਨਾਟਕੀ ਰਚਨਾ (ਇਕਾਂਗੀ) ਤੇ ਈਸ਼ਵਰ ਚੰਦਰ ਨੰਦਾ ਨੂੰ ਪੰਜਾਬੀ ਦਾ ਪਹਿਲਾ ਨਾਟਕਕਾਰ ਬਣਾ ਦੇਂਦੀ ਹੈ। ਸੁਹਾਗ ਆਧੁਨਿਕ ਤਕਨੀਕ ਉੱਤੇ ਲਿਖਿਆ ਹੋਇਆ ਹੈ । ਸਟੇਜ ਉੱਤੇ ਸਫਲਤਾ ਸਹਿਤ ਖੇਡੇ ਜਾਣ ਤੇ ਯਥਾਰਥਕ ਸ਼ੈਲੀ ਕਾਰਨ ਇਹ ਪੰਜਾਬੀ ਦਾ ਨਾਟਕ ਦਾ ਪਹਿਲਾ ਇਕਾਂਗੀ ਹੈ , ਪੰਜਾਬੀ ਨਾਟਕ ਦੇ ਜਨਮ ਨਾਲ ਸਬੰਧਤ ਦੂਜੀ ਵੱਡੀ ਸ਼ਖ਼ਸੀਅਤ ਨੌਰਾ ਰਿਚਰਡਜ਼ ਦੀ ਹੈ ਜੋ ਪੰਜਾਬੀ ਵਿਚ ਯਥਾਰਥਵਾਦੀ ਨਾਟਕ ਸਿਰਜਣ ਦਾ ਪ੍ਰਮੁੱਖ ਪ੍ਰੇਰਨਾ ਸਰੋਤ ਬਣੀ। ਨੌਰਾ ਰਿਚਰਡਜ਼ ਜੋ 1911 ਵਿਚ ਆਪਣੇ ਪਤੀ ਨਾਲ ਲਾਹੌਰ ਆਈ, ਨੇ ਦਿਆਲ ਸਿੰਘ ਕਾਲਜ ਲਾਹੌਰ ਵਿਚ ਵਿਦਿਆਰਥੀਆਂ ਨੂੰ ਇਕੱਠੇ ਕਰ ਕੇ ਨਾਟਕ ਸਿਰਜਣਾ ਲਈ ਪ੍ਰੇਰਿਆ ਤੇ ਨਾਟਕ ਮੁਕਾਬਲੇ ਕਰਵਾਏ । ਅੰਗਰੇਜ਼ਾਂ ਦੇ ਗ਼ੁਲਾਮ ਹੋਣ ਕਾਰਨ ਪੰਜਾਬ ਤੇ ਆਇਰਲੈਂਡ ਦੀ ਇੱਕੋ ਜਿਹੀ ਸਥਿਤੀ ਸੀ ਤੇ ਨੌਰਾ ਨੇ ਪੰਜਾਬੀ ਨਾਟਕ ਨੂੰ ਆਧੁਨਿਕ ਲੀਹਾਂ ਉੱਤੇ ਪਾਉਣ ਲਈ ਪਰ੍ਹਾ ਯਤਨ ਕੀਤਾ। ਨੌਰਾ ਯਥਾਰਥਵਾਦੀ ਸ਼ੈਲੀ ਦੇ ਨਾਟਕਾਂ ਦੀ ਮੁੱਦਈ ਸੀ ਤੇ ਨਾਟਕ ਰਾਹੀਂ ਸਮਾਜ ਸੁਧਾਰ ਕਰਨ ਦੇ ਸਿਧਾਂਤ ਦੀ ਸਮਰਥਕ ਸੀ। ਉਹ ਆਪਣੇ ਪਤੀ ਦੀ ਮੌਤ ਉਪਰੰਤ ਹਿਮਾਚਲ ਪ੍ਰਦੇਸ਼ ਵਿਚ ਪਾਲਮਪੁਰ ਨੇੜੇ ਅੰਦਰੇਟੇ ਪਿੰਡ ਦੇ ਕੋਲ ਰਹੀ ਤੇ ਆਪਣੀ ਮੌਤ ਤਕ ਨਾਟਕ ਨਾਲ ਜੁੜੀ ਰਹੀ।

**ਈਸ਼ਵਰ ਚੰਦਰ ਨੰਦਾ** :

ਈਸ਼ਵਰ ਚੰਦਰ ਨੰਦਾ ਦਾ ਜਨਮ 1892 ਵਿਚ ਲਾਲਾ ਭਾਗ ਮੱਲ ਦੇ ਘਰ ਪਿੰਡ ਗਾਂਧੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ । ਬਚਪਨ ਵਿਚ ਹੀ ਪਿਤਾ ਦੀ ਮੌਤ ਹੋ ਗਈ। ਹੱਥੀਂ ਮਿਹਨਤ ਮਜ਼ਦੂਰੀ ਕਰ ਕੇ ਵਿੱਦਿਆ ਹਾਸਲ ਕੀਤੀ । ਵੱਖੋ-ਵੱਖਰੇ ਕਈ ਕਾਲਜਾਂ ਵਿਚ ਅਧਿਆਪਨ ਕੀਤਾ ਤੇ 1947 ਵਿਚ ਗੌਰਮਿੰਟ ਕਾਲਜ ਤੋਂ ਰਿਟਾਇਰ ਹੋਏ । ਈਸ਼ਵਰ ਚੰਦਰ ਨੰਦਾ ਨੇ ਚਾਰ ਪੂਰੇ ਨਾਟਕ ਤੇ ਇੱਕ ਦਰਜਨ ਇਕਾਂਗੀਆਂ ਦੀ ਸਿਰਜਣਾ ਕੀਤੀ। 'ਸੁਭੱਦਰਾ', 'ਵਰ-ਘਰ" , "ਸੋਸ਼ਲ ਸਰਕਲ' ਤੇ 'ਸ਼ਾਮੂ ਸ਼ਾਹ' ਉਸ ਦੇ ਪੂਰੇ ਨਾਟਕ ਹਨ। ਨੰਦਾ ਦਾ ਨਾਟਕ ਸ਼ਾਮੂ ਸ਼ਾਹ ਅੰਗਰੇਜ਼ੀ ਦੇ ਪ੍ਰਸਿੱਧ ਨਾਟਕਕਾਰ ਸ਼ੈਕਸਪੀਅਰ ਦੇ ਨਾਟਕ 'ਮਰਚੈਂਟ ਆਫ ਵੀਨਸ' ਦੀ ਕਥਾ ਉੱਤੇ ਆਧਾਰਤ ਹੈ। ਨੰਦਾ ਨੇ ਇਸ ਨਾਟਕ ਦੀ ਮੁੱਖ ਘਟਨਾ ਨੂੰ ਹੀ ਲਿਆ ਹੈ ਬਾਕੀ ਸਾਰਾ ਨਾਟਕੀ ਮਾਹੌਲ ਤੇ ਪਾਤਰ ਪੰਜਾਬੀ ਸੁਭਾਅ ਅਨੁਸਾਰ ਹਨ । ਨੰਦਾ ਦੇ ਝਲਕਾਰੇ', 'ਲਿਸ਼ਕਾਰੇ' ਤੇ 'ਚਮਕਾਰੇ' ਤਿੰਨ ਇਕਾਂਗੀ-ਸੰਗ੍ਰਹਿ ਹਨ। ਬੇਬੇ ਰਾਮ ਭਜਨੀ', 'ਜਿੰਨ', 'ਬੇਈਮਾਨ', 'ਮਾਂ ਦਾ ਡਿਪਟੀ", "ਸੁਹਾਗ (ਦੁਲਹਨ)' ਤੇ 'ਬਾਬੇ ਘਸੀਟੇ ਦੀ ਨਾਟ-ਮੰਡਲੀ ਉਸ ਦੇ ਪ੍ਰਮੁੱਖ ਇਕਾਂਗੀ ਹਨ। ਨੰਦਾ 1913 ਤੋਂ 1965 ਤਕ ਲਗਾਤਾਰ ਨਾਟਕ ਸਿਰਜਣਾ ਵਿਚ ਰੁੱਝਿਆ ਰਿਹਾ । ਨੰਦਾ ਨਾਟਕ ਸਿਰਜਣਾ ਤੇ ਨਾਟਕ ਦੀ ਸਟੇਜੀ ਤਕਨੀਕ ਦੇ ਗਿਆਨ ਤੇ ਉਸ ਦੀ ਸੁਚੱਜੀ ਵਰਤੋਂ ਕਾਰਨ ਆਪਣੇ ਆਪ ਨੂੰ ਪੂਰਵਲੇ ਨਾਟਕਕਾਰਾਂ ਤੋਂ ਵਿਲੱਖਣ ਤੇ ਵੱਖਰਾ ਸਾਬਤ ਕਰਦਾ ਹੈ। ਨੰਦਾ ਦੇ ਨਾਟਕਾਂ ਰਾਹੀਂ ਪਹਿਲੀ ਗੱਲ ਇਹ ਸਪਸ਼ਟ ਹੁੰਦੀ ਹੈ ਕਿ ਉਹ ਪੰਜਾਬੀ ਨਾਟਕ ਨੂੰ ਇਤਿਹਾਸਕ-ਮਿਥਿਹਾਸ ਤੇ ਧਾਰਮਿਕ ਵਿਸ਼ਿਆਂ ਦੀ ਵਲਗਣ ਵਿਚੋਂ ਕੱਢ ਕੇ ਸਮਾਜਕ ਵਿਸ਼ਿਆਂ ਉੱਤੇ ਕੇਂਦਰਿਤ ਕਰਦਾ ਹੈ। ਉਸ ਨੇ ਆਪਣੇ ਪਹਿਲੇ ਇਕਾਂਗੀ "ਸੁਹਾਗ" ਤੋਂ ਲੈ ਕੇ ਆਖ਼ਰੀ ਇਕਾਂਗੀ ਤਕ ਵਿਭਿੰਨ ਸਮਾਜਕ ਸਮੱਸਿਆਵਾਂ ਨੂੰ ਲਿਆ ਹੈ। "ਸੁਹਾਗ" ਵਿਚ ਛੋਟੀ ਉਮਰ ਦੀ ਕੁੜੀ ਨੂੰ ਪੈਸੇ ਲੈ ਕੇ ਬੁੱਢੇ ਨਾਲ ਵਿਆਹੁਣ ਦੀ ਸਮੱਸਿਆ ਲਈ ਹੈ। 'ਸੁਭੱਦਰਾ' ਨਾਟਕ ਵਿਚ ਵਿਧਵਾ ਦੇ ਪੁਨਰ-ਵਿਆਹ ਦੀ ਸਮੱਸਿਆ ਆਧੁਨਿਕ ਦ੍ਰਿਸ਼ਟੀ ਰਾਹੀਂ ਸੁਲਝਾਈ ਗਈ ਹੈ। 'ਵਰ-ਘਰ' ਵਿਚ ਵਿਆਹ ਦੇ ਸਬੰਧ ਵਿਚ ਪਰੰਪਰਾਵਾਦੀ ਭਾਰਤੀ ਤੇ ਅਤਿ ਆਧੁਨਿਕ ਪੱਛਮੀ ਵਿਚਾਰਾਂ ਨੂੰ ਵਿਅੰਗ ਦਾ ਵਿਸ਼ਾ ਬਣਾਇਆ ਗਿਆ ਹੈ। ਨੰਦੇ ਦੇ ਬਾਕੀ ਨਾਟਕ ਸਾਹਿਤ ਵਿਚ ਵੀ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਨੂੰ ਹੀ ਪੇਸ਼ ਕੀਤਾ ਹੈ । ਨੰਦਾ ਆਪਣੇ ਨਾਟਕ ਸਾਹਿਤ ਵਿਚ ਪੁਰਾਣੀ ਤੇ ਨਵੀਂ ਪੀੜ੍ਹੀ ਦੇ ਵਿਚਾਰਾਂ ਦੇ ਤਣਾਉ ਤੇ ਟਕਰਾਊ ਰਾਹੀਂ ਨਾਟਕੀ ਸਿਰਜਣਾ ਕਰਦਾ ਹੈ। ਨਾਟਕਾਂ ਤੇ ਇਕਾਂਗੀ ਵਿਚ ਨੰਦਾ ਨਵੀਂ ਪੀੜ੍ਹੀ ਵੱਲ ਖੜ੍ਹਦਾ ਹੈ। ਉਹ ਆਪਣੇ ਨਾਟਕਾਂ ਵਿਚ ਪੁਰਾਣੇ ਪਰੰਪਰਾਵਾਦੀ ਦਕਿਆਨੂਸੀ ਵਿਚਾਰਾਂ ਦਾ ਮਜ਼ਾਕ ਉਡਾਉਂਦਾ ਹੈ ਤੇ ਉਹਨਾਂ ਵਿਚਾਰਾਂ ਨੂੰ ਤਿੱਖੇ ਵਿਅੰਗ ਦਾ ਵਿਸ਼ਾ ਬਣਾਉਂਦਾ ਹੈ। "ਸੁਭੱਦਰਾ" , "ਵਰ-ਘਰ', 'ਸੁਹਾਗ', 'ਚੋਰ ਕੌਣ' ਤੇ 'ਮਾਂ ਦੀ ਡਿਪਟੀ ਆਦਿ ਕਈ ਨਾਟਕਾਂ ਵਿਚ ਦੋ ਪੀੜ੍ਹੀਆਂ ਦੇ ਵਿਚਾਰਾਂ ਦੀ ਟੱਕਰ ਵੇਖੀ ਜਾਂਦੀ ਹੈ। ਪਰੰਤੂ, ਨੰਦਾ ਕਿਉਂਕਿ ਸੁਧਾਰਵਾਦੀ ਵਿਚਾਰਾਂ ਦਾ ਮੱਧ-ਸ਼੍ਰੇਣਿਕ ਦ੍ਰਿਸ਼ਟੀ ਵਾਲਾ ਲੇਖਕ ਹੈ, ਇਸ ਲਈ ਉਹ ਨਾਟਕ ਵਿਚ ਉਹਨਾਂ ਨਵੇਂ ਵਿਚਾਰਾਂ ਦੀ ਹੀ ਪ੍ਰੋੜਤਾ ਕਰਦਾ ਹੈ ਜਿਹਨਾਂ ਦੀ ਸਮਾਜਕ ਸਾਰਥਿਕਤਾ ਹੈ। ਸਮਾਜ ਸਾਰਥਿਕਤਾ ਤੋਂ ਕੋਰੇ ਅਤਿ ਆਧੁਨਿਕ ਵਿਚਾਰਾਂ ਦਾ ਉਹ ਮੌਜੂ ਉਡਾਉਂਦਾ ਹੈ। ਉਹ ਆਪਣੇ ਨਾਟਕ ਸਾਹਿਤ ਵਿਚ ਸਮੱਸਿਆਵਾਂ ਦਾ ਸਮਾਧਾਨ ਸੁਖਾਂਤ ਵਿਚ ਕਰਦਾ ਹੈ।

ਨਾਟਕਾਂ ਦਾ ਸੁਖਾਂਤਿਕ ਅੰਤ ਕਰਨ ਲਈ ਕਈ ਵਾਰ ਉਹ ਮਨੋਂ ਕਲਪਿਤ ਘਟਨਾ-ਪ੍ਰਬੰਧ ਵੀ ਸਿਰਜ ਲੈਂਦਾ ਹੈ । ਉਸ ਦੇ ਨਾਟਕ ਸਾਹਿਤ "ਸੁਹਾਗ", "ਬੇਬੇ ਰਾਮ ਭਜਨੀ' ਤੇ 'ਮੁਰਾਦ ਆਦਿ ਵਿਚ ਦੁਖਾਂਤ ਬਣਨ ਦੀਆਂ ਸੰਭਾਵਨਾਵਾਂ ਮੌਜੂਦ ਸਨ, ਪਰ ਉਹ ਆਪਣੀ ਸੁਖਾਂਤਿਕ ਦ੍ਰਿਸ਼ਟੀ ਕਾਰਨ ਅਜੇਹਾ ਕਰ ਨਹੀਂ ਸਕਿਆ। ਇਹੋ ਨੰਦੇ ਦੀ ਨਾਟਕ ਦ੍ਰਿਸ਼ਟੀ ਦੀ ਸੀਮਾ ਹੈ। ਨੰਦਾ ਆਪਣੇ ਨਾਟਕਾਂ ਵਿਚ ਇੱਕ ਨਿਸ਼ਚਤ ਤਕਨੀਕ ਅਪਣਾਉਂਦਾ ਹੈ। ਉਹ ਯੂਨਾਨੀ ਨਾਟਕੀ ਤਕਨੀਕ ਅਨੁਸਾਰ ਨਾਟਕੀ ਗੋਦ ਨੂੰ ਸਮੇਂ, ਸਥਾਨ ਤੇ ਕਾਰਜ ਦੀ ਏਕਤਾ ਰਾਹੀਂ ਸਿਰਜਦਾ ਹੈ ਪਰ ਯੂਨਾਨੀ ਤਕਨੀਕ ਦੇ ਉਲਟ ਉਸ ਦੇ ਨਾਟਕ ਪੰਜ ਦੀ ਥਾਂ ਤਿੰਨ-ਤਿੰਨ ਅੰਕਾਂ ਵਿਚ ਵੰਡੇ ਹੋਏ ਹਨ । ਨੰਦਾ ਪਾਤਰਾਂ ਨਾਲੋਂ ਕਥਾਨਕ ਉੱਤੇ ਵਧ ਜ਼ੋਰ ਦਿੰਦਾ ਹੈ। ਉਸ ਦੇ ਨਾਟਕਾਂ ਦਾ ਬਿਰਤਾਂਤ ਸਾਦਾ ਜੀਵਨਮਈ ਕੰਮ ਵਾਲਾ ਹੈ। ਨੰਦਾ ਕਿਉਂਕਿ ਮੁੱਖ ਰੂਪ ਵਿਚ ਯਥਾਰਥਵਾਦੀ ਹੈ ਇਸ ਲਈ ਉਸ ਦੇ ਨਾਟਕ ਤੇ ਇਕਾਂਗੀਆਂ ਵਿਚ ਕਥਾਨਕ, ਨਾਟਕੀ ਕਾਰਜ, ਪਾਤਰ, ਵਾਰਤਾਲਾਪ ਆਦਿ ਸਭ ਕੁੱਝ ਯਥਾਰਥਕ ਦ੍ਰਿਸ਼ਟੀ ਵਾਲਾ ਹੈ ਜੋ ਸਮਾਜ-ਸੁਧਾਰਕ ਦੀ ਦ੍ਰਿਸ਼ਟੀ ਰਾਹੀਂ ਪੇਸ਼ ਕੀਤਾ ਗਿਆ ਹੈ। ਨਾਟਕਕਾਰ ਦਾ ਇਹ ਵਿਸ਼ਵਾਸ ਹੈ ਕਿ ਨਾਟਕੀ ਕਾਰਜ ਜਿੰਨਾ ਸਹਿਜ ਤੇ ਜੀਵਨ ਨਾਲ ਮਿਲਦਾ ਹੋਵੇਗਾ ਉਨਾ ਹੀ ਦਰਸ਼ਕਾਂ ਨੂੰ ਮੰਚ ਨਾਲ ਇੱਕ ਸੁਰ ਕਰੇਗਾ। ਉਸ ਦੇ ਨਾਟਕਾਂ ਦੇ ਕਥਾਨਕ ਤੇ ਪਾਤਰਾਂ ਦੀ ਸਿਰਜਣਾ ਗੁੰਝਲਦਾਰ ਤੇ ਜਟਿਲ ਨਹੀਂ। ਵਾਰਤਾਲਾਪ ਬਹੁਤ ਠੇਠ ਮੁਹਾਵਰੇਦਾਰ, ਤਿੱਖਾ ਵਿਅੰਗ ਕਰਨ ਵਾਲਾ ਤੇ ਹਾਸਾ ਉਪਜਾਉਣ ਵਾਲਾ ਹੈ। ਕਿਤੇ-ਕਿਤੇ ਲੇਖਕ ਮੁਹਾਵਰੇ ਦੇ ਸੁਆਦ ਕਾਰਨ ਲੋੜੋਂ ਵਧ ਵਾਰਤਾਲਾਪ ਵੀ ਸਿਰਜ ਜਾਂਦਾ ਹੈ।

ਨੰਦਾ ਪੰਜਾਬੀ ਦਾ ਪਹਿਲਾ ਨਾਟਕਕਾਰ ਹੈ ਜਿਸ ਨੂੰ ਨਾਟਕ ਲਿਖਣ ਸਮੇਂ ਤੋਂ ਹੀ ਰੰਗਮੰਚ ਦਾ ਵੀ ਅਨੁਭਵ ਪ੍ਰਾਪਤ ਹੋਇਆ ਹੈ। ਕੁੱਝ ਮੁੱਢਲੇ ਯਤਨਾਂ ਨੂੰ ਛੱਡ ਕੇ ਪੰਜਾਬੀ ਰੰਗਮੰਚ ਦਾ ਅਸਲ ਆਰੰਭ ਈਸ਼ਵਰ ਚੰਦਰ ਨੰਦਾ ਰਾਹੀਂ ਹੀ ਹੁੰਦਾ ਹੈ। ਨੰਦਾ ਦੇ ਸਮੇਂ

ਰੰਗਮੰਚ ਬਹੁਤਾ ਵਿਕਸਤ ਨਹੀਂ ਹੋਇਆ ਸੀ। ਇਸ ਲਈ ਨੰਦਾ ਦੇ ਨਾਟਕ ਬਹੁਤ ਘੱਟ ਸਮਗਰੀ ਨਾਲ ਖੇਡੇ ਜਾ ਸਕਦੇ ਹਨ। ਉਹ ਆਪਣੇ ਨਾਟਕਾਂ ਵਿਚ ਬਹੁਤ ਘੱਟ ਅੰਕ ਤੇ ਝਾਕੀਆਂ ਰੱਖਦਾ ਹੈ ਤਾਂ ਜੋ ਨਾਟਕ ਕਰਨ ਸਮੇਂ ਬਹੁਤਾ ਸਥਾਨ ਤੇ ਸਮਗਰੀ ਬਦਲਣੀ ਨ ਪਵੇ।

**ਜੋਸ਼ੂਆ ਫ਼ਜ਼ਲਦੀਨ :**

ਜੋਸ਼ੂਆ ਫ਼ਜ਼ਲਦੀਨ ਪੰਜਾਬੀ ਦਾ ਇੱਕ ਬਹੁ-ਪੱਖੀ ਲੇਖਕ ਹੈ ਜਿਸ ਨੇ ਨਾਵਲ ਕਹਾਣੀ ਤੇ ਨਾਟਕ ਆਦਿ ਕਈ ਵਿਧਾਵਾਂ ਵਿਚ ਸਾਹਿਤ ਸਿਰਜਣਾ ' ਕੀਤੀ। ਜੋਸ਼ੂਆ ਫ਼ਜ਼ਲਦੀਨ ਦਾ ਜਨਮ 1903 ਵਿਚ ਇੱਕ ਈਸਾਈ ਪਰਿਵਾਰ ਵਿਚ ਜਿਹਲਮ ਵਿਖੇ ਹੋਇਆ. ਆਪ ਕੁੱਝ ਦੇਰ ਅਧਿਆਪਕ ਰਹੇ ਉਸ ਪਿੱਛੋਂ ਕਾਫ਼ੀ ਦੇਰ ਫ਼ਾਰਸੀ ਅੱਖਰਾਂ ਵਿਚ ਪੰਜਾਬ ਦਰਬਾਰ' ਨਾਮ ਦਾ ਪੱਤਰ ਕੱਢਦੇ ਰਹੇ। ਜੋਸ਼ੁਆਂ ਫ਼ਜ਼ਲਦੀਨ ਦੇ ਪਿੰਡ ਦੇ ਵੈਰੀ' ਤੇ 'ਹੀਰ ਸਿਆਲ' ਨਾਟਕਾਂ ਤੋਂ ਇਲਾਵਾ ਤਿੰਨ ਇਕਾਂਗੀ ਮੁੰਡੇ ਦਾ ਮੁੱਲ' , "ਦੇਹਾਤੀ' ਤੇ 'ਤਲਵਾਰ` ਆਦਿ ਪ੍ਰਕਾਸ਼ਿਤ ਹੋਏ ਹਨ। ਲੇਖਕ ਦੇ ਨਾਟਕ ਪਿੰਡ ਦੇ ਵੈਰੀ ਨੇ ਕਾਫ਼ੀ ਪ੍ਰਸਿੱਧਤਾ ਹਾਸਲ ਕੀਤੀ। ਇਸ ਨਾਟਕ ਵਿਚ ਸਮਾਜ-ਸੁਧਾਰ ਦੀ ਦ੍ਰਿਸ਼ਟੀ ਤੋਂ ਪੇਂਡੂ ਸਮਾਜ ਦੀਆਂ ਬੁਰਾਈਆਂ ਸ਼ਰਾਬ ਪੀਣ, ਜੂਆ ਖੇਡਣ ਅਨਪੜ੍ਹਤਾ, ਅੰਧ-ਵਿਸ਼ਵਾਸ ਤੇ ਵਹਿਮਾਂ-ਭਰਮਾਂ ਨੂੰ ਪੇਸ਼ ਕੀਤਾ ਗਿਆ ਹੈ। ਪੇਂਡੂ ਲੋਕਾਂ ਦੀਆਂ ਸਮੱਸਿਆਵਾਂ ਨੂੰ ਦੁਖਾਂਤਕ ਦ੍ਰਿਸ਼ਟੀ ਤੋਂ ਪੇਂਡੂ ਜ਼ੁਬਾਨ ਵਿਚ ਪੇਸ਼ ਕਰਨ ਕਰਕੇ ਨਾਟਕ ਨੂੰ ਕਾਫ਼ੀ ਪ੍ਰਸਿੱਧੀ ਪ੍ਰਾਪਤ ਹੋਈ। ਰੰਗਮੰਚ ਦੀ ਦ੍ਰਿਸ਼ਟੀ ਤੋਂ ਸਮਾਂ-ਸਥਾਨ ਦਾ ਬਹੁਤਾ ਬਦਲਣਾ, ਰੂਹਾਂ ਤੇ ਚੁੜੇਲਾਂ ਦੀ ਬਹੁਤੀ ਆਵਾਜਾਈ ਸਮੱਸਿਆਵਾਂ ਪੈਦਾ ਕਰਦੀ ਹੈ। ਹੀਰ ਸਿਆਲ' ਦਾ ਬਿਰਤਾਂਤ ਵਾਰਸ ਸ਼ਾਹ ਵਾਲਾ ਹੈ। ਬੋਲੀ ਠੇਠ ਤੇ ਗੀਤਾਂ ਦੀ ਭਰਮਾਰ ਹੈ।

**ਗੁਰਬਖ਼ਸ਼ ਸਿੰਘ ਪ੍ਰੀਤਲੜੀ (1895-1977)**

ਗੁਰਬਖ਼ਸ਼ ਸਿੰਘ ਪੰਜਾਬੀ ਦਾ ਵਾਰਤਕਕਾਰ, ਨਾਵਲਕਾਰ, ਕਹਾਣੀਕਾਰ ਹੋਣ ਦੇ ਨਾਲ-ਨਾਲ ਨਾਟਕਕਾਰ ਵੀ ਹੈ। 'ਰਾਜ ਕੁਮਾਰੀ ਲਤੀਫ਼ਾ', 'ਪ੍ਰੀਤ ਮੁਕਟ', 'ਪੂਰਬ ਪੱਛਮ ਤੇ ਪ੍ਰੀਤਮਣੀ' ਉਸ ਦੇ ਪੂਰੇ ਨਾਟਕ ਹਨ। ਕੋਧਰੇ ਦੀ ਰੋਟੀ' ਉਸ ਦਾ ਇਕਾਂਗੀ-ਸੰਗ੍ਰਹਿ ਹੈ। ਲੇਖਕ ਨੇ ਪਹਿਲਾਂ ਅੰਗਰੇਜ਼ੀ ਵਿਚ ਵੀ ਨਾਵਲ ਸਿਰਜਣਾ ਕੀਤੀ। ਲੇਖਕ ਨੇ ਇਹਨਾਂ ਨਾਟਕਾਂ ਰਾਹੀਂ ਆਪਣੇ ਮੱਧ-ਸ਼੍ਰੇਣਿਕ ਵਿਅਕਤੀਵਾਦੀ ਉਦਾਰਵਾਦ ਵਿਚਾਰਾਂ ਨੂੰ ਪ੍ਰਗਟਾਇਆ ਹੈ। ਗੁਰਬਖ਼ਸ਼ ਸਿੰਘ ਦੇ ਇਹ ਚਾਰੇ ਨਾਟਕ ਪੰਜਾਬੀ ਨਾਟਕ ਸਾਹਿਤ ਦੇ ਇਤਿਹਾਸ ਵਿਚ ਵਿਸ਼ੇ ਤੇ ਉਸ ਪ੍ਰਤਿ ਦ੍ਰਿਸ਼ਟੀ ਕੋਣ ਕਾਰਨ ਉਸ ਸਮੇਂ ਜੁੱਗ ਪਲਟਾਊ ਸਨ। ਇਹ ਨਾਟਕ ਜਿਨਸੀ ਖਿੱਚ ਤੇ ਪਿਆਰ ਭਾਵਨਾਵਾਂ ਉੱਤੇ ਕੇਂਦਰਿਤ ਹਨ। ਇਹਨਾਂ ਨਾਟਕਾਂ ਰਾਹੀਂ ਜਿਨਸੀ ਸੰਬੰਧਾਂ ਪ੍ਰਤੀ ਦਕਿਆਨੂਸੀ ਭਾਰਤੀ ਪਰੰਪਰਾਵਾਦੀ ਵਿਚਾਰਾਂ ਦੇ ਖੋਖਲੇਪਣ ਨੂੰ ਨੰਗਾ ਕੀਤਾ ਗਿਆ ਹੈ ਤੇ ਜਿਨਸੀ ਖਿੱਚ ਤੇ ਸੰਬੰਧਾਂ ਨੂੰ ਉੱਤਮ ਮਨੁੱਖੀ ਗੁਣ ਦੇ ਰੂਪ ਵਿਚ ਸਥਾਪਤ ਕੀਤਾ ਗਿਆ ਹੈ। ਪੂਰਥ ਪੱਛਮ' ਰਾਹੀਂ ਪੂਰਬੀ ਤੇ ਪੱਛਮੀ ਔਰਤਾਂ ਦੀ ਉੱਤਮਤਾ ਨੂੰ ਚਿੱਤਰ ਕੇ, ਉੱਪਰਲੀ ਮੱਧ-ਸ਼੍ਰੇਣੀ ਦੇ ਮਰਦਾਂ ਦੇ ਭੋਗੀ ਚਰਿੱਤਰ ਤੇ ਮਾਨਸਿਕਤਾ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਪ੍ਰਕਾਰ ਹੀ "ਪ੍ਰੀਤਮਣੀ' ਵਿਚ ਪਿਆਰ ਸਬੰਧੀ ਧਾਰਮਿਕ ਕੱਟੜਵਾਦੀ ਵਿਚਾਰਾਂ ਤੇ ਪਿਆਰ ਸਬੰਧੀ ਉਦਾਰਵਾਦੀ ਵਿਚਾਰਾਂ ਦੀ ਟੱਕਰ ਪੇਸ਼ ਕੀਤੀ ਗਈ ਹੈ। ਇਹਨਾਂ ਨਾਟਕਾਂ ਦੀ ਸਿਰਜਣਾ ਸਮੇਂ ਸਮਾਜ ਪਰੰਪਰਾਵਾਦੀ ਪਿਛਾਂਹ-ਖਿੱਚੋ ਵਿਚਾਰਾਂ ਵਾਲਾ ਸੀ। ਇਸ ਲਈ ਗੁਰਬਖ਼ਸ਼ ਸਿੰਘ ਨੇ ਆਪਣੇ ਇਹਨਾਂ ਨਾਟਕਾਂ ਵਿਚ ਬਿਰਤਾਂਤ ਜਾਂ ਤਾਂ ਭੂਤਕਾਲ ਵਿਚੋਂ ਲਏ ਹਨ ਤੇ ਜਾਂ ਇਹਨਾਂ ਵਿਚਾਰਾਂ ਨੂੰ ਰੋਮਾਂਚਿਕ ਸੁਪਨਮਈ ਸ਼ੈਲੀ ਰਾਹੀਂ ਪ੍ਰਗਟਿਆ ਹੈ। ਮੱਧਕਾਲੀਨ ਦਕਿਆਨੂਸੀ ਕੱਟੜ ਮਾਨਸਿਕਤਾ ਮਨੁੱਖੀ ਭਾਵਨਾਵਾਂ ਪ੍ਰਤੀ ਕਠੋਰ ਤੇ ਬੰਧਨ ਵਾਲੇ ਰਵੱਈਏ ਦੀ ਧਾਰਨਾ ਹੈ। ਗੁਰਬਖ਼ਸ਼ ਸਿੰਘ ਦੀ ਨਾਟਕੀ ਸਿਰਜਣਾ ਵਿਚ ਇਸ ਅਣਮਨੁੱਖੀ ਰਵੱਈਏ ਦਾ ਵਿਰੋਧ ਕੀਤਾ ਗਿਆ ਹੈ ਤੇ ਨਵੇਂ ਉਦਾਰਵਾਦੀ ਵਿਚਾਰਾਂ ਦਾ ਪੱਖ ਪੇਸ਼ ਕੀਤਾ ਗਿਆ ਹੈ। ਗੁਰਬਖ਼ਸ਼ ਸਿੰਘ ਦੇ ਨਾਟਕ ਬਿਰਤਾਂਤ ਪੱਖੋਂ ਤਾਂ ਸਫਲ ਹਨ ਕਿਉਂਕਿ ਉਹਦੇ ਨਾਟਕਾਂ

ਦੇ ਕਥਾਨਕ ਸੁਗਠਿਤ ਹਨ ਪਰ ਉਸ ਦੇ ਪਾਤਰ, ਉਹਨਾਂ ਦੀ ਵਾਰਤਾਲਾਪ ਲੇਖਕ ਦੀ ਕਾਵਿਮਈ ਬੋਲੀ ਤੇ ਰੁਮਾਂਚਿਕ ਵਾਤਾਵਰਨ ਦੇ ਪ੍ਰਭਾਵ ਅਧੀਨ ਹੀ ਸਿਰਜੇ ਗਏ ਹਨ। ਲੇਖਕ ਦੀ ਸਮੁੱਚੀ ਨਾਟਕੀ ਸਿਰਜਣਾ ਉਸ ਦੇ ਨਿਸ਼ਚਤ ਮਨੋਰਥ ਅਧੀਨ ਹੀ ਹੋਈ ਹੈ। ਗੁਰਬਖ਼ਸ਼ ਸਿੰਘ ਦੇ.ਨਾਟਕ ਤਕਨੀਕ ਪੱਖੋਂ ਬਹੁਤੀਆਂ ਝਾਕੀਆਂ ਤੇ ਸਮੇਂ ਸਥਾਨ ਦੇ ਲਗਾਤਾਰ ਪਰਿਵਰਤਨ ਕਾਰਨ ਰੰਗਮੰਚ ਉੱਤੇ ਪੇਸ਼ ਕਰਨੇ ਕਾਫ਼ੀ ਕਠਿਨ ਹਨ।

**ਡਾ. ਹਰਚਰਨ ਸਿੰਘ :**

ਡਾ. ਹਰਚਰਨ ਸਿੰਘ ਪੰਜਾਬੀ ਨਾਟਕ ਦਾ ਮਹੱਤਵਪੂਰਨ ਨਾਮ ਹੈ ਜਿਸ ਨੇ ਪੰਜਾਬੀ ਨਾਟਕ ਸਾਹਿਤ ਵਿਚ ਨੋਰਾ ਰਿਚਰਡਜ਼ ਤੇ ਨੰਦੇ ਦੀ ਪਰੰਪਰਾ ਨੂੰ ਅਗਾਂਹ ਤੋਰਿਆ । ਇਸ ਨੇ ਗਿਣਤੀ ਪੱਖੋਂ ਪੰਜਾਬੀ ਵਿਚ ਵਿਭਿੰਨ ਵਿਸ਼ਿਆਂ ਤੇ ਦ੍ਰਿਸ਼ਟੀਆਂ ਵਾਲੇ ਨਾਟਕਾਂ ਦੀ ਸਿਰਜਣਾ ਕੀਤੀ। ਹਰਚਰਨ ਸਿੰਘ ਦਾ ਜਨਮ 1913 ਵਿਚ ਉਸ ਵਰ੍ਹੇ ਹੀ ਹੁੰਦਾ ਹੈ ਜਿਸ ਵਰ੍ਹੇ ਆਧੁਨਿਕ ਪੰਜਾਬੀ ਨਾਟਕ ਦਾ ਜਨਮ ਹੁੰਦਾ ਹੈ। ਹਰਚਰਨ ਸਿੰਘ ਨੇ ਬੀ. ਏ. ਪਾਸ ਕਰਨ ਉਪਰੰਤ ਹੀ ਸਾਹਿੱਤਿਕ ਖੇਤਰ ਵਿਚ ਪ੍ਰਵੇਸ਼ ਕਰ ਲਿਆ। ਹਰਚਰਨ ਸਿੰਘ ਲੰਮਾ ਅਰਸਾ ਪੰਜਾਬੀ ਯੂਨੀਵਰਸਿਟੀ ਵਿਚ ਸਾਹਿਤ ਪੜ੍ਹਾਉਂਦੇ ਰਹੇ ਹਨ। ਹਰਚਰਨ ਸਿੰਘ ਦਾ ਪਹਿਲਾ ਨਾਟਕ "ਕਮਲਾ ਕੁਮਾਰੀ' 1937 ਵਿਚ ਛਪ ਗਿਆ ਸੀ। 1937 ਤੋਂ ਲੈ ਕੇ ਅੱਜ ਤਕ ਹਰਚਰਨ ਸਿੰਘ ਨੇ ਬਾਈ ਦੇ ਕਰੀਬ ਨਾਟਕ ਲਿਖੇ ਹਨ। "ਕਮਲਾ ਕੁਮਾਰੀ, ਦੂਰ ਦੁਰਾਡੇ ਸ਼ਹਿਰੋਂ, ਖੇਡਣ ਦੇ ਦਿਨ ਚਾਰ' ਤੇ 'ਕਲ ਅੱਜ ਤੇ ਭਲਕ ਲੇਖਕ ਦੇ ਸੁਖਾਂਤ ਨਾਟਕ ਹਨ। 'ਅਨਜੋੜ', 'ਦੋਸ਼` , 'ਰੱਤਾ ਸਾਲੂ" , "ਅੱਗ ਬਝਾਓ` ਆਦਿ ਉਸ ਦੇ ਦੁਖਾਂਤ ਨਾਟਕ ਹਨ। ਰਾਜਾ ਪੋਰਸ', 'ਪੁੰਨਿਆ ਦਾ ਚੰਨ , ਇਤਿਹਾਸ ਜੁਆਬ ਮੰਗਦਾ ਹੈ, ਮਿੱਟੀ ਧੁੰਧ ਜਗ 'ਚਾਨਣ ਹੋਆ' ਤੇ 'ਹਿੰਦ ਦੀ ਚਾਦਰ' ਆਦਿ ਉਸ ਦੇ ਪ੍ਰਮੁੱਖ ਇਤਿਹਾਸਕ ਨਾਟਕ ਹਨ ਸੋ ਤੇਰਾ ਘਰ ਸੋ ਮੇਰਾ ਘਰ", "ਸ਼ੋਭਾ ਸ਼ਕਤੀ' ਤੇ 'ਕੰਚਨਮਾਟੀ ਆਦਿ ਉਸ ਦੇ ਸਮੱਸਿਆ ਮੂਲਕ ਨਾਟਕ ਹਨ ਇਸ ਤੋਂ ਇਲਾਵਾ ਲੇਖਕ ਨੇ ਬਹੁਤ ਸਾਰੇ ਇਕਾਂਗੀਆਂ ਦੀ ਵੀ ਸਿਰਜਣਾ ਕੀਤੀ ਹੈ। ਹੈ। ਜੀਵਨ ਲੀਲ੍ਹਾ , ਸਪਤ ਰਿਸ਼ੀ ਤੇ ਪੰਜ ਗੀਟੜਾ ਉਸ ਦੇ ਪ੍ਰਮੁੱਖ ਇਕਾਂਗੀ-ਸੰਗ੍ਰਹਿ ਹਨ। ਹਰਚਰਨ ਸਿੰਘ ਦੇ ਦੇ ਨਾਟਕਾਂ ਦਾ ਘੇਰਾ ਬਹੁਤ ਵਿਸ਼ਾਲ ਹੈ । ਉਹ ਨੰਦੇ ਦੀ ਪਰੰਪਰਾ ਦਾ ਹੈ ਯਥਾਰਥਵਾਦੀ ਲੇਖਕ ਹੈ। ਲੇਖਕ ਨੇ ਭਾਵੇਂ ਸੁਚੇਤ ਰੂਪ ਵਿਚ ਕਿਸੇ ਵਾਦ ਨੂੰ ਨਹੀਂ ਅਪਣਾਇਆ ਪਰ ਉਸ ਦੀ ਦ੍ਰਿਸ਼ਟੀ ਮਾਨਵਵਾਦੀ ਪ੍ਰਗਤੀਵਾਦੀ ਹੈ। ਲੇਖਕ ਨੇ ਨਾਟਕਾਂ ਰਾਹੀਂ ਸਮਕਾਲੀ ਪੰਜਾਬੀ ਸਮਾਜ ਦੀਆਂ ਅਨੇਕ ਮਨੁੱਖ ਵਿਰੋਧੀ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ ਪਰੰਤੂ ਉਸ ਨੇ ਕਿਸੇ ਵੀ ਵਿਚਾਰਧਾਰਕ ਸਿਧਾਂਤ ਨੂੰ ਆਪਣੀਆਂ ਰਚਨਾਵਾਂ ਦਾ ਬਦਲ ਨ ਬਣਨ ਦਿੱਤਾ।

**ਪ੍ਰੋਫੈਸਰ ਸੰਤ ਸਿੰਘ ਸੇਖੋਂ** ,

ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਸ ਸਦੀ ਦਾ ਇੱਕ ਪ੍ਰਮੁੱਖ ਚਿੰਤਕ ਹੈ। ਸੇਖੋਂ ਨੇ ਭਾਵੇਂ ਸਾਹਿਤ ਦੀਆਂ ਕਈ ਵਿਧਾਵਾਂ ਵਿਚ ਸਾਹਿਤ ਸਿਰਜਣਾ ਕੀਤੀ ਹੈ ਪਰ ਉਸ ਨੂੰ ਵਿਸ਼ੇਸ਼ ਮਹੱਤਵ ਆਲੋਚਨਾ, ਨਾਟਕ ਤੇ ਕਹਾਣੀ ਦੇ ਖੇਤਰ ਵਿਚ ਹੀ ਮਿਲਿਆ ਹੈ । ਨਾਟਕ ਦੇ ਇਤਿਹਾਸ ਵਿਚ ਸੇਖੋਂ ਦੇ ਪ੍ਰਵੇਸ਼ ਨਾਲ ਪੰਜਾਬੀ ਨਾਟਕ ਵਿਚ ਬੌਧਿਕਤਾ ਦਾ ਪ੍ਰਵੇਸ਼ ਹੁੰਦਾ ਹੈ। ਗਿਣਤੀ ਪੱਖੋਂ ਵੀ ਸੇਖੋਂ ਦੇ ਨਾਟਕ ਸਾਹਿਤ ਨੂੰ ਵਡਮੁੱਲੀ ਦੇਣ ਹੈ। ਸੇਖੋਂ ਦੇ ਨਾਟਕ ਸਿਰਜਣ ਦਾ ਰਚਨਾ-ਕਾਲ ਲਗਭਗ ਅੱਧੀ ਸਦੀ ਤਕ ਫੈਲਿਆ ਹੋਇਆ ਹੈ। ਕਲਾਕਾਰ', 'ਨਾਰਕੀ', 'ਵਾਰਸ', 'ਭੂਮੀਦਾਨ', 'ਮੋਇਆਂ ਸਾਰ ਨਾ ਕਾਈ', 'ਬੇੜਾ ਬੰਧ ਨਾ ਸਕਿਓ', 'ਦਮਯੰਤੀ", "ਮਿਤਰ ਪਿਆਰਾ" , "ਸਿਆਲਾਂ ਦੀ ਨੱਢੀ' ਆਦਿ ਉਸ ਦੇ ਪੂਰੇ ਨਾਟਕ ਹਨ । 'ਤਪਿਆ ਕਿਉਂ ਖਪਿਆ, 'ਨਾਟ-ਸੁਨੇਹੇ' ਤੇ 'ਸੁੰਦਰਪਦ' ਉਸ ਦੇ ਪ੍ਰਮੁੱਖ ਇਕਾਂਗੀ-ਸੰਗ੍ਰਹਿ ਹਨ। ਨਿਸ਼ਾਤ ਬਾਗ', 'ਲੇਡੀ ਡਾਕਟਰ' 'ਚੋਰ ਬਜ਼ਾਰੀਏ', 'ਵੀਹ ਆਨੇ, ਦੂਜਾ ਵਿਆਹ ਤੇ ਬਾਬਾ ਬੋਹੜ ਆਦਿ ਉਸ ਦੇ ਕੁੱਝ ਮਹੱਤਵਪੂਰਨ ਇਕਾਂਗੀ ਹਨ।

ਸੇਖੋਂ ਦੇ ਨਾਟਕਾਂ ਦਾ ਸਭ ਤੋਂ ਮਹੱਤਵਪੂਰਨ ਪੱਖ ਬੌਧਿਕਤਾ ਹੈ। ਸੇਖੋਂ ਦੇ ਨਾਟਕ ਸਾਹਿਤ ਦਾ ਵੱਡਾ ਹਿੱਸਾ ਇਤਿਹਾਸਕ ਨਾਟਕਾਂ ਦਾ ਹੈ। ਇਹਨਾਂ ਵਿਚੋਂ ਬਹੁਤੇ ਨਾਟਕ ਸਿੱਖ ਇਤਿਹਾਸ ਨਾਲ ਸਬੰਧਤ ਹਨ । ਦੂਜਾ ਹਿੱਸਾ ਮਿਥਿਹਾਸਿਕ ਨਾਟਕਾਂ ਦਾ ਹੈ। ਸਿੱਧੇ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਉੱਤੇ ਲਿਖੇ ਗਏ ਨਾਟਕ ਤੇ ਇਕਾਂਗੀ ਥੋੜ੍ਹੇ ਹਨ। ਇਤਿਹਾਸਕ-ਮਿਥਿਹਾਸਿਕ ਵਿਸ਼ਿਆਂ ਤੇ ਉਹਨਾਂ ਦੇ ਆਧਾਰ ਉੱਤੇ ਲਿਖੇ ਗਏ ਨਾਟਕਾਂ ਬਾਰੇ ਸੇਖੋਂ ਦੀ ਆਪਣੀ ਇਹ ਧਾਰਨਾ ਹੈ ਕਿ ਉਹ ਇਹਨਾਂ ਵਿਸ਼ਿਆਂ ਉੱਤੇ ਇਸ ਕਾਰਨ ਲਿਖਦਾ ਹੈ ਤਾਂ ਜੋ ਇਹਨਾਂ ਇਤਿਹਾਸਕ-ਮਿਥਿਹਾਸਿਕ ਘਟਨਾਵਾਂ ਤੇ ਕਥਾਵਾਂ ਵਿਚੋਂ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਸੁਲਝਾਉਣ ਲਈ ਨਵੇਂ ਅਰਥ ਕੱਢੇ ਜਾਣ । ਹਰਚਰਨ ਸਿੰਘ ਤੇ ਸੇਖੋਂ ਦੇ ਇਤਿਹਾਸਕ-ਮਿਥਿਹਾਸਿਕ ਨਾਟਕਾਂ ਦੇ ਸਿਰਜਣ ਵਿਚ ਵੇਖਿਆ ਜਾ ਸਕਦਾ ਹੈ ਕਿ ਹਰਚਰਨ ਸਿੰਘ ਇਤਿਹਾਸ ਨੂੰ ਭੂਤਕਾਲ ਦੇ ਸੰਦਰਭ ਵਿਚ ਹੀ ਪੇਸ਼ ਕਰਦਾ ਹੈ ਤੇ ਸੇਖੋਂ ਇਤਿਹਾਸ-ਮਿਥਿਹਾਸ ਦੀ ਸਿਰਜਣਾ ਵਿਚੋਂ ਸਮਕਾਲੀ ਜੀਵਨ ਦੇ ਸੰਦਰਭ ਵਿਚ ਨਵੇਂ ਅਰਥ ਕੱਢਣ ਦਾ ਯਤਨ ਕਰਦਾ ਹੈ। ਸੇਖੋਂ ਨੇ ਸਭ ਤੋਂ ਪਹਿਲਾਂ ਆਪਣੇ ਨਾਟਕ 'ਕਲਾਕਾਰ ਰਾਹੀਂ ਇੱਕ ਪੁਰਾਤਨ ਮਿੱਥ ਨੂੰ ਆਧੁਨਿਕ ਸੰਦਰਭ ਤੇ ਨਵੇਂ ਅਰਥਾਂ ਵਿਚ ਪ੍ਰਗਟਾਇਆ। ਇਸ ਨਾਟਕ ਵਿਚ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਔਰਤ-ਮਰਦ ਦੀ ਜਿਨਸੀ ਖਿੱਚ, ਕਲਾਕਾਰ ਦਾ ਕਰਤੱਵ, ਕਲਾ ਦਾ ਸਰੂਪ ਤੇ ਆਸ਼ੇ ਉੱਤੇ ਭਰਪੂਰ ਬਹਿਸ ਕਰਵਾਈ ਹੈ। ਸਾਰਾ ਨਾਟਕ ਕਲਾਕਾਰ ਇੰਦਰ ਦੇ ਆਪਣੇ ਦੋਸਤ ਗੋਤਮ ਦੀ ਸੁੰਦਰ ਪਤਨੀ ਦੇ ਨਗਨ ਚਿੱਤਰ ਬਣਾਉਣ ਦੀ ਘਟਨਾ ਦੁਆਲੇ ਘੁੰਮਦਾ ਹੈ। ਨਾਟਕ ਦੇ ਕਾਮ ਖਿੱਚ ਉੱਤੇ ਆਧਾਰਤ ਹੋਣ ਤੇ ਸੇਖੋਂ ਦੀ ਫਰਾਇਡਵਾਦੀ ਦ੍ਰਿਸ਼ਟੀ ਕਾਰਨ ਪੰਜਾਬੀ ਸਾਹਿਤ ਵਿਚ ਇਸ ਨਾਟਕ ਨੇ ਹੰਗਾਮਾ ਖੜ੍ਹਾ ਕਰ ਦਿੱਤਾ ਸੀ।

ਸੇਖੋਂ ਦੇ ਨਾਟਕਾਂ ਦਾ ਦੂਜਾ ਮਹੱਤਵਪੂਰਨ ਪੱਖ ਸਿੱਖ ਇਤਿਹਾਸ ਨਾਲ ਸਬੰਧਤ ਹੋਣਾ ਹੈ। ਸੇਖੋਂ ਨੇ ਆਪਣੇ ਇਹਨਾਂ ਨਾਟਕਾਂ ਵਿਚ ਮੱਧਕਾਲ ਤੋਂ ਲੈ ਕੇ ਅੰਗਰੇਜ਼ ਰਾਜ ਦੀ ਸਥਾਪਤੀ ਤਕ ਦੇ ਪੰਜਾਬ ਦੇ ਇਤਿਹਾਸ ਨੂੰ ਵਾਰਸ', 'ਬੇੜਾ ਬੰਧ ਨਾ ਸਕਿਓ', 'ਮੋਇਆ ਸਾਰ ਨਾ ਕਾਈ ਤੇ ਬਾਬਾ ਬੋਹੜ ਰਾਹੀਂ ਪੇਸ਼ ਕੀਤਾ ਹੈ। ਸੇਖੋਂ ਪੰਜਾਬੀ ਦਾ ਅਜਿਹਾ ਨਾਟਕਕਾਰ ਹੈ ਜੋ ਪਹਿਲੀ ਵਾਰ ਨਾਟਕਾਂ ਵਿਚ ਸਰੀਰਕ ਕਾਰਜ ਦੀ ਥਾਂ ਬੌਧਿਕ ਤੇ ਮਾਨਸਿਕ ਕਾਰਜ ਨੂੰ ਮਹੱਤਵ ਦੇਂਦਾ ਹੈ। ਸੇਖੋਂ ਇਸ ਪੱਖੋਂ ਅੰਗਰੇਜ਼ੀ ਦੇ ਪ੍ਰਸਿੱਧ ਨਾਟਕਕਾਰ ਬਰਨਾਰਡ ਸ਼ਾਅ ਦਾ ਪ੍ਰਭਾਵ ਕਬੂਲਦਾ ਹੈ। ਉਹ ਆਪਣੇ ਨਾਟਕਾਂ ਵਿਚ ਤੇਜ਼-ਤਰਾਰ ਵਾਰਤਾਲਾਪ, ਬੌਧਿਕ ਵਿਅੰਗ, ਨਰੋਏ ਤੇ ਨਵੀਨ ਵਿਚਾਰਾਂ ਰਾਹੀਂ ਸਰੀਰਕ ਕਾਰਜ ਦੀ ਘਾਟ ਨੂੰ ਪੂਰਾ ਕਰ ਲੈਂਦਾ ਹੈ। ਸੇਖੋਂ ਨੂੰ ਨਾਟਕ ਕਲਾ ਦੀ ਡੂੰਘੀ ਸਮਝ ਹੈ। ਉਹ ਘਟਨਾਵਾਂ ਨੂੰ ਸਿਰਜਣ ਉੱਤੇ ਬਹੁਤ ਜ਼ੋਰ ਨਹੀਂ ਦਿੰਦਾ। ਨਾਟਕ ਵਿਚ ਵਿਚਾਰਾਂ ਦੀ ਪੇਸ਼ਕਾਰੀ ਤੇ ਪਾਤਰਾਂ ਦਾ ਮਾਨਸਿਕ ਤੇ ਬੌਧਿਕ ਚਿਤਰਨ ਉਸ ਲਈ ਵੱਧ ਮਹੱਤਵਪੂਰਨ ਹੈ। ਸੇਖੋਂ ਦੇ ਨਾਟਕ ਬਾਕੀ ਨਾਟਕਕਾਰਾਂ ਨਾਲੋਂ ਘੱਟ ਖੇਡੇ ਗਏ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਉਸ ਨੇ ਬਾਕੀ ਨਾਟਕਕਾਰਾਂ ਵਾਂਗ ਨਾਟਕ ਖੇਡਣ ਤੇ ਖਿਡਵਾਉਣ ਲਈ ਵਿਸ਼ੇਸ਼ ਯਤਨ ਨਹੀਂ ਕੀਤੇ। ਸੇਖੋਂ ਆਪਣੇ ਨਾਟਕਾਂ ਦੇ ਨਾ ਖੇਡੇ ਜਾਣ ਬਾਰੇ ਪੰਜਾਬੀ ਰੰਗਮੰਚ ਦੇ ਪਛੜੇ ਹੋਣ ਨੂੰ ਕਸੂਰਵਾਰ ਠਹਿਰਾਉਂਦਾ ਰਿਹਾ ਹੈ। ਬਹੁਤ ਪਿੱਛੋਂ ਅੱਸੀਵਿਆਂ ਵਿਚ ਉਸ ਦੇ ਕੁੱਝ ਨਾਟਕਾਂ ਨੂੰ ਸਟੇਜ ਪ੍ਰਾਪਤ ਹੋਈ ਹੈ।

**ਕੁੱਝ ਹੋਰ ਨਾਟਕਕਾਰ :**

ਡਾ. ਰੌਸ਼ਨ ਲਾਲ ਆਹੂਜਾ :ਇਸ ਦੌਰ ਵਿਚ ਬਹੁਤ ਸਾਰੀਆਂ ਨਾਟਕੀ ਰਚਨਾਵਾਂ ਦੀ ਸਿਰਜਣਾ ਕੀਤੀ ਹੈ। ਕਾਲਿੰਗਾ ਦਾ ਦੁਖਾਂਤ, "ਦਾਰਾ ਸ਼ਿਕੋਹ ਦਾ ਦੁਖਾਂਤ', 'ਹੜਤਾਲ ਤੇ 'ਤਲਾਕ' ਆਦਿ ਉਸ ਦੇ ਪ੍ਰਮੁੱਖ ਨਾਟਕ ਹਨ। "ਜੌਹਰ, ਗਾਂਧੀ ਵਾਦਕ` , ਮੇਰੇ ਨੌਂ ਇਕਾਂਗੀ' ਤੇ 'ਪਰਿਵਰਤਨ' ਉਸ ਦੇ ਪ੍ਰਮੁੱਖ ਇਕਾਂਗੀ-ਸੰਗ੍ਰਹਿ ਹਨ । ਲੇਖਕ ਨੂੰ ਨਾਟਕ ਦੇ ਰੰਗਮੰਚ ਦਾ ਘੱਟ ਅਨੁਭਵ ਹੋਣ ਕਾਰਨ ਬਹੁਤੀ ਪ੍ਰਸਿੱਧੀ ਨਹੀਂ ਮਿਲੀ । ਗੁਰਦਿਆਲ ਸਿੰਘ ਫੁੱਲ (1910-1988) ਕਰਤਾ 'ਕਲਜੁਗ ਰਥ ਅਗਨ ਕਾ', 'ਕਾਲਜੀਏਟ" "ਧਰਤੀ ਦੀ ਆਵਾਜ਼' ਤੇ 'ਰਾਤ ਕੱਟ ਗਈ ਉਸ ਦੀਆਂ ਪ੍ਰਸਿੱਧ ਨਾਟਕ ਪੁਸਤਕਾਂ ਹਨ।

ਰੰਗਮੰਚ ਤੇ ਰੇਡੀਉ ਪ੍ਰਸਾਰਨ ਦੀ ਦ੍ਰਿਸ਼ਟੀ ਤੋਂ ਲੇਖਕ ਦੇ ਨਾਟਕ ਸਫਲ ਹਨ। ਨਾਟਕਾਂ ਵਿਚ ਬੌਧਿਕਤਾ ਦੀ ਘਾਟ ਹੈ, ਨਾਟਕਾਂ ਨੂੰ ਭਾਵਨਾਤਮਕ ਸ਼ੈਲੀ ਵਿਚ ਲਿਖਿਆ ਗਿਆ ਹੈ। ਗੁਰਦਿਆਲ ਸਿੰਘ ਖੋਸਲਾ (1912) ਨੇ ਆਪਣੀ ਨਾਟਕੀ ਸਿਰਜਣਾ ਆਪਣੀ ਦ੍ਰਿਸ਼ਟੀ ਇਕਾਂਗੀ ਉੱਤੇ ਹੀ ਕੇਂਦਰਿਤ ਕੀਤੀ ਹੈ। ਉਸ ਨੇ ਪੰਜਾਬੀ ਰੰਗਮੰਚ ਦੇ ਵਿਕਾਸ ਵਿਚ ਭਰਪੂਰ ਹਿੱਸਾ ਪਾਇਆ । "ਮੁਰਦੇ ਦਾ ਰਾਸ਼ਨ" , "ਬੇ ਘਰੇ`, ਤੇ ਜੁੱਤੀਆਂ ਦਾ ਜੋੜਾ ਉਸ ਦੇ ਪ੍ਰਸਿੱਧ ਇਕਾਂਗੀ ਹਨ। ਬੂਹੇ ਬੈਠੀ ਧੀ', 'ਮਰ ਮਿਟਣ ਵਾਲੇ', 'ਪਰਲੋ ਤੋਂ

ਪਹਿਲਾਂ ਤੇ ਬੇ ਘਰੇ ਤੇ ਹੋਰ ਇਕਾਂਗੀ' ਉਸ ਦੇ ਪ੍ਰਸਿੱਧ ਇਕਾਂਗੀ ਸੰਗ੍ਰਹਿ ਹਨ । ਕਰਤਾਰ ਸਿੰਘ ਦੁੱਗਲ, ਇੰਦਰ ਸਿੰਘ ਚੱਕਰਵਰਤੀ ਇਸ ਦੌਰ ਦੇ ਹੋਰ ਨਾਟਕਕਾਰ ਹਨ ।

ਕਰਤਾਰ ਸਿੰਘ ਦੁੱਗਲ ਨੇ ਦੂਜੀਆਂ ਸਾਹਿੱਤਿਕ ਵਿਧਾਵਾਂ ਤੋਂ ਇਲਾਵਾ ਪੰਜਾਬੀ ਨਾਟਕ ਤੇ ਇਕਾਂਗੀਆਂ ਦੀ ਵੀ ਰਚਨਾ ਕੀਤੀ। ਦੁੱਗਲ ਲੰਮਾ ਅਰਸਾ ਰੇਡੀਉ ਉੱਤੇ ਨੌਕਰੀ ਕਰਦਾ ਰਿਹਾ ਹੈ। ਇਹੋ ਕਾਰਨ ਹੈ ਕਿ ਉਸ ਦੇ ਬਹੁਤੇ ਨਾਟਕ ਰੇਡੀਉ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਲਿਖੇ ਗਏ ਹਨ। ਪੁਰਾਣੀਆਂ ਬੋਤਲਾਂ', ਮਿੱਠਾ ਪਾਣੀ', 'ਕੋਹ ਕਨ' ਤੇ 'ਬੁੱਧਮ ਸ਼ਰਨਨ ਗੱਛਾ ਉਸ ਦੇ ਪ੍ਰਮੁੱਖ ਨਾਟਕ ਹਨ । 'ਦੀਵਾ ਬੁੱਝ ਗਿਆ , "ਅਮਾਨਤ' ਤੇ 'ਛਣਕਾਰ' ਉਸ ਦੇ ਵਧੀਆ ਇਕਾਂਗੀ ਹਨ। ਦੁੱਗਲ ਆਪਣੇ ਨਾਟਕਾਂ ਵਿਚ ਪਾਤਰਾਂ ਦੀਆਂ ਸੂਖਮ ਭਾਵਨਾਵਾਂ ਨੂੰ ਕਈ ਥਾਈਂ ਫਰਾਇਡਵਾਦੀ ਮਨੋਵਿਗਿਆਨਕ ਦ੍ਰਿਸ਼ਟੀ ਰਾਹੀਂ ਪੇਸ਼ ਕਰਦਾ ਹੈ। ਉਸ ਦੇ ਨਾਟਕਾਂ ਦੇ ਵਿਸ਼ਿਆਂ ਵਿਚ ਵੰਨ-ਸੁਵੰਨਤਾ ਹੈ। ਅਮਰੀਕ ਸਿੰਘ (1920) ਕਰਤਾ ਆਨਾਂ ਦੇ ਅੰਬਾਰ' ਤੇ 'ਜੀਵਨ ਝਲਕਾਂ' ਇਕਾਂਗੀ-ਸੰਗ੍ਰਹਿ ਆਪਣੀ ਸੂਖਮ ਬੌਧਿਕ ਦ੍ਰਿਸ਼ਟੀ ਤੇ ਤਕਨੀਕੀ ਪ੍ਰਮਾਣਿਕਤਾ ਕਾਰਨ ਮਹੱਤਵਪੂਰਨ ਰਚਨਾਵਾਂ ਹਨ। ਪਰਿਤੋਸ਼ ਗਾਰਗੀ (1923) ਪੰਜਾਬੀ ਨਾਟਕ ਵਿਚ ਬਾਲ-ਨਾਟਕ ਲਿਖਣ ਤੇ ਖੇਡਣ ਵਾਲਾ ਪਹਿਲਾ ਲੇਖਕ ਹੈ। ਲੇਖਕ ਨੇ ਇੱਕ ਲੰਮਾ ਇਕਾਂਗੀ ਗੱਡੀ ਦਾ ਸਫ਼ਰ , ਦਸ ਪੂਰੇ ਨਾਟਕ, ਪੰਦਰਾਂ ਇਕਾਂਗੀ, ਬੱਚਿਆਂ ਦੇ ਨਾਟਕਾਂ ਦੇ ਦੋ ਸੰਗ੍ਰਹਿ ਪੰਜਾਬੀ ਨਾਟਕ ਸਾਹਿਤ ਨੂੰ ਦਿੱਤੇ । ਪਰਿਤੋਸ਼ ਗਾਰਗੀ ਨੇ ਰੰਗਮੰਚ ਉੱਤੇ ਤਕਨੀਕ ਪੱਖੋਂ ਨਵੇਂ ਪ੍ਰਯੋਗ ਕੀਤੇ।

**ਬਲਵੰਤ ਗਾਰਗੀ** :

ਪੰਜਾਬੀ ਦੇ ਇਸ ਬਹੁਰੰਗੇ ਤੇ ਸਭ ਤੋਂ ਵਧ ਭਰਮਣ ਕਰਨ ਵਾਲੇ ਪੰਜਾਬੀ ਦੇ ਇਸ ਪ੍ਰਸਿੱਧ ਨਾਟਕਕਾਰ ਦਾ ਜਨਮ ਪੰਜ ਦਸੰਬਰ 1916 ਨੂੰ ਪਿੰਡ ਸ਼ਹਿਣਾ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ। ਬਚਪਨ ਸੰਗਰੂਰ, ਬਠਿੰਡੇ ਬੀਤਿਆ ਤੇ ਪੜ੍ਹਾਈ ਪਟਿਆਲੇ ਤੇ ਲਾਹੌਰ ਕੀਤੀ। ਪ੍ਰੀਤ ਨਗਰ ਰਹਿ ਕੇ ਸਾਹਿਤ ਤੇ ਨਾਟਕ ਕਲਾ ਨੇ ਵਿਕਾਸ ਕੀਤਾ। ਟੈਗੋਰ ਤੇ ਗੁਰਬਖ਼ਸ਼ ਸਿੰਘ ਦੇ ਪ੍ਰਭਾਵ ਅਧੀਨ ਪੰਜਾਬੀ ਵਿਚ ਲਿਖਣਾ ਆਰੰਭ ਕੀਤਾ । ਅਮਰੀਕਾ, ਦਿੱਲੀ, ਬੰਬਈ ਤੇ ਚੰਡੀਗੜ੍ਹ ਵਿਚ ਵੱਖੋ-ਵੱਖਰੇ ਸਮੇਂ ਰਹਿੰਦਾ ਰਿਹਾ। ਪ੍ਰਗਤੀਵਾਦੀ ਵਿਚਾਰਾਂ ਤੋਂ ਆਰੰਭ ਕਰ ਕੇ ਅੰਤ ਫਰਾਇਡਵਾਦੀ ਤੇ ਹੋਰ ਮਨੋਵਿਗਿਆਨਕ ਵਿਚਾਰਾਂ ਵਿਚ ਘਿਰ ਕੇ ਰਹਿ ਗਿਆ । ਆਪਣੇ ਨਾਟਕਾਂ ਦੇ ਲੰਮੇ ਰਚਨਾ ਕਾਲ ਵਿਚ ਉਸ ਨੇ ਨਾਟਕੀ ਕਲਾ ਵਿਚ ਵਿਸ਼ੇ, ਤਕਨੀਕ ਤੇ ਸਟੇਜ ਪੱਖੋਂ ਪੰਜਾਬੀ ਨਾਟਕ ਵਿਚ ਸਭ ਤੋਂ ਵਧ ਤਜਰਬੇ ਕੀਤੇ। ਰੂਸ, ਅਮਰੀਕਾ, ਚੈਕੋਸਲੋਵਾਕੀਆ, ਇੰਗਲੈਂਡ, ਫਰਾਂਸ, ਬੰਬਈ, ਦਿੱਲੀ, ਚੰਡੀਗੜ੍ਹ ਤੋਂ ਪਟਿਆਲਾ ਆਦਿ ਦੀ ਸਟੇਜ ਉੱਤੇ ਪੰਜਾਬੀ ਨਾਟਕਾਂ ਵਿਚ ਭਰਪੂਰ ਪ੍ਰਯੋਗ ਕੀਤੇ। ਗਾਰਗੀ ਪੰਜਾਬੀ ਦਾ ਅੰਤਰਰਾਸ਼ਟਰੀ ਨਾਟਕਕਾਰ ਹੈ। ਬਲਵੰਤ ਗਾਰਗੀ ਨੇ ਹੁਣ ਤਕ "ਲੋਹਾ ਕੁਟ', 'ਸੈਲ ਪੱਥਰ', 'ਬਿਸਵੇਦਾਰਾਂ ਕੇਸਰੋ', 'ਕਣਕ ਦੀ ਬੱਲੀ`, 'ਧੂਣੀ ਦੀ ਅੱਗ', ਤੇ

ਸੌਂਕਣ ਆਦਿ ਪ੍ਰਮੁੱਖ ਨਾਟਕ ਲਿਖੇ ਹਨ। 'ਕੁਆਰੀ ਟੀਸੀ", "ਦੋ ਪਾਸੇ' 'ਦਸਵੰਧ' , 'ਪੱਤਣ ਦੀ ਬੇੜੀ, ਬੇਬੇ ਤੇ ਹੋਰ ਇਕਾਂਗੀ' ਤੇ 'ਦੁੱਧ ਦੀਆਂ ਧਾਰਾਂ' ਆਦਿ ਉਸ ਦੇ ਪ੍ਰਮੁੱਖ ਇਕਾਂਗੀ-ਸੰਗ੍ਰਹਿ ਹਨ। ਬਲਵੰਤ ਗਾਰਗੀ ਆਪਣੀ ਨਾਟਕੀ ਸਿਰਜਣਾ ਦੇ ਆਰੰਭਕ ਸਾਲਾਂ ਤੋਂ ਹੀ ਚਰਚਾ ਦਾ ਵਿਸ਼ਾ ਰਿਹਾ ਹੈ। ਗਾਰਗੀ ਵਿਚ ਤਿੱਖੀ ਤੇ ਡੂੰਘੀ ਨਾਟਕੀ ਸੂਝ ਹੈ।

ਲਗਭਗ 1965 ਤਕ ਪੰਜਾਬੀ ਨਾਟਕ ਵਿਚ ਯਥਾਰਥਵਾਦੀ ਨਾਟਕ ਦ੍ਰਿਸ਼ਟੀ ਹੀ ਪ੍ਰਮੁੱਖ ਸੀ। ਇਸ ਦੌਰ ਵਿਚ ਪੰਜਾਬੀ ਨਾਟਕ ਵਿਚ ਪਹਿਲੀ ਪੀੜ੍ਹੀ ਦੇ ਨਾਟਕਕਾਰ ਵੀ ਨਾਟਕੀ ਰਚਨਾਵਾਂ ਕਰਦੇ ਹਨ ਤੇ ਕੁੱਝ ਨਵੇਂ ਨਾਟਕਕਾਰਾਂ ਨੇ ਵੀ ਪ੍ਰਵੇਸ਼ ਕੀਤਾ। 1965 ਤੋਂ ਬਾਅਦ ਪੰਜਾਬੀ ਨਾਟਕ ਵਿਚ ਪ੍ਰਯੋਗਵਾਦੀ ਦੌਰ ਦਾ ਆਰੰਭ ਹੋ ਜਾਂਦਾ ਹੈ। ਆਜ਼ਾਦੀ ਉਪਰੰਤ ਪੰਜਾਬੀ ਨਾਟਕ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਦਾ ਪ੍ਰਭਾਵ ਹੋਰ ਵੀ ਵਧਦਾ ਹੈ। ਸਮਾਜਕ-ਰਾਜਨੀਤਕ ਭ੍ਰਿਸ਼ਟਾਚਾਰ ਤੇ ਜਗੀਰਦਾਰੀ ਪਰੰਪਰਾਵਾਦੀ ਮੁੱਲਾਂ ਤੇ ਖ਼ਿਲਾਫ਼ ਇਪਟਾ ਲਹਿਰ ਨੇ ਇਤਿਹਾਸਕ ਰੋਲ ਅਦਾ ਕੀਤਾ। ਇਹ ਵੱਖਰੀ ਗੱਲ ਹੈ ਕਿ ਇਸ ਲਹਿਰ ਦੇ ਪ੍ਰਭਾਵ ਅਧੀਨ ਜੋ ਨਾਟਕ ਓਪੇਰਾ ਰੂਪ ਵਿਚ ਲਿਖੇ ਗਏ ਸਨ, ਪ੍ਰਕਾਸ਼ਿਤ ਨਹੀਂ ਹੋ ਸਕੇ। ਜਗਦੀਸ਼ ਫ਼ਰਿਆਦੀ ਦਾ 'ਕਾਲ', ਜੋਗਿੰਦਰ ਬਾਹਰਲਾ ਦਾ 'ਹਾੜੀਆਂ ਸਾਉਣੀਆਂ ਖੋਹੀਆਂ ਅੰਬੀਆਂ, ਤੇਰਾ ਸਿੰਘ ਚੰਨ ਦਾ ਅਮਰ ਪੰਜਾਬ" , "ਲੱਕੜ ਦੀ ਲੱਤ , ਸ਼ੀਲਾ ਭਾਟੀਆ ਦਾ ਵਾਦੀ ਦੀ ਗੂੰਜ' ਆਦਿ ਓਪੇਰੇ ਆਜ਼ਾਦੀ ਉਪਰੰਤ ਦੀ ਸਮਾਜਕ-ਰਾਜਨੀਤਕ ਸਥਿਤੀ ਉੱਤੇ ਤਿੱਖਾ ਵਿਅੰਗ ਕਰਦੇ ਹਨ।

**ਤੀਜੇ ਦੌਰ ਦਾ ਪੰਜਾਬੀ ਨਾਟਕ**

1965 ਪਿੱਛੋਂ ਪੰਜਾਬੀ ਨਾਟਕ ਵਿਚ ਪ੍ਰਯੋਗਵਾਦੀ ਲਹਿਰ ਦਾ ਆਰੰਭ ਕਪੂਰ ਸਿੰਘ ਘੁੰਮਣ, ਸੁਰਜੀਤ ਸਿੰਘ ਸੇਠੀ, ਹਰਸ਼ਰਨ ਸਿੰਘ ਆਦਿ ਰਾਹੀਂ ਹੁੰਦਾ ਹੈ । ਪ੍ਰਯੋਗਸ਼ੀਲ ਲਹਿਰ ਦੇ ਪ੍ਰਭਾਵ ਅਧੀਨ ਬਰਤੋਲਤ ਬਰੈਖ਼ਤ ਦਾ ਐਪਿਕ ਥੀਏਟਰ, ਐਨਤੈਲਿਕ ਆਰਤੋ ਦਾ ਹੰਗਾਮੀ ਥੀਏਟਰ, ਸੈਮੂਅਲ ਬੈਕਟ ਦਾ ਐਬਸਰਡ ਥੀਏਟਰ ਆਦਿ ਨਵੀਆਂ ਸ਼ੈਲੀਆਂ ਦੇ ਪ੍ਰਯੋਗ ਕੀਤੇ ਜਾਂਦੇ ਹਨ। 1965 ਤੋਂ ਪਿੱਛੋਂ ਯੂਨੀਵਰਸਿਟੀਆਂ ਵਿਚ ਡਰਾਮਾ ਵਿਭਾਗਾਂ ਦਾ ਖੁੱਲਣਾ, ਪੰਜਾਬੀ ਸੂਬਾ ਬਣਨਾ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੀਆਂ ਤਿੰਨ ਸੌ ਸਾਲਾ ਤੇ ਪੰਜ ਸੌ ਸਾਲਾ ਬਰਸੀਆਂ ਦਾ ਮਨਾਉਣਾ, ਨਾਟਕਾਂ ਉੱਤੇ ਵਰਕਸ਼ਾਪਾਂ ਤੇ ਸੈਮੀਨਾਰਾਂ ਦੇ ਆਯੋਜਨ, ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਨਾਟਕ ਮੁਕਾਬਲਿਆਂ ਨੇ ਪੰਜਾਬੀ ਨਾਟਕ ਦੇ ਵਿਕਾਸ ਵਿਚ ਭਰਪੂਰ ਹਿੱਸਾ ਪਾਇਆ। 1965 ਤੋਂ ਪਿੱਛੋਂ ਪੰਜਾਬੀ ਨਾਟਕ ਤੀਜੇ ਦੌਰ ਵਿਚ ਸ਼ਾਮਲ ਹੁੰਦਾ ਹੈ।

**ਕਪੂਰ ਸਿੰਘ ਘੁੰਮਣ (1927-1986).**

ਘੁੰਮਣ ਨੇ ਜ਼ਿੰਦਗੀ ਤੋਂ ਦੂਰ , ਜਿਉਂਦੀ ਲਾਸ਼" , "ਅਤੀਤ ਦੇ ਪ੍ਰਛਾਵੇਂ', 'ਮਾਨਸ ਕੀ ਏਕ ਜਾਤ , ਵਿਸਮਾਦ ਨਾਦ ਆਦਿ ਨਾਟਕਾਂ ਦੀ ਰਚਨਾ ਕੀਤੀ। 'ਗਲਤ ਕੀਮਤਾਂ , ਦੋ ਜੋਤਾਂ ਦੋ ਮੂਰਤਾਂ", "ਪੰਜਾਬ" , "ਕਵੀ ਤੇ ਕਵਿਤਾ , ਡੰਗਲ ਮਾਟਾ' ਤੇ 'ਕੱਚ ਦੇ ਗਜਰੇ" ਉਸ ਦੇ ਪ੍ਰਮੁੱਖ ਇਕਾਂਗੀ ਹਨ।

ਕਪੂਰ ਸਿੰਘ ਘੁੰਮਣ ਪੰਜਾਬੀ ਨਾਟਕ ਵਿਚ ਪ੍ਰਵੇਸ਼ ਯਥਾਰਥਵਾਦੀ ਨਾਟ-ਸ਼ੈਲੀ ਰਾਹੀਂ ਕਰਦਾ ਹੈ। ਲੇਖਕ ਦੀ ਨਾਟਕ ਕਲਾ ਵਿਚ ਕੁੱਝ ਦੇਰ ਪਿੱਛੋਂ ਨਿਖਾਰ ਆਉਂਦਾ ਹੈ ਤੇ ਉਹ ਪੱਛਮੀ ਨਾਟ ਸ਼ੈਲੀਆਂ ਦਾ ਪੰਜਾਬੀ ਨਾਟਕ ਵਿਚ ਪ੍ਰਯੋਗ ਆਰੰਭਦਾ ਹੈ। ਇਹਨਾਂ ਨਾਟਕਾਂ ਤੇ ਇਕਾਂਗੀਆਂ ਵਿਚ ਲੇਖਕ ਮਨੁੱਖੀ ਅਸਤਿੱਤਵ ਨਾਲ ਸਬੰਧਤ ਤੇ ਸਮਕਾਲੀ ਜੀਵਨ ਦੀ ਕਈ ਹੋਰ ਸਮੱਸਿਆਵਾਂ ਨੂੰ ਵੀ ਪੇਸ਼ ਕਰਦਾ ਹੈ। ਲੇਖਕ ਨੇ ਨਵੀਆਂ ਨਾਟ ਸ਼ੈਲੀਆਂ ਦਾ ਯੋਗ ਕਰਦੇ ਹੋਏ ਸਟਰਿੰਡਬਰਗ ਦਾ ਪ੍ਰਭਾਵ ਕਬੂਲਿਆ। ਇਸ ਪ੍ਰਭਾਵ ਅਧੀਨ ਹੀ ਉਸ ਨੇ ਬੁਝਾਰਤ ਨਾਟਕ ਲਿਖਿਆ। ਲੇਖਕ ਨਾਟਕ ਨੂੰ ਚਿੰਨ੍ਹਾਤਮਕ, ਕਾਵਿਮਈ ਤੇ ਚੁਸਤ ਵਾਰਤਾਲਾਪ ਰਾਹੀਂ ਉਸਾਰਦਾ ਹੈ। ਲੇਖਕ ਦੇ ਸਾਰੇ ਨਾਟਕ ਤੇ ਇਕਾਂਗੀ ਵਿਭਿੰਨ ਸਟੇਜਾਂ ਉੱਤੇ ਖੇਡੇ ਗਏ ਹਨ। ਸਟੇਜ ਪੱਖੋਂ ਘੁੰਮਣ ਇੱਕ ਸਫਲ ਨਾਟਕਕਾਰ ਹੈ।

**ਡਾ. ਸੁਰਜੀਤ ਸਿੰਘ ਸੇਠੀ :**

ਸੁਰਜੀਤ ਸਿੰਘ ਸੇਠੀ ਪੰਜਾਬੀ ਦਾ ਬਹੁਪੱਖੀ ਲੇਖਕ ਹੈ ਪਰ ਪ੍ਰਮੁੱਖ ਤੌਰ ਤੇ ਉਹ ਨਾਟਕਕਾਰ ਹੈ। ਉਸ ਨੇ 1946 ਵਿਚ "ਪਰਦੇ', ਇਕਾਂਗੀ-ਸੰਗ੍ਰਹਿ ਰਾਹੀਂ ਨਾਟਕ ਖੇਤਰ ਵਿਚ ਪ੍ਰਵੇਸ਼ ਕੀਤਾ। ਉਸ ਦੀਆਂ 16 ਵੱਡੇ ਨਾਟਕ 5 ਇਕਾਂਗੀ-ਸੰਗ੍ਰਹਿ ਦੀਆਂ ਪੁਸਤਕਾਂ ਪ੍ਰਕਾਸ਼ ਹੋਈਆਂ। ਕਾਦਰਯਾਰ', 'ਭਰਿਆ-ਭਰਿਆ ਸੱਖਣਾ-ਸੱਖਣਾ", "ਕਿੰਗ ਮਿਰਜ਼ਾ ਤੇ ਸਪੇਰਾ, ਮਰਦ-ਮਰਦ ਨਹੀਂ ਤੀਵੀਂ-ਤੀਵੀਂ ਨਹੀਂ, ਨੰਗੀ ਸੜਕ ਰਾਤ ਦਾ ਓਹਲਾ,

ਦੇਵਤਿਆਂ ਦਾ ਥੀਏਟਰ ਤੇ ਹੋਰ ਨਾਟਕ' ਤੇ ਪੈਬਲ ਬੀਚ ਤੇ ਲੌਂਗ ਗੁਆਚਾ ਤੇ ਹੋਰ ਨਾਟਕ' ਉਸ ਦੇ ਪ੍ਰਮੁੱਖ ਨਾਟਕ ਹਨ। 'ਚੱਲਦੇ ਫਿਰਦੇ', 'ਮੇਰੇ ਇਕਾਂਗੀ ਦਾ ਸਫ਼ਰਾਂ ਤੇ 'ਸ਼ਾਮਾਂ ਪੈ ਗਈਆਂ ਆਦਿ ਉਸ ਦੇ ਮਹੱਤਵਪੂਰਨ ਇਕਾਂਗੀ ਹਨ। ਡਾ. ਸੇਠੀ ਨੇ ਨਾਟਕ ਸਿਧਾਂਤ ਬਾਰੇ ਵੀ ਪੰਜ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ।

ਡਾ. ਸੁਰਜੀਤ ਸਿੰਘ ਸੇਠੀ ਪੰਜਾਬੀ ਦੇ ਪਹਿਲੇ ਨਾਟਕਕਾਰਾਂ ਨਾਲੋਂ ਆਪਣੀ ਨਾਟਕ ਸ਼ੈਲੀ ਵਿਚ ਵਿਲੱਖਣ ਹੈ। ਬਲਵੰਤ ਗਾਰਗੀ ਵਾਂਗ ਸੇਠੀ ਵੀ ਇੱਕੋ ਵੇਲੇ ਨਾਟਕ, ਸਟੇਜ ਅਤੇ ਨਾਟਕ ਸਿਧਾਂਤ ਨਾਲ ਜੁੜਿਆ ਰਿਹਾ ਹੈ। ਇਸ ਪ੍ਰਕਾਰ ਹੀ ਉਸ ਦੀ ਵਿਲੱਖਣ ਨਾਟਕੀ ਸ਼ੈਲੀ ਬਣਾਉਣ ਵਿਚ ਉਸ ਦਾ ਫ਼ਿਲਮਾਂ, ਰੇਡੀਉ ਤੇ ਟੀ. ਵੀ. ਦਾ ਤਜਰਬਾ ਵੀ ਸ਼ਾਮਲ ਹੈ। ਸੇਠੀ ਆਪਣਾ ਨਾਟਕੀ ਸਫ਼ਰ ਤਾਂ ਭਾਵੇਂ ਯਥਾਰਥਵਾਦੀ ਨਾਟ ਸ਼ੈਲੀ ਰਾਹੀਂ ਸ਼ੁਰੂ ਕਰਦਾ ਹੈ ਪਰ ਲਗਾਤਾਰ ਤੇ ਨਾਟਕ ਸਿਧਾਂਤਾਂ ਦੇ ਅਧਿਐਨ ਰਾਹੀਂ ਉਸ ਨੇ ਆਪਣਾ ਵੱਖਰਾ ਰਾਹ ਬਣਾ ਲਿਆ। ਡਾ. ਸੇਠੀ ਦੇ ਨਾਟਕਾਂ ਦੇ

ਵਿਸ਼ੇ ਵਿਅਕਤੀ ਦੇ ਮਾਨਸਿਕ ਜਗਤ ਦੁਆਲੇ ਹੀ ਘੁੰਮਦੇ ਹਨ। ਡਾ. ਸੇਠੀ ਪਾਤਰਾਂ ਦੇ ਅੰਤਰ ਮਨ ਵਿਚ ਵਾਪਰਨ ਵਾਲੇ ਮਾਨਸਿਕ ਦਵੰਦ ਦੇ ਵਿਸ਼ਲੇਸ਼ਣ ਨੂੰ ਆਪਣੇ ਨਾਟਕਾਂ ਵਿਚ ਪ੍ਰਮੁੱਖਤਾ ਦੇਂਦਾ ਹੈ। ਡਾ. ਸੇਠੀ ਪੰਜਾਬੀ ਨਾਟਕ ਵਿਚ ਅਸਲੋਂ ਨਵੇਂ ਵਿਸ਼ਿਆਂ ਦੀ ਪੇਸ਼ਕਾਰੀ ਕਰਦਾ ਹੈ। ਉਸ ਦੇ ਮੁੱਢਲੇ ਨਾਟਕ 'ਕਾਫ਼ੀ ਹਾਊਸ ਵਿਚ ਮਹਾਂਨਗਰ ਦੇ ਜੀਵਨ ਨੂੰ ਪੇਸ਼ ਕੀਤਾ ਗਿਆ ਹੈ। 'ਕਿੰਗ ਮਿਰਜ਼ਾ ਤੇ ਸਪੇਰਾ ਵਿਚ ਮਾਨਸਿਕ ਅਸੰਤੁਲਨ ਨੂੰ ਪੇਸ਼ ਕੀਤਾ ਗਿਆ ਹੈ। ਉਸ ਦਾ ਆਖ਼ਰੀ ਨਾਟਕ 'ਪੈਬਲ ਬੀਚ ਤੇ ਲੈਂਗ ਗੁਆਚਾ ਪਰਦੇਸੀ ਵੱਸਦੇ ਮਨੁੱਖ ਦੀ ਗੁਆਚੀ ਹੋਂਦ ਤੇ ਪਛਾਣ ਬਾਰੇ ਹੈ। ਸੇਠੀ ਦੇ ਵਾਰਤਾਲਾਪ ਵਰਤਣ ਦੀਆਂ ਵਿਧੀਆਂ, ਅੰਕਾਂ ਦੀ ਵੰਡ ਆਦਿ ਸਭ ਕੁੱਝ ਨਵੀਆਂ ਨਾਟਕੀ ਵਿਧੀਆਂ ਅਨੁਸਾਰ ਕੀਤਾ ਹੈ। ਐਬਸਰਡ ਨਾਟ ਸ਼ੈਲੀ ਨੂੰ ਵਿਸ਼ੇ ਦੀ ਉਸਾਰੀ ਤੇ ਸੰਚਾਰ ਦੋਵਾਂ ਗੱਲਾਂ ਲਈ ਵਰਤੋਂ ਵਿਚ ਲਿਆਉਂਦਾ ਹੈ। ਵੱਖ-ਵੱਖ ਪ੍ਰਯੋਗਾਂ ਤੇ ਪੰਜਾਬੀ ਨਾਟਕ ਦੀ ਸਟੇਜ ਨੂੰ ਨਵੀਆਂ ਨਾਟਕੀ ਵਿਧੀਆਂ ਤੋਂ ਜਾਣੂ ਕਰਵਾਉਣ ਕਾਰਨ ਸੇਠੀ ਦਾ ਪੰਜਾਬੀ ਨਾਟਕ ਸਾਹਿਤ ਦੇ ਇਤਿਹਾਸ ਵਿਚ ਵਿਲੱਖਣ ਥਾਂ ਹੈ। ਡਾ. ਸੁਰਜੀਤ ਸਿੰਘ ਸੇਠੀ ਇੱਕ ਆਧੁਨਿਕ ਯੋਗ ਵਾਦੀ ਨਾਟਕਕਾਰ ਨਿਰਸੰਦੇਹ ਹੈ ਪਰ ਪੰਜਾਬੀ ਦੇ ਆਮ ਦਰਸ਼ਕ ਨੇ ਡਾ. ਸੇਠੀ ਦੇ ਨਾਟਕਾਂ ਨੂੰ ਭਰਵਾਂ ਹੁੰਗਾਰਾ ਨਹੀਂ ਦਿੱਤਾ। ਡਾ. ਸੇਠੀ ਦੇ ਨਾਟਕ ਦਾ ਦਰਸ਼ਕ ਵਿਸ਼ੇਸ਼ ਵਰਗ ਨਾਲ ਹੀ ਸੰਬੰਧਤ

**ਗੁਰਚਰਨ ਸਿੰਘ ਜਸੂਜਾ (1925).**

ਗੁਰਚਰਨ ਸਿੰਘ ਜਸੂਜਾ ਪੰਜਾਬੀ ਦਾ ਇਸ ਦੌਰ ਦਾ ਇੱਕ ਹੋਰ ਯਥਾਰਥਵਾਦੀ ਨਾਟਕਕਾਰ ਹੈ ਜੋ ਆਰਥਕ ਨਾ ਬਰਾਬਰੀ ਤੇ ਆਧੁਨਿਕ ਜੀਵਨ ਦੇ ਭਰਿਸ਼ਟ ਵਾਤਾਵਰਨ ਵਿਚ ਮਨੁੱਖੀ ਇਮਾਨਦਾਰੀ ਆਦਿ ਗੁਣਾਂ ਕਾਰਨ ਸੰਕਟ ਭੋਗਦਾ ਹੈ। ਲੇਖਕ ਸਮੁੱਚੀ ਮਨੁੱਖ-ਵਿਰੋਧੀ ਪੂੰਜੀਵਾਦੀ ਵਿਵਸਥਾ ਦੇ ਰੂਪ ਉੱਤੇ ਵਿਅੰਗ ਸਿਰਜਦਾ ਹੈ। ਨਾਟਕਕਾਰ ਆਪਣੀ ਸਿਰਜਣਾ ਦੇ ਪਹਿਲੇ ਪੜਾਅ ਉੱਤੇ ਆਰਥਕ-ਸਮਾਜਕ ਤੇ ਨੈਤਿਕ ਸਮੱਸਿਆਵਾਂ ਦਾ ਹੱਲ ਆਦਰਸ਼ਵਾਦ ਵਿਚ ਕਰ ਦੇਂਦਾ ਹੈ। ਪਰੰਤੂ ਆਪਣੇ ਨਾਟਕਾਂ ਦੇ ਅਗਲੇਰੇ ਪੜਾਅ ਵਿਚ ਉਹ ਨਾਟਕ ਰਾਹੀਂ ਜੀਵਨ ਦੀਆਂ ਸਮੱਸਿਆਵਾਂ ਦੇ ਵਿਭਿੰਨ ਪੱਖਾਂ ਨੂੰ ਤਾਂ ਸਿਰਜਦਾ ਹੈ ਪਰ ਆਪਣੇ ਵੱਲੋਂ ਕੋਈ ਘੜਿਆ ਘੜਾਇਆ ਹੱਲ ਨਹੀਂ ਦੇਂਦਾ। 'ਚੜ੍ਹਿਆ ਸੋਧਣ ਧਰਤ ਲੋਕਾਈ', 'ਬਾਦਸ਼ਾਹ ਦਰਵੇਸ਼', 'ਜਿਸ ਡਿੱਠੇ ਸਭ ਦੁੱਖ ਜਾਇ' , 'ਪਾਰਸ ਦੀ ਛੂਹ'ਮੱਖਣ ਸ਼ਾਹ ਲਬਾਣਾ' ਆਦਿ ਉਸ ਦੇ ਪ੍ਰਮੁੱਖ ਨਾਟਕ ਹਨ। ਸ਼ੁਖਮਨੀ ਦੇ ਚਾਨਣ ਵਿਚ ਤੇ ਗ਼ਰੀਬ ਨਿਵਾਜ' ਲੇਖਕ ਦੀਆਂ ਪ੍ਰਸਿੱਧ ਇਕਾਂਗੀ ਰਚਨਾਵਾਂ ਹਨ।

ਗੁਰਚਰਨ ਸਿੰਘ ਜਸੂਜਾ ਦੀ ਨਾਟ-ਸ਼ੈਲੀ ਪ੍ਰਤੀਕਾਤਮਿਕ ਅਭਿਵਿਅੰਜਨ ਦੀ ਹੈ। ਉਸ ਨਾਟਕ ਵਿਚ ਕਿਸੇ ਨਾ ਕਿਸੇ ਸਮੱਸਿਆ ਨੂੰ ਪ੍ਰਤੀਕਾਤਮਿਕ ਰੂਪ ਵਿਚ ਸਿਰਜਿਆ ਹੈ। ਮੱਕੜੀ ਦਾ ਜਾਲ' ਸਰਮਾਏਦਾਰੀ ਅਰਥ-ਵਿਵਸਥਾ ਦਾ ਜਾਲ ਹੈ। ਮੱਖਣ ਸ਼ਾਹ ਲੁਬਾਣਾ

ਰਾਜ ਮਨੁੱਖੀ ਸਰੀਰ ਹੈ ਜੋ ਜੀਵਨ ਦੀਆਂ ਘੁੰਮਣ-ਘੇਰੀਆਂ ਵਿਚ ਫਸਿਆ ਹੋਇਆ  ਇਸ ਪ੍ਰਕਾਰ ਹੀ ਲੇਖਕ ਪਾਤਰਾਂ ਨੂੰ ਵੀ ਪ੍ਰਤੀਕਾਤਮਿਕ ਰੂਪ ਵਿਚ ਵਰਤਦਾ ਹੈ। ਉਸ ਨੇ ਬਾਕੀ ਵਾਰਤਾਲਾਪ ਲਈ ਲੋਕ-ਮੁਹਾਵਰੇ ਵਾਲੀ ਭਾਸ਼ਾ ਦਾ ਪ੍ਰਯੋਗ ਕੀਤਾ । ਉਸ ਦੇ ਦਾਰਸ਼ਨਿਕ ਬੌਧਿਕ ਰੂਪ ਵਾਲੇ ਨਾਟਕਾਂ ਵਿਚ ਵੀ ਸੰਚਾਰ ਦੀ ਕੋਈ ਸਮੱਸਿਆ ਨਹੀਂ ਆਉਂਦੀ । ਗੁਰਚਰਨ ਸਿੰਘ ਜਸੂਜਾ ਦੇ ਨਾਟਕ ਰੰਗਮੰਚ ਉੱਤੇ ਸਫਲਤਾ ਨਾਲ ਖੇਡੇ ਜਾਂਦੇ ਰਹੇ ਹਨ।

**ਹਰਸ਼ਰਨ ਸਿੰਘ (1929-1994):**

ਹਰਸ਼ਰਨ ਸਿੰਘ ਪੰਜਾਬੀ ਦਾ ਇੱਕ ਹੋਰ ਯਥਾਰਥਵਾਦੀ ਨਾਟ ਸ਼ੈਲੀ ਦਾ ਲੇਖਕ ਹੈ ਜੋ ਮਾਰਕਸਵਾਦੀ ਚਿੰਤਨ ਤੋਂ ਪ੍ਰਾਪਤ ਦ੍ਰਿਸ਼ਟੀ ਰਾਹੀਂ ਨਾਟਕਾਂ ਦੀਆਂ ਸਮੱਸਿਆਵਾਂ ਪੇਸ਼ ਕਰਦਾ ਹੈ। ਤੇ ਪੂੰਜੀਵਾਦੀ ਅਰਥ-ਵਿਵਸਥਾ ਤੋਂ ਉਪਜੇ ਮਾਨਵੀ-ਸੰਕਟ ਦਾ ਹੱਲ ਸਮਾਜਵਾਦੀ ਵਿਵਸਥਾ ਵਿਚ ਵੇਖਦਾ ਹੈ। ਹਰਸ਼ਰਨ ਸਿੰਘ ਪੰਜਾਬੀ ਦਾ ਅਜਿਹਾ ਨਾਟਕਕਾਰ ਜੋ ਆਪਣੇ ਨਾਟਕਾਂ ਵਿਚ ਆਰਥਕ ਤੌਰ ਤੇ ਹੇਠਲੇ ਸ਼ਹਿਰੀ ਮੱਧ-ਵਰਗ ਭਾਵ ਦਫ਼ਤਰੀ ਅਮਲੇ ਤੇ ਡਰਾਈਵਰਾਂ ਆਦਿ ਨੂੰ ਆਪਣੇ ਨਾਟਕਾਂ ਵਿਚ ਪਾਤਰ ਬਣਾਉਂਦਾ ਹੈ। ਜਿੰਗਰਾ , ਫੁੱਲ ਕੁਮਲਾ ਗਿਆ', 'ਅਪਰਾਧੀ', 'ਉਦਾਸ ਲੋਕ, ਲੰਮੇ ਸਮੇਂ ਦਾ ਨਰਕ" , "ਨਿਜ਼ਾਮ ਸੱਕਾ , ਇਕਾਈ ਦਹਾਈ ਸੈਂਕੜਾ ਤੇ 'ਹੀਰ ਰਾਂਝਾ ਉਸ ਦੇ ਨਾਟਕ ਹਨ। ਜੋਤ ਤੋਂ ਜੋਤ ਜਗੇ ਮੇਰੇ ਅੱਠ ਇਕਾਂਗੀ, "ਪਰਦੇ ਤੇ ਮੇਰੇ ਚੋਣਵੇਂ ਇਕਾਂਗੀ ਉਸ ਦੇ ਪ੍ਰਮੁੱਖ ਇਕਾਂਗੀ-ਸੰਗ੍ਰਹਿ ਹਨ। ਉਸ ਦੇ ਨਾਟਕਾਂ ਤੇ ਇਕਾਂਗੀਆਂ ਵਿਚ ਔਰਤ ਤੇ ਆਰਥਕ ਤੌਰ ਤੇ ਹੇਠਲੀ ਸ਼੍ਰੇਣੀ ਦੀ ਆਰਥਕ ਸਥਿਤੀ, ਆਰਥਕ ਸਥਿਤੀ ਕਾਰਨ ਮਾਨਵੀ ਸੰਬੰਧਾਂ ਵਿਚ ਆਈ ਕਠੋਰਤਾ, ਅਫ਼ਸਰਸ਼ਾਹੀ ਦਾ ਭਰਿਸ਼ਟਾਚਾਰ ਤੇ ਸਥਿਤੀ ਪਰਿਵਰਤਨ ਲਈ ਸਮੂਹਕ ਕ੍ਰਾਂਤੀਕਾਰੀ ਪਰਿਵਰਤਨ ਦੀ ਲੋੜ ਆਦਿ ਵਿਸ਼ਿਆਂ ਨੂੰ ਪੇਸ਼ ਕੀਤਾ ਗਿਆ ਹੈ। ਪਹਿਲੇ ਪੜਾਅ ਦੇ ਨਾਟਕਾਂ ਨਾਲੋਂ ਦੂਜੇ ਪੜਾਅ ਦੇ ਨਾਟਕਾਂ ਵਿਚ ਲੇਖਕ ਨੇ ਅਣਮਨੁੱਖੀ ਪੂੰਜੀਵਾਦੀ ਵਿਵਸਥਾ ਦੇ ਕਠੋਰ ਰੂਪ ਨੂੰ ਵਧੇਰੇ ਯਥਾਰਥਵਾਦੀ ਰੂਪ ਵਿਚ ਸਿਰਜਿਆ ਹੈ। ਬਣਤਰ ਪੱਖੋਂ ਲੇਖਕ ਹੌਲੀ-ਹੌਲੀ ਵਿਕਾਸ ਕਰਦਾ ਹੈ। ਪਹਿਲੇ ਨਾਟਕਾਂ ਦੇ ਕਥਾਨਕਾਂ ਵਿਚ ਤਿੰਨ ਜਾਂ ਚਾਰ ਅੰਕ ਰੱਖਦਾ ਹੈ। ਪਰ ਪਿੱਛੋਂ ਨਿਜ਼ਾਮ ਸੱਕਾ ਵਿਚ ਇਹੋ ਵੰਡ ਇੱਕ ਅੰਕ ਵਾਲੀ ਰਹਿ ਜਾਂਦੀ ਹੈ। ਪਹਿਲੇ ਪੜਾਅ ਦੇ ਨਾਟਕ ਵਿਚ ਘਟਨਾਵਾਂ ਵਧ ਸਿਰਜੀਆਂ ਜਾਂਦੀਆਂ ਤੇ ਅਗਲੇਰੇ ਪੜਾਅ ਉੱਤੇ ਘਟਨਾਵਾਂ ਨਾਲੋਂ ਘਟਨਾਵਾਂ ਦੇ ਪ੍ਰਭਾਵ ਨੂੰ ਵਧੇਰੇ ਪੇਸ਼ ਕੀਤਾ ਜਾਂਦਾ ਹੈ। ਲੇਖਕ ਰੰਗਮੰਚ ਦੀ ਆਧੁਨਿਕ ਤਕਨੀਕ ਤੋਂ ਵਾਕਫ ਹੈ, ਇਹੋ ਕਾਰਨ ਹੈ। ਕਿ ਉਸ ਦੇ ਸਾਰੇ ਨਾਟਕ ਰੰਗਮੰਚ ਉੱਤੇ ਖੇਡੇ, ਰਾਏ ਹਨ। ਨਾਟਕਕਾਰ ਨੇ ਰੰਗਮੰਚ ਉੱਤੇ ਕਈ ਨਵੇਂ ਪ੍ਰਯੋਗ ਕੀਤੇ ਹਨ। ਪਿਆਰਾ ਸਿੰਘ ਭੋਗਲ, ਪਾਂਧੀ ਨਨਕਾਣਵੀ ਤੇ ਪ੍ਰੋ. ਬਲਬੀਰ ਸਿੰਘ ਇਸ ਦੌਰ ਦੇ ਕੁੱਝ ਹੋਰ ਨਾਟਕਕਾਰ ਹਨ।

**1975 ਉਪਰੰਤ ਪੰਜਾਬੀ ਨਾਟਕ** :

1975 ਵਿਚ ਭਾਰਤ ਤੇ ਪੰਜਾਬ ਵਿਚ ਐਮਰਜੈਂਸੀ ਲੱਗੀ । ਪੰਜਾਬ ਨੇ ਐਮਰਜੈਂਸੀ ਖ਼ਿਲਾਫ਼ ਸੰਘਰਸ਼ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਤੇ ਆਜ਼ਾਦ ਭਾਰਤ ਵਿਚ ਪਹਿਲੀ ਵਾਰ ਕਾਂਗਰਸ ਦੀ ਥਾਂ ਦੂਜੀਆਂ ਰਾਜਨੀਤਕ ਪਾਰਟੀਆਂ ਦੀ ਸਰਕਾਰ ਬਣੀ । ਇਹਨਾਂ ਰਾਜਨੀਤਕ ਘਟਨਾਵਾਂ ਦੇ ਕਰਮ-ਪ੍ਰਤੀਕਰਮ ਵਿਚੋਂ ਹੀ ਪੰਜਾਬ ਵਿਚ 1978 ਤੋਂ ਪਿੱਛੋਂ ਲਗਭਗ ਬਾਰਾਂ ਤੇਰਾਂ ਸਾਲ ਪੰਜਾਬੀ ਅਤਿ ਦੇ ਖ਼ੂਨੀ ਸੰਕਟ ਵਿਚੋਂ ਲੰਘੇ । ਇਹਨਾਂ ਸਥਿਤੀਆਂ ਨੇ ਪੰਜਾਬੀ ਨਾਟਕ ਨੂੰ ਹਰ ਪੱਖੋਂ ਪ੍ਰਭਾਵਿਤ ਕੀਤਾ ਹੈ। ਇਸ ਸਮੇਂ ਦੇ ਨਾਟਕਾਂ ਵਿਚੋਂ ਇਸ ਦੌਰ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਅਜਮੇਰ ਔਲਖ, ਆਤਮਜੀਤ, ਗੁਰਸ਼ਰਨ ਸਿੰਘ ਤੇ ਚਰਨ ਦਾਸ ਸਿੱਧੂ ਇਸ ਦੌਰ ਦੇ ਪ੍ਰਮੁੱਖ ਨਾਟਕਕਾਰ ਹਨ। 1975 ਵਿਚ ਆਤਮਜੀਤ ਨੇ ਆਪਣੇ ਨਾਟਕ 'ਕਬਰਸਤਾਨ' ਤੇ ਅਜਮੇਰ ਔਲਖ ਨੇ ਆਪਣੇ ਨਾਟਕਾਂ 'ਈਬਰਾ ਕਦੀਰਾ ਤੇ "ਇਸ਼ਕ ਜਿਹਨਾਂ ਦੇ ਹੱਡੀ ਰਚਿਆ" ਰਾਹੀਂ ਪੰਜਾਬੀ ਨਾਟਕ ਵਿਚ ਪ੍ਰਵੇਸ਼ ਕੀਤਾ। ਗੁਰਸ਼ਰਨ ਸਿੰਘ ਵੀ ਇਸ ਸਮੇਂ ਆਪਣੇ ਨਾਟ-ਸੰਗ੍ਰਹਿ "ਬੰਦ ਕਮਰੇ ਦੇ ਪ੍ਰਕਾਸ਼ਨ ਨਾਲ ਚਰਚਿਤ ਹੋਇਆ। ਅੱਠਵੇਂ ਦਹਾਕੇ ਵਿਚ ਹੀ ਦਿੱਲੀ ਦੇ ਅਸ਼ਲੀਲ ਰੰਗਮੰਚ ਦੇ ਵਿਰੋਧ ਵਿਚ "ਇੰਦੂਮਤੀ ਸਤਦੇਵ' ਤੇ 'ਭਜਨੋ' ਆਦਿ ਨਾਟਕਾਂ ਰਾਹੀਂ ਚਰਨ ਦਾਸ ਸਿੱਧੂ ਨੇ ਸਾਹਿੱਤਿਕ ਨਾਟਕਾਂ ਨੂੰ ਮੁੜ ਸੁਰਜੀਤ ਕੀਤਾ।

**ਅਜਮੇਰ ਔਲਖ (1942)** :

ਪੰਜਾਬੀ ਨਾਟਕ ਵਿਚ ਇਸ ਸਮੇਂ ਪਹਿਲੀ ਵਾਰ ਪੰਜਾਬ ਦੀ ਨਿਮਨ ਤੇ ਮੱਧ-ਵਰਗੀ . ਕਿਸਾਨੀ ਦੀਆਂ ਆਰਥਕ, ਸਾਂਸਕ੍ਰਿਤਿਕ ਤੇ ਰਾਜਨੀਤਕ ਸਮੱਸਿਆਵਾਂ ਨੂੰ ਅਜਮੇਰ ਔਲਖ ਨੇ ਬਗਾਨੇ ਬੋਹੜ ਦੀ ਛਾਂ , ਤੂੜੀ ਵਾਲਾ ਕੋਠਾ, "ਬਹਿਕਦਾ ਰੋਹ" , "ਇੱਕ ਰਮਾਇਣ ਹੋਰ', ਸੁੱਕੀ ਕੁੱਖ' ਤੇ 'ਇਸ਼ਕ ਜਿਨ੍ਹਾਂ ਦੇ ਹੱਡੀ ਰਚਿਆ ਆਦਿ ਵਿਚ ਪੇਸ਼ ਕੀਤਾ ਹੈ। ਅਜਮੇਰ ਔਲਖ ਇਹਨਾਂ ਨਾਟਕਾਂ ਵਿਚ ਨਿਮਨ ਕਿਸਾਨੀ ਦੀ ਆਰਥਕ-ਰਾਜਨੀਤਕ ਸਥਿਤੀ, ਧਾਰਮਿਕ ਵਿਸ਼ਵਾਸ, ਕਰਮ ਫ਼ਿਲਾਸਫ਼ੀ ਤੇ ਉੱਚ ਵਰਗੀ ਰਾਜਨੀਤੀ ਨੂੰ ਤਿੱਖੇ ਵਿਅੰਗ ਦਾ ਵਿਸ਼ਾ ਬਣਾਉਂਦਾ ਹੈ। ਪੰਜਾਬੀ ਨਾਟਕ ਵਿਚ ਨਿਮਨ ਕਿਸਾਨੀ ਦੇ ਮਰਦ ਪਾਤਰਾਂ ਦੇ ਨਾਲ ਇਸ ਸ਼੍ਰੇਣੀ ਦੀ ਔਰਤ ਦੇ ਸੰਕਟ ਤੇ ਸਮੱਸਿਆਵਾਂ ਨੂੰ ਵੀ ਪਹਿਲੀ ਵਾਰ ਪ੍ਰਮੁੱਖ ਸਥਾਨ ਮਿਲਿਆ ਹੈ। ਪੰਜਾਬੀ ਨਾਟਕ ਵਿਚ ਠੇਠ ਮਲਵਈ ਆਪਣੇ ਵਿਸ਼ੇਸ਼ ਲਹਿਜ਼ੇ ਤੇ ਜਲੌਅ ਵਿਚ ਪਹਿਲੀ ਵਾਰੀ ਸਿਰਜੀ ਗਈ ਹੈ। ਔਲਖ ਆਧੁਨਿਕ ਰੰਗਮੰਚ ਦੀਆਂ ਵਿਧੀਆਂ ਦਾ ਲੋੜ ਅਨੁਸਾਰ ਪ੍ਰਯੋਗ ਕਰਨ ਵਾਲਾ ਯਥਾਰਥਵਾਦੀ ਸ਼ੈਲੀ ਦਾ ਨਾਟਕਕਾਰ ਹੈ।

ਔਲਖ ਦੇ ਨਾਟਕਾਂ ਵਿਚ ਪੇਸ਼ ਨਿਮਨ-ਕਿਸਾਨੀ ਦੀ ਆਰਥਕ ਰਾਜਨੀਤਕ ਤੇ ਸਾਂਸਕ੍ਰਿਤਿਕ ਸੰਕਟ ਦੀ ਪੇਸ਼ਕਾਰੀ ਪੰਜਾਬ ਸੰਕਟ ਦੇ ਪੈਦਾ ਹੋਣ ਦੇ ਇੱਕ ਮਹੱਤਵਪੂਰਨ ਮੂਲ ਕਾਰਨ ਦੇ ਤੌਰ ਤੇ ਸਮਝੀ ਜਾ ਸਕਦੀ ਹੈ। ਔਲਖ ਨੇ "ਅੰਨ੍ਹੇ ਨਿਸ਼ਾਨਚੀ' ਤੇ ਵਰਿਆਮ ਸੰਧੂ ਦੀ ਕਹਾਣੀ ਉੱਤੇ ਆਧਾਰਤ ਨਾਟਕ 'ਭੱਜੀਆਂ ਬਾਂਹਾਂ ਵਿਚ ਪੰਜਾਬ ਸੰਕਟ ਨੂੰ ਸਿੱਧੇ ਰੂਪ ਵਿਚ ਪੇਸ਼ ਕੀਤਾ ਹੈ। ਔਲਖ ਦੀਆਂ ਇਹ ਦੋਵੇਂ ਪ੍ਰਕਾਰ ਦੀਆਂ ਰਚਨਾਵਾਂ ਪੰਜਾਬ ਸੰਕਟ ਦੇ ਕਾਰਨਾਂ ਨੂੰ ਸਪਸ਼ਟ ਕਰਦੀਆਂ ਹਨ ।

**ਆਤਮਜੀਤ (1950) :**

ਆਤਮਜੀਤ ਇਸ ਦੌਰ ਦੇ ਸ਼ਹਿਰੀ ਜੀਵਨ ਨੂੰ ਪੇਸ਼ ਕਰਨ ਵਾਲਾ ਨਾਟਕਕਾਰ ਹੈ ਜੋ ਮੱਧਵਰਗੀ ਦ੍ਰਿਸ਼ਟੀ ਦਾ ਧਾਰਨੀ ਹੈ। ਉਹ ਐਬਸਰਡ ਪ੍ਰਵਿਰਤੀ ਦੇ ਪ੍ਰਭਾਵ ਰਾਹੀਂ ਆਧੁਨਿਕ ਮਨੁੱਖ ਦੇ ਜੀਵਨ ਦੀ ਨਿਰਾਰਥਕਤਾ ਨੂੰ ਪੇਸ਼ ਕਰਦਾ ਹੈ। ਪੱਲੂ ਦੀ ਉਡੀਕ", "ਸਾਢੇ ਤਿੰਨ ਲੱਤਾਂ ਵਾਲਾ ਮੇਜ਼', 'ਚਾਬੀਆਂ', 'ਮੁਰਗ਼ੀ ਖਾਨਾ' ਇਸ ਪੱਖੋਂ ਉਸ ਦੀਆਂ ਮਹੱਤਵਪੂਰਨ ਰਚਨਾਵਾਂ ਹਨ । ਆਤਮਜੀਤ ਨੇ ਪੰਜਾਬ ਸਮੱਸਿਆ ਨਾਲ ਸਬੰਧਤ ਨਾਟਕਾਂ ਦੀ ਸਿਰਜਣਾ ਵੀ ਕੀਤੀ ਹੈ । "ਅਜੀਤ ਰਾਮ', 'ਸੀਣਾ', 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਆਦਿ ਨਾਟਕ ਇਸ ਪੱਖੋਂ ਮਹੱਤਵਪੂਰਨ ਹਨ। ਪੂਰਨ' ਤੇ 'ਫਰਸ਼ 'ਚ ਉੱਗਿਆ ਰੁਖ ਉਸ ਦੇ ਰਾਜਨੀਤਕ ਵਿਅੰਗ ਹਨ । ਆਤਮਜੀਤ ਆਪਣੇ ਨਾਟਕਾਂ ਵਿਚ ਸਮਕਾਲੀ ਪੂੰਜੀਵਾਦੀ ਜੀਵਨ ਦੀਆਂ ਕਠੋਰ ਅਣਮਨੁੱਖੀ ਸਥਿਤੀਆਂ ਨੂੰ ਸਿਰਜ ਕੇ ਉਸ ਵਿਚ ਮਨੁੱਖ ਦੀ ਲਾਚਾਰੀ, ਨਿਗੂਣਤਾ, ਬੇ ਭਰੋਸਗੀ ਤੇ ਅਸੰਤੁਸ਼ਟਤਾ ਨੂੰ ਪ੍ਰਗਟਾਉਂਦਾ ਹੈ। ਲੇਖਕ ਇਸ ਸਭ ਕੁੱਝ ਨੂੰ ਪ੍ਰਤੀਕਾਤਮਿਕ ਵਿਧੀ ਰਾਹੀਂ ਪ੍ਰਗਟਾਉਂਦਾ ਹੈ। ਲੇਖਕ ਨੇ ਰੰਗਮੰਚ ਉੱਤੇ ਆਧੁਨਿਕ ਰੰਗਮੰਚੀ ਵਿਧੀਆਂ ਦੇ ਸਫਲ ਪ੍ਰਯੋਗ ਕੀਤੇ ਹਨ । ਲੇਖਕ ਆਪਣੇ ਨਾਟਕਾਂ ਵਿਚ ਮਾਝਾ ਖੇਤਰ ਦੀ ਬੋਲੀ ਦਾ ਪ੍ਰਯੋਗ ਕਰਦਾ ਹੈ।

**ਗੁਰਸ਼ਰਨ ਸਿੰਘ (1929) :**

ਗੁਰਸ਼ਰਨ ਸਿੰਘ ਬਹੁਤ ਸਮਾਂ ਪਹਿਲਾਂ ਤੋਂ ਹੀ ਰੰਗਮੰਚ ਨਾਲ ਜੁੜਿਆ ਹੋਇਆ ਸੀ ਪਰ ਉਸ ਦੇ ਨਾਟਕ ਇਸ ਸਮੇਂ ਵਿਚ ਹੀ ਛਪਦੇ ਹਨ। ਲੇਖਕ ਨੇ ਆਪਣੇ ਨਾਟਕਾਂ ਰਾਹੀਂ ਜਨ-ਮਾਨਸ ਵਿਚ ਰਾਜਨੀਤਕ ਤੇ ਇਨਕਲਾਬੀ ਚੇਤਨਤਾ ਪੈਦਾ ਕਰਨ ਦੇ ਮਨੋਰਥ ਅਧੀਨ ਨੁੱਕੜ ਨਾਟਕ ਤੇ ਲਘੂ ਨਾਟਕ ਦੀ ਸਿਰਜਣਾ ਕੀਤੀ। ਲੇਖਕ ਨੇ ਸਾਦਾ ਮੰਚ ਸਮਗਰੀ ਰਾਹੀਂ ਸਮਾਜਵਾਦੀ ਵਿਚਾਰਾਂ ਦਾ ਖੁੱਲ ਕੇ ਪ੍ਰਚਾਰ ਕੀਤਾ । ਲੇਖਕ ਨੇ ਮੰਚ ਤਕਨੀਕ ਦੀ ਵਿਚਾਰਾਂ ਦੇ ਪ੍ਰਚਾਰ ਨੂੰ ਪ੍ਰਮੁੱਖਤਾ ਦਿੱਤੀ ਹੈ । ਧਮਕ ਨਗਾਰੇ ਦੀ', 'ਸੀਸ ਤਲੀ ਤੇ', 'ਟੋਇਆ ਆਦਿ ਪ੍ਰਮੁੱਖ ਨਾਟਕ ਹਨ । ਗੁਰਸ਼ਰਨ ਸਿੰਘ ਦੇ ਰਾਜ ਸਾਹਿਬਾਂ ਦਾ', 'ਕਰਫ਼ਿਊ', 'ਪੰਘੂੜਾ ਇੱਕ ਕੁਰਸੀ ਇੱਕ ਮੋਰਚਾ' ਤੇ 'ਹਵਾ ਵਿਚ ਲਟਕਦੇ ਲੋਕ' ਆਦਿ ਪੰਜਾਬ ਸੰਕਟ ਨਾਲ ਸਬੰਧਤ ਨਾਟਕ ਹਨ। ਗੁਰਸ਼ਰਨ ਸਿੰਘ ਦੇ ਪਿੰਡ ਪਿੰਡ ਜਾ ਕੇ ਨਾਟਕ ਖੇਡਣ ਨੇ ਪੰਜਾਬੀ ਥੀਏਟਰ ਦਾ ਸਭ ਤੋਂ ਵਧ ਵਿਕਾਸ ਕੀਤਾ।

ਇਸ ਦੌਰੋਂ ਵਿਚ ਚਰਨ ਦਾਸ ਸਿੱਧੂ ਨੇ ਕਲ ਕਾਲਜ ਬੰਦ ਰਵੇਗਾ', 'ਪੰਜ ਖੂਹ ਵਾਲੇ', 'ਬਾਤ ਫਤੂ ਝੀਰ ਦੀ" , "ਮਸਤ ਮੋਘੇ ਵਾਲੀਆ' ਤੇ 'ਭਾਈਆ ਹਾਕਮ ਸਿੰਘ ਆਦਿ ਨਾਟਕਾਂ ਦੀ ਸਿਰਜਣਾ ਕੀਤੀ । ਨਾਟਕਕਾਰ ਨੇ ਆਪਣੇ ਨਾਟਕਾਂ ਵਿਚ ਦੁਆਬੇ ਦੇ ਨਿਮਨ ਵਰਗ, ਪੰਜਾਬ ਸੰਕਟ ਤੇ ਮੱਧ-ਵਰਗ ਦੇ ਜੀਵਨ ਨੂੰ ਨਾਟਕਾਂ ਵਿਚ ਪੇਸ਼ ਕੀਤਾ ਹੈ। ਇਸ ਦੌਰ ਵਿਚ "ਲਘੂ ਨਾਟਕ' ਯੂਨੀਵਰਸਿਟੀ ਤੇ ਕਾਲਜਾਂ ਵਿਚ ਸ਼ੁਰੂ ਹੋਏ ਨਾਟਕ ਮੁਕਾਬਲਿਆਂ ਕਾਰਨ ਤੇ ਨੁੱਕੜ ਨਾਟਕ' ਰਾਜਨੀਤਕ ਪ੍ਰਚਾਰ ਲਈ ਰੂਪ ਧਾਰਦਾ ਹੈ। ਇਸ ਪ੍ਰਕਾਰ ਹੀ ਬਾਲ-ਨਾਵਲ ਬੱਚਿਆਂ ਦੀਆਂ ਲੋੜਾਂ ਤੇ ਸਮੱਸਿਆਵਾਂ ਦੇ ਪ੍ਰਗਟਾਅ ਲਈ ਇੱਕ ਲਹਿਰ ਦਾ ਰੂਪ ਅਖ਼ਤਿਆਰ ਕਰਦਾ ਹੈ। ਇਸ ਲਹਿਰ ਦੀ ਸਭ ਤੋਂ ਵੱਡੀ ਪ੍ਰਵਕਤਾ ਰਮਾਰਤਨ ਹੈ । ਇਸ ਸੰਬੰਧ ਵਿਚ ਪਹਿਲਾਂ ਕਦੇ ਕਦਾਈਂ ਕੁੱਝ ਨਾਟਕ ਲਿਖੇ ਜਾਂਦੇ ਸਨ । ਟੋਨੀ ਬਾਤਿਸ਼, ਸਤੀਸ਼ ਵਰਮਾ, ਪ੍ਰਾਣ ਸਭਰਵਾਲ, ਤਰਲੋਚਨ, ਗੁਰਪਾਲ ਲਿੱਟ, ਜਗਦੀਸ਼ ਦਰਸ਼ਨ ਆਸ਼ਟ, ਸਾਧੂ ਸਿੰਘ ਤੇ ਸੈਮੁਅਲ ਆਦਿ ਬਾਲ ਨਾਟਕ ਲੇਖਣ ਤੇ ਮੰਚ ਨਾਲ ਜੁੜੇ ਕੁੱਝ ਹੋਰ ਮਹੱਤਵਪੂਰਨ ਨਾਮ ਹਨ। ਇਸ ਦੌਰ ਵਿਚ ਪੰਜਾਬੀ ਨਾਟਕ ਤੇ ਰੰਗਮੰਚ ਦੇ ਵਿਕਾਸ ਲਈ ਇੱਕ ਨਵੀਂ ਪੀੜੀ ਸੰਘਰਸ਼ਸ਼ੀਲ ਹੈ ਜਿਹਨਾਂ ਵਿਚੋਂ ਅਮਰਜੀਤ ਗਰੇਵਾਲ (ਚੂਹੇ ਦੌੜ), ਮਨਜੀਤ ਪਾਲ ਕੌਰ (ਸਾਹਿਬਾਂ, ਬੰਧਨ ਤੇ ਸਰਾਪ), ਸਤੀਸ਼ ਵਰਮਾ ਦਾਇਰੇ, ਟਕੋਰਾਂ, ਮਸਲਾ ਪੰਜਾਬ ਦਾ). ਕਮਲਜੀਤ ਟਿੱਬਾ (ਮਿੱਟੀ ਦਾ ਮੋਹ), ਰਜਿੰਦਰ ਭੋਗਲ (ਨਕਲਾਂ), ਵਰਿਆਮ ਮਸਤ (ਨਾਟਕ ਬਾਕੀ ਹੈ), ਟੋਨੀ ਬਾਤਿਸ਼ (ਕੁਦਰਤ ਦੇ ਸਭ ਬੰਦੇ), ਬਲਕਾਰ ਸਿੱਧੂ (ਭੱਠ ਪਿਆ ਸੋਨਾ) ਤੇ ਦਵਿੰਦਰ ਦਮਨ ਮਹੱਤਵਪੂਰਨ ਨਾਮ ਹਨ। ਇਸ ਦੌਰ ਵਿਚ ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਹਰਚਰਨ ਸਿੰਘ, ਗੁਰਚਰਨ ਸਿੰਘ ਜਸੂਜਾ, ਹਰਸ਼ਰਨ ਸਿੰਘ ਤੇ ਗਾਰਗੀ ਆਦਿ ਪਹਿਲੀ ਪੀੜ੍ਹੀ ਦੇ ਨਾਟਕਕਾਰਾਂ ਨੇ ਵੀ ਨਾਟਕ ਸਿਰਜਣਾ ਜਾਰੀ ਰੱਖੀ।

**ਸਾਰੰਸ਼:**

ਆਧੁਨਿਕ ਪੰਜਾਬੀ ਨਾਟਕ 1913 ਵਿਚ ਆਰੰਭ ਕਰ ਕੇ 1995 ਤਕ ਅਨੇਕ ਪੜਾਅ ਤਹਿ ਕਰ ਕੇ ਭਰਪੂਰ ਪ੍ਰਫੁਲਿਤ ਹੋਇਆ ਹੈ। ਪੰਜਾਬੀ ਨਾਟਕ ਲਈ ਅਜੋਕੇ ਯੁੱਗ ਵਿਚ ਪਹਿਲਾਂ ਨਾਲੋਂ ਵਧੇਰੇ ਮੰਚ ਸੁਵਿਧਾਵਾਂ ਹਨ। ਇਸ ਲਈ ਆਸ ਕੀਤੀ ਜਾਂਦੀ ਹੈ ਕਿ ਨਵੇਂ ਨਾਟਕਕਾਰ ਦੇ ਹੱਥਾਂ ਵਿਚ ਇਹ ਹੋਰ ਵੀ ਪ੍ਰਫੁੱਲਿਤ ਹੋਵੇਗਾ।

**ਕੇਂਦਰੀ ਸ਼ਬਦ** :

ਮੰਚ ਕਲਾ ---- ਦ੍ਰਿਸ਼ ਰੂਪ

ਅਦਾਕਾਰ ---- ਐਕਟਰ/ਪਾਤਰ

ਨਿਰਦੇਸ਼ਕ --- ਡਾਇਰੈਕਟਰ

ਨਕਲ ------ ਸਾਂਗ

ਸੰਗੀਤ ਸ਼ੈਲੀ ---- ਰਾਗ ਮਈ ਸ਼ੈਲੀ

ਰਾਸ ਲੀਲਾ ---------- ਰਾਮ ਲੀਲਾ/ਲੋਕ ਨਾਟਕ

ਜਲਸਾ------ ਇੱਕਠ

**ਸਵੈ-ਮੁਲਾਂਕਣ:**

1. ਨਾਟਕ ਸ਼ਬਦ ਦੀ ਉਤਪਤੀ ਕਿਸ ਧਾਤੂ ਤੋਂ ਹੋਈ ਹੈ।
   (ੳ) ਨਾਟਯ'
   ਅ) ਨਾਟ
   (ੲ) ਨੱਯ
   ਸ) ਨੱਟ
2. ਭਾਈ ਵੀਰ ਸਿੰਘ ਦਾ ਨਾਟਕ ਹੈ?
   (ੳ) ਬਾਬਾ ਨੌਧ ਸਿੰਘ
   ਅ) ਨਰਾਇਣੀ
   (ੲ) ਰਾਜਾ ਲੱਖਦਾਤਾ
   ਸ) ਸਤਵੰਤ ਕੌਰ
3. ਬਾਵਾ ਬੁੱਧ ਸਿੰਘ ਦਾ ਜਨਮ ਹੋਇਆ ਹੈ ?
   (ੳ) 1931

ਅ) 1982

ੲ) 1872

ਸ) 1878

4. ਬਾਵਾ ਬੁੱਧ ਸਿੰਘ ਦਾ ਨਾਟਕ ਹੈ?

(ੳ)ਕਲਾ ਜ਼ਿੰਦਗੀ

ਅ) ਨਵੀਂ ਰੂਹ

(ੲ) ਦਮਨੀ

ਸ) ਬਾਬਾ ਬੰਤੂ

5. ਈਸ਼ਵਰ ਚੰਦਰ ਨੰਦਾ ਦਾ ਨਾਟਕ ਹੈ?

(ੳ) ਸੁੱਭਦਰਾ

ਅ) ਰਾਤ ਬਾਕੀ ਹੈ

(ੲ) ਪੁੰਨਿਆ ਦਾ ਚਾਨਣ

ਸ) ਕਾਲੀ ਰਾਤ

6. ਨੌਰਾ ਰਿਚਰਡ ਨੂੰ ਨਾਟਕ ਦੀ ਕੀ ਕਿਹਾ ਜਾਂਦਾ ਹੈ?

ੳ. ਨੱਕੜਦਾਦੀ

ਅ. ਨੱਕੜਨਾਨੀ

ੲ. ਨੁੱਕੜ ਚਾਚੀ

ਸ. ਨੁੱਕੜ ਮਾਮੀ

7. ਆਧੁਨਿਕ ਨਾਟਕ ਦਾ ਪਿਤਾਮਾ ਕੌਣ ਹੈ?

ੳ. ਹਰਚਰਨ ਸਿੰਘ

ਅ. ਸੰਤ ਸਿੰਘ ਸੇਖੋਂ

ੲ. ਬਲਵੰਤ ਗਾਰਗੀ

ਸ. ਈਸ਼ਵਰ ਚੰਦਰ ਨੰਦਾ

8. ਪੰਜਾਬੀ ਨਾਟਕ ਨੂੰ ਪਿੰਡ ਪੱਧਰ ਤੇ ਲੈ ਜਾਣ ਵਾਲਾ ਕਿਹੜਾ ਨਾਟਕਕਾਰ ਹੈ?

ੳ. ਗੁਰਦਿਆਲ ਸਿੰਘ ਖੋਸਲਾ

ਅ. ਗੁਰਸ਼ਰਨ ਸਿੰਘ

ੲ. ਚਰਨ ਦਾਸ ਸਿੱਧੂ

ਸ. ਬਲਵੰਤ ਗਾਰਗੀ

9. ਮੁਰਦੇ ਦਾ ਰਾਸ਼ਨ ਇਕਾਂਗੀ ਕਿਸ ਦੀ ਹੈ ?

ੳ. ਗੁਰਦਿਆਲ ਸਿੰਘ ਖੋਸਲਾ

ਅ. ਚਰਨ ਦਾਸ ਸਿੱਧੂ

ੲ. ਗੁਰਸ਼ਰਨ ਸਿੰਘ

ਸ. ਆਤਮਜੀਤ

10. ਟੋਬਾ ਟੇਕ ਸਿੰਘ ਕਹਾਣੀ ਦਾ ਨਾਟਕੀ ਰੁਪਾਂਤਰਣ ਆਤਮਜੀਤ ਨੇ ਕਿਸ ਨਾਂ ਹੇਠ ਕੀਤਾ?

ੳ. ਸਾਰੰਗੀ

ਅ. ਸੀਣਾ

ੲ. ਅੰਨ੍ਹੇ ਕਾਣੇ

ਸ. ਰਿਸ਼ਤਿਆਂ ਦਾ ਕੀ ਰੱਖੀਏ ਨਾਂ

11. ਮਲਵਈ ਆਂਚਲ ਦੇ ਪੇਂਡੂ ਯਥਾਰਥ ਦੀ ਪੇਸ਼ਕਾਰੀ ਕਿਹੜਾ ਨਾਟਕਕਾਰ ਕਰਦਾ ਹੈ?

ੳ. ਆਤਮਜੀਤ

ਅ. ਅਜਮੇਰ ਸਿੰਘ ਔਲਖ

ੲ. ਚਰਨ ਦਾਸ ਸਿੱਧੂ

ਸ. ਗੁਰਸ਼ਰਨ ਸਿੰਘ

12. ਐਬਸਰਡ ਨਾਟ ਸ਼ੈਲੀ ਨੂੰ ਆਪਣੇ ਨਾਟਕਾਂ ਵਿੱਚ ਕਿਸ ਨੇ ਵਰਤਿਆ?

ੳ. ਹਰਸ਼ਰਨ ਸਿੰਘ

ਅ. ਕਪੂਰ ਸਿੰਘ ਘੁੰਮਣ

ੲ. ਸੁਰਜੀਤ ਸਿੰਘ ਸੇਠੀ

ਸ. ਅਜਮੇਰ ਸਿੰਘ ਔਲਖ

13. ਇਨ੍ਹਾਂ ਨਾਟਕਾਂ ਵਿੱਚੋਂ ਕਿਸ ਨਾਟਕਕਾਰ ਨੂੰ ਭਾਰਤੀ ਸਾਹਿਤ ਅਕਾਦਮੀ ਐਵਾਰਡ ਮਿਲਿਆ?

ੳ. ਕੱਲ੍ਹ ਅੱਜ ਤੇ ਭਲਕ

ਅ. ਸ਼ੋਭਾ ਸ਼ਕਤੀ

ੲ. ਰੱਤਾ ਸਾਲੂ

ਸ. ਕਮਲਾ ਕੁਮਾਰੀ

14. ਕਲਾਕਾਰ ਨਾਟਕ ਕਿਸ ਚੇਤਨਾ ਨਾਲ ਸਬੰਧਿਤ ਹੈ?

ੳ. ਨਾਰੀ ਚੇਤਨਾ

ਅ. ਦਲਿਤ ਚੇਤਨਾ

ੲ. ਰਾਜਸੀ ਚੇਤਨਾ

ਸ. ਸਮਾਜਿਕ ਚੇਤਨਾ

15. ਇਨ੍ਹਾਂ ਵਿਚੋਂ ਭਾਈ ਵੀਰ ਸਿੰਘ ਦਾ ਨਾਟਕ ਹੈ?

ੳ. 'ਰਾਜਾ ਲੱਖਦਾਤਾ ਸਿੰਘ

ਅ. ਜੋਹਰ

ੲ. ਅਣਜੋੜ ਵਿਆਹ

ਸ. ਕੋਈ ਵੀ ਨਹੀਂ

**ਅਭਿਆਸ ਪ੍ਰਸ਼ਨ**

1. ਨਾਟਕ ਦਾ ਅਰਥ ਦੱਸਦੇ ਹੋਏ ਇਸ ਦੀ ਪਰਿਭਾਸ਼ਾ ਲਿਖੋ ।
2. ਨਾਟਕ ਦੇ ਸਰੂਪ ਬਾਰੇ ਵਿਸਥਾਰ ਚਰਚਾ ਕਰੋ।
3. ਨਾਟਕ ਦੇ ਇਤਿਹਾਸ ਬਾਰੇ ਵੱਖਰੇ ਵੱਖਰੇ ਪੜਾਵਾਂ ਵਿਚ ਲਿਖੋ।
4. ਪੰਜਾਬੀ ਨਾਟਕ ਦੇ ਵਿਕਾਸ ਪੜਾਵਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿਉ।

**ਸੰਦਰਭ ਪੁਸਤਕਾਂ:**


1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ (ਆਦਿ ਕਾਲ ਤੋਂ ਸਮਕਾਲ ਤੱਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ 2018.
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017

3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ. 2016.

**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%E0%A8%A8%E0%A8%BE%E0%A8%9F%E0%A8%95

**ਉੱਤਰਮਾਲਾ**

| | | | | |
|---|---|---|---|---|
| 1. ੳ | 2. ੲ | 3. ਸ | 4. ੲ | 5. ੳ |
| 6. ੳ | 7. ਸ | 8. ਅ | 9. ੳ | 10. ਸ |
| 11. ਅ | 12. ੲ | 13. ੳ | 14. ੲ | 15. ੳ |

# ਅਧਿਆਇ - 10: ਆਧੁਨਿਕ ਪੰਜਾਬੀ ਨਾਟਕ: ਪ੍ਰਵਿਰਤੀਆਂ

*Kirandeep Singh, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


**ਉਦੇਸ਼ :**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਨਾਟ-ਪ੍ਰਵਿਰਤੀ ਤੋਂ ਕੀ ਭਾਵ ਹੈ ਬਾਰੇ ਜਾਣਨਗੇ।
2. ਸੁਧਾਰਵਾਦੀ ਪ੍ਰਵਿਰਤੀ ਅਤੇ ਨਾਟਕ ਬਾਰੇ ਜਾਣੂ ਹੋਣਗੇ।
3. ਪ੍ਰਯੋਗਵਾਦੀ ਪ੍ਰਵਿਰਤੀ ਅਤੇ ਨਾਟਕ ਬਾਰੇ ਜਾਣੂ ਹੋਣਗੇ।

**ਪ੍ਰਸਤਾਵਨਾ:**

ਆਧੁਨਿਕ ਪੰਜਾਬੀ ਨਾਟਕ ਦਾ ਤਕਨੀਕੀ ਰੂਪ, ਪੱਛਮੀ ਸਾਹਿਤ ਤੇ ਸਭਿਆਚਾਰ ਦੇ ਪ੍ਰਭਾਵ ਅਧੀਨ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚੋਂ ਉਪਜਿਆ ਹੈ । ਇਸ ਸਾਹਿਤ ਰੂਪ ਦਾ ਮੋਢੀ ਆਈ. ਸੀ. ਨੰਦਾ ਨੂੰ ਮੰਨਿਆ ਜਾਂਦਾ ਹੈ । ਪਰ ਨੰਦਾ ਤੋਂ ਪਹਿਲਾਂ ਵੀ ਪੰਜਾਬੀ ਵਿਚ ਨਾਟਕ ਰਚਿਆ ਜਾਂਦਾ ਸੀ। ਇਸ ਨਾਟਕ ਵਿਚ ਅਨੁਵਾਦਾਂ ਦਾ ਵਧੇਰੇ ਭਾਗ ਸੀ । ਬਾਵਾ ਬੁੱਧ ਸਿੰਘ, ਕਿਰਪਾ ਸਾਗਰ ਅਤੇ ਬ੍ਰਿਜ ਲਾਲ ਸ਼ਾਸਤਰੀ ਨੇ ਪਰੰਪਰਾਗਤ ਇਤਿਹਾਸਕ ਅਤੇ ਮਿਥਿਹਾਸਿਕ ਘਟਨਾਵਾਂ ਨੂੰ ਆਧਾਰ ਬਣਾ ਕੇ ਸੰਸਕ੍ਰਿਤ ਨਾਟਕ ਦੀ ਬਣਤਰ ਅਧੀਨ ਕੁੱਝ ਨਾਟਕ ਲਿਖੇ। ਇਨ੍ਹਾਂ ਨਾਟਕਾਂ ਦਾ ਕਲਾਤਮਕ ਪੱਖ ਸੰਪੂਰਨ ਤੌਰ ਤੇ ਆਧੁਨਿਕ ਤੇ ਨਵੀਨ ਕਿਸਮ ਦਾ ਨਹੀਂ ਸੀ । ਇਸ ਲਈ ਆਧੁਨਿਕਤਾ ਦੇ ਸੰਦਰਭ ਵਿਚ ਮੋਢੀ ਨਾਟਕਕਾਰ ਆਈ. ਸੀ. ਨੰਦਾ ਨੂੰ ਹੀ ਮੰਨਿਆ ਜਾਂਦਾ ਹੈ। ਇਤਿਹਾਸਕ ਪਰਿਪੇਖ ਵਿਚ ਆਧੁਨਿਕ ਪੰਜਾਬੀ ਨਾਟਕ ਨੂੰ ਦੋ ਭਾਗਾਂ ਵਿਚ ਵੰਡਿਆ

ਜਾਂਦਾ ਹੈ : (1) ਪੂਰਵ ਸੁਤੰਤਰਤਾ ਕਾਲ ਦਾ ਨਾਟਕ ਅਤੇ (2) ਸੁਤੰਤਰਤਾ ਕਾਲ ਦਾ ਨਾਟਕ। ਇਸ ਪਿਛਲੇਰੇ ਭਾਗ ਵਿਚ ਅੱਗੇ ਫਿਰ ਨਵੀਨ ਝੁਕਾਵਾਂ ਅਨੁਸਾਰ ਵਰਤਮਾਨ ਸਮੇਂ ਵਿਚ ਹੋ ਰਹੇ ਨਾਟ ਤਜਰਬਿਆਂ ਦੀ ਗੱਲ ਕੀਤੀ ਜਾਂਦੀ ਹੈ। 1914 ਤੋਂ ਲੈ ਕੇ 1988 ਤੱਕ ਦੇ ਨਾਟਕਾਂ ਦਾ ਜੇ ਪ੍ਰਵਿਰਤੀ ਮੂਲਕ ਅਧਿਐਨ ਕਰਨਾ ਹੋਵੇ ਤਾਂ ਕੁੱਝ ਨਿਮਨਲਿਖਤ ਪ੍ਰਕਾਰ ਦੀਆਂ ਪ੍ਰਵਿਰਤੀਆਂ ਤੇ ਵਿਚਾਰ ਕਰਨੀ ਯੋਗ ਜਾਪਦੀ ਹੈ :

1. ਸੁਧਾਰਵਾਦੀ ਨਾਟ-ਪ੍ਰਵਿਰਤੀ 2. ਸਮਾਜਵਾਦੀ ਜਾਂ ਪ੍ਰਗਤੀਵਾਦੀ ਨਾਟ-ਪ੍ਰਵਿਰਤੀ 3. ਇਤਿਹਾਸਕ ਨਾਟ-ਪ੍ਰਵਿਰਤੀ 4. ਉਲਥਾ ਪ੍ਰਵਿਰਤੀ 5. ਧਾਰਮਿਕ ਨਾਟ-ਪ੍ਰਵਿਰਤੀ 6. ਰਾਜਸੀ ਚੇਤਨਾ ਦੀ ਪ੍ਰਵਿਰਤੀ 7. ਮਿਥਿਹਾਸ ਦੀ ਆਧੁਨਿਕ ਸੰਦਰਭ ਵਿਚ ਵਿਆਖਿਆ ਦੀ ਪ੍ਰਵਿਰਤੀ 8. ਪ੍ਰਯੋਗਵਾਦੀ ਪ੍ਰਵਿਰਤੀ 9. ਪ੍ਰਤੀਕਵਾਦੀ ਅਥਵਾ ਚਿੰਨਵਾਦੀ ਨਾਟ-ਪ੍ਰਵਿਰਤੀ 10. ਐਬਸਰਡ ਨਾਟ-ਪ੍ਰਵਿਰਤੀ . 11. ਸਭਿਆਚਾਰਕ ਮੁੱਖਤਾ ਦੀ ਪ੍ਰਵਿਰਤੀ 12. ਲੋਕ ਨਾਟ-ਪ੍ਰਵਿਰਤੀ 13. ਪੰਜਾਬੀ ਨਾਟਕ ਦੀ ਦੁਖਾਂਤ ਪ੍ਰਵਿਰਤੀ

ਪੰਜਾਬੀ ਨਾਟਕਾਂ ਦੀ ਸੁਧਾਰਵਾਦੀ ਪ੍ਰਵਿਰਤੀ ਸਾਹਿਤ ਦੇ ਖੇਤਰ ਵਿਚ ਕਰਮਸ਼ੀਲ ਰਹੀ ਹੈ। ਪਹਿਲ ਖੇਤਰ ਤੱਤ ਕਾਲੀਨ ਸਮਾਜਿਕ ਸਮੱਸਿਆਵਾਂ ਦਾ ਹੈ ਅਤੇ ਦੂਸਰਾ ਖੇਤਰ ਧਾਰਮਿਕ-ਪੁਨਰ ਸੁਰਜੀਤ ਦਾ ਹੈ। ਇਨ੍ਹਾਂ ਦੋਹਾਂ ਖੇਤਰਾਂ ਵਿਚ ਆਪਣੀ-ਆਪਣੀ ਕਿਸਮ ਦਾ ਸੁਧਾਰਵਾਦ ਵਿਅਕਤ ਕੀਤਾ ਗਿਆ ਹੈ। ਇਨ੍ਹਾਂ ਦੋਹਾਂ ਖੇਤਰਾਂ ਤੋਂ ਬਿਨਾਂ ਇੱਕ ਤੀਸਰਾ ਖੇਤਰ ਨੈਤਿਕਤਾ ਦੇ ਸੁਧਾਰ ਦਾ ਖੇਤਰ ਵੀ ਵਿਲੱਖਣ ਕਿਸਮ ਦਾ ਖੇਤਰ ਹੈ। ਨੈਤਿਕਤਾ ਦੀ ਦ੍ਰਿਸ਼ਟੀ ਤੋਂ ਅੱਯਾਸ਼ੀ, ਸ਼ਰਾਬਖ਼ੋਰੀ, ਜੂਆ ਖੋਰੀ, ਜਾਤ-ਪਾਤ ਅਤੇ ਨਸ਼ਿਆਂ ਵਰਗੀਆਂ ਤਬਾਹਕੁਨ ਸਮੱਸਿਆਵਾਂ ਬਾਰੇ ਨਾਟਕ ਲਿਖੇ ਗਏ। ਸੁਧਾਰਵਾਦ ਦਾ ਆਧਾਰ ਉੱਨ੍ਹੀਵੀਂ ਸਦੀ ਦੇ ਅੱਧ ਵਿਚ ਜ਼ੋਰ ਪਕੜ ਰਹੀ ਮਾਨਵੀ-ਜੁਗਤੀ ਸੀ। ਇਸ ਮਾਨਵ-ਜਾਤੀ ਦੇ ਪਰਿਪੇਖ ਵਿਚੋਂ ਹੀ ਸਾਹਿੱਤਿਕ ਜਾਤੀ ਦਾ ਜਨਮ ਹੁੰਦਾ ਹੈ। ਵਿੱਦਿਆ ਦੇ ਪ੍ਰਸਾਰ ਅਤੇ ਵਿਦੇਸ਼ੀ ਸਭਿਆਚਾਰ ਦੇ ਪ੍ਰਭਾਵ ਅਧੀਨ ਆਈ ਨਵ-ਚੇਤਨਾ ਨੇ ਨਬੀ-ਅਵਤਾਰਾਂ, ਸਮੱਸਿਆਵਾਂ ਦੇ ਸੰਦਰਭ ਵਿਚ ਸੁਧਾਰਵਾਦੀ ਪ੍ਰਵਿਰਤੀ ਨੂੰ ਪੈਦਾ ਕੀਤਾ ਹੈ। ਵਿਸ਼ਵ-ਨਾਟਕ ਵਿਚ ਅਥਵਾ ਯੂਰਪੀ ਸਾਹਿਤ ਵਿਚ ਸਿਰਜਨਾਤਮਕ ਖੇਤਰ ਵਿਚ 1880 ਈ: ਤੋਂ 1890 ਈ: ਦੇ ਦਰਮਿਆਨ ਇੱਕ ਨਵੀਂ ਰੂਹ ਨੇ ਪ੍ਰਵੇਸ਼ ਕੀਤਾ ਸੀ। ਇਸ ਰੂਹ ਨੂੰ ਡਾ. ਐਚ. ਐਫ. ਕਾਟਨ (Dr. H. F. Kartine) ਨੇ ਯਥਾਰਥਵਾਦੀ ਚੇਤਨਾ ਦਾ ਨਾਮ ਦਿੱਤਾ ਹੈ। ਪੰਜਾਬੀ ਨਾਟਕ ਵਿਚ ਸਮਾਜਿਕ ਨਾਟਕ ਜਾਂ ਸੁਧਾਰਵਾਦੀ ਪ੍ਰਵਿਰਤੀ ਦਾ ਆਰੰਭ ਅਸਲ ਵਿਚ ਆਈ. ਸੀ. ਨੰਦਾ ਦੇ ਨਾਟਕ 'ਹਾਗ (1913) ਨਾਲ ਹੁੰਦਾ ਹੈ। ਇਸ ਪ੍ਰਵਿਰਤੀ ਦਾ ਵਿਸਤ੍ਰਿਤ ਤੇ ਸਥਾਪਿਤ ਰੂਪ ਇਸੇ ਨਾਟਕਕਾਰ ਦੀ ਰਚਨਾ ਸੁਭੱਦਰਾ (1920) ਨਾਟਕ ਵਿਚ ਵੇਖਿਆ ਜਾ ਸਕਦਾ ਹੈ ! ਜੋਸ਼ੂਆ ਫ਼ਜ਼ਲਦੀਨ ਦਾ ਨਾਟਕ (ਪਿੰਡ ਦੇ ਵੈਰੀ) ਇਸ ਪ੍ਰਵਿਰਤੀ ਅਧੀਨ ਲਿਖਿਆ ਗਿਆ ਮਹੱਤਵਪੂਰਨ ਨਾਟਕ ਹੈ। ਸੁਧਾਰਵਾਦ ਦੇ ਧਾਰਮਿਕ-ਪੁਨਰ ਸੁਰਜੀਤੀ-ਖੇਤਰ ਵਿਚ ਗਿਆਨੀ ਦਿੱਤ ਸਿੰਘ ਦੇ ਨਾਟਕ (ਸੁਪਨ ਨਾਟਕ) ਦਾ ਮਹੱਤਵਪੂਰਨ ਸਥਾਨ ਹੈ। ਇਸ ਨਾਟਕ ਵਿਚ ਆਪ ਗੁਰੂ ਬਣ ਕੇ ਪ੍ਰਗਟ ਕਰਨ ਵਾਲੇ ਜਾਤ ਅਭਿਮਾਨੀ ਤੇ ਵਿਅੰਗ ਲਗਾਇਆ ਗਿਆ ਹੈ। ਇਸੇ ਖੇਤਰ ਵਿਚ ਭਾਈ ਵੀਰ ਸਿੰਘ ਦੇ ਨਾਟਕ ਰਾਜਾ ਲਖਦਾਤਾ ਸਿੰਘ ਦਾ ਵੀ ਵਿਸ਼ੇਸ਼ ਸਥਾਨ ਹੈ। ਇਸ ਨਾਟਕ ਵਿਚ ਸਿੱਖ ਧਰਮ ਵਿਚ ਆ ਚੁੱਕੀ ਗਿਰਾਵਟ ਨੂੰ ਵਿੱਦਿਆ ਦੇ ਪ੍ਰਚਾਰ ਨਾਲ ਠੀਕ ਕਰਨ ਦਾ ਆਦਰਸ਼ਕ ਸੁਧਾਰਵਾਦੀ ਤਰੀਕਾ ਪ੍ਰਗਟਾਇਆ ਗਿਆ ਹੈ। 1920 ਵਿਚ ਆਈ. ਸੀ. ਨੰਦਾ ਦਾ ਸਫਲ ਸੁਖਾਂਤ, ਸੁਭੱਦਰਾਂ ਲਿਖਿਆ ਗਿਆ। ਇਸ ਤਰ੍ਹਾਂ 1928 ਈ: ਵਰ ਘਰ' (ਲੀਲੀ ਦਾ ਵਿਆਹ) ਸੁਧਾਰਵਾਦੀ ਦ੍ਰਿਸ਼ਟੀ ਤੋਂ ਰਚਿਆ ਗਿਆ। ਕ੍ਰਮਵਾਰ ਦੋਹਾਂ ਵਿਚ ਵਿਧਵਾ ਵਿਆਹ ਅਤੇ ਮਨ-ਇੱਛਤ ਵਿਆਹ ਦੀ ਸਮੱਸਿਆ ਨੂੰ ਨਿਭਾਇਆ ਗਿਆ ਹੈ। ਇਹ ਦੋਵੇਂ ਨਾਟਕ ਸਮਕਾਲੀ ਸਮੱਸਿਆਵਾਂ ਨੂੰ ਸਾਕਾਰ ਕਰਨ ਵਾਲੇ ਨਾਟਕ ਹਨ। 1923 ਈ: ਵਿਚ ਜੋਸ਼ੂਆ ਫ਼ਜ਼ਲਦੀਨ ਨੇ ਪਿੰਡ ਦੇ ਵੈਰੀ ਨਾਟਕ ਲਿਖਿਆ। ਇਸ ਨਾਟਕ ਵਿਚ ਪੇਂਡੂ ਜੀਵਨ ਨਾਲ ਸੰਬੰਧਤ ਕੁਰੀਤੀਆਂ, ਕਰਜ਼ਾ, ਲੜਾਈਆਂ ਝਗੜੇ, ਦੰਗੇ, ਉਧਾਲੇ ਆਦਿ ਸਮੱਸਿਆਵਾਂ ਨੂੰ ਸੁਧਾਰ ਵਾਦੀ ਦ੍ਰਿਸ਼ਟੀ ਤੋਂ ਰਚਿਆ ਹੈ। ਇਸ ਨਾਟਕ ਨੂੰ ਪੰਜਾਬੀ ਦਾ ਪ੍ਰਥਮ ਦੁਖਾਂਤ ਨਾਟਕ ਹੋਣ ਦਾ ਮਾਣ ਵੀ ਪ੍ਰਾਪਤ ਹੈ।

ਸੁਧਾਰਵਾਦੀ ਪ੍ਰਵਿਰਤੀਆਂ ਅਧੀਨ ਹੀ ਡਾ: ਹਰਚਰਨ ਸਿੰਘ ਨੇ "ਅਨਜੋੜ', 'ਰਤਾ ਸਾਲੂ , ਸ਼ੋਭਾ ਸ਼ਕਤੀ', 'ਕੰਚਨਮਾਟੀ ਅਤੇ 'ਕਲ ਅੱਜ ਤੇ ਭਲਕ` ਆਦਿ ਨਾਟਕ ਲਿਖੇ ਹਨ। ਸ਼ੋਭਾ ਸ਼ਕਤੀ, "ਰੱਤਾ ਸਾਲੂ' ਅਤੇ 'ਕਲ ਅੱਜ ਤੇ ਭਲਕ` ਬੜੇ ਸਫ਼ਲ ਨਾਟਕ ਹਨ। ਇਨ੍ਹਾਂ ਨਾਟਕਾਂ ਵਿਚ ਸੁਧਾਰ ਦੀ ਦ੍ਰਿਸ਼ਟੀ ਨਜ਼ਰ ਆਉਂਦੀ ਹੈ ਅਤੇ ਸਮਕਾਲੀ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸਮੱਸਿਆਵਾਂ ਤੇ ਵਿਅੰਗ ਵੀ ਲਗਾਇਆ ਗਿਆ ਹੈ। ਗੁਰਦਿਆਲ ਸਿੰਘ ਦਾ ਨਾਟਕ 'ਬੂਹੇ ਬੈਠੀ ਧੀ ਵੀ ਸੁਧਾਰਵਾਦੀ ਦ੍ਰਿਸ਼ਟੀ ਦਾ ਨਾਟਕ ਹੈ। ਇਸ ਦਾ ਹੀ ਨਾਟਕ ਪਰਲੋ ਤੋਂ ਪਹਿਲਾਂ ਇਸ ਵਿਰਤੀ ਦਾ ਸਫ਼ਲ ਨਾਟਕ ਹੈ। ਬਲਵੰਤ ਗਾਰਗੀ ਦੇ ਨਾਟਕ "ਨਵਾਂ ਮੁੱਢ (1949} ਕੇਸਰੋ (1953) ਨੂੰ ਵੀ ਇਸੇ ਸੁਣੀ ਦੇ ਨਾਟਕਾਂ ਵਿਚ ਗਿਣਿਆ ਜਾ ਸਕਦਾ ਹੈ। ਰੋਸ਼ਨ ਲਾਲ ਅਹੂਜਾ ਦੇ ਨਾਟਕ 'ਤਲਾਕ' (1954), ਸਹਿਯੋਗ (1953) ਅਤੇ 'ਭੂਮੀ ਅੰਦੋਲਨ' (1958) ਵੀ ਸਮਾਜਿਕ ਨਾਟਕ ਹਨ, ਜਿਨ੍ਹਾਂ ਦਾ ਉਦੇਸ਼ ਸਮਾਜਿਕ ਸੁਧਾਰਵਾਦ ਹੀ ਹੈ। 'ਤਲਾਕ' ਦਾ ਵਿਸ਼ਾ ਹੈ ਕਿ ਵਿਆਹੁਤਾ ਜੀਵਨ ਦਾ ਦੁੱਖ ਤਲਾਕ ਲੈਣ ਨਾਲ ਕੱਟਿਆ ਨਹੀਂ ਜਾਂਦਾ, ਵੱਧ ਭਾਵੇਂ ਸਕਦਾ ਹੈ।

ਇਸ ਪ੍ਰਵਿਰਤੀ ਅਧੀਨ ਨਾਟਕ ਲਿਖਣ ਵਾਲਿਆਂ ਵਿਚ ਗੁਰਦਿਆਲ ਸਿੰਘ ਫੁੱਲ ਦਾ ਵੀ ਵਿਸ਼ੇਸ਼ ਮਹੱਤਵਪੂਰਨ ਸਥਾਨ ਹੈ । ਉਸ ਦੇ ਨਾਟਕ 'ਕਲਾ ਤੇ ਜ਼ਿੰਦਗੀ', 'ਬੈਂਕ, ਅੱਜ ਕਲ' ਸਮਾਜਿਕ ਕਿਸਮ ਤੇ ਨਾਟਕ ਹਨ । ਕਲਾ ਤੇ ਜ਼ਿੰਦਗੀ ਵਿਚ ਅਮੀਰਾਂ ਦੀ ਦੁਰਾਚਾਰੀ, ਸ਼ਾਹਾਂ ਦੀਆਂ ਕੁਰੀਤੀਆਂ, ਧੀਆਂ ਦੇ ਵਿਆਹ ਦੀਆਂ ਮੁਸ਼ਕਲਾਂ ਨਾਲ ਸੰਬੰਧਤ ਨਾਟਕ ਹੈ । 'ਬੈਂਕ' ਨਾਟਕ ਦਾ ਵਿਸ਼ਾ ਬਹੁਤ ਬਲਵਾਨ ਹੈ । ਪੰਜਾਬੀ ਜੀਵਨ ਦੇ ਦੁੱਖਾਂ ਵਿਚ ਸਮਾਜਿਕ ਤੌਰ ਤੇ ਵਾਧਾ ਕਰਨ ਵਾਲੇ ਪਾਖੰਡੀ ਸਾਧੂਆਂ ਦਾ ਭਾਂਡਾ ਭੰਨਣ ਵਾਲੇ ਨਾਟਕ ਵੀ ਸਮਾਜ ਸੁਧਾਰ ਦੀ ਪ੍ਰਵਿਰਤੀ ਅਧੀਨ ਲਿਖੇ ਗਏ ਹਨ । ਡਾ. ਹਰਚਰਨ ਸਿੰਘ ਨੇ ਦੋਸ਼` ਨਾਟਕ ਵਿਚ ਇੱਕ ਦੁਰਾਚਾਰੀ ਸਾਧ ਦਾ ਚਿੱਤਰ ਪੇਸ਼ ਕੀਤਾ ਹੈ । 'ਕਲ ਅੱਜ ਤੇ ਭਲਕ' ਵਿਚ ਸਾਧਾਂ ਦੀਆਂ ਕਰਤੂਤਾਂ ਦਾ ਵਰਣਨ ਹੈ । ਇਸ ਪ੍ਰਵਿਰਤੀ ਦਾ ਇੱਕ ਹੋਰ ਸਫਲ ਨਾਟਕ ਗੁਰਦਿਆਲ ਸਿੰਘ ਫੁੱਲ ਦਾ 'ਝੂਠਾ ਬਾਜ਼ਾਰ' ਹੈ। ਇਸ ਮੰਤਵ ਦੀ ਪੂਰਤੀ ਕਰਦਾ ਹੈ ਹਰਸ਼ਰਨ ਸਿੰਘ ਦਾ ਨਾਟਕ 'ਲੰਮੇ ਸਮੇਂ ਦਾ ਨਰਕ' ਇਸ ਨਾਟਕ ਵਿਚ ਸਾਧਾਂ ਦੇ ਪਾਖੰਡ ਨੂੰ ਨੰਗਿਆਂ ਕਰਨ ਦੇ ਨਾਲ-ਨਾਲ ਜੱਜਾਂ, ਅਫ਼ਸਰਾਂ ਤੇ ਮਨਿਸਟਰਾਂ ਦਾ ਵੀ ਭਾਂਡਾ ਭੰਨਿਆ ਹੈ । ਹਰਸ਼ਰਨ ਸਿੰਘ ਦਾ ਨਾਟਕ "ਫੁੱਲ ਕੁਮਲਾ ਗਿਆ, ਅਪਰਾਧੀ, "ਉਦਾਸ ਲੋਕ" ਵੀ ਸਮਾਜਿਕ ਨਾਟਕ ਹਨ । ਉਦਾਸ ਲੋਕ` ਇੱਕ ਸਫਲ ਦੁਖਾਂਤ ਨਾਟਕ ਹੈ । ਆਰਥਿਕ ਸੰਕਟ ਵਿਚ ਗ੍ਰਸੇ ਹੋਏ ਲੋਕਾਂ ਦੇ ਭਾਵਨਾਤਮਕ ਤੇ ਮਾਨਸਿਕ ਦੁਖਾਂਤ ਨੂੰ ਸਾਕਾਰ ਕਰਨ ਵਾਲੇ ਨਾਟਕ ਹਨ। ਉਦਾਸ ਲੋਕ' ਦਾ ਦੁਖਾਂਤ ਕੇਵਲ ਮਾਰੂ ਸਮਾਜਿਕ ਸਥਿਤੀਆਂ ਅਤੇ ਆਰਥਿਕ ਮੁਸ਼ਕਲਾਂ ਨਹੀਂ ਹਨ, ਸਗੋਂ ਦੁਖਾਂਤ ਉਨ੍ਹਾਂ ਦੀ ਅਸਮਾਜਿਕ ਤੇ ਗ਼ਲਤ ਸੋਚ ਵਿਚੋਂ ਉਪਜਦਾ ਹੈ । ਉਦਾਸ ਲੋਕ' ਦਾ ਨਾਇਕ ਸ਼ਿਵ ਇੱਕ ਸਵੈ ਕੇਂਦਰਿਤ ਮਨੁੱਖ ਹੈ। ਪੰਜਾਬੀ ਦੇ ਸੁਧਾਰਵਾਦੀ ਪ੍ਰਵਿਰਤੀ ਅਧੀਨ ਲਿਖੇ ਗਏ ਨਾਟਕਾਂ ਵਿਚ ਅਜਿਹੇ ਨਾਟਕ ਵੀ ਕਾਫ਼ੀ ਹਨ ਜਿਹੜੇ ਜਗੀਰਦਾਰੀ ਸਮਾਜ ਪ੍ਰਬੰਧ ਅਧੀਨ ਜ਼ਮੀਨ ਮਾਲਕਾਂ ਅਤੇ ਖੇਤ-ਕਾਮਿਆਂ ਭਾਰ ਮੁਜ਼ਾਰਿਆਂ ਦੇ ਆਪਸੀ ਸੰਬੰਧਾਂ ਨੂੰ ਸੁਧਾਰ ਦੀ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹਨ । ਅਜਿਹੇ ਨਾਟਕ ਵਿਚ ਡਾ. ਹਰਚਰਨ ਸਿੰਘ ਦਾ 'ਰੱਤਾ ਸਾਲੂ' , ਰੋਸ਼ਨ ਲਾਲ ਅਹੂਜਾ ਦਾ 'ਭੂਮੀ ਅੰਦੋਲਨ' ਗੁਰਦਿਆਲ ਸਿੰਘ ਦਾ 'ਧਰਤੀ ਦੀ ਜਾਈਂ, ਆਦਿ ਸਫਲ ਨਾਟਕ ਹਨ । ਇਨ੍ਹਾਂ ਵਿਚ ਜਗੀਰ ਦੇ ਜ਼ੁਲਮਾਂ ਤੇ ਮੁਜ਼ਾਰਿਆਂ ਦੇ ਕਸ਼ਟਾਂ ਬਾਰੇ ਜਾਣਕਾਰੀ ਸੁਧਾਰਕ-ਮੰਤਵ ਤੋਂ ਦਿੱਤੀ ਗਈ ਹੈ । ਪੰਜਾਬੀ ਸਭਿਆਚਾਰ ਦੀ ਰੀੜ੍ਹ ਦੀ ਹੱਡੀ ਜ਼ਮੀਨ ਜਾਇਦਾਦ ਹੈ । ਪੇਂਡੂ ਸਮਾਜ ਵਿਚ ਜ਼ਮੀਨ ਦੀਆਂ ਦਿਨੋਂ ਦਿਨ ਖੁਰਦੀਆਂ ਢੇਰੀਆਂ ਵੀ ਬਹੁਤ ਸਾਰੀਆਂ ਸਮਾਜਿਕ ਸਮੱਸਿਆਵਾਂ ਪੈਦਾ ਕਰ ਰਹੀਆਂ ਹਨ । ਇਸ ਦ੍ਰਿਸ਼ਟੀ ਤੋਂ ਵੀ ਕਈ ਨਾਟਕ ਲਿਖੇ ਗਏ ਹਨ, ਜਿਨ੍ਹਾਂ ਵਿਚ ਪਿਆਰਾ ਸਿੰਘ ਭੋਗਲ ਦਾ 'ਸਿਆੜ' ਗੁਰਦਿਆਲ ਸਿੰਘ ਫੁੱਲ ਦਾ 'ਮੋਹ ਮਿੱਟੀ ਦਾ' ਅਤੇ ਅਜਮੇਰ ਸਿੰਘ ਔਲਖ ਦਾ ਨਾਟਕ 'ਇੱਕ ਰਮਾਇਣ ਹੋਰ', 'ਤੂੜੀ ਵਾਲਾ ਕੋਠਾ', 'ਬਹਿਕਦਾ ਫੇਹ') ਆਦਿ ਵਰਣਨ ਯੋਗ ਹਨ ।

ਸੁਧਾਰਵਾਦੀ ਨਾਟਕ (1913 ਤੋਂ 1983) ਸੱਤਰ ਸਾਲਾਂ ਤੱਕ ਆਪਣੇ ਵੱਖਰੇ ਵੱਖਰੇ ਭਾਵਾਂ ਅਧੀਨ ਸਫ਼ਰ ਕਰਦਾ ਰਿਹਾ ਹੈ । ਸਮਾਜਿਕ ਸਮੱਸਿਆ ਆਈ.ਸੀ. ਨੰਦਾ ਨਾਲ ਅਰੰਭ ਹੁੰਦੀ ਹੈ ਅਤੇ ਚਰਨਦਾਸ ਸਿੱਧੂ, ਅਮਰਜੀਤ ਅਤੇ ਅਜਮੇਰ ਸਿੰਘ ਔਲਖ ਤੱਕ ਨਿਰੰਤਰ ਚੱਲਦੀ ਰਹੀ ਹੈ ਅਤੇ ਅੱਗੋਂ ਚੱਲਦੀ ਰਹੇਗੀ। ਅਰੰਭ ਵਿਚ ਇਸ ਦਾ ਘੇਰਾ 'ਬਾਲ ਵਿਆਹ', 'ਅਣਜੋੜ ਵਿਆਹ', 'ਵਿਧਵਾ ਵਿਆਹ', 'ਮਨ ਇੱਛਿਤ ਵਿਆਹ', 'ਪਾਖੰਡੀ ਸਾਧਾਂ ਦਾ ਚਰਿੱਤਰ ਅਤੇ ਜੂਆ', ਅਨਪੜ੍ਹਤਾ, ਸ਼ਰਾਬ ਆਦਿ ਨਸ਼ਿਆਂ ਦੀ ਨਿਖੇਧੀ ਤੱਕ ਸੀਮਤ ਸੀ ਬਾਅਦ ਵਿਚ ਇਹ ਖੇਤਰ ਫੈਲ ਗਿਆ ਅਤੇ ਭੂਮੀ-ਪਤੀਆਂ ਅਤੇ ਕਿਰਤੀਆਂ ਦੇ ਸੰਬੰਧਾਂ ਨੂੰ ਪ੍ਰਗਟ ਕਰਨ ਲੱਗਾ ।

ਨਵੀਂ ਪੀੜੀ ਦੇ ਤਿੰਨ ਨਾਟਕਕਾਰਾਂ, ਡਾ. ਚਰਨ ਦਾਸ ਸਿੱਧੂ, ਡਾ ਆਤਮਜੀਤ ਅਤੇ ਅਜਮੇਰ ਸਿੰਘ ਔਲਖ ਦੀਆਂ ਨਾਟ-ਰਚਨਾਵਾਂ ਤੋਂ ਇਹ ਆਸ ਬੱਝਦੀ ਹੈ ਕਿ ਪੰਜਾਬੀ ' ਦੇ ਸਮਾਜਿਕ ਨਾਟਕ ਦਾ ਭਵਿੱਖ ਉੱਜਲਾ ਤੇ ਰੌਸ਼ਨ ਹੈ ।

**ਦੂ**ਸਰੀਆਂ ਭਾਸ਼ਾਵਾਂ ਵਿਚੋਂ ਉਲੱਥਾ ਕਰਨ ਦੀ ਪ੍ਰਵਿਰਤੀ

ਇਤਿਹਾਸਕ ਤੌਰ ਤੇ ਪੰਜਾਬੀ ਨਾਟਕ ਦੇ ਮੁੱਢਲੇ ਦੌਰ ਵਿਚ, ਦੂਸਰੀਆਂ ਭਾਸ਼ਾਵਾਂ ਤੋਂ ਨਾਟਕਾਂ ਅਨੁਵਾਦ ਕਰਨ ਦੀ ਪ੍ਰਵਿਰਤੀ ਵੀ ਕਾਫ਼ੀ ਭਾਰੂ ਰਹੀ ਹੈ । ਇਹ ਅਨੁਵਾਦ ਅੰਗਰੇਜ਼ੀ ਅਤੇ ਸੰਸਕ੍ਰਿਤ ਦੋ ਭਾਸ਼ਾਵਾਂ ਵਿਚੋਂ ਵਧੇਰੇ ਹੋਏ ਹਨ । ਇਨ੍ਹਾਂ ਅਨੁਵਾਦਾਂ ਨੇ ਆਧੁਨਿਕ ਪੰਜਾਬੀ ਨਾਟਕ ਦੇ ਮੌਲਿਕ ਨਾਟਕਕਾਰਾਂ ਨੂੰ ਮਾਡਲ ਦਾ ਕੰਮ ਦਿੱਤਾ ਹੈ । ਇਸ ਪ੍ਰਵਿਰਤੀ ਅਧੀਨ ਦੋ ਪ੍ਰਕਾਰ ਦੇ ਨਾਟਕ ਰਚੇ ਗਏ ਹਨ । ਇੱਕ ਉਹ ਨਾਟਕ ਹਨ ਜਿਹੜੇ ਸਿੱਧੇ ਅਨੁਵਾਦ ਕੀਤੇ ਗਏ ਹਨ ਅਤੇ ਦੂਜੇ ਉਹ ਹਨ ਜਿਹੜੇ ਵਿਦੇਸ਼ੀ ਭਾਸ਼ਾਵਾਂ ਦੇ ਨਾਟਕਾਂ ਤੇ ਆਧਾਰਤ ਨਾਟਕ ਲਿਖੇ ਗਏ ਹਨ । ਮੌਲਿਕ ਪੰਜਾਬੀ ਨਾਟਕ ਦੁਆਰਾ ਪ੍ਰਵਾਨਿਤ ਅੰਗਰੇਜ਼ੀ ਦੇ ਨਾਟਕ ਹਨ । ਮਰਚੈਂਟ ਆਫ਼ ਵੀਨਸ ਤੇ ਆਧਾਰਤ ਨਾਟਕ ਹੈ ਆਈ.ਸੀ. ਨੰਦਾ ਦਾ 'ਸ਼ਾਮੂ ਸ਼ਾਹ' । ਇਸੇ ਤਰਾਂ ਦੁਖੀ ਰਾਜਾ' ਨਾਟਕ (ਕਿੰਗ ਲੀਅਰ) ਤੇ ਆਧਾਰਤ ਹੈ ਅਤੇ ਪੰਜਾਬੀ ਨਾਟਕ ਲਾਲ ਬਾਦਸ਼ਾਹ (ਓਥੈਲੋ) ਤੇ ਆਧਾਰਤ

ਨਾਟਕ ਹੈ । ਪੰਜਾਬੀ ਨਾਟਕ 'ਸਮੇਂ ਦੇ ਤਿੰਨ ਰੰਗ (ਮਾਈਲ ਸਟੋਨ) ਤੇ ਆਧਾਰਤ ਹੈ । (Ligit of Asia) ਤੋਂ ਪੰਜਾਬੀ ਵਿਚ ਪੀਰ ਪੈਗ਼ੰਬਰ ਲਿਖਿਆ ਗਿਆ । ਜਿਊਲੀਅਸ ਸੀਜ਼ਰ ਤੇ ਆਧਾਰਤ ਨਾਟਕ ਹੈ ਜੱਸਾ ਸਿੰਘ ਆਹਲੂਵਾਲੀਆ, ਐਨੀਮੀ ਆਫ਼ ਪੀਪਲ' ਤੋਂ ਪ੍ਰੇਰਿਤ ਹੋ ਕੇ ਲੋਕ ਵੈਰੀ ਨਾਟਕ ਲਿਖਿਆ ਗਿਆ। ਇਸੇ ਤਰਾਂ 'ਕਾਮੇਡੀ ਆਫ਼ ਐਰਰਜ਼` ਤੋਂ ਪ੍ਰੇਰਿਤ ਨਾਟਕ ਹੈ 'ਭੁੱਲ ਭੁੱਲਈਆਂ' । ਇਸੇ ਤਰ੍ਹਾਂ ਸੰਸਕ੍ਰਿਤ ਤੋਂ ਉਲਥਾ ਅਤੇ ਸੰਸਕ੍ਰਿਤ ਨਾਟਕਾਂ ਤੇ ਆਧਾਰਤ ਨਾਟਕ ਵੀ ਅਨੁਵਾਦ ਹੋਏ ਅਤੇ ਰਚੇ ਗਏ । ਸ਼ਕੁੰਤਲਾ, ਸਵਿੱਤਰੀ, ਸੁਕੰਨਿਆ, 'ਵਾਸਵਦੱਤਾ,

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਦੀ ਇੱਕ ਪ੍ਰਮੁੱਖ ਪ੍ਰਵਿਰਤੀ ਦੂਸਰੀਆਂ ਭਾਸ਼ਾਵਾਂ ਦੇ ਨਾਟਕਾਂ ਦਾ ਅਨੁਵਾਦ ਕਰਨ ਅਤੇ ਜਾਂ ਵਿਸ਼ਵ ਦੇ ਉੱਤਮ ਨਾਟਕਕਾਰਾਂ ਦੀਆਂ ਸਰਵੋਤਮ ਨਾਟਕੀ ਕਿਰਤਾਂ ਦਾ ਪ੍ਰਭਾਵ ਕਬੂਲਣ ਦੀ ਵੀ ਰਹੀ ਹੈ । ਇਸ ਪ੍ਰਵਿਰਤੀ ਨੇ ਨਿਸ਼ਚੇ ਹੀ ਪੰਜਾਬੀ ਨਾਟਕ ਦੇ ਘੇਰੇ ਨੂੰ ਪ੍ਰਫੁੱਲਿਤ ਕੀਤਾ ਤੇ ਵਧਾਇਆ ਹੈ। ਇਤਿਹਾਸ ਮੁਖੀ ਪ੍ਰਵਿਰਤੀ -ਰੂਸੀ ਲੇਖਕ ਰਸੂਲ ਹਮਜ਼ਾਤੋਵ ਨੇ ਆਪਣੀ ਪ੍ਰਸਿੱਧ ਪੁਸਤਕ ''ਮੇਰਾ ਦਾਗ਼ਿਸਤਾਨ ਵਿਚ ਇੱਕ ਥਾਂ ਲਿਖਿਆ ਹੈ ਕਿ ਜੇ ਤੁਸੀਂ ਬੀਤੇ ਤੇ ਪਿਸਤੌਲ ਨਾਲ ਗੋਲੀ ਚਲਾਉਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ ਉਡਾਏਗਾ ਇਸ ਦਾ ਭਾਵ ਇਹ ਹੈ ਕਿ ਉਹ ਕੌਮਾਂ ਜਿਨ੍ਹਾਂ ਦੇ ਚਿੰਤਕ ਜਾਂ ਸਾਹਿਤਕਾਰ ਆਪਣੇ ਭੂਤਕਾਲ ਤੋਂ ਸਿੱਖਿਆ ਨਹੀਂ ਲੈਂਦੇ, ਉਨ੍ਹਾਂ ਦਾ ਨਾ ਵਰਤਮਾਨ ਅਤੇ ਨਾ ਹੀ ਭਵਿੱਖ ਰੋਸ਼ਨ ਹੋ ਸਕਦਾ ਹੈ । ਕਿਸੇ ਵੀ ਸਭਿਆਚਾਰ ਦਾ ਅਮੀਰ ਵਿਰਸਾ ਤੇ ਸਦੀਆਂ ਦਾ ਪ੍ਰਾਪਤ ਗਿਆਨ ਉਸ ਸਭਿਆਚਾਰ ਦੇ ਇਤਿਹਾਸ ਵਿਚ ਪ੍ਰਾਪਤ ਹੁੰਦਾ ਹੈ । ਇਸ ਪਿਉ ਦਾਦੇ ਦੇ ਖ਼ਜ਼ਾਨੇ ਦੇ ਪਿਉ ਦਾਦੇ ਦਾ ਖੋਲ੍ਹ ਡਿੱਠਾ ਖ਼ਜ਼ਾਨਾ ਤਾਂ ਮੇਰੇ ਮਨਿ ਭਇਆ ਨਿਧੀ ਨਾਮ'' ਵੇਖਣ, ਜਾਚਣ ਤੇ ਸਮਝਣ ਦੀ ਲੋੜ ਹਰ ਲੇਖਕ ਅਤੇ ਸਾਹਿਤਕਾਰ ਲਈ ਅਤੀ ਜ਼ਰੂਰੀ ਹੈ ਅਤੇ ਇਹੀ ਸ਼ਰਤ ਨਾਟਕ-ਸਾਹਿਤ ਰੂਪ ਤੇ ਵੀ ਲਾਗੂ ਹੁੰਦੀ ਹੈ । ਪੰਜਾਬੀ ਦੇ ਨਾਟਕਕਾਰ ਇਸ ਦੇ ਆਰੰਭਲੇ ਸਮੇਂ ਤੋਂ ਹੀ ਇਸ ਪ੍ਰਵਿਰਤੀ ਵਲ ਰੁਚਿਤ ਰਹੇ ਹਨ ਅਤੇ ਇਸ ਅਧੀਨ ਸਫਲ ਨਾਟਕ ਰਚਦੇ ਰਹੇ ਹਨ । ਡਾ. ਹਰਚਰਨ ਸਿੰਘ ਅਨੁਸਾਰ ਨਾਟਕ ਇਤਿਹਾਸ ਨਹੀਂ ਹੁੰਦਾ ਸਗੋਂ ਉਨ੍ਹਾਂ ਤੱਥਾਂ ਦਾ ਸਾਕਾਰ ਰੂਪ ਹੁੰਦਾ ਹੈ ਜਿਹੜੇ ਨਾਟਕਕਾਰ ਦੀ ਪਾਰਖੂ ਅੱਖ ਵੇਖਦੀ ਹੈ ਅਤੇ ਜਿਹੜੇ ਸਾਧਾਰਨ ਦੀ ਨਜ਼ਰ ਵਿਚ ਨਹੀਂ ਆਉਂਦੇ। ਇਤਿਹਾਸਕਾਰ ਤੇ ਨਾਟਕਕਾਰ ਦੋ ਵੱਖਰੇ ਵੱਖਰੇ ਤੇ ਰੁੱਖ ਸੁਤੰਤਰ ਕਲਾਕਾਰ ਹਨ । ਇਤਿਹਾਸਕਾਰ ਘਟਨਾਵਾਂ ਦਾ ਵਰਣਨ ਕਰਦੇ ਹਨ ਜਦੋਂ ਕਿ ਨਾਟਕ ਕਾਰ ਜਜ਼ਬਿਆਂ ਦਾ ਸਮੂਰਤੀਕਰਣ ਕਰਦਾ ਹੈ ।

ਪੰਜਾਬੀ ਨਾਟਕ ਦੇ ਮੁੱਢਲੇ ਦੌਰ ਵਿਚ ਸਭ ਤੋਂ ਪਹਿਲਾਂ ਪੰਜਾਬੀ ਦੇ ਪ੍ਰਸਿੱਧ ਕਵੀ ਲਾਲ ਕਿਰਪਾ ਸਾਗਰ ਨੇ ਇਤਿਹਾਸਕ ਨਾਟਕ ਲਿਖੇ ਹਨ। ਅਸਲ ਵਿਚ ਇਹ ਨਾਟਕ ਇੱਕ ਹੀ ਨਾ ਦ ੇ ਵੱਖ ਵੱਖ ਰੂਪ ਹਨ ਜਿਵੇਂ ਮਹਾਰਾਜਾ ਰਣਜੀਤ ਸਿੰਘ, ਭਾਗ ਪਹਿਲਾ, ਭਾਗ ਦੂਜਾ ਤੇ ਡੀਡੋ ਜਮਵਾਲ' ਇਸ ਲੜੀ ਵਿਚ ਅਗਲਾ ਨਾਟਕਕਾਰ ਡਾ. ਹਰਚਰਨ ਸਿੰਘ ਹੈ ਅਤੇ ਹੈ ਰਾਜਾ ਪੋਰਸ। ਰੋਸ਼ਨ ਲਾਲ ਆਹੂਜਾ ਦਾ ਨਾਟਕ ਕਾਲਿੰਗਾ ਦਾ ਦੁਖਾਂਤ ਵੀ ਇਸੇ ਸ਼੍ਰੇਣੀ ਵਿਚ ਆਉਂਦਾ ਹੈ । ਗੁਰਦਿਆਲ ਸਿੰਘ ਫੁੱਲ ਦਾ ਨਾਟਕ 'ਮਹਾਂਬਲੀ ਯੋਧਾ ਵੀ ਇਤਿਹਾਸਕ ਪ੍ਰਵਿਰਤੀ ਅਧੀਨ ਲਿਖਿਆ ਗਿਆ ਨਾਟਕ ਹੈ । ਹਰਸ਼ਰਨ ਸਿੰਘ ਦਾ ਨਾਟਕ ਨਿਜ਼ਾਮ ਸ਼ੱਕ ਸਫਲ ਇਤਿਹਾਸਕ ਨਾਟਕ ਹੈ । ਡਾ. ਹਰਚਰਨ ਸਿੰਘ ਪੰਜਾਬ ਦੀ ਇੱਕੋ ਇੱਕ ਮਰਦ ਮਹਾਰਾਣੀ ਜਿੰਦਾ ਵੀ ਸਫਲ ਇਤਿਹਾਸਕ ਨਾਟਕੀ ਕਿਰਤ ਹੈ । ਧਾਰਮਿਕ ਅਸਰ ਤੋਂ ਰਹਿਤ ਨਿਰੋਲ ਇਤਿਹਾਸਕ ਤੱਥਾਂ ਵਾਲਾ ਨਾਟਕ ਹੈ ਪੰਜਾਬ ਵਿਚ ਇੱਕ ਮਰਦ ਰਾਣੀ ਜਿੰਦਾ | ਇਸ ਨਾਟਕ ਦਾ ਉਦੇਸ਼ ਰਾਣੀ ਜਿੰਦਾ ਦੇ ਸੰਬੰਧ ਵਿਚ ਪਏ ਭੁਲੇਖੇ ਨੂੰ ਦੂਰ ਕਰਨਾ ਹੈ । ਇਸ ਵਿਚ ਮਹਾਰਾਣੀ ਜਿੰਦਾ ਦੀ ਦਿ੍ੜਤਾ, ਨਿਡਰਤਾ, ਸਵੈਮਾਨ ਅਤੇ ਆਤਮ ਵਿਸ਼ਵਾਸ ਦਾ ਵਰਣਨ ਕੀਤਾ ਗਿਆ ਹੈ । ਇਸ ਦੇ ਨਾਲ ਹੀ ਇਸ ਨਾਟਕ ਵਿਚ ਅੰਗਰੇਜ਼ਾਂ ਦੀ ਕੂਟ ਨੀਤੀ ਅਤੇ ਸਿੱਖ ਸਰਦਾਰਾਂ ਦੀ ਗ਼ੱਦਾਰੀ ਦਾ ਵਰਣਨ ਵੀ ਬੜੇ ਯਥਾਰਥਿਕ ਰੂਪ ਵਿਚ ਕੀਤਾ ਗਿਆ ਹੈ । ਬੰਦਾ ਬਹਾਦਰ` ਸੇਖੋਂ ਦਾ ਨਵੀਨਤਮ ਨਾਟਕ ਹੈ । ਇਸ ਨਾਟਕ ਵਿਚ ਬੰਦਾ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕ ਸਮਾਨ ਅੰਤਰ ਰੂਪ ਵਿਚ ਪੇਸ਼ ਕੀਤਾ ਗਿਆ ਹੈ । ਸੇਖੋਂ ਨੇ ਇਸ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਅੰਤਲੇ ਸਾਲਾਂ ਨੂੰ ਇੱਕ ਨਵੀਂ ਦ੍ਰਿਸ਼ਟੀ ਤੋਂ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ । ਇਤਿਹਾਸਕ ਨਾਟਕ ਦੇ ਖੇਤਰ ਵਿਚ ਬਲਵੰਤ ਗਾਰਗੀ ਦਾ ਵੀ ਉੱਘਾ ਤੇ ਵਰਨਣਯੋਗ ਸਥਾਨ ਹੈ । 'ਸੁਲਤਾਨ ਰਜ਼ੀਆ ਗਾਰਗੀ ਦਾ ਇੱਕ ਸਫਲ ਇਤਿਹਾਸਕ ਦੁਖਾਂਤ ਨਾਟਕ ਹੈ । ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਦੀ ਉਤਪਤੀ ਅਤੇ ਵਿਕਾਸ ਵਿਚ ਇਤਿਹਾਸਕ ਪ੍ਰਵਿਰਤੀ ਦਾ ਵ ੱਡਮੁੱਲਾ ਯੋਗਦਾਨ ਹੈ । ਇਸ ਪ੍ਰਵਿਰਤੀ ਨੇ ਪੰਜਾਬੀ ਨਾਟਕ ਆਕਾਰ ਨੂੰ ਹੀ ਵਿਸ਼ਾਲ ਨਹੀਂ ਕੀਤਾ ਸਗੋਂ ਪੰਜਾਬੀ ਨਾਟਕ ਦੇ ਵਸਤੂ ਪੱਖ ਨੂੰ ਵੀ ਬਲਵਾਨ ਤੋਂ ਸਾਰਥਿਕ ਬਣਾਇਆ ਹੈ । ਇਸ ਦੇ ਨਾਲ ਹੀ ਇਸ ਪ੍ਰਵਿਰਤੀ ਨੇ ਪੰਜਾਬੀ ਰੰਗ ਮੰਚ ਨੂੰ ਵੀ ਨਵੀਨ ਦਿਸ਼ਾਵਾਂ ਵਲ ਤੋਰਨ ਦਾ ਉਪਰਾਲਾ ਕੀਤਾ ਹੈ ।

ਮਿਥਿਹਾਸ ਨੂੰ ਨਾਟਕੀ ਰੂਪ ਦੇਣ ਦੀ ਪ੍ਰਵਿਰਤੀ-

ਜਿੱਥੇ ਪੰਜਾਬੀ ਨਾਟਕ ਵਿਚ ਇਤਿਹਾਸਕ ਪ੍ਰਵਿਰਤੀ ਪਾਈ ਜਾਂਦੀ ਹੈ ਉੱਥੇ ਮਿਥਿਹਾਸਿਕ ਪ੍ਰਵਿਰਤੀ ਅਧੀਨ ਵੀ ਕੁੱਝ ਸਫਲ ਨਾਟਕ ਲਿਖੇ ਗਏ ਹਨ । ਇਸ ਪ੍ਰਵਿਰਤੀ ਅਧੀਨ ਨਾਟਕਕਾਰ ਮਿਥਿਹਾਸ ਨੂੰ ਆਧੁਨਿਕਤਾ ਦੇ ਸੰਦਰਭ ਵਿਚ ਪੇਸ਼ ਕਰਕੇ, ਮਿੱਥ ਨੂੰ ਨਵੇਂ ਅਰਥ ਪ੍ਰਦਾਨ ਕਰਨ ਦਾ ਉਪਰਾਲਾ ਕਰਦੇ ਹਨ। ਇਹ ਪ੍ਰਵਿਰਤੀ ਪੂਰਵ ਸੁਤੰਤਰਤਾ ਕਾਲ ਵਿਚ ਵੀ ਪਾਈ ਗਈ ਹੈ ਅਤੇ ਉੱਤਰ ਸੁਤੰਤਰਤਾ ਕਾਲ ਵਿਚ ਇਸ ਪ੍ਰਵਿਰਤੀ ਅਧੀਨ ਨਾਟਕ ਲਿਖੇ ਜਾਂਦੇ ਰਹੇ । ਇੱਥੋਂ ਤੱਕ ਕਿ ਨਵੀਨਤਮ ਦੌਰ ਵਿਚ ਵੀ ਡਾ. ਚਰਨ ਦਾਸ ਸਿੱਧੂ, ਅਜਮੇਰ ਸਿੰਘ ਔਲਖ ਨੇ ਮਿਥਿਹਾਸ ਤੇ ਆਧਾਰਿਤ ਨਾਟਕ ਰਚੇ ਹਨ । ਮੁੱਢਲੇ ਦੌਰ ਵਿਚ ਬ੍ਰਿਜ ਲਾਲ ਸ਼ਾਸਤਰੀ ਨੇ ਸਵਿੱਤਰੀ', 'ਸੁਕੰਨਯਾ. 'ਪ੍ਰਤਿਗਯਾ' ਆਦਿ ਨਾਟਕ ਲਿਖੇ ਹਨ । ਇਸ ਸਮੇਂ ਹੀ ਬਾਵਾ ਬੁੱਧ ਸਿੰਘ ਨੇ 'ਚੰਦਰ ਹਰੀ ਤੇ 'ਮੁੰਦਰੀ ਛਲ' ਨਾਟਕ ਲਿਖੇ ਹਨ। ਇਸ ਪ੍ਰਵਿਰਤੀ ਦਾ ਪ੍ਰਮੁੱਖ ਨਾਟਕਕਾਰ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਹੈ । ਸੇਖੋਂ ਦੇ ਦੋ ਮਿਥਿਹਾਸਿਕ ਨਾਟਕ ਪੰਜਾਬੀ ਜਗਤ ਵਿਚ ਬੜੇ ਹਰਮਨ ਪਿਆਰੇ ਹੋਏ ਹਨ । ਇਹ ਨਾਟਕ ਹਨ। 'ਕਲਾਕਾਰ' ਅਤੇ 'ਦਮਯੰਤੀ । ਦੋਹਾਂ ਨਾਟਕਾਂ ਦਾ ਆਧਾਰ ਮਿਥਿਹਾਸਿਕ' ਅਥਵਾ ਪੌਰਾਣ ਕਥਾਵਾਂ ਹਨ। ਦੇਵ ਨਾਟਕ ਹੀ ਪੰਜਾਬੀਆਂ ਵਿਚ ਬੜੇ ਮਕਬੂਲ ਹੋਏ ਹਨ। ਬਾਬਾ ਬੰਤੂ ਇਸ ਨਾਟਕਕਾਰ ਦਾ ਇੱਕ ਹੋਰ ਮਿਥਿਹਾਸਿਕ ਨਾਟਕ ਹੈ। ਇਸ ਨਾਟਕ ਦੀ ਪੁਰਾਤਨ ਸਾਡੇ ਮਿਥਿਹਾਸ ਵਿਚ ਹੈ ਅਤੇ ਇਸ ਦਾ ਕਾਰਜ ਪਸਾਰ ਸਾਡੀ ਵਰਤਮਾਨ ਜ਼ਿੰਦਗੀ ਵਿਚ ਹੈ। ਅਜਮੇਰ ਸਿੰਘ ਔਲਖ ਦੇ ਨਾਟਕ 'ਇੱਕ ਰਮਾਇਣ ਹੋਰ' ਵਿਚ ਵੀ ਇੱਕ ਮਿੱਥ-ਕਥਾ ਨੂੰ ਸਾਕਾਰ ਕੀਤਾ ਗਿਆ ਹੈ । ਔਰਤ ਮਰਦ ਦੇ ਰਿਸ਼ਤੇ ਦੀ ਪਵਿੱਤਰਤਾ ਦਾ ਜੋ ਸੰਕਲਪ ਭਾਰਤੀ ਸਭਿਆਚਾਰ ਵਿਚ ਰਾਮ, ਲਛਮਣ ਤੇ ਸੀਤਾ ਪਾਤਰਾਂ ਦੁਆਰਾ ਆਦਰਸ਼ਕ ਰੂਪ ਵਿਚ ਪੇਸ਼ ਕੀਤਾ ਗਿਆ ਹੈ ਉਸ ਨੂੰ ਪ੍ਰਵਾਨ ਕਰਦੇ ਹੋਏ ਵੀ ਇਸ ਨਾਟਕ ਦੇ ਮੁੱਖ ਪਾਤਰ ਰਾਮ, ਸੀ ਤੇ ਲੱਛਮਣ ਕਿਸੇ ਮਜਬੂਰੀ ਵੱਸ ਇਸ ਪ੍ਰਵਾਨਿਤ ਸੱਚ ਨੂੰ ਤੋੜਨ ਲਈ ਮਜਬੂਰ ਹੋ ਜਾਂਦੇ ਹਨ । ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਵਿਚ ਮਿਥਿਹਾਸਿਕ ਪ੍ਰਵਿਰਤੀ ਵੀ ਇੱਕ ਪ੍ਰਬਲ ਪ੍ਰਵਿਰਤੀ ਦੇ ਤੌਰ ਤੇ ਅਪਣਾਈ ਜਾਂਦੀ ਰਹੀ ਹੈ ਅਤੇ ਅਪਣਾਈ ਜਾ ਰਹੀ ਹੈ । ਇਸ ਪ੍ਰਵਿਰਤੀ ਅਧੀਨ ਨਾਟਕਕਾਰ ਮਿਥਿਹਾਸਿਕ ਕਥਾਵਾਂ ਨੂੰ ਆਧੁਨਿਕਤਾ ਦੇ ਪਰਿਪੇਖ ਵਿਚ ਪੇਸ਼ ਕਰਕੇ ਨਵੇਂ ਅਰਥ ਪ੍ਰਦਾਨ ਕਰਨ ਦਾ ਉਪਰਾਲਾ ਕਰਦੇ ਹਨ ।

ਸਮਾਜਵਾਦੀ ਅਥਵਾ ਪ੍ਰਗਤੀਵਾਦੀ

ਪ੍ਰਵਿਰਤੀ ਪੰਜਾਬੀ ਨਾਟਕ ਦਾ ਆਰੰਭ ਧਾਰਮਿਕ ਚੇਤਨਾ ਅਤੇ ਸੁਧਾਰਕ ਲਹਿਰਾਂ ਦੇ ਪ੍ਰਭਾਵ ਅਧੀਨ ਹੋਇਆ ਸੀ । ਪਰ ਛੇਤੀ ਹੀ ਸਮਾਜਵਾਦੀ ਚਿੰਤਨ ਦੇ ਪ੍ਰਭਾਵ ਅਧੀਨ ਪੰਜਾਬੀ ਨਾਟਕ ਪ੍ਰਗਤੀਵਾਦੀ ਚੇਤਨਾ ਨਾਲ ਜੁੜ ਗਿਆ । ਪ੍ਰਗਤੀਵਾਦ ਦਾ ਸੰਕਲਪ ਆਧਾਰ ਰੂਪ ਵਿਚ ਮਾਰਕਸਵਾਦ ਨਾਲ ਜਾ ਜੁੜਦਾ ਹੈ । ਅਰਸਤੂ ਨੇ ਨਾਟਕ ਨੂੰ ਜ਼ਿੰਦਗੀ ਦਾ ਅਨੁਕਰਨ ਆਖਿਆ ਹੈ । ਅਸਲ ਵਿਚ ਪ੍ਰਗਤੀਵਾਦੀ ਜ਼ਾਵੀਏ ਤੋਂ ਮਹਾਨ ਤੇ ਉੱਤਮ ਨਾਟਕ ਉਹ ਹੀ ਹੁੰਦਾ ਹੈ ਜਿਹੜਾ ਆਪਣੇ ਸਮਕਾਲੀ ਯੁੱਗ ਨਾਲ ਉੱਚਾ ਤੇ ਪ੍ਰਗਤੀਵਾਦੀ ਵਿਚਾਰ ਦੇਵੇ ਅਤੇ ਸਮਕਾਲੀ ਅਗਿਆਨਤਾ ਦੇ ਜਾਦੂ ਨੂੰ ਤੋੜੇ । ਪ੍ਰਗਤੀਵਾਦੀ ਨਾਟਕ ਵਧੇਰੇ ਕਰਕੇ ਬੌਧਿਕ ਵਿਚਾਰਾਂ ਨੂੰ ਮੁੱਖ ਰੱਖਦਾ ਹੈ । ਇਸ ਸੰਬੰਧ ਵਿਚ ਪੰਜਾਬ ਦੇ ਪ੍ਰਸਿੱਧ ਨਾਟਕਕਾਰ ਸੁਰਜੀਤ ਸਿੰਘ ਸੇਠੀ ਦਾ ਕਥਨ ਹੈ :

"ਨਾਟਕ ਆਪਣੇ ਜਨਮ ਤੋਂ ਹੀ ਬੌਧਿਕ ਵਸਤੂ ਹੈ । ਪੱਛਮ ਦੀ ਸਮੁੱਚੀ ਬੌਧਿਕਤਾ ਦਾ ਸੋਮਾ ਯੂਨਾਨੀ ਫ਼ਿਲਾਸਫ਼ੀ/ਦਰਸ਼ਨ ਹੈ । ਨਾਟਕ ਦਾ ਭਾਗ ਬਣ ਕੇ ਹੀ ਸਾਡੇ ਤੱਕ ਪੁੱਜੀ ਹੈ ।......। ਸੁਕਰਾਤ ਲਈ ਫ਼ਿਲਾਸਫ਼ੀ ਨਿਰੀ ਡਾਇਲੈਕਟਿਕਸ ਨਹੀਂ ਸੀ, ਬੋਲੀ ਜਾਣ ਵਾਲੀ ਵਾਰਤਾਲਾਪ ਵੀ ਸੀ......। ਨਾਟਕ ਮਨ ਤੇ ਰੂਹ ਦੀ ਗੱਲ ਲੋਕਾਂ ਤਕ ਪੁਚਾਣ ਲਈ ਸਭ ਤੋਂ ਵੱਡਾ ਪ੍ਰਭਾਵਸ਼ਾਲੀ ਸਾਧਨ ਹੈ।"

ਪ੍ਰਗਤੀਵਾਦੀ ਚਿੰਤਨ ਜ਼ਿੰਦਗੀ ਦੇ ਯਥਾਰਥ ਨੂੰ ਸਮਝਣ ਦਾ ਸਾਧਨ ਅਥਵਾ ਮਾਧਿਅਮ ਹੈ ਪ੍ਰਗਤੀਵਾਦੀ ਪੰਜਾਬੀ ਨਾਟਕ ਦਾ ਮੋਢੀ ਸੰਤ ਸਿੰਘ ਸੇਖੋਂ ਹੈ । ਸੇਖੋਂ ਕੇਵਲ ਇੱਕ ਵਿਅਕਤੀਗਤ ਪ੍ਰਗਤੀਵਾਦੀ ਨਾਟਕਕਾਰ ਨਹੀਂ ਸਗੋਂ ਇੱਕ ਸੰਸਥਾ ਹੈ, ਜਿਸ ਨੇ ਪ੍ਰਗਤੀਵਾਦੀ ਨਾਟਕਕਾਰ ਨੂੰ ਪ੍ਰਭਾਵਿਤ ਕੀਤਾ ਹੈ । ਉਸ ਨੇ ਅੱਜ ਤੋਂ ਕੋਈ ਲਗਭਗ ਚਾਲੀ ਸਾਲ ਪਹਿਲਾਂ ਕਲਾਕਾਰ ਨਾਟਕ ਦੀ ਰਚਨਾ ਕੀਤੀ ਸੀ । ਪਰ ਇਹ ਨਾਟਕ ਅੱਜ ਵੀ ਚਰਚਾ ਦਾ ਵਿਸ਼ਾ ਹੈ ਅਤੇ ਨਿਰੰਤਰ ਕਈ ਸਾਲ ਚਰਚਾ ਦਾ ਵਿਸ਼ਾ ਰਿਹਾ ਹੈ । ਇਸ ਦਾ ਆਧਾਰ ਕਾਰਨ ਸੇਖੋਂ ਦਾ ਪ੍ਰਗਤੀਵਾਦ ਜਾਂ ਬੀਚਕ ਵਿਚਾਰ ਹੀ ਹਨ । ਸੇਖੋਂ ਸਾਹਿਬ ਦੇ ਨਾਟਕ, ਦਮਯੰਤੀ, ਬੇੜਾ ਬੰਧ ਨਾ ਸਕਿਉਂ, ਮੋਇਆਂ ਸਾਰ ਨਾ ਕਾਈ, ਬੰਦਾ ਬਹਾਦਰ, ਵਾਰਸ, ਵੱਡਾ ਘੱਲੂਘਾਰਾ ਆਦਿ ਸਭ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਲਿਖੇ ਹੋਏ ਨਾਟਕ ਹਨ । ਸੇਖੋਂ ਦਾ ਪ੍ਰਭਾਵ ਲਗਭਗ ਉਸ ਦੇ ਸਾਰੇ ਸਮਕਾਲੀ ਲੇਖਕਾਂ ਨੇ ਕਬੂਲਿਆ ਹੈ । ਡਾ: ਹਰਚਰਨ ਸਿੰਘ, ਬਲਵੰਤ ਗਾਰਗੀ, ਕਪੂਰ ਸਿੰਘ ਘੁੰਮਣ, ਗੁਰਚਰਨ ਸਿੰਘ ਜਸੂਜਾ ਅਤੇ ਡਾਕਟਰ ਰੋਸ਼ਨ ਲਾਲ ਅਹੂਜਾ ਦੇ ਨਾਟਕਾਂ ਵਿਚ

ਪ੍ਰਗਤੀਵਾਦੀ ਅੰਸ਼ ਵੇਖੇ ਜਾ ਸਕਦੇ ਹਨ । ਸੰਤ ਸਿੰਘ ਸੇਖੋਂ ਦੇ ਨਾਟਕ 'ਬਾਬਾ ਬੋਹੜ, 'ਹੜਤਾਲ' ਅਤੇ 'ਕੁਸ਼ੀ ਅੰਦੋਲਨ' ਆਦਿ ਸਾਰੇ ਨਾਟਕ ਪ੍ਰਗਤੀਵਾਦੀ ਨਜ਼ਰੀਏ ਤੋਂ ਲਿਖੇ ਗਏ ਨਾਟਕ ਹਨ ।

ਗੁਰਦਿਆਲ ਸਿੰਘ ਖੋਸਲਾ ਦੇ ਨਾਟਕ "ਬੂਹੇ ਬੈਠੀ ਧੀ ਨੂੰ ਵੀ ਇਸ ਸ਼੍ਰੇਣੀ ਦੇ ਨਾਟਕਾਂ ਵਿਚ ਰੱਖਿਆ ਜਾ ਸਕਦਾ ਹੈ । ਖੋਸਲੇ ਦੇ ਇਕਾਂਗੀ "ਬੇ-ਘਰੇ ਅਤੇ 'ਮੁਰਦੇ ਦਾ ਰਾਸ਼ਨ' ਬਹੁਤ ਸਫਲ ਨਾਟਕ ਹਨ। ਉਸ ਦੇ ਇਹ ਦੋਵੇਂ ਨਾਟਕ ਸਮਾਜਿਕ ਯਥਾਰਥ ਅਥਵਾ ਪ੍ਰਗਤੀਵਾਦੀ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੇ ਹਨ । ਡਾਕਟਰ ਹਰਚਰਨ ਸਿੰਘ ਦੀ ਪ੍ਰਗਤੀਵਾਦੀ ਸੋਧ ਨੂੰ ਹੀ ਅੱਗੇ ਤੋਰਿਆ ਹੈ ਹਰਸ਼ਰਨ ਸਿੰਘ ਨੇ । ਹਰਸ਼ਰਨ ਸਿੰਘ ਦਾ ਨਾਟਕ 'ਲੰਮੇ ਸਮੇਂ ਦਾ ਨਰਕ' ਇਸੇ ਪ੍ਰਗਤੀਵਾਦੀ ਚੇਤਨਾ ਦਾ ਹੀ ਪ੍ਰਤੀਨਿਧ ਨਾਟਕ ਹੈ । ਇਸ ਵਿਚ ਨਾਟਕਕਾਰ ਨੇ ਸਾਡੇ ਲੋਕਤੰਤਰੀ ਢਾਂਚੇ ਨੂੰ ਨਰਕ ਦਾ ਨਾਮ ਦੇ ਦਿੱਤਾ ਹੈ । ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੰਜਾਬੀ ਦਾ ਪ੍ਰਗਤੀਵਾਦੀ ਨਾਟਕ ਜੀਵਨ ਦੀਆਂ ਬਹੁ ਪੱਖੀ ਸਮੱਸਿਆਵਾਂ ਨੂੰ ਸਮਾਜਵਾਦੀ-ਆਰਥਿਕ ਦ੍ਰਿਸ਼ਟੀ ਤੋਂ ਪੇਸ਼ ਕਰਦਾ ਤੁਰਿਆ ਆ ਰਿਹਾ ਹੈ । ਔਲਖ ਦੇ ਨਾਟਕ, 'ਬਗਾਨੇ ਬੋਹੜ ਦੀ ਛਾਂ', 'ਇੱਕ ਰਮਾਇਣ ਹੋਰ', 'ਤੂੜੀ ਵਾਲਾ ਕੋਠਾ, ਬਹਿਕਦਾ ਰੋਹ`, ਅਤੇ "ਭੱਠ ਖੇੜਿਆਂ ਦਾ ਰਹਿਣਾ ਆਦਿ ਪ੍ਰਗਤੀਵਾਦੀ ਪ੍ਰਵਿਰਤੀ ਅਧੀਨ ਲਿਖੇ ਗਏ ਨਾਟਕ ਹਨ । ਇਨ੍ਹਾਂ ਵਿਚੋਂ ਬੇਗਾਨੇ ਬੋਹੜ ਦੀ ਛਾਂ' ਅਤੇ 'ਤੂੜੀ ਵਾਲਾ ਕੋਠਾ' ਪ੍ਰਤੀਨਿਧ ਰਚਨਾਵਾਂ ਹਨ । '

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਦੀ ਪ੍ਰਗਤੀਵਾਦੀ ਪ੍ਰਵਿਰਤੀ ਇੱਕ ਪ੍ਰਬਲ ਤੇ ਸ਼ਕਤੀਸ਼ਾਲੀ ਪ੍ਰਵਿਰਤੀ ਹੈ । ਇਸ ਪ੍ਰਵਿਰਤੀ ਅਧੀਨ ਢੇਰ ਸਾਰਾ ਨਾਟਕ-ਸਾਹਿਤ ਰਚਿਆ ਗਿਆ ਹੈ ਅਤੇ ਰਚਿਆ ਜਾ ਰਿਹਾ ਹੈ । ਇਸ ਪ੍ਰਵਿਰਤੀ ਨੇ ਸੰਤ ਸਿੰਘ ਸੇਖੋਂ, ਡਾ. ਹਰਚਰਨ ਸਿੰਘ, ਬਲਵੰਤ ਗਾਰਗੀ, ਕਪੂਰ ਸਿੰਘ ਘੁੰਮਣ, ਪ੍ਰੋ ਖੋਸਲਾ, ਫੁੱਲ, ਡਾ. ਅਹੂਜਾ, ਡਾ. ਚਰਨ ਦਾਸ ਸਿੱਧੂ ਅਤੇ ਅਜਮੇਰ ਸਿੰਘ ਔਲਖ ਵਰਗੇ ਉੱਘੇ ਨਾਟਕਕਾਰ ਪੈਦਾ ਕੀਤੇ ਹਨ । ਇਹ ਪ੍ਰਵਿਰਤੀ ਪੰਜਾਬੀ ਨਾਟਕ ਹੀ ਨਹੀਂ ਸਗੋਂ ਕਵਿਤਾ, ਨਾਵਲ ਤੇ ਛੋਟੀ ਕਹਾਣੀ ਦੇ ਖੇਤਰ ਵਿਚ ਵੀ ਪ੍ਰਮੁੱਖ ਪ੍ਰਵਿਰਤੀ ਰਹੀ ਹੈ ।

ਰਾਜਸੀ ਪ੍ਰਵਿਰਤੀ ਅਧੀਨ ਰਚੇ ਗਏ ਨਾਟਕ-

ਪੰਜਾਬੀ ਨਾਟਕ ਵਿਚ ਰਾਜਸੀ ਮੰਤਵ ਵਾਲੇ ਨਾਟਕ ਵੀ ਰਚੇ ਗਏ ਹਨ । ਪੰਜਾਬੀ ਨਾਟਕ ਨੇ ਸਰਬਪੱਖੀ ਸਮੱਸਿਆਵਾਂ ਨੂੰ ਪ੍ਰਸਤੁਤ ਕੀਤਾ ਹੈ। ਜਿੱਥੇ ਸਮਾਜ, ਧਰਮ ਅਤੇ ਇਤਿਹਾਸ/ਮਿਥਿਹਾਸ ਦੇ ਖੇਤਰ ਵਿਚ ਪੰਜਾਬੀ ਨਾਟਕ ਦੀਆਂ ਵਿਸ਼ੇਸ਼ ਪ੍ਰਾਪਤੀਆਂ ਹਨ, ਉੱਥੇ ਰਾਜਸੀ-ਚੇਤਨਾ ਦੇ ਖੇਤਰ ਵਿਚ ਵੀ ਕੁੱਝ ਨਾਟਕ ਲਿਖੇ ਗਏ ਹਨ । ਰਾਜਸੀ ਅਧੋਗਤੀ, ਰਾਜਨੀਤਕ ਭ੍ਰਿਸ਼ਟਾਚਾਰ, ਅਫ਼ਸਰ ਸ਼ਾਹੀ ਦੀਆਂ ਵਧੀਕੀਆਂ, ਧੋਖੇਬਾਜ਼ ਸਿਆਸੀ ਲੀਡਰਾਂ ਅਤੇ ਹੋਰ ਸਿਆਸੀ ਹੇਰਾ ਫੇਰੀਆਂ ਆਦਿ ਦਾ ਵਿਵਰਨ ਵੀ ਪੰਜਾਬੀ ਨਾਟਕ ਵਿਚ ਮਿਲ ਜਾਂਦਾ ਹੈ। ਪ੍ਰਗਤੀਵਾਦੀ ਪ੍ਰਵਿਰਤੀ ਅਧੀਨ ਰਚੇ ਗਏ ਕੁੱਝ ਨਾਟਕ ਰਾਜਸੀ ਪ੍ਰਵਿਰਤੀ ਅਧੀਨ ਵੀ ਵਿਚਾਰੇ ਜਾ ਸਕਦੇ ਹਨ । ਰਾਜਨੀਤਕ ਪ੍ਰਵਿਰਤੀ ਅਧੀਨ ਲਿਖੇ ਗਏ ਨਾਟਕਾਂ ਵਿਚ ਬਲਵੰਤ ਗਾਰਗੀ ਦਾ ਨਾਟਕ "ਘੁੱਗੀ, ਤੇਰਾ ਸਿੰਘ ਚੰਨ ਦਾ ਰੂਪਕ 'ਅਮਰ ਪੰਜਾਬ` ਵਰਣਨ ਯੋਗ ਹਨ ।

ਗੁਰਦਿਆਲ ਸਿੰਘ ਫੁੱਲ ਦੇ ਨਾਟਕ ਧਰਤੀ ਦੀ ਜਾਈ' ਅਤੇ 'ਚੋਅ ਅਜੇ ਨਹੀਂ ਸੁੱਕਾ' ਰਾਜਸੀ ਪ੍ਰਵਿਰਤੀਆਂ ਵਾਲੇ ਨਾਟਕ ਹਨ । ਡਾਕਟਰ ਹਰਚਰਨ ਸਿੰਘ ਦਾ ਨਾਟਕ 'ਰੱਤਾ ਸਾਲੂ' ਅਤੇ 'ਕੱਲ੍ਹ, ਅੱਜ ਤੇ ਭਲਕ` ਦੋਵੇਂ ਨਾਟਕ ਰਾਜਸੀ ਪ੍ਰਵਿਰਤੀ ਦੇ ਲਖਾਇਕ ਪ੍ਰਤੀਨਿਧ ਨਾਟਕ ਹਨ । ਇਨ੍ਹਾਂ ਵਿਚੋਂ ਪਿਛਲੇਰਾ ਨਾਟਕ 'ਕੱਲ੍ਹ, ਅੱਜ ਅਤੇ ਭਲਕ` ਬਹੁਤ ਚਰਚਾ ਦਾ ਵਿਸ਼ਾ ਬਣਿਆ ਹੈ । ਗੁਰਚਰਨ ਸਿੰਘ ਜਸੂਜਾ ਦਾ ਨਾਟਕ 'ਇੱਕ ਹੀਰ ਦੀ ਤਲਾਸ਼` ਨਿਰੋਲ ਸਿਆਸੀ ਪ੍ਰਵਿਰਤੀ ਅਧੀਨ ਰਚਿਆ ਗਿਆ ਨਾਟਕ ਹੈ । ਇਸ ਨਾਟਕ ਵਿਚ ਵਾਤਾਵਰਨ ਦਾ ਪ੍ਰਗਟਾਵਾ ਬੜੇ ਕਲਾਤਮਿਕ ਰੂਪ ਵਿਚ ਕੀਤਾ ਗਿਆ ਹੈ । ਦਿੱਲੀ ਕਾਰਪੋਰੇਸ਼ਨ ਦੇ ਮੇਅਰ ਇੱਕ, ਮੇਅਰ ਦੂਜਾ ਅਤੇ ਮੇਅਰ ਤੀਜਾ ਸਾਰੇ ਹੀ ਸਿਆਸੀ ਖੇਤਰ ਵਿਚ ਆ ਚੁੱਕੀ ਗਿਰਾਵਟ ਨੂੰ ਬਿਆਨ ਕਰਦੇ ਹਨ । ਜਗਜੀਤ ਕੋਮਲ ਦਾ ਨਾਟਕ 'ਸੂਰਜ ਤਪ ਕਰਦਾ ਹੈ` ਵੀ ਰਾਜਸੀ ਵਿਰਤੀ ਅਧੀਨ ਲਿਖਿਆ ਗਿਆ ਨਾਟਕ ਹੈ । ਹਰਸ਼ਰਨ ਸਿੰਘ ਦਾ ਨਾਟਕ 'ਲੰਮੇ ਸਮੇਂ ਦਾ ਨਰਕ' ਵੀ ਇੱਕ ਸਫਲ ਰਾਜਸੀ ਬਿਰਤੀ ਵਾਲਾ ਨਾਟਕ ਹੈ । ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਦਾ ਪ੍ਰਵਿਰਤੀਗਤ ਅਧਿਐਨ ਕਰਦੇ ਸਮੇਂ ਇਸ ਦੀ ਰਾਜਸੀ ਚੇਤਨਾ ਵਾਲੀ ਪ੍ਰਵਿਰਤੀ ਦੀ ਇੱਕ ਮਹੱਤਵਪੂਰਨ ਪ੍ਰਵਿਰਤੀ ਵੇਖਦੇ ਹਾਂ । ਇਸ ਪ੍ਰਵਿਰਤੀ ਅਧੀਨ ਕਈ ਬੜੇ ਸਫਲ ਨਾਟਕ ਰਚੇ ਗਏ ਹਨ ।

ਧਾਰਮਿਕ ਪ੍ਰਵਿਰਤੀ ਅਧੀਨ ਰਚੇ ਗਏ ਪੰਜਾਬੀ ਨਾਟਕ-

ਪੰਜਾਬੀ ਨਾਟਕ ਦੇ ਇਤਿਹਾਸਕ ਵਿਕਾਸ ਵਿਚ ਉਨ੍ਹਾਂ ਨਾਟਕਾਂ ਦਾ ਵਡਮੁੱਲਾ ਯੋਗਦਾਨ ਹੈ ਜਿਹੜੇ ਧਾਰਮਿਕ ਪ੍ਰਵਿਰਤੀ ਅਧੀਨ ਰਚੇ ਗਏ ਹਨ। ਪੰਜਾਬੀ ਨਾਟਕ ਦੇ ਮੁੱਢਲੇ ਦੌਰ ਵਿਚ ਹੀ ਭਾਈ ਵੀਰ ਸਿੰਘ ਦੇ ਨਾਟਕ 'ਰਾਜਾ ਲਖਦਾਤਾ ਸਿੰਘ ਨਾਲ ਇਸ ਪ੍ਰਵਿਰਤੀ ਦਾ ਅਰੰਭ ਹੋ ਗਿਆ ਸੀ। ਜੇ ਇਹ ਕਹਿ ਦਿੱਤਾ ਜਾਵੇ ਕਿ ਆਧੁਨਿਕ ਨਾਟਕ ਦਾ ਅਰੰਭ ਹੀ ਧਾਰਮਿਕ ਪ੍ਰਵਿਰਤੀ ਅਧੀਨ ਹੋਇਆ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਧਾਰਮਿਕ ਨਾਟਕ ਦੀ ਕੋਈ ਬੱਝਵੀਂ ਪਰਿਭਾਸ਼ਾ ਕਰ ਸਕਣੀ ਕਾਫ਼ੀ ਮੁਸ਼ਕਿਲ ਪ੍ਰਤੀਤ ਹੁੰਦੀ ਹੈ। ਧਾਰਮਿਕ ਪ੍ਰਵਿਰਤੀ ਅਧੀਨ ਲਿਖਣ ਵਾਲਾ ਪ੍ਰਮੁੱਖ ਅਤੇ ਸਭ ਤੋਂ ਵੱਧ ਮਹੱਤਵਪੂਰਨ ਨਾਟਕਕਾਰ ਗੁਰਦਿਆਲ ਸਿੰਘ ਫੁੱਲ ਹੈ। ਇਹ ਨਾਟਕ ਆਮ ਤੌਰ ਤੇ ਜਨਮ ਸਾਖੀਆਂ ਦੀਆਂ ਸਾਖੀ ਘਟਨਾਵਾਂ ਤੇ ਆਧਾਰਿਤ ਹਨ। ਗੁਰਦਿਆਲ ਸਿੰਘ ਫੁੱਲ ਨੇ ਸਭ ਕਿਛੁ ਹੋਤ ਉਪਾਇ', 'ਜਿਨ ਸੱਚ ਪਲੇ ਹੋਇ', 'ਚੜ੍ਹਦਾ ਰੂਪ ਸਵਾਇਆ', 'ਨਾਮੇ ਤੱਤ ਪਛਾਣਿਆ', 'ਸੋ ਵੀ ਚੰਨਣ ਹੋ ਰਹੇ', 'ਰਾਹੀਂ ਵਾਓ ਨਾ ਲਗਈ', 'ਨਾਨਕ ਨਾਮਿ ਸਮਾਲਿ ਤੂੰ, "ਕੂੜ ਨਿਖੁੱਟੇ' ਅਤੇ 'ਨਾਨਕ ਨਦਰੀ ਨਦਿਰ ਨਿਹਾਲ ਆਦਿ ਧਾਰਮਿਕ ਨਾਟਕ ਲਿਖੇ ਹਨ। ਇਨ੍ਹਾਂ ਨਾਟਕਾਂ ਵਿਚ ਗੁਰੂ ਸਾਹਿਬਾਨ ਨੂੰ ਰੰਗ ਮੰਚ ਤੇ ਪੇਸ਼ ਨਹੀਂ ਕੀਤਾ ਗਿਆ ਪਰ ਸਾਰੇ ਨਾਟਕੀ ਸਮੇਂ ਦੇ ਦੌਰਾਨ ਗੁਰੂ ਸਾਹਿਬ ਦੀ ਸ਼ਖ਼ਸੀਅਤ ਦਾ ਪ੍ਰਭਾਵ ਬਣਿਆ ਰਹਿੰਦਾ ਹੈ। ਭਾਵੇਂ ਇਨ੍ਹਾਂ ਨਾਟਕਾਂ ਦੀ ਰਚਨਾ ਧਾਰਮਿਕ ਸ਼ਰਧਾ ਦੇ ਜਜ਼ਬੇ ਅਧੀਨ ਕੀਤੀ ਗਈ ਹੈ ਫਿਰ ਵੀ ਇਨ੍ਹਾਂ ਨਾਟਕਾਂ ਨੇ ਪੰਜਾਬੀ ਰੰਗਮੰਚ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ। ਇਨ੍ਹਾਂ ਨਾਟਕਾਂ ਨੂੰ ਪੇਸ਼ ਕਰਨ ਸਮੇਂ ਪੇਸ਼ ਆਈਆਂ ਮੰਚੀ ਮੁਸ਼ਕਿਲਾਂ ਪੰਜਾਬੀ ਰੰਗ ਮੰਚ ਦੀਆਂ ਨਵੀਨ ਦਿਸ਼ਾਵਾਂ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਦੀਆਂ ਹਨ। ਧਾਰਮਿਕ ਪ੍ਰਵਿਰਤੀ ਅਧੀਨ ਰਚੇ ਜਾਣ ਵਾਲੇ ਨਾਟਕਾਂ ਵਿਚ ਦੂਸਰਾ ਮਹੱਤਵਪੂਰਨ ਨਾਟਕ' ਡਾ. ਹਰਚਰਨ ਸਿੰਘ ਦਾ ਹੈ। ਆਪਦੇ ਨਾਟਕ 'ਮਿੱਟੀ ਧੁੰਦ ਜਗ ਚਾਨਣ ਹੋਆ' ਅਤੇ "ਹਿੰਦ ਦੀ ਚਾਦਰ' ਦੇ ਬਹੁ-ਚਰਚਿਤ ਧਾਰਮਿਕ ਨਾਟਕ ਹਨ। ਇਹ ਨਾਟਕ ਅਣਗਿਣਤ ਵਾਰੀ ਰੰਗ ਮੰਚ ਉੱਪਰ ' ਖੇਡੇ ਜਾ ਚੁੱਕੇ ਹਨ। 1975 ਈ: ਵਿਚ 'ਹਿੰਦ ਦੀ ਚਾਦਰ' ਦੇ ਬਹੁਤ ਸਾਰੇ ਸ਼ੋਅ ਹੋਏ ਸਨ। ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਬਲਵੰਤ ਗਾਰਗੀ ਨੇ ਵੀ "ਗਗਨ ਮੈ ਥਾਲ' ਗੁਰੂ ਨਾਨਕ ਜੀ ਦੇ ਜੀਵਨ ਨਾਲ ਸੰਬੰਧਿਤ ਧਾਰਮਿਕ ਨਾਟਕ ਲਿਖਿਆ ਹੈ। ਮੂਲ ਰੂਪ ਵਿਚ ਪ੍ਰਯੋਗਵਾਦੀ ਨਾਟਕਕਾਰ ਕਪੂਰ ਸਿੰਘ ਘੁੰਮਣ ਨੇ ਵੀ 'ਵਿਸਮਾਦ ਨਾਦ' ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰਾਂ ਨਾਲ ਸੰਬੰਧਤ ਨਾਟਕ ਰਚਿਆ ਹੈ। ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਸੁਰਜੀਤ ਸਿੰਘ ਸੇਠੀ ਨੇ ਵੀ ਧਾਰਮਿਕ ਪ੍ਰਵਿਰਤੀ ਅਧੀਨ "ਗੁਰ ਬਿਨ ਘੋਰ ਅੰਧਾਰ' ਨਾਟਕ ਲਿਖਿਆ ਹੈ। ਸੁਤੰਤਰ ਗਿਆਨੀ ਦੇ ਨਾਟਕ 'ਰਕਾਬ ਗੰਜ' ਅਤੇ 'ਮੋਇਆਂ ਸਾਰ ਨਾ ਕਾਈ' ਵੀ ਧਾਰਮਿਕ ਖੇਤਰ ਦੇ ਮਹੱਤਵ ਪੂਰਨ ਨਾਟਕ ਹਨ। ਇਸ ਦੇ ਨਾਲ ਹੀ ਚਰਨਜੀਤ ਸਿੰਘ ਡਰੋਲੀ ਦਾ ਨਾਟਕ 'ਬਾਂਹਿ ਜਿਨਾਂ ਦੀ ਪਕੜੀਏ' ਵੀ ਇੱਕ ਮਹੱਤਵ ਪੂਰਨ ਨਾਟਕ ਹੈ ਜਿਹੜਾ ਧਾਰਮਿਕ ਪ੍ਰਵਿਰਤੀ ਅਧੀਨ ਰਚਿਆ ਗਿਆ ਹੈ। ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਧਾਰਮਿਕ ਪ੍ਰਵਿਰਤੀ ਪੰਜਾਬੀ ਨਾਟਕ ਦੀ ਇੱਕ ਸ਼ਕਤੀਸ਼ਾਲੀ ਪ੍ਰਵਿਰਤੀ ਹੈ। ਇਹ ਪ੍ਰਵਿਰਤੀ ਪੰਜਾਬੀ ਨਾਟਕ ਦੀ ਕੇਵਲ ਮੁੱਢਲੀ ਪ੍ਰਵਿਰਤੀ ਹੀ ਨਹੀਂ ਸਗੋਂ ਪੰਜਾਬੀ ਨਾਟਕ ਦੀ ਮਹਾਨ ਪ੍ਰਵਿਰਤੀ ਵੀ ਹੈ। ਇਸ ਪ੍ਰਵਿਰਤੀ ਦੀ ਪੰਜਾਬੀ ਨਾਟਕ ਨੂੰ ਵਡਮੁੱਲੀ ਤੇ ਮਹੱਤਵਪੂਰਨ ਦੇਣ ਹੈ।

ਪ੍ਰਯੋਗਵਾਦੀ ਪ੍ਰਵਿਰਤੀ-

ਪ੍ਰਯੋਗਵਾਦ ਹਮੇਸ਼ਾ ਸਥਾਪਤੀ ਦੇ ਪ੍ਰਤੀਕਰਮ ਵਜੋਂ ਇੱਕ ਵਿਦਰੋਹੀ ਭਾਵਨਾ ਅਧੀਨ ਉਪਜਦਾ ਹੈ। ਇਸ ਪ੍ਰਵਿਰਤੀ ਅਧੀਨ ਨਾਟਕਕਾਰ , ਨਵੀਆਂ ਦਿਸ਼ਾਵਾਂ ਲੱਭਣੀਆਂ ਲੋਚਦਾ ਹੈ। ਉਹ ਵਸਤ-ਸਮਗਰੀ ਅਤੇ ਕਲਾਤਮਕ ਮਾਧਿਅਮ ਨੂੰ ਨਵੀਨਤਾ ਦੇ ਪਰਿਪੇਖ ਵਿਚ ਪੇਸ਼ ਕਰਨਾ ਲੋੜਦਾ ਹੈ। ਇਸੇ ਲਈ ਉਹ ਨਵੀਆਂ ਮੰਚ-ਜੁਗਤਾਂ ਦੀ ਭਾਲ ਵਿਚ ਰਹਿੰਦਾ ਹੈ। ਅਸਲ ਵਿਚ ਪ੍ਰਯੋਗਵਾਦ ਕੋਈ "ਵਾਦ ਨਹੀਂ ਹੈ ਸਗੋਂ 'ਵਾਦ' ਦੇ ਸਥਾਪਿਤ ਹੋਣ ਦਾ ਆਧਾਰ ਹੈ। ਪਰ ਕੁੱਝ ਸਥਿਤੀਆਂ ਅਧੀਨ ਵਿਸ਼ਵ ਸਾਹਿਤ ਵਿਚ ਇਸ ਨਵੀਂ ਲਹਿਰ ਨੂੰ ਪ੍ਰਯੋਗਵਾਦ ਦਾ ਨਾਮ ਦਿੱਤਾ ਗਿਆ ਹੈ। ਇਸ ਲਹਿਰ ਨੇ ਵਿਸ਼ਵ ਭਰ ਦੇ ਸਮੁੱਚੇ ਸਾਹਿਤ ਵਿਚ ਨਵੇਂ ਸਾਹਿਤ-ਮੁੱਲਾਂ ਤੇ ਨਵੀਆਂ ਸ਼ਿਲਪ ਸ਼ੈਲੀਆਂ ਦਾ ਨਿਰਮਾਣ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਪੰਜਾਬੀ ਨਾਟਕ ਵਿਚ ਇਸ ਰੁਚੀ ਅਧੀਨ ਸ਼ਿਲਪ-ਵਿਧਾਨ ਅਤੇ ਨਵੀਨ ਵਸਤੂ-ਜਗਤ ਦੋਹਾਂ ਖੇਤਰਾਂ ਵਿਚ ਵੇਖੀ ਜਾ ਸਕਦੀ ਹੈ। ਇਸ ਪ੍ਰਵਿਰਤੀ ਦਾ ਦੂਸਰਾ ਨਾਮ ਪ੍ਰਭਾਵਵਾਦੀ ਥੀਏਟਰ ਵੀ ਹੈ। ਇਹ ਥੀਏਟਰ ਬਾਰ ਬਰੈਖਤ ਅਤੇ ਸਟਰਿੰਡਬਰਗ ਵਰਗੇ ਜਗਤ ਪ੍ਰਸਿੱਧ ਨਾਟਕਕਾਰਾਂ ਦੇ ਪ੍ਰਭਾਵ ਅਧੀਨ ਹੋਂਦ ਵਿਚ ਆਇਆ ਹੈ। ਬਲਵੰਤ ਗਾਰਗੀ, ਕਪੂਰ ਸਿੰਘ ਘੁੰਮਣ, ਡਾ. ਹਰਚਰਨ ਸਿੰਘ, ਹਰਸਰਨ ਸਿੰਘ ਅਤੇ ਸੁਰਜੀਤ ਸਿੰਘ ਸੇਠੀ ਆਦਿ ਨਾਟਕਕਾਰਾਂ ਨੇ ਇਸ ਪ੍ਰਵਿਰਤੀ ਅਧੀਨ ਬਹੁਤ ਸਾਰੇ ਨਾਟਕ ਲਿਖੇ ਹਨ। ਪਰ ਇਹ ਨਾਟਕ ਜਨ-ਸਾਧਾਰਨ ਵਿਚ ਬਹੁਤ ਮਕਬੂਲ ਨਹੀਂ ਹੋਏ। ਫਿਰ ਵੀ ਪੰਜਾਬੀ ਨਾਟਕ ਅਤੇ ਰੰਗ ਮੰਚ ਦੇ ਵਿਕਾਸ ਵਿਚ ਇਸ ਪ੍ਰਵਿਰਤੀ ਵਾਲੇ ਨਾਟਕਾਂ ਨੇ ਕਿਸੇ ਵੀ ਹੋਰ

ਪ੍ਰਵਿਰਤੀ ਅਧੀਨ ਰਚੇ ਗਏ ਨਾਟਕਾਂ ਨਾਲੋਂ ਘੱਟ ਯੋਗਦਾਨ ਨਹੀਂ ਪਾਇਆ। ਇਸ ਪ੍ਰਵਿਰਤੀ ਵਾਲੇ ਨਵੀਨਤਮ ਨਾਟਕਕਾਰ ਹਨ ਆਤਮਜੀਤ, ਡਾ. ਚਰਨਦਾਸ ਸਿੱਧੂ ਅਤੇ ਅਜਮੇਰ ਸਿੰਘ ਔਲਖ'।

ਇਸ ਵਿਧਾ ਦਾ ਅਰੰਭ ਡਾ: ਹਰਚਰਨ ਸਿੰਘ ਦੇ ਬਹੁਚਰਚਿਤ ਨਾਟਕ "ਕੱਲ੍ਹ ਅੱਜ ਤੇ ਭਲਕ ਨਾਲ ਹੋਇਆ ਮੰਨਿਆ ਜਾ ਸਕਦਾ ਹੈ। ਇਸ ਨਾਟਕ ਦੀ ਬਣਤਰ ਵਿਅੰਗ ਦੇ ਸਰੰਚਨਾਤਮਕ ਨਿਯਮਾਂ ਉੱਪਰ ਉੱਸਰੀ ਹੋਈ ਹੈ। ਵਿਅੰਗ ਦਾ ਆਮ ਅਰਥ ਵਿਰੋਧ (Protest) ਹੁੰਦਾ ਹੈ। ਪਰ ਇਹ ਨਾਟਕ ਦਾ ਪ੍ਰਯੋਗਵਾਦੀ ਅੰਸ਼ ਇੱਕ ਸਮਾਜਕ ਰੀਤੀ ਦੇ ਅੰਤਰਗਤ ਹੀ ਪ੍ਰਸਤੁਤ ਹੁੰਦਾ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਸਮੁੱਚੀ ਸਮਾਜਿਕ ਵਿਵਸਥਾ ਨੂੰ ਵਿਅੰਗ ਰੂਪ ਵਿਚ ਪੇਸ਼ ਕੀਤਾ ਹੈ। ਨਾਟਕ ਨੂੰ ਸੁਪਨੇ ਦੀ ਹਾਲਤ ਵਿਚ ਪੇਸ਼ ਕਰਕੇ ਇੱਕ ਸ਼ਕਤੀਸ਼ਾਲੀ 'ਮੈਟਾਫਰ' ਦੀ ਸਿਰਜਨਾ ਕਰ ਲਈ ਹੈ। ਮਹੰਤ ਗਿਰੀ ਤੇ ਸਿਆਸੀ ਵਜ਼ੀਰ ਦੇ ਵਿਰੋਧੀ ਸਥਿਤੀਆਂ ਦੇ ਤਣਾਓ ਵਿਚੋਂ ਵਿਅੰਗ ਨੂੰ ਤੇਜ਼ ਕੀਤਾ ਹੈ। ਮਹੰਤ ਗਿਰੀ ਤੇ ਵਜ਼ੀਰ ਦੋਵੇਂ ਇੱਕ ਦੂਜੇ ਦੀ ਉਪਮਾਨ ਤੇ ਉਪਮੇਯ ਹਨ। ਇਸ ਮੈਟਾਫਰ ਵਿਚ ਵਿਅੰਗ ਲੁਕਿਆ ਹੋਇਆ ਹੈ। ਉਹ ਇਹ ਕਿ ਘੱਟੋ ਘੱਟ ਮਹੰਤ ਦੇ ਕਪਟ ਨੂੰ ਖ਼ਤਮ ਕਰਨ ਲਈ, ਉਸ ਨੂੰ ਪੁਲੀਸ ਪਕੜ ਤਾਂ ਸਕਦੀ ਹੈ ਪਰ ਵਜ਼ੀਰ ਦੇ ਕਪਟੀ-ਕੰਮਾਂ ਨੂੰ ਰੋਕਣ ਲਈ ਪੁਲੀਸ ਵੀ ਕੁੱਝ ਨਹੀਂ ਕਰ ਸਕਦੀ।

ਪੰਜਾਬੀ ਨਾਟਕ ਵਿਚ ਨਿੱਤ ਨਵੇਂ ਪ੍ਰਯੋਗ ਕਰਨ ਵਾਲਾ ਨਾਟਕਕਾਰ ਬਲਵੰਤ ਗਾਰਗੀ ਹੈ। ਉਹ ਆਪਣੇ ਹਰ ਨਵੇਂ ਨਾਟਕ ਵਿਚ ਕੋਈ ਨਾ ਕੋਈ ਨਵਾਂ ਪ੍ਰਯੋਗ ਪ੍ਰਸਤੁਤ ਕਰਦਾ ਹੈ। ਇਹ ਪ੍ਰਯੋਗ ਨਾਟਕੀ-ਸ਼ਿਲਪ ਸ਼ੈਲੀ ਦਾ ਵੀ ਹੁੰਦਾ ਹੈ ਅਤੇ ਵਸਤੂ ਸਮਗਰੀ ਦੀ ਨਵੀਨਤਾ ਦਾ ਵੀ। ਅਸਲ ਵਿਚ ਪੰਜਾਬੀ ਨਾਟਕ ' ਵਿਚ ਪ੍ਰਤੀਕਮਈ ਨਾਟ-ਸ਼ੈਲੀ ਦਾ ਪ੍ਰਵੇਸ਼ ਹੀ ਉਸ ਦੇ ਨਾਟਕਾਂ ਨਾਲ ਹੁੰਦਾ ਹੈ। ਉਸ ਦੇ ਨਾਟਕ 'ਧੂਣੀ ਦੀ ਅੱਗ' ਅਤੇ 'ਸੰਕਟ' ਵਸਤੂਗਤ-ਪ੍ਰਯੋਗ ਦੇ ਧਾਰਨੀ ਹਨ ਅਤੇ ਸੁਲਤਾਨ-ਰਜ਼ੀਆ ਨਾਟ-ਸ਼ੈਲੀ ਦੀ ਮਹਾਂ-ਨਾਟ ਸ਼ੈਲੀ ਦਾ ਨਵਾਂ ਪ੍ਰਯੋਗ ਹੈ। ਪ੍ਰਯੋਗ ਦੀ ਦ੍ਰਿਸ਼ਟੀ ਤੋਂ ਹਰਸਰਨ ਸਿੰਘ ਦੇ ਨਾਟਕ ਵੀ ਨਵੀਨਤਾ ਦੇ ਧਾਰਨੀ ਹਨ। ਉਸਦੇ ਨਾਟਕਾਂ ਦੀ ਕੇਂਦਰੀ ਸੁਰ ਵਿਅੰਗਮਈ ਦ੍ਰਿਸ਼ਟੀ ਹੈ। ਉਸ ਨੇ ਆਪਣੇ ਨਾਟਕ "ਲੰਮੇ ਸਮੇਂ ਦਾ ਨਰਕ' ਵਿਚ ਇੱਕ ਛੋਟੀ ਜਿਹੀ ਘਟਨਾ ਦਾ ਅੰਤਿਰੰਜਨ (Exeggeration) ਕਰਕੇ ਆਧੁਨਿਕ ਕਾਲ ਦੇ ਰਾਜਸੀ ਤੇ ਸਮਾਜੀ ਤਾਣੇ ਪੇਟੇ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ | ਅਫ਼ਸਰ ਸ਼ਾਹੀ, ਵਿਧਾਇਕ ਅਤੇ ਨਿਆਂ ਪ੍ਰਣਾਲੀ ਉਸਦੇ ਵਿਅੰਗ ਦਾ ਵਿਆਪਕ ਖੇਤਰ ਹਨ। ਉਸ ਦਾ ਨਾਟਕ "ਕੁਲੱਛਣ ਵੀ ਇੱਕ ਸਜੀਵ ਮੈਟਾਫਰ ਦੀ ਸਿਰਜਨਾ ਕਰਦਾ ਪ੍ਰਤੀਤ ਹੁੰਦਾ ਹੈ ਪਰ ਇਸ ਵਿਚ ਉਸ ਨੂੰ ਪੂਰਨ ਸਫਲਤਾ ਨਹੀਂ ਮਿਲ ਸਕੀ !

ਗੁਰਚਰਨ ਸਿੰਘ ਜਸੂਜ਼ਾ ਦੇ ਨਾਟਕਾਂ ਵਿਚ ਵੀ ਪ੍ਰਯੋਗਵਾਦੀ ਪ੍ਰਵਿਰਤੀ ਮੌਜੂਦ ਹੈ। ਰਚਨਾ ਰਾਮ ਬਣਾਈ, ਇੱਕ ਹੀਰੇ ਦੀ ਤਲਾਸ਼ ਉਸਦੇ ਸਫਲ ਪ੍ਰਯੋਗਵਾਦੀ ਨਾਟਕ ਹਨ। ਰਚਨਾ ਰਾਮ ਬਣਾਈਂ ਇੱਕ ਸੰਪੂਰਨ ਤੇ ਮਹੱਤਵ-ਪੂਰਨ ਨਾਟ-ਮੈਟਾਫਰ ਹੈ, ਜਿਸ ਵਿਚ ਉਪਮਾਨ ਅਤੇ ਉਪਮੇਯ ਇੱਕ ਦੂਸਰੇ ਨਾਲ ਸਥਾਨ ਬਦਲੀ ਕਰਦੇ ਹਨ। ਇੱਕ ਹੀਰੋ ਦੀ ਤਲਾਸ਼ ਵਿਚ ਇੱਕ ਵਿਸ਼ੇਸ਼ ਪ੍ਰਕਾਰ ਦੇ ਵਿਅੰਗ ਦੀ ਸਿਰਜਨਾ ਕੀਤੀ ਗਈ ਹੈ। ਇਸ ਨਾਟਕ ਦੀ ਸਰੰਚਨਾ ਉੱਪਰ ਜਗਤ ਪ੍ਰਸਿੱਧ ਨਾਟਕਕਾਰ ਪਿਦਲ ਦੇ ਨਾਟਕ 'ਸਿਖਸ ਕਰੈਕਟਰਜ਼ ਇਨ ਸਰਚ ਆਫ ਐਨੇ ਆਥਰ' (Six characters in search of an Author) ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਇਸ ਨਾਟਕ ਵਿਚ ਨਾਟਕਕਾਰ ਦਾ ਪਾਤਰ ਅਗਰਭੂਮਨ ਨੂੰ ਲਿਆ ਗਿਆ ਹੈ। ਸੰਰਚਨਾ ਦੀ ਦ੍ਰਿਸ਼ਟੀ ਤੋਂ ਅਤੇ ਰੰਗ ਮੰਚ ਦੀ ਦ੍ਰਿਸ਼ਟੀ ਤੋਂ ਇਸ ਨਾਟਕ ਦਾ ਇੱਕ ਹੋਰ ਵਿਸ਼ੇਸ਼ ਪ੍ਰਯੋਗਵਾਦੀ ਤੱਤ ਇਸ ਗੱਲ ਵਿਚ ਵੇਖਿਆ ਜਾ ਸਕਦਾ ਹੈ ਕਿ ਨਾਟਕਕਾਰ ਤੇ ਪਤਨੀ ਦੇ ਪਾਤਰ ਦੁਆਰਾ ਇੱਕ ਮੈਟਾਫਰ' ਸਿਰਜ ਲਿਆ ਗਿਆ ਹੈ ਜਿਹੜਾ ਨਾਟਕ ਕਾਰਜ ਨੂੰ ਤਿੰਨ ਵਾਰ ਤੋੜਦਾ ਵੀ ਹੈ ਅਤੇ ਉਸਾਰਦਾ ਵੀ ਹੈ। ਇਹ ਨਾਟਕ ਵਸਤੂ ਸਮਗਰੀ ਦੀ ਦ੍ਰਿਸ਼ਟੀ ਤੋਂ ਨਾਇਕ ਦੇ ਸੰਕਟ ਨੂੰ ਬਹੁਤ ਵਿਅੰਗਮਈ ਨਾਟ-ਭਾਸ਼ਾ ਦੁਆਰਾ ਪੇਸ਼ ਕਰਦਾ ਹੈ। ਪੰਜਾਬੀ ਨਾਟਕਕਾਰਾਂ ਵਿਚ ਇੱਕ ਉਦੇਸ਼ ਨਾਲ ਪ੍ਰਤੀਬੱਧ ਨਾਟਕਕਾਰ ਗੁਰਸ਼ਰਨ ਸਿੰਘ ਨੇ ਵੀ ਨਾਟਕ ਦੇ ਖੇਤਰ ਵਿਚ ਪ੍ਰਯੋਗਵਾਦੀ ਪ੍ਰਵਿਰਤੀ ਅਧੀਨ ਨਾਟਕ ਰਚੇ ਹਨ। ਗੁਰਸ਼ਰਨ ਸਿੰਘ ਨੇ ਦੁੱਲਾ ਭੱਟੀ ਵਿਚ ਕੁਕਨਸ ਦਾ ਮੈਟਾਫਰ ਸਿਰਜਨ ਦਾ ਉਪਰਾਲਾ ਕੀਤਾ ਹੈ। ਉਸ ਦੇ ਨਾਟਕਾਂ ਦਾ ਵਿਅੰਗ ਇੱਕ ਵਿਲੱਖਣ ਨਾਟ-ਮੁਹਾਵਰੇ ਨੂੰ ਸਿਰਜਦਾ ਪ੍ਰਤੀਤ ਹੁੰਦਾ ਹੈ। ਗੁਰਸ਼ਰਨ ਸਿੰਘ ਸੁਚੇਤ ਪੱਧਰ ਤੇ ਇੱਕ ਨਾਇਕ ਦੀ ਸਿਰਜਨਾ ਕਰਦਾ ਹੈ। ਪਿੱਛੇ ਜਿਹੇ ਟੀ. ਵੀ. ਤੋਂ ਪ੍ਰਸਤੁਤ ਹੋਏ ਉਸਦੇ ਇੱਕ ਸੀਰੀਅਲ 'ਭਾਈ ਮੰਨਾ ਸਿੰਘ ਤੋਂ ਵੀ ਇਸ ਵਿਚਾਰ ਦੀ ਪੁਸ਼ਟੀ ਹੁੰਦੀ ਹੈ। ਪੰਜਾਬੀ ਰੰਗ ਮੰਚ ਨੂੰ ਵਿਕਸਤ ਕਰਨ ਲਈ ਉਸ ਨੇ ਸਭ ਤੋਂ ਵੱਧ ਨਵੇਂ ਪ੍ਰਯੋਗ ਕੀਤੇ ਹਨ।

ਅਜਮੇਰ ਸਿੰਘ ਔਲਖ, ਆਤਮ ਜੀਤ ਅਤੇ ਡਾ. ਚਰਨ ਦਾਸ ਸਿੱਧੂ ਪੰਜਾਬੀ ਦੇ ਤਿੰਨ ਨਵੀਨਤਮ ਨਾਟਕਕਾਰ ਹਨ ਜਿਨ੍ਹਾਂ ਦੇ ਨਾਟਕਾਂ ਵਿਚ ਵੀ ਪ੍ਰਯੋਗਵਾਦੀ ਪ੍ਰਵਿਰਤੀ ਦੇ ਅੰਸ਼ ਪ੍ਰਾਪਤ ਹਨ। ਪਰ ਇਨ੍ਹਾਂ ਦਾ ਵਿਸਤ੍ਰਿਤ ਅਧਿਐਨ ਇੱਕ ਵੱਖਰੀ ਥਾਂ ਤੇ ਕੀਤਾ ਜਾਵੇਗਾ ਇੱਥੇ ਕੇਵਲ ਇਤਨਾ

ਅੰਕਿਤ ਕਰਨਾ ਹੀ ਉਚਿੱਤ ਹੈ ਕਿ ਇਸ ਕੜੀ ਨੇ ਪੰਜਾਬੀ ਨਾਟਕ ਦਾ ਮੂੰਹ ਮੱਥਾ ਸੰਵਾਰਨ ਤੇ ਨਿਖਾਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਆਤਮ ਜੀਤ ਦੇ ਨਾਟਕ, ਅੰਨ੍ਹੇ ਕਾਣੇ', 'ਚਾਬੀਆਂ', 'ਸਾਢੇ ਤਿੰਨ ਲੱਤਾਂ ਵਾਲਾ ਮੇਜ਼`, ਅਜਮੇਰ ਸਿੰਘ ਔਲਖ ਦੇ ਨਾਟਕ 'ਬਗਾਨੇ ਬੋਹੜ ਦੀ ਛਾਂ, ਇੱਕ ਰਮਾਇਣ ਹੋਰ' ਅਤੇ 'ਭੱਠ ਖੇੜਿਆਂ ਦਾ ਰਹਿਣਾ' ਵਿਚ ਅਤੇ ਡਾ: ਸਿੱਧੂ ਦੇ ਨਾਟਕ, ਕੱਲ੍ਹ ਕਾਲਜ ਬੰਦ ਰਵੇਗਾ', 'ਪੰਜ ਖੂਹ ਵਾਲੇ`, 'ਬਾਤ ਫੱਤੂ ਝੀਰ ਦੀ' ਅਤੇ 'ਮਸਤ ਮੇਘੋਵਾਲੀਆ' ਆਦਿ ਵਿਚ ਪ੍ਰਯੋਗਵਾਦੀ ਅੰਸ਼ ਵੇਖੇ ਜਾ ਸਕਦੇ ਹਨ। ਗੁਰਦਿਆਲ ਸਿੰਘ ਫੁੱਲ ਦਾ ਨਵਾਂ ਨਾਟਕ 'ਸੁਨਹਿਰੀ ਚਿੱਟਾ ਕਾਲਾ ਵੀ ਪ੍ਰਯੋਗਵਾਦੀ ਪ੍ਰਵਿਰਤੀ ਅਧੀਨ ਰਚਿਆ ਗਿਆ ਸਫਲ ਨਾਟਕ ਹੈ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ 1967 ਦੇ ਅਗਲੇ ਪਿਛਲੇ ਸਾਲਾਂ ਵਿਚ, ਪੰਜਾਬੀ ਦੇ ਪ੍ਰਯੋਗਵਾਦੀ ਨਾਟਕਕਾਰ ਵਿਸ਼ੇਸ਼ ਰੂਪ ਵਿਚ ਕਾਰਜਸ਼ੀਲ ਹੋਏ ਹਨ। ਪ੍ਰਯੋਗਵਾਦੀ ਦ੍ਰਿਸ਼ਟੀ ਤੋਂ ਪੰਜਾਬੀ ਨਾਟਕ ਵਿਕਾਸ ਦੇ ਅਗਲੇ ਦੌਰ ਵਿਚ ਪ੍ਰਵੇਸ਼ ਕਰਦਾ ਹੈ। ਇਸ ਪ੍ਰਵਿਰਤੀ ਅਧੀਨ ਰਚਿਆ ਗਿਆ ਨਾਟਕ ਰੰਗ ਮੰਚੀ ਸੰਭਾਵਨਾਵਾਂ ਨੂੰ ਵੀ ਵਿਕਾਸ ਦੀ ਰਾਹ ਤੇ ਪਾਉਂਦਾ ਹੈ ਅਤੇ ਵਿਸ਼ੇ ਦੀ ਵੰਨ-ਸੁਵੰਨਤਾ ਨੂੰ ਵੀ ਪ੍ਰਸਤੁਤ ਕਰਦਾ ਹੈ। ਮਨੋਵਿਗਿਆਨਕ ਤੱਤਾਂ ਦੇ ਆਧਾਰ ਤੇ ਨਾਟਕੀ ਕਾਰਜ ਦੀ ਸਿਰਜਨਾ ਆਰੰਭ ਕੀਤੀ ਗਈ ਹੈ। ਪ੍ਰਯੋਗਵਾਦੀ ਪ੍ਰਵਿਰਤੀ ਦੇ ਅਧਿਐਨ ਤੋਂ ਇਹ ਸਿੱਟੇ ਨਿਕਲਦੇ ਹਨ। ਪੰਜਾਬੀ ਨਾਟਕ ਨੇ ਵਿਅੰਗਕਾਰੀ ਨੂੰ ਨਾਟਕੀ-ਸੰਰਚਨਾ ਦਾ ਇੱਕ ਨੇਮ ਸਵੀਕਾਰ ਕਰ ਲਿਆ ਹੈ। ਜੀਵਨ-ਯਥਾਰਥ ਨੂੰ ਸਾਕਾਰ ਕਰਨ ਦੀ ਥਾਂ ਇਸ ਪ੍ਰਵਿਰਤੀ ਅਧੀਨ ਨਾਟ-ਯਥਾਰਥ ਦੀ ਸਿਰਜਨਾ ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਨਾਟਕੀ ਤਕਨੀਕ ਵਿਚ ਇਸ ਰੁਚੀ ਨੂੰ ਮੈਟਾਫਰ-ਰੁਚੀ ਵੀ ਆਖਿਆ ਜਾਂਦਾ ਹੈ। ਵਿਅੰਗ ਅਤੇ ਮੈਟਾਫਰ ਨੇ ਨਾਟਕ ਕਾਰਜ ਦੀ ਗਤੀ ਨੂੰ ਇਤਨਾ ਵਧੇਰੇ ਤੀਖਣ ਕਰ ਦਿੱਤਾ ਹੈ ਕਿ ਸੰਪੂਰਨ ਨਾਟਕ ਅਤੇ ਇਕਾਂਗੀ ਨਾਟਕ ਦਾ ਅੰਤਰ ਦਿਨੋਂ ਦਿਨ ਘਟਣ ਲੱਗ ਪਿਆ ਹੈ। ਇਸ ਪ੍ਰਵਿਰਤੀ ਅਧੀਨ ਪੰਜਾਬੀ ਦਾ ਨਾਟਕ ਇੱਕ ਥੀਏਟਰੀ ਭਾਸ਼ਾ ਦੀ ਸਿਰਜਨਾ ਪ੍ਰਤੀ ਸੁਹਿਰਦ ਰੂਪ ਵਿਚ ਰੁਚਿਤ ਹੋਣ ਪ੍ਰਤੀਤ ਹੁੰਦਾ ਹੈ। ਨਿਰਸੰਦੇਹ ਇਸ ਨਾਟਕ ਨੇ ਆਮ ਲੋਕਾਂ ਤੱਕ ਅਜੇ ਆਪਣੀ ਪਹੁੰਚ ਨਹੀਂ ਬਣਾਈ ਪਰ ਪੰਜਾਬੀ ਨਾਟਕ ਅਤੇ ਰੰਗ ਮੰਚ ਦੇ ਵਿਕਾਸ ਵਿਚ ਇਸ ਪ੍ਰਵਿਰਤੀ ਨੇ ਵਡਮੁੱਲਾ ਤੇ ਸ਼ਲਾਘਾਯੋਗ ਹਿੱਸਾ ਪਾਇਆ ਹੈ।

ਪ੍ਰਤੀਕਵਾਦੀ ਪ੍ਰਵਿਰਤੀ-

ਜਿਵੇਂ ਕਿ ਅਸੀਂ ਉੱਪਰ ਵੀ ਜ਼ਿਕਰ ਕਰ ਆਏ ਹਾਂ ਕਿ ਪੰਜਾਬੀ ਨਾਟਕ ਵਿਚ ਪ੍ਰਤੀਕਵਾਦੀ ਪ੍ਰਵਿਰਤੀ ਦਾ ਪ੍ਰਵੇਸ਼ ਬਲਵੰਤ ਗਾਰਗੀ ਦੀਆਂ ਨਾਟ-ਰਚਨਾਵਾਂ ਨਾਲ ਹੁੰਦਾ ਹੈ। ਪ੍ਰਤੀਕਮਈ ਸ਼ੈਲੀ ਦਾ ਮੋਢੀ ਬਲਵੰਤ ਗਾਰਗੀ ਹੀ ਹੈ ਅਤੇ ਉਸ ਦੇ ਮੁੱਢਲੇ ਨਾਟਕ, ਕੁਆਰੀ ਟੀਸੀ, ਪਤਨ ਦੀ ਬੇੜੀ, ਬੇਬੇ' ਅਤੇ 'ਦੁੱਧ ਦੀਆਂ ਧਾਰਾਂ ਵਿਚ ਬੜੇ ਸਫਲ ਪ੍ਰਤੀਕਾਂ ਦੀ ਵਰਤੋਂ ਹੋਈ ਹੈ। ਪ੍ਰਤੀਕਵਾਦੀ ਪ੍ਰਵਿਰਤੀ ਉੱਪਰ ਜਗਤ ਪ੍ਰਸਿੱਧ ਨਾਟਕਕਾਰ ਸਟਰਿੰਡਬਰਗ ਦਾ ਅਤੇ ਹੋਰ ਨਾਟਕਕਾਰਾਂ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਪ੍ਰਤੀਕ ਡੂੰਘੇ ਅਰਥਾਂ ਨੂੰ ਕਲਾਮਈ ਢੰਗ ਰਾਹੀਂ ਸਪਸ਼ਟ ਕਰਨ ਦੀ ਧਾਰਨਾ ਦਾ ਲਖਾਇਕ ਹੁੰਦਾ ਹੈ। ਨਾਟਕ ਦੇ ਖੇਤਰ ਵਿਚ ਜਿਹੜੀ ਗੱਲ ਨਾਟਕਕਾਰ ਸਿੱਧੇ ਰੂਪ ਵਿਚ ਕਰਨ ਦੇ ਸਮਰੱਥ ਨਹੀਂ ਹੁੰਦਾ, ਉਸ ਨੂੰ ਪ੍ਰਤੀਕਾਂ ਦੀ ਸਹਾਇਤਾ ਨਾਲ ਕਲਾਮਈ ਰੂਪ ਵਿਚ ਸਾਕਾਰ ਕੀਤਾ ਜਾਂਦਾ ਹੈ। ਆਮ ਤੌਰ ਤੇ ਲਿੰਗਕ-ਉਲਾਰ ਭਾਵਨਾ ਨੂੰ ਵਿਅਕਤ ਕਰਨ ਲਈ ਇਸ ਦੀ ਵਰਤੋਂ ਵਧੇਰੇ ਹੋਈ ਹੈ। ਬਲਵੰਤ ਗਾਰਗੀ ਦੇ ਨਾਟਕ 'ਘੁੱਗੀ, 'ਕਣਕ ਦੀ ਬੱਲੀ", "ਪੱਤਣ ਦੀ ਬੇੜੀ', 'ਧੂਣੀ ਦੀ ਅੱਗ' ਅਤੇ 'ਲੋਹਾ ਕੁੱਟ ਆਦਿ ਇਸ ਪ੍ਰਵਿਰਤੀ ਦੇ ਮਹੱਤਵਪੂਰਨ ਨਾਟਕ ਹਨ। ਇਨ੍ਹਾਂ ਨਾਟਕਾਂ ਵਿਚ ਪ੍ਰਤੀਕ ਮਈ ਸ਼ੈਲੀ ਦੁਆਰਾ ਨਾਟਕੀ-ਮੰਤਵ ਦੀ ਸਾਧਨਾ ਕੀਤੀ ਗਈ ਹੈ। ਕਣਕ ਦੀ ਬੱਲੀ' ਵਿਚ ਕਣਕ ਦੇ ਸਿੱਟੇ ਦੇ ਪ੍ਰਤੀਕ ਨੂੰ ਬੜੇ ਹੀ ਸੁੰਦਰ ਢੰਗ ਨਾਲ ਸਾਕਾਰ ਕੀਤਾ ਗਿਆ ਹੈ। 'ਧੂਣੀ ਦੀ ਅੱਗ', 'ਸੌਂਕਣ' ਅਤੇ "ਲੋਹਾ ਕੁੱਟ` ਵਿਚ ਕਾਮਕ-ਚੁੱਚੀਆਂ ਦਾ ਚਿੰਨ੍ਹਾਤਮਕ ਪ੍ਰਗਟਾਅ ਕੀਤਾ ਗਿਆ ਹੈ। ਇਨ੍ਹਾਂ ਨਾਟਕਾਂ ਵਿਚ, ਪਤਣ ਦੀ ਬੇੜੀ, ਘੁੱਗੀ', 'ਅਹਰਣ', 'ਸੰਤ ਦੀ ਧੂਣੀ ਅਤੇ 'ਕਣਕ ਦੀ ਬਲੀ ਆਦਿ ਬੜੇ ਭਾਵ ਪੂਰਤ ਪ੍ਰਤੀਕ ਹਨ। ਇਹ ਸਾਰੇ ਪਾਤਰ ਸਮਕਾਲੀ ਸਮਾਜ ਦੀਆਂ ਮਨੁੱਖੀ ਭਾਵਨਾਵਾਂ ਦੀ ਦਾਸਤਾਨ ਬਣ ਕੇ ਪੇਸ਼ ਹੋਏ ਹਨ। ਪ੍ਰਤੀਕਵਾਦੀ ਪ੍ਰਵਿਰਤੀ ਅਧੀਨ ਕਪੂਰ ਸਿੰਘ ਘੁੰਮਣ ਦੇ ਨਾਟਕ "ਪੁਤਲੀ ਘਰ`, ਅਤੀਤ ਦੇ ਪਰਛਾਵੇਂ, ਬੁਝਾਰਤ' ਅਤੇ 'ਪਾਗਲ ਲੋਕ ਦਾ ਵੀ ਵਿਸ਼ੇਸ਼ ਸਥਾਨ ਹੈ। ਪੁਤਲੀ ਘਰ ਦੇ ਸਾਰੇ ਪਾਤਰ ਕਠ-ਪੁਤਲੀਆਂ ਹਨ ਜਿਨ੍ਹਾਂ ਦੀ ਡੋਰ ਕਿਸੇ ਹੋਰ ਦੇ ਹੱਥ ਹੈ। ਪ੍ਰਤੀਕਵਾਦੀ ਪ੍ਰਵਿਰਤੀ ਅਧੀਨ ਪ੍ਰਭਾਵਵਾਦੀ ਅੰਸ਼ਾਂ ਨੂੰ ਗ੍ਰਹਿਣ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਬਲਵੰਤ ਗਾਰਗੀ ਅਤੇ ਕਪੂਰ ਸਿੰਘ ਘੁੰਮਣ ਨੇ ਇਸ ਰੁਚੀ ਨੂੰ ਵਧੇਰੇ ਗ੍ਰਹਿਣ ਕੀਤਾ ਹੈ। ਘੁੰਮਣ ਦੇ ਨਾਟਕ "ਪੁਤਲੀ ਘਰ ਵਿਚ ਪੁਰਾਤਨ ਸਮੇਂ ਦੇ ਪੁਤਲੀ ਨਾਟ ਨੂੰ ਪ੍ਰਤੀਕ ਰੂਪ ਵਿਚ ਸਿਰਜ ਕੇ ਆਧੁਨਿਕ ਵਰਤਮਾਨ ਕਾਲ ਵਿਚ ਹੋ ਰਹੇ ਮਨੁੱਖੀ ਤਲੀ ਨਾਟ ਦਾ ਪ੍ਰਭਾਵ ਉਲੀਕਣ ਦਾ ਉਪਰਾਲਾ ਕੀਤਾ ਗਿਆ ਹੈ। ਘੁੰਮਣ ਦੇ ਨਾਟਕ

ਅਤੀਤ ਦੇ ਪਰਛਾਵੇਂ ਅਤੇ 'ਮੂਕ ਸੰਸਾਰ ਵਿਚ ਵੱਖਰੀ ਕਿਸਮ ਦੇ ਪ੍ਰਤੀਕ ਜਗਤ ਦੀ ਸਿਰਜਨਾ ਕੀਤੀ ਗਈ ਹੈ। ਸੁਰਜੀਤ ਸਿੰਘ ਸੇਠੀ ਦੇ ਨਾਟਕ ਕਿੰਗ ਮਿਰਜ਼ਾ ਤੇ ਸਪੇਰਾ` ਵਿਚ ਤਿੰਨ ਕੁੱਤਿਆਂ ਨੂੰ ਆਧੁਨਿਕ ਯੁੱਗ ਦੇ ਪਰਿਪੇਖ ਵਿਚ ਪੇਸ਼ ਕਰਕੇ ਸਫਲ ਪ੍ਰਤੀਕ ਸਿਰਜੇ ਗਏ ਹਨ।

ਸਮੁੱਚੇ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਦੀਆਂ ਮੂਲ-ਪ੍ਰਵਿਰਤੀਆਂ ਵਿਚੋਂ ਪ੍ਰਤੀਕਵਾਦੀ ਪ੍ਰਵਿਰਤੀ ਵੀ ਇੱਕ ਮਹੱਤਵਪੂਰਨ ਪ੍ਰਵਿਰਤੀ ਹੈ। ਇਸ ਪ੍ਰਵਿਰਤੀ ਦਾ ਪ੍ਰਵੇਸ਼ ਪ੍ਰਭਾਵ ਵਾਦੀ ਥੀਏਟਰ ਦੇ ਪ੍ਰਭਾਵ ਅਧੀਨ ਪੰਜਾਬੀ ਨਾਟਕ ਵਿਚ ਹੋਇਆ ਹੈ। ਇਸ ਪ੍ਰਵਿਰਤੀ ਦਾ ਮੋਢੀ ਅਤੇ ਮੁੱਖ ਪ੍ਰੇਰਕ ਬਲਵੰਤ ਗਾਰਗੀ ਹੈ। ਪਰ ਕਪੂਰ ਸਿੰਘ ਘੁੰਮਣ, ਸੁਰਜੀਤ ਸਿੰਘ ਸੇਠੀ, ਗੁਰਚਰਨ ਸਿੰਘ ਜਸੂਜਾ, ਸੀ. ਐਲ. ਨਾਰੰਗ, ਅਮਰੀਕ ਸਿੰਘ ਅਤੇ ਆਤਮ ਜੀਤ ਵਰਗੇ ਨਾਟਕਾਰਾਂ ਨੇ ਇਸ ਪ੍ਰਵਿਰਤੀ ਵਾਲੇ ਸਫਲ ਨਾਟਕ ਰਚੇ ਹਨ। ਪੰਜਾਬੀ ਨਾਟਕ ਅਤੇ ਰੰਗ ਮੰਚ ਦੀ ਉੱਨਤੀ ਵਿਚ ਇਸ ਪ੍ਰਵਿਰਤੀ ਨੇ ਵੀ ਇੱਕ ਮਹੱਤਵਪੂਰਨ ਹਿੱਸਾ ਪਾਇਆ ਹੈ। ਅਸਲ ਵਿਚ ਪੰਜਾਬੀ ਨਾਟਕ ਦੇ ਨਵੀਨ ਝੁਕਾਵਾਂ ਨੂੰ ਜਨਮ ਦੇਣ ਵਾਲੀ ਇਹੀ ਪ੍ਰਵਿਰਤੀ ਹੈ ਜਿਸ ਨੇ ਪੰਜਾਬੀ ਨਾਟਕ ਅਤੇ ਰੰਗ ਮੰਚ ਦੀਆਂ ਸੰਭਾਵਨਾਵਾਂ ਨੂੰ ਸਿਖਰ ਕੀਤਾ ਹੈ।

ਐਬਸਰਡ ਨਾਟ-ਪ੍ਰਵਿਰਤੀ :

ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਸੁਰਜੀਤ ਸਿੰਘ ਸੇਠੀ ਦੇ ਸ਼ਬਦਾਂ ਵਿਚ 'ਐਬਸਰਡ ਦਾ ਥੀਏਟਰ ਨਿਰਦੇਸ਼ਕ ਦਾ ਥੀਏਟਰ ਘੱਟ ਹੈ, ਨਾਟਕਕਾਰ ਦਾ ਥੀਏਟਰ ਵੱਧ ਹੈ। ਐਬਸਰਡ ਦਾ ਨਾਟਕਕਾਰ ਮਨੁੱਖੀ ਸਥਿਤੀ ਦੀ ਨਿਰਾਰਥਕਤਾ ਨੂੰ ਪ੍ਰਗਟਾਉਂਦਾ ਹੈ ਪਰ ਉਸ ਦੇ ਪ੍ਰਗਟਾਅ ਵਿਚ ਤਰਕ ਦੀ ਕੋਈ ਥਾਂ ਨਹੀਂ।' ਐਲਬੇਅਰ ਕਾਮੂ ਵਰਤਮਾਨ ਜ਼ਿੰਦਗੀ ਨੂੰ ਅਰਥਹੀਣ ਸਮਝਦਾ ਹੈ ਅਤੇ ਆਤਮਘਾਤ ਕਰਨ ਬਾਰੇ ਵਿਚਾਰ ਕਰਦਾ ਹੈ। ਉਸ ਦਾ ਵਿਚਾਰ ਹੈ ਕਿ ਵਰਤਮਾਨ ਦੁਨੀਆ ਵਿਚ ਹਨੇਰਾ ਪਸਰਿਆ ਹੋਇਆ ਹੈ ਅਤੇ ਇਸ ਹਨੇਰੇ ਵਿਚ ਮਨੁੱਖ ਨਿਰਾਰਥਕ ਰੂਪ ਵਿਚ ਭਟਕ ਰਿਹਾ ਹੈ। ਪ੍ਰਸਿੱਧ ਪੱਛਮੀ ਵਿਦਵਾਨ ਇਉਨੈਸਕੋ ਨੇ ਕਾਫਕਾ' ਬਾਰੇ ਲਿਖਦਿਆਂ ਹੋਇਆਂ ਐਬਸਰਡ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ :

ਐਬਸਰਡ ਉਹ ਹੈ ਜਿਸਦਾ ਕੋਈ ਮੰਤਵ ਨਾ ਹੋਵੇ ......ਅਧਿਆਤਮਕ ਅਤੇ ਸੰਸਕ੍ਰਿਤਕ ਜੜ੍ਹਾਂ ਤੋਂ ਅਲੱਗ ਕੀਤਾ ਗਿਆ ਮਨੁੱਖ, ਇਸ ਦੁਨੀਆ ਵਿਚ ਗੁਆਚਿਆ ਹੋਇਆ ਮਹਿਸੂਸ ਕਰ ਰਿਹਾ ਹੈ। ਉਸ ਦੀ ਹਰ ਹਰਕਤ ਅਰਥ-ਰਹਿਤ, ਫ਼ਜ਼ੂਲ ਤੇ ਐਬਸਰਡ ਬਣ ਗਈ ਹੈ। ਪੱਛਮ ਵਿਚ ਐਬਸਰਡ ਪ੍ਰਵਿਰਤੀ ਨੂੰ ਬੜ੍ਹਾਵਾ ਦੇਣ ਵਾਲੇ ਨਾਟਕਕਾਰ ਹਨ ਬੈਕਟ, ਐਦੇਵ, ਇਉਨੈਸਕੋ, ਜੈਨੇ ਅਤੇ ਐਲਬੀ ਆਦਿ। ਇਨ੍ਹਾਂ ਸਾਰਿਆਂ ਨੇ ਮਨੁੱਖੀ ਜ਼ਿੰਦਗੀ ਨੂੰ ਐਬਸਰਡਟੀ (ਊਲ ਜਲੂਲਤਾ) ਦੇ ਰੂਪ ਵਿਚ ਸਾਕਾਰ ਕੀਤਾ ਹੈ। ਪੰਜਾਬੀ ਨਾਟਕ ਵਿਚ ਐਬਸਰਡਟੀ ਦੀ ਪ੍ਰਵਿਰਤੀ ਪੱਛਮੀ ਨਾਟਕਕਾਰਾਂ ਦੇ ਪ੍ਰਭਾਵ ਅਧੀਨ ਹੀ ਹੋਂਦ ਵਿਚ ਆਈ ਹੈ। ਸੈਮਿਉਲ ਬੈਕਟ ਅਤੇ ਇਉਨੈਸਕੋ ਦੇ ਪ੍ਰਭਾਵ ਅਧੀਨ ਪੰਜਾਬੀ ਨਾਟਕਕਾਰਾਂ ਨੇ ਵੀ ਇਸ ਪ੍ਰਵਿਰਤੀ ਨੂੰ ਕਿਸੇ ਹੱਦ ਤੱਕ ਅਪਣਾਇਆ ਹੈ। ਪੰਜਾਬੀ ਨਾਟਕ ਦੀ ਇਸ ਪ੍ਰਵਿਰਤੀ ਤੇ ਹੈਡਗਰ', 'ਸਾਰਤਰ ਅਤੇ ਐਲਬੇਅਰ ਕਾਮ' ਦੀ ਅਤਿਵਾਦੀ ਫ਼ਿਲਾਸਫ਼ੀ ਦਾ ਪ੍ਰਭਾਵ ਵੀ ਪਿਆ ਹੈ। ਇਸ ਪ੍ਰਭਾਵ ਅਧੀਨ ਅਜੋਕਾ ਐਬਸਰਡ ਨਾਟਕ ਸਮਕਾਲੀ ਦਰਸ਼ਨ ਦਾ ਹੀ ਰੂਪਾਂਤਰਨ ਕਰਦਾ ਹੈ। ਪੰਜਾਬੀ ਵਿਚ ਐਬਸਰਡ ਰੁਚੀਆਂ ਦੇ ਅੰਸ਼ ਲੱਭਦਿਆਂ ਹੋਇਆਂ ਅਸੀਂ ਭਾਵੇਂ ਭਾਈ ਵੀਰ ਸਿੰਘ ਦੇ ਨਾਟਕ 'ਰਾਜਾ ਲਖਦਾਤਾ ਸਿੰਘ' ਤੱਕ ਪੁੱਜ ਸਕਦੇ ਹਾਂ ਪਰ ਚੇਤੰਨ ਰੂਪ ਵਿਚ ਐਬਸਰਡ ਮਾਹੌਲ ਦੀ ਸਿਰਜਨਾ ਕਰਨ ਵਿਚ ਬਲਵੰਤ ਗਾਰਗੀ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਮਾਹੌਲ ਦੀ ਪੈਦਾਵਾਰ ਲੋਹਾ ਕੁੱਟ ਦੀ ਸੰਤੀ ਜਦੋਂ ਧੀ ਦੇ ਉਧਾਲੇ ਮਗਰੋਂ ਪਰੰਪਰਾ ਨੂੰ ਛਿੱਕੇ ਟੰਗ ਕੇ ਗੱਜਣ ਨਾਲ ਉੱਧਲ ਜਾਂਦੀ ਹੈ ਤਾਂ ਇੱਕ ਪ੍ਰਕਾਰ ਦਾ ਐਬਸਰਡ ਵਾਤਾਵਰਨ ਹੋਂਦ ਵਿਚ ਆਉਂਦਾ ਪ੍ਰਤੀਤ ਹੁੰਦਾ ਹੈ। ਪੰਜਾਬੀ ਨਾਟਕਕਾਰ ਹਰਸ਼ਰਨ ਸਿੰਘ ਦਾ ਨਾਟਕ ਉਦਾਸ ਲੋਕ' ਵੀ ਐਬਸਰਡ ਪ੍ਰਵਿਰਤੀ ਦੇ ਅੰਸ਼ਾਂ ਵਾਲਾ ਨਾਟਕ ਹੈ ਕਿਉਂਕਿ ਇਸ ਦਾ ਹਰ ਪਾਤਰ ਦੁਨੀਆ ਨੂੰ ਇੱਕ ਮਜ਼ਾਕ ਸਮਝਦਾ ਹੈ। ਇਹ ਰੁਚੀ ਐਬਸਰਡ ਰੁਚੀ ਹੀ ਹੈ। ਹਰਸਰਨ ਸਿੰਘ ਤੋਂ ਬਾਅਦ ਕੁੱਝ ਹੋਰ ਪੰਜਾਬੀ ਨਾਟਕਕਾਰ ਵੀ ਐਬਸਰਡ ਥੀਏਟਰ ਦੇ ਨਾਟਕਕਾਰ ਕਹੇ ਜਾ ਸਕਦੇ ਸਨ। ਪਰ ਐਬਸਰਡ ਦੀ ਆਪਣੇ ਆਪ ਵਿਚ ਕੋਈ ਮਹੱਤਵਪੂਰਨ ਲਹਿਰ ਨਹੀਂ ਹੈ। ਇਹ ਨਾਟਕੀ-ਸੰਰਚਨਾ ਦਾ ਇੱਕ ਨਵਾਂ ਢੰਗ ਹੀ ਹੈ। ਐਬਸਰਡ ਆਮ ਤੌਰ ਤੇ ਸੁਖਾਂਤਕਾਰੀ ਰੁਚੀਆਂ ਦਾ ਧਾਰਨੀ ਹੀ ਹੁੰਦਾ ਹੈ। ਪੰਜਾਬੀ ਦੇ ਨਵੀਨ : ਐਬਸਰਡ ਕਿਸਮ ਦੇ ਨਾਟਕਕਾਰਾਂ ਵਿਚੋਂ ਸੁਰਜੀਤ ਸਿੰਘ ਸੇਠੀ (ਕਿੰਗ ਮਿਰਜ਼ਾ ਤੇ ਸਪੇਰਾ), ਕਪੂਰ ਸਿੰਘ ਘੁੰਮਣ (ਪਾਗਲ ਲੋਕ, ਅਤੀਤ ਦੇ ਪਰਛਾਵੇਂ, ਮੂਕ ਸੰਸਾਰ, ਪੁਤਲੀ ਘਰ), ਆਤਮਜੀਤ (ਅੰਨ੍ਹੇ, ਕਾਣੇ, ਮੁਰਗੀਖ਼ਾਨਾ, ਚਾਬੀਆਂ, ਪੱਲੂ ਦੀ ਉਡੀਕ) ਆਦਿ ਵਰਣਨ ਯੋਗ ਨਾਟਕਕਾਰ ਹਨ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਦੀਆਂ ਬੁਨਿਆਦੀ ਪ੍ਰਵਿਰਤੀਆਂ ਵਿਚ ਐਬਸਰਡ ਨਾਟ-ਪ੍ਰਵਿਰਤੀ ਦਾ ਵੀ ਇੱਕ ਖ਼ਾਸ ਥਾਂ ਹੈ। ਇਸ ਪ੍ਰਵਿਰਤੀ ਅਧੀਨ ਲਿਖੇ ਗਏ ਨਾਟਕ ਭਾਵੇਂ ਜਨਸਧਾਰਣ ਨਾਲ ਤਾਂ ਨਹੀਂ ਜੁੜ ਸਕੇ ਪਰ ਇੱਕ ਖ਼ਾਸ ਤੇ ਸੀਮਤ ਵਰਗ ਦੇ

ਦਰਸ਼ਕਾਂ ਅਤੇ ਪਾਠਕਾਂ ਲਈ ਖਿੱਚ ਦਾ ਕਾਰਨ ਜ਼ਰੂਰ ਬਣੇ ਹਨ। ਅਜਿਹੇ ਨਾਟਕ ਵੱਡੇ ਇਕੱਠ ਸਾਹਮਣੇ ਵਧੇਰੇ ਸਫਲ ਨਹੀਂ ਹੁੰਦੇ ਸਗੋਂ ਗਿਣਤੀ ਦੇ ਬੰਧਕ ਪਾਤਰ ਹੀ ਇਸ ਦੇ ਰਸ ਨੂੰ ਮਾਣ ਸਕਦੇ ਹਨ ਤੇ ਇਸ ਦੇ ਭਾਵ ਤੋਂ ਜਾਣੂ ਹੋ ਸਕਦੇ ਹਨ।

### ਪੰਜਾਬੀ ਨਾਟਕ ਦੇ ਨਵੀਨਤਮ ਝੁਕਾਅ-ਸਭਿਆਚਾਰਕ ਮੁੱਖਤਾ-ਲੋਕ ਨਾਟ ਪ੍ਰਵਿਰਤੀ

ਪਿਛਲੇ 10 ਸਾਲਾਂ ਦੇ ਸਮੇਂ ਤੋਂ ਪੰਜਾਬੀ ਨਾਟਕ ਵਿਚ ਜੋ ਨਵੀਨ ਝੁਕਾਅ ਆਏ ਹਨ, ਉਨ੍ਹਾਂ ਵਿਚੋਂ ਬਹੁਤਿਆਂ ਦਾ ਵਰਣਨ ਵੱਖ ਵੱਖ ਪ੍ਰਵਿਰਤੀਆਂ ਦੇ ਰੂਪ ਵਿਚ ਅਸੀਂ ਕਰ ਚੁੱਕੇ, ਹਾਂ। ਇੱਥੇ ਅਸੀਂ ਪੰਜਾਬੀ ਨਾਟਕ ਦੀ ਨਵੀਨਤਮ ਰੁਚੀ ਆਪਣੀ ਸਭਿਆਚਾਰਕ ਪਛਾਣ ਦਾ ਵਿਸ਼ੇਸ਼ ਰੂਪ ਵਿਚ ਵਰਣਨ ਕਰਾਂਗੇ। ਇਸ ਪ੍ਰਵਿਰਤੀ ਨੇ 1980 ਈਸਵੀ ਤੋਂ ਬਾਅਦ ਵਧੇਰੇ ਜ਼ੋਰ ਪਕੜਿਆ ਹੈ। ਇਸ ਰੁਚੀ ਦਾ ਪ੍ਰਤੀਪਾਦਨ ਕਰਨ ਵਾਲੇ ਪ੍ਰਮੁੱਖ ਨਾਟਕਕਾਰ ਡਾ. ਆਤਮਜੀਤ, ਡਾ. ਚਰਨਦਾਸ ਸਿੱਧੂ ਅਤੇ ਪ੍ਰੋ. ਅਜਮੇਰ ਸਿੰਘ ਔਲਖ ਹਨ। 'ਬਲਿਊ ਸਟਾਰ ਉਪਰੇਸ਼ਨ ਤੋਂ ਬਾਅਦ ਪੰਜਾਬ ਵਿਚ ਇੱਕ ਵਿਸ਼ੇਸ਼ ਪ੍ਰਕਾਰ ਦਾ ਸਭਿਆਚਾਰਕ ਅਤੇ ਰਾਜਨੀਤਕ ਸੰਕਟ ਬਣਿਆ ਹੋਇਆ ਹੈ। ਇਸ ਸੰਕਟ ਨੇ ਹਰ ਪੰਜਾਬੀ ਦੇ ਮਨ ਉੱਤੇ ਇੱਕ ਸਹਿਮ, ਡਰ ਅਤੇ ਅਨਿਸਚਿਤਤਾ ਦਾ ਪ੍ਰਭਾਵ ਪਾਇਆ ਹੋਇਆ ਹੈ। ਪੰਜਾਬੀ ਦੇ ਸਾਹਿਤਕਾਰ ਵੀ ਇਸ ਸਥਿਤੀ ਤੋਂ ਕਾਫ਼ੀ ਚਿੰਤਾਵਾਨ ਹਨ। ਉਹ ਸਮੇਂ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਨਾਵਲ, ਨਾਟਕ, ਕਹਾਣੀ ਅਤੇ ਕਵਿਤਾ ਦੇ ਖੇਤਰ ਵਿਚ ਸਭਿਆਚਾਰਕ ਸਾਂਝ ਦੀ ਪੁਨਰਜੋਤ ਲਈ ਯਤਨਸ਼ੀਲ ਹਨ। ਇਸ ਵਿਸ਼ੇਗਤ ਸਭਿਆਚਾਰਕ ਮੁਕਤਾ ਤੋਂ ਬਿਨਾ ਲੋਕ-ਨਾਟ-ਸ਼ੈਲੀਆਂ ਪ੍ਰਤੀ ਵੀ ਸਾਡੇ ਨਾਟਕਕਾਰ ਪਿਛਲੇ ਡੇਢ ਦਹਾਕੇ ਤੋਂ ਕਾਫ਼ੀ ਰੁਚਿਤ ਜਾਪਦੇ ਹਨ। ਅਜਿਹੇ ਨਾਟਕਕਾਰਾਂ ਵਿਚ ਕਪੂਰ ਸਿੰਘ ਘੁੰਮਣ, ਗੁਰਸ਼ਰਨ ਸਿੰਘ, ਗਰਗ, ਡਾ: ਹਰਚਰਨ ਸਿੰਘ, ਸੁਰਜੀਤ ਸਿੰਘ ਸੇਠੀ, ਆਤਮਜੀਤ, ਅਜਮੇਰ ਸਿੰਘ ਔਲਖ ਅਤੇ ਡਾ: ਚਰਨ ਦਾਸ ਸਿੱਧੂ ਦੇ ਨਾਮ ਵਰਣਨ ਯੋਗ ਹਨ। ਇਸ ਲਈ ਉਪਰੋਕਤ ਨਵੀਨਤਮ ਝੁਕਾਅ ਨਵੀਆਂ ਨਾਟ ਪ੍ਰਵਿਰਤੀਆਂ ਨੂੰ ਸਥਾਪਿਤ ਕਰਕੇ ਪੰਜਾਬੀ ਦੀ ਇੱਕ ਸੁਤੰਤਰ ਨਾਟ-ਪਰੰਪਰਾ ਨੂੰ ਸਥਾਪਿਤ ਕਰਨ ਦੇ ਆਹਰ ਵਿਚ ਹਨ। ਇਹ ਨਾਟ-ਪਰੰਪਰਾ ਹਰ ਪ੍ਰਕਾਰ ਦੇ ਵਿਦੇਸ਼ੀ ਪ੍ਰਭਾਵਾਂ ਤੋਂ ਮੁਕਤ ਹੋਵੇਗੀ ਅਤੇ ਇਸ ਦਾ ਖ਼ਮੀਰ ਆਪਣੇ ਸੁਦੇਸ਼ੀ ਸਭਿਆਚਾਰ ਵਿਚ ਹੋਵੇਗਾ। ਅਜਿਹੇ ਯਤਨ ਇੱਕ ਮੌਲਿਕ ਤੰਤਰ ਤੇ ਵਿਕਸਤ ਪੰਜਾਬੀ ਨਾਟ ਸ਼ਾਸਤਰ ਦੀ ਸਥਾਪਤੀ ਲਈ ਆਧਾਰ ਸ਼ਿਲਾ ਹਨ।

"ਇੱਕ ਰਾਮਾਇਣ ਹੋਰ' 'ਤੂੜੀ ਵਾਲਾ ਕੋਠਾ, ਅਤੇ 'ਬਗਾਨੇ ਬੋਹੜ ਦੀ ਛਾਂ' ਨਾਟਕਾਂ ਦੀਆਂ ਜੜਾਂ ਪੰਜਾਬੀ ਸਭਿਆਚਾਰ ਦੇ ਪੇਂਡੂ ਸਮਾਜ ਵਿਚ ਬਹੁਤ ਡੂੰਘੀਆਂ ਧਸੀਆਂ ਹੋਈਆਂ ਹਨ। "ਅੰਨ੍ਹੇ ਨਿਸ਼ਾਨਚੀ' ਨਾਟਕ ਵਿਚ ਪੰਜਾਬ ਦੇ ਸਾਂਝੇ ਸਭਿਆਚਾਰ ਵਿਚ ਵੱਸਦੀਆਂ ਭਿੰਨ ਭਿੰਨ ਸ਼੍ਰੇਣੀਆਂ ਦੇ ਸੁਭਾਅ ਦਾ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਗਿਆ ਹੈ। ਇਹ ਨਾਟਕ 1947 ਦੀ ਦੇਸ਼-ਵੰਡ ਦੇ ਮਾਰੇ ਪ੍ਰਭਾਵ ਨੂੰ ਵੀ ਪੇਸ਼ ਕਰਦਾ ਹੈ। ਇਸ ਨਾਟਕ ਦੀ ਮਹਾਨਤਾ ਉਨ੍ਹਾਂ ਸੁਝਾਉ ਅੰਸ਼ਾਂ ਵਿਚ ਹੋਈ ਹੈ ਜਿਹੜੇ ਅਜੋਕੇ ਪੰਜਾਬ ਦੀ ਵਰਤਮਾਨ ਰਾਜਨੀਤਕ, ਸਮਾਜਿਕ, ਧਾਰਮਿਕ ਅਵਸਥਾ ਨੂੰ ਨਿਰਪੱਖ ਕਰਦੇ ਹਨ। ਇਸ ਨਾਟਕ ਵਿਚ "ਔਲਖ' ਨੇ ਸਭਿਆਚਾਰਕ ਮੁੱਖਤਾ ਦੀ ਦ੍ਰਿਸ਼ਟੀ ਤੋਂ ਪੰਜਾਬ ਵਾਸੀਆਂ ਨੂੰ ਅਜੋਕੇ ਸਹਿਮ ਭਰੇ ਮਾਹੌਲ ਵਿਚ ਸਾਂਝੀਵਾਲਤਾ ਦਾ ਸੰਦੇਸ਼ ਦੇਣਾ ਚਾਹਿਆ। ਉਸ ਅਨੁਸਾਰ ਸਮੁੱਚੇ ਭਾਰਤ ਅਤੇ ਵਿਸ਼ੇਸ਼ ਕਰ ਕੇ ਪੰਜਾਬੀਆਂ ਦੇ ਡਰ, ਸਹਿਮ ਅਤੇ ਨਿਰਾਸ਼ਾ ਦਾ ਕਾਰਨ ਅੰਨ੍ਹੇ ਸਿਆਸਤਦਾਨ ਹਨ, ਜਿਹੜੇ ਆਪਣੇ ਸੌੜੇ ਹਿਤਾਂ ਲਈ ਮਾਨਵਤਾ ਦਾ ਖ਼ੂਨ ਡੋਲਣ ਤੋਂ ਗੁਰੇਜ਼ ਨਹੀਂ ਕਰਦੇ। ਔਲਖ ਦਾ ਨਾਟਕ 'ਸਿਧਾ ਰਾਹ ਅਤੇ ਵਿੰਗਾ ਬੰਦਾ ਐਬਸਰਡ ਸ਼ੈਲੀ ਦੇ ਪ੍ਰਭਾਵ ਵਾਲਾ ਨਾਟਕ ਹੈ। ਇਸ ਵਿਚ ਅਜੋਕੇ ਬੁਰਜ਼ੂਆ ਰੁਚੀਆਂ ਦੀ ਧਾਰਨੀ ਪ੍ਰਬੰਧਕੀ ਸ਼ਰੇਣੀ ਦੇ ਅਫ਼ਸਰਾਂ ਦੀ ਜ਼ਹਿਨੀਅਤ ਤੇ ਭਰਵਾਂ ਵਿਅੰਗ ਲਗਾਇਆ ਗਿਆ ਹੈ। ਅਜਿਹਾ ਨਿਜ਼ਾਮ ਪ੍ਰਬੰਧ ਜਿਹੜਾ ਸਿੱਧੀਆਂ ਨੇ ਪੁੱਠਾ ਅਤੇ ਪੁੱਠਿਆਂ ਨੂੰ ਸਿੱਧਾ ਸਾਬਤ ਕਰਦਾ ਹੈ, ਆਮ ਜਨਤਾ ਵਿਚ ਉਦਾਸੀਨਤਾ ਦੀ ਰੁਚੀ ਪੈਦਾ ਕਰਦਾ ਹੈ। ਅਜਿਹੇ ਪ੍ਰਬੰਧ ਕੋਲੋਂ ਜਨਤਕ ਕਲਿਆਣ ਦੀ ਆਸ ਨਹੀਂ ਰੱਖੀ ਜਾ ਸਕਦੀ। ਡਾ. ਚਰਨ ਦਾਸ ਸਿੱਧੂ 1973 ਈਸਵੀ ਵਿਚ ਇੰਦੂਮਤੀ ਸਤਿਦੇਵ ਨਾਟਕ ਲਿਖ ਕੇ ਪੰਜਾਬੀ ਨਾਟਕ ਵਿਚ ਪ੍ਰਵੇਸ਼ ਕਰਦਾ ਹੈ। ਉਸ ਦੇ ਗਿਆਰਾਂ ਨਾਟਕ ਹੁਣ ਤੱਕ ਛੱਪ ਚੁੱਕੇ ਹਨ ਅਤੇ ਦੋ ਨਾਟਕ 'ਪਦ ਰੇਖਾ ਗ੍ਰੰਥ' ਅਤੇ 'ਸ਼ੈਕਸਪੀਅਰ ਦੀ ਧੀ ਪ੍ਰੈੱਸ ਵਿਚ ਛਪਣ ਅਧੀਨ ਹਨ। ਛਪ ਚੁੱਕੇ ਨਾਟਕ ਇਸ ਪ੍ਰਕਾਰ ਹਨ : () ਇੰਦੂਮਤੀ ਸਤਦੇਵ (1984) (2) ਸੁਆਮੀ ਜੀ (1984) (3) ਭਜਨੇ (1961) (4) ਲੇਖੁ ਕਰੇ ਕਵੱਲੀਆਂ (1984) (5) ਬਾਬਾ ਬੰਤੂ (1984) (5) ਅੰਬੀਆਂ ਨੂੰ ਤਰਸੇਂਗੀ (1984) (1) ਕੱਲ੍ਹ ਕਾਲਜ ਬੰਦ ਰਹੇਗਾ (1984) (੪) ਬਾਤ ਫੱਤੂ ਝੀਰ ਦੀ (1986) (9) ਮਸਤ ਮੇਗੋਵਾਲੀਆ (1986) (10) ਪੰਜ ਖੂਹ ਵਾਲੇ (1986) ਅਤੇ ( ਤਾਇਆ ਹਾਕਮ ਸਿਹੁੰ (1987)।

ਚਰਨਦਾਸ ਸਿੱਧੂ ਦੀ ਨਾਟ-ਚੇਤਨਾ ਦਾ ਆਧਾਰ ਪੰਜਾਬੀ ਸਭਿਆਚਾਰ ਹੈ। ਉਸ ਦੇ ਨਾਟਕਾਂ ਦਾ ਕਾਰਜ ਇਤਿਹਾਸ, ਮਿਥਿਹਾਸ ਅਥਵਾ ਪੁਰਾਣ ਕਥਾਵਾਂ ਤੱਕ ਪਸਰਿਆ ਹੋਇਆ ਹੈ। ਇੱਕ ਪਾਸੇ ਜੋ ਉਹ 'ਇੰਦੂਮਤੀ ਸਤਿਦੇਵ' ਵਿਚ ਰਾਜੇ ਭਰਤ ਦੇ ਸਮਾਜ ਨੂੰ ਆਧੁਨਿਕ ਪ੍ਰਸੰਗ ਵਿਚ ਪੇਸ਼ ਕਰਦਾ ਹੈ ਤਾਂ ਦੂਜੇ ਪਾਸੇ ਉਹ 'ਬਾਬਾ ਬੰਤੂ' ਵਿਚ ਮਿਥਿਹਾਸਿਕ ਗੁੱਗੇ ਦੀ ਕਥਾ ਨੂੰ ਆਧੁਨਿਕਤਾ ਦੇ ਰੰਗ ਵਿਚ ਪੇਸ਼ ਕਰਦਾ ਹੈ। ਤੀਸਰੇ ਪਾਸੇ ਉਹ ਪੰਜਾਬ ਦੇ ਮੌਜੂਦਾ ਸਿਆਸੀ ਤੇ ਸਭਿਆਚਾਰਕ ਸੰਕਟ ਦਾ ਵਿਵੇਚਨ ਵੀ ਪ੍ਰਸਤੁਤ ਕਰਦਾ ਹੈ। ਪੰਜ ਖੂਹ ਵਾਲੇ' ਅਤੇ 'ਭਾਈਆ ਹਾਕਮ ਸਿਹੁੰ ਉਸ ਦੇ ਪਿਛਲੇਰੇ ਨਾਟਕ ਪੰਜਾਬ ਦੀਆਂ ਤਾਜ਼ਾ ਘਟਨਾਵਾਂ ਦੇ ਸਿਆਸੀ ਤੇ ਸਮਾਜੀ ਕਾਰਨਾਂ ਦਾ ਵਿਸ਼ਲੇਸ਼ਣ ਪ੍ਰਸਤੁਤ ਕਰਨ ਵਾਲੇ ਨਾਟਕ ਹਨ। ਪੰਜ ਖੂਹ ਵਾਲੇ' ਨਾਟਕ ਵਿਚ ਡਾ: ਸਿੱਧੂ ਨੇ ਪੰਜਾਬ ਦੀ ਸਮੱਸਿਆ ਨੂੰ ਪੰਜਾਬੀਆਂ ਦੀ ਮਾਨਸਿਕਤਾ ਨਾਲ ਜੋੜ ਕੇ ਪਛਾਣਿਆ ਹੈ ਅਤੇ ਉਸ ਨੂੰ ਦਿਆਨਤਦਾਰੀ ਨਾਲ ਪੇਸ਼ ਕੀਤਾ ਹੈ। ਇਹ ਨਾਟਕ (ਸਿੱਧੂ ਦੀ ਇੱਕ ਮਹਾਨ ਪ੍ਰਾਪਤੀ ਹੈ। ਇਸ ਵਿਚ ਮਨੁੱਖੀ ਫ਼ਿਤਰਤ ਦੀ ਬੁਨਿਆਦੀ ਕਮਜ਼ੋਰੀ ਸੁਆਰਥ ਨੂੰ ਸਮੂਹ ਬਿਮਾਰੀਆਂ ਦੀ ਜੜ੍ਹ ਦੱਸਿਆ ਗਿਆ ਹੈ। ਚਰਨਦਾਸ ਸਿੱਧੂ ਦੀਆਂ ਨਾਟ-ਚੇਤਨਾ ਦੀਆਂ ਪ੍ਰਾਪਤੀਆਂ ਦੇ ਸੰਬੰਧ ਵਿਚ ਡਾ. ਅੱਛਰੂ ਸਿੰਘ ਇੱਕ ਥਾਂ ਲਿਖਦੇ ਹਨ, 'ਡਾ. ਚਰਨ ਦਾਸ ਸਿੱਧੂ ਦੀ ਕਲਾ ਦਾ ਆਧਾਰ ਤੱਤ ਪੰਜਾਬੀ ਵਿਚ, ਇਸ ਭਾਸ਼ਾ ਦੇ ਖ਼ਮੀਰ ਵਿਚੋਂ, ਮੌਲਿਕ ਨਾਟਕੀ ਮੁਹਾਵਰਾ ਸਿਰਜਨ ਦਾ ਉਪਰਾਲਾ ਕਰਨਾ ਹੈ।...... ਇਸ ਯਤਨ ਵਿਚ ਭਾਵੇਂ ਹੋਰ ਨਾਟਕਕਾਰ ਵੀ ਆਪਣਾ ਆਪਣਾ ਯੋਗਦਾਨ ਪਾ ਰਹੇ ਹਨ ਪਰ ਅਜਮੇਰ ਸਿੰਘ ਔਲਖ, ਆਤਮ ਜੀਤ ਅਤੇ ਡਾ: ਸਿੱਧੂ ਨੂੰ ਇਸ ਪਾਸੇ ਵਲ ਸਭ ਤੋਂ ਵੱਧ ਸਫਲਤਾ ਮਿਲਦੀ ਹੈ। ... ... ਡਾ. ਸਿੱਧੂ ਵਰਗੇ ਨਾਟਕਕਾਰਾਂ ਦੀਆਂ ਪੇਸ਼ਕਾਰੀਆਂ ਦੁਆਰਾ ਪੰਜਾਬੀ ਨਾਟਕ ਦੀਆਂ ਨਵੀਨ ਸੰਭਾਵਨਾਵਾਂ ਉਜਾਗਰ ਹੋਈਆਂ ਹਨ!

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਡਾ. ਚਰਨਦਾਸ ਸਿੱਧੂ ਬੜੀ ਸ਼ਿਦਤ ਤੇ ਨਾਟਕੀ ਸੂਝ ਬੂਝ ਸਹਿਤ ਜਿਸ ਤਰ੍ਹਾਂ ਪੰਜਾਬੀ ਨਾਟਕ ਦੇ ਖੇਤਰ ਵਿਚ ਕਾਰਜਸ਼ੀਲ ਹੈ, ਉਸ ਤੋਂ ਭਵਿੱਖ ਵਿਚ ਆਸ਼ਾਵਾਦੀ ਸਿੱਟਿਆਂ ਦੀ ਪ੍ਰਾਪਤੀ ਦੀਆਂ ਸੰਭਾਵਨਾਵਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਡਾ: ਸਿੱਧੂ ਦੇ ਨਾਟਕਾਂ ਦੇ ਨੌਜੁਆਨ ਪਾਤਰ ਭਾਵੇਂ ਉਹ ਥੈਲਾ (ਮਸੰਤ ਮੇਘੋਵਾਲੀਆ), ਕਾਬਲ (ਅੰਬੀਆਂ ਨੂੰ ਤਰਸੇਂਗੀ), ਬਿਹਾਰੀ (ਬਾਬਾ ਬੰਤੂ) ਹੈ, ਸਾਰੇ ਹੀ ਇਸ ਵਰਗ ਵਿਚ ਆ ਰਹੀ ਨਵੀਂ ਚੇਤਨਾ ਦੀ ਪ੍ਰਤੀਨਿਧਤਾ ਕਰਨ ਵਾਲੇ ਪਾਤਰ ਹਨ। ਨਾਟਕਕਾਰ ਨੇ ਇਸ ਵਰਗ ਦੀ ਮਾਨਸਿਕਤਾ ਨੂੰ ਭਲੀ ਭਾਂਤ ਪਛਾਣਿਆ ਹੈ ਅਤੇ ਆਪਣੇ ਨਾਟਕਾਂ ਵਿਚ ਇਸ ਮਾਨਸਿਕਤਾ ਨੂੰ ਪ੍ਰਸਤੁਤ ਕਰਕੇ ਵਰਤਮਾਨ ਭਾਰਤ ਦੀ ਧੜਕਦੀ ਨਬਜ਼ ਨੂੰ ਪਕੜਿਆ ਹੈ।

ਲੋਕ-ਨਾਟ ਵਿਧੀਆਂ ਦੀ ਵਰਤੋਂ ਦੀ ਪ੍ਰਵਿਰਤੀ-

ਪੰਜਾਬੀ ਨਾਟਕ ਵਿਚ ਪਿਛਲੇ ਇੱਕ ਦਹਾਕੇ ਤੋਂ ਪੰਜਾਬੀ ਨਾਟਕਕਾਰਾਂ ਦਾ ਰੁਝਾਨ ਲੋਕ-ਨਾਟ ਵਿਧੀਆਂ ਦੀ ਵਰਤੋਂ ਵੱਲ ਵਿਸ਼ੇਸ਼ ਰੂਪ ਵਿਚ ਵਧਿਆ ਹੈ। ਪੰਜਾਬੀ ਰੰਗ-ਮੰਚ ਦੀ ਕਿਸੇ ਮੌਲਿਕ ਅਤੇ ਵਿਕਸਿਤ ਨਾਟ-ਪਰੰਪਰਾ ਦੀ ਸਥਾਪਤੀ ਲਈ ਇਹ ਵਰਤਿਆ ਇੱਕ ਸਿਹਤਮੰਦ ਕਦਮ ਮੰਨਿਆ ਜਾ ਸਕਦਾ ਹੈ। ਪੰਜਾਬੀ ਲੋਕ-ਨਾਟ ਦਾ ਇਤਿਹਾਸਕ ਤੇ ਸਭਿਆਚਾਰਕ ਵਿਰਸਾ ਬੜਾ ਅਮੀਰ ਵੀ ਹੈ ਅਤੇ ਪੁਰਾਣਾ ਵੀ। ਪੰਜਾਬੀ ਨਾਟਕਕਾਰਾਂ ਨੂੰ ਇਹ ਪ੍ਰਵਿਰਤੀ ਆਪਣੇ ਵਿਰਸੇ ਵਿਚੋਂ ਮਿਲੀ ਹੈ। ਨਿਰਸੰਦੇਹ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਦਾ ਪ੍ਰੇਰਨਾ ਸਰੋਤ ਇਸ ਦੀ ਲੋਕ-ਧਾਰਾ ਅਤੇ ਸਭਿਆਚਾਰ ਹੀ ਹੈ :

ਲੋਕ-ਨਾਟ ਪ੍ਰਵਿਰਤੀ ਅਧੀਨ ਲੋਕ-ਗੀਤਾਂ, ਲੋਕ-ਧੁਨਾਂ, ਲੋਕ-ਸੰਗੀਤ, ' ਲੋਕ-ਕਹਾਣੀਆਂ, ਸ਼ੱਕ-ਰੁਚੀਆਂ ਅਤੇ ਲੋਕ-ਭਾਵਨਾਵਾਂ ਦਾ ਸਹਾਰਾ ਲਿਆ ਜਾਂਦਾ ਹੈ ਅਤੇ ਲੋਕ-ਧਾਰਾ ਦੇ ਪਰਿਪੇਖ ਵਿਚ ਆਧੁਨਿਕ ਜੀਵਨ ਦੀਆਂ ਨਵੀਨ ਕਦਰਾਂ ਕੀਮਤਾਂ ਅਤੇ ਪ੍ਰਸਥਿਤੀਆਂ ਦੀ ਪੜਚੋਲ ਕੀਤੀ ਜਾਂਦੀ ਹੈ। ਇਸ ਮੰਤਵ ਦੀ ਪ੍ਰਾਪਤੀ ਲਈ, ਨਕਲੀਆਂ, ਭੰਡਾਂ, ਅਤੇ ਮਰਾਸੀਆਂ ਦੀ ਲੋਕ-ਨਾਟ ਜੁਗਤੀ ਤੇ ਪ੍ਰਕ੍ਰਿਤੀ ਦੁਆਰਾ ਨਾਟਕੀ ਪ੍ਰਭਾਵਾਂ ਨੂੰ ਵਧਾਇਆ ਜਾਂਦਾ ਹੈ। ਇਸ ਪ੍ਰਵਿਰਤੀ ਅਧੀਨ ਸਭ ਤੋਂ ਸਫਲ ਨਾਟਕ ਕਪੂਰ ਸਿੰਘ ਘੁੰਮਣ, ਬਲਵੰਤ ਗਾਰਗੀ ਅਤੇ ਡਾ. ਹਰਚਰਨ ਸਿੰਘ ਨੇ ਲਿਖੇ ਹਨ। ਇਸ ਵਿਧੀ ਦੀ ਵਰਤੋਂ ਆਧੁਨਿਕ ਨਵੀਨ ਨਾਟਕਕਾਰਾਂ ਆਤਮਜੀਤ, ਔਲਖ ਅਤੇ ਡਾ. ਚਰਨ ਦਾਸ ਸਿੱਧੂ ਨੇ ਵੀ ਕੀਤੀ ਹੈ। ਬਲਵੰਤ ਗਾਰਗੀ ਦਾ 'ਧੂਣੀ ਦੀ ਅੱਗ, ਕਪੂਰ ਸਿੰਘ ਘੁੰਮਣ ਦਾ 'ਰਾਣੀ ਕੋਕਲਾਂ ਅਤੇ ਡਾ. ਹਰਚਰਨ ਸਿੰਘ ਦਾ 'ਕੱਲ੍ਹ, ਅੱਜ ਤੇ ਭਲਕ' ਮਹੱਤਵਪੂਰਨ ਨਾਟਕ ਇਸੇ ਪ੍ਰਵਿਰਤੀ ਅਧੀਨ ਲਿਖੇ ਗਏ ਹਨ। ਸੁਰਜੀਤ ਸਿੰਘ ਸੇਠੀ ਦਾ ਮਿਰਜ਼ਾ ਯਾਰ, ਅਜਮੇਰ ਸਿੰਘ ਔਲਖ ਦਾ 'ਸੁੱਕੀ ਕੁੱਖ ਅਤੇ ਡਾ. ਚਰਨ ਦਾਸ ਸਿੱਧੂ ਦਾ 'ਬਾਬਾ ਬੰਤੂ ਇਸ ਵਿਰਤੀ ਦੇ ਹੋਰ ਪ੍ਰਮੁੱਖ ਨਾਟਕ ਹਨ। ਲੋਕ-ਨਾਟ ਪ੍ਰਵਿਰਤੀ ਦੇ ਵਿਕਸਿਤ ਹੋਣ ਵਿਚ ਭਾਵੇਂ ਅਜੇ ਹੋਰ ਸਮਾਂ ਲੱਗੇਗਾ ਫਿਰ ਵੀ ਪੰਜਾਬੀ ਨਾਟਕ ਵਿਚ ਇਸ ਪ੍ਰਵਿਰਤੀ ਪਾਸੋਂ ਭਵਿੱਖ ਵਿਚ ਉਚੇਰੀਆਂ ਆਸਾਂ ਕੀਤੀਆਂ ਜਾ ਸਕਦੀਆਂ ਹਨ।

## ਪੰਜਾਬੀ ਨਾਟਕ ਵਿਚ ਦੁਖਾਂਤ ਦੀ ਪ੍ਰਵਿਰਤੀ-

ਵਿਸ਼ਵ ਸਾਹਿਤ ਵਿਚ ਦੁਖਾਂਤ ਇੱਕ ਸ਼ਕਤੀਸ਼ਾਲੀ ਵਿਰਤੀ ਦੇ ਰੂਪ ਵਿਚ ਸਾਹਿੱਤਿਕ ਰਚਨਾਵਾਂ ਦਾ ਅੰਗ ਬਣ ਕੇ ਪ੍ਰਗਟ ਹੋਇਆ ਹੈ । ਪਰ ਭਾਰਤੀ ਪੁਰਾਤਨ ਸਾਹਿਤ ਅਤੇ ਭਾਰਤੀ ਜੀਵਨ-ਦ੍ਰਿਸ਼ਟੀ ਵਿਚ ਇਸ ਦਾ ਲਗਭਗ ਅਭਾਵ ਹੈ । ਇਸ ਦੇ ਕਈ ਕਾਰਨ ਹੋ ਸਕਦੇ ਹਨ ਪਰ ਪ੍ਰਮੁੱਖ ਕਾਰਨ ਇਹ ਹੈ ਕਿ ਭਾਰਤੀ ਜੀਵਨ ਵਿਚ ਪ੍ਰਕ੍ਰਿਤੀ (ਕੁਦਰਤ) ਨੂੰ ਮਨੁੱਖ ਦੀ ਸਹਿਕਾਰੀ ਮੰਨਿਆ ਜਾਂਦਾ ਹੈ ਅਤੇ ਮਨੁੱਖੀ ਹੋਂਦ ਕੁਦਰਤੀ ਸ਼ਕਤੀਆਂ ਦੇ ਹੱਥ ਵਿਚ ਇੱਕ ਖਿਡੌਣੇ ਸਮਾਨ ਹੈ । ਸੰਸਕ੍ਰਿਤ ਨਾਟਕ ਸਾਰਾ ਹੀ ਸੁਖਾਂਤ ਹੈ ਕਿਉਂਕਿ ਇਹ ਰਾਜ ਮਹੱਲਾਂ ਤੱਕ ਹੀ ਸੀਮਤ ਰਿਹਾ ਹੈ। ਰਾਜ-ਵਰਗ ਦੇ ਲੋਕ ਨਾਟਕ ਵਿਚ ਕਤਲ ਆਦਿ ਅਣਮਨੁੱਖੀ ਦ੍ਰਿਸ਼ ਨਹੀਂ ਵੇਖੇ ਜਾ ਸਕਦੇ ਸਨ ਇਸ ਲਈ ਇਹ ਸੁਖਾਂਤ ਹੈ । ਪਰ ਯੂਨਾਨੀ ਨਾਟਕ ਲੋਕ-ਨਾਟਕ ਹੈ ਇਸ ਲਈ ਉਸ ਵਿਚ ਦੁਖਾਂਤ ਦੇ ਅੰਸ਼ ਭਾਰੂ ਹਨ ! ਦੁਖਾਂਤ ਦਾ ਉਦੇ ਅਤੇ ਵਿਕਾਸ ਅਜਿਹੇ ਸਭਿਆਚਾਰ ਵਿਚ ਹੀ ਸੰਭਵ ਹੈ ਜਿਥੇ ਵਿਅਕਤੀ-ਜੀਵਨ ਨੂੰ ਆਪਣੇ ਆਪ ਵਿਚ ਸਾਰਥਿਕ ਮੰਨ ਲਿਆ ਜਾਵੇ । ਭਾਰਤੀ ਸੰਸਕ੍ਰਿਤੀ ਵਿਚ ਵਿਅਕਤੀ ਜੀਵਨ ਨੂੰ ਨਿਰਾਰਥਕ ਅਰਥਾਂ ਵਿਚ ਹੀ ਵਿਚਰਿਆ ਗਿਆ ਹੈ । ਇਸੇ ਲਈ ਪੁਰਾਤਨ ਭਾਰਤੀ ਨਾਟਕ ਵਿਚ ਦੁਖਾਂਤ ਧਾਰਾ ਦਾ ਅਭਾਵ ਹੈ। ਪ੍ਰਸਿੱਧ ਪੰਜਾਬੀ ਆਲੋਚਕ ਤੇ ਨਾਟਕਕਾਰ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਇੱਕ ਥਾਂ ਦੁਖਾਂਤ ਬਾਰੇ ਆਪਣਾ ਪੱਖ ਪੇਸ਼ ਕੀਤਾ ਹੈ :

ਸਾਡੇ ਸੰਸਕ੍ਰਿਤ ਸਾਹਿਤ ਵਿਚ ਦੁਖਾਂਤ ਦੀ ਅਣਹੋਂਦ ਨੂੰ ਮੈਂ ਕਈ ਵਾਰੀ ਅਸਾਡੇ ਦੇਸ਼ ਵਾਸੀਆਂ ਦੀ ਡਰਪੋਕੀ ਦਾ ਪ੍ਰਮਾਣ ਆਖਿਆ ਕਰਦਾ ਹਾਂ, ਅਰਥਾਤ ਅਸੀਂ ਅਜਿਹੇ ਕਮਜ਼ੋਰ ਦਿਲ ਹਾਂ ਕਿ ਕਲਪਨਾ ਵਿਚ ਵੀ ਦੁਖਾਂਤ ਦਾ ਟਾਕਰਾ ਨਹੀਂ ਕਰਨਾ ਚਾਹੁੰਦੇ । ਪੰਜਾਬੀ ਵਿਚ ਆਧੁਨਿਕ ਦੁਖਾਂਤ-ਨਾਟ-ਪ੍ਰਵਿਰਤੀ ਦਾ ਆਰੰਭ ਸ਼ੈਕਸਪੀਅਰ ਦੇ ਦੁਖਾਂਤ ਨਾਟਕਾਂ 'ਕਿੰਗ ਲੀਅਰ' ਅਤੇ ਉਥੱਲੋ ਦੇ ਅਨੁਵਾਦਾਂ ਦੇ ਰੂਪ ਵਿਚ ਹੁੰਦਾ ਹੈ । ਜੋਸ਼ੂਆ ਫ਼ਜ਼ਲਦੀਨ ਦਾ ਨਾਟਕ 'ਪਿੰਡ ਦੇ ਵੈਰੀ ਅਤੇ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦਾ ਨਾਟਕ ਰਾਜਕੁਮਾਰੀ ਲਤਿਕਾ ਪੰਜਾਬੀ ਦੇ ਪ੍ਰਥਮ ਮੌਲਿਕ ਦੁਖਾਂਤ ਨਾਟਕ ਸਮਝੇ ਜਾਂਦੇ ਹਨ । ਪਿੰਡ ਦੇ ਵੈਰੀ ਨਾਟਕ ਦੀ ਅਨੁਭੂਤੀ ਸਮਾਜਿਕ ਕਿਸਮ ਦੀ ਹੈ । 1938 ਈਸਵੀ ਵਿਚ ਡਾ. ਹਰਚਰਨ ਸਿੰਘ ਦਾ ਪ੍ਰਸਿੱਧ ਇਤਿਹਾਸਕ ਦੁਖਾਂਤ ਨਾਟਕ 'ਰਾਜਾ ਪੋਰਸ ਛਪ ਗਿਆ । ਇਸ ਨਾਟਕ ਦੇ ਛਪਣ ਨਾਲ ਪੰਜਾਬੀ ਵਿਚ ਦੁਖਾਂਤ ਪ੍ਰਵਿਰਤੀ ਦੇ ਨਾਟਕ ਦਾ ਮੁੱਢ ਪੱਕੇ ਰੂਪ ਵਿਚ ਬੱਝ ਜਾਂਦਾ ਹੈ । ਪੇਂਡੂ ਜੀਵਨ ਨਾਲ ਸੰਬੰਧਤ ਦੁਖਾਂਤ ਨਾਟਕ ਪਿਤਾ ਪਿਆਰ ਗੁਰਦਿਆਲ ਸਿੰਘ ਫੁੱਲ ਨੇ ਲਿਖਿਆ । ਇਸ ਪਰੰਪਰਾ ਨੂੰ ਬਲਵੰਤ ਗਾਰਗੀ, ਸੰਤ ਸਿੰਘ ਸੇਖੋਂ, ਡਾ. ਹਰਚਰਨ ਸਿੰਘ ਨੇ ਅੱਗੇ ਤੋਰਿਆ। ਇਸੇ ਪਰੰਪਰਾ ਅਧੀਨ ਡਾ. ਰੋਸ਼ਨ ਲਾਲ ਅਹੂਜਾ, ਕਪੂਰ ਸਿੰਘ ਘੁੰਮਣ, ਸੁਰਜੀਤ ਸਿੰਘ ਸੇਠੀ, ਅਮਰੀਕ ਸਿੰਘ ਅਤੇ ਹਰਸਰਨ ਸਿੰਘ ਨੇ ਸਫ਼ਲ ਦੁਖਾਂਤ ਨਾਟਕਾਂ ਦੀ ਸਿਰਜਨਾ ਕੀਤੀ । ਪੰਜਾਬੀ ਨਾਟਕ ਦੀ ਦੁਖਾਂਤ ਪ੍ਰਵਿਰਤੀ ਦੇ ਵਿਕਾਸ ਨੂੰ ਇਸ ਦੇ ਪ੍ਰਮੁੱਖ ਨਾਟਕਕਾਰਾਂ ਦੇ ਸੰਦਰਭ ਵਿਚ ਵਿਚਾਰਨਾ ਵਧੇਰੇ ਉਪਯੋਗੀ ਸਿੱਧ ਹੋਵੇਗਾ । ਇਸ ਕ੍ਰਮ ਵਿਚ ਸਥਾਪਿਤ ਨਾਟਕਕਾਰਾਂ ਦਾ ਵਿਵਰਨ ਇਸ ਪ੍ਰਕਾਰ ਹੈ : ਡਾ. ਹਰਚਰਨ ਸਿੰਘ, ਗੁਰਦਿਆਲ ਸਿੰਘ ਫੁੱਲ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ, ਰੋਸ਼ਨ ਲਾਲ ਅਹੂਜਾ, ਹਰਸਰਨ ਸਿੰਘ, ਅਮਰੀਕ ਸਿੰਘ, ਕਪੂਰ ਸਿੰਘ ਘੁੰਮਣ, ਸੁਰਜੀਤ ਸਿੰਘ ਸੇਠੀ, ਗੁਰਸ਼ਰਨ ਸਿੰਘ, ਆਤਮਜੀਤ, ਅਜਮੇਰ ਸਿੰਘ ਔਲਖ ਅਤੇ ਡਾ. ਚਰਨ ਦਾਸ ਸਿੱਧੂ ।

ਡਾ. ਹਰਚਰਨ ਸਿੰਘ ਦਾ ਪ੍ਰਥਮ ਦੁਖਾਂਤ ਨਾਟਕ ਰਾਜਾ ਪੋਰਸ ਹੈ । ਇਸ ਦਾ ਪਿਛੋਕੜ ਸਿਕੰਦਰ ਦੇ ਹਮਲੇ ਨਾਲ ਹੈ । ਇਸ ਦੁਖਾਂਤ ਦਾ ਆਧਾਰ ਗ਼ੱਦਾਰ ਰਾਜੇ ਅੰਭੀ ਅਤੇ ਪੋਰਸ ਦਾ ਆਪਸੀ ਵਿਰੋਧ ਬਣਦਾ ਹੈ । ਇਸ ਨਾਟਕ ਵਿਚ ਪੋਰਸ ਦੀ ਮੌਤ ਕਰੁਣਾਮਈ ਸਥਿਤੀ ਉਪਜਾਂਦੀ ਹੈ । 'ਦੋਸ਼' ਅਤੇ 'ਅਣਜੋੜ' ਦੇ ਸਮਾਜਿਕ ਦੁਖਾਂਤ ਹਨ । ਸ਼ੋਭਾ ਸ਼ਕਤੀ ਔਰਤ ਦੇ ਦੁਖਾਂਤ ਜੀਵਨ ਨੂੰ ਸਾਕਾਰ ਕਰਨ ਵਾਲਾ ਨਾਟਕ ਹੈ । ਹਰਚਰਨ ਸਿੰਘ ਦਾ ਨਾਟਕ 'ਮਨ ਦੀਆਂ ਮਨ ਵਿਚ (ਇਕਾਂਗੀ) ਇੱਕ ਸਫਲ ਸਮਾਜਿਕ ਦੁਖਾਂਤ ਹੈ । "ਰੱਤਾ ਸਾਲੂ' ਦਾ ਨਾਇਕ ਮੁਜ਼ਾਰਿਆਂ ਦੇ ਹੱਕ ਲਈ ਲੜਦਾ ਹੋਇਆ ਮਾਰਿਆ ਜਾਂਦਾ ਹੈ । ਡਾ. ਹਰਚਰਨ ਸਿੰਘ ਦੇ ਦੁਖਾਂਤ ਨਾਟਕਾਂ ਵਿਚ ਆਮ ਤੌਰ ਤੇ ਅੰਤ ਵਿਚ ਨਾਇਕ ਦੀ ਮੌਤ ਹੁੰਦੀ ਵਿਖਾਈ ਜਾਂਦੀ ਹੈ । ਇਹ ਪ੍ਰਭਾਵ ਵੀ ਸ਼ੈਕਸਪੀਰੀਅਨ ਦੁਖਾਂਤ ਪ੍ਰਵਿਰਤੀ ਦਾ ਹੈ । ਇਨ੍ਹਾਂ ਤੋਂ ਇਲਾਵਾ, ਦੁਖਾਂਤਿਕ ਤੱਤਾਂ ਵਾਲੇ ਕੁੱਝ ਸਫ਼ਲੇ ਇਤਿਹਾਸਕ ਨਾਟਕ ਵੀ ਰਚੇ ਗਏ ਹਨ । ਗੁਰਦਿਆਲ ਸਿੰਘ ਫੁੱਲ ਨੇ ਪਿਤਾ ਪਿਆਰ', ਬੈਂਕ ਅਤੇ ਕਬਰਸਤਾਨ ਆਦਿ ਦੁਖਾਂਤ ਨਾਟਕ ਲਿਖੇ ਹਨ । ਪਿਤਾ ਪਿਆਰ ਦਾ ਨਾਇਕ ਪਿਤਾ ਦੇ ਪਿਆਰ ਤੋਂ ਵਾਂਜਾ ਹੋ ਕੇ ਵਾਤਾਵਰਨ ਦੀਆਂ ਵਧੀਕੀਆਂ ਦਾ ਸ਼ਿਕਾਰ ਹੁੰਦਾ ਹੋਇਆ ਦੁਖਾਂਤ ਭੋਗਦਾ ਹੈ । ਸੰਤ ਸਿੰਘ ਸੇਖੋਂ ਦੇ ਨਾਟਕ 'ਮੋਇਆਂ ਸਾਰ ਨਾ ਕਾਈ, ਬੰਦਾ ਬਹਾਦਰ', 'ਵੱਡਾ ਘੱਲੂਘਾਰਾ ਅਤੇ 'ਬੇੜਾ ਬੰਧ ਨਾ ਸਕਿਉ' ਆਦਿ ਦੁਖਾਂਤ ਪ੍ਰਭਾਵਾਂ ਵਾਲੇ ਨਾਟਕ ਹਨ । ਮੋਇਆਂ ਸਾਰ ਨਾ ਕਾਈ ਵਿਚ ਮਹਾਰਾਜਾ ਦਲੀਪ ਸਿੰਘ ਦੇ ਵਿਅਕਤੀਗਤ ਦੁਖਾਂਤ ਦੇ ਪਰਿਪੇਖ ਵਿਚ ਸਮੁੱਚੀ ਪੰਜਾਬੀ ਕੌਮ ਦੇ ਦੁਖਾਂਤ ਨੂੰ ਵੀ

ਚਿਤਰਿਆ ਗਿਆ ਹੈ । ਬੰਦਾ ਬਹਾਦਰ ਨਾਟਕ ਦਾ ਅੰਤ ਹਿਰਦੇਵੇਦਕ ਦੁਖਾਂਤ ਨੂੰ ਸਿਰਜਦਾ ਹੈ । ਵੱਡਾ ਘੱਲੂਘਾਰਾ ਇੱਕ ਸਫ਼ਲ ਇਤਿਹਾਸਕ ਦੁਖਾਂਤ ਹੈ । ਬਲਵੰਤ ਗਾਰਗੀ ਪੰਜਾਬੀ ਨਾਟਕ ਦੀ ,ਦੁਖਾਂਤ ਪ੍ਰਵਿਰਤੀ ਦਾ ਅਗਲਾ ਮਹੱਤਵਪੂਰਨ ਨਾਟਕਕਾਰ ਹੈ। 'ਲੋਹਾ ਕੁੱਟ' ਘਰੇਲੂ ਦੁਖਾਂਤ ਹੈ । ਸੈਲ ਪੱਥਰ` ਇੱਕ ਬੜਾ ਹੀ ਵਿਚਿੱਤਰ ਕਿਸਮ ਦਾ ਦੁਖਾਂਤ ਹੈ ਜਿਸ ਦੀ ਨਾਇਕਾ ਤਿੰਨ ਦਿਨ ਭੁੱਖੀ ਰਹਿਣ ਉਪਰੰਤ ਮਰ ਜਾਂਦੀ ਹੈ । ਲੋਹਾ ਕੁੱਟ' ਦਾ ਨਾਇਕ ਜਿਸ ਦੁਖਾਂਤ ਨੂੰ ਧੀ ਦੇ ਉੱਧਲ ਜਾਣ ਉਪਰੰਤ ਅਤੇ ਪਤਨੀ ਦੇ ਨੱਸ ਜਾਣ ਬਾਅਦ ਭੋਗਦਾ ਹੈ ਉਹ ਦੁਖਾਂਤ ਸਮਾਜਿਕ ਬਣਤਰ ਵਿਚੋਂ ਪੈਦਾ ਹੁੰਦਾ ਹੈ । ਕਾਕੂ ਅਤੇ ਦੀਪਾ ਇਸ ਨਾਟਕ ਦੇ ਅੰਤ ਵਿਚ ਮਾਨਸਿਕ ਦੁਖਾਂਤ ਭੋਗਣ ਦੀ ਸਥਿਤੀ ਵਿਚ ਵਿਖਾਏ ਗਏ ਹਨ । ਕਾਕੂ ਦੇ ਇਹ ਸ਼ਬਦ ਇੱਕ ਅਜ਼ੀਬ ਮਾਨਸਿਕ ਦੁਖਾਂਤ ਨੂੰ ਸਾਕਾਰ ਕਰਦੇ ਹਨ : "ਨਹੀਂ, ਨਹੀਂ; ਮੈਂ ਲੋਹਾ ਕੁੱਟਣੈ । ਕੰਮ ਕਰਨੈਂ । ...... ਜਾਹ ਤੂੰ । ......ਮੈਂ ਗੱਲਾਂ ਨਹੀਂ ਕਰਨੀਆਂ । ਜਾਹ । "ਕਣਕ ਦੀ ਬੱਲੀ` ਇੱਕ ਸਫ਼ਲ ਤੇ ਭਾਵਪੂਰਤ ਦੁਖਾਂਤ ਹੈ । ਤਾਰੋ' ਦੇ ਪ੍ਰੇਮੀ ਚੂੜੀਆਂ ਵਾਲੇ ਬਚਨੇ ਨੂੰ ਜਗੀਰਦਾਰ ਮੱਘਰ ਮਰਵਾ ਦਿੰਦਾ ਹੈ । ਜਗੀਰਦਾਰ ਮੱਘਰ ਦੇ ਜ਼ੁਲਮ ਤੋਂ ਬਚਣ ਲਈ ਤਾਰੋ ਖੂਹ ਵਿਚ ਛਾਲ ਮਾਰ ਕੇ ਮਰ ਜਾਂਦੀ ਹੈ ਅਤੇ ਤਾਰੋ ਦਾ ਪਿਓ ਖੂਹ ਵਿਚੋਂ ਕਿਸੇ ਅਮੀਰ ਦੀ ਜੁੱਤੀ ਕੱਢਦਾ ਹੋਇਆ ਡੁੱਬ ਕੇ ਮਰ ਜਾਂਦਾ ਹੈ । ਧੂਣੀ ਦੀ ਅੱਗ" ਅੰਨ੍ਹੀ ਕਾਮ-ਚੇਸ਼ਟਾ ਵਿਚੋਂ ਉਪਜੇ ਦੁਖਾਂਤ ਨੂੰ ਪੇਸ਼ ਕਰਦਾ ਹੈ । ਇਸ ਦੇ ਨੇ ਪਾਤਰ ਰੀਟਾ, ਵੀਨਾ ਤੇ ਅਜੀਤ ਇੱਕ ਦੂਸਰੇ ਨੂੰ ਤਬਾਹ ਕਰਨ ਤੇ ਤੁਲੇ ਹੋਏ ਹਨ । ਜਦੋਂ ਰੀਟਾ ਅਜੀਤ ਦਾ ਰੁਝਾਨ ਵੀਨਾ ਵੱਲ ਵੱਧਦਾ ਵੇਖਦੀ ਹੈ ਤਾਂ ਇੱਕ ਰਾਤ ਉਸ ਨੂੰ ਛੁਰਾ ਮਾਰ ਕੇ ਖ਼ਤਮ ਕਰ ਦੇਂਦੀ ਹੈ । ਸੁਲਤਾਨ ਰਜ਼ੀਆ ਗਾਰਗੀ ਦਾ ਇੱਕ ਮਹੱਤਵਪੂਰਨ ਇਤਿਹਾਸਕ ਦੁਖਾਂਤ ਨਾਟਕ ਹੈ । ਇਸ ਨਾਟਕ ਵਿਚ ਵੀ ਸੇਖੋਂ' ਦੇ ਮੋਇਆਂ ਸਾਰ ਨਾ ਕਾਈ` ਵਾਂਗ ਦੂਹਰਾ ਦੁਖਾਂਤ ਵਾਪਰਦਾ ਹੈ । ਇੱਕ ਦੁਖਾਂਤ ਰਜ਼ੀਆ ਅਤੇ ਯਾਕੂਤ ਦੇ ਪਿਆਰ ਦੇ ਖ਼ਾਤਮੇ ਦਾ ਦੁਖਾਂਤ ਹੈ ਅਤੇ ਦੂਸਰਾ ਸਮੁੱਚੀ ਭਾਰਤੀ ਕੌਮ ਦਾ ਦੁਖਾਂਤ ਹੈ । ਇਸ ਨਾਟਕ ਵਿਚ ਭਿਆਨਕ ਮੌਤਾਂ ਦੀ ਭਰਮਾਰ ਹੈ। 'ਸੌਂਕਣ ਬਲਵੰਤ ਗਾਰਗੀ ਦਾ ਇੱਕ ਸੱਜਰਾ ਤੇ ਵਿਚਿੱਤਰ ਕਿਸਮ ਦਾ ਦੁਖਾਂਤ ਹੈ । ਇਹ ਦੁਖਾਂਤ ਮਾਂ, ਧੀ, ਨੂੰਹ ਤੇ ਪੁੱਤਰ ਦੇ ਸੰਬੰਧਾਂ ਵਿਚੋਂ ਉਪਜਦਾ ਹੈ ! ਮਾਂ ਪੁੱਤਰ ਉੱਤੇ ਵਧੇਰੇ ਅਧਿਕਾਰ ਸਮਝਦੀ ਹੈ । ਅੰਤ ਵਿਚ ਮਾਂ (ਸੱਸ) ਦੇ ਰੂਪ ਵਿਚ ਨੂੰਹ ਦਾ ਗਲ਼ਾ ਘੁੱਟ ਕੇ ਮਾਰ ਦੇਂਦੀ ਹੈ । ਇਸ ਤਰ੍ਹਾਂ ਇਹ ਨਾਟਕ ਇੱਕ ਪ੍ਰਭਾਵਸ਼ਾਲੀ ਦੁਖਾਂਤ ਦਾ ਰੂਪ ਧਾਰਨ ਕਰ ਜਾਂਦਾ ਹੈ। ਰੋਸ਼ਨ ਲਾਲ ਅਹੂਜਾ ਨੇ ਵੀ ਸਫ਼ਲ ਦੁਖਾਂਤ ਨਾਟਕ ਲਿਖੇ ਹਨ । ਦੇਸ਼ ਦੀ ਵੰਡ ਦੇ ਦੁਖਾਂਤ ਨੂੰ ਆਪ ਨੇ ਆਪਣੇ ਨਾਟਕਾਂ ਵਿਚ ਪੇਸ਼ ਕੀਤਾ ਹੈ । 'ਕਾਲਿੰਗਾ ਦਾ ਦੁਖਾਂਤ' ਅਤੇ 'ਦਾਰਾ ਸ਼ਿਕੋਹ ਦਾ ਦੁਖਾਂਤ ਉਸ ਦੇ ਸਫ਼ਲ ਇਤਿਹਾਸਕ ਦੁਖਾਂਤ ਹਨ । ਇਸ ਤੋਂ ਬਿਨਾਂ "ਹਾਏ ਮੇਰੀ ਧੀ, ਅਬਲਾ ਤੇ ਪਾਕਿਸਤਾਨ ਵੀ ਉਸ ਦੇ ਸਫ਼ਲ ਦੁਖਾਂਤ ਹਨ । ਹਰਸਰਨ ਸਿੰਘ ਦੇ ਨਾਟਕ. "ਜਿਗਰਾ", 'ਫੁੱਲ ਕੁਮਲਾ ਗਿਆ, ਉਦਾਸ ਲੋਕ, ਅਤੇ 'ਕੁਲੱਛਣ ਆਦਿ ਉਸ ਦੇ ਸਫ਼ਲ ਦੁਖਾਂਤ ਨਾਟਕ ਹਨ । ਹਰਸ਼ਰਨ ਸਿੰਘ ਦੇ ਨਾਟਕਾਂ ਦਾ ਦੁਖਾਂਤ ਉਸ ਦੇ ਨਾਇਕ ਦੀ ਸੁਭਾਵਿਕ ਕਮਜ਼ੋਰੀ ਕਾਰਨ ਨਹੀਂ ਵਾਪਰਦਾ ਸਗੋਂ ਮੌਕਾ ਮੇਲ ਦੀ ਸਥਿਤੀ ਵਿਚੋਂ ਉਪਜਦਾ ਦੁਖਾਂਤ ਹੈ । ਅਮਰੀਕ ਸਿੰਘ ਦਾ ਨਾਟਕ 'ਪਰਛਾਵਿਆਂ ਦੀ ਪਕੜ ਉਸ ਮੱਧ ਸ਼੍ਰੇਣੀ ਦਾ ਦੁਖਾਂਤ ਪੇਸ਼ ਕਰਦਾ ਹੈ ਜਿਨ੍ਹਾਂ ਨੂੰ ਆਰਥਿਕ ਮਜਬੂਰੀਆਂ ਕਾਰਨ ਸਰਮਾਏਦਾਰਾਂ ਦੀ ਈਨ ਮੰਨਣੀ ਪੈਂਦੀ ਹੈ । ਪੰਜਾਬੀ ਦੁਖਾਂਤ ਪਰੰਪਰਾ ਨੂੰ ਵਿਕਸਤ ਕਰਨ ਵਿਚ ਕਪੂਰ ਸਿੰਘ ਘੁੰਮਣ ਦਾ ਵਿਸ਼ੇਸ਼ ਤੇ ਮਹੱਤਵਪੂਰਨ ਸਥਾਨ ਹੈ । "ਅਣਹੋਣੀ', 'ਜਿਊਂਦੀ ਲਾਸ਼', 'ਪੁਤਲੀ ਘਰ', 'ਜ਼ਿੰਦਗੀ ਤੋਂ ਦੂਰ, ਅਤੀਤ ਦੇ ਪਰਛਾਵੇਂ', 'ਮੂਕ ਸੰਸਾਰ' ਅਤੇ 'ਬੁਝਾਰਤ' ਆਦਿ ਦੁਖਾਂਤ ਨਾਟਕ ਪੰਜਾਬੀ ਸਾਹਿਤ ਨੂੰ ਦਿੱਤੇ ਹਨ । ਅਣਹੋਣੀ ਵਿਚ ਰਾਜਾਂ ਨੂੰ ਜਦੋਂ ਪਤਾ ਲੱਗਦਾ ਹੈ ਕਿ ਉਹ ਕਰੋੜੀ ਸ਼ਾਹ ਦੀ ਧੀ ਹੈ ਤਾਂ ਉਹ ਜ਼ਹਿਰ ਖਾ ਕੇ ਮਰ ਜਾਂਦੀ ਹੈ । ਜਿਉਂਦੀ ਲਾਸ਼` ਵਿਚ ਮੇਜਰ ਕੋਹਲੀ ਪਾਰਬਤੀ ਦਾ ਕਤਲ ਕਰ ਦੇਂਦਾ ਹੈ, ਪਰ ਜਦੋਂ ਮੇਜਰ ਕੋਹਲੀ ਬੱਚੇ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਖਿੱਚੋਤਾਣੀ ਵਿਚ ਬੱਚਾ ਵੀ ਮਾਰਿਆ ਜਾਂਦਾ ਹੈ । "ਜ਼ਿੰਦਗੀ ਤੋਂ ਦੂਰ' ਦੀ ਨਿਸ਼ਾ ਆਪਣੇ ਪਤੀ ਕੋਲ ਪੁੱਜ ਕੇ ਗੁਫ਼ਾ ਵਿਚ ਹੀ ਪ੍ਰਾਣ ਤਿਆਗ ਦੇਂਦੀ ਹੈ । ਮੰਜੂਲਾ 'ਬਲਬੀਰ' ਦਾ ਕਤਲ ਕਰ ਦੇਂਦੀ ਹੈ । ਇਸ ਤਰਾਂ ਇਹ ਨਾਟਕ ਇੱਕ ਪ੍ਰਭਾਵਸ਼ਾਲੀ ਦੁਖਾਂਤਕ ਵਾਤਾਵਰਨ ਉਸਾਰਦਾ ਹੈ। ਕਪੂਰ ਸਿੰਘ ਦਾ ਨਾਟਕ 'ਅਤੀਤ ਦੇ ਪ੍ਰਛਾਵੇਂ ਮਾਨਸਿਕ ਸੰਕਟ ਤੇ ਆਧਾਰਿਤ ਹੈ । "ਲਾਲਸਾ' ਦਾ ਅੰਤਰ-ਕਾਂਬਾ ਇਸ ਨਾਟਕ ਦੀ ਕੇਂਦਰੀ ਚੂਲ ਹੈ । ਉਹ ਆਪਣੇ ਪਤੀ ਸੰਕੇਤ ਨਾਲ ਹਨੀਮੂਨ ਮਨਾਉਣ ਲਈ ਸ੍ਰੀ ਨਗਰ ਦੀ ਝੱਲ ਲੇਕ ਵਿਚ ਉਗਲਾ ਹਾਊਸ ਬੋਟ ਵਿਚ ਆ ਕੇ ਠਹਿਰਦੀ ਹੈ । ਪੰਜ ਸਾਲ ਪਹਿਲਾਂ ਲਾਲਸਾ ਇਸੇ ਹਾਊਸ ਬੋਟ ਵਿਚ ਹੀ ਆਪਣੇ ਪ੍ਰੇਮੀ ਅਤੇ ਨਾਲ ਆ ਕੇ ਰਹਿ ਰਹੀ ਸੀ । ਇੱਥੇ ਹੀ ਉਸ ਨੇ ਇੱਕ ਨਾਜਾਇਜ਼ ਬੱਚੇ ਨੂੰ ਜਨਮ ਦਿੱਤਾ ਸੀ । ਜੰਮਦੇ ਬੱਚੇ ਨੂੰ ਨਿਸ਼ਾਂਤ ਅਤੇ ਸ਼ਾਬਾਨ ਕੋਲੋਂ ਉਸ ਨੇ ਮਰਵਾ ਦਿੱਤਾ ਸੀ । ਪਰ ਨਿਸ਼ਾਂਤ ਅਤੇ ਸ਼ਾਬਾਨ ਬੇ ਔਲਾਦ ਸਨ । ਉਨ੍ਹਾਂ ਨੇ ਉਸ ਬੱਚੇ ਨੂੰ ਮਾਰਿਆ ਨਹੀਂ ਸਗੋਂ ਆਪਣੇ ਲਈ ਪਾਲ ਲਿਆ ਸੀ । ਜਦੋਂ ਲਾਲਸਾ ਉਨ੍ਹਾਂ ਹੀ ਪ੍ਰਸਥਿਤੀਆਂ ਵਿਚ ਘਿਰ ਜਾਂਦੀ ਹੈ ਤਾਂ ਉਸ ਦੇ ਅਵਚੇਤਨ ਮਨ ਵਿਚ ਵਸਿਆ ਸਾਰਾ ਅਤੀਤ ਡਰਾਉਣਾ ਰੂਪ ਧਾਰ ਕੇ ਉਸ ਦੇ ਸਾਹਮਣੇ ਸਾਕਾਰ ਹੋ ਜਾਂਦਾ ਹੈ । ਲਾਲੜਾ ਆਪਣੇ ਆਪ ਨੂੰ ਆਪਣੇ ਪਿਤਾ, ਪ੍ਰੇਮੀ ਅਤੇ ਪੁੱਤਰ ਦਾ ਕਾਤਲ ਸਮਝਦੀ ਹੈ । ਵਿਵੇਕ ਅਤੇ ਪਰਿਸਥਿਤੀ ਦੋਵੇਂ ਰਲ ਕੇ ਲਾਲਸਾ ਦੀ ਮੌਤ ਦਾ ਕਾਰਨ ਬਣਦੀਆਂ ਹਨ । ਜਦੋਂ ਅਤੀਤ ਦਾ ਭਿਆਨਕ ਤੇ ਮਾਰੂ ਪ੍ਰਭਾਵ ਲਾਲਸਾ ਤੇ ਭਾਰੂ ਹੋ ਜਾਂਦਾ ਹੈ ਤਾਂ ਉਹ ਵਧੇਰੀ ਮਾਤਰਾ ਵਿਚ ਨੀਂਦ ਦੀਆਂ ਗੋਲੀਆਂ ਖਾ ਕੇ ਆਤਮ ਹੱਤਿਆ ਕਰ ਲੈਂਦੀ ਹੈ । ਉਪਰੋਕਤ ਨਾਟਕਕਾਰਾਂ ਤੋਂ ਬਿਨਾਂ ਪ੍ਰੋ:

ਬਲਬੀਰ ਸਿੰਘ, ਗੁਰਸ਼ਰਨ ਸਿੰਘ ਅਤੇ ਸੁਰਜੀਤ ਸਿੰਘ ਸੇਠੀ ਨੇ ਵੀ ਸਫਲ ਦੁਖਾਂਤ ਰਚੇ ਹਨ। ਨਵੀਂ ਪੀੜ੍ਹੀ ਦੇ ਨਾਟਕਕਾਰਾਂ ਵਿਚੋਂ ਅਜਮੇਰ ਸਿੰਘ ਔਲਖ, ਚਰਨ ਦਾਸ ਸਿੱਧੂ ਅਤੇ ਆਤਮਜੀਤ ਨੇ ਪ੍ਰਭਾਵਸ਼ਾਲੀ ਦੁਖਾਂਤ ਨਾਟਕਾਂ ਦੀ ਸਿਰਜਨਾ ਕੀਤੀ ਹੈ।

**ਸਾਰੰਸ਼** :

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਵਿਚ ਦੁਖਾਂਤ-ਪ੍ਰਵਿਰਤੀ ਇੱਕ ਸ਼ਕਤੀਸ਼ਾਲੀ ਤੇ ਮਹੱਤਵਪੂਰਨ ਪ੍ਰਵਿਰਤੀ ਹੈ। ਇਸ ਪ੍ਰਵਿਰਤੀ ਅਧੀਨ ਪੰਜਾਬੀ ਵਿਚ ਉੱਚ ਕੋਟੀ ਦੇ ਦੁਖਾਂਤ ਨਾਟਕਾਂ ਦੀ ਰਚਨਾ ਹੋਈ ਹੈ। ਪੰਜਾਬੀ ਦੀ ਨਾਟਕ-ਦੁਖਾਂਤ-ਪਰੰਪਰਾ ਨੇ ਪੰਜਾਬੀ ਰੰਗ ਮੰਚ ਨੂੰ ਵੀ ਵਿਕਸਤ ਕੀਤਾ ਹੈ। ਭਾਵੇਂ ਪੰਜਾਬੀ ਵਿਚ ਅਜੇ ਤੱਕ ਇਬਸਨ, ਗੁਲਾਜ਼ਵਰਦੀ ਜਾਂ ਬਰਨਾਰਡ ਸ਼ਾਅ ਵਰਗਾ ਦੁਖਾਂਤਕਾਰ – ਪੈਦਾ ਨਹੀਂ ਹੋ ਸਕਿਆ, ਫਿਰ ਵੀ ਆਪਣੀ ਇਸ ਛੋਟੀ ਜਿਹੀ ਉਮਰ ਵਿਚ ਹੀ ਪੰਜਾਬੀ ਨਾਟਕ ਦੀ ਦੁਖਾਂਤ ਪਰੰਪਰਾ ਨੇ ਬਹੁਪੱਖੀ ਵਿਕਾਸ ਕਰ ਲਿਆ ਹੈ। ਪੰਜਾਬੀ ਦੁਖਾਂਤ ਨਾਟਕ ਵੰਨਗੀਆਂ ਤੋਂ ਇੰਨਾ ਸਮੱਰਥ ਹੋ ਗਿਆ ਹੈ ਕਿ ਅੱਜ ਦੁਖਾਂਤ ਨਾਟਕ ਵਿਚ ਵਿਸ਼ਿਆਂ ਦੀ ਵੰਨ-ਸਵੰਨਤਾ ਪਾਈ ਜਾਂਦੀ ਹੈ। ਬਲਵੰਤ ਗਾਰਗੀ, ਡਾ: ਹਰਚਰਨ ਸਿੰਘ ਅਤੇ ਕਪੂਰ ਸਿੰਘ ਘੁੰਮਣ ਪੰਜਾਬੀ ਨਾਟਕ ਦੀ ਦੁਖਾਂਤ ਪਰੰਪਰਾ ਦੇ ਮੀਲ ਪੱਥਰ ਹਨ। ਪੰਜਾਬੀ ਦੀ ਦੁਖਾਂਤ ਪਰੰਪਰਾ ਆਪਣੀ ਬਾਲ-ਵਰੇਸ ਵਿਚੋਂ ਭਰ ਜਵਾਨੀ ਦੀ ਅਵਸਥਾ ਵਿਚ ਪ੍ਰਵੇਸ਼ ਕਰ ਗਈ ਹੈ। ਨਵੀਨ ਨਾਟਕਕਾਰਾਂ ਕੋਲੋਂ ਨੇੜੇ ਭਵਿੱਖ ਵਿਚ ਵਿਸ਼ਵ-ਪੱਧਰ ਦੇ ਦੁਖਾਂਤ ਸਿਰਜਣ ਦੀ ਉਮੀਦ ਕੀਤੀ ਜਾ ਸਕਦੀ ਹੈ।

**ਕੇਂਦਰੀ ਸ਼ਬਦ** :

ਇਕਾਂਗੀ ---- ਛੋਟਾ ਨਾਟਕ
ਨਕਲ ---- ਸਾਂਗ
ਰਾਜਸੀ ਪ੍ਰਵਿਰਤੀ--- ਰਾਜੀਨਿਤਕ ਧਾਰਾ
ਸੁਧਾਰਵਾਦ ------ ਰੂਪ ਬਦਲਣਾ
ਧਾਰਮਿਕ ਪ੍ਰਵਿਰਤੀ --- ਰੱਹਸਯ
ਪ੍ਰਯੋਗਵਾਦੀ ਨਾਟਕ ---------- ਨਾਟਕ ਨੂੰ ਨਵੇਂ ਢੰਗਾਂ ਨਾਲ ਲਿਖਣਾ
ਕਲਪਨਾ ------ ਅੰਬਰੀਂ ਉਡਾਰੀ

**ਸਵੈ-ਮੁਲਾਂਕਣ:**

1. ਸੁਧਾਰਵਾਦੀ ਨਾਟਕਕਾਰ ਹਨ।
   - ੳ. ਚਰਨਦਾਸ ਸਿੱਧੂ
   - ਅ. ਹਰਿਭਜਨ ਸਿੰਘ
   - ੲ. ਪੂਰਨ ਸਿੰਘ
   - ਸ. ਕੁਲਵੰਤ ਸਿੰਘ ਵਿਰਕ

2. ਅਨੁਵਾਦਤ ਨਾਟਕ ਹੈ।
   - ੳ. ਅਨਜੋੜ ਵਿਆਹ
   - ਅ. ਸੁਭੱਦਰਾ
   - ੲ. ਕਿੰਗ ਲੀਅਰ
   - ਸ. ਸ਼ਾਮੂ ਸ਼ਾਹ

3. ਇਤਿਹਾਸਕ ਨਾਟਕਕਾਰ ਹਨ।

ੳ. ਸੋਮਪਾਲ ਹੀਰਾ

ਅ. ਆਈ.ਸੀ ਨੰਦਾ

ੲ. ਨੌਰਾ ਰਿਚਰਡ

ਸ. ਸੰਤ ਸਿੰਘ ਸੇਖੋਂ

4. 'ਇਕ ਰਮਾਇਣ ਹੋਰ' ਨਾਟਕ ਕਿਸ ਦਾ ਹੈ?
   - ੳ. ਕੁਲਵੰਤ ਵਿਰਕ
   - ਅ. ਸੋਮਪਾਲ ਹੀਰਾ
   - ੲ. ਅਜਮੇਰ ਔਲਖ
   - ਸ. ਆਈ.ਸੀ.ਨੰਦਾ
5. "ਬੂਹੇ ਬੈਠੀ ਧੀ ਨਾਟਕ ਕਿਸ ਦਾ ਹੈ?
   - ੳ. ਗੁਰਦਿਆਲ ਸਿੰਘ ਖੋਸਲਾ
   - ਅ. ਗੁਰਦਿਆਲ ਸਿੰਘ ਫੁੱਲ
   - ੲ. ਭਾਈ ਵੀਰ ਸਿੰਘ
   - ਸ. ਹਰਚਰਨ ਸਿੰਘ
6. ਅਣਜੋੜ ਨਾਟਕ ਕਿਹੜੀ ਪ੍ਰਵਿਰਤੀ ਨਾਲ ਸਬੰਧਤ ਹੈ?
   - ੳ. ਸਮਾਜਵਾਦੀ
   - ਅ. ਪ੍ਰਗਤੀਵਾਦੀ
   - ੲ. ਪ੍ਰਕਿਰਤੀਵਾਦੀ
   - ਸ. ਸੁਧਾਰਵਾਦੀ
7. ਲੰਮੇ ਸਮੇਂ ਦਾ ਨਰਕ ਕਿਹੜੀ ਪ੍ਰਵਿਰਤੀ ਨਾਲ ਸਬੰਧਤ ਨਾਟਕ ਹੈ?
   - ੳ. ਪ੍ਰਗਤੀਵਾਦੀ
   - ਅ. ਸਮਾਜਵਾਦੀ
   - ੲ. ਪ੍ਰਕਿਰਤੀਵਾਦੀ
   - ਸ. ਸੁਧਾਰਵਾਦੀ
8. ਛੋਟੇ ਪੇਂਡੂ ਕਿਸਾਨਾਂ ਦੀਆਂ ਆਰਥਿਕ ਕੰਮਜ਼ੋਰੀਆਂ ਨੂੰ ਪੇਸ਼ ਕਰਨ ਵਾਲਾ ਨਾਟਕਕਾਰ ਕਿਹੜਾ ਹੈ?
   - ੳ. ਆਤਮਜੀਤ
   - ਅ. ਅਜਮੇਰ ਸਿੰਘ ਔਲਖ
   - ੲ. ਗੁਰਦਿਆਲ ਸਿੰਘ ਖੋਸਲਾ
   - ਸ. ਹਰਸ਼ਰਨ ਸਿੰਘ
9. ਧਾਰਮਿਕ ਪ੍ਰਵਿਰਤੀ ਅਧੀਨ ਲਿਖੇ ਨਾਟਕ ਹਨ।
   - ੳ. ਨਾਮੈ ਤੱਤ ਪਛਾਣਿਆ
   - ਅ. ਕੂੜ ਨਿਖੁੱਟੇ
   - ੲ. ਨਾਨਕ ਨਾਮ ਸਮਾਲਿ ਤੂ
   - ਸ. ਉਪਰੋਕਤ ਸਾਰੇ
10. ਇਨ੍ਹਾਂ ਵਿਚੋਂ ਨਾਟਕ ਦੀਆਂ ਪ੍ਰਵਿਰਤੀਆਂ ਹਨ ?
    - ੳ. ਹਾਸ ਰਸ
    - ਅ. ਕਲਾਵਾਦ
    - ੲ. ਸੁਧਾਰਵਾਦੀ
    - ਸ. ਕੋਈ ਵੀ ਨਹੀਂ
11. ਸੁਧਾਰਵਾਦੀ ਪ੍ਰਵਿਰਤੀ ਦਾ ਆਰੰਭ ਹੁੰਦਾ ਹੈ?

ੳ. ਬਲਵੰਤ ਗਾਰਗੀ

ਅ. ਸੰਤ ਸਿੰਘ ਸੇਖੋਂ

ੲ. ਚਰਨ ਸਿੰਘ

ਸ. ਆਈ ਸੀ ਨੰਦਾ

12. ਦਮਯੰਤੀ ਨਾਟਕ ਹੈ ।

ੳ. ਮਿਥਿਹਾਸਕ

ਅ. ਇਤਿਹਾਸਕ

ੲ. ਸਮਾਜਕ

ਸ. ਧਾਰਮਿਕ

13. ਇਹ ਜ਼ਿੰਦਗੀ ਹੈ ਦੋਸਤੋ' ਨਾਟਕ ਕਿਹੜੀ ਪ੍ਰਵਿਰਤੀ ਅਧੀਨ ਲਿਖਿਆ ਗਿਆ ਹੈ?

ੳ. ਸਮਾਜਕ

ਅ. ਇਤਿਹਾਸਕ

ੲ. ਪ੍ਰਗਤੀਵਾਦੀ

ਸ. ਧਾਰਮਿਕ

14. ਇਕ ਹੀਰੋ ਦੀ ਤਲਾਸ਼' ਨਾਟਕ ਹੈ।

ੳ. ਸੁਧਾਰਵਾਦੀ

ਅ. ਰਾਜਨੀਤਿਕ

ੲ. ਪ੍ਰਗਤੀਵਾਦੀ

ਸ. ਸਮਾਜਕ

15. ਐਬਸਰਡ ਨਾਟ ਵਿਧੀ ਅਧੀਨ ਲਿਖੇ ਨਾਟਕ ਹਨ?

ੳ. ਪਾਗਲ ਲੋਕ

ਅ. ਅਣਵਿਆਹੀ ਮਾਂ

ੲ. ਨੰਦੂ ਦਾ ਵਿਆਹ

ਸ. ਕੋਈ ਵੀ ਨਹੀਂ

**ਅਭਿਆਸ ਪ੍ਰਸ਼ਨ**

1. ਨਾਟਕ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਬਾਰੇ ਜਾਣਕਾਰੀ ਦਿਓ ।
2. ਨਾਟਕ ਦੀ ਸੁਧਾਰਵਾਦੀ ਪ੍ਰਵਿਰਤੀ ਅਧੀਨ ਕਿਹੜੇ ਨਾਟਕਕਾਰ ਆਉਂਦੇ ਹਨ?
3. ਪ੍ਰਯੋਗਵਾਦੀ ਪ੍ਰਵਿਰਤੀ ਅਧੀਨ ਕਿਹੜੇ ਨਾਟਕਕਾਰ ਆਉਂਦੇ ਹਨ ?
4. ਐਬਸਰਡ ਪ੍ਰਵਿਰਤੀ ਅਧੀਨ ਕਿਹੜੇ ਨਾਟਕਕਾਰ ਆਉਂਦੇ ਹਨ ?

**ਸੰਦਰਭ ਪੁਸਤਕਾਂ:**


1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ (ਆਦਿ ਕਾਲ ਤੋਂ ਸਮਕਾਲ ਤੱਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ 2018.
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ. 2016.

**ਮਹੱਤਵਪੂਰਨ ਲਿੰਕ**

https://unacademy.com/lesson/pnjaabii-naattk-diiaan-prvirtiiaan/2JEIQ5YV

## ਉੱਤਰਮਾਲਾ

| | | | | |
|---|---|---|---|---|
| 1. ੳ | 2. ੲ | 3. ਸ | 4. ਸ | 5. ੳ |
| 6. ਸ | 7. ੳ | 8. ਅ | 9. ਸ | 10. ੲ |
| 11. ੳ | 12. ੳ | 13. ੳ | 14. ੳ | 15. ੳ |

# ਅਧਿਆਇ-11: ਆਧੁਨਿਕ ਪੰਜਾਬੀ ਰੰਗਮੰਚ: ਵਿਕਾਸ ਪੜਾਅ

*Kirandeep Singh, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


**ਉਦੇਸ਼ :**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਪੰਜਾਬੀ ਨਾਟ ਅਤੇ ਰੰਗਮੰਚ ਦੀ ਪਰਿਭਾਸ਼ਾ ਬਾਰੇ ਜਾਣਨਗੇ।
2. ਰੰਗਮੰਚ ਬਾਰੇ ਜਾਣਨਗੇ।
3. ਰੰਗਮੰਚ ਦੀਆਂ ਸੰਸਥਾਵਾਂ ਬਾਰੇ ਜਾਣਨਗੇ।

**ਪ੍ਰਸਤਾਵਨਾ:**

ਨਾਟਕ ਸਿਧਾਂਤ ਦੀ ਸੰਪੂਰਨ ਵਿਆਖਿਆ ਉਨੀ ਦੇਰ ਤਕ ਸੰਭਵ ਨਹੀਂ ਹੈ ਜਿੰਨੀ ਦੇਰ ਤਕ ਇਸ ਮਿਸ਼ਰਤ ਕਲਾ ਦਾ ਸੰਬੰਧ ਮੰਚ ਸ਼ਿਲਪ ਦੇ ਸੰਦਰਭ ਵਿੱਚ ਨਹੀਂ ਵਿਚਾਰਿਆ ਜਾਂਦਾ ਨਾਟਕ ਅਤੇ ਰੰਗਮੰਚ ਇੱਕ ਦੂਸਰੇ ਦੇ ਪੂਰਕ ਹਨ ਦੋਵਾਂ ਦੀ ਹੋਂਦ ਇੱਕ ਦੂਜੇ ਲਈ ਹੈ ਦੋਵੇਂ ਆਪਸੀ ਤੌਰ ਤੇ ਅਨਿੱਖੜ

ਹਨ ਨਾਟਕ ਤੇ ਰੰਗਮੰਚ ਦੇ ਸਬੰਧਾਂ ਬਾਰੇ ਬਹੁਤ ਸਾਰੇ ਨਾਟਕ ਸ਼ਾਸਤਰੀਆਂ ਨੇ ਵਿਚਾਰ ਪ੍ਰਗਟ ਕੀਤੇ ਹਨ ਕੁਝ ਰੰਗਮੰਚ ਨੂੰ ਨਾਟਕ ਲਈ ਜ਼ਰੂਰੀ ਮੰਨਦੇ ਹਨ ਅਤੇ ਕੁਝ ਰੰਗਮੰਚ ਨੂੰ ਨਾਟਕ ਲਈ ਜ਼ਰੂਰੀ ਨਹੀਂ ਮੰਨਦੇ ਇਨ੍ਹਾਂ ਦੇ ਆਪਸੀ ਸੰਬੰਧਾਂ ਬਾਰੇ ਵਿਚਾਰ ਅੰਕਿਤ ਕਰ ਰਹੇ ਹਨ। ਨਾਟਕ ਤੇ ਰੰਗਮੰਚ ਦਾ ਆਪਸ ਵਿੱਚ ਅਟੁੱਟ ਰਿਸ਼ਤਾ ਹੈ ਨਾਟਕ ਅਤੇ ਰੰਗਮੰਚ ਦੋਵੇਂ ਹੀ ਜ਼ਿੰਦਗੀ ਦੀ ਅਭਿਵਿਅਕਤੀ ਦਾ ਮਾਧਿਅਮ ਹਨ ਅਧਿਆਤਮਕ ਅਤੇ ਦਾਰਸ਼ਨਿਕ ਦ੍ਰਿਸ਼ਟੀ ਤੋਂ ਸਾਰਾ ਸੰਸਾਰ ਇੱਕ ਰੰਗਮੰਚ ਹੈ ਅਤੇ ਮਨੁੱਖੀ ਜ਼ਿੰਦਗੀ ਇਸ ਦੇ ਪਾਤਰਾਂ ਦੀ ਜ਼ਿੰਦਗੀ ਹੈ 1597ਈਸਵੀ ਵਿੱਚ ਦਰਿਆ ਥੇਮਸ ਦੇ ਕੰਢੇ ਸ਼ੈਕਸਪੀਅਰ ਦੀ ਨਾਟ ਮੰਡਲੀ ਨੇ ਰਮਣੀਕ ਵਾਤਾਵਰਨ ਵਿੱਚ ਆਪਣਾ ਗਲੋਬ ਥੀਏਟਰ ਉਸਾਰਿਆ ਸੀ ਇਸ ਥੀਏਟਰ ਦੀ ਪ੍ਰਵੇਸ਼ ਦੀਵਾਰ ਤੇ ਇਕ ਵੱਡੀ ਸਾਰੀ ਲੱਕੜ ਦੀ ਤਖ਼ਤੀ ਲਟਕਾਈ ਗਈ ਸੀ ਤੇ ਉਸ ਉੱਪਰ ਲਿਖਿਆ ਗਿਆ ਸੀ

"All the world is a stage"

ਸਾਰਾ ਸੰਸਾਰ ਇੱਕ ਰੰਗਮੰਚ ਹੈ ਇਨਸਾਈਕਲੋਪੀਡੀਆ ਆਫ ਅਮਰੀਕਾਨਾ ਵਿੱਚ ਲਿਖਿਆ ਹੈ

"By modern standards theatre is one of the media in the service of man's attempt to understand the world and himself. It is not merely a reflection of life but an active search for the truth of existence"

ਭਾਵ ਰੰਗਮੰਚ ਮਨੁੱਖੀ ਸੇਵਾ ਦਾ ਉਹ ਮਾਧਿਅਮ ਹੈ ਜਿਸ ਰਾਹੀਂ ਉਹ ਆਪਣੇ ਆਪ ਨੂੰ ਅਤੇ ਸੰਸਾਰ ਨੂੰ ਜਾਨਣ ਦੀ ਕੋਸ਼ਿਸ਼ ਕਰਦਾ ਹੈ ਰੰਗਮੰਚ ਜੀਵਨ ਦਾ ਨਿਰਾ ਪ੍ਰਤੀਬਿੰਬ ਹੀ ਨਹੀਂ ਸਗੋਂ ਮਨੁੱਖੀ ਹੋਂਦ ਦੀ ਸੱਚਾਈ ਲਈ ਕੀਤਾ ਗਿਆ ਇੱਕ ਚੇਤਨ ਕਾਰਜ ਹੈ

ਮਨੁੱਖੀ ਜੀਵਨ ਦੀ ਚਾਲ ਨਾਲ ਹੀ ਰੰਗਮੰਚ ਸਦਾ ਕਦਮ ਮੇਲਦਾ ਤੁਰਿਆ ਆ ਰਿਹਾ ਹੈ ਨਾਟਕ ਅਤੇ ਰੰਗਮੰਚ ਹਮੇਸ਼ਾ ਇੱਕ ਦੂਜੇ ਪਾਸੋਂ ਉਚੇਰੀਆਂ ਸੰਭਾਵਨਾਵਾਂ ਦੀ ਮੰਗ ਕਰਦੇ ਰਹੇ ਹਨ ਇਹ ਦੋਵੇਂ ਇੱਕ ਦੂਜੇ ਨੂੰ ਭਾਵਪੂਰਤ ਬਣਾਉਣ ਵਿੱਚ ਸਹਾਈ ਹੁੰਦੇ ਹਨ ਜੇ ਸਾਹਿਤ ਦਾ ਮਾਧਿਅਮ ਸ਼ਬਦ ਹਨ ਤਾਂ ਨਾਟਕ ਦਾ ਮਾਧਿਅਮ ਰੰਗਮੰਚ ਹੈ ਕੀ ਕੋਈ ਨਾਟਕ ਰੰਗਮੰਚ ਤੇ ਸਫ਼ਲਤਾ ਪ੍ਰਾਪਤ ਕਰਨ ਤੋਂ ਬਿਨਾਂ ਨਾਟਕ ਅਖਵਾ ਸਕਦਾ ਹੈ ਇਹ ਇਕ ਮਹੱਤਵਪੂਰਨ ਪ੍ਰਸ਼ਨ ਹੈ ਇਸ ਦਾ ਉੱਤਰ ਵੱਖ ਵੱਖ ਵਿਦਵਾਨਾਂ ਨੇ ਆਪਣੇ ਢੰਗ ਨਾਲ ਦਿੱਤਾ

ਜਿਵੇਂ ਨਾਟਕ ਦਾ ਸਭ ਤੋਂ ਵੱਡਾ ਉਸਤਾਦ ਮੰਚ ਹੀ ਹੁੰਦਾ ਹੈ ਰੰਗਸ਼ਾਲਾ ਵਿੱਚ ਬੈਠੇ ਬੈਠੇ ਦਰਸ਼ਕ ਉਸ ਦੇ ਸਹੀ ਆਲੋਚਕ ਹੁੰਦੇ ਹਨ ਹਰਚਰਨ ਸਿੰਘ ਰੰਗਮੰਚ ਪ੍ਰਤੀ ਸੁਹਿਰਦ ਨਾਟਕਕਾਰ ਅਤੇ ਸਟੇਜ ਨੂੰ ਹੀ ਨਾਟਕ ਦੀ ਸਫ਼ਲਤਾ ਦਾ ਪਹਿਲਾ ਅੰਤਲਾ ਆਧਾਰ ਮੰਨਦਾ ਹੈ

ਜਗਤ ਪ੍ਰਸਿੱਧ ਨਾਟਕਕਾਰ ਮੋਲੀਅਰ ਦਾ ਵਿਚਾਰ ਹੈ ਕਿ ਨਾਟਕ ਦੀ ਰਚਨਾ ਖੇਡਣ ਵਾਸਤੇ ਹੁੰਦੀ ਹੈ ਨਾ ਕਿ ਪੜ੍ਹਨ ਵਾਸਤੇ ਜਿਹੜਾ ਪਾਠਕ ਆਪਣੀ ਚੇਤਨਾ ਵਿੱਚ ਰੰਗਮੰਚ ਉਸਾਰ ਕੇ ਸਾਰੀ ਮੰਚੀ ਕਿਰਿਆ ਵੇਖ ਸਕਣ ਦੇ ਸਮਰੱਥ ਨਹੀਂ ਹੈ ਮੈਂ ਉਸ ਨੂੰ ਸਲਾਹ ਦਿਆਂਗਾ ਕਿ ਉਹ ਨਾਟਕ ਪੜ੍ਹਨ ਦੀ ਖੇਚਲ ਨਾ ਕਰੇ ਮੋਲੀਅਰ ਦੇ ਉਪਰੋਕਤ ਕਥਨ ਤੋਂ ਸਪੱਸ਼ਟ ਹੈ ਕਿ ਨਾਟਕ ਪੂਰਾ ਹੀ ਤਾਂ ਹੁੰਦਾ ਹੈ ਜੇ ਉਹ ਰੰਗਮੰਚ ਉੱਤੇ ਖੇਡਿਆ ਜਾਵੇ ਲਿਖਤੀ ਨਾਟਕ ਇੱਕ ਪੱਥਰ ਦੀ ਮੂਰਤੀ ਸਾਮਾਨ ਜਿਸ ਵਿੱਚ ਜ਼ਿੰਦਗੀ ਦੀ ਰੌਂਅ ਰੰਗਮੰਚ ਹੀ ਧੜਕਾਉਂਦਾ ਹੈ

ਪ੍ਰਸਿੱਧ ਨਾਟਕਕਾਰ ਕਪੂਰ ਸਿੰਘ ਘੁੰਮਣ ਨੇ ਵੀ ਉਮਰ ਭਰ ਰੰਗ ਮੰਚ ਨਾਲ ਸੁਹਿਰਦ ਵਚਨਬੱਧਤਾ ਨਿਭਾਈ ਹੈ ਮੈਂ ਨਾਟਕ ਨੂੰ ਰੰਗਮੰਚ ਦੇ ਬਗੈਰ ਚਿਤਵ ਹੀ ਨਹੀਂ ਸਕਦਾ ਮੇਰੀ ਤਾਂ ਇਹ ਧਾਰਨਾ ਹੈ ਕਿ ਜੋ ਨਾਟਕ ਰੰਗਮੰਚ ਤੇ ਖੇਡਿਆ ਤਾਂ ਗਿਆ ਹੈ ਪਰ ਸਫ਼ਲ ਨਹੀਂ ਹੋਇਆ ਉਸ ਦੀ ਰਚਨਾ ਕਰਨ ਵਾਲੇ ਨਾਟਕਕਾਰ ਦੀ ਹਾਲਤ ਉਸ ਮਾਂ ਵਰਗੀ ਹੈ ਜਿਸ ਦਾ ਬੱਚਾ ਕਿਸੇ ਦੁਰਘਟਨਾ ਵਿੱਚ ਅੰਗਹੀਣ ਹੋ ਜਾਵੇ ਤੇ ਉਹ ਨਾਟਕ ਜੋ ਨਾਟਕ ਅਤੇ ਰੰਗਮੰਚ ਤੇ ਖੇਡਿਆ ਨਹੀਂ ਗਿਆ ਉਸ ਦੀ ਰਚਨਾ ਕਰਨ ਵਾਲੇ ਨਾਟਕਕਾਰ ਦੀ ਹਾਲਤ ਉਸ ਮਾਂ ਵਰਗੀ ਹੈ ਜਿਸ ਨੇ ਮੁਰਦਾ ਬੱਚੇ ਨੂੰ ਜਨਮ ਦਿੱਤਾ ਹੈ

ਨਾਟਕ ਵਿਚ ਬਹੁਤ ਸਾਰੇ ਭਾਵ ਅਤੇ ਜਜ਼ਬੇ ਅਣਕਹੇ ਹੁੰਦੇ ਹਨ ਜਿਹੜੇ ਸਯੋਗ ਅਦਾਕਾਰੀ ਦੁਆਰਾ ਰੰਗਮੰਚ ਤੇ ਸਾਕਾਰ ਹੁੰਦੇ ਹਨ। ਸੰਸਾਰ ਪ੍ਰਸਿੱਧ ਨਾਟਕਕਾਰ ਇਬਸਨ ਨੇ ਅਜਿਹੇ ਅਣਕਹੇ ਬੋਲਾਂ ਨੂੰ ਪਾਤਰਾਂ ਦੀ ਗੱਲਬਾਤ ਅਤੇ ਸੰਕੇਤਾਂ ਦੁਆਰਾ ਪੇਸ਼ ਕਰਕੇ ਨਾਟਕ ਲਈ ਰੰਗਮੰਚ ਦੀ ਮਹਾਨਤਾ ਹੋਰ ਵੀ ਵਧਾ ਦਿੱਤੀ ਹੈ

**ਵਿਸ਼ਾ:**

**ਪੰਜਾਬੀ ਰੰਗ ਮੰਚ-ਇੱਕ ਇਤਿਹਾਸਕ ਸਰਵੇਖਣ:**

ਰੰਗਮੰਚ ਅਤੇ ਨਾਟਕ ਦਾ ਰੂਹ ਅਤੇ ਸਰੀਰ ਵਾਲਾ ਸੰਬੰਧ ਹੈ। ਦੋਵੇਂ ਇੱਕ ਦੂਸਰੇ ਦੇ ਪੂਰਕ ਹਨ । ਦੋਹਾਂ ਦੀ ਹੋਂਦ ਇੱਕ ਦੂਸਰੇ ਦੀ ਹੋਂਦ ਕਾਰਣ ਹੀ ਸੰਭਵ ਹੈ। ਰੰਗਮੰਚ ਕਿਸੇ ਕੌਮ ਦੀ ਭਾਵਨਾਵਾਂ, ਸੋਚਣੀਆਂ, ਕਿਰਿਆਵਾਂ ਤੇ ਪ੍ਰਕਿਰਿਆਵਾਂ ਦਾ ਸਮੁੱਚਾ ਸਭਿਆਚਾਰਕ ਪ੍ਰਗਟਾਵਾ ਹੁੰਦਾ ਹੈ । ਇੱਕ ਮਹਾਨ ਸਭਿਆਚਾਰਕ ਵਿਰਸੇ ਵਾਲੀ ਕੌਮ ਦਾ ਥੀਏਟਰ ਵੀ ਉੱਨਤ ਅਤੇ ਵਿਕਸਤ ਹੁੰਦਾ ਹੈ । ਕੁੱਝ ਇਤਿਹਾਸਕ ਅਤੇ ਤੱਤਕਾਲੀਨ ਕਾਰਣਾਂ ਕਰਕੇ ਪੰਜਾਬ ਵਿਚ ਮੱਧਕਾਲ ਵਿਚ ਕੋਈ ਰੰਗਮੰਚੀ ਪਰੰਪਰਾ ਨਹੀਂ ਉਪਜ ਸਕੀ । ਫਿਰ ਵੀ ਲੋਕ ਨਾਟ ਅਤੇ ਲੋਕ-ਮੰਚ ਆਪਣੇ ਅਲਪ ਰੂਪ ਵਿਚ ਜੀਵਤ ਰਿਹਾ ਹੈ। ਲੋਕ ਮੰਚ ਪਰੰਪਰਾ ਅਧੀਨ ਭੰਡਾਂ ਦੀਆਂ ਨਕਲਾਂ, ਨੌਟੰਕੀਆਂ, ਸਵਾਂਗ ਅਤੇ ਲੀਲਾ-ਮੰਚ ਦੇਰ ਚਿਰ ਤੋਂ ਤੁਰੇ ਆਉਂਦੇ

ਰੰਗਮੰਚ ਹਨ। ਪਰ ਪੰਜਾਬ ਵਿਚ ਕਿਸੇ ਬਝਵੀਂ ਰੰਗ-ਮੰਚੀ ਪਰੰਪਰਾ ਦਾ ਲਗਪਗ ਅਭਾਵ ਹੀ ਰਿਹਾ ਹੈ। ਇਸਨੂੰ ਸੁਰਜੀਤ ਕਰਨ ਲਈ 1947 ਤੋਂ ਬਾਅਦ ਕੁੱਝ ਵਿਸ਼ੇਸ਼ ਯਤਨ ਹੋਏ ਹਨ। ਪਰ ਇਸਦਾ ਭਾਵ ਇਹ ਵੀ ਨਹੀਂ ਕਿ ਪੂਰਵ ਸੁਤੰਤਰਤਾ ਕਾਲ ਵਿਚ ਰੰਗਮੰਚ ਦੀ ਅਣਹੋਂਦ ਸੀ। ਇਸ ਲਈ ਅਸੀਂ ਪੰਜਾਬੀ ਰੰਗ-ਮੰਚ ਦੀ ਉਤਪਤੀ ਅਤੇ ਵਿਕਾਸ ਦੇ ਇਤਿਹਾਸ ਨੂੰ ਸਮਝਣ ਲਈ, ਇਸ ਨੂੰ ਦੋ ਭਾਗਾਂ ਵਿਚ ਵੰਡ ਲੈਂਦੇ ਹਾਂ, ਜਿਵੇਂ :

**1. ਪੂਰਵ ਸੁਤੰਤਰਤਾ ਕਾਲ ਦਾ ਰੰਗਮੰਚ**

**2. ਸੁਤੰਤਰਤਾ (1947 ਈ.) ਤੋਂ ਅੱਜ ਤੱਕ ਦਾ ਰੰਗਮੰਚ**

**1. ਪੂਰਵ-ਤੰਤਰਤਾ ਕਾਲ ਦਾ ਪੰਜਾਬੀ ਰੰਗਮੰਚ**:- ਆਧੁਨਿਕ ਖੋਜ ਅਨੁਸਾਰ (ਡਾ: ਹਰਚਰਨ ਸਿੰਘ) ਪੰਜਾਬ ਵਿਚ ਆਰੀਆਂ ਦੇ ਆਉਣ ਤੋਂ ਪਹਿਲਾਂ ਵੀ ਰੰਗਮੰਚ ਅਤੇ ਨਾਟਕ ਦੀ ਇੱਕ ਵਿਕਸਤ ਪਰੰਪਰਾ ਸੀ। ਇਹ ਗਲ "ਮੋਹਨਜੋਦੜੋ' ਅਤੇ 'ਹੜੱਪਾ ਦੀ ਖੁਦਾਈ ਤੋਂ ਬਾਅਦ ਸਿੱਧ ਹੋ ਚੁੱਕੀ ਹੈ। ਪਰ ਆਰੀਆਂ ਦੇ ਹਮਲਿਆਂ ਕਾਰਣ ਸਭ ਕੁੱਝ ਕਾਲ-ਚੱਕਰ ਦੀ ਗੋਦ ਵਿਚ ਜਾ ਪਿਆ। ਆਰੀਆ ਕਾਲ ਵਿਚ ਸੰਸਕ੍ਰਿਤ ਨਾਟਕ ਤੇ ਰੰਗਮੰਚ ਵਿਕਸਤ ਹੋਇਆ ਅਤੇ ਮੁਸਲਮਾਨਾਂ ਦੇ ਹਮਲਿਆਂ ਅਤੇ ਇਸਲਾਮੀ ਸਭਿਆਚਾਰ ਦੇ ਪ੍ਰਭਾਵ ਅਧੀਨ ਇਹ ਪਰੰਪਰਾ ਵੀ ਅਲੋਪ ਹੋ ਗਈ। ਪਰ ਲੋਕ-ਨਾਟ ਤੇ ਲੋਕ-ਮੰਚ ਆਪਣਾ ਸਰੂਪ ਸੰਭਾਲੀ ਹਲਕੀ ਤੋਰੇ ਤੁਰਿਆ ਰਿਹਾ।

ਈਸਾਈ ਮਿਸ਼ਨਰੀਆਂ ਦੇ ਪੰਜਾਬ ਵਿਚ ਆਉਣ ਨਾਲ ਵੀ ਪੰਜਾਬੀ ਰੰਗ ਮੰਚ ਨੂੰ ਕੋਈ ਉਤਸ਼ਾਹ ਨਾ ਮਿਲਿਆ ਕਿਉਂਕਿ ਉਨ੍ਹਾਂ ਦਾ ਮੰਤਵ ਨਿਰੋਲ ਧਰਮ ਪ੍ਰਚਾਰ ਸੀ ਪਰ 19ਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਵਿਚ ਟੈਂਪਰੈਂਸ ਐਸੋਸੀਏਸ਼ਨਾਂ, ਪਾਰਸੀ ਥੀਏਟਰੀਕਲ ਕੰਪਨੀਆਂ ਨੇ ਪੰਜਾਬੀ ਰੰਗ ਮੰਚ ਨੂੰ ਕੁੱਝ ਹੱਦ ਤੱਕ ਪ੍ਰਭਾਵਤ ਕੀਤਾ। 1880 ਈਸਵੀ ਦੇ ਕਰੀਬ ਪਾਰਸੀ ਥੀਏਟਰ ਦੇ ਲੋਕਾਂ ਨੇ ਆਮ ਜਨਤਾ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਹੋਇਆਂ ਰਾਸ ਲੀਲਾ ਅਤੇ ਰਾਮ ਲੀਲਾ ਵੀ ਕਰਨੀ ਆਰੰਭ ਕਰ ਦਿਤੀ।

ਪਾਰਸੀ ਥੀਏਟਰ ਦੁਆਰਾ ਅਲਾਦੀਨ ਦਾ ਲੈਂਪ, ਇੰਦਰ ਸਭਾ, ਪੂਰਨ ਭਗਤ, ਪ੍ਰਹਿਲਾਦ ਭਗਤ ਅਤੇ ਸ਼ਰਾਬ ਕੌਰ ਆਦਿ ਨਾਟਕ ਖੇਡੇ ਜਿਨਾਂ ਨਾਲ ਪੰਜਾਬੀ ਰੰਗ ਮੰਚ ਨਾਂ ਦੀ ਕਿਸੇ ਚੀਜ਼ ਦਾ ਆਗਾਜ਼ ਹੋਣਾ ਆਰੰਭ ਹੋਇਆ ਮੰਨਿਆ ਜਾ ਸਕਦਾ ਹੈ। ਬਾਲੀਵਾਲਾ ਕੰਪਨੀ (1885 ਈ:) ਆਗਾ ਖਾਂ ਕੰਪਨੀ ਨੇ ਰੰਗ ਮੰਚ ਨੂੰ ਉਤਸ਼ਾਹਿਤ ਕੀਤਾ। ਬੰਗਾਲੀ ਭਾਸ਼ਾ ਤੇ ਸਮਾਜ ਵਿਚ ਪੰਜਾਬ ਨਾਲੋਂ ਕਾਫ਼ੀ ਚਿਰ ਪਹਿਲਾਂ ਮੰਚੀ ਪਰੰਪਰਾ ਹੋਂਦ ਵਿਚ ਆ ਚੁਕੀ ਸੀ। ਜਿਹੜੇ ਬੰਗਾਲੀ ਪੰਜਾਬ ਵਿਚ ਆਏ ਉਨ੍ਹਾਂ ਨੇ ਵੀ ਕੁੱਝ ਨਾਟਕ ਪੇਸ਼ ਕੀਤੇ। ਇਸ ਸਮੇਂ ਰੰਗ ਮੰਚ ਪ੍ਰਤੀ ਲੋਕਾਂ ਦਾ ਰੁਝਾਨ ਵਧਣ ਲਗ ਪਿਆ ਸੀ। 1880 ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਸਥਾਪਨਾ ਨਾਲ ਅਤੇ ਗੌਰਮਿੰਟ ਕਾਲਜ ਦੇ ਹੋਂਦ ਵਿਚ ਆਉਣ ਨਾਲ ਜਿਥੇ ਵਿਦਿਆ ਦਾ ਪ੍ਰਸਾਰ ਵਧਿਆ ਉਥੇ ਅੰਗਰੇਜ਼ ਪ੍ਰੋਫੈਸਰਾਂ ਦੇ ਸੰਪਰਕ ਵਿਚ ਆਉਣ ਨਾਲ ਪੰਜਾਬੀ ਨਾਟਕ ਅਤੇ ਰੰਗ ਮੰਚ ਦਾ ਉਤਸ਼ਾਹ ਤੇ ਪ੍ਰੇਰਨਾ ਵਧੀ।

**ਮਿਸਿਜ਼ ਨੋਰਾ ਰਿਚਰਡਜ਼ ਦੀ ਦੇਣ**:

ਅਸਲ ਵਿਚ ਆਧੁਨਿਕ ਪੰਜਾਬੀ ਰੰਗ ਮੰਚ ਅਤੇ ਨਾਟਕ ਦੀ ਪਰੰਪਰਾ ਆਇਰਲੈਂਡ ਨਿਵਾਸੀ ਸੀਮਤੀ ਨੋਰਾ ਰਿਚਰਡਜ਼ ਦੀ ਪ੍ਰੇਰਨਾ ਨਾਲ ਸਥਾਪਤ ਹੋਣ ਲਈ ਯਤਨ ਕਰਨ ਲਗੀ। ਸ੍ਰੀ ਮਤੀ ਨੋਰਾ ਆਪਣੇ ਪਤੀ ਰਿਚਰਡਜ਼ ਨਾਲ ਲਾਹੌਰ ਆਈ ਸੀ। ਉਸ ਦੇ ਆਪਣੇ ਦੇਸ਼ ਆਇਰਲੈਂਡ ਵਿਚ ਆਇਰਸ਼-ਮੰਚ ਉਸ ਸਮੇਂ ਵਿਕਸਤ ਰੂਪ ਵਿੱਚ ਸੀ। ਉਹ ਚਾਹੁੰਦੀ ਸੀ ਕਿ ਪੰਜਾਬੀ ਲੋਕਾਂ ਵਿਚ ਰੰਗ-ਮੰਚ ਦੇ ਮਾਧਿਅਮ ਦੁਆਰਾ ਨਵੀਂ ਚੇਤਨਤਾ ਲਿਆਂਦੀ ਜਾਵੇ। ਇਸ ਮੰਤਵ ਲਈ ਉਸ ਨੇ ਇੱਕ ਨਾਟ ਮੰਡਲੀ ਦਾ ਸੰਗਠਨ ਕੀਤਾ। ਰੰਗ ਮੰਚ ਨੂੰ ਉਤਸ਼ਾਹਿਤ ਕਰਨ ਲਈ ਉਸ ਨੇ ਹਰ ਸਾਲ ਨਾਟ ਮੁਕਾਬਲੇ ਕਰਵਾਉਣੇ ਆਰੰਭ ਕੀਤੇ। ਉਸ ਦੇ ਮੁਢਲੇ ਵਿਦਿਆਰਥੀਆਂ ਵਿਚੋਂ ਪੰਜਾਬੀ ਰੰਗ ਮੰਚ ਤੇ ਨਾਟਕ ਦਾ ਮੋਢੀ ਪ੍ਰੋ: ਆਈ. ਸੀ. ਨੰਦਾ ਵੀ ਸੀ। 1913-14 ਵਿਚ ਆਈ. ਸੀ. ਨੰਦਾ ਦੇ ਨਾਟਕ 'ਦੁਲਹਨ ਦੇ ਰੰਗ ਮੰਚ ਉਪਰ ਖੰਡ ਜਾਣ ਉਪਰੰਤ ਪੰਜਾਬੀ ਰੰਗ ਮੰਚ ਦੀ ਪਰੰਪਰਾ ਦਾ ਮੁੱਢ ਬੱਝਦਾ ਹੈ। ਆਈ. ਸੀ. ਨੰਦਾ ਦੇ ਨਾਲ ਹੀ ਡਾ: ਹਰਚਰਨ ਸਿੰਘ ਵੀ ਸ੍ਰੀਮਤੀ ਨੋਰਾ ਰਿਚਰਡਜ਼ ਤੋਂ ਪ੍ਰਭਾਵਤ ਹੋਣ ਵਾਲੇ ਵਿਦਿਆਰਥੀਆਂ ਵਿਚੋਂ ਹੈ ਜਿਸ ਨੇ ਸਭ ਤੋਂ ਵੱਧ ਪੰਜਾਬੀ ਰੰਗ ਮੰਚ ਦੀ ਸੇਵਾ ਕੀਤੀ ਹੈ। ਉਸ ਸਮੇਂ ਰੰਗ ਮੰਚ ਉੱਤੇ ਲੜਕੀਆਂ ਦਾ ਆਉਣਾ ਠੀਕ ਨਹੀਂ ਸੀ ਸਮਝਿਆ ਜਾਂਦਾ ਸੀ। ਡਾ: ਹਰਚਰਨ ਸਿੰਘ ਦੀ ਪਤਨੀ ਸ੍ਰੀ ਮਤੀ ਧਰਮ ਕੌਰ ਨੇ ਡਾ: ਸਾਹਿਬ ਦੀ ਇਸ ਔਕੜ ਵਿਚ ਸਹਾਇਤਾ ਕੀਤੀ। ਇਸ ਤਰ੍ਹਾਂ ਪੰਜਾਬੀ ਰੰਗ ਮੰਚ ਨਾਂ ਦੀ ਪਰੰਪਰਾ ਦਾ ਅਰੰਭ ਹੋਇਆ। ਵੰਡ ਤੋਂ ਪਹਿਲਾਂ ਡਾ: ਹਰਚਰਨ ਸਿੰਘ ਤੇ ਪ੍ਰੋ: ਆਈ. ਸੀ. ਨੰਦਾ ਨੇ ਵਿਸ਼ੇਸ਼ ਰੂਪ ਵਿਚ ਪੰਜਾਬੀ ਰੰਗ ਮੰਚ ਦੀ ਸੇਵਾ ਵਿਧੀਵਤ ਢੰਗ ਨਾਲ ਕੀਤੀ ਸੀ ਅਤੇ ਨਾਟਕ ਮੰਚਿਤ ਕੀਤੇ ਸਨ।

ਅਸਲ ਵਿਚ ਪੰਜਾਬ ਦੀ ਰੂਹ ਪਿੰਡਾਂ ਵਿਚ ਵਸਦੀ ਹੈ। ਪੰਜਾਬ ਦੇ ਪਿੰਡਾਂ ਵਿਚ ਲੋਕ ਨਾਟ ਕਲਾ ਕਾਫੀ ਪੁਰਾਣੇ ਸਮੇਂ ਤੋਂ ਵਿਚਰਦੀ ਤੁਰੀ ਆ ਰਹੀ ਹੈ। ਪਰ ਆਧੁਨਿਕ ਕਿਸਮ ਦਾ ਰੰਗ ਮੰਚ ਵੀਹਵੀਂ ਸਦੀ ਦੀ ਹੀ ਉਪਜ ਹੈ ਜਿਸ ਦਾ ਮੁੱਢ ਲਾਹੌਰ ਤੋਂ ਬੱਝਦਾ ਹੈ। 1880 ਈ: ਤੋਂ 1947 ਈ: ਤੱਕ ਪੰਜਾਬ ਦੀ ਰਾਜਧਾਨੀ ਲਾਹੌਰ ਹੀ ਰੰਗ ਮੰਚ ਦਾ ਕੇਂਦਰ ਰਹੀ। 1941-42 ਵਿਚ ਲਾਰੰਸ ਬਾਗ਼ ਵਿਚ ਪਹਿਲਾ ਖੁਲ੍ਹਾ ਮੰਚ ਥੀਏਟਰ ਦੀਆਂ ਸਰਗਰਮੀਆਂ ਦਾ ਸੂਚਕ ਹੈ।

**1947 ਈ: ਤੋਂ ਬਾਅਦ ਦਾ ਪੰਜਾਬੀ ਰੰਗ ਮੰਚ:**

ਸਹੀ ਅਰਥਾਂ ਵਿਚ ਬਤੌਰ ਇੱਕ ਪਰਪੰਰਾ ਦੇ ਪੰਜਾਬੀ ਰੰਗ ਮੰਚ ਨੇ 1947 ਈ: ਤੋਂ ਬਾਅਦ ਹੀ ਵਿਕਾਸ ਕਰਨਾ ਆਰੰਭ ਕੀਤਾ ਹੈ। ਦੇਸ਼ ਦੀ ਵੰਡ ਨੇ ਜੋ ਮਾਰੂ ਪ੍ਰਭਾਵ ਪੰਜਾਬੀ ਸਭਿਆਚਾਰ ਤੇ ਪਾਇਆ ਉਸ ਨੇ ਪੰਜਾਬੀ ਰੰਗ ਮੰਚ ਨੂੰ ਵੀ ਕਾਫੀ ਠੇਸ ਪਹੁੰਚਾਈ। ਪੰਜਾਬ ਦਾ ਸਭਿਆਚਾਰਕ ਕੇਂਦਰ ਲਾਹੌਰ ਸਾਥੋਂ ਖੁਸ ਗਿਆ। ਪੰਜਾਬੀ ਨਾਟਕ ਤੇ ਰੰਗ ਮੰਚ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ ਨਾਟਕਕਾਰ ਅਤੇ ਅਦਾਕਾਰ ਮੁੜ ਵਸੇਬੇ ਲਈ ਵੱਖ ਵੱਖ ਥਾਵਾਂ ਤੇ ਖਿਲਰ ਗਏ। ਇਨਾਂ ਵਿਚੋਂ ਬਹੁਤ ਸਾਰੇ ਦਿੱਲੀ ਵਿਚ ਜਾ ਵਸੇ। ਇਥੇ ਦਿੱਲੀ ਵਿਚ ਹੀ ਹੌਲੀ-ਹੌਲੀ ਮੁੜ ਪੰਜਾਬੀ ਰੰਗ ਮੰਚ ਉਸਰਨਾ ਆਰੰਭ ਕੀਤਾ। ਪੰਜਾਬ ਸਰਕਾਰ ਦੇ ਮੁੱਖ ਦਫ਼ਤਰ ਸ਼ਿਮਲੇ ਚਲੇ ਗਏ। ਇਸ ਤਰਾਂ ਸ਼ਿਮਲੇ ਵਿਚ ਵੀ ਨਾਟਕ ਖੇਡੇ ਜਾਣ ਲਗੇ।

**ਇੰਡੀਅਨ ਪੀਪਲਜ਼ ਥੀਏਟਰੀਕਲ ਐਸੋਸੀਏਸ਼ਨ (ਇਪਟਾ) (Indian Peoples Theatrical Association)**

1947 ਤੋਂ ਬਾਅਦ ਪੰਜਾਬੀ ਰੰਗ ਮੰਚ ਦੀ ਮੁੜ ਉਸਾਰੀ ਲਈ ਇਪਟਾ ਦਾ ਯੋਗਦਾਨ ਵਿਸ਼ੇਸ਼ ਹੈ। ਇਸ ਦਾ ਇੱਕ ਕੇਂਦਰ ਜਲੰਧਰ ਵਿਚ ਅਤੇ ਇੱਕ ਬਠਿੰਡੇ ਵਿਚ ਸਥਾਪਤ ਹੋਇਆ। ਪਿੰਡਾਂ ਤੱਕ ਪੰਜਾਬੀ ਰੰਗਮੰਚ ਪਹੁੰਚਾਉਣ ਲਈ ਸਭ ਤੋਂ ਵਧ ਉਪਰਾਲਾ ਇਪਟਾ ਨੇ ਹੀ ਕੀਤਾ ਹੈ। ਇਸ ਸੰਸਥਾ ਨਾਲ ਸੰਬੰਧਤ ਬਲਵੰਤ ਗਾਰਗੀ ਸੀ। ਉਸ ਦੇ ਮੁਢਲੇ ਨਾਟਕ 'ਰਾਈ ਦਾ ਪਹਾੜ' 'ਬਿਸਵੇਦਾਰ' ਆਦਿ ਇਸੇ ਸੰਸਥਾ ਨੇ ਮੰਚਿਤ ਕੀਤੇ। ਇਸ ਸਮੇਂ "ਕੇਸਰੋ' 'ਦਿੱਲੀ ਆਰਟ ਥੀਏਟਰ ਵਲੋਂ ਖੇਡਿਆ ਗਿਆ।

**ਪੰਜਾਬੀ ਥੀਏਟਰ (Panjabi Theatre)**

ਪੰਜਾਬੀ ਰੰਗ ਮੰਚ ਦੀ ਉਨਤੀ ਲਈ ਦਿੱਲੀ ਵਿਚ ਗੁਰਦਿਆਲ ਸਿੰਘ ਖੋਸਲਾ ਨੇ ਵੀ ਵਿਸ਼ੇਸ਼ ਯਤਨ ਕੀਤੇ। 1948 ਈ: ਵਿਚ ਖੋਸਲਾਂ ਨੇ ਨਾਟਕ-ਉਤਸਵ ਮਨਾਉਣ ਦੀ ਪਹਿਲ ਕੀਤੀ ਅਤੇ ਦਿੱਲੀ ਵਿਚ ਪੰਜਾਬੀ-ਥੀਏਟਰ' ਨਾਂ ਦਾ ਇੱਕ ਨਾਟਕੀ-ਟੋਲਾ ਸਥਾਪਿਤ ਕੀਤਾ। ਪੰਜਾਬੀ ਥੀਏਟਰ ਦੀਆਂ ਸ਼ਾਖਾਵਾਂ ਬੰਬਈ, ਸ਼ਿਮਲਾ ਤੇ ਕਲਕੱਤਾ ਵਿਚ ਖੋਲੀਆਂ ਗਈਆਂ। ਇਸ ਸੰਸਥਾ ਨੇ ਮੁਰਦੇ ਦਾ ਰਾਸ਼ਨ, ਬੇ-ਘਰ, ਪਿੱਛਲ ਪੈਰੀ, ਮਨ ਦੀਆਂ ਮਨ ਵਿਚ ਅਤੇ ਬੇਈਮਾਨ ਆਦਿ ਨਾਟਕ ਸਫਲਤਾ ਸਹਿਤ ਖੇਡੇ।

**ਦਿੱਲੀ ਆਰਟ ਥੀਏਟਰ (Delhi Art Theatre)**

ਇਸ ਸੰਸਥਾ ਨੇ ਪੰਜਾਬੀ ਰੰਗ ਮੰਚ ਦੀ ਪੇਸ਼ਕਾਰੀ ਨੂੰ ਕੌਮੀ ਪੱਧਰ ਤੇ ਸਥਾਪਤ ਕਰਨ ਲਈ ਖ਼ਾਸ ਯਤਨ ਕਤੇ ! ਇਸ ਪਾਸ ਸ਼ਾਲਾ ਭਾਟੀਆਂ ਦਾ ਯੋਗਦਾਨ ਵਰਨਣ ਯੋਗ ਹੈ। 1948 ਈ: ਵਿਚ ਪੀਸ ਓਪਰੇਟਾ ਤੋਂ ਆਰੰਭ ਕਰਕੇ ਉਸ ਨੇ ਵਾਦੀ ਦੀ ਪੁਕਾਰ, ਹੀਰ ਰਾਂਝਾ, ਰੁੱਖੇ ਖੇਤ, ਪ੍ਰਿਥਵੀ ਰਾਜ ਚੌਹਾਨ, ਚੰਨ ਬਦਲ ਦਾ, ਜੁਗਨੀ ਆਦਿ ਬਹੁਤ ਸਾਰੇ ਗੀਤ-ਨਾਟ ਰੰਗ ਮੰਚ ਤੇ ਪੇਸ਼ ਕੀਤੇ। 1954-55 ਵਿਚ ਹੀ ਸ: ਭਾਗ ਸਿੰਘ ਅਤੇ ਨੰਦ ਲਾਲ ਨੂਰ ਪੁਰੀ ਦਾ ਲਿਖਿਆ ਹੋਇਆ ਮਿਰਜ਼ਾ ਸਾਹਿਬਾਂ ਦਿਲ ਅਤੇ ਪੰਜਾਬ ਦੇ ਕਈ ਸ਼ਹਿਰਾਂ ਵਿਚ ਖੇਡਿਆ ਗਿਆ। ਇਸ ਪਾਸੇ ਤੇਰਾ ਸਿੰਘ ਚੰਨ ਦਾ ਵੀ ਵਿਸ਼ੇਸ਼ ਯੋਗਦਾਨ ਹੈ।

**ਦਿੱਲੀ ਵਿਚ ਹੋਰ ਨਾਟ-ਟੋਲੇ**

ਪੰਜਾਬ ਆਰਟ ਥੀਏਟਰ ਜਿਹੜਾ ਕਿ ਵੰਡ ਤੋਂ ਪਹਿਲਾਂ 1938-39 ਵਿਚ ਲਾਹੌਰ ਅੰਦਰ ਸਥਾਪਤ ਹੋਇਆ ਸੀ। ਇਸ ਨਾਟ-ਮੰਡਲੀ ਨੇ 1941 ਵਿਚ ਪਹਿਲੀ ਵਾਰ ਲੜਕੀਆਂ ਨੂੰ ਰੰਗ ਮੰਚ ਤੇ ਲਿਆਂਦਾ ਸੀ। 1949 ਈ: ਵਿਚ ਇਸ ਨੇ ਮੁੜ ਦਿੱਲੀ - ਵਿਚ ਕਾਰਜ ਅਰੰਭ ਦਿਤਾ। ਇਸ ਨੇ 1949 ਵਿਚ "ਦੋਸ਼' ਨਾਟਕ ਕਈ ਸ਼ਹਿਰਾਂ ਵਿਚ ਖੇਡਿਆ। ਇਸ ਨਾਟ-ਟੋਲੇ ਨੇ ਚੰਡੀਗੜ ਵਿਚ ਪਹਿਲਾ ਪੰਜਾਬੀ ਨਾਟਕ 'ਤੇਰਾ ਘਰ ਸੌ ਮੇਰਾ ਘਰ ਖੇਡਿਆ। ਇਸ ਦੇ ਸੰਚਾਲਕ ਡਾ: ਹਰਚਰਨ ਸਿੰਘ ਜੀ ਸਨ, ਜਿਨ੍ਹਾਂ ਨੇ ਅੱਜ ਤੱਕ ਆਪਣਾ ਸਾਰਾ ਜੀਵਨ ਰੰਗ ਮੰਚ ਨੂੰ ਸਮਰਪਿਤ ਕੀਤਾ ਹੋਇਆ ਹੈ। ਇਸ ਸਮੇਂ ਨਾਟਕਕਾਰ ਨੂੰ ਆਪਣੀਆਂ ਪਤਨੀਆਂ ਦੇ ਸਹਿਯੋਗ ਨਾਲ ਨਾਟਕ ਖਿਡਾਉਣੇ ਪੈਂਦੇ ਹਨ। ਇਸ ਪ੍ਰਸੰਗ ਵਿਚ ਡਾ: ਹਰਚਰਨ ਸਿੰਘ ਅਤੇ ਕਪੂਰ ਸਿੰਘ ਘੁੰਮਣ ਦਾ ਨਾਂ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹੈ। ਪੰਜਾਬੀ ਮੰਚ-ਪਰੰਪਰਾ ਦੇ ਖੇਤਰ ਵਿਚ ਦਵਿੰਦਰ ਦਮਨ, ਗੁਰਸ਼ਰਨ ਸਿੰਘ, ਪਰਿਤੋਸ਼ ਗਾਰਗੀ, ਸੁਰਜੀਤ ਸਿੰਘ ਸੇਠੀ ਅਤੇ ਅਜਮੇਰ ਔਲਖ ਦੇ ਨਾਮ ਵੀ ਖ਼ਾਸ ਤੌਰ ਤੇ ਵਰਨਣ ਯੋਗ ਹਨ। 1954 ਈ: ਵਿਚ ਘੁੰਮਣ ਨੇ ਕੱਲੋ ਨਾਟਕ ਲਿਖ ਕੇ ਅਤੇ ਇਸ ਨੂੰ 1956 ਵਿਚ ਰੰਗ ਮੰਚ ਤੇ ਖੇਡ ਕੇ ਮੰਚ ਤੇ ਨਾਟਕ ਲਹਿਰ ਵਿਚ ਪ੍ਰਵੇਸ਼ ਕੀਤਾ। ਪਰਿਤੋਸ਼ ਗਾਰਗੀ ਨੇ ਵੀ ਪੰਜਾਬੀ ਰੰਗ ਮੰਚ ਦੀ ਉਸਾਰੀ ਵਿਚ ਹਿਸਾ ਪਾਇਆ ਹੈ। 1954 ਵਿਚ (ਖੂਹ ਦੀ ਮਣ) ਅਤੇ 1957 (ਪਰਛਾਵੇਂ) ਨਾਟਕ ਖੇਡ ਕੇ ਉਸ ਨੇ ਇਸ ਦਿਸ਼ਾ ਵੱਲ ਨਿੱਗਰ ਕਦਮ ਪੁੱਟੇ।

**ਗੁਰਚਰਨ ਸਿੰਘ ਜਸੂਜਾ ਅਤੇ ਪਾਂਧੀ ਨਨਕਾਣਵੀਂ**

1955-56 ਦੇ ਸਮੇਂ ਵਿਚ ਪੰਜਾਬੀ ਰੰਗ ਮੰਚ ਦੀ ਸਥਾਪਤੀ ਵਿਚ ਹਿੱਸਾ ਪਾਉਣ ਵਾਲੇ ਦੋ ਹੋਰ ਨਾਟਕਕਾਰ ਵੀ ਸਨ। ਇਹ ਅੱਜ ਤੱਕ ਰੰਗ ਮੰਚ ਦੀ ਸੇਵਾ ਕਰ ਰਹੇ ਹਨ। ਇਹ ਹਨ ਗੁਰਚਰਨ ਸਿੰਘ ਜਸੂਜਾ ਅਤੇ ਸ੍ਰੀ ਪਾਂਧੀ ਨਨਕਾਣਵੀ। ਪਿਛਲੇਰੇ ਸਮੇਂ ਵਿਚ 'ਹੀਰੋ ਦੀ ਤਲਾਸ਼' ਦੀ ਪੇਸ਼ਕਾਰੀ ਨੇ ਕਾਫੀ ਨਾਮ ਕਮਾਇਆ ਹੈ।

ਪੰਜਾਬ ਅੰਦਰ ਅਮਨ ਲਹਿਰ ਨੇ (1955-56) ਪੰਜਾਬੀ ਰੰਗ ਮੰਚ ਨੂੰ ਹਰਮਨ ਪਿਆਰਾ ਬਣਾਉਣ ਦਾ ਉਪਰਾਲਾ ਕੀਤਾ ਹੈ। ਇਸ ਲਹਿਰ ਦੇ ਪ੍ਰਭਾਵ ਅਧੀਨ ਬਲਵੰਤ ਗਾਰਗੀ ਦਾ "ਘੁੱਗੀ , ਸੰਤ ਸਿੰਘ ਸੇਖੋਂ ਦਾ ਸੰਦੇਸ਼ ਅਤੇ ਤੇਰਾ ਸਿੰਘ ਚੰਨ ਦਾ ਅਮਰ ਪੰਜਾਬੀ ਨਾਟਕ ਖੇਡੇ ਗਏ। ਪੰਜਾਬੀ

ਸਾਹਿਤ ਅਕਾਡਮੀ ਲੁਧਿਆਣਾ ਅਤੇ ਕੇਂਦਰੀ ਲਿਖਾਰੀ ਸਭਾ ਦੀਆਂ ਸਾਲਾਨਾ ਕਾਨਫ਼ਰੰਸਾਂ ' ਵਿਚ ਵੀ ਉਤਮ ਨਾਟਕ ਖੇਡੇ ਜਾਂਦੇ ਰਹੇ ਹਨ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ 1904 ਈ: ਵਿਚ ਹੋ ਗਈ ਸੀ। ਇਸ ਕਾਲਜ ਵਿਚ ਪੰਜਾਬੀ ਦੇ ਤਿੰਨ ਪ੍ਰਸਿੱਧ ਨਾਟਕਕਾਰ ਡਾ: ਰੌਸ਼ਨ ਲਾਲ ਅਹੂਜਾ, ਸੰਤ ਸਿਘ ਸੇਖੋਂ ਅਤੇ ਗੁਰਦਿਆਲ ਸਿੰਘ ਫੁੱਲ ਪੜ੍ਹਾਉਂਦੇ ਰਹੇ। ਇਨ੍ਹਾਂ ਨੇ ਕਈ ਨਾਟਕ ਰੰਗ ਮੰਚ ਤੇ ਪੇਸ਼ ਕੀਤੇ। ਇਸ ਕੇਂਦਰ ਵਿਚ ਗੁਰਦਿਆਲ ਸਿੰਘ ਫੁੱਲ ਦੇ ਯਤਨ ਪ੍ਰਸੰਸਾ ਯੋਗ ਹਨ।

**ਸੁਰਜੀਤ ਸਿੰਘ ਸੇਠੀ**

ਪਹਿਲਾਂ ਪਹਿਲ ਫਿਲਮ ਜਗਤ ਵਲ ਰੁਚਿਤ ਹੋਇਆ ਸੀ ਪਰ ਛੇਤੀ ਹੀ ਉਸ ਦਾ ਰੁਝਾਨ ਨਾਟਕ ਕਲਾ ਵਲ ਹੋ ਗਿਆ। ਉਸ ਨੇ ਆਪਣੀ ਪਤਨੀ ਦੇ ਸਹਿਯੋਗ ਦੇ ਨਾਲ ਕਈ ਨਾਟਕ ਰੰਗ ਮੰਚ ਤੇ ਖੇਡੇ। ਪਰ ਪੰਜਾਬੀ ਰੰਗ ਮੰਚ ਦੇ ਵਿਕਾਸ ਵਿਚ ਉਸ ਨੇ ਪੰਜਾਬੀ ਯੂਨੀਵਰਸਿਟੀ ਵਿਚ ਨਾਟਕ ਵਿਭਾਗ ਦੇ ਮੁੱਖੀ ਬਣਨ ਤੋਂ ਬਾਅਦ ਵਧੇਰੇ ਯੋਗਦਾਨ ਪਾਇਆ ਹੈ। ਕਾਦਰ ਯਾਰ, ਕੱਚਾ ਘੜਾ, ਕਿੰਗ ਮਿਰਜ਼ਾ ਤੇ ਸਪੇਰਾ, ਮੇਰਾ ਮੁਰਸ਼ਦ ਮੋੜ ਲਿਆਓ' ਅਤੇ "ਇੱਕ ਬਗਲਾ ਯਾਰ ਬਣਾਇਆ ਨਾਟਕ ਖੇਡ ਕੇ ਉਸ ਨੇ ਪੰਜਾਬੀ ਰੰਗ ਮੰਚ ਤੇ ਨਵੇਂ ਤਜਰਬੇ ਕੀਤੇ ਹਨ।

**ਪੰਜਾਬੀ ਥੀਏਟਰ ਦੁਆਰਾ 1964**:

ਗੁਰਦਿਆਲ ਸਿੰਘ ਖੋਸਲਾ ਦੇ ਯਤਨਾਂ ਨਾਲ ਪੰਜਾਬੀ ਰੰਗ ਮੰਚ ਦੀ 'ਗੋਲਡਨ ਜੁਬਲੀ ਮਨਾਈ ਗਈ। 1914- 1964 ਤੱਕ ਪੰਜਾਹ ਸਾਲ ਦੇ ਪੰਜਾਬੀ ਰੰਗ ਮੰਚ ਦੀ ਉਮਰ ਹੋ ਜਾਣ ਤੇ ਪੂਰੇ ਦਸ ਦਿਨ ਸਪਰੂ ਹਾਊਸ ਦਿੱਲੀ ਵਿਚ ਪੰਜਾਬੀ ਨਾਟਕ ਪ੍ਰਦਰਸ਼ਿਤ ਕੀਤੇ ਗਏ। ਇਸ ਸਮਾਰੋਹ ਦੇ ਸਮੇਂ ਹਰਪਾਲ ਟਿਵਾਣਾ ਦੀ ਨਿਰਦੇਸ਼ਨਾ ਅਧੀਨ ਸਫਲ ਨਾਟਕ ਖੇਡੇ ਗਏ।

**ਪੰਜਾਬ ਕਲਾ ਮੰਚ (1964)**

ਸ੍ਰੀਮਤੀ ਨੀਨਾ ਟਿਵਾਣਾ ਅਤੇ ਸ੍ਰੀ ਹਰਪਾਲ ਟਿਵਾਣਾ ਨੇ ਪੰਜਾਬੀ ਰੰਗ ਮੰਚ ਨੂੰ ਆਧੁਨਿਕ ਵਿਕਸਤ ਭਾਰਤੀ ਮੰਚ ਦੇ ਬਰਾਬਰ ਲਿਆ ਖਲਾਰਿਆ ਹੈ। ਨੈਸ਼ਨਲ ਸਕੂਲ ਆਫ਼ ਡਰਾਮਾ (National School of Drama) ਵਿਚ ਅਲਕਾਜ਼ੀ ਦੀ ਦੇਖ ਰੇਖ ਵਿਚ ਅਦਾਕਾਰੀ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਇਸ ਜੋੜੇ ਨੇ ਪੰਜਾਬੀ ਰੰਗ ਮੰਚ ਦੇ ਵਿਕਾਸ ਵਿਚ ਵਰਨਣ ਯੋਗ ਹਿਸਾ ਪਾਇਆ ਹੈ। 1964 ਈ: ਵਿਚ ਪੰਜਾਬ ਕਲਾ ਮੰਚ ਦੀ ਵਾਂਗ ਡੋਰ ਹਰਪਾਲ ਟਿਵਾਣਾ ਨੇ ਸੰਭਾਲੀ। ਇਸ ਜੋੜੀ ਨੇ ਪੰਜਾਬੀ ਰੰਗਮੰਚ ਦੀ ਪੇਸ਼ਕਾਰੀ ਨੂੰ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਾਇਆ ਹੈ। ਥੀਏਟਰ ਉਸ ਦੇ ਸਾਰੇ ਸਮੇਂ ਦਾ ਕਿੱਤਾ ਹੈ। ਪੰਜਾਬੀ ਭਵਨ ਲੁਧਿਆਣਾ ਵਿਚ ਕਾਫੀ ਸਮੇਂ ਤੱਕ ਇਸ ਦੀ ਨਾਟ-ਮੰਡਲੀ ਕਰਮਸ਼ੀਲ ਰਹੀ ਹੈ। "ਚਮਕੌਰ ਦੀ ਗੜ੍ਹੀ ਅਤੇ ਹਿੰਦ ਦੀ ਚਾਦਰ` ਹਰਪਾਲ ਦੀਆਂ ਸ਼ਾਹਕਾਰ ਪੇਸ਼ਕਾਰੀਆਂ ਹਨ। ਹਿੰਦ ਦੀ ਚਾਦਰ` ਦੇ ਅਣਗਿਣਤ ਸ਼ੋਅ ਹੋਏ ਹਨ। ਇਹ ਨਾਟਕ ਪੰਜਾਬ ਦੇ ਹਰ ਪਿੰਡ, ਕਸਬੇ ਤੇ ਸ਼ਹਿਰ ਵਿਚ ਖੇਡਿਆ ਗਿਆ। ਵਿਕਸਤ ਪੱਛਮੀ ਰੰਗ ਮੰਚ ਦੀਆਂ ਤਕਨੀਕਾਂ ਦੀ ਸਫਲ ਵਰਤੋਂ ਵੀ ਹਰਪਾਲ ਟਿਵਾਣਾ ਨੇ ਕੀਤੀ ਹੈ।

**ਗੁਰਸ਼ਰਨ ਸਿੰਘ (ਅੰਮ੍ਰਿਤਸਰ ਸਕੂਲ ਆਫ਼ ਡਰਾਮਾ)**

ਪੰਜਾਬੀ ਰੰਗ ਮੰਚ ਪਰੰਪਰਾ ਦੀ ਸਥਾਪਤੀ ਵਿਚ ਅੰਮ੍ਰਿਤਸਰ ਨਿਵਾਸੀ ਸ: ਗੁਰਸ਼ਰਨ ਸਿੰਘ ਦਾ ਵੱਡਮੁੱਲਾ ਯੋਗਦਾਨ ਹੈ। ਉਸ ਨੇ ਪੰਜਾਬੀ ਰੰਗ ਮੰਚ ਨੂੰ ਦੂਰ-ਦੁਰੇਡੇ ਪਿੰਡਾਂ ਤੱਕ ਪਹੁੰਚਾ ਦਿੱਤਾ ਹੈ। ਉਹ ਆਇਰਲੈਂਡ ਦੇ ਰੰਗ ਕਰਮੀਆਂ ਵਾਂਗ ਲੋਕਾਂ ਵਿਚ ਮੰਚ ਦੇ ਮਾਧਿਅਮ ਦੁਆਰਾ ਜਾਤੀ ਪੈਦਾ ਕਰਨੀ ਚਾਹੁੰਦਾ ਹੈ। ਸ਼ਰਨ ਸਿੰਘ ਰੰਗ ਮੰਚ ਨੂੰ ਮਨ-ਪ੍ਰਚਾਵੇ ਦਾ' ਸਾਧਨ ਨਹੀਂ ਸਮਝਦਾ, ਉਹ ਪੰਜਾਬੀ ਲੋਕ ਨਾਟ ਸ਼ੈਲੀ ਵਿਚ ਆਪਣੇ ਨਾਟਕ ਖੇਡਦਾ ਹੈ। ਉਸ ਦੀ ਵੱਡੀ ਖੂਬੀ ਇਹ ਹੈ ਕਿ ਉਹ ਬਿਨਾਂ ਮੰਚ ਸਮਗਰ ਅਤੇ ਦ੍ਰਿਸ਼ ਸਜਾਵਟ ਦੇ ਹੀ ਆਪਣਾ ਨਾਟਕ ਸਫ਼ਲਤਾ ਨਾਲ ਖੇਡਣ ਦੇ ਸਮਰੱਥ ਹੈ। ਪੰਜਾਬੀ ਰੰਗ ਮੰਚ ਨੂੰ ਆਮ ਲੋਕਾਂ ਨਾਲ ਜੋੜਨ ਲਈ ਜੋ ਉਦਮ ਗੁਰਸ਼ਰਨ ਸਿੰਘ ਨੇ ਕੀਤਾ ਹੈ, ਉਹ ਬੇ-ਮਿਸਾਲ ਹੈ। ਅੰਮ੍ਰਿਤਸਰ ਸਕੂਲ ਆਫ਼ ਡਰਾਮਾ ਨੇ ਉਸ ਦੀ ਨਿਰਦੇਸ਼ਨਾ ਅਧੀਨ ਅਨੇਕਾਂ ਪੰਜਾਬੀ ਨਾਟਕ ਸਫਲਤਾ ਨਾਲ ਖੇਡੇ ਹਨ।

**ਪੰਜਾਬੀ ਯੂਨੀਵਰਸਿਟੀ ਨਾਟਕ ਵਿਭਾਗ**

1966 ਈ: ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ 'ਨਾਟਕ ਵਿਭਾਗ' ਦੀ ਸਥਾਪਨਾ ਕੀਤੀ ਗਈ। ਇਸ ਦਾ ਮੰਤਵ ਪੰਜਾਬੀ ਰੰਗ ਮੰਚ ਨੂੰ ਵਿਕਸਤ ਕਰਨਾ ਸੀ। ਡਾ: ਸੁਰਜੀਤ ਸਿੰਘ ਸੇਠੀ ਨੇ ਕਈ ਸਾਲ ਇਸ ਵਿਭਾਗ ਦੇ ਨਿਗਰਾਨ ਵਜੋਂ ਕੰਮ ਕੀਤਾ। ਸੁਰਜੀਤ ਸਿੰਘ ਸੇਠੀ ਨੇ ਆਪਣੇ ਨਵੇਂ ਨਾਟਕੀ-ਪ੍ਰਯੋਗ ਯੂਨੀਵਰਸਿਟੀ ਦੀ ਸਟੇਜ ਤੇ ਹੀ ਕੀਤੇ। ਜਿਵੇਂ ਮੇਰਾ ਮੁਰਸ਼ਦ ਮੋੜ ਲਿਆਓ', 'ਇਹ ਜ਼ਿੰਦਗੀ ਹੈ ਦੋਸਤੋ' ਅਤੇ 'ਇੱਕ ਬਰਲਾ ਯਾਰ ਬਣਾਇਆ ਸਫਲਤਾ ਨਾਲ ਖੇਡੇ ਗਏ। ਪਟਿਆਲਾ ਵਿਚ ਕਪੂਰ ਸਿੰਘ ਘੁੰਮਣ ਦੇ ਕਲਾ ਸੰਗਮ' ਨੇ ਵੀ ਕਾਫੀ ਨਾਟਕ ਖੇਡੇ ਹਨ। ਪ੍ਰਾਣ ਸਭਰਵਾਲ, ਗਿਆਨ ਗੱਖੜ ਅਤੇ ਪ੍ਰੋਗਰੈਸਿਵ ਡਰਾਮਾਟਿਕ ਕਲੱਬ ਇਸ ਪਾਸੇ ਕਰਮਸ਼ੀਲ ਹਨ।

**ਪੰਜਾਬੀ ਕਲਾ ਕੇਂਦਰ ਚੰਡੀਗੜ੍ਹ**

ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਰੰਗ ਮੰਚ ਸਰਗਰਮੀਆਂ ਨੂੰ ਜਾਰੀ ਰੱਖਣ ਵਿਚ ਪੰਜਾਬੀ ਕਲਾ ਕੇਂਦਰ ਨੇ ਸ਼ਲਾਘਾ ਯੋਗ ਹਿੱਸਾ ਪਾਇਆ ਹੈ। ਇਸ ਦੀ ਸਥਾਪਨਾ ਜੁਲਾਈ 1979 ਵਿਚ ਹੋਈ ਸੀ। ਸੀ ਐਚ. ਐਸ. ਭੱਟੀ ਦੇ ਸਹਿਯੋਗ ਨਾਲ ਇਹ ਸੰਸਥਾ ਚੰਗਾ ਕੰਮ ਕਰ ਰਹੀ ਹੈ। ਇਸ ਨੇ ਮੋਹਾਲੀ ਵਿਚ "ਬਲਰਾਜ ਸਾਹਨੀ ਖੁਲਾ ਮੰਚ ਵੀ ਉਸਾਰਿਆਂ ਹੈ। ਚੰਡੀਗੜ੍ਹ ਵਿਚ ਹੀ ਐਚ. ਐਸ. ਦਿਲਗੀਰ ਦੀ ਨਿਗਰਾਨੀ ਹੇਠ ਚਲ ਰਿਹਾ "ਕਲਾ ਦਰਪਨ' ਵੀ ਕਦੇ ਕਦੇ ਨਾਟਕ ਖੇਡਦਾ ਰਹਿੰਦਾ ਹੈ।

**ਦਵਿੰਦਰ ਦਮਨ ਦਾ ਨੇਰਾ ਰਿਚਰਡਜ਼ ਰੰਗ ਮੰਚ**

ਪੰਜਾਬੀ ਰੰਗ ਮੰਚ ਦੀ ਉਨਤੀ ਲਈ ਕਰਮਸ਼ੀਲ ਹੈ। 'ਦਮਨ ਨੇ ਆਪਣੀ ਪਤਨੀ ਜਸਵੰਤ ਦਮਨ ਦੀ ਸਹਾਇਤਾ ਨਾਲ ਦਰਜਨ ਦੇ ਕਰੀਬ ਨਾਟਕ ਖੇਡੇ ਹਨ। 'ਮੋਇਆਂ ਸਾਰ ਨਾ ਕਾਈਂ ਚੰਗੀ ਪੇਸ਼ਕਸ਼ ਸੀ। 'ਨਾਰਕੀ' ਨੂੰ ਵੀ ਇਨ੍ਹਾਂ ਨੇ ਮੰਚਿਤ ਕੀਤਾ ਹੈ।

**ਪੰਜਾਬ ਨਾਟ ਸੰਘ**

ਭਾਗ ਸਿੰਘ ਦੀ ਅਗਵਾਈ ਵਿਚ ਕੰਮ ਕਰ ਰਿਹਾ ਹੈ। ਸ਼ਿਵਾਲਕ ਥੀਏਟਰ ਪੰਜਾਬੀ ਰੰਗ ਮੰਚ, ਲਿਟਲ ਆਰਟਸ, ਪੰਜਾਬੀ ਨਾਟਕ ਅਕਾਡਮੀ ਆਦਿ ਸੰਸਥਾਵਾਂ ਇਸ ਸਮੇਂ ਚੰਡੀਗੜ੍ਹ ਵਿਚ ਪੰਜਾਬੀ ਰੰਗ ਮੰਚ ਦੇ ਖੇਤਰ ਵਿਚ ਕੰਮ ਕਰ ਰਹੀਆਂ ਹਨ। ਇਸ ਤਰ੍ਹਾਂ ਪੰਜਾਬੀ ਦਾ ਮੰਚ ਇੱਕ ਪਰੰਪਰਾ ਦੇ ਤੌਰ ਤੇ ਸਥਾਪਿਤ ਹੋ ਰਿਹਾ ਹੈ।

**ਡਾ: ਚਰਨ ਦਾਸ ਸਿੱਧੂ**

ਹੰਸ ਰਾਜ ਕਾਲਜ ਦਿੱਲੀ ਵਿਚ ਅੰਗਰੇਜ਼ੀ ਦਾ ਅਧਿਆਪਕ ਹੈ ਪਿਛਲੇ ਸੱਤ ਅੱਠ ਸਾਲਾਂ ਤੋਂ ਪੰਜਾਬੀ ਨਾਟਕ ਲਿਖਣ ਅਤੇ ਰੰਗ ਮੰਚ ਤੇ ਖੇਡਣ ਵਿਚ ਰੁਝਾ ਹੋਇਆ ਹੈ। ਇਸ ਮੰਤਵ ਲਈ ਉਸ ਨੇ "ਕਾਲਜੀਏਟ ਡਰਾਮਾ ਸੁਸਾਇਟੀ ਵੀ ਬਣਾਈ ਹੋਈ ਹੈ। ਉਸ ਦੀਆਂ ਧੀਆਂ, ਜਵਾਈ ਅਤੇ ਉਸ ਦੀ ਪਤਨੀ ਉਸ ਨੂੰ ਸੰਪੂਰਨ ਸਹਿਯੋਗ ਦੇ ਰਹੇ ਹਨ। ਉਸ ਨੇ "ਇੰਦੂਮੱਤੀ ਸਤਿ ਦੇਵ', 'ਭਜਨੋ', 'ਅੰਬੀਆਂ ਨੂੰ ਤਰਸੇਂਗੀ, "ਸੁਆਮੀ ਜੀ', 'ਲੇਖੂ ਕਰੇ ਕਵੱਲੀਆਂ', 'ਕਲ ਕਾਲਜ ਬੰਦ ਰਵੇਗਾ', 'ਮਸਤ ਮੇਘੋਵਾਲੀਆ', 'ਪੰਜ ਖੂਹ ਵਾਲੇ', 'ਬਾਤ ਫਤੂ ਝੀਰ ਦੀ' ਅਤੇ 'ਭਾਈਆ ਹਾਕਮ ਸਿੰਘ ਆਦਿ ਨਾਟਕ ਰਚੇ ਹਨ ਅਤੇ ਇਨ੍ਹਾਂ ਨੂੰ ਉਸ ਨੇ ਸਫਲਤਾ ਨਾਲ ਰੰਗ ਮੰਚ ਤੇ ਵੀ ਖੇਡਿਆ। ਲੋਕ-ਮੰਚ ਸ਼ੈਲੀ ਦਾ ਨਾਟਕ 'ਬਾਬਾ ਬੰਤੂ' ਉਸ ਦਾ ਬਹੁ-ਚਰਚਿਤ ਨਾਟਕ ਹੈ। ਇਹ ਨਾਟਕ ਦਿੱਲੀ ਤੋਂ ਬਿਨਾਂ ਲੁਧਿਆਣੇ ਅਤੇ ਅੰਮ੍ਰਿਤਸਰ ਵੀ ਖੇਡਿਆ ਜਾ ਚੁੱਕਾ ਹੈ। ਉਸ ਦਾ ਸਾਰਾ ਪਰਿਵਾਰ ਹੀ ਰੰਗ ਮੰਚ ਲਈ ਵਚਨਬੱਧ ਹੈ। ਆਧੁਨਿਕ ਪੰਜਾਬੀ ਰੰਗ ਮੰਚ ਦਾ ਮੂੰਹ ਮੱਥਾ ਸਵਾਰਨ ਵਿਚ ਡਾ: ਸਿੱਧੂ ਦਾ ਵੀ ਵੱਡਮੁੱਲਾ ਯੋਗਦਾਨ ਹੈ।

**ਸ਼ਤਾਬਦੀ ਕਾਲ ਦਾ ਰੰਗ ਮੰਚ-1969 ਈ:** ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ਮਨਾਏ ਗਏ ਸਮਾਰੋਹਾਂ ਨੇ ਧਾਰਮਿਕ ਰੰਗ ਮੰਚ ਦਾ ਨਿਰਮਾਣ ਵੀ ਕੀਤਾ। ਇਨ੍ਹਾਂ ਨਾਟਕਾਂ ਵਿਚ ਸ਼ਰਧਾ ਭਾਵਨਾਂ ਹੈ ਹੀ ਪਰ ਰੰਗ ਮੰਚ ਦੀ ਦ੍ਰਿਸ਼ਟੀ ਤੋਂ ਨਾਇਕ ਬਾਰੇ ਮੰਚ ਦਾ ਜੋ ਸੰਕਲਪ ਇਸ ਕਾਲ ਦੇ ਨਾਟਕ ਨੇ ਦਿਤਾ ਹੈ, ਉਹ ਪੰਜਾਬੀ ਰੰਗ ਮੰਚ ਦੀ ਵੱਡੀ ਪ੍ਰਾਪਤੀ ਹੈ। ਇਨ੍ਹਾਂ ਨਾਟਕਾਂ ਵਿਚ ਜਿਵੇਂ ਪੁੰਨਿਆਂ ਦਾ ਚੰਨ, ਚੜ੍ਹਿਆ ਸੋਧਨ ਧਰਤਿ ਲੁਕਾਈ, ਗਗਨ ਮੈ ਥਾਲ, ਜਿਨ ਸਚ ਪਲੇ ਹੋਇ, ਗੁਰ ਬਿਨ ਘੋਰ ਅੰਧਾਰ ਆਦਿ ਸ਼ਾਮਲ ਹਨ। ਇਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਦੇ ਅਧਾਰ ਤੇ ਨਾਟਕੀ ਉਸਾਰੀ ਕੀਤੀ ਗਈ ਹੈ ਪਰ ਗੁਰੂ ਜੀ ਨੂੰ ਰੰਗ ਮੰਚ ਤੇ ਸਰੀਰਕ ਰੂਪ ਵਿਚ ਪਾਤਰ ਦੇ ਰੂਪ ਵਿਚ ਪੇਸ਼ ਨਹੀਂ ਕੀਤਾ। ਇਸ ਤਕਨੀਕ ਨਾਲ ਜਿਹੜੀ ਕਿ ਰੋਸ਼ਨੀ ਤੇ ਅਵਾਜ਼ ਦੀ ਵਰਤੋਂ ਦੁਆਰਾ ਆਈ ਹੈ ਪੰਜਾਬੀ ਰੰਗ ਮੰਚ ਦਾ ਵਿਹੜਾ ਕਾਫੀ ਮੋਕਲਾ ਹੋਇਆ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨਾਲ 'ਹਿੰਦ ਦੀ ਚਾਦਰ' ਨਾਟਕ ਨੇ ਪੰਜਾਬੀ ਰੰਗ ਮੰਚ ਦੀਆਂ ਸੰਭਾਵਨਾਵਾਂ ਨੂੰ ਹਰਪਾਲ ਟਿਵਾਣਾ ਦੀ ਨਿਰਦੇਸ਼ਨਾ ਹੇਠ ਖੂਬ ਵਧਾਇਆ ਹੈ।

**ਲੋਕ ਕਲਾ ਮੰਚ ਮਾਨਸਾ**

ਅਜਮੇਰ ਸਿੰਘ ਔਲਖ ਅਜੋਕੇ ਸਮੇਂ ਦਾ ਇੱਕ ਸਫਲ ਨਿਰਦੇਸ਼ਕ ਤੇ ਨਾਟਕਕਾਰ ਹੈ। ਉਨ੍ਹਾਂ ਨੇ ਮਾਨਸਾ ਮੰਡੀ ਵਿਚ ਲੋਕ ਕਲਾ ਮੰਚ ਦੀ ਸਥਾਪਨਾ ਕੀਤੀ ਹੈ। ਉਸ ਨੇ ਇੱਕ ਨਵੀਂ ਨਾਟ ਸ਼ੈਲੀ ਨੂੰ ਵਿਕਸਿਤ ਕੀਤਾ ਹੈ। ਇਸ ਨਾਟ ਸ਼ੈਲੀ ਦਾ ਅਤੇ ਮੰਚ ਸ਼ੈਲੀ ਦਾ ਸੰਬੰਧ ਮੁੜ ਪੰਜਾਬੀ ਸਭਿਆਚਾਰਕ ਵਿਰਸੇ ਨਾਲ ਜੁੜ ਰਿਹਾ ਹੈ। ਇਸ ਨਾਟ ਟੋਲੇ ਨੇ ਮਾਨਸਾ ਤੋਂ ਬਾਹਰ, ਪਟਿਆਲੇ, ਲੁਧਿਆਣੇ, ਚੰਡੀਗੜ੍ਹ ਅਤੇ ਦਿਲੀ ਆਦਿ ਸ਼ਹਿਰਾਂ ਵਿਚ ਆਪਣੇ ਨਾਟਕ ਖੇਡੇ ਹਨ। ਇਸ ਕੋਲ ਹਰ ਵਰਗ ਦੇ ਦਰਸ਼ਕਾਂ ਦੀ ਤ੍ਰਿਪਤੀ ਕਰਨ ਦੀ' ਸਮਰੱਥਾ ਹੈ। ਇੱਕ ਰਮਾਇਣ ਹੋਰ, ਬਗਾਨੇ ਬੋਹੜ ਦੀ ਛਾਂ, ਭੱਠ ਖੇੜਿਆਂ ਦਾ ਰਹਿਣਾ , ਅੰਨੇ ਨਿਸ਼ਾਨਚੀ' ਅਤੇ 'ਅਰਬਦ ਨਰਬਦ ਧੁੰਧੂਕਾਰ ਆਦਿ ਉਸ ਦੇ ਸਫ਼ਲ ਨਾਟਕ ਹਨ

ਜਿਨਾਂ ਨੂੰ ਉਸ ਨੇ ਬੜੀ ਸਫ਼ਲਤਾ ਨਾਲ ਰੰਗ ਮੰਚ ਉਪਰ ਪੇਸ਼ ਕੀਤਾ। ਦੋ ਸਾਲ ਪਹਿਲਾਂ ਪੰਜਾਬੀ ਭਵਨ ਲੁਧਿਆਣਾ ਵਿਖੇ ਉਸ ਦਾ ਨਾਟਕ 'ਬਹਿਕਦਾ ਰੋਹ' ਦੀ ਬੜੀ ਸਫ਼ਲ ਪੇਸ਼ਕਾਰੀ ਹੋਈ ਸੀ। ਦਰਸ਼ਕਾਂ ਨੇ ਇਸ ਨਾਟਕ ਦੀ ਪੇਸ਼ਕਾਰੀ ਦੀ ਬੇਹੱਦ ਪ੍ਰਸੰਸਾ ਕੀਤੀ ਸੀ। 'ਤੂੜੀ ਵਾਲਾ ਕੋਠਾ ' ਅਤੇ 'ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਵੀ ਉਸ ਦੇ ਸਫ਼ਲ ਰੰਗ-ਮੰਚੀ ਨਾਟਕ ਹਨ। ਔਲਖ ਦੀ ਆਧੁਨਿਕ ਪੰਜਾਬੀ ਰੰਗ ਮੰਚ ਨੂੰ ਵੱਡਮੁੱਲੀ ਦੇਣ ਹੈ।

**ਕਲਾ ਮੰਦਰ (ਅੰਮ੍ਰਿਤਸਰ)** :

ਪ੍ਰੋ.ਆਤਮ ਜੀਤ ਨੇ ਕਲਾ ਮੰਦਰ ਅੰਮ੍ਰਿਤਸਰ ਦੁਆਰਾ ਇੱਕ ਨਵੀਂ ਨਾਟ ਸ਼ੈਲੀ ਵਾਲੇ ਨਾਟਕਾਂ ਨੂੰ ਮੰਚਿਤ ਕੀਤਾ ਹੈ। ਐਬਸਰਡ ਸ਼ੈਲੀ ਦੇ ਉਸ ਦੇ ਨਾਟਕ ਸ਼ਹਿਰੀ ਮੱਧ ਸ਼੍ਰੇਣੀ ਤੇ ਭਰਵਾਂ ਵਿਅੰਗ ਕਰਦੇ ਹਨ। ਐਬਸਰਡ ਅਤੇ ਵਿਅੰਗਾਤਮਕ ਸ਼ੈਲੀ ਉਸ ਦੇ ਨਾਟਕਾਂ ਦੀ ਜਿੰਦ ਜਾਨ ਹੈ। ਅੱਜ ਕਲ ਉਸ ਨੇ ਆਪਣੀਆਂ ਰੰਗ-ਮੰਚ ਸਰਗਰਮੀਆਂ ਦਾ ਕੇਂਦਰ ਮੁਹਾਲੀ ਨੂੰ ਬਣਾਇਆ ਹੋਇਆ ਹੈ। ਇਥੋਂ ਹੀ ਉਸ ਨੇ ਪੰਜਾਬੀ ਦਾ ਪਹਿਲਾ ਰੰਗ ਮੰਚ ਸੰਬੰਧੀ ਤ੍ਰਿਮਾਸਕ ਰਸਾਲਾ ਮੰਚਣ ਕਢਣਾ ਸ਼ੁਰੂ ਕੀਤਾ ਹੈ। ਚਾਬੀਆਂ, ਹਵਾ ਮਹਿਲ, ਪੱਲੂ ਦੀ ਉਡੀਕ, ਲੋਕ ਨਾਥ ਅਕਲਮੰਦ, ਮੁਰਗੀਖ਼ਾਨਾ, ਸਾਢੇ ਤਿੰਨ ਲੱਤਾਂ ਵਾਲਾ ਮੇਜ਼, ਦਾਇਰਾ ਤੇ ਜਬ ਆਦਿ ਉਸ ਦੇ ਸਫ਼ਲ ਨਾਟਕ ਹਨ ਅਤੇ ਕਈ ਵਾਰੀ ਰੰਗ-ਮੰਚ ਤੇ ਪੇਸ਼ ਕੀਤੇ ਜਾ ਚੁੱਕੇ ਹਨ। ਪੰਜਾਬੀ ਰੰਗ-ਮੰਚ ਦੀ ਉਸਾਰੀ ਵਿਚ ਆਤਮਜੀਤ ਦਾ ਵੀ ਵੱਡਮੁੱਲਾ ਯੋਗਦਾਨ ਹੈ।

**ਪੰਜਾਬੀ ਰੰਗ-ਮੰਚ ਦੀਆਂ ਸੰਭਾਵਨਾਵਾਂ**

ਪੰਜਾਬੀ ਰੰਗ-ਮੰਚ ਲਈ ਹੁਣ ਸੁਖਾਵਾਂ ਮਾਹੌਲ ਤਿਆਰ ਹੋਣ ਲੱਗ ਪਿਆ ਸੀ। ਪਰ ਪਿਛਲੇ 5-6 ਸਾਲ ਤੋਂ ਪੰਜਾਬ ਇੱਕ ਰਾਜਨੀਤਕ ਤੇ ਸਭਿਆਚਾਰਕ ਸੰਕਟ ਵਿਚ ਘਿਰ ਗਿਆ ਹੈ। ਇਸ ਨਾਲ ਫ਼ੌਰੀ ਤੌਰ ਤੇ ਪੰਜਾਬੀ ਦੇ ਵਿਕਸਤ ਹੋ ਰਹੇ ਰੰਗ-ਮੰਚ ਨੂੰ ਕੁੱਝ ਧੱਕਾ ਲਗਾ ਹੈ। ਪਰ ਫਿਰ ਵੀ ਵਿਕੋਲਿਤਰੇ ਰੂਪ ਵਿਚ ਪੰਜਾਬੀ ਰੰਗ ਕਰਮੀ ਆਪਣੇ ਯਤਨਾਂ ਵਿਚ ਕਿਰਿਆਸ਼ੀਲ ਵਿਖਾਈ ਦੇਂਦੇ ਹਨ। ਪੰਜਾਬੀ ਰੰਗ-ਮੰਚ ਦਾ ਭਵਿੱਖ ਨਿਸ਼ਚੇ ਹੀ ਉਜਲਾ ਤੇ ਰੋਸ਼ਨ ਹੋਵੇਗਾ ਕਿਉਂਕਿ ਜਿਹੜੀ ਪਰੰਪਰਾ ਬਹੁਤ ਮੁਸ਼ਕਲਾਂ ਵਿਚੋਂ ਲੰਘ ਕੇ ਸਾਡੇ ਤੱਕ ਪੁੱਜ ਗਈ ਹੈ ਉਸ ਦਾ ਹੋਰ ਅੱਗੇ ਸਫ਼ਰ ਕਰਨਾ ਕੋਈ ਔਖੀ ਤੇ ਨਿਰਾਸ਼ਾਵਾਦੀ ਗਲ ਨਹੀਂ। ਕਿਸੇ ਦੇਸ਼, ਕੌਮ ਜਾਂ ਸਮਾਜ ਵਿਚ ਸਭਿਆਚਾਰਕ ਕ੍ਰਾਂਤੀ ਆਉਣ ਵਿਚ ਦੇਰ ਲੱਗਦੀ ਹੈ ਕਿਉਂਕਿ ਇਹ ਕ੍ਰਾਂਤੀ ਸਮਾਜ ਦੇ ਹਰ ਵਰਗ ਦਾ ਸਮੁੱਚ ਹੁੰਦੀ ਹੈ ਅਤੇ ਹਰ ਵਰਗੇ ਦੀ ਸੋਚ ਸ਼ਕਤੀ ਤੇ ਕਿਰਿਆ ਪ੍ਰਕ੍ਰਿਆ ਵਿਚ ਅੰਤਰ ਹੁੰਦਾ ਹੈ। ਸਭਿਆਚਾਰਕ ਕ੍ਰਾਂਤੀ ਨੂੰ ਅਸੀਂ ਕਣਕ ਜਾਂ ਝੋਨੇ ਦੇ ਬੋਹਲ਼ ਵਾਂਗ ਨਹੀਂ ਮਾਪ ਸਕਦੇ ਤੇ ਵੇਖ ਸਕਦੇ। ਇਸ ਦੀ ਗਤੀ ਧੀਮੀ ਹੁੰਦੀ ਹੈ। ਪੰਜਾਬ ਸਰਕਾਰ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਦਾ ਵਰਤਮਾਨ ਸੰਕਟ ਸਭਿਆਚਾਰਕ ਸਾਂਝ ਪ੍ਰਤੀ ਚੇਤਨਾ ਪੈਦਾ ਕਰ ਕੇ ਹੀ ਦੂਰ ਕੀਤਾ ਜਾ ਸਕਦਾ ਹੈ ਅਤੇ ਮੰਚ ਇਸ ਮੰਤਵ ਲਈ ਸਭ ਤੋਂ ਵਧੀਆ ਮਾਧਿਅਮ ਹੁੰਦਾ ਹੈ।

**ਸਾਰੰਸ਼**

ਇਸ ਤਰ੍ਹਾਂ ਇਹ ਸੱਪਸ਼ਟ ਹੋ ਗਿਆ ਹੈ ਕਿ ਨਾਟਕ ਅਤੇ ਰੰਗਮੰਚ ਦੋ ਅਜਿਹੀਆਂ ਸੰਸਥਾਵਾਂ ਹਨ ਜੋ ਇਕ ਦੂਜੇ ਨਾਲ ਪ੍ਰਸਪਰ ਤੌਰ ਤੇ ਸੰਬੰਧਤ ਹਨ। ਜਿੱਥੇ ਵਿਸ਼ਵ ਦੇ ਮੰਚ ਨੇ ਮਹਾਨ ਨਾਟਕਾਰ ਪੈਦਾ ਕੀਤੇ ਹਨ ਉਥੇ ਮਹਾਨ ਨਾਟਕਕਾਰਾਂ ਦੀਆਂ ਰਚਨਾਵਾਂ ਨੂੰ ਸਾਕਾਰ ਕਰਨ ਲਈ ਮੰਚ ਨੂੰ ਵੀ ਆਪਣੇ ਵਿਚ ਤਬਦੀਲੀਆਂ ਲਿਆਉਣੀਆਂ ਪਈਆਂ ਹਨ। ਪੰਜਾਬ ਵਿਚ ਨੈਸ਼ਨਲ ਸਕੂਲ ਆਫ਼ ਡਰਾਮਾ ਵਰਗੀ ਸੰਸਥਾ ਦੀ ਹੋਂਦ ਜ਼ਰੂਰੀ ਹੈ। ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੀਆਂ ਰੰਗ-ਮੰਚ ਨਾਲ ਪ੍ਰਤੀਬੱਧ ਸੰਸਥਾਵਾਂ ਦੀ ਸਹਾਇਤਾ ਕਰੇ। ਪੰਜਾਬ ਵਿਚ ਖੁੱਲ੍ਹੇ ਮੰਚ ਉਸਾਰੇ ਜਾਣ ਤਾਂ ਜੋ ਪੰਜਾਬ ਦੀ ਧਰਤੀ, ਗੁਰੂਆਂ ਪੀਰਾਂ ਦੀ ਧਰਤੀ ਤੇ ਇੱਕ ਸਭਿਆਚਾਰਕ ਇਨਕਲਾਬ ਲਿਆਂਦਾ ਜਾ ਸਕੇ। ਨਿਰਸੰਦੇਹ ਪੰਜਾਬੀ ਰੰਗ-ਮੰਚ ਅਤੇ ਰੰਗ ਕਰਮੀਆਂ ਦੀਆਂ ਘਾਲਣਾ ਇੱਕ ਦਿਨ ਜ਼ਰੂਰ ਫਲ ਲਿਆਉਣਗੀਆਂ। ਉਹ ਦਿਨ ਦੂਰ ਨਹੀਂ ਹੋਵੇਗਾ ਜਦੋਂ ਅਸੀਂ ਪੰਜਾਬ ਵਿਚ ਇੱਕ ਸੰਪੂਰਨ ਤੇ ਪ੍ਰਫੁਲਿਤ ਮੰਚ ਪਰੰਪਰਾ ਨੂੰ ਸਥਾਪਤ ਹੋਇਆ ਵੇਖ ਸਕਾਂਗੇ।

**ਕੇਂਦਰੀ ਸ਼ਬਦ** :

ਥੀਏਟਰ ---- ਨਾਟਸ਼ਾਲਾ

ਸੰਸਥਾ ---- ਦਾਇਰਾ

ਨਾਟ-ਉਤਸਵ --- ਨਾਟਕ ਮੇਲਾ

ਨਾਟ-ਮੰਡਲੀ ------ ਨਾਟਕ ਜੁੱਟ/ਗਰੁੱਪ

ਲੋਕ-ਨਾਟ ਸ਼ੈਲੀ--- ਆਮ ਭਾਸ਼ਾ/ਸ਼ੈਲੀ

ਡਰਾਮਾ ---------- ਨਾਟਕ

ਮੋਕਲਾ------ ਖੁੱਲਾ

**ਸਵੈ-ਮੁਲਾਂਕਣ:**

1. ਐਬਸਰਡ ਨਾਟ ਹੈ।
   ੳ. ਊਲ ਜਲੂਲ
   ਅ. ਪ੍ਰਗਤੀ
   ੲ. ਨਵਾਂ ਰੂਪ
   ਸ. ਉਪਰੋਕਤ ਸਾਰੇ

2. ਰੰਗਮੰਚ ਕਲਾ ਹੈ।
   ੳ. ਦ੍ਰਿਸ਼ ਨਾਟਕ
   ਅ. ਕਾਵਿ ਨਾਟਕ
   ੲ. ਕਹਾਣੀ ਕਲਾ
   ਸ. ਰੂਪ ਕਲਾ

3. ਦਿੱਲੀ ਆਰਟ ਥੀਏਟਰ ਹੈ।
   ੳ. ਨਾਵਲ ਦਾ
   ਅ. ਕਹਾਣੀ ਦਾ
   ੲ. ਕਵਿਤਾ
   ਸ. ਨਾਟਕ ਦਾ

4. ਪੰਜਾਬ ਕਲਾ ਮੰਚ ਦੀ ਸਥਾਪਨਾ ਹੋਈ ਹੈ।
   ੳ. 1967
   ਅ. 1987
   ੲ. 1964
   ਸ. 1876

5. ਪੰਜਾਬੀ ਯੂਨੀਵਰਸਿਟੀ ਨਾਟਕ ਵਿਭਾਗ ਦੀ ਸਥਾਪਨਾ ਹੋਈ ਹੈ?
   ੳ. 1966
   ਅ. 1890
   ੲ. 1886
   ਸ. 1789

6. ਰਾਸ ਲੀਲਾ ਅਤੇ ਰਾਮ ਲੀਲਾ ਦੀ ਸ਼ੁਰੂਆਤ ਕੀਤੀ?
   ੳ. ਪਾਰਸੀ ਥੀਏਟਰ
   ਅ. ਅੰਮ੍ਰਿਤਸਰ ਥੀਏਟਰ
   ੲ. ਭਾਰਤੀ ਥੀਏਟਰ
   ਸ. ਕੋਈ ਵੀ ਨਹੀਂ

7. ਪਾਰਸੀ ਥੀਏਟਰ ਨੇ ਕਦੋਂ ਰਾਸ ਲੀਲਾ ਅਤੇ ਰਾਮ ਲੀਲਾ ਦੀ ਸ਼ੁਰੂਆਤ ਕੀਤੀ?

ੳ. 1890

ਅ. 1880

ੲ. 1987

ਸ. 1780

8. ਪੰਜਾਬੀ ਰੰਗਮੰਚ ਨੇ ਵਿਕਾਸ ਕਰਨਾ ਕਦੋਂ ਆਰੰਭ ਕੀਤਾ?

ੳ. 1947

ਅ. 1967

ੲ. 1987

ਸ. 1990

9. ਆਈ ਸੀ ਨੰਦਾ ਦਾ ਪਹਿਲਾ ਕਿਹੜਾ ਨਾਟਕ ਰੰਗਮੰਚ ਤੇ ਖੇਡਿਆ ਗਿਆ ਹੈ?

ੳ. ਵਿਆਹ

ਅ. ਘਰਵਾਰ

ੲ. ਘਰ-ਘਰ

ਸ. ਦੁਲਹਨ

10. ਆਈ ਸੀ ਨੰਦਾ ਦਾ ਨਾਟਕ ਰੰਗਮੰਚ ਤੇ ਕਦੋਂ ਖੇਡਿਆ ਗਿਆ ਹੈ?

ੳ. 1980-82

ਅ. 1912-13

ੲ. 1913-14

ਸ. 1923-24

11. ਗੁਰਦਿਆਲ ਸਿੰਘ ਖੋਸਲਾ ਨੇ ਨਾਟਕ ਉਤਸਵ ਪਹਿਲੀ ਵਾਰ ਕਦੋਂ ਮਨਾਇਆ?

ੳ. 1955

ਅ. 1948

ੲ. 1978

ਸ. 1992

12. ਇਨ੍ਹਾਂ ਵਿਚੋਂ ਗੀਤ ਨਾਟਕ ਹੈ।

ੳ. ਹੀਰ ਰਾਂਝਾ

ਅ. ਜੁਗਨੀ

ੲ. ਚੰਨ ਬਦਲਦਾ

ਸ. ਉਪਰੋਕਤ ਸਾਰੇ

13. ਰੰਗਮੰਚ ਤੇ ਪਹਿਲੀ ਵਾਰ ਲੜਕੀਆਂ ਨੂੰ ਲਿਆਂਦਾ ਗਿਆ ਹੈ?

ੳ. 1967

ਅ. 1948

ੲ. 1941

ਸ. 1956

14. ਪੰਜਾਬੀ ਥੀਏਟਰ ਦੀ ਗੋਲਡਨ ਜੁਬਲੀ ਮਨਾਈ ਗਈ।

ੳ. 1964

ਅ. 1958

ੲ. 1990

ਸ. 1989

15. ਕਲ ਕਾਲਜ ਬੰਦ ਰਹੇਗਾ ਨਾਟਕ ਕਿਸ ਦੀ ਰਚਨਾ ਹੈ?

ੳ. ਚਰਨ ਸਿੰਘ

ਅ. ਡਾ. ਚਰਨਦਾਸ ਸਿੱਧੂ

ੲ. ਸੰਤ ਸਿੰਘ ਸੇਖੋਂ

ਸ. ਕੋਈ ਵੀ ਨਹੀਂ

**ਅਭਿਆਸ ਪ੍ਰਸ਼ਨ**

1. ਰੰਗਮੰਚ ਤੋਂ ਕੀ ਭਾਵ ਹੈ?
2. ਨਾਟਕ ਅਤੇ ਰੰਗਮੰਚ ਦੇ ਅੰਤਰ ਸਬੰਧਾਂ ਬਾਰੇ ਲਿਖੋ ।
3. ਪੂਰਵ ਸੁਤੰਤਰਤਾ ਕਾਲ ਦੇ ਰੰਗਮੰਚ ਬਾਰੇ ਵਿਸਥਾਰ ਸਾਹਿਤ ਚਰਚਾ ਕਰੋ ।
4. ਸੁਤੰਤਰਤਾ ਕਾਲ 1947 ਈਸਵੀ ਤੋਂ ਅੱਜ ਤੱਕ ਦੇ ਰੰਗਮੰਚ ਬਾਰੇ ਜਾਣਕਾਰੀ ਦਿਓ।

**ਸੰਦਰਭ ਪੁਸਤਕਾਂ:**

1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ (ਆਦਿ ਕਾਲ ਤੋਂ ਸਮਕਾਲ ਤੱਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ 2018.
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ. 2016.

**ਮਹੱਤਵਪੂਰਨ ਲਿੰਕ**

https://www.google.com/search?client=firefox-b-d&q=%E0%A8%AA%E0%A9%B0%E0%A8%9C%E0%A8%BE%E0%A8%AC%E0%A9%80+%E0%A8%B0%E0%A9%B0%E0%A8%97%E0%A8%AE%E0%A9%B0%E0%A8%9A+%E0%A8%A6%E0%A8%BE+%E0%A8%87%E0%A8%A4%E0%A8%BF%E0%A8%B9%E0%A8%BE%E0%A8%B8

https://www.punjabitribuneonline.com/news/archive/features/news-detail-1341983

**ਉੱਤਰਮਾਲਾ**

| | | | | |
|---|---|---|---|---|
| 1. ੳ | 2. ਅ | 3. ਸ | 4. ਸ | 5. ੳ |
| 6. ੳ | 7. ਅ | 8. ੳ | 9. ਸ | 10. ੲ |
| 11. ੳ | 12. ਸ | 13. ੲ | 14. ੳ | 15. ਅ |

# ਅਧਿਆਇ-12: ਆਧੁਨਿਕ ਪੰਜਾਬੀ ਵਾਰਤਕ ਨਿਬੰਧ: ਇਤਿਹਾਸਮੂਲਕ ਅਧਿਐਨ

*Kirandeep Singh, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


**ਉਦੇਸ਼ :**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਨਿਬੰਧ ਦੇ ਅਰਥ ਬਾਰੇ ਜਾਣੂ ਹੋਣਗੇ।
2. ਨਿਬੰਧ ਦੀ ਪਰਿਭਾਸ਼ਾ ਬਾਰੇ ਜਾਣੂ ਹੋਣਗੇ।
3. ਨਿਬੰਧ ਦੇ ਇਤਿਹਾਸ ਅਤੇ ਵਿਕਾਸ ਬਾਰੇ ਜਾਨਣ ਦੇ ਕਾਬਿਲ ਹੋਣਗੇ।

**ਪ੍ਰਸਤਾਵਨਾ**

ਨਿਬੰਧ ਆਧੁਨਿਕ ਯੁੱਗ ਦੀ ਵਾਰਤਕ ਵਿਚ ਨਿਬੰਧ ਦਾ ਵਿਸ਼ੇਸ਼ ਸਥਾਨ ਹੈ। ਇਸ ਦਾ ਜਨਮ ਅਤੇ ਵਿਕਾਸ ਵੀ ਇਸੇ ਯੁੱਗ ਵਿਚ ਹੋਇਆ ਹੈ।ਇਸ ਨੂੰ ਵਾਰਤਕ ਸਾਹਿਤ ਦੀ ਪ੍ਰੋੜਤਾ ਦੀ ਕਸਵੱਟੀ ਵੀ ਮੰਨਿਆਂ ਜਾਂਦਾ ਹੈ। ਨਿਬੰਧ ਕਿਸੇ ਵਸਤੂ,ਵਿਅਕਤੀ,ਘਟਨਾ ਜਾਂ ਸਿਧਾਂਤ ਦੇ ਸਬੰਧ ਵਿਚ ਆਪਣੇ ਵਿਚਾਰਾਂ ਨੂੰ ਲਿਪੀਬੱਧ ਕਰਨ ਦਾ ਨਾਂ ਹੈ। ਇਸ ਰਚਨਾ ਵਿਚ ਵਿਚਾਰਾਂ ਤੇ ਬੁੱਧੀ ਤੱਤਾਂ ਦੀ ਪ੍ਰਧਾਨਤਾ ਹੁੰਦੀ ਹੈ।ਮਨ ਦਿਮਾਗ਼ ਦੇ ਅਧੀਨ ਕੰਮ ਕਰਦਾ ਹੈ। ਲੇਖਕ ਇਸ ਵਿਚ ਆਪਣੇ ਭਾਵਾਂ ਦੀ ਚਾਸ਼ਨੀ ਰੋਚਕ ਰੁਚੀ ਦੀ ਤ੍ਰਿਪਤੀ ਲਈ ਮਿਲਾਉਂਦਾ ਹੈ। ਪੱਛਮੀ ਸਾਹਿਤ ਦੇ ਪ੍ਰਭਾਵ ਕਾਰਨ ਨਵੇਂ ਸਾਹਿਤ ਰੂਪ ਹੋਂਦ ਵਿਚ ਆਏ ਅੰਗਰੇਜ਼ੀ ਦੇ ਐਸੇ Essay ਸਾਹਿਤ ਰੂਪ ਲਈ ਪੰਜਾਬੀ ਵਿਚ ਪਹਿਲਾਂ'ਲੇਖ'ਸ਼ਬਦ ਵਰਤਿਆ ਜਾਣ ਲੱਗਾ। ਪਰ ਲੇਖ Article ਦੇ ਘੇਰੇ ਵਿਚ ਕਈ ਪ੍ਰਕਾਰ ਦੀਆਂ ਨਿੱਕੀਆਂ ਵੱਡੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ। ਇਸ ਵਿਚ Essay ਸਾਹਿਤ ਰੂਪ ਲਈ 'ਨਿਬੰਧ' ਸ਼ਬਦ ਨੂੰ ਢੁੱਕਵਾਂ ਅਤੇ ਭਾਵ-ਪੂਰਤ ਸਮਝਿਆ ਗਿਆ। ਇਸ ਤਰ੍ਹਾਂ 'ਨਿਬੰਧ 'ਅੰਗਰੇਜ਼ੀ ਦੇ 'ਐਸੇ' ਸਾਹਿਤ ਰੂਪ ਦਾ ਲਖਾਇਕ ਹੈ।

ਨਿਬੰਧ ਦਾ ਮੌਲਿਕ ਅਰਥ ਹੈ 'ਬੰਨ੍ਹਣਾ'। ਸੰਸਕ੍ਰਿਤ ਵਿਚ ਨਿਬੰਧ ਸ਼ਬਦ ਦੀ ਵਰਤੋਂ ਲਿਖੇ ਹੋਏ ਭੋਜ ਪੱਤਰਾਂ ਨੂੰ ਸੰਵਾਰ ਕੇ, ਪਰੋ ਕੇ ਸਾਂਭ ਕੇ ਰੱਖਣ ਦੀ ਕਿਰਿਆ ਲਈ ਕੀਤਾ ਜਾਂਦਾ ਸੀ। ਸੰਸਕ੍ਰਿਤ ਵਿਚ ਨਿਬੰਧ ਦਾ ਸਮਾਨਾਰਥੀ ਸ਼ਬਦ' ਪ੍ਰਬੰਧ' ਹੈ। ਆਧੁਨਿਕ ਨਿਬੰਧ ਮੂਲ ਅਤੇ ਪਰੰਪਰਾਵਾਦੀ ਅਰਥਾਂ ਵਿਚ ਪ੍ਰਯੁਕਤ ਨਹੀਂ ਹੁੰਦਾ। ਅਸਲ ਵਿਚ ਅੱਜ ਦਾ ਨਿਬੰਧ ਫਰਾਂਸੀਸੀ ਸ਼ਬਦ Essai ਅਤੇ ਅੰਗਰੇਜ਼ੀ ਸ਼ਬਦ 'ਏਸੇ'Essay ਦਾ ਪਰਿਆਇ ਬਣ ਗਿਆ ਹੈ। ਜਿਸ ਦਾ ਕੋਸ਼ਗਤ ਅਰਥ ਯਤਨ ਪ੍ਰਯੋਗ ਜਾਂ ਪ੍ਰੀਖਿਆ ਹੁੰਦਾ ਹੈ। ਪੰਜਾਬੀ ਵਿਚ ਵੀ ਨਿਬੰਧ ਸ਼ਬਦ ਤੋਂ ਪਹਿਲਾਂ ਨਿਬੰਧ ਸਾਹਿਤ ਲਈ 'ਲੇਖ'ਸ਼ਬਦ ਵਧੇਰੇ ਪ੍ਰਚਲਿਤ ਸੀ। ਇਸੇ ਲਈ ਸ਼ਾਇਦ ਪੰਜਾਬੀ ਵਿਚ ਚੋਟੀ ਦੇ ਨਿਬੰਧਕਾਰ ਪ੍ਰੋ.ਪੂਰਨ ਸਿੰਘ ਨੇ ਆਪਣੇ ਨਿਬੰਧ ਸੰਗ੍ਰਹਿ ਦਾ ਨਾਮ'ਖੁੱਲ੍ਹੇ ਲੇਖ' ਰੱਖਿਆ ਸੀ ਅਤੇ ਇੱਕ ਹੋਰ ਪ੍ਰਸਿੱਧ ਨਿਬੰਧਕਾਰ ਪ੍ਰੋ.ਸਾਹਿਬ ਸਿੰਘ ਨੇ ਆਪਣੇ ਨਿਬੰਧ ਸੰਗ੍ਰਹਿ ਦਾ ਨਾਮ'ਕੁੱਝ ਧਾਰਮਿਕ ਲੇਖ' ਰੱਖਿਆ ਸੀ।

ਪਰਿਭਾਸ਼ਾ

ਐਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ:-"ਨਿਬੰਧ ਤੋਂ ਭਾਵ ਅਜਿਹੀ ਸਾਹਿੱਤਿਕ ਰਚਨਾ ਹੈ,ਜੋ ਦਰਮਿਆਨੇ ਜਾਂ ਉਚਿੱਤ ਆਕਾਰ ਦੀ ਹੁੰਦੀ ਹੈ ਅਤੇ ਜਿਸ ਰਾਹੀਂ ਲੇਖਕ ਆਪਣੇ ਨਿੱਜੀ ਅਨੁਭਵ ਅਤੇ ਨਿੱਜੀ ਦ੍ਰਿਸ਼ਟੀਕੋਣ ਦੇ ਆਧਾਰ ਉੱਤੇ ਕਿਸੇ ਇੱਕ ਵਿਸ਼ੇ ਬਾਰੇ ਆਪਣੇ ਵਿਚਾਰ ਸਹਿਜ - ਸੁਭਾ ਜਾਂ ਸਰਸਰੀ ਤੋਰ ਤੇ ਪ੍ਰਗਟ ਕਰਦਾ ਹੈ।"

ਡਾ.ਜਾਨਸਨ ਨੇ ਨਿਬੰਧ ਨੂੰ "ਮਨ ਦਾ ਬੇਲਗ਼ਾਮ ਵੇਗ"ਦੱਸਿਆ।

ਡਾ.ਰਤਨ ਸਿੰਘ ਜੱਗੀ ਅਨੁਸਾਰ :-"ਨਿਬੰਧ ਇੱਕ ਸੀਮਤ ਆਕਾਰ ਵਾਲੀ ਆਪਣੇ ਆਪ ਵਿਚ ਪੂਰਨ,ਉਹ ਗੱਧ ਰਚਨਾ ਹੈ,ਜਿਸ ਵਿਚ ਨਿਬੰਧਕਾਰ ਵਰਣਿਤ ਵਿਸ਼ੇ ਸੰਬੰਧੀ ਆਪਣਾ ਨਿੱਜੀ ਦ੍ਰਿਸ਼ਟੀਕੋਣ, ਵਿਚਾਰ ਅਤੇ ਤਜਰਬਾ ਸਰਲ, ਸਪੱਸ਼ਟ, ਸੁਹਿਰਦ ਅਤੇ ਦਲੀਲ ਭਰੇ ਕ੍ਰਮਬੱਧ ਰੂਪ ਵਿਚ ਪੇਸ਼ ਕਰਦਾ ਹੈ।"

**ਨਿਬੰਧ ਦੇ ਤੱਤ**

1. ਵਿਸ਼ਾ ਜਾਂ ਮੰਤਵ
2. ਵਿਚਾਰ ਭਾਵ ਅਤੇ ਕਲਪਨਾ
3. ਮੌਲਿਕ ਸ਼ੈਲੀ
4. ਵਿਅਕਤਿਤਵ ਦੀ ਛਾਪ
5. ਭਾਸ਼ਾ ਤੱਤ
6. ਕਲਾ ਪੱਖ

**ਨਿਬੰਧ ਦੇ ਪ੍ਰਕਾਰ**

1. ਲੇਖ
2. ਲਘੂ ਲੇਖ
3. ਲਲਿਤ ਲੇਖ
4. ਜਿਗਰ ਧਾਰਾ

ਆਧੁਨਿਕ ਕਾਲ ਵਿਚ ਮੌਲਿਕ ਤੇ ਸਿਰਜਨਾਤਮਕ ਨਿਬੰਧ ਭਾਵੇਂ ਬਹੁਤੀ ਮਾਤਰਾ ਵਿਚ ਨਹੀਂ ਲਿਖੇ ਗਏ ਅਤੇ ਆਦਰਸ਼ਕ ਰੂਪ ਦੀ ਨਿੱਖਰੀ ਪ੍ਰਮਾਣਿਕ ਗੱਦ ਸ਼ੈਲੀ ਦਾ ਸੁਹਜਵਾਦੀ ਸੰਕਲਪ ਵੀ ਬਹੁਤੇ ਲੇਖਕਾਂ ਵਿਚ ਸਪਸ਼ਟ ਦਿਖਾਈ ਨਹੀਂ ਦਿੰਦਾ, ਫਿਰ ਵੀ ਨਿਬੰਧ ਕਲਾ ਵਿਚ ਅਨੇਕ ਪ੍ਰਕਾਰ ਦੀਆਂ ਵੰਨਗੀਆਂ ਦੇਖੀਆਂ ਜਾ ਸਕਦੀਆਂ ਹਨ। ਸੁਹਜਵਾਦੀ ਸੰਕਲਪਾਂ ਵਾਲੀ ਰਸਿਕ ਤੇ ਪ੍ਰਭਾਵ-ਵਾਦੀ ਰਚਨਾ ਦੇ ਟਾਕਰੇ ਤੇ ਬੁੱਧੀ ਪ੍ਰਧਾਨ, ਗਿਆਨ-ਵਰਧਕ, ਵਿਗਿਆਨਕ ਸੰਕਲਪਾਂ ਦੀ ਜਾਣਕਾਰੀ ਦੇਣ ਵਾਲੀ ਅਤੇ ਉਦਯੋਗਵਾਦੀ ਸ਼ੈਲੀ ਵਧੇਰੇ ਪ੍ਰਚਲਿਤ ਦਿਸਦੀ ਹੈ। 'ਨਿਬੰਧਾਂ ਵਿਚ ਆਲੋਚਨਾਤਮਿਕ ਲੇਖਾਂ, ਗੋਸ਼ਟੀ-ਪੱਤਰਾਂ, ਖੋਜ-ਪੱਤਰਾਂ ਦਾ ਰਿਵਾਜ ਵਧੇਰੇ ਪਿਆ ਹੈ, ਖ਼ਾਸ ਕਰਕੇ ਅਕਾਦਮਿਕ ਖੇਤਰ ਵਿਚ। ਇਹ ਰਚਨਾ ਵਿਦਿਆਰਥੀਆਂ, ਅਧਿਆਪਕਾਂ ਅਤੇ ਖ਼ੋਜੀਆਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ। ਪੰਜਾਬੀ ਆਲੋਚਨਾ ਉੱਤੇ ਵੱਖਰੇ ਪ੍ਰਕਰਣ ਵਿਚ ਵਿਚਾਰ ਕੀਤੀ ਗਈ ਹੈ। ਇੱਥੇ ਕੇਵਲ ਉਨ੍ਹਾਂ ਕੁੱਝ ਕੁ ਵਿਸ਼ੇਸ਼ ਲੇਖਕਾਂ ਦਾ ਅਤੇ ਉਨ੍ਹਾਂ ਦੇ ਵਿਸ਼ੇਸ਼ ਨਿਬੰਧ-ਸੰਗ੍ਰਹਿ ਦਾ ਹੀ ਜ਼ਿਕਰ ਕੀਤਾ ਜਾਵੇਗਾ, ਜੋ ਆਲੋਚਨਾਤਮਿਕ ਆਦਰਸ਼ਾਂ ਤੇ ਆਵੱਸ਼ਕਤਾਵਾਂ ਦੇ ਨਾਲ ਨਾਲ ਸੁੰਦਰ ਸਿਰਜਨਾਤਮਕ ਸ਼ੈਲੀ ਤੱਤਾਂ ਦਾ ਵੀ ਪੀਚੇ ਦਿੰਦੇ ਹਨ।

**ਗੁਰਬਖ਼ਸ਼ ਸਿੰਘ (1895-1971)**

ਗੁਰਬਖ਼ਸ਼ ਸਿੰਘ ਵਿਚਾਰ ਅਧੀਨ ਕਾਲ ਦਾ ਵੀ ਸ਼੍ਰੋਮਣੀ ਗੱਦ-ਲੇਖਕ ਤੇ ਨਿਬੰਧ ਕਾਰ ਸੀ। "ਨਵੀਂ ਦੁਨੀਆ, 'ਚੰਗੇਰੀ ਦੁਨੀ`, "ਖੁੱਲ੍ਹਾ ਦਰ', 'ਨਵਾਂ ਸ਼ਿਵਾਲਾ, "ਜ਼ਿੰਦਗੀ ਦੀ ਰਾਸ', 'ਜ਼ਿੰਦਗੀ ਦੀ ਕਵਿਤਾ, "ਜ਼ਿੰਦਗੀ ਦੇ ਗੀਤ ਉਸ ਦੀਆਂ ਪ੍ਰਮੁੱਖ ਗੱਦ-ਰਚਨਾਵਾਂ ਹਨ। ਭਾਵੇਂ ਆਪਣੇ ਨਿਬੰਧਾਂ ਵਿਚ ਉਹ ਆਪਣੀ ਸਥਾਪਿਤ ਸ਼ੈਲੀ ਨੂੰ ਨਿਭਾਉਂਦਾ ਹੈ ਤੇ ਉਸ ਵਿਚ ਵਾਧਾ ਵੀ ਕਰਦਾ ਹੈ, ਪਰ ਸਭ ਤੋਂ ਵਿਸ਼ੇਸ਼ ਗੱਲ ਉਸ ਦੇ ਦ੍ਰਿਸ਼ਟੀਕੋਣ ਵਿਚ ਆਇਆ ਪਰਿਵਰਤਨ ਹੈ। 1947 ਤੋਂ ਪਹਿਲਾਂ ਉਹ ਵਿਅਕਤੀਵਾਦੀ ਆਦਰਸ਼ਵਾਦ ਤੇ ਮਾਨਵਵਾਦੀ ਸੁਹਜਵਾਦ ਦਾ ਸਮਰਥਕ ਸੀ। ਇਸ ਕਾਲ ਵਿਚ ਉਸ ਨੇ ਸਮਾਜਵਾਦੀ ਜੀਵਨ ਲਕਸ਼ਾਂ, ਅਗਰਗਾਮੀ ਵਿਚਾਰਧਾਰਾਵਾਂ, ਵਿਸ਼ਵ ਵਿਆਪੀ ਅਮਨ ਅੰਦੋਲਨ ਤੇ ਇਨਕਲਾਬੀ ਮਨੁੱਖ ਦੇ ਨਵੇਂ ਅਮਲ ਨੂੰ ਚਿਤਰਨ ਦਾ ਯਤਨ ਕੀਤਾ ਹੈ। ਜ਼ਿੰਦਗੀ ਦੀ ਰਾਸ' ਵਿਚ ਕਈ ਨਿਬੰਧ, ਲੇਖਕ ਦੇ ਕਰਤੱਵ ਤੇ ਅਗਾਂਹ-ਵਧੂ ਨਿਸ਼ਚੇ ਨੂੰ ਸਪਸ਼ਟ ਕਰਦੇ ਹਨ, ਪਰ ਇਸ ਨਵੀਨ ਅਨੁਭਵ ਦੇ ਹੁੰਦਿਆਂ ਹੋਇਆਂ ਵੀ ਉਹ ਆਪਣਾ ਵਿਅਕਤੀਗਤ ਆਦਰਸ਼ਵਾਦੀ ਰੰਗ ਨਹੀਂ ਛੱਡ ਸਕਿਆ। ਇਸੇ ਲਈ 'ਜ਼ਿੰਦਗੀ ਦੀ ਰਾਸ ਦੇ ਕਈ ਲੇਖ ਪ੍ਰੀਤ ਦੇ ਅਨੁਭਵ ਦੀ ਆਦਰਸ਼ਵਾਦੀ ਜਾਂ ਵਿਆਖਿਆ ਹੀ ਕਰਦੇ ਹਨ। ਕੁੱਝ ਵੀ ਹੋਵੇ, ਗੁਰਬਖ਼ਸ਼ ਸਿੰਘ ਮਨੁੱਖਤਾ ਦੀ ਸਾਂਝ ਤੇ ਉਸ ਦੇ ਸੁਰੀਲੇ ਸੁਪਨਿਆਂ ਦਾ ਗੱਦ ਵਿਚ ਕਾਵਿਮਈ ਚਿਤੇਰਾ ਹੈ। ਉਸ ਦੀ ਕਲਮ ਸਾਰੀ ਮਨੁੱਖਤਾ ਦੀਆਂ ਦਿਲੀ ਧੜਕਣਾਂ ਵਿਚ ਧੜਕਦੀ ਹੈ ਤੇ ਸੱਧਰਾਂ ਵਿਚ ਜਿਊਂਦੀ ਹੈ। ਉਸ ਕੋਲ ਇੱਕ ਨਿਸ਼ਚਿਤ ਨਿਸ਼ਾਨਾ ਤੇ ਸੇਧ ਹੈ। ਉਹ ਨਵੇਂ ਸੰਦੇਸ਼ ਦਿੰਦਾ ਹੈ, ਇਸ ਲਈ ਸਾਰਥਕ ਪ੍ਰੇਰਨਾ ਜਗਾਉਂਦਾ ਹੋਇਆ, ਸਮੂਹਕ ਅਮਲ ਲਈ ਉਕਸਾਉਂਦਾ ਹੈ ਅਤੇ ਕਰਮ ਖੇਤਰ ਨੂੰ ਗਰਮਾਉਂਦਾ ਹੈ।

ਸ਼ਬਦਾਂ ਦਾ ਇਹ ਜਾਦੂਗਰ ਤੇ ਕਲਮ ਦਾ ਧਨੀ ਲੇਖਕ, ਸ਼ੈਲੀ ਦੇ ਸੁਹਜ ਦਾ ਪਹਿਲਾਂ ਵਾਂਗ ਹੀ ਕਾਇਲ ਹੈ। ਉਸ ਦੀ ਇਸ ਕਾਲ ਦੀ ਲੇਖਣੀ ਵਿਚ ਉਰਦੂ ਫ਼ਾਰਸੀ ਸ਼ਬਦਾਵਲੀ, ਜਿਸ ਦਾ ਉਹ ਪਹਿਲੇ ਦੌਰ ਵਿਚ ਬੜਾ ਉਪਾਸ਼ਕ ਸੀ. ਦੀ ਮਾਤਰਾ ਕਾਫ਼ੀ ਘੱਟ ਗਈ ਹੈ, ਪਰ ਲੋਕ ਉਕਤੀ ਦੇ ਨਾਲ ਚੱਲਣ ਕਾਰਨ ਕਈ ਵਾਰ ਉਸ ਦੀ ਰਚਨਾ ਦੇ ਵਾਕ-ਅੰਸ਼ਾਂ ਵਿਚ ਅੱਥਰਾ ਪਣ ਵੀ ਬਣਿਆ ਰਹਿੰਦਾ ਹੈ। ਉਸ ਦੇ ਨਿਬੰਧਾਂ ਵਿਚ ਅਨੇਕ ਵਾਕ ਇੱਕ ਦਮ ਪ੍ਰਭਾਵਿਤ ਕਰ ਜਾਂਦੇ ਹਨ ਅਤੇ ਅਭੁੱਲ ਹੋ ਨਿੱਬੜਦੇ ਹਨ। ਸਮੁੱਚੇ ਤੌਰ 'ਤੇ ਉਸ ਦੀ ਇਸ ਦੌਰ ਦੀ ਰਚਨਾ ਪੱਕੇ ਫਲ ਵਾਂਗ ਮਿੱਠੀ, ਰਸਦਾਇਕ ਤੇ ਸ਼ਖ਼ਸੀਅਤ ਦੀ ਮਹਿਕ ਨਾਲ ਭਿੰਨੀ, ਅਨੁਭਵ ਦੀ ਵਿਸ਼ਾਲਤਾ ਤੇ ਬੌਧਿਕ ਪਰਪੱਕਤਾ ਨਾਲ ਭਰਪੂਰ ਦਿਖਾਈ ਦਿੰਦੀ ਹੈ। ਕਲਾਤਮਕ ਨਿਬੰਧਾਂ ਦੇ ਨਾਲ ਨਾਲ ਆਪਣੀਆਂ ਇਨ੍ਹਾਂ ਪੁਸਤਕਾਂ ਵਿਚ ਉਹ ਪਹਿਲਾਂ ਵਾਂਗ ਹੀ ਲਘੂ ਨਿਬੰਧ ਤੇ ਸੰਪਾਦਕੀ ਟਿੱਪਣੀਆਂ ਜੜ ਦਿੰਦਾ ਹੈ। ਭਾਵੇਂ ਉਸ ਦੀ ਪੱਤਰਕਾਰੀ ਰਚਨਾ ਵੀ ਸ਼ੈਲੀ ਦੇ ਸੁਹਜ ਤੇ ਚਲੰਤ ਮਸਲਿਆਂ ਦੀ ਜਾਣਕਾਰੀ ਉੱਤੇ ਆਧਾਰਿਤ ਹੁੰਦੀ ਹੈ, ਫਿਰ ਵੀ ਉਹ ਉਸ ਦੀ ਆਦਰਸ਼ਕ ਕਲਾਤਮਕ ਰਚਨਾ ਦੇ ਨਾਲ ਨਹੀਂ ਤੁੱਲ ਸਕਦੀ। ਗੁਰਬਖ਼ਸ਼ ਸਿੰਘ ਦੇ ਨਿਬੰਧਾਂ ਵਿਚ ਵਿਸ਼ੇ ਦੀ ਵੰਨਗੀ ਜ਼ਰੂਰ ਹੈ, ਪਰ ਉਸ ਦੀ ਸ਼ੈਲੀ ਦਾ ਬੱਝਵਾਂ ਪ੍ਰਮਾਣ ਉਸ ਸਭ ਉੱਤੇ ਨਿਬੰਧ-ਕਲਾ ਦਾ ਸੁੰਦਰ ਰੂਪ ਤੇ ਸ਼ਬਦ-ਸੁੰਦਰਤਾ ਤੇ ਸ਼ੈਲੀ ਦੇ ਜਲੌ ਨੂੰ ਚਮਕਾ ਦੇਂਦਾ ਹੈ, ਜਿਸ ਕਰਕੇ ਕਈ ਵਾਰੀ ਇਨ੍ਹਾਂ ਨਿਬੰਧਾਂ ਦੇ ਰੂਪਵਾਦੀ ਹੋਣ ਦਾ ਭੁਲੇਖਾ ਪੈਂਦਾ ਹੈ। ਭਾਵੇਂ ਗੁਰਬਖ਼ਸ਼ ਸਿੰਘ ਦੀ ਕਹਾਣੀ ਕਲਾ ਵਿਚਲੀ ਬਿਰਤਾਂਤੀ ਸ਼ੈਲੀ ਆਪਣਾ

ਸਾਨੀ ਨਹੀਂ ਰੱਖਦੀ, ਪਰ ਗੱਦ ਲੇਖਕ ਦੇ ਤੌਰ 'ਤੇ ਉਸ ਦੀ ਪ੍ਰਤਿਭਾ ਦਾ ਸਿਖਰ ਉਸ ਦੇ ਨਿਬੰਧਾਂ ਵਿਚ ਹੀ ਵੇਖਿਆ ਜਾ ਸਕਦਾ ਹੈ । ਵੀ ਆਪਣੀ ਰਚਨਾ ਵਿਚ ਗੁਰਬਖ਼ਸ਼ ਸਿੰਘ ਦਾ ਦ੍ਰਿਸ਼ਟੀਕੋਣ ਸਦਾ ਕੱਟੜਤਾ ਰਹਿਤ ਤੇ ਵਿਵੇਕਸ਼ੀਲ ਰਿਹਾ ਹੈ । ਵਾਸਤਵ ਵਿਚ ਉਹ ਸੁਹਜਵਾਦੀ ਸੰਕਲਪਾਂ ਦਾ ਧਾਰਨੀ ਸੀ। ਉਸ ਨੇ ਆਪਣੇ ਵੱਲੋਂ ਦੱਸੀ ਗਈ ਜੀਵਨ-ਜੁਗਤ ਅਤੇ ਗੱਦ-ਸ਼ੈਲੀ ਅਰਥਾਤ ਲੇਖਣੀ ਵਿਚ ਇਨ੍ਹਾਂ ਸੁਹਜਵਾਦੀ ਸੰਕਲਪਾਂ ਦਾ ਸਦਾ ਧਿਆਨ ਰੱਖਿਆ ਹੈ ਅਤੇ ਸਮੇਂ ਦੀ ਲੋੜ ਅਨੁਸਾਰ ਵਹਿਮਾਂ ਭਰਮਾਂ ਅਤੇ ਪੁਰਾਣੀਆਂ ਜੀਵਨ ਕੀਮਤਾਂ ਦਾ ਖੰਡਨ ਕਰਕੇ ਨਵੀਆਂ ਯੁੱਗ-ਅਨੁਕੂਲ ਮਾਨਵੀ ਕੀਮਤਾਂ ਦਾ ਪ੍ਰਸਾਰ ਕੀਤਾ ਹੈ, ਫਲਸਰੂਪ ਨਵੀਂ ਪੜ੍ਹੀ ਲਿਖੀ ਮੱਧ ਸ਼੍ਰੇਣੀ ਵਿਚ ਉਸ ਦੀ ਰਚਨਾ ਨੇ ਇੱਕ ਵਿਸ਼ੇਸ਼ ਸਥਾਨ ਬਣਾ ਲਿਆ ਸੀ, ਜਿਸ ਕਾਰਨ ਉਸ ਦੇ ਪੰਜਾਬੀ ਸਾਹਿਤ ਦੇ ਪਾਠਕਾਂ ਦੇ ਘੇਰੇ ਵਿਚ ਚੋਖਾ ਵਾਧਾ ਹੋਇਆ ਹੈ ।

ਭਾਈ ਵੀਰ ਸਿੰਘ ਦੇ ਸਿੰਘ ਸਭਾਈ ਆਦਰਸ਼ਾਂ ਤੋਂ ਪਿੱਛੋਂ ਪੰਜਾਬੀ ਦੇ ਵਿਕਾਸ ਦੇ ਆਗਾਮੀ ਕਾਲ ਵਿਚ ਗੁਰਬਖ਼ਸ਼ ਸਿੰਘ ਨੇ ਉਸ ਦਾ ਸਥਾਨ ਮਿਲਿਆ ਹੈ ਅਤੇ ਲਗ-ਪਗ ਚਾਲੀ ਪੰਜਾਹ ਸਾਲ ਤਕ ਉਸ ਨੇ ਆਪਣੀ ਵਿਚਾਰਧਾਰਾ ਤੋਂ ਲੇਖਣੀ ਦੁਆਰਾ ਪੰਜਾਬੀ ਦੇ ਸਾਹਿੱਤਿਕ ਮੰਡਲਾਂ ਦੀ ਅਗਵਾਈ ਕੀਤੀ ਹੈ । ਪੰਜਾਬੀ ਦੇ ਬਹੁਤ ਸਾਰੇ ਲੇਖਕ ਉਸ ਦੇ ਮਾਸਿਕ ਪੱਤਰ 'ਪ੍ਰੀਤ ਲੜੀ ਨਾਲ ਜੁੜੇ ਰਹੇ ਹਨ ਅਤੇ ਉਸ ਤੋਂ ਪ੍ਰਭਾਵਿਤ ਵੀ ਹੁੰਦੇ ਰਹੇ ਹਨ । ਇਸ ਲਈ 1931 ਤੋਂ ਪਿੱਛੋਂ ਦੇ ਕਾਲ ਨੂੰ ਜੇ ਗੁਰਬਖ਼ਸ਼ ਸਿੰਘ ਦਾ ਕਾਲ ਵੀ ਕਹਿ ਦਿੱਤਾ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ।

**ਪ੍ਰਿੰ. ਤੇਜਾ ਸਿੰਘ ( 1894-1958)**

ਪੰਜਾਬੀ ਨਿਬੰਧ ਕਲਾ ਨੂੰ ਸ਼ਾਸਤਰੀ ਰੂਪ ਵਿਚ ਨਿਖਾਰਨ ਦਾ ਸਭ ਤੋਂ ਵੱਧ ਸਿਹਰਾ. ਪ੍ਰਿੰਸੀਪਲ ਤੇਜਾ ਸਿੰਘ ਦੇ ਸਿਰ ਹੈ, ਜਿਸ ਨੇ ਆਪਣੀ ਲੇਖਣੀ ਵਿਚ "ਖ਼ੋਜੀ ਉਪਜੇ, ਵਾਦੀ ਬਿਨਸੈਂ' ਦੀ ਗੁਰ-ਉਕਤੀ ਨੂੰ ਆਧਾਰ ਬਣਾ ਕੇ ਸਾਹਿਤ ਦੇ ਕਲਾਤਮਕ ਆਦਰਸ਼ ਨੂੰ ਸਦਾ ਧਿਆਨ ਵਿਚ ਰੱਖਿਆ । ਪੱਛਮੀ ਨਿਬੰਧ-ਲੇਖਕਾਂ ਦੇ ਬੌਧਿਕ ਆਸ਼ਿਆਂ ਤੇ ਸ਼ੈਲੀ-ਗਤ ਸੰਕਲਪਾਂ ਨੂੰ ਸਾਹਮਣੇ ਰੱਖ ਕੇ, ਆਧਾਰਿਤ ਜਾਂ ਮੌਲਿਕ ਰੂਪ, ਉੱਚੇ ਪੱਧਰ ਦੀ ਪ੍ਰਮਾਣਿਕ ਗੱਦ ਰਚਨਾ ਕੀਤੀ ਅਤੇ ਭਾਸ਼ਾ ਦੀ ਸਰਲਤਾ ਤੇ ਸਰਸਤਾ ਨੂੰ ਪੂਰਨ ਉਤਕ੍ਰਿਸ਼ਟ ਸਾਹਿੱਤਿਕ ਸ਼ੈਲੀ ਵਿਚ ਲਿਸ਼ਕਾ ਕੇ ਪੇਸ਼ ਕੀਤਾ । ਮੱਧ-ਸ਼੍ਰੇਣਿਕ ਚੇਤੰਨਤਾ ਤੇ ਵਿਗਿਆਨਕ ਉਦਾਰਤਾਵਾਦ ਦੇ ਨਾਲ ਨਾਲ ਉਨ੍ਹਾਂ ਨੇ ਗੁਰਮਤ ਨੂੰ ਨਵੇਂ ਅਰਥ ਤੇ ਦਿਸ਼ਾਵਾਂ ਵਿਚ ਰੂਪਮਾਨ ਕੀਤਾ। ਵਿਅਕਤੀਗਤ ਅਨੁਭਵ ਦੀ ਛੁਹ ਦੁਆਰਾ ਆਪ ਦੇ ਵਿਚਾਰ ਤੇ ਸ਼ੈਲੀ ਮੌਲਿਕ ਰੰਗ ਵਿਚ ਰੰਗੇ ਗਏ ।

ਇਸ ਕਾਲ ਵਿਚ ਤੇਜਾ ਸਿੰਘ ਦਾ ਧਿਆਨ ਅੰਗਰੇਜ਼ੀ-ਪੰਜਾਬੀ ਕੋਸ਼, ਸਵੈ-ਜੀਵਨੀ ਪ੍ਰਮਾਣਿਕ ਪੰਜਾਬੀ ਰਚਨਾ ਸ਼ੈਲੀ ਤੇ ਆਲੋਚਨਾਤਮਿਕ ਲੇਖਾਂ ਨੇ ਮੌਲੀ ਰੱਖਿਆ । ਨਵੀਆਂ ਸੋਚਾਂ ਦੇ ਕੁੱਝ ਲੇਖ ਵੀ ਇਸੇ ਕਾਲ ਵਿਚ ਲਿਖੇ ਗਏ । 'ਘਰ ਦਾ ਪਿਆਰ' ਵਿਚ ਜਿਸ ਤੀਖਣ ਕਰੁਣਾ-ਮਈ ਸਵਰ ਵਿਚ ਆਪਣੇ ਵਤਨ ਨੂੰ ਯਾਦ ਕਰਦਾ ਹੈ, ਉਹ ਉਸ ਦੇ ਮਾਨਵਵਾਦੀ ਚਿੰਤਨ ਦੇ ਭਾਵੁਕਤਾ ਦਾ ਲਖਾਇਕ ਹੈ । ਤੇਜਾ ਸਿੰਘ ਦੀ ਰਚਨਾ ਦੇ ਕੁੱਝ ਸੰਗ੍ਰਹਿ "ਘਰ ਦਾ ਪਿਆਰ ਤੇ ਹੋਰ ਲੇਖ' ਅਤੇ 'ਗ਼ੁਸਲਖ਼ਾਨਾ ਤੇ ਹੋਰ ਲੇਖ' ਇਸ ਕਾਲ ਵਿਚ ਜ਼ਰੂਰ ਪ੍ਰਕਾਸ਼ਿਤ ਹੋਏ, ਪਰ ਉਨ੍ਹਾਂ ਵਿਚ ਬਹੁਤੇ ਲੇਖ ਪੁਰਾਣੇ ਹਨ । 'ਮਾਨਾਂ ਦਾ ਅੰਤ ਦੀ ਕਰੁਣਾ-ਕਥਾ ਬੜੀ ਜਜ਼ਬਾਤੀ ਸ਼ੈਲੀ ਵਿਚ ਲਿਖੀ ਗਈ ਕ੍ਰਿਤ ਹੈ । ਜਿੱਥੋਂ ਤਕ ਪੰਜਾਬੀ ਅਤੇ ਇਸ ਦੀ ਸ਼ੈਲੀ ਨੂੰ ਉਤਕ੍ਰਿਸ਼ਟਤਾ ਪ੍ਰਦਾਨ ਕਰਨ ਦਾ ਸੰਬੰਧ ਹੈ, ਪ੍ਰਿੰਸੀਪਲ ਤੇਜਾ ਸਿੰਘ ਪੰਜਾਬੀ ਸਾਹਿਤ ਤੇ ਇਤਿਹਾਸ ਵਿਚ ਇੱਕ ਗੌਰਵਮਈ ਤੇ ਸੰਸਥਾ ਦੀ ਪਦਵੀ ਰੱਖਦਾ ਹੈ । ਨਵੇਂ ਲੇਖਕਾਂ ਨੂੰ ਪ੍ਰੇਰਨ ਤੇ ਉਤਸ਼ਾਹਿਤ ਕਰਨ, ਪੰਜਾਬੀ ਭਾਸ਼ਾ ਤੇ ਸਾਹਿਤ ਦਾ ਨੁਕ ਬੰਨ੍ਹਣ, ਗੁਰਮਤ ਦੀ ਵਿਆਖਿਆ ਤੇ ਕੋਸ਼ਕਾਰੀ ਸੰਬੰਧੀ ਉਸ ਦਾ ਵਿਸ਼ੇਸ਼ ਯਤਨ ਇਤਿਹਾਸਕ ਗੌਰਵ ਦਾ ਧਾਰਨੀ ਹੈ ।

**ਹਰਿੰਦਰ ਸਿੰਘ ਰੂਪ ( 1907-1954)**

1947 ਤੋਂ ਪਿੱਛੋਂ ਹਰਿੰਦਰ ਸਿੰਘ ਰੂਪ ਨੇ ਪੰਜਾਬੀ ਨਿਬੰਧ-ਕਲਾ ਵਿਚ ਸੂਖਮ ਹਾਸ ਰਸ ਤੇ ਬੌਧਿਕ ਵਿਅੰਗ ਨੂੰ ਲਿਆ ਕੇ ਇਸ ਵਿਚ ਇੱਕ ਨਵੀਂ ਸੰਭਾਵਨਾ ਨੂੰ ਉਜਾਗਰ ਕੀਤਾ। ਸਿੱਖ ਤੇ ਸਿੱਖੀ, ਚੂੰਡਾਂ ਪਉਂਚੇ', 'ਰੂਪ ਰੰਗ' , ਤੇ 'ਭਾਈ ਗੁਰਦਾਸ ਦੀ ਰਚਨਾ ਉਸ ਦੀਆਂ ਵਿਸ਼ੇਸ਼ ਗੱਦ ਪੁਸਤਕਾਂ ਹਨ । ਪਹਿਲੀ ਪੁਸਤਕ ਸਾਂਸਕ੍ਰਿਤਿਕ ਇਤਿਹਾਸ ਤੇ ਕਲਾ ਦੇ ਕਈ ਅਦੁੱਤੀ ਪੱਖਾਂ ਤੇ ਰੌਸ਼ਨੀ ਪਾਉਂਦੀ ਹੈ । ਰੂਪ ਆਪਣਾ ਸੰਬੰਧ ਗਿਆਨੀ ਸੰਪਰਦਾਇ ਨਾਲ ਜੋੜਦਾ ਸੀ । ਇਸ ਲਈ ਸਿੱਖੀ ਸਮਾਜ, ਸਾਹਿਤ ਤੇ ਕਲਾ ਦਾ ਗਿਆਨ ਉਸ ਨੂੰ ਪਰੰਪਰਾਗਤ ਰੀਤੀ ਅਨੁਸਾਰ ਹੀ ਪ੍ਰਾਪਤ ਹੋ ਗਿਆ । ਭੂਪਵਾਦੀ ਸੰਸਕ੍ਰਿਤੀ ਦੀ ਕੁੱਖ ਵਿਚ ਪੱਲੇ ਤੇ ਵੱਡੇ ਹੋਏ ਕਈ ਹੁਨਰ, ਉਸ ਦੇ ਅਨੁਭਵ ਦੇ ਭਾਗ ਬਣੇ ਹੋਏ ਸਨ। ਲੋਕਾਂ ਦੇ ਸ਼ੁਗ਼ਲਾਂ, ਚੇਟਕਾਂ

ਤੇ ਆ ਦਾ ਉਸ ਨੂੰ ਚੋਖਾ ਗਿਆਨ ਸੀ। ਇਸ ਲਈ ਉਸ ਨੇ ਕਲਾ ਤੇ ਸੰਸਕ੍ਰਿਤੀ ਤੋਂ ਬਿਨਾਂ ਪਰ ਹਨ ਤੇ ਉਨ੍ਹਾਂ ਦੀ ਪ੍ਰਕ੍ਰਿਤੀ ਬਾਰੇ ਵਿਸ਼ਾਲ ਵਾਕਫ਼ੀਅਤ ਦਿੱਤੀ ਹੈ। ਕਾਂ, ਬਾਂਦਰ ਸਿਊ ਕਿਰਲੀ ਆਦਿ ਵਿਸ਼ਿਆਂ ਤੋਂ ਲੈ ਕੇ ਉਹ 'ਰਸਗੁੱਲੇ , "ਲੂਣ ਦੀਆਂ ਸੇਵੀਆਂ ਆਦਿ ਮਜ਼ਮੂਨ ਤੇ ਨਿਬੰਧ ਲਿਖ ਸਕਦਾ ਸੀ, ਜਿਨ੍ਹਾਂ ਵਿਚ ਪ੍ਰਮਾਣਿਕ ਜਾਣਕਾਰੀ ਤੋਂ ਛੁੱਟ ਵਿਅੰਗਾਤਮਿਕ ਢੰਗ ਨਾਲ ਵਰਤਮਾਨ ਆਵਰਣ ਤੇ ਟੀਕਾ ਟਿੱਪਣੀ ਕੀਤੀ ਗਈ ਹੈ। ਸ਼ੈਲੀ ਭਾਵੇਂ ਸਰਲ, ਧ ਤੇ ਬਾਹਾਵਰਾ ਹੈ, ਪਰ ਭਾਸ਼ਾ ਦਾ ਸਰੂਪ ਕਿਤੇ ਕਿਤੇ ਅੱਥਰਾ ਵੀ ਪ੍ਰਤੀਤ ਹੁੰਦਾ ਹੈ।ਰੂਪ ਰੰਗ ਵਿਚ 'ਮੇਰਾ ਨੜੋਆ ਨਾਂ ਦਾ ਉਸ ਦਾ ਪ੍ਰਸਿੱਧ ਲੇਖ ਦਰਜ ਹੈ, ਜਿਸ ਨੂੰ ਲਿਖਣ ਤੋਂ ਕੁੱਝ ਮਹੀਨੇ ਬਾਅਦ ਹੀ ਉਹ ਪਰਿਵਾਰਕ ਦੁਖਾਂਤਕ-ਹੱਤਿਆ ਦਾ ਸ਼ਿਕਾਰ ਹੋ ਗਿਆ। ਇਸ ਲੇਖ ਵਿਚਲਾ ਵਿਅੰਗ ਬਲਕਾਰ ਤੇ ਦਿਲ ਵਿਚ ਧਸ ਜਾਣ ਵਾਲਾ ਹੈ। ਭਾਈ ਗੁਰਦਾਸ ਵਿਚ ਉਸ ਨੇ ਇਸ ਮਹਾਂ ਕਵੀ ਦੀ ਵਾਰ-ਕਲਾ ਉੱਤੇ ਰੀਤੀ-ਰੱਤ ਢੰਗ ਦਾ ਸੁੰਦਰ ਅਨੁਭਵੀ ਪ੍ਰਕਾਸ਼ ਪਾਇਆ ਹੈ। ਉਸ ਦੇ ਕੁੱਝ ਲੇਖ ਪੰਜਾਬੀ ਯੂਨੀਵਰਸਿਟੀ ਵੱਲੋਂ ਵੀ ਪ੍ਰਕਾਸ਼ਿਤ ਕੀਤੇ ਗਏ ਹਨ।

**ਕਪੂਰ ਸਿੰਘ (1909-1986)**

ਕਪੂਰ ਸਿੰਘ ਨੇ 'ਪੰਦੀਕ, ਬਹੁ ਵਿਸਥਾਰ' ਤੇ 'ਸਪਤ ਸਿੰਗ ਨਾਂ ਦੀਆਂ ਗੱਦ ਪੁਸਤਕਾਂ ਦਿੱਤੀਆਂ ਹਨ, ਜਿਨ੍ਹਾਂ ਵਿਚੋਂ ਪਿਛਲੀ ਲੇਖਾਂ ਦੇ ਰੂਪ ਵਿਚ ਜੀਵਨੀਆਂ ਹਨ। ਕਪੂਰ ਸਿੰਘ ਨਾਲ ਪਹਿਲੀ ਵਾਰੀ ਪੰਜਾਬੀ ਨਿਬੰਧ-ਕਲਾ ਵਿਚ ਪ੍ਰੌਢ ਰੂਪ ਦੀ ਬੌਧਿਕ ਤੇ ਸੁਗਿਆਨਕ ਸ਼ੈਲੀ ਦਾ ਵਾਧਾ ਹੋਇਆ ਹੈ। ਉਸ ਨੂੰ ਦਰਸ਼ਨ, ਆਧੁਨਿਕ ਗਿਆਨ-ਵਿਗਿਆਨ ਤੇ ਸਾਹਿਤ ਆਦਿ ਵਿਸ਼ਿਆਂ ਸੰਬੰਧੀ ਵਿਸ਼ੇਸ਼ ਜਾਣਕਾਰੀ ਪ੍ਰਾਪਤ ਹੈ। ਇਸ ਸਾਰੀ ਸਮਗਰੀ ਨੂੰ ਉਹ ਆਪਣੇ ਲੇਖਾਂ ਵਿਚ ਬੌਧਿਕ ਤੇ ਵਿਦਵਤਾ ਪੂਰਨ ਸ਼ੈਲੀ ਵਿਚ ਗੁੰਦ ਕੇ ਮੌਲਿਕ ਰੰਗ ਵਿਚ ਪੇਸ਼ ਕਰ ਸਕਿਆ ਹੈ। ਵਿਵੇਕਸ਼ੀਲਤਾ ਤੇ ਗੱਲ ਨੂੰ ਚਿੱਥ ਚਿੱਥ ਕੇ ਤੇ ਗੰਭੀਰ ਰੂਪ ਦੇ ਕੇ, ਉਸ ਨੂੰ ਪ੍ਰਮਾਣਾਂ ਰਾਹੀਂ ਸਿੱਧ ਕਰ ਸਕਣਾ, ਉਸ ਦੀ ਲਿਖਤ ਦੇ ਵੱਡੇ ਗੁਣ ਹਨ। ਉਸ ਦਾ ਦ੍ਰਿਸ਼ਟੀਕੋਣ ਨਾ ਸੰਪਰਦਾਈ ਹੈ ਨਾ ਸੰਕੀਰਨ, ਸਗੋਂ ਵਿਸ਼ਾਲ ਤੇ ਪਰਪੱਕ ਹੈ। ਸ਼ਬਦ ਭੰਡਾਰ ਦੇ ਪੱਖ ਤੋਂ ਉਹ ਸੰਸਕ੍ਰਿਤ ਸ਼ਬਦਾਵਲੀ ਦਾ ਵਧੇਰੇ ਪ੍ਰਯੋਗ ਕਰਦਾ ਹੈ। ਉਸ ਦੀ ਸ਼ੈਲੀ ਵਿਚ ਵੰਨਗੀ ਤੇ ਸੁਹਜ ਹੈ, ਭਾਵੇਂ ਬਹੁਤੀ ਰਚਨਾ ਬੌਧਿਕ ਜਾਂ ਵਿਆਖਿਆਮਈ ਵਾਰਤਕ ਦੇ ਘੇਰੇ ਵਿਚ ਆਉਂਦੀ ਹੈ। ਫਿਰ ਵੀ ਕਈ ਥਾਈਂ, ਰਸ-ਪੂਰਨ ਮਨੋਰੰਜਨ ਅਤੇ ਪ੍ਰੇਰਨਾਦਾਇਕ ਸ਼ੈਲੀ ਵਿਚ ਵੀ ਉਹ ਲਿਖ ਸਕਿਆ ਹੈ। ਅਜਿਹਾ ਇੱਕ ਲੇਖ ਵਿਚ ਉਸ ਨੇ ਪ੍ਰੋਫੈਸਰ ਪੂਰਨ ਸਿੰਘ ਦੀ ਅੰਤਰਮੁਖੀ ਸੁਹਜਾਤਮਕ ਸ਼ੈਲੀ ਵਿਚ ਵੀ ਲਿਖਿਆ ਹੈ। ਸਿੱਖ-ਮਤ ਸੰਬੰਧੀ ਉਸ ਦੇ ਵਿਚਾਰ ਬੜੇ ਪਰਪੱਕ, ਮੌਲਿਕ ਤੇ ਕ੍ਰਾਂਤੀਕਾਰੀ ਹਨ, ਜਿਸ ਕਰਕੇ ਉਹ ਸਿੱਖ ਦਰਸ਼ਨ ਦਾ ਉਗਰਵਾਦੀ ਵਿਆਖਿਆਕਾਰ ਮੰਨਿਆ ਜਾਂਦਾ ਹੈ। ਰਾਜਸੀ ਜੀਵਨ ਦੇ ਰੁਝੇਵਿਆਂ ਵਿਚੋਂ ਉਹ ਮੌਲਿਕ ਰਚਨਾ ਕਰਨ ਲਈ ਹੋਰ ਸਮਾਂ ਨਹੀਂ ਕੱਢ ਸਕਿਆ। ਕੇਵਲ ਉਹ ਕੁੱਝ ਆਲੋਚਨਾਤਮਿਕ ਨਿਬੰਧ ਹੀ ਸਮੇਂ ਸਮੇਂ ਲਿਖੇ ਹਨ, ਜਿਨ੍ਹਾਂ ਵਿਚ ਉਸ ਦੀ ਉੱਚੀ ਸਾਹਿੱਤਿਕ ਸੂਝ ਅਤੇ ਉਸ ਦੇ ਉਚੇਰੇ ਬੁੱਧੀਜੀਵੀ ਵਿਅਕਤੀ ਹੋਣ ਦਾ ਪ੍ਰਮਾਣ ਮਿਲਦਾ ਹੈ। ਇਸ ਕਾਲ ਵਿਚ ਛਪੀ ਉਸ ਦੀ ਇੱਕ ਹੋਰ ਰਚਨਾ 'ਸਾਚੀ ਸਾਖੀ ਹੈ, ਜਿਸ ਵਿਚ ਉਸ ਨੇ ਸਿੱਖ ਦ੍ਰਿਸ਼ਟੀਕੋਣ ਤੋਂ ਪੰਜਾਬ ਦੇ ਰਾਜਸੀ ਇਤਿਹਾਸ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ। ਇਸ ਰਚਨਾ ਵਿਚ ਸਿਧਾਂਤਕ ਤੌਰ `ਤੇ ਉਹ ਰਾਸ਼ਟਰੀ ਧਾਰਾ ਤੋਂ ਨਵੇਕਲਾ ਹੀ ਖੜ੍ਹਾ ਹੈ ਅਤੇ ਕਈ ਥਾਵਾਂ 'ਤੇ ਉਹ ਪ੍ਰਵਾਨਿਤ ਰਾਸ਼ਟਰੀ ਇਤਿਹਾਸ ਨੂੰ ਵੰਗਾਰਦਾ ਵੀ ਹੈ, ਪਰ ਇਸ ਪੁਸਤਕ ਵਿਚ ਕਈ ਥਾਵਾਂ 'ਤੇ ਉਹ ਆਪਣੇ ਨਿਜੀ ਤੇ ਵਿਅਕਤੀਗਤ ਵਿਸ਼ਾਦ ਨੂੰ ਬੜੇ ਰੋਸ ਭਰੇ ਲਹਿਜ਼ੇ ਵਿਚ ਪ੍ਰਗਟਾਉਂਦਾ ਦਿਖਾਈ ਦਿੰਦਾ ਹੈ। ਇਸ ਕਾਰਨ ਇਹ ਪੁਸਤਕ ਉਸ ਵਿਚਲੇ ਸੰਤੁਲਿਤ ਸਾਹਿਤਕਾਰ ਦੀ ਪ੍ਰਤੀਨਿਧਤਾ ਨਹੀਂ ਕਰਦੀ ਸਗੋਂ ਉਸ ਦੀ ਸ਼ਖ਼ਸੀਅਤ ਵਿਚਲੇ ਰਾਜਸੀ ਮਨੁੱਖ ਦੇ ਤਜਰਬੇ ਤੇ ਮਨੋਂ ਯੋਜਨਾਵਾਂ ਦਾ ਪਰੀਚੇ ਦਿੰਦੀ ਹੈ। ਪਰ ਉਸ ਦੀ ਨਿਬੰਧ ਰਚਨਾ ਅਤੇ 'ਸਪਤਸਿੰਗ ਦੇ ਜੀਵਨੀ ਲੇਖ ਪੰਜਾਬੀ ਦੀ ਨਿਬੰਧ ਰਚਨਾ ਵਿਚ ਆਪਣਾ ਨਿਵੇਕਲਾ ਤੇ ਉਤਕ੍ਰਿਸ਼ਟ ਸਥਾਨ ਰੱਖਦੇ ਹਨ।

**ਲਾਲ ਸਿੰਘ ਕਮਲਾ ਅਕਾਲੀ (1889-1977)**

'ਜੀਵਨ ਨੀਤੀ', 'ਮਨ ਦੀ ਮੌਜ', 'ਦੋ ਉੱਤਮ ਨਿਬੰਧ ਰਚਨਾਵਾਂ , 'ਮੌਤ ਰਾਣੀ ਦਾ ਘੁੰਢ' ਤੇ 'ਭਾਰਤ ਦੇ ਭਰਪੂਰ ਭੰਡਾਰੇ ਆਮ ਵਾਕਫ਼ੀ ਦੇ ਵਿਸ਼ਿਆਂ ਨਾਲ ਸੰਬੰਧਿਤ ਆਪ ਦੀਆਂ ਗੱਦ ਪੁਸਤਕਾਂ ਹਨ। 'ਜੀਵਨ ਨੀਤੀ ਵਿਚਲੇ ਨਿਬੰਧ ਕਮਲਾ ਅਕਾਲੀ ਦੀ ਸੁਵਿਕਸਿਤ ਤੇ ਮੌਲਿਕ ਨਿਬੰਧ-ਕਲਾ ਦੀ ਸਾਖੀ ਭਰਦੇ ਹਨ। ਜੱਟ ਦਾ ਆਰਟ ਤੇ 'ਪੈਰ ਦੀ ਜੁੱਤੀ, ਚੱਲਦਾ ਫਿਰਦਾ ਹੋਟਲ, ਆਦਿ ਨਿੱਕੇ ਨਿੱਕੇ ਵਿਸ਼ਿਆਂ ਉੱਤੇ ਉਸ ਨੇ ਬੜੇ ਸੁੰਦਰ, ਰੋਚਕ, ਹਲਕੇ ਤੇ ਵਿਰੋਧਆਤਮਕ ਨਿਬੰਧ ਲਿਖੇ ਹਨ। ਉਸ ਦੀ ਭਰਪੂਰ ਤੇ ਵਿਸ਼ਾਲ ਵਾਕਫ਼ੀਅਤ, ਸ਼ੈਲੀ ਦਾ ਸੁਹਜ ਤੇ ਆਪਣੇ ਰੰਗ ਵਿਚ ਭਿੱਜੀ ਸ਼ੈਲੀ, ਇੱਕ ਦਮ ਪਾਠਕਾਂ ਨੂੰ ਪ੍ਰਭਾਵਿਤ ਕਰਦੀ ਹੈ। ਕਮਲਾ ਅਕਾਲੀ ਜਨ ਸਾਧਾਰਨ ਦਾ ਲੇਖਕ ਹੈ। ਇਸ ਲਈ ਹਰ ਆਯੂ ਤੇ ਸ਼੍ਰੇਣੀ ਦਾ ਪਾਠਕ ਉਸ ਦੀਆਂ ਰਚਨਾਵਾਂ ਦਾ ਅਨੰਦ ਮਾਣ ਸਕਦਾ ਹੈ। ਕਿਤੇ ਕਿਤੇ ਬੜੇ ਸੁੰਦਰ ਵਾਕ, ਹਾਸ ਤੇ ਵਿਅੰਗ ਨਾਲ ਟੁਣਕਦੀਆਂ ਪੰਗਤੀਆਂ ਪਾਠਕ ਨੂੰ ਇੱਕ ਦਮ ਛੂਹ ਕੇ ਗੁਦਗੁਦਾ ਜਾਂਦੀਆਂ ਹਨ, ਪਰ ਹੌਲੇ ਫੁਲ ਅੰਦਾਜ਼ ਵਿਚ ਲਿਖਣ ਵਾਲੇ ਇਸ ਲੇਖਕ ਦੀ ਰਚਨਾ ਆਪਣੇ

ਵਿਸ਼ੇ ਦੇ ਮਹੱਤਵ ਤੇ ਉਸ ਦੇ ਕਲਾ-ਪੂਰਨ ਢੰਗ ਨਾਲ ਨਿਭਾ ਵਿਚ ਪੂਰਾ ਉੱਤਰਦੀ ਹੈ। ਉਹ ਉਦਾਰਚਿੱਤ ਲੇਖਕ ਹੈ ਅਤੇ ਲੋਕਤੰਤਰਿਕ ਕੀਮਤਾਂ ਵਿਚ ਵਿਸ਼ਵਾਸ ਰੱਖਦਾ ਹੋਇਆ ਵੀ ਪੰਜਾਬ ਦੀ ਸਭਿਅਤਾ ਤੇ ਸੰਸਕ੍ਰਿਤੀ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਵਿਗਿਆਨਕ ਵਿਸ਼ਿਆਂ ਉੱਤੇ ਲਿਖਣ ਸਮੇਂ ਵੀ ਉਸ ਦਾ ਦ੍ਰਿਸ਼ਟੀਕੋਣ ਪੰਜਾਬ ਦੇ ਸਾਧਾਰਨ ਕਿਰਸਾਨੀ ਸਮਾਜ ਤੇ ਸਭਿਅਤਾ ਦੀ ਪ੍ਰਤੀਨਿਧਤਾ ਕਰ ਜਾਂਦਾ ਹੈ। ਕਿਤੇ ਕਿਤੇ ਮਾਲਵੇ ਦੇ ਸਥਾਨਕ ਉਕਤੀ ਰੜਕ ਪੈਂਦੀ ਹੈ, ਪਰ ਇਹ ਚੁੱਭਦੀ ਨਹੀਂ। ਇਹ ਕਮਲਾ ਅਕਾਲੀ ਦੇ ਲੋਕ ਜੀਵਨ ਦੇ ਵਧੇਰੇ ਨਿਕਟ ਹੋਣ ਦਾ ਪ੍ਰਮਾਣ ਪੇਸ਼ ਕਰਦੀ ਹੈ। ਪੰਜਾਬੀ ਗੱਦ ਰਚਨਾ ਵਿਚ ਅਤੇ ਮੌਲਿਕ ਢੰਗ ਦੇ ਸਿਰਜਨਾਤਮਕ ਨਿਬੰਧਾਂ ਵਿਚ ਉਸ ਦਾ ਵਿਸ਼ੇਸ਼ ਤੇ ਆਦਰਯੋਗ ਸਥਾਨ ਹੈ। "ਕਮਾਲਾਂ ਦੇ ਕੋਟ ਤੇ 'ਮੇਰਾ ਆਖਰੀ ਸਫ਼ਰਨਾਮਾ ਉਸ ਦੀਆਂ ਦੋ ਹੋਰ ਮਹੱਤਵ-ਪੂਰਨ ਰਚਨਾਵਾਂ ਹਨ, ਜਿੱਥੇ ਸ਼ੈਲੀ ਹੋਰ ਨਿੱਖਰੀ ਤੇ ਪਰਪੱਕ ਹੋਈ ਹੈ।

**ਡਾ: ਬਲਬੀਰ ਸਿੰਘ** **(1894-1974)**

ਡਾ: ਬਲਬੀਰ ਸਿੰਘ ਜਿੱਥੇ ਗੁਰਮਤ ਸਾਹਿਤ ਦੇ ਗੰਭੀਰ ਚਿੰਤਕ ਅਤੇ ਵਿਆਖਿਆਕਾਰ ਸਨ, ਉੱਥੇ ਉਹ ਪ੍ਰਮੁੱਖ ਬੁੱਧੀਮਾਨ ਤੇ ਆਧੁਨਿਕ ਗਿਆਨ, ਵਿਗਿਆਨ ਦੇ ਵਿਸ਼ੇਸ਼ ਜਾਣਕਾਰ ਵੀ ਸਨ। ਆਪ ਦਾ ਆਰੰਭਿਕ ਜੀਵਨ ਪ੍ਰੋ. ਪੂਰਨ ਸਿੰਘ ਵਰਗੀ ਮਹਾਨ ਪ੍ਰਤਿਭਾ ਵਾਲੀ ਸ਼ਖ਼ਸੀ ਅੱਤ ਦੇ ਨੇੜਲੇ ਸਹਿਚਾਰ ਵਿਚ ਗੁਜ਼ਰਿਆ | ਆਪਣੇ ਵੱਡੇ ਭਾਈ ਡਾ. ਭਾਈ ਵੀਰ ਦੀ ਤੋਂ ਵੀ ਆਪ ਨੇ ਬਹੁਤ ਕੁੱਝ ਰਿਣ ਕੀਤਾ, ਪਰ ਵਿਸ਼ੇਸ਼ਤਾ ਵਾਲੀ ਗੱਲ ਇਹ ਹੈ ਕਿ ਇਸ ਦੀ ਰਚਨਾ ਇਨ੍ਹਾਂ ਦੋਹਾਂ ਪ੍ਰਮੁੱਖ ਸਾਹਿਤਕਾਰਾਂ ਤੋਂ ਵੱਖਰਾ ਤੇ ਵਿਸ਼ੇਸ਼ ਰੰਗ ਧਾਰਨ ਕਰ ਜੀ ਹੈ। ਉਹ ਦੋਵੇਂ, ਵਿਦਵਾਨ ਪਹਿਲਾਂ ਸਨ ਤੇ ਗੱਦ ਲੇਖਕ ਪਿੱਛੋਂ, ਪਰ ਡਾ: ਬਲਬੀਰ ਪਹਿਲਾਂ ਗੱਦ-ਲੇਖਕ ਹਨ ਫੇਰ ਕੁੱਝ ਹੋਰ। 'ਚਰਣ ਹਰੀ ਵਿਸਥਾਰ ਤੋਂ ਪਿੱਛੋਂ ਉਨ੍ਹਾਂ ਨੇ ਕਲਮ ਦੀ ਕਰਾਮਾਤ, ਲੰਮੀ ਨਦਰ", ਤੇ 'ਸੁੱਧ ਸਰੂਪ" ਨਿਬੰਧ ਪੁਸਤਕਾਂ ਦਿੱਤੀਆਂ ਹਨ। ਆਪ ਮੌਲਿਕ ਚਿੰਤਨ ਤੇ ਸੁਵਿਕਸਿਤ ਸ਼ੈਲੀ ਦੇ ਸੁਆਮੀ ਸਨ। ਆਪ ਦੀ ਰਚਨਾ ਵਿਚ ਪੱਛਮੀ ਤੇ ਪੂਰਬੀ ਦਰਸ਼ਨ, ਇਤਿਹਾਸ, ਮਿਥਿਹਾਸ ਤੇ ਸਾਹਿਤ ਦੇ ਪ੍ਰਮਾਣ ਥਾਂ ਪੁਰ ਥਾਂ ਮਿਲਦੇ ਹਨ, ਕਿਥੋਂ ਆਪ ਦੇ ਵਿਸ਼ਾਲ ਅਧਿਐਨ ਸੋਮਿਆਂ ਤੇ ਸੁਤੰਤਰ ਵਿਚਾਰਧਾਰਾ ਦਾ ਗਿਆਨ ਹੁੰਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਸੰਬੰਧੀ ਉਨ੍ਹਾਂ ਦਾ 'ਕਲਮ ਦੀ ਕਰਾਮਾਤ ਵਾਲਾ ਨਿਬੰਧ 'ਵੀਰ ਸਿੰਘ ਕਾਵਿ, ਆਲੋਚਨਾ , ਵਿਚ ਇੱਕ ਮੀਲ ਪੱਥਰ ਹੈ। ਆਪ ਗੁਰਮਤ ਸਿਧਾਂਤ ਦੀ ਵਿਆਖਿਆ ਬੜੀ ਸੂਖਮ ਤੇ ਰਸਿਕ ਢੰਗ ਨਾਲ ਕਰਦੇ ਹਨ। ਭਾਵੇਂ ਉਨ੍ਹਾਂ ਦੀ ਵਿਦਵਤਾ ਦੀ ਛਾਪ ਪ੍ਰਤੱਖ ਦਿਖਾਈ ਦਿੰਦੀ ਹੈ, ਪਰ ਉਨ੍ਹਾਂ ਦੀ ਰਚਨਾ ਦਾ ਰਸਵੰਤ ਸੁਭਾਉ ਪੰਡਤਾਊ ਹੋਣ ਦਾ ਭਰਮ ਨਹੀਂ ਪਾਉਂਦਾ, ਸਗੋਂ ਸਭ ਕੁੱਝ ਸਹਿਜ ਰੂਪ ਵਿਚ ਇੱਕ ਝਰਨੇ ਦੀ ਨਿਆਂਈਂ ਵਹਿੰਦਾ ਤੁਰਿਆ ਜਾਂਦਾ ਹੈ ਅਤੇ ਕਈ ਵਾਰ ਤਾਂ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਇਹ ਪਰਸਪਰ ਸੰਬੰਧਤ ਤੱਥ ਕਿਸੇ ਵਿਉਂਤ ਵਿਚ ਸੰਗਠਿਤ ਨਹੀਂ ਹੋਣਗੇ, ਪਰ ਸੰਪੂਰਨ ਨਿਬੰਧ ਨੂੰ ਪੜ੍ਹ ਕੇ ਇਨ੍ਹਾਂ ਵਿਚਲੇ ਸੁਜੀਵ ਪ੍ਰਬੰਧ ਤੇ ਸੰਗਠਨ ਦਾ ਅਹਿਸਾਸ ਸਦਾ ਕਾਇਮ ਰਹਿੰਦਾ ਹੈ, ਪਰ ਉਸ ਦੇ ਅਨੁਭਵਾਂ ਦੀ ਸੰਪੂਰਨਤਾ ਦਾ ਪ੍ਰਭਾਵ ਬੜਾ ਕਲਾਮਈ ਤੇ ਚਮਤਕਾਰੀ ਪ੍ਰਤੀਤ ਹੁੰਦਾ ਹੈ। ਪ੍ਰਿੰਸੀਪਲ ਤੇਜਾ ਸਿੰਘ ਭਾਵੇਂ ਬੜੀ ਰਸਿਕ ਸ਼ੈਲੀ ਵਿਚ ਲਿਖਣ ਵਾਲੇ ਲੇਖਕ ਸਨ, ਪਰ ਉਨ੍ਹਾਂ ਵਿਚ ਡਾ: ਬਲਬੀਰ ਸਿੰਘ ਵਰਗੀ ਗੰਭੀਰਤਾ ਉਤਪੰਨ ਨਹੀਂ ਹੋ ਸਕੀ। ਜਿੱਥੇ ਤੇਜਾ ਸਿੰਘ ਸੂਖਮ ਸਾਹਿੱਤਿਕ ਲੇਖਕ ਸੀ, ਉੱਥੇ ਡਾ. ਬਲਬੀਰ ਸਿੰਘ ਗੰਭੀਰ ਦਾਰਸ਼ਨਿਕ ਚਿੰਤਕ ਤੇ ਮੌਲਿਕ ਅਨੁਭਵ ਵਾਲਾ ਲੇਖਕ ਸੀ। "ਮੈਨਾ ਵੈਕਟ ਵਿਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਸੰਬੰਧੀ ਪ੍ਰਤੀਕਾਤਮਿਕ ਢੰਗ ਨਾਲ ਸੁੰਦਰ ਪ੍ਰਕਾਸ਼ ਪਾਇਆ ਹੈ। "ਨਿਰੁਕਤ ਵਿਚ ਸ਼ਬਦਾਂ ਦੀ ਵਿਆਖਿਆ ਕਰਨ ਸਮੇਂ ਵੀ ਉਨ੍ਹਾਂ ਦੀ ਵਿਦਵਤਾ, ਅਨੁਭਵੀ ਅੰਤਰ-ਦ੍ਰਿਸ਼ਟੀ ਤੇ ਸ਼ੈਲੀ ਦੀ ਰਸਿਕਤਾ ਪ੍ਰਤੱਖ ਦਿਖਾਈ ਦਿੰਦੀ ਹੈ।

**ਗੁਰਬਚਨ ਸਿੰਘ ਤਾਲਿਬ** **(1911-1986)**

ਗੁਰਬਚਨ ਸਿੰਘ ਤਾਲਿਬ ਪ੍ਰਸਿੱਧ ਪੰਜਾਬੀ ਵਿਦਵਾਨ, ਆਲੋਚਕ ਤੇ ਲੇਖਕ ਹੈ। ਸਾਹਿਤ ਦਾ ਪ੍ਰਬੀਨ ਸ਼ਾਸਤਰੀ ਗਿਆਨ, ਉਤਕ੍ਰਿਸ਼ਟਤਾ ਦਾ ਲਖਾਇਕ, ਸੂਖਮ ਅਨੁਭਵ, ਚਿੰਤਨ ਤੇ ਕਲਾ ਸੰਪੰਨ ਸਾਹਿੱਤਿਕ ਦ੍ਰਿਸ਼ਟੀਕੋਣ ਉਸ ਨੂੰ ਵਿਸ਼ੇਸ਼ ਬੁੱਧੀਮਾਨ ਦੇ ਰੂਪ ਵਿਚ ਉਜਾਗਰ ਕਰਦੇ ਹਨ। ਉਸ ਨੇ ਸਿਰਜਨਾਤਮਕ ਤੇ ਆਲੋਚਨਾਤਮਿਕ ਦੋਹਾਂ ਸ਼ੈਲੀਆਂ ਵਿਚ ਹੀ ਲਿਖਿਆ ਹੈ। ਇੱਕ ਨਿਬੰਧਕਾਰ ਲਈ, ਬੌਧਿਕ ਪਰਪੱਕਤਾ, ਅਨੁਭਵੀ ਰਸਿਕਤਾ ਤੇ ਸੁਹਜਵਾਦੀ ਸ਼ੈਲੀ ਸੰਕਲਪ ਦਾ ਹੋਣਾ ਬੜਾ ਆਵੱਸ਼ਕ ਹੈ। ਇਹ ਸਭ ਤੱਤ ਤਾਲਿਬ ਦੇ ਵਿਅਕਤਿਤਵ ਵਿਚ ਮੌਜੂਦ ਸਨ। ਉਸ ਦੀ ਰਚਨਾ ਗੰਭੀਰ, ਬੌਧਿਕ ਚਿੰਤਨ ਸਮੀਖਿਆਤਮਿਕ ਮਾਣ-ਵੰਡ ਦੀ ਉਤਕ੍ਰਿਸ਼ਟਤਾ ਤੇ ਰਸਿਕ ਮੌਲਿਕ ਅਨੁਭਵੀ ਝਲਕ ਦੇਣ ਵਾਲੇ ਚਮਤਕਾਰੀ ਗੁਣ ਰੱਖਦੀ ਹੈ। ਉਸ ਨੇ ਪੰਜਾਬੀ ਨਿਬੰਧ ਕਲਾ ਵਿਚ ਉਚੇਰੇ ਗੁਣਾਤਮਿਕ ਪੱਧਰ ਨੂੰ ਵਿਕਸਿਤ ਕਰਨ ਦਾ ਜਤਨ ਕੀਤਾ ਹੈ। ਭਾਵੇਂ ਉਸ ਦੀ

ਰਚਨਾ ਪੰਡਤਾਊ ਪ੍ਰਭਾਵਾਂ ਤੋਂ ਮੁਕਤ ਨਹੀਂ ਆਖੀ ਜਾ ਸਕਦੀ ਅਤੇ ਉਸ ਦੇ ਨਿਜੀ ਵਿਅਕਤਿਤਵ ਵਿਚ ਵਿਦਵਾਨ ਹੋਣ ਦੇ ਗੌਰਵ ਦਾ ਅਹਿਸਾਸ ਸਦਾ ਕਾਇਮ ਰਹਿੰਦਾ ਹੈ, ਪਰ ਉਸ ਦੀ ਅਨੁਭਵੀ ਰਸਿਕਤਾ ਤੇ ਸੂਖਮ ਮਨੋਬਿਰਤੀ ਸਦਾ ਵਿਚਾਰਸ਼ੀਲ ਤੇ ਟੁੰਭਣਯੋਗ ਮਨੌਤਾਂ ਤੇ ਕਲਾ ਸਿਧਾਂਤ ਦੀ ਸੂਝ ਬੂਝ ਦਿੰਦੀ ਹੈ। ਯੂਨੀਵਰਸਿਟੀ ਦੀਆਂ ਪਾਠ ਪੁਸਤਕਾਂ ਦੇ ਤਿਆਰ ਕਰਨ ਵਿਚ ਤੇ ਉਨ੍ਹਾਂ ਦੀਆਂ ਭੂਮਿਕਾਵਾਂ ਤੇ ਟਿੱਪਣੀਆਂ ਵਿਚ ਉਸ ਦੀ ਬਲਵਾਨ ਸਾਹਿੱਤਿਕ ਸੂਝ ਉਚੇਰੇ ਕਲਾਤਮਕ ਲਖਸ਼ਾਂ ਦੀ ਸੋਝੀ ਕਰਾਉਂਦੀ ਹੈ। ਪੱਛਮੀ ਸਾਹਿਤ ਤੇ ਚਿੰਤਨ ਦਾ ਤੁਲਨਾਤਮਿਕ ਅਧਿਐਨ ਉਸ ਦੀ ਵਿਸ਼ੇਸ਼ ਸੂਝ ਦੀ ਸਾਖੀ ਭਰਦਾ ਹੈ। ਅਣਪਛਾਤੇ ਰਾਹੀਂ ਉਸ ਦੀ ਵਿਸ਼ੇਸ਼ ਗੱਦ ਰਚਨਾ ਹੈ, ਜਿਸ ਵਿਚ ਸਿਰਜਨਾਤਮਕ ਤੇ ਆਲੋਚਨਾਤਮਿਕ ਦੋਹਾਂ ਸ਼੍ਰੇਣੀਆਂ ਦੇ ਨਿਬੰਧ ਮੌਜੂਦ ਹਨ। ਬਾਬਾ ਫ਼ਰੀਦ, ਭਾਈ ਵੀਰ ਸਿੰਘ ਤੇ ਗੁਰੂ ਨਾਨਕ ਸੰਬੰਧੀ ਆਪ ਦੀਆਂ ਪੁਸਤਕਾਂ, ਖੋਜ ਤੇ ਉਚੇਰੀ ਸਾਹਿੱਤਿਕ ਕਲਾ ਦੀਆਂ ਮੀਲ ਪੱਥਰ ਆਖੀਆਂ ਜਾ ਸਕਦੀਆਂ ਹਨ।

**ਸਾਹਿਬ ਸਿੰਘ (1894-1977)**

ਕੀ ਸਾਹਿਬ ਸਿੰਘ ਭਾਵੇਂ ਧਾਰਮਿਕ ਲੇਖਕਾਂ ਤੇ ਸਿੱਖ ਚਿੰਤਕਾਂ ਵਿਚੋਂ ਵਿਸ਼ੇਸ਼ ਹੈ, ਪਰ ਉਹ ਇੱਕ ਨਿਪੁੰਨ ਨਿਬੰਧਕਾਰ ਤੇ ਸ੍ਰੇਸ਼ਟ ਸ਼ੈਲੀਕਾਰ ਵੀ ਹੈ। ਉਸ ਨੇ ਧਾਰਮਿਕ ਲੇਖ 'ਕੁੱਝ ਹੋਰ ਧਾਰਮਿਕ ਲੇਖ, "ਗੁਰਮਤ ਪ੍ਰਕਾਸ਼', 'ਧਰਮ ਤੇ ਸਦਾਚਾਰ', 'ਸਰਬੱਤ ਦਾ ਭਲਾ, 'ਬੁਰਾਈ ਦਾ ਟਾਕਰਾ ਆਦਿ ਨਿਬੰਧ ਰਚਨਾਵਾਂ ਕੀਤੀਆਂ ਹਨ | ਆਪ ਦੇ ਲੇਖ ਭਾਵੇਂ ਸਿੱਖ ਇਤਿਹਾਸ, ਗੁਰਬਾਣੀ ਤੇ ਸਿੱਖ ਆਚਰਨ ਸੰਬੰਧੀ ਮੌਲਿਕ ਪ੍ਰਕਾਸ਼ ਪਾਉਂਦੇ ਹਨ, ਫਿਰ ਵੀ ਇਨ੍ਹਾਂ ਦੇ ਕਲਾਤਮਕ ਤੱਤਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਾਹਿਬ ਸਿੰਘ ਜੀ ਦੀਆਂ ਰਚਨਾਵਾਂ ਸੰਪਰਦਾਈ ਸੰਕੀਰਨਤਾ ਤੋਂ ਬਿਲਕੁਲ ਵਿਮੁਕਤ ਹਨ। ਉਨ੍ਹਾਂ ਵਿਚ ਉਦਾਰ-ਚਿੱਤ ਤੇ ਵਿਵੇਕ-ਸ਼ੀਲ ਮਾਨਵਵਾਦੀ ਵਿਚਾਰਾਂ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਉਹ ਨਾ ਕੱਟੜਵਾਦੀ ਸਿਧਾਂਤਵਾਦੀ ਹੈ ਨਾ ਪੁਰਾਤਨ ਢੰਗ ਦੀਆਂ ਕਰਾਮਾਤਾਂ ਵਿਚ ਵਿਸ਼ਵਾਸ ਰੱਖਦਾ ਹੈ, ਜਿਨ੍ਹਾਂ ਨਾਲ ਮੱਧਕਾਲੀਨ ਇਤਿਹਾਸਕ ਅਕਸਰ ਭਰਿਆ ਹੁੰਦਾ ਹੈ। ਅਜਿਹੇ ਪ੍ਰਕਰਨਾਂ ਨੂੰ ਆਪਣੀ ਮੌਲਿਕ ਖੋਜ ਤੇ ਵਿਵੇਕ-ਵਾਦੀ ਦ੍ਰਿਸ਼ਟੀਕੋਣ ਦੁਆਰਾ ਸੁਲਝਾਉਂਦਾ ਹੈ। ਉਸ ਕੋਲ ਸਰਲ, ਸਪਸ਼ਟ ਤੇ ਸ਼ੁੱਧ ਸ਼ੈਲੀ ਤੇ ਭਾਸ਼ਾ ਹੈ, ਗੁਰਬਾਣੀ ਤੇ ਸਿੱਖ ਇਤਿਹਾਸ ਦੇ ਹਵਾਲਿਆਂ ਦੇ ਨਾਲ ਨਾਲ ਉਹ ਆਧੁਨਿਕ ਗਿਆਨ ਤੇ ਮਨੋ-ਵਿਗਿਆਨ ਨੂੰ ਆਪਣਾ ਆਧਾਰ ਬਣਾਉਂਦਾ ਹੈ। ਜਿੱਥੇ ਕਿਤੇ ਬਾਹਰੀ ਇਤਿਹਾਸਕ ਤੱਥਾਂ ਤੇ ਗੁਰਬਾਣੀ ਵਿਚਲੇ ਅੰਦਰਲੇ ਪ੍ਰਮਾਣਾਂ ਵਿਚਕਾਰ ਅੰਤਰ ਹੋਵੇ, ਉੱਥੇ ਸਾਹਿਬ ਸਿੰਘ ਗੁਰਬਾਣੀ ਦੀ ਅੰਦਰਲੀ ਗਵਾਹੀ ਨੂੰ ਹੀ ਵਧੇਰੇ ਪ੍ਰਮਾਣਿਕ ਮੰਨਦਾ ਹੈ। ਗੁਰੂ ਗ੍ਰੰਥ ਸਾਹਿਬ ਦਾ ਦਸ ਜਿਲਦਾਂ ਵਿਚ ਟੀਕਾ ਆਪ ਦੀ ਬਹੁਤ ਵਡਮੁੱਲੀ ਦੇਣ ਹੈ।

**ਨਰਿੰਦਰਪਾਲ ਸਿੰਘ (ਜਨਮ 1921)**

ਨਰਿੰਦਰਪਾਲ ਸਿੰਘ ਇੱਕ ਸਫ਼ਲ ਨਿਬੰਧਕਾਰ ਹੈ। ਭਾਵੇਂ ਉਸ ਦੀ ਨਿਬੰਧ ਰਚਨਾ ਉਸ ਦੀ ਸਮੁੱਚੀ ਸਾਹਿੱਤਿਕ ਸਿਰਜਣਾ ਵਿਚ ਦੂਜਾ, ਤੀਜਾ ਅਸਥਾਨ ਹੀ ਰੱਖਦੀ ਹੈ। ਨਿਕ ਸੁਕ ਉਸ ਦਾ ਨਿਬੰਧ-ਸੰਗ੍ਰਹਿ ਹੈ। ਇਨ੍ਹਾਂ ਨਿਬੰਧਾਂ ਦਾ ਵਿਸ਼ਾ ਬਹੁ-ਭਾਂਤੀ ਤੇ ਹਲਕੇ ਫੁਲਕੇ ਮਜ਼ਮੂਨਾਂ ਨਾਲ ਸੰਬੰਧਿਤ ਹੈ। ਨਰਿੰਦਰਪਾਲ ਸਿੰਘ ਦਾ ਉਦੇਸ਼, ਬੌਧਿਕ ਜਾਣਕਾਰੀ ਦੇਣਾ ਤੇ ਆਪਣੇ ਪਾਠਕਾਂ ਦਾ ਮਨੋਰੰਜਨ ਕਰਨਾ ਹੁੰਦਾ ਹੈ। ਉਸ ਕੋਲ ਸੁਲਝੀ ਹੋਈ ਸ਼ੈਲੀ ਮੌਜੂਦ ਹੈ। ਨਿਬੰਧ ਗੁੰਝਲਦਾਰ ਜਾਂ ਕਠਿਨ ਨਹੀਂ ਹਨ, ਸਗੋਂ ਆਮ ਪੱਧਰ ਦੇ ਪਾਠਕਾਂ ਦੀ ਰੋਚਿਕਤਾ ਦਾ ਕਾਰਨ ਬਣਦੇ ਹਨ। ਉਹ ਗੁਰਬਾਣੀ ਦੇ ਹਵਾਲੇ ਵੀ ਦਿੰਦਾ ਹੈ ਅਤੇ ਆਧੁਨਿਕ ਗਿਆਨ ਆਨ ਦੇ ਹਵਾਲੇ ਵੀ। ਘੱਟੋ ਘੱਟ ਇਹ ਹਲਕੇ ਵਿਸ਼ਿਆਂ ਉੱਤੇ ਪੜ੍ਹਨ ਯੋਗ ਤੇ ਵਿਚਾਰ ਸਮਗਰੀ ਆਪਣੇ ਵਿਚ ਸਮਾਈ ਬੈਠੇ ਹਨ। ਉਸ ਦੇ ਨਾਵਲਾਂ ਦੇ ਟਾਕਰੇ ਤੇ ਉਸ ਦੇ ਨਿਬੰਧਾਂ ਦੀ ਸ਼ੈਲੀ ਵਧੇਰੇ ਸੁਲਝੀ ਹੋਈ, ਸੰਜਮ ਗੁੱਧੀ ਤੇ ਟਕਸਾਲੀ ਹੁੰਦੀ ਹੈ।

**ਈਸ਼ਵਰ ਚਿੱਤਰਕਾਰ (1912-1968)**

ਈਸ਼ਵਰ ਸਿੰਘ ਚਿੱਤਰਕਾਰ ਪੰਜਾਬੀ ਦਾ ਸੁਲਝਿਆ ਹੋਇਆ ਕਵੀ ਤੇ ਸ੍ਰੇਸ਼ਟ ਗੱਦਕਾਰ ਸੀ | 'ਕਲਮ ਦੀ ਆਵਾਜ਼' ਤੇ 'ਗੱਲਬਾਤ ਉਸ ਦੀਆਂ ਵਿਸ਼ੇਸ਼ ਗੱਦ ਰਚਨਾਵਾਂ ਹਨ। ਜਿੱਥੇ ਕਵਿਤਾ ਵਿਚ ਚਿੱਤਰਕਾਰ ਗੰਭੀਰ ਤੇ ਆਧੁਨਿਕ ਕਲਾਤਮਕ ਤੱਤਾਂ ਨੂੰ ਅਪਣਾਉਂਦਾ ਤੇ ਯੁੱਗ ਚੇਤਨਾ ਨਾਲ ਬਰ ਮੇਚਦਾ ਦਿਖਾਈ ਦਿੰਦਾ ਹੈ, ਉੱਥੇ ਉਹ ਆਪਣੀ ਗੱਦ ਰਚਨਾ ਵਿਚ ਹੌਲਾ ਫਲ ਤੇ ਮਨੋਰੰਜਕ ਵਿਸ਼ਿਆਂ ਦੁਆਰਾ ਵਿਅੰਗਮਈ ਤੇ ਹਸਾਉਣਾ ਵਾਤਾਵਰਨ ਪੈਦਾ ਕਰਦਾ ਹੈ। ਉਸ ਵਿਚ ਬੌਧਿਕ ਕਟਾਖਸ਼ ਚੋਖਾ ਹੁੰਦਾ ਹੈ ਤੇ ਛੋਟੀਆਂ ਛੋਟੀਆਂ ਟਕੋਰਾਂ ਦੀ ਭਰਮਾਰ ਹੁੰਦੀ ਹੈ। ਬਹੁਤੀ ਵਾਰੀ ਉਸ ਦੇ ਲੇਖ ਪਾਤਰ ਚਿੱਤਰ ਤੇ ਵਿਸ਼ੇਸ਼ ਕਰਕੇ ਵਿਅੰਗ ਹੋਣ ਦਾ ਪ੍ਰਭਾਵ ਦੇ ਜਾਂਦੇ ਹਨ। ਇਨ੍ਹਾਂ ਦੀਆਂ ਹਾਸ-ਰਸੀ ਛੂਹਾਂ ਅਭੁੱਲ ਹੁੰਦੀਆਂ ਹਨ।

ਉਸ ਦੀ ਸ਼ੈਲੀ ਸੰਵਰੀ, ਸੁਧਰੀ ਪਰ ਸਰਲ ਤੇ ਸਪਸ਼ਟ ਹੁੰਦੀ ਹੈ। 'ਕਲਮ ਦੀ ਆਵਾਜ਼ ਪੰਜਾਬੀ ਗੱਦ ਸਾਹਿਤ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ।

**ਡਾ: ਤਾਰਨ ਸਿੰਘ**

ਡਾ: ਤਾਰਨ ਸਿੰਘ ਸਿੱਖ ਜਗਤ ਦਾ ਉੱਘਾ ਚਿੰਤਕ ਤੇ ਪ੍ਰੋ. ਸਾਹਿਬ ਸਿੰਘ ਦਾ ਸੁਯੋਗ ਉੱਤਰਾਧਿਕਾਰੀ ਹੈ। ਉਸ ਨੇ ਜਿੱਥੇ ਗੁਰਮਤ ਸਾਹਿਤ ਦੀ ਸਿਧਾਂਤਕ ਤੇ ਸਾਹਿੱਤਿਕ ਵਿਆਖਿਆ ਕੀਤੀ ਹੈ, ਉੱਥੇ ਉਸ ਨੇ ਸਿੱਖ ਧਰਮ ਨਾਲ ਸੰਬੰਧਿਤ ਵਿਸ਼ਿਆਂ ਉੱਪਰ ਮੌਲਿਕ ਨਿਬੰਧ ਵੀ ਲਿਖੇ ਹਨ। ਸਿੱਖ ਧਰਮ ਦੇ ਰਹੱਸ ਤੇ ਰਮਜ਼ਾਂ, ਭਗਤੀ ਤੇ ਸ਼ਕਤੀ, ਨਾਮ ਨਿਧਾਨ ਤੇ ਪ੍ਰੇਮ ਤੇ ਨੇਮ ਆਦਿ ਪੁਸਤਕਾਂ ਵਰਨਣਯੋਗ ਹਨ। ਪਿਛਲੀ ਰਚਨਾ ਵਿਚ ਨਿੱਤਨੇਮ ਦੀਆਂ ਬਾਣੀਆਂ ਅਤੇ ਵਿਸ਼ੇਸ਼ ਬਾਣੀਆਂ ਦੀ ਸਿਧਾਂਤਕ ਤੇ ਪ੍ਰਭਾਵ ਵਾਦੀ ਵਿਆਖਿਆ ਕੀਤੀ ਗਈ ਹੈ। ਡਾ: ਤਾਰਨ ਸਿੰਘ, ਸਾਹਿਬ ਸਿੰਘ ਵਰਗਾ ਸਰਲ ਵਿਆਖਿਆਕਾਰ ਨਹੀਂ, ਸਗੋਂ ਉਸ ਨਾਲੋਂ ਡੂੰਘਾ ਤੇ ਅਨੁਭਵੀ ਹੈ। ਪ੍ਰੋ. ਸਾਹਿਬ ਦਾ ਆਧਾਰ ਵਿਵੇਕ ਹੈ ਅਤੇ ਤਾਰਨ ਸਿੰਘ ਦਾ ਸ਼ਰਧਾ, ਭਾਵੁਕਤਾ ਤੇ ਡੂੰਘੇਰਾ ਚਿਤਵਨ, ਪਰ ਉਸ ਦਾ ਲਿਖਣ ਢੰਗ ਸਾਹਿਬ ਸਿੰਘ ਜਿੰਨਾ ਸਾਧਿਆ ਹੋਇਆ ਨਹੀਂ ਹੁੰਦਾ। ਕਈ ਥਾਵਾਂ 'ਤੇ ਉਸ ਦੇ ਵਾਕ ਰੜਕਦੇ ਤੇ ਥਿੜਕਦੇ ਪ੍ਰਤੀਤ ਹੁੰਦੇ ਹਨ, ਜੋ ਸੁਲਝੇ ਹੋਏ ਰਸਿਕ ਪਾਠਕ ਨੂੰ ਚੁੱਭਦੇ ਵੀ ਹਨ, ਪਰ ਲੇਖਕ ਦੀ ਸੁਹਿਰਦਤਾ ਤੇ ਵਿਸ਼ੇ ਨਾਲ ਡੂੰਘੀ ਅਨੁਭਵੀ ਸਾਂਝ, ਬਹੁਤੀ ਵਾਰ ਇਨ੍ਹਾਂ ਊਣਤਾਈਆਂ ਨੂੰ ਢੱਕ ਲੈਂਦੀ ਹੈ।

**ਸ. ਸ. ਅਮੋਲ**

ਸ. ਸ. ਅਮੋਲ ਪੰਜਾਬੀ ਗੱਦ ਦੇ ਬਹੁ ਪੱਖੀ ਉਸਰੱਈਆਂ ਵਿਚੋਂ ਹਨ। ਆਪ ਪ੍ਰਿੰ. ਤੇਜਾ ਸਿੰਘ ਵਰਗੀ ਸਰਲ, ਸ਼ੁੱਧ ਤੇ ਟਕਸਾਲੀ ਵਾਰਤਕ ਲਿਖ ਸਕਦੇ ਸਨ, ਪਰ ਜੇ ਆਪ ਵਿਚ ਵਿਚ ਤੇਜਾ ਸਿੰਘ ਵਰਗੀ ਡੂੰਘਾਈ ਨਹੀਂ ਤਾਂ ਉਸ ਦੇ ਟਾਕਰੇ ਤੇ ਬਹੁਤ ਵੱਡੀ ਵੰਨ ਸੁਵੰਨਤਾ ਜ਼ਰੂਰ ਹੈ | ਆਪ ਦੀ ਰਚਨਾ ਸੁਲਝੇ ਤੇ ਸਾਧੇ ਹੋਏ ਵਾਕਾਂ ਦੀ ਮਿੱਠੀ ਮਿੱਠੀ ਰਵਾਨੀ ਤੇ ਰਸਿਕ ਅਨੁਭਵੀ ਪ੍ਰਕਾਸ਼ ਪਾਉਂਦੀ ਹੈ। ਆਪਣੇ ਨਿਬੰਧਾਂ ਵਿਚ, ਉਹ ਭਰਪੂਰ ਵਾਕਫ਼ੀਅਤ ਦੇ ਜਾਂਦੇ ਹਨ ਅਤੇ ਪਾਠਕਾਂ ਦਾ ਮਨੋਰੰਜਨ ਵੀ ਕਰਦੇ ਹਨ। ਆਪ ਆਪਣੀ ਰਚਨਾ ਨੂੰ ਲੋਕਾਂ ਦੇ ਨੇੜੇ ਰੱਖਣ ਦੇ ਇੱਛੁਕ ਹਨ, ਇਸੇ ਲਈ ਆਪ ਦੀ ਰਚਨਾ ਵਿਚ ਬੌਧਿਕ ਤੇ ਪੰਡਤਾਊ ਅੰਸ਼ਾਂ ਦੀ ਥਾਂ ਸਰਲ ਭਾਵੀ ਸਰਵ-ਵਿਆਪਕਤਾ ਆ ਗਈ ਹੈ | ਪਰ ਇਹ ਸਰਲਤਾ ਨਾ ਤਾਂ ਸਾਹਿਬ ਸਿੰਘ ਜਿੰਨੀ ਅਕੇਵੇਂਦਾਰ ਹੋ ਨਿੱਬੜਦੀ ਹੈ ਤੇ ਨਾ ਤਾਰਨ ਸਿੰਘ ਜਿੰਨੀ ਸਿਧ-ਪਧਰੀ। ਇਹ ਦੋਵੇਂ ਲੇਖਕ ਕਈ ਵਾਰ ਆਪਣੇ ਵਿਸ਼ੇ ਨਾਲ ਜੁੜੀ ਸ਼ਰਧਾ ਭਾਵ ਕਾਰਨ ਪਾਠਕਾਂ ਨੂੰ ਆਪਣੇ ਨਾਲ ਜੋੜੀ ਰੱਖਦੇ ਹਨ | ਪਰ ਅਮੋਲ ਦੀ ਕਲਾ ਕੁਸ਼ਲਤਾ ਪਾਠਕ ਨੂੰ ਆਪਣੇ ਵਲ ਖਿੱਚਦੀ ਹੈ। ਅਮੋਲ ਪੰਜਾਬੀ ਲੇਖ', 'ਆਦਰਸ਼ ਪੰਜਾਬੀ ਲੇਖ, "ਮੇਰੇ ਚੋਣਵੇਂ ਨਿਬੰਧ ਤੇ 'ਲੇਖ ਪਟਾਰੀ ਆਦਿ ਆਪ ਦੇ ਮੌਲਿਕ ਲੇਖ ਸੰਗ੍ਰਹਿ ਹਨ। ਇਨ੍ਹਾਂ ਤੋਂ ਬਿਨਾਂ ਆਪ ਨੇ ਆਲੋਚਨਾਤਮਿਕ ਨਿਬੰਧ ਵੀ ਚੋਖੀ ਮਾਤਰਾ ਵਿਚ ਲਿਖੇ ਹਨ।

**ਪਿਆਰਾ ਸਿੰਘ ਪਦਮ (1922)**

ਪਿਆਰਾ ਸਿੰਘ ਪਦਮ ਦੇ ਨਿਬੰਧ ਵਿਸ਼ੇਸ਼ ਆਸ਼ੇ ਨੂੰ ਰੱਖਣ ਉਪਰੰਤ ਵੀ ਆਪਣੇ ਸਾਹਿੱਤਿਕ ਗੁਣਾਂ ਕਰਕੇ ਵਿਲੱਖਣ ਤੇ ਨਿਵੇਕਲੇ ਗੌਰਵ ਦੇ ਧਾਰਨੀ ਹਨ। ਇਨ੍ਹਾਂ ਵਿਚ ਜਾਣਕਾਰੀ ਦੇਣ ਦਾ ਆਸ਼ਾ ਵਧੇਰੇ ਪ੍ਰਧਾਨ ਹੁੰਦਾ ਹੈ। ਪਰ ਇਹ ਕਲਾ ਤੱਤਾਂ ਵਿਚ ਊਣੇ ਨਹੀਂ ਹੁੰਦੇ, ਸਗੋਂ ਇੱਕ ਰਸਿਕ ਕਿਰਤ ਵਾਲਾ ਪੂਰਾ ਸੁਹਜ-ਸਵਾਦ ਦੇ ਜਾਂਦੇ ਹਨ। ਉਸ ਦਾ ਝੁਕਾ ਵੀ ਸਾਦਾਪਣ ਤੇ ਸੁੰਦਰਤਾ ਭਰਨ ਵਲ ਹੈ। ਉਹ ਆਪਣੇ ਵਿਸ਼ਿਆਂ ਵਿਚ ਭਰਪੂਰ ਵਾਕਫ਼ੀਅਤ ਤੇ ਪ੍ਰਮਾਣਿਕ ਲਿਖਤਾਂ ਦੇ ਹਵਾਲੇ ਵੀ ਦਿੰਦਾ ਹੈ। ਉਸ ਦੀ ਲੇਖਣੀ ਰਸ ਭਰਪੂਰ ਤੇ ਪੜ੍ਹਨ ਯੋਗ ਹੁੰਦੀ ਹੈ। ਉਹ ਜਨ-ਸਾਧਾਰਨ ਦਾ ਸੂਝਵਾਨ ਲੇਖਕ ਹੈ ਅਤੇ ਯੋਗਤਾ ਨਾਲ ਸਿੱਧ-ਹੱਥ ਲਿਖਾਰੀ ਬਣ ਗਿਆ ਹੈ। 'ਹਿੰਦੁਸਤਾਨੀ ਕਲਾਂ' , 'ਹਿੰਦੁਸਤਾਨੀ ਕਵੀ, ਹਿੰਦੁਸਤਾਨੀ ਕਵਿਤਾ, 'ਸੋਲ੍ਹਾਂ ਕਲਾਂ, 'ਕਲਮ ਦੇ ਧਨੀ, "ਪੰਜ ਦਰਿਆਂ ਉਸ ਦੀਆਂ ਪ੍ਰਸਿੱਧ ਗੱਦ ਰਚਨਾਵਾਂ ਹਨ। ਪਿਛਲੇਰੀ ਰਚਨਾ ਤੁਲਨਾਤਮਿਕ ਦ੍ਰਿਸ਼ਟੀਕੋਣ ਤੋਂ, ਸੰਸਾਰ ਦੇ ਪੰਜ ਪ੍ਰਸਿੱਧ ਧਰਮਾਂ ਦਾ ਉਪਯੋਗੀ ਵਿਵੇਚਨ ਹੈ।

**ਗਿਆਨੀ ਲਾਲ ਸਿੰਘ (1916-1996)**

ਗਿਆਨੀ ਲਾਲ ਸਿੰਘ ਆਪਣੀ ਵਿਸ਼ੇਸ਼ ਸੁਭਾਸ਼ਣੀ ਯੋਗਤਾ, ਵਿਚਾਰਾਂ ਦੀ ਉਦਾਰਤਾ ਤੇ ਮਾਨਵਵਾਦੀ ਆਸ਼ਿਆਂ ਕਾਰਨ ਪੰਜਾਬੀ ਜਨਤਾ ਵਿਚ ਆਮ ਤੌਰ 'ਤੇ ਅਤੇ ਸਿੱਖ ਧਾਰਮਿਕ ਮੰਡਲਾਂ ਵਿਚ ਖਾਸ ਤੌਰ 'ਤੇ ਹਰਮਨ ਪਿਆਰੇ ਹਨ | ਆਪ ਨੇ ਵੀ ਵਿਚਾਰ ਪ੍ਰਵਾਹ ਨਾਂ ਦੇ ਲੇਖ ਸੰਗ੍ਰਹਿ ਵਿਚ ਉੱਤਮ ਸ਼੍ਰੇਣੀ ਦੇ ਮੌਲਿਕ ਨਿਬੰਧ ਲਿਖੇ ਹਨ । 'ਮਿੱਤਰ ਪਿਆਰੇ, ਖ਼ੁਸ਼ੀ, ਆਤਮ ਵਿਸ਼ਵਾਸ, ਵਿਆਹ, ਪੰਜਾਬ ਆਦਿ ਸਾਧਾਰਨ ਪਰ ਗੰਭੀਰ ਵਿਸ਼ਿਆਂ ਉੱਤੇ ਆਪ ਨੇ ਸੁਲਝੇ ਹੋਏ ਕਲਾਤਮਕ ਢੰਗ ਨਾਲ ਪ੍ਰਕਾਸ਼ ਪਾਇਆ ਹੈ । ਉਹ ਪੰਜਾਬੀ ਭਾਸ਼ਾ ਨੂੰ ਸੁੰਦਰ, ਸਰਲ ਤੇ ਟਕਸਾਲੀ ਅਰਥਾਤ ਲੋਕ ਮੰਡਲਾਂ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਅਤੇ ਉਨ੍ਹਾਂ ਦੇ ਆਸ਼ਿਆਂ ਤੇ ਹਾਵਾਂ ਭਾਵਾਂ ਦੀ ਪੂਰੀ ਪ੍ਰਤੀਨਿਧਤਾ ਕਰਦੀ ਹੋਈ ਵੇਖਣਾ ਲੋਚਦੇ ਸਨ। ਜਿਵੇਂ ਆਪ ਦਾ ਵਿਅਕਤਿਤਵ ਪੰਜਾਬੀਅਤ ਦਾ ਮੁਜੱਸਮਾ ਸੀ, ਤਿਵੇਂ ਹੀ ਆਪ ਦੀ ਲਿਖਤ ਪੰਜਾਬੀ ਦੇ ਖ਼ਮੀਰ ਤੇ ਮਹਿਕਦੇ ਸੁਰਾਂਗਲੇ, ਜਿਉਂਦੇ ਸਾਹਾਂ ਤੇ ਲਹੂ ਮਾਸ ਦੀ ਨਿੰਗ ਨਾਲ ਓਤਪ੍ਰੋਤ ਹੈ। ਆਪ ਦੀ ਰਚਨਾ ਆਤਮਿਕ ਤੌਰ 'ਤੇ ਚੜ੍ਹਦੀ ਕਲਾ ਦਾ ਪ੍ਰਭਾਵ ਪਾਉਣ ਵਾਲੀ ਹੈ । ਇਹ ਕਾਵਿਮਈ ਤੇ ਅਲੰਕਾਰਿਕ ਛੂਹਾਂ ਨਾਲ ਭਰਪੂਰ ਹੁੰਦੀ ਹੋਈ ਵੀ, ਸਰਲ ਭਾਵੀ ਗੱਦ-ਰਚਨਾ ਦਾ ਦਰਸ਼ਕ ਨਮੂਨਾ ਕਹੀ ਜਾ ਸਕਦੀ ਹੈ | ਆਪਣੇ ਸਾਹਿੱਤਿਕ ਲੇਖਾਂ ਵਿਚ ਵੀ ਗਿਆਨੀ ਲਾਲ ਸਿੰਘ ਸਿਰਜਣਾਤਮਿਕ ਤੱਤਾਂ ਨੂੰ ਪੂਰੀ ਤਰ੍ਹਾਂ ਨਿਭਾਉਂਦੇ ਹਨ । ਘੱਟੋ ਘੱਟ ਇਹ ਘੋਟਵੀਂ ਅਧਿਕਤਾ ਦਾ ਪ੍ਰਭਾਵ ਨਹੀਂ ਦਿੰਦੇ, ਸਗੋਂ ਸੂਝ ਤੇ ਰਸਿਕਤਾ ਵਾਲੇ ਸੁਹਜ-ਅਨੰਦ ਦਾ ਪਰੀਚੇ ਦਿੰਦੇ ਹਨ ।

**ਡਾ. ਜੀਤ ਸਿੰਘ 'ਸੀਤਲ**

ਡਾ: ਜੀਤ ਸਿੰਘ 'ਸੀਤਲ ਪੰਜਾਬੀ ਦੇ ਇੱਕ ਚੇਤੰਨ ਸ਼ੈਲੀਕਾਰ ਤੇ ਸ੍ਰੇਸ਼ਟ ਗੱਦ ਲੇਖਕ ਸਨ । ਭਾਵੇਂ ਆਪ ਗੱਦ-ਲੇਖਕ ਵਾਲਾ ਬੌਧਿਕ ਤੇ ਕਟਾਖਸ਼-ਮਈ ਅੰਦਾਜ਼ ਰੱਖਦੇ ਸਨ, ਪਰ ਆਪ ਦੇ ਨਿਬੰਧਾਂ ਵਿਚ ਸ਼ੈਲੀ ਆਪ-ਮੁਹਾਰੇ ਹੀ ਕਾਵਿਮਈ ਤੇ ਅਲੰਕਾਰਿਕ ਹੋ ਜਾਂਦੀ ਸੀ । ਅਨੁਭਵੀ ਪਕੜ ਤੇ ਨਿੰਮੇਂ ਵਿਅੰਗ ਤੋਂ ਛੁੱਟ ਆਪ ਆਪਣੇ ਬਾਰੇ ਪੂਰਨ ਜਾਣਕਾਰੀ ਦੇ ਜਾਂਦੇ ਸਨ। ਆਪ ਭਾਵੇਂ ਨਿਬੰਧ ਲਿਖਣ ਤੇ ਭਾਵੇਂ ਆਲੋਚਨਾਤਮਿਕ ਲੇਖ, ਸ਼ੈਲੀ ਦੀ ਚਮਕ ਦਮਕ ਤੇ ਸ਼ਬਦਾਂ ਦੀ ਸੱਜਵੀਂ ਫੱਬਵੀਂ ਚੋਣ ਉਨ੍ਹਾਂ ਦੀ ਰਚਨਾ ਵਿਚ ਇੱਕ ਦਮ ਆ ਉਜਾਗਰ ਹੁੰਦੀ ਹੈ । ਆਪ ਕੋਲ ਕੋਮਲ ਭਾਵੁਕਤਾ, ਤੇ ਸੂਖਮ ਬੌਧਿਕ ਰੰਗ ਸੀ ਅਤੇ ਇੱਕ ਕਸਬੀ ਲੇਖਕ ਵਾਂਗ ਹਰ ਵਿਸ਼ੇ ਤੇ ਸੁੰਦਰ ਗੱਦ ਰਚਨਾ ਕਰ ਸਕਦੇ ਸਨ । "ਮਿੱਤਰ ਅਸਾਡੇ ਸੋਈਂ ਆਪ ਦੀ ਵਿਸ਼ੇਸ਼ ਗੱਦ-ਪੁਸਤਕ ਹੈ ।

**ਬਾਵਾ ਬਲਵੰਤ (1915-1973)**

ਬਾਵਾ ਬਲਵੰਤ ਕਵੀ ਤੋਂ ਛੁੱਟ ਗੱਦ ਲੇਖਕ ਵੀ ਸੀ । ਉਸ ਦਾ ਇੱਕ ਨਿਬੰਧ ਸੰਗ੍ਰਹਿ 'ਕਿਸ ਕਿਸ ਤਰ੍ਹਾਂ ਦੇ ਨਾਚ' ਛਪਿਆ ਹੈ । ਇਸ ਵਿਚ ਪਹਿਲੀ ਵਾਰ ਪਾਠਕਾਂ ਨੂੰ ਪ੍ਰਗਤੀਵਾਦੀ ਚਿੰਤਨ ਅਤੇ ਕਿਰਤੀ ਮਾਨਵਵਾਦੀ ਲਕਸ਼ਾਂ ਤੋਂ ਜਾਣੂ ਕਰਵਾਇਆ ਗਿਆ ਹੈ | ਬਾਵਾ ਬਲਵੰਤ ਦੀ ਗੱਦ ਸ਼ੈਲੀ ਬੜੀ ਸਰਲ, ਹੌਲੀ ਫੁੱਲ, ਚੁਸਤ, ਕਾਟਵੀਂ ਤੇ ਹਾਸ ਵਿਅੰਗ ਨਾਲ ਭਰਪੂਰ ਹੈ। ਉਹ ਕਿਰਤੀ ਵਰਗ ਦੀ ਸਾਧਾਰਨ ਬੁਧਤਾ, ਵਪਾਰੀ ਸ਼੍ਰੇਣੀ ਦੇ ਢੋਲ ਦਾ ਪੋਲ, ਲੋਟੂ ਤੇ ਜਾਬਰ ਸ਼੍ਰੇਣੀ ਦੇ ਜ਼ੁਲਮ ਨੂੰ ਨੰਗਾ ਕਰਦਾ ਹੋਇਆ, ਸਮਾਜਕ ਲਹਿਰਾਂ, ਅੰਦੋਲਨਾਂ ਦੀ ਇਤਿਹਾਸਕ ਸਾਰਥਿਕਤਾ ਤੇ ਸਮਾਜਵਾਦੀ ਚੇਤੰਨਤਾ ਨੂੰ ਸੁਹਿਰਦਤਾ ਨਾਲ ਚਿਤਰਦਾ ਹੈ । ਵਾਧਾ ਇਹ ਹੈ ਕਿ ਬਾਵਾ ਬਲਵੰਤ ਕਵੀ ਹੋਣ ਉੱਤੇ ਵੀ ਰੱਦ ਕੋਲੋਂ ਕਵਿਤਾ ਦਾ ਕੰਮ ਨਹੀਂ ਲੈਂਦਾ। ਇਸ ਲਈ ਉਸ ਦੀ ਨਗਦ ਰਚਨਾ ਸਰਲ, ਸਪਸ਼ਟ ਤੇ ਬੋਲ ਚਾਲ ਦੀ ਬੋਲੀ ਨੂੰ ਆਧਾਰ ਬਣਾਉਂਦੀ ਹੈ ਅਤੇ ਕਵਿਤਾ ਦੀ ਅਲੰਕਾਰਿਕ ਚਟਕ ਮਟਕ ਤੋਂ ਬਿਲਕੁਲ ਬਚੀ ਰਹਿੰਦੀ ਹੈ । ਬਾਵਾ ਆਪਣੀ ਰਚਨਾ ਵਿਚ ਦਲੀਲ ਨੂੰ ਉਸਾਰਦਾ ਤੇ ਆਪਣੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਲਈ ਠੋਸ ਪ੍ਰਮਾਣ ਦਿੰਦਾ ਹੈ । ਉਸ ਦਾ ਵਿਅੰਗ ਸੂਖਮ ਤੇ ਹਾਸ-ਰਸ ਚੋਖਾ ਮਨੋਰੰਜਕ ਹੁੰਦਾ ਹੈ । ਬਾਵਾ ਬਲਵੰਤ ਨੇ ਨਾ ਕੇਵਲ ਸਿਰਜਨਾਤਮਕ ਗੱਦ ਨਿਬੰਧਾਂ ਦੀ ਹੀ ਰਚਨਾ ਕੀਤੀ ਹੈ, ਸਗੋਂ ਉਸ ਦੇ ਆਲੋਚਨਾਤਮਿਕ ਲੇਖ ਵੀ ਉਸ ਦੇ ਸੁਘੜ ਸ਼ੈਲੀਕਾਰ ਹੋਣ ਦਾ ਪਰੀਚੇ ਦਿੰਦੇ ਹਨ। ਡਾ. ਗੁਰਮੁਖ ਸਿੰਘ ਦੁਆਰਾ ਸੰਪਾਦਿਤ ਉਸ ਦੇ ਆਲੋਚਨਾਤਮਿਕ ਲੇਖਾਂ ਦਾ ਸੰਗ੍ਰਹਿ ਨਾ ਕੇਵਲ ਬਹੁ-ਪੱਖੀ ਵਿਸ਼ੇ ਵੰਨਗੀ ਦਾ ਹੀ ਪਰੀਚੇ ਦਿੰਦਾ ਹੈ, ਸਗੋਂ ਉਸ ਵਿਚ ਲੇਖਕ ਦਾ ਬਹੁ ਪੱਖੀ ਗਿਆਨ, ਚਿੰਤਨ, ਅਨੁਭਵ, ਉਚੇਰੇ ਸਾਹਿੱਤਿਕ ਆਦਰਸ਼ਾਂ ਅਤੇ ਕਲਾ ਸੰਬੰਧੀ ਪ੍ਰਤੀਬੱਧਤਾ ਦਾ ਵੀ ਬੋਧ ਕਰਾਉਂਦਾ ਹੈ | ਬਾਵਾ ਬਲਵੰਤ ਸਾਹਿੱਤਿਕ ਚਿੰਤਕ ਵਜੋਂ ਸ਼ਾਸਤਰੀ ਉਤਕ੍ਰਿਸ਼ਟਤਾ ਦਾ ਧਾਰਨੀ ਹੈ ਅਤੇ ਇੱਕ ਸ਼ੈਲੀਕਾਰ ਵਜੋਂ ਵੀ ਦੋਸ਼ ਰਹਿਤ ਪਕਿਆਈ ਦੀ ਸਮਰੱਥਾ ਰੱਖਣ ਵਾਲਾ ਗੱਦਕਾਰ ਹੈ | ਬਾਵਾ ਬਲਵੰਤ ਨੇ ਇਸ ਪੁਸਤਕ ਵਿਚ ਕੇਵਲ ਆਲੋਚਨਾਤਮਿਕ ਲੇਖ ਹੀ ਨਹੀਂ ਲਿਖੇ, ਸਗੋਂ ਇਸ ਵਿਚ ਸਿਰਜਨਾਤਮਕ ਗੱਦ ਵਾਲੇ ਸਾਰੇ ਗੁਣ ਮੌਜੂਦ ਹਨ । ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਬਾਵਾ ਬਲਵੰਤ ਦੇ ਉਚੇਰੀ

ਬੌਧਿਕ ਪੱਧਰ ਤੇ ਕਲਾ ਨਿਪੁੰਨਤਾ ਦਾ ਵੀ ਸਹਿਜ ਬੋਧ ਹੋ ਜਾਂਦਾ ਹੈ, ਕਿਉਂ ਜੋ ਇਹ ਉਸ ਦੇ ਮਾਨਸਿਕ ਤੇ ਬੌਧਿਕ ਵਿਸ਼ਾਲਤਾ ਦੇ ਨਿੱਗਰ ਪ੍ਰਮਾਣਾਂ ਦੀ ਸ਼ਾਹਦੀ ਭਰਦੇ ਹਨ।

**ਸੁਜਾਨ ਸਿੰਘ (1909-1995)**

ਸੁਜਾਨ ਸਿੰਘ ਕਹਾਣੀਕਾਰ ਨੇ ਪੰਜਾਬੀ ਨਿਬੰਧ-ਲੇਖਕਾਂ ਵਿਚ ਆਪਣਾ ਆਦਰਯੋਗ ਸਥਾਨ ਬਣਾ ਲਿਆ ਹੈ। "ਖੁੰਬਾਂ ਦਾ ਸ਼ਿਕਾਰ ਤੇ 'ਜੰਮੂ ਜੀ ਤੁਸੀਂ ਬੜੇ ਹਾਂ ਪੁਸਤਕਾਂ ਵਿਚ ਬਹੁਤ ਉੱਤਮ ਲੇਖ ਹਨ ਤੇ ਦੋ ਰੇਖਾ ਚਿੱਤਰ। ਉਹ ਸੋਟੀ, ਧਾਨ ਦਾ ਕੋਠਾ ਆਦਿ ਨਿੱਕੇ ਤੇ ਤੁੱਛ ਵਿਸ਼ਿਆਂ ਨੂੰ ਲੈ ਕੇ ਉਨ੍ਹਾਂ ਉੱਪਰ ਗੰਭੀਰ ਤੇ ਆਧੁਨਿਕ ਚੇਤੰਨਤਾ ਨਾਲ ਭਰਪੂਰ ਲੇਖ ਲਿਖ ਦਿੰਦਾ ਹੈ। ਲੇਖਾਂ ਵਿਚ ਵੀ ਉਹ ਸਾਹਿਤਕਾਰ ਦੇ ਸਮਾਜਕ ਕਰਤੱਵ ਨੂੰ ਨਹੀਂ ਭੁਲਾਉਂਦਾ। ਉਸ ਦੀ ਭਾਸ਼ਾ ਸ਼ੁੱਧ ਤੇ ਜਨਤਾ ਦੀ ਬੋਲੀ ਵਿਚੋਂ ਉੱਭਰੀ, 'ਸਾਹਿੱਤਿਕ ਗੁਣਾਂ ਨਾਲ ਭਰਪੂਰ ਹੁੰਦੀ ਹੈ। ਇਨ੍ਹਾਂ ਸੰਹਾਂ ਵਿਚ ਉਸ ਨੇ ਆਪਣੇ ਮਿੱਤਰ ਉਸਤਾਦ ਪਾਲ ਸਿੰਘ ਦਾ ਸੁਹਣਾ ਰੇਖਾ ਚਿੱਤਰ ਉਲੀਕਿਆ ਹੈ। ਕਲਗ਼ੀ ਦੀਆਂ ਅਣੀਆਂ ਅਤੇ 'ਧਰਤੀ ਦੇ ਲਾਲ' ਦੇ ਜੀਵਨੀ ਲੇਖਾ ਅਤੇ ਜਨਮ ਸਾਖੀਆਂ ਵਿਚ ਨਵੇਂ ਕੋਣਾਂ ਦਾ ਵਾਧਾ ਕੀਤਾ ਹੈ। ਉਪਰੰਤ ਇਨ੍ਹਾਂ ਗੱਦ ਰਚਨਾਵਾਂ ਵਿਚ ਸੁਜਾਨ ਸਿੰਘ ਦੀ ਗੱਦ ਸ਼ੈਲੀ ਦੇ ਸਾਰੇ ਕਲਾਮਈ ਤੱਤ ਵਿਦਮਾਨ ਹਨ।

**ਮੁਬਾਰਕ ਸਿੰਘ**

ਮੁਬਾਰਕ ਸਿੰਘ ਤੀਖਣ ਬੁੱਧੀਮਾਨ, ਰਸਿਕ ਸਹਿਤ ਪ੍ਰੇਮੀ, ਉਦਾਰਚਿੱਤ ਮਾਨਵ ਵਦੀ ਤੇ ਸਰਗਰਮ ਸਮਾਜ ਸੇਵਕ ਹੈ। ਉਸ ਨੇ ਅੰਗਰੇਜ਼ੀ ਤੇ ਪੱਛਮੀ ਸਹਿਤ ਦਾ ਵਿਸ਼ੇਸ਼ ਅਧਿਐਨ ਕੀਤਾ ਹੈ। ਉਸ ਦਾ ਆਰੰਭਕ ਸਾਹਿੱਤਿਕ ਜੀਵਨ ਸਫਲ ਪੱਤਰਕਾਰ ਦਾ ਸੀ ਤੇ ਫਿਰ ਪਿੱਛੋਂ ਕੁੱਝ ਵਰ੍ਹੇ ਉਹ ਪੰਜਾਬੀ ਪ੍ਰਕਾਸ਼ਕ ਵੀ ਰਿਹਾ, ਜਿਸ ਨਾਲ ਪੰਜਾਬੀ ਸਾਹਿਤ ਵਲ ਉਸ ਦੀ ਰੁਚੀ ਹੋਰ ਵੀ ਵਧ ਗਈ। ਪੰਜਾਬੀ ਦੀ ਸਾਹਿੱਤਿਕ ਸੰਸਥਾਵਾਂ - ਪੰਜਾਬੀ ਸਾਹਿਤ ਸਮੀਖਿਆ ਬੋਰਡ, ਪੰਜਾਬੀ ਸਾਹਿਤ ਅਕੈਡਮੀ, ਗੁਰੂ ਨਾਨਕ ਮੰਡਲ ਆਦਿ ਨਾਲ ਉਹ ਡੂੰਘੀ ਤਰ੍ਹਾਂ ਸੰਬੰਧਿਤ ਰਿਹਾ। ਇਸੇ ਸੁਹਿਰਦ ਲਗਨ ਨੇ ਉਸ ਨੂੰ ਪੰਜਾਬੀ ਗੱਦ ਰਚਨਾ ਵਲ ਪ੍ਰੇਰਿਆ | ਕਿਉਂਜੋ ਉਸ ਦੀ ਸੂਝ ਬੂਝ ਬੜੀ ਤਿੱਖੀ, ਅਨੁਭਵ ਸੂਖਮ ਤੇ ਬੌਧਿਕ ਨਿਰਨੇ ਕਰ ਸਕਣ ਦੀ ਯੋਗਤਾ, ਬੜੀ ਮੌਲਿਕ ਤੇ ਨਿੱਗਰ ਹੈ, ਇਸ ਲਈ ਉਹ ਸਰਲ, ਸਿੱਧ-ਪੱਧਰੀ ਤੇ ਦਿਲ ਵਿਚ ਇੱਕ ਦਮ ਧਸ ਜਾਣ ਵਾਲੀ ਪ੍ਰਭਾਵਸ਼ਾਲੀ ਵਾਰਤਕ ਲਿਖ ਸਕਦਾ ਹੈ | ਅਜਿਹਾ ਕਰਨ ਸਮੇਂ ਉਸ ਕੋਲ ਅਨੁਭਵ ਆਪਣਾ ਹੁੰਦਾ ਹੈ ਅਤੇ ਪੈਟਰਨ ਜਾਂ ਵਰਨ-ਰੂਪ ਪੱਛਮੀ ਲੇਖਕਾਂ ਵਾਲਾ, ਚੁਸਤ, ਛਾਂਟਵਾ ਤੇ ਕਲਾ-ਮਈ। ਮੁਬਾਰਕ ਸਿੰਘ ਦੇ ਰੇਖਾ ਚਿੱਤਰ ਤੇ ਸਵੈ ਜੀਵਨੀ ਨਾਲ ਸੰਬੰਧਿਤ ਝਲਕਾਂ ਆਪਣੀ ਹੀ ਕਿਸਮ ਦਾ ਸੁਹਜ-ਸਵਾਦ ਲਈ ਬੈਠੀਆਂ ਹਨ। ਉਹ ਸਮਕਾਲੀ ਜੀਵਨ ਦੇ ਅੰਦਰਲੇ ਖੋਖਲੇਪਣ ਨੂੰ ਸਹਿਜ ਸੁਭਾ ਹੀ ਨੰਗਾ ਕਰ ਜਾਂਦਾ ਹੈ। ਭਾਵੇਂ ਉੱਪਰਲੀ ਦ੍ਰਿਸ਼ਟੀ ਤੋਂ ਵੇਖਿਆਂ, ਉਸ ਦੀ ਰਚਨਾ ਸਿੱਧ-ਪੱਧਰੀ, ਅੱਥਰੀ, ਅਣਘੜ ਤੇ ਕਿਸੇ ਵਿਸ਼ੇਸ਼ ਤਰਤੀਬ ਤੋਂ ਸੱਖਣੀ ਪ੍ਰਤੀਤ ਹੁੰਦੀ ਹੈ, ਪਰ ਗੱਲ ਇਸ ਦੇ ਬਿਲਕੁਲ ਉਲਟ ਹੁੰਦੀ ਹੈ। ਉਹ ਬਕਾ ਹੀ ਸਾਦਗੀ ਵਿਚ ਸੁੰਦਰਤਾ ਭਰ ਸਕਦਾ ਹੈ। ਨਵਾਂ ਜੀਵਨ ਉਸ ਦੇ ਲੇਖਾਂ ਦਾ ਸਹਿਜ ਸੁਭਾ ਹੀ ਸਾਦਗੀ ਕਿ ਸੰਗ੍ਰਹਿ ਹੈ।

**ਸੁਰਜੀਤ ਸਿੰਘ ਭਾਟੀਆ .**

ਸੁਰਜੀਤ ਸਿੰਘ ਭਾਟੀਆ ਨੇ ਪਿਛਲੇ ਕੁੱਝ ਵਰ੍ਹਿਆਂ ਵਿਚ ਹੀ ਆਪਣੀਆਂ ਅੱਧੀ ਨ ਤੋਂ ਵਧੇਰੇ ਪੁਸਤਕਾਂ ਰਾਹੀ ਪੰਜਾਬੀ ਗੱਦ-ਸਾਹਿਤ ਵਿਚ ਮਹੱਤਵ-ਪੂਰਨ ਵਾਧਾ ਕੀਤਾ a ) ਹਉਮੈ, ਸੂਰਜ ਏਕੋ ਰੁਤ ਅਨੇਕ, ਪੰਜ ਕੂਲਾਂ, ਸਿਫਤਾਂ ਦੇ ਘਰ, ਸੁਚੇਤ ਚੇਤਨਾ ਤੇ ਅਗਲੀਆਂ ਉਸ ਦੀਆਂ ਕੁੱਝ ਕੁ ਵਰਨਣਯੋਗ ਰਚਨਾਵਾਂ ਹਨ। ਸੁਰਜੀਤ ਸਿੰਘ ਪਾਸ ਇੱਕ ਲੁਕੀ ਹੋਈ, ਵਿਲੱਖਣ ਸ਼ੈਲੀ ਹੈ ਤੇ ਪੰਜਾਬੀ ਜੀਵਨ, ਸਭਿਆਚਾਰ, ਰਸਮਾਂ ਰੀਤਾਂ, ਵਰਤ ਵਰਤਾਰਾ, ਚੱਜ ਆਹਾਰ, ਗਿਆਨ ਵਿਗਿਆਨ ਤੇ ਇਹੋ ਜਿਹੇ ਹੋਰ ਅਨੇਕ ਵਿਸ਼ਿਆਂ ਨਾਲ ਧੁੱਤ ਅਥਾਹ ਗਿਆਨ ਦਾ ਭੰਡਾਰਾ ਹੈ। ਉਸ ਦਾ ਗੱਲ ਕਹਿਣ ਦਾ ਆਪਣਾ ਅਨੋਖਾ ਅੰਦਾਜ਼ ਹੈ ਤੇ ਸ਼ੁੱਧ ਟਕਸਾਲੀ ਭਾਸ਼ਾ ਦੀ ਵਡਮੁੱਲੀ ਦਾਤ ਹੈ, ਜਿਸ ਦੁਆਰਾ ਉਹ ਸਾਧਾਰਨ ਤੋਂ ਸਾਧਾਰਨ ਵਿਸ਼ੇ ਨੂੰ ਵੀ ਮਹੱਤਵ-ਪੂਰਨ ਬਨਾਉਣ ਦੇ ਸਮਰੱਥ ਹੁੰਦਾ ਹੈ। ਆ 'ਵਿਅੰਗੜੀਆਂ ਨਾਂ ਦੀ ਪੁਸਤਕ ਵਿਚ ਉਸ ਨੇ ਪੰਜਾਬੀ ਵਿਚ ਹਾਸ ਰਸ ਤੇ ਵਿਅੰਗ ਦੀ ਪਰੰਪਰਾ ਵਿਚ ਚੋਖਾ ਵਾਧਾ ਕੀਤਾ ਹੈ। 'ਸਿਫਤੀ ਦੇ ਘਰ ਪੁਸਤਕ ਵਿਚ ਇੱਕ ਭੂਗੋਲ ਵਿਗਿਆਨੀ ਹੋਣ ਦੇ ਨਾਤੇ ਉਸ ਨੇ ਸਿੱਖ ਗੁਰੂ ਸਾਹਿਬਾਨ ਵੱਲੋਂ ਵਸਾਏ ਗਏ ਨਗਰਾਂ ਦੇ ਗੋਲਕ ਆਧਾਰਾਂ ਨੂੰ ਪ੍ਰਮਾਣਿਕ ਕਰਨ ਦਾ ਯਤਨ ਕੀਤਾ ਹੈ। ਪਿਛਲੇ ਕੁੱਝ ਸਮੇਂ ਤੋਂ ਉਹ ਸਿੱਖ ਚਿੰਤਨ

ਨਾਲ ਸੰਬੰਧਿਤ ਵਿਸ਼ਿਆਂ ਵਲ ਵਧੇਰੇ ਰੁਚਿਤ ਹੋ ਗਿਆ ਹੈ, ਪਰ ਉਸ ਦੀ ਗੁਰਮਤ ਸੰਬੰਧੀ ਰਚਨਾ ਵਿਚ ਠੋਸ ਦਲੀਲਾਂ, ਖੋਜ ਅਤੇ ਵਿਸ਼ੇਸ਼ ਨਿਰਨੇ ਉੱਤੇ ਪਹੁੰਚਣ ਦਾ ਯਤਨ ਕੀਤਾ ਗਿਆ ਹੈ। ਇਸ ਨਾਲ ਉਸ ਦੀ ਗੱਦ ਰਚਨਾ ਦਾ ਸਾਹਿੱਤਿਕ ਪੱਖ ਭਾਵੇਂ ਸੁੰਗੜ ਗਿਆ ਹੈ, ਪਰ ਉਸ ਦੇ ਨਿਜੀ ਦ੍ਰਿਸ਼ਟੀਕੋਣ ਨਾਲ ਸਿੱਖ ਚਿੰਤਨ ਵਿਚ ਬੌਧਿਕ ਜਗਿਆਸਾ ਦੀ ਰੁਚੀ ਵਧੇਰੇ ਵਿਆਪਕ ਹੋ ਗਈ ਹੈ, ਪਰ ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਚਿੰਤਕਾਂ ਦਾ ਧਿਆਨ ਹਾਲਾਂ ਅਤੀਤ ਮੁਖੀ ਹੈ ਤੇ ਇਸ ਵਿਚ ਪ੍ਰੋ. ਪੂਰਨ ਸਿੰਘ ਦੇ ਸਿੱਖ ਚਿੰਤਨ ਵਰਗੇ ਵਿਸ਼ਵ ਵਿਆਪੀ ਤੇ ਪੁਰਖਾਰਥੀ ਆਦਰਸ਼ ਦੀ ਘਾਟ ਹੀ ਦਿਖਾਈ ਦਿੰਦੀ ਹੈ।

**ਕਿਰਪਾਲ ਸਿੰਘ ਕਸੇਲ (1928)**

ਕਿਰਪਾਲ ਸਿੰਘ ਕਸੇਲ ਦਾ ਇੰਦਰ ਧਨੁਸ਼' ਉਸ ਦੇ ਮੌਲਿਕ ਦਾਰਸ਼ਨਿਕ ਤੇ ਸਿਰਜਨਾਤਮਕ ਨਿਬੰਧਾਂ ਦਾ ਸੰਗ੍ਰਹਿ ਹੈ। ਇਸ ਵਿਚ ਸੱਤ ਲੇਖ, ਕਲਾ ਤੇ ਕਲਾਕਾਰ ਦੀ ਮਹਿਮਾਂ, ਸੁੱਚੀ ਕਿਰਤ, 'ਆਦਰਸ਼ ਪੁਰਸ਼', 'ਧਰਮ ਤੇ ਸਦਾਚਾਰ', 'ਮਾਨਵਵਾਦ', 'ਮਾਨਵ ਸੰਸਕ੍ਰਿਤੀ ਦੇ ਸੋਮੇ ਤੇ 'ਚਰਨ ਕੰਵਲ" ਵਰਗੇ ਸੂਖਮ ਵਿਸ਼ਿਆਂ ਉੱਪਰ ਸੰਕਲਿਤ ਹਨ, ਜੋ ਆਪਣੇ ਮੌਲਿਕ ਦ੍ਰਿਸ਼ਟੀਕੋਣ ਤੇ ਸੁੰਦਰ ਰਸਿਕ ਸ਼ੈਲੀ ਕਾਰਨ ਵਿਸ਼ੇਸ਼ ਮਹੱਤਵ ਗ੍ਰਹਿਣ ਕਰ ਗਏ ਹਨ। ਇਨ੍ਹਾਂ ਸੱਤਾਂ ਲੇਖਾਂ ਵਿਚ ਵਿਚਾਰ ਤੇ ਅਨੁਭਵ ਦਾ ਬਿੰਦੂ, ਇੱਕ ਸੂਤਰ ਵਿਚ ਪਰੋਇਆ ਗਿਆ ਹੈ, ਜਿਸ ਵਿਚ ਅਧਿਆਤਮਕ ਆਦਰਸ਼ਾਂ ਤੇ ਪ੍ਰਗਤੀਵਾਦੀ ਚਿੰਤਨ ਦੀ ਪੂਰਨ ਇਕਸੁਰਤਾ ਵਿਖਾਈ ਦਿੰਦੀ ਹੈ। ਇਹ ਲੇਖ ਕਿਸੇ ਬੌਧਿਕ ਸ਼ਰਮ ਜਾਂ ਕਲਾਤਮਿਕ ਅਭਿਆਸ ਦੀ ਦੇਣ ਨਹੀਂ, ਸਗੋਂ ਦੇਵੀ ਕਰਮ ਦੇ ਆਪ-ਮੁਹਾਰੇ ਸਹਿਜ ਪੈ ਗਈ ਹੈ . ਇਸ ਵਿਚ ਆਏ ਸ਼ੈਲੀ ਭਾਵੇਂ ਕਿਤੇ ਕਿਤੇ ਗੂੜ੍ਹ ਹਨ, ਪਰ ਅਸਪਸ਼ਟ ਤੇ ਰਸਹੀਣ ਨਹੀਂ। ਇਹ ਕਿਤੇ ਕਿਤੇ ਕਾਵਿ-ਮਈ ਤਾਂ ਹੁੰਦੀ ਹੈ, ਪਰ ਤਰਕ-ਰਹਿਤ ਨਹੀਂ। ਭਾਈ ਵੀਰ ਸਿੰਘ ਦੇ ਅੰਦਾਜ਼ ਵਿਚ ਵਿਅਕਤੀਗਤ ਮੌਲਿਕਤਾ ਦੇ ਰੰਗ ਵਿਚ ਰੰਗ ਕੀਤਾ ਹੈ। ਚਰਨ ਕੰਵਲ ਅਧਿਆਤਮਕ ਜਗਿਆਸਾ ਤੇ ਰਹੱਸਵਾਦੀ ਯਾਤਰਾ ਦਾ ਵਰਣਨ ਹੈ, ਜਿਸ ਵਿਚ ਅੰਮ੍ਰਿਤ ਵੇਲੇ ਦੀ ਤੇਲ-ਮਈ ਠੰਢਕ ਤੇ ਗਿਆਨ ਜਗਾਓ ਸ਼ਾਂਤੀ ਦਾ ਪਹਿਰਾ ਦਿਖਾਈ ਦਿੰਦਾ ਹੈ। ਲੇਖਕ ਦਾ ਸਮੁੱਚਾ ਦ੍ਰਿਸ਼ਟੀਕੋਣ ਇਹ ਹੈ ਕਿ ਆਧੁਨਿਕ ਦੇ ਮਨੁੱਖ ਨੂੰ, ਆਤਮਿਕ ਜਾਗ੍ਰਿਤੀ ਰਾਹੀਂ, ਸਾਰਥਕ ਸਮਾਜਕ ਕਰਮ ਵਿਚ ਠੋਸ ਹਿੱਸਾ ਪਾਉਣਾ ਚਾਹੀਦਾ ਹੈ ਅਤੇ ਕੋਈ ਵੀ ਸਮਾਜ, ਆਦਰਸ਼ ਤੇ ਨੈਤਿਕਤਾ ਉੱਤੇ ਟੇਕ ਰੱਖਣ ਤੋਂ ਬਿਨਾਂ ਪ੍ਰਗਤੀਸ਼ੀਲ ਨਹੀਂ ਰਹਿ ਸਕਦਾ | ਕਸੇਲ ਦੇ ਆਲੋਚਨਾਤਮਿਕ ਲੇਖਾਂ ਦੀ ਸ਼ੈਲੀ ਵੀ ਸਿਰ ਤੱਤਾਂ ਨਾਲ ਭਰਪੂਰ ਹੁੰਦੀ ਹੈ।

**ਡਾ. ਹਰਦੇਵ ਸਿੰਘ ਵਿਰਕ**

ਡਾ. ਹਰਦੇਵ ਸਿੰਘ ਵਿਰਕ ਦੀ ਪੁਸਤਕ 'ਮਨੁੱਖ ਤੇ ਮਸ਼ੀਨ ਮੌਲਿਕ ਨਿਬੰਧਾਂ ਦਾ ਸੰਗ੍ਰਹਿ ਹੈ। ਕਰਤਾ ਜਿੱਥੇ ਉੱਚਕੋਟੀ ਦਾ ਵਿਗਿਆਨਵੇਤਾ ਹੈ, ਉੱਥੇ ਉਹ ਇੱਕ ਸਚਦਾ ਸਾਹਿਤਕਾਰ ਵੀ ਹੈ। ਇਨ੍ਹਾਂ ਨਿਬੰਧਾਂ ਵਿਚ ਲੇਖਕ ਨੇ ਮਨੁੱਖ ਤੇ ਮਸ਼ੀਨ , ਗਿਆਨ ਵਿਗਿਆਨ, ਵਿਗਿਆਨ ਅਤੇ ਰਹੱਸਵਾਦ', 'ਸਮੇਂ ਦਾ ਸੰਕਲਪ', 'ਸਾਪੇਖਕਤਾ ਸਿਧਾਂਤ ਆਦਿ ਸੂਖਮ ਤੇ ਜਟਿਲ ਵਿਸ਼ਿਆਂ ਨੂੰ ਲਿਆ ਹੈ। ਇਸ ਪੁਸਤਕ ਦੇ ਕਰਤਾ ਕੋਲ ਜਿੱਥੇ ਵਿਗਿਆਨਕ ਬੋਧ, ਚਿੰਤਨ-ਸ਼ੀਲ ਸੂਝ ਤੇ ਅਨੁਭਵ ਹੈ, ਉੱਥੇ ਇੱਕ ਸੁਲਝੀ ਹੋਈ ਗੱਦ-ਸ਼ੈਲੀ ਵੀ, ਜਿਸ ਰਾਹੀਂ ਉਹ ਆਪਣੇ ਸੂਖਮ, ਜਟਿਲ ਤੇ ਆਧੁਨਿਕ ਵਿਚਾਰਾਂ ਨੂੰ ਬੜੀ ਸੁਗਮਤਾ ਨਾਲ ਪ੍ਰਗਟਾ ਸਕਿਆ ਹੈ।

ਸਾਰੰਸ਼

ਅੰਤ ਤੇ ਕਿਹਾ ਜਾ ਸਕਦਾ ਹੈ ਪੰਜਾਬੀ ਵਿਚ ਨਿਬੰਧ ਰਚਨਾ ਕਾਫ਼ੀ ਹੋ ਰਹੀ ਹੈ ਅਤੇ ਭਵਿੱਖ ਵਿਚ ਹੋਰ ਵੀ ਸੰਭਾਵਨਾਵਾਂ ਹਨ। ਪੰਜਾਬੀ ਵਿਚ ਵੀ ਨਿਬੰਧ ਸ਼ਬਦ ਤੋਂ ਪਹਿਲਾਂ ਨਿਬੰਧ ਸਾਹਿਤ ਲਈ 'ਲੇਖ'ਸ਼ਬਦ ਵਧੇਰੇ ਪ੍ਰਚਲਿਤ ਸੀ।ਇਸੇ ਲਈ ਸ਼ਾਇਦ ਪੰਜਾਬੀ ਵਿਚ ਚੋਟੀ ਦੇ ਨਿਬੰਧਕਾਰ ਪ੍ਰੋ.ਪੂਰਨ ਸਿੰਘ ਨੇ ਆਪਣੇ ਨਿਬੰਧ ਸੰਗ੍ਰਹਿ ਦਾ ਨਾਮ'ਖੁੱਲ੍ਹੇ ਲੇਖ' ਰੱਖਿਆ ਸੀ ਅਤੇ ਇੱਕ ਹੋਰ ਪ੍ਰਸਿੱਧ ਨਿਬੰਧਕਾਰ ਪ੍ਰੋ.ਸਾਹਿਬ ਸਿੰਘ ਨੇ ਆਪਣੇ ਨਿਬੰਧ ਸੰਗ੍ਰਹਿ ਦਾ ਨਾਮ'ਕੁੱਝ ਧਾਰਮਿਕ ਲੇਖ' ਰੱਖਿਆ ਸੀ।

## ਕੇਂਦਰੀ ਸ਼ਬਦ :

ਵਾਰਤਕ ---- ਗੱਦ ਰੂਪ
ਐਸੇ ---- ਨਿਬੰਧ

ਨਿਬੰਧ --- ਮਨ ਦਾ ਬੇਲਗਾਮ ਵੇਗ

ਲਘੂ ਲੇਖ ------ ਛੋਟਾ ਨਿਬੰਧ

ਲਲਿਤ ਲੇਖ--- ਮਾਨਸਿਕ ਨਿਬੰਧ

ਜ਼ਿੰਦਗੀ ਦੀ ਰਾਸ ---------- ਆਨੰਦ

ਸ਼ੈਲੀ------ ਵਿਚਾਰਾਂ ਨੂੰ ਲਿਖਣ ਦਾ ਢੰਗ

**ਸਵੈ-ਮੁਲਾਂਕਣ:**

1. ਨਿਬੰਧ ਸ਼ਬਦ ਦੀ ਉਤਪਤੀ ਕਿਸ ਭਾਸ਼ਾ ਦੇ ਸ਼ਬਦ ਤੋਂ ਹੋਈ ਹੈ?
   - ੳ. ਫ੍ਰਾਂਸੀਸੀ
   - ਅ. ਉਰਦੂ
   - ੲ. ਸੰਸਕ੍ਰਿਤ
   - ਸ. ਅਰਬੀ
2. ਨਿਬੰਧ ਦੇ ਤੱਤ ਹਨ।
   - ੳ. ਵਿਚਾਰ/ਭਾਵ/ਕਲਪਨਾ
   - ਅ. ਵਿਸ਼ਾ/ਪਾਤਰ/ਕਥਾਨਕ
   - ੲ. ਵਾਕ/ਭਾਵੰਸ/ਉਪਵਾਕ
   - ਸ. ਉਪਰੋਕਤ ਸਾਰੇ
3. ਨਿਬੰਧ ਦੇ ਪ੍ਰਕਾਰ ਹਨ?
   - ੳ. ਤਿੰਨ
   - ਅ. ਦੋ
   - ੲ. ਚਾਰ
   - ਸ. ਪੰਜ
4. ਗੁਰਬਖ਼ਸ਼ ਸਿੰਘ ਦਾ ਨਿਬੰਧ ਹੈ।
   - ੳ. ਆਪਣਾ ਘਰ
   - ਅ. ਕਾਲੀ ਰਾਤ
   - ੲ. ਪਰਿਵਾਰ
   - ਸ. ਨਵੀਂ ਦੁਨੀਆ
5. ਪ੍ਰਿ.ਤੇਜਾ ਸਿੰਘ ਦੀ ਨਿਬੰਧ ਰਚਨਾ ਹੈ ।
   - ੳ. ਆਪਣਾ ਘਰ
   - ਅ. ਘਰ ਦਾ ਪਿਆਰ
   - ੲ. ਘਰ ਵਰ
   - ਸ. ਨਵੀ ਦੁਨੀਆਂ
6. ਨਿਬੰਧ ਦੇ ਕੋਸ਼ਗਤ ਅਰਥ ਕੀ ਹਨ ?
   - ੳ. ਗੁੰਦਣਾ
   - ਅ. ਖਿਲਾਰਨਾ
   - ੲ. ਵਿਚਾਰ
   - ਸ. ਭਾਵ
7. ਪੁਰਾਤਨ ਸਮਿਆਂ ਵਿੱਚ ਕਾਗਜ਼ ਦੀ ਅਣਹੋਂਦ ਕਾਰਨ ਚਿੱਠੀ ਲਿਖਣ ਦਾ ਰਿਵਾਜ ਸੀ।
   - ੳ. ਭੋਜ ਪੱਤਰਾਂ ਤੇ

ਅ. ਪੱਥਰਾਂ ਤੇ

ੲ. ਕਾਗਜ਼ਾਂ ਤੇ

ਸ. ਰੁੱਖਾਂ ਤੇ

8. ਨਿਬੰਧ ਵਾਰਤਕ ਦਾ ਕਿਹੜਾ ਰੂਪ ਹੈ?

ੳ. ਭਾਵ

ਅ. ਸਾਹਿਤ

ੲ. ਕੋਈ ਵੀ ਨਹੀਂ

ਸ. ਗਦ

9. ਨਿਬੰਧ ਸਾਹਿਤਕ ਰੂਪ ਵਜੋਂ ਕਿਸ ਨਾਲ ਮਿਲਦਾ ਜੁਲਦਾ ਹੈ।

ੳ. ਕਵਿਤਾ

ਅ. ਗ਼ਜ਼ਲ

ੲ. ਗੀਤ

ਸ. ਕਹਾਣੀ

10. ਨਿਬੰਧ ਦਾ ਆਕਾਰ ਕਿਹੋ ਜਿਹਾ ਹੈ।

ੳ. ਵੱਡਾ

ਅ. ਛੋਟਾ

ੲ. ਲੰਬਾ

ਸ. ਕੋਈ ਵੀ ਨਹੀਂ

11. ਨਿਬੰਧਕਾਰ ਲਈ ਨਿਬੰਧ ਰਚਣ ਵੇਲੇ ਕਿਹੜੀ ਸ਼ੈਲੀ ਦਾ ਧਿਆਨ ਰੱਖਣਾ ਜ਼ਰੂਰੀ ਹੈ ?

ੳ. ਭਾਸ਼ਾ

ਅ. ਵਿਚਾਰ

ੲ. ਗਿਆਨ

ਸ. ਕੋਈ ਵੀ ਨਹੀਂ

12. ਸ਼ਬਦਾਂ ਦਾ ਜਾਦੂਗਰ ਕਿਸ ਨੂੰ ਵਿਅਕਤੀ ਨੂੰ ਮੰਨਿਆ ਜਾਂਦਾ ਹੈ?

ੳ. ਲਾਲ ਸਿੰਘ ਕਮਲਾ ਅਕਾਲੀ

ਅ. ਪ੍ਰੋਫ਼ੈਸਰ ਸਾਹਿਬ ਸਿੰਘ

ੲ. ਡਾ ਬਲਬੀਰ ਸਿੰਘ

ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ

13. ਕਲਮ ਦੀ ਕਰਾਮਾਤ ਕਿਸ ਦੀ ਰਚਨਾ ਹੈ?

ੳ. ਪ੍ਰਿੰਸੀਪਲ ਤੇਜਾ ਸਿੰਘ

ਅ. ਗੁਰਬਖ਼ਸ਼ ਸਿੰਘ ਪ੍ਰੀਤਲੜੀ

ੲ. ਡਾ ਬਲਵੀਰ ਸਿੰਘ

ਸ. ਲਾਲ ਸਿੰਘ ਕਮਲਾ ਅਕਾਲੀ

14. ਕਿਸ ਨੇ ਐਮਰਸਨ ਦੇ ਨਿਬੰਧਾਂ ਨੂੰ ਅਬਚਲੀ ਜੋਤ ਨਾਂ ਹੇਠ ਅਨੁਵਾਦ ਕੀਤਾ ਹੈ?

ੳ. ਪ੍ਰੋ ਪੂਰਨ ਸਿੰਘ

ਅ. ਪ੍ਰਿੰਸੀਪਲ ਤੇਜਾ ਸਿੰਘ

ੲ. ਚਰਨ ਸਿੰਘ ਸ਼ਹੀਦ

ਸ. ਲਾਲ ਸਿੰਘ ਕਮਲਾ ਅਕਾਲੀ

15. ਪ੍ਰਿੰਸੀਪਲ ਤੇਜਾ ਸਿੰਘ ਦੀ ਨਿਬੰਧਕਾਰੀ ਦਾ ਸਭ ਤੋਂ ਵੱਡਾ ਗੁਣ ਕਿਹੜਾ ਹੈ ?

ੳ. ਪਾਠਕਾਂ ਵਿੱਚ ਰੋਚਕਤਾ

ਅ. ਜਨ ਸਾਧਾਰਨ ਦੇ ਲਈ ਸਮਝ

ੲ. ਗੁੰਝਲਮਈ ਸ਼ਬਦਾਵਲੀ ਦੀ ਵਰਤੋਂ

ਸ. ਕਾਵਿਕ ਸ਼ੈਲੀ

**ਅਭਿਆਸ ਪ੍ਰਸ਼ਨ**

1. ਪੰਜਾਬੀ ਨਿਬੰਧ ਦਾ ਅਰਥ ਦੱਸਦੇ ਹੋਏ ਉਸ ਦੀਆਂ ਪਰਿਭਾਸ਼ਾਵਾਂ ਲਿਖੋ ।
2. ਪੰਜਾਬੀ ਨਿਬੰਧ ਦੇ ਇਤਿਹਾਸ ਦੇ ਵਿਕਾਸ ਬਾਰੇ ਚਰਚਾ ਕਰੋ ।
3. ਪੰਜਾਬੀ ਦੇ ਪ੍ਰਮੁੱਖ ਨਿਬੰਧਕਾਰ ਕਿਹੜੇ ਕਿਹੜੇ ਹਨ ਵਿਚਾਰ ਕਰੋ।
4. ਪੰਜਾਬੀ ਨਿਬੰਧਕਾਰੀ ਦੇ ਖੇਤਰ ਵਿੱਚ ਨਰਿੰਦਰ ਕਪੂਰ ਸਿੰਘ ਦਾ ਸਥਾਨ ਸਪੱਸ਼ਟ ਕਰੋ।

**ਸੰਦਰਭ ਪੁਸਤਕਾਂ:**

1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ(ਆਦਿ ਕਾਲ ਤੋਂ ਸਮਕਾਲ ਤੱਕ),ਲਾਹੌਰ ਬੁੱਕ ਸ਼ਾਪ, ਲੁਧਿਆਣਾ, 2018
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016
4. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018

**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%E0%A8%A8%E0%A8%BF%E0%A8%AC%E0%A9%B0%E0%A8%A7

## ਉੱਤਰਮਾਲਾ

| | | | | |
|---|---|---|---|---|
| 1. ੳ | 2. ੳ | 3. ੲ | 4. ਸ | 5. ੳ |
| 6. ੲ | 7. ੳ | 8. ਸ | 9. ਸ | 10. ਅ |
| 11. ੳ | 12. ਸ | 13. ੲ | 14. ੳ | 15. ਅ |

# ਅਧਿਆਇ -13: ਆਧੁਨਿਕ ਪੰਜਾਬੀ ਵਾਰਤਕ ਸਫਰਨਾਮਾ: ਇਤਿਹਾਸਮੂਲਕ ਅਧਿਐਨ

*Kirandeep Singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

**ਉਦੇਸ਼**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਸਫਰਨਾਮੇ ਦੀ ਪਰਿਭਾਸ਼ਾ ਬਾਰੇ ਜਾਣਨਗੇ।
2. ਪੰਜਾਬੀ ਅਤੇ ਪਰਵਾਸੀ ਸਫਰਨਾਮੇ ਬਾਰੇ ਜਾਣਨਗੇ।
3. ਸਫਰਨਾਮੇ ਦੇ ਪੜਾਅ ਬਾਰੇ ਕ੍ਰਮਵਾਰ ਜਾਣਨਗੇ।

**ਪ੍ਰਸਤਾਵਨਾ**

ਆਧੁਨਿਕ ਪੰਜਾਬੀ ਵਾਰਤਕ ਵਿਚ ਸਫ਼ਰਨਾਮੇ ਦਾ ਆਰੰਭ ਭਾਵੇਂ ਲਾਲ ਸਿੰਘ ਕਮਲਾ ਅਕਾਲੀ ਨੇ ਮੇਰਾ ਵਲਾਇਤੀ ਸਫ਼ਰਨਾਮਾ ਰਾਹੀਂ 1926 ਵਿੱਚ ਹੀ ਕਰ ਦਿੱਤਾ ਸੀ ਪਰ ਵਾਰਤਕ ਦੀ ਇਹ ਵੰਨਗੀ ਨੇ ਪਿੱਛੋਂ ਆ ਕੇ ਵਧੇਰੇ ਸਫ਼ਲਤਾ ਪ੍ਰਾਪਤ ਕੀਤੀ ਹੈ ਸਫ਼ਰਨਾਮਾ ਵਿਸ਼ੇਸ਼ ਭਾਂਤ ਦੀ ਵਾਰਤਕ ਵੰਨਗੀ ਹੈ ਅਤੇ ਇਹ ਵਿਸ਼ੇਸ਼ ਰੂਪ ਵਿਚ ਸਮੁੱਚੀ ਜੀਵਨ ਪੱਧਤੀ ਨੂੰ ਸੁਹਜਾਤਮਿਕ ਰੂਪ ਵਿੱਚ ਪੇਸ਼ ਕਰਦਾ ਹੈ। ਐੱਸ ਐੱਸ ਅਮੋਲ ਦਾ ਮਲਾਇਆ ਦੀ ਯਾਤਰਾ ਹੀਰਾ ਸਿੰਘ ਦਰਦ ਦਾ ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ ਮਹਿੰਦਰਪਾਲ ਸਿੰਘ ਦਾ ਰੂਸ ਦੀ ਯਾਤਰਾ ਡਾ ਗੰਡਾ ਸਿੰਘ ਦਾ ਕਾਬੁਲ ਦੀ ਯਾਤਰਾ ਬਲਰਾਜ ਸਾਹਨੀ ਦਾ ਮੇਰਾ ਰੂਸੀ ਸਫ਼ਰਨਾਮਾ ਮੇਰਾ ਪਾਕਿਸਤਾਨੀ ਸਫ਼ਰਨਾਮਾ ਬਲਵੰਤ ਗਾਰਗੀ ਦਾ ਪਤਾਲ ਦਾ ਬੰਦਾ ਜਗਜੀਤ ਸਿੰਘ ਆਨੰਦ ਦਾ ਨਵਾਂ ਨਿਆਰਾ ਜਰਮਨੀ ਤੇ ਨਵਤੇਜ ਸਿੰਘ ਦਾ ਦੋਸਤੀ ਦਾ ਪੰਧ ਆਦਿ ਪੰਜਾਬੀ ਦੇ ਪ੍ਰਮੁੱਖ ਸਫ਼ਰਨਾਮੇ ਹਨ ਪੰਜਾਬੀ ਸਫ਼ਰਨਾਮਾ ਸਾਹਿਤ

ਵਿੱਚ ਬਲਰਾਜ ਸਾਹਨੀ ਦੇ ਦੋਵਾਂ ਸਫ਼ਰਨਾਮਿਆਂ ਨੂੰ ਆਪਣੇ ਸਾਹਿਤਕ ਗੁਣਾਂ ਕਰਕੇ ਵਧੇਰੇ ਪ੍ਰਸਿੱਧੀ ਮਿਲੀ ਹੈ। ਭਾਵੁਕਤਾ ਤੇ ਜਜ਼ਬਾਤੀ ਪਹੁੰਚ ਸਿਧਾਂਤਕ ਸਪੱਸ਼ਟਤਾ ਤੇ ਕਾਵਿਕ ਸ਼ੈਲੀ ਸਾਹਨੀ ਦੀ ਵਾਰਤਕ ਦੇ ਮਹੱਤਵਪੂਰਨ ਗੁਣ ਹਨ ।

**ਵਿਸ਼ਾ**

ਸਫ਼ਰਨਾਮੇ ਦਾ ਇਤਿਹਾਸ

ਸਫ਼ਰਨਾਮੇ ਦਾ ਇਤਿਹਾਸ ਸਫ਼ਰਨਾਮਿਆਂ ਦੀ ਪਰੰਪਰਾ ਸਾਹਿਤ ਵਿਚੋਂ ਆਦਿ ਕਾਲ ਤੋਂ ਚਲਿਆ ਆ ਰਿਹਾ ਹੈ। ਭਾਰਤੀ ਸਾਹਿਤ ਵਿਚ ਸਭ ਤੋਂ ਪਹਿਲਾ ਸਫ਼ਰਨਾਮਿਆਂ ਦੀ ਝਲਕ ਸੰਸਕ੍ਰਿਤ ਸਾਹਿਤ ਵਿਚ ਦੇਖਣ ਜਾਂ ਪੜ੍ਹਨ ਨੂੰ ਮਿਲਦੀ ਹੈ। ਪੂਰਵ ਇਤਿਹਾਸਕ ਕਾਲ ਵਿਚ ਮਨੁੱਖ ਦੀ ਯਾਤਰਾ ਕਰਨ ਦੀ ਪ੍ਰਵਿਰਤੀ ਦੀ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ। ਬੁੱਧ ਧਰਮ ਦੇ ਭਿਖਸ਼ੂ ਤੇ ਭਿਕਸ਼ਣੀਆਂ, ਜੈਨ ਮਤ ਦੇ ਦਿਗੰਬਰ ਆਮ ਜਨਤਾ ਵਿਚ ਧਰਮ ਦਾ ਪ੍ਰਚਾਰ ਕਰਨ ਲਈ ਦੂਰ-ਦੂਰ ਤੱਕ ਯਾਤਰਾ ਕਰਦੇ ਸਨ। ਕਾਲੀਦਾਸ ਦਾ ਵਿਭਿੰਨ ਦੇਸ਼ਾਂ ਦੇ ਪ੍ਰਕਿਰਤੀ ਚਿਤਰਨ ਤੋਂ ਉਸ ਦੀ ਯਾਤਰਾ ਮਨੋਵਿਰਤੀਆਂ ਦਾ ਪਤਾ ਲੱਗਦਾ ਹੈ। ਅਜਨਬੀ ਅਤੇ ਬੇਗਾਨੀਆਂ ਧਰਤੀਆਂ ਦੀ ਯਾਤਰਾ ਕਰਨਾ ਵੱਖਰੇ-ਵੱਖਰੇ ਸੱਭਿਆਚਾਰਾਂ ਨੂੰ ਦੇਖਣਾ ਘੋਖਣਾ ਮਨੁੱਖ ਦੀ ਸ਼ੁਰੂ ਤੋਂ ਪ੍ਰਵਿਰਤੀ ਰਹੀ ਹੈ। ਮੈਗਸਥਨੀਜ਼, ਹਿਊਨਸਾਂਗ, ਇਬਨ ਬਤੂਤਾ, ਫਾਹੀਆਨ ਆਦਿ ਸੈਲਾਨੀ ਵਿਸ਼ਵ ਭਰ ਵਿਚ ਪ੍ਰਸਿੱਧ ਰਹੇ ਹਨ। ਇਹਨਾਂ ਨੇ ਆਪਣੀਆਂ ਯਾਤਰਾਵਾਂ ਦਾ ਵਰਣਨ 'ਸਫ਼ਰਨਾਮਿਆਂ` ਦੇ ਰੂਪ ਵਿਚ ਕੀਤਾ ਹੈ ਤਾਂ ਜੋ ਲੋਕ ਬੇਗਾਨੀਆਂ ਤੇ ਅਜਨਬੀ ਧਰਤੀਆਂ ਸੱਭਿਆਚਾਰਾਂ ਬਾਰੇ ਜਾਣ ਸਕਣ ਕਿਉਂਕਿ ਸਫ਼ਰਨਾਮਾ ਇੱਕ ਅਜਿਹੀ ਸਿਰਜਨ ਪ੍ਰਕਿਰਿਆ ਹੈ ਜਿਸ ਵਿਚ ਲੇਖਕ ਆਪਣੇ ਆਪ ਨਾਲ ਜੁੜੀਆਂ ਘਟਨਾਵਾਂ ਦੇ ਰਾਹੀਂ ਆਪਣੇ ਸਮੇਂ, ਸਥਾਨ ਅਤੇ ਦੇਸ਼ ਦੀਆਂ ਰਾਜਨੀਤਿਕ, ਸਮਾਜਿਕ, ਧਾਰਮਿਕ, ਸਭਿਆਚਾਰਕ ਪ੍ਰਸਥਿਤੀਆਂ ਦਾ ਗਿਆਨ ਕਰਵਾਉਂਦਾ ਹੈ। ਆਧੁਨਿਕ ਸਮੇਂ ਵਿਚ ਆਵਾਜਾਈ ਦੇ ਸਾਧਨਾਂ ਵਿਚ ਕ੍ਰਾਂਤੀ ਆਉਣ ਅਤੇ ਸੂਚਨਾ ਤਕਨਾਲੋਜੀ ਦੇ ਵਿਕਸਿਤ ਹੋਣ ਨਾਲ ਅਸੀਂ ਦੁਨੀਆ ਦੇ ਹਰ ਕੋਨੇ ਵਿਚਲੀਆਂ ਸਰਗਰਮੀਆਂ ਤੇ ਘਟਨਾਵਾਂ ਬਾਰੇ ਸੂਚਨਾ ਪ੍ਰਾਪਤ ਕਰ ਸਕਦੇ ਹਾਂ, ਪ੍ਰੰਤੂ ਮੱਧਕਾਲ ਵਿਚ ਅਜਿਹਾ ਸੰਭਵ ਨਹੀਂ ਸੀ। ਇਸ ਕਰਕੇ ਸਫ਼ਰਨਾਮੇ ਨੂੰ ਦੂਜੀਆਂ ਥਾਵਾਂ ਦੀਆਂ ਸੂਚਨਾਵਾਂ ਪ੍ਰਾਪਤ ਕਰਨ ਦਾ ਪ੍ਰਮਾਣਿਕ ਸਰੋਤ ਮੰਨ ਸਫ਼ਰਨਾਮੇ ਦਾ ਸ਼ਾਬਦਿਕ ਅਰਥ ਸਫ਼ਰਨਾਮਾ ਦੋ ਸ਼ਬਦਾਂ ਸਫ਼ਰ+ਨਾਮਾ ਦਾ ਮਿਲਵਾਂ ਰੂਪ ਹੈ। 'ਸਫ਼ਰ` ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, 'ਯਾਤਰਾ` ਮੁਸਾਫ਼ਿਰੀ। 'ਨਾਮਾ` ਫ਼ਾਰਸੀ ਦੇ 'ਨੁਮਾਹਾ` ਸ਼ਬਦ ਦਾ ਵਿਕਸਿਤ ਰੂਪ ਹੈ, ਜਿਸ ਦਾ ਅਰਥ ਹੈ ਚਿੱਠੀ, ਖ਼ੱਤ, ਪੱਤਰ।

ਡਾ.ਰਤਨ ਸਿੰਘ ਜੱਗੀ ਅਨੁਸਾਰ: ਸਫ਼ਰਨਾਮਾ ਤੋਂ ਭਾਵ 'ਯਾਤਰਾ` ਵਿਚ ਪ੍ਰਾਪਤ ਕੀਤੇ ਅਨੁਭਵ ਨੂੰ ਜਦੋਂ ਲਿਪੀਬੱਧ ਰੂਪ ਦਿੱਤਾ ਜਾਂਦਾ ਹੈ ਤਾਂ ਸਫ਼ਰਨਾਮੇ ਦੀ ਰਚਨਾ ਹੁੰਦੀ ਹੈ। ਜਾਂ ਇੰਜ ਕਹੋ ਕਿ ਸਫ਼ਰ ਦੌਰਾਨ ਪ੍ਰਾਪਤ ਕੀਤੇ ਗਿਆਨ ਨੂੰ ਜਦੋਂ ਯਾਦ ਦੇ ਆਧਾਰ ਤੇ ਕਲਾਤਮਕ ਢੰਗ ਨਾਲ ਚਿਤਰਿਆ ਜਾਂਦਾ ਹੈ ਤਾਂ ਸਫ਼ਰਨਾਮਾ ਹੋਂਦ ਵਿਚ ਆਉਂਦਾ ਹੈ।` ਡਾ. ਜਸਵਿੰਦਰ ਸਿੰਘ ਤੇ ਮਾਨ ਸਿੰਘ ਢੀਂਡਸਾ ਅਨੁਸਾਰ: ਸਫ਼ਰਨਾਮਾ ਵਿਸ਼ੇਸ਼ ਭਾਂਤ ਦੀ ਵਾਰਤਕ ਵੰਨਗੀ ਹੈ ਜਿਸ ਵਿਚ ਸਫ਼ਰਨਾਮਾ ਆਪਣੇ ਵਿਅਕਤੀਤਵ ਦੇ ਮਾਧਿਅਮ ਰਾਹੀਂ ਵੇਖੀ ਗਈ ਵਿਸ਼ੇਸ਼ ਥਾਂ (ਦੇਸ਼ ਤੇ ਕੋਈ ਭੂ-ਖੰਡ ਆਦਿ) ਦੀ ਸਮੁੱਚੀ ਜੀਵਨ ਪੱਧਤੀ ਨੂੰ 'ਸੁਹਜਾਤਮਿਕ` ਰੂਪ ਵਿਚ ਪੇਸ਼ ਕਰਦਾ ਹੈ। ਇਸ ਤੋਂ ਬਾਅਦ ਕੁੱਝ ਪੜਾਅ ਜਿਨ੍ਹਾਂ ਰਾਹੀਂ ਸਫ਼ਰਨਾਮੇ ਦੀ ਰਚਨਾ ਹੋਈ ਹੈ ਨਿਬੰਧ ਜੀਵਨੀ ਅਤੇ ਸਵੈ ਜੀਵਨੀ ਵਾਂਗ ਸਫ਼ਰਨਾਮਾ ਵੀ ਅਜਿਹਾ ਵਾਰਤਕ ਰੂਪ ਹੈ ਜਿਸ ਨੇ ਕਾਫ਼ੀ ਵਿਕਾਸ ਕੀਤਾ ਹੈ ਆਕਾਰ ਪੱਖੋਂ ਇਹ ਸਵੈ ਜੀਵਨੀ ਜਿੰਨਾ ਹੀ ਲੰਬਾ ਤੇ ਵਿਸਤਰਿਤ ਹੁੰਦਾ ਹੈ ਪੰਜਾਬੀ ਵਿਚ ਸਫ਼ਰਨਾਮਾ ਲਿਖਣ ਦੀ ਸ਼ੁਰੂਆਤ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਹੀ ਹੋ ਗਈ ਸੀ ਕਈ ਵਿਦਵਾਨਾਂ ਨੇ ਤਾਂ ਪੰਜਾਬੀ ਸਫ਼ਰਨਾਮੇ ਦਾ ਮੁੱਢ ਵੀਹਵੀਂ ਸਦੀ ਦੇ ਮੁੱਢ ਤੋਂ ਹੀ ਮੰਨਿਆ ਹੈ ਇਉਂ ਵਾਰਤਕ ਦੇ ਦੂਸਰੇ ਰੂਪਾਂ ਦੇ ਮੁਕਾਬਲੇ ਪੰਜਾਬੀ ਸਫ਼ਰਨਾਮੇ ਦਾ ਜਨਮ ਨਿਬੰਧ ਦੇ ਨਾਲ ਹੀ ਹੋ ਗਿਆ ਸੀ ਪੰਜਾਬੀ ਚ ਸਫ਼ਰਨਾਮੇ ਦੀ ਮੁੱਢ ਸਬੰਧੀ ਵਿਦਵਾਨਾਂ ਵਿਚ ਇੱਕ ਰਾਏ ਨਹੀਂ ਹੈ ਕਈ ਵਿਦਵਾਨ ਸਫ਼ਰਨਾਮੇ ਦਾ ਆਰੰਭ ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮੇ ਮੇਰਾ ਵਲਾਇਤੀ ਸਫ਼ਰਨਾਮਾ ਤੋਂ ਮੰਨਦੇ ਹਨ ਪਰ ਕਈ ਵਿਦਵਾਨ ਅਜਿਹੇ ਹਨ ਜੋ ਸਫ਼ਰਨਾਮੇ ਦੇ ਇਤਿਹਾਸ ਨੂੰ ਕਾਨ੍ਹ ਸਿੰਘ ਨਾਭਾ ਦੇ ਸਫ਼ਰਨਾਮਿਆਂ ਤਕ ਲੈ ਜਾਂਦੇ ਹਨ ਕਈ ਐਸੇ ਵਿਦਵਾਨ ਵੀ ਹਨ ਜੋ ਕਿਸੇ ਅਗਿਆਤ ਛਾਈ ਮਿਸ਼ਨਰੀ ਵੱਲੋਂ ਲਿਖੀ 'ਏਸ਼ੀਆ ਦੀ ਸੈਲ' ਨੂੰ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਮੰਨਦੇ ਹਨ ਪਰ ਬਹੁਗਿਣਤੀ ਵਿਦਵਾਨ ਲਾਲ ਸਿੰਘ ਕਮਲਾ ਅਕਾਲੀ ਦੀ ਸਫ਼ਰਨਾਮੇ ਨੂੰ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਸਵੀਕਾਰ ਕਰਦੇ ਹਨ ਸਤਿੰਦਰ ਸਿੰਘ ਨੇ ਸਫ਼ਰਨਾਮੇ ਦੇ ਇਤਿਹਾਸ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ

**ੳ.1898 ਤੋਂ 1930 ਈ. ਤੱਕ ਪਹਿਲਾ ਪੜਾਅ:**

ਪਹਿਲੇ ਪੜਾਅ ਦੇ ਸਫਰਨਾਮਿਆਂ ਵਿਚ ਈਸਾਈ ਮਿਸ਼ਨਰੀਆਂ ਵੱਲੋਂ ਲਿਖੇ ਸਫਰਨਾਮੇ ਏਸ਼ੀਆਂ ਦੀ ਸੈਲ ਦਾ ਮਹੱਤਵਪੂਰਨ ਸਥਾਨ ਹੈ। ਇਸ ਨੂੰ ਕਈ ਵਿਦਵਾਨ ਪੰਜਾਬੀ ਦਾ ਪਹਿਲਾ ਸਫਰਨਾਮਾ ਮੰਨਦੇ ਹਨ। ਇਸ ਸਫਰਨਾਮਾ-ਨੁਮਾ ਲਿਖਤ ਤੋਂ ਬਾਅਦ ਭਾਈ ਕਾਨ੍ਹ ਸਿੰਘ ਨਾਭਾ ਦੇ ਤਿੰਨ ਸਫਰਨਾਮੇ ਲਿਖੇ ਗਏ ਹਨ। ਇਨ੍ਹਾਂ ਵਿਚ ਪਹਾੜੀ ਰਿਆਸਤਾਂ ਦਾ ਸਫਰ (1906) ਵਲਾਇਤ ਦਾ ਸਫਰਨਾਮਾ (1907) ਵਲਾਇਤ ਦਾ ਦੂਸਰਾ ਸਫਰਨਾਮਾ (1908) ਸ਼ਾਮਿਲ ਹਨ। ਇਸ ਕਾਲਖੰਡ ਦੇ ਹੋਰ ਸਫਰਨਾਮਿਆ ਵਿਚ ਬੇਸ਼ੱਕ ਸੂਰਜ ਸਿੰਘ ਦਾ ਬਰਮਾ ਦੀ ਸੈਰ (1908) ਜੀਵਨ

ਸਿੰਘ ਸੇਵਕ ਦਾ ਜਾਪਾਨ ਦੀ ਝਾਕੀ (1911) ਰਘਬੀਰ ਸਿੰਘ ਕੋਇਟਾ ਦਾ ਅਮਰੀਕਾ ਦੀ ਸੈਰ (1914) ਸੁੰਦਰ ਸਿੰਘ ਨਰੂਲਾ ਦਾ ਕਸਮੀਰ ਰਿਆਸਤ ਦਾ ਸਫਰ (1925) ਆਦਿ ਇਸ ਸਮੇਂ ਦੇ ਸਫਰਨਾਮੇ ਗੁਣਾਤਮਕ ਪੱਖ ਤੋਂ ਬਹੁਤ ਹੀ ਮਹੱਤਵਪੂਰਨ ਸਨ।

**ਅ. 1931 ਤੋਂ 1947 ਈ. ਤੱਕ ਦੂਜਾ ਪੜਾਅ:**

ਪੰਜਾਬੀ ਸਫ਼ਰਨਾਮੇ ਦਾ ਵਾਸਤਵਿਕ ਵਿਕਾਸ ਦੂਸਰੇ ਪੜਾਅ ਉੱਤੇ ਹੁੰਦਾ ਹੈ ਇਸ ਦੌਰ ਵਿੱਚ ਲਾਲ ਸਿੰਘ ਕਮਲਾ ਅਕਾਲੀ ਦਾ 1931 ਵਿੱਚ ਪ੍ਰਕਾਸ਼ਿਤ ਹੋਇਆ 'ਮੇਰਾ ਵਲਾਇਤੀ ਸਫ਼ਰਨਾਮਾ' ਬਹੁਤ ਮਹੱਤਵਪੂਰਨ ਹੈ ਇਸ ਨੂੰ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਮੰਨਿਆ ਹੈ ਕਮਲਾ ਅਕਾਲੀ ਵੀ ਅਜਿਹਾ ਲੇਖਕ ਹੈ ਜਿਸ ਨੇ ਭਾਈ ਕਾਨ੍ਹ ਸਿੰਘ ਨਾਭਾ ਵਾਂਗ ਕਈ ਸਫਰਨਾਮੇ ਲਿਖੇ ਹਨ ਸਹੀ ਅਰਥਾਂ ਵਿੱਚ ਪੰਜਾਬੀ ਸਫ਼ਰਨਾਮੇ ਦਾ ਮੁੱਢ ਇਸ ਸਫ਼ਰਨਾਮੇ ਨਾਲ ਹੀ ਬੱਝਦਾ ਹੈ ਇਸ ਸਮੇਂ ਸਫ਼ਰਨਾਮਿਆਂ ਦੀ ਸ਼ੈਲੀ ਬੜੀ ਰੌਚਕ ਸੀ ਇਸ ਪੜਾਅ ਤੇ ਦੂਸਰੇ ਅੰਤਰਦੇਸ਼ੀ ਸਫ਼ਰਨਾਮਿਆਂ ਵਿੱਚ ਕਰਮ ਸਿੰਘ ਦਾ ਅਮਰੀਕਾ ਦਾ ਸਫ਼ਰਨਾਮਾ, ਹੀਰਾ ਸਿੰਘ ਦਰਦ ਦਾ ਅੱਖੀਂ ਡਿੱਠਾ ਰੂਸ, ਤਾਰਾ ਸਿੰਘ ਦਾ ਫਰਾਂਸ ਦੀਆਂ ਰਾਤਾਂ ਵਰਨਣਯੋਗ ਹਨ ਕੁੱਲ ਮਿਲਾ ਕੇ ਕੁਝ ਸਫ਼ਰਨਾਮਿਆਂ ਨੂੰ ਛੱਡ ਕੇ ਇਸ ਪੜਾਅ ਦੇ ਸਫ਼ਰਨਾਮੇ ਸਫ਼ਰਨਾਮਾ ਸਾਹਿਤ ਵਿਚ ਗੁਣਾਤਮਕ ਵਾਧੇ ਦੀ ਥਾਂ ਗਿਣਾਤਮਕ ਵਾਧਾ ਹੀ ਕਰਦੇ ਹਨ।

**ੲ. 1948 ਤੋਂ 1975 ਈ. ਤੱਕ ਤੀਜਾ ਪੜਾਅ:**

ਤੀਸਰੇ ਪੜਾਅ ਉੱਤੇ ਪਹੁੰਚ ਕੇ ਪੰਜਾਬੀ ਦਾ ਸਫ਼ਰਨਾਮਾ ਸਾਹਿਤ ਹੋਰ ਵਿਕਾਸ ਕਰਦਾ ਹੈ ਇਸ ਅਵਸਥਾ ਉੱਤੇ ਸਫ਼ਰਨਾਮਿਆਂ ਦੀ ਗਿਣਤੀ ਲਗਪਗ 45 ਦੇ ਕਰੀਬ ਵਾਧਾ ਕਰਦੀ ਹੈ ਇਸ ਪੜਾਅ ਉੱਤੇ ਵੀ ਅੰਤਰਦੇਸੀ ਸਫ਼ਰਨਾਮੇ ਦੇ ਨਾਲ ਨਾਲ ਅੰਤਰ ਦੇਸੀ ਸਫਰਨਾਮੇ ਵੀ ਲਿਖੇ ਗਏ ਇਸ ਕਾਲਖੰਡ ਵਿਚ ਕੁਝ ਇਸਤਰੀ ਲੇਖਕਾਵਾਂ ਨੇ ਸਫ਼ਰਨਾਮੇ ਦੀ ਰਚਨਾ ਕੀਤੀ ਇਸ ਪੜਾਅ ਉੱਤੇ ਸਫ਼ਰਨਾਮੇ ਦੀ ਵਿਕਾਸ ਦੇ ਦੋ ਮਹੱਤਵਪੂਰਨ ਕਾਰਨ ਸਨ ਪਹਿਲਾ ਕਾਰਨ ਇਹ ਸੀ ਕਿ ਭਾਰਤ ਦੀ ਆਜ਼ਾਦੀ ਤੋਂ ਬਾਅਦ ਪੱਛਮੀ ਦੇਸ਼ਾਂ ਨੇ ਭਾਰਤ ਪ੍ਰਤੀ ਆਪਣੀ ਵਿਦੇਸ਼ੀ ਨੀਤੀ ਵਿੱਚ ਬਦਲਾਅ ਲਿਆਂਦਾ ਇਸੇ ਦੇ ਫਲਸਰੂਪ ਭਾਰਤ ਵਿਚ ਬਹੁਤ ਸਾਰੇ ਲੋਕ ਦੂਸਰੇ ਦੇਸ਼ਾਂ ਵਿਚ ਗਏ। ਦੂਸਰਾ ਕਾਰਨ ਇਹ ਸੀ ਕਿ ਪਾਕਿਸਤਾਨ ਅਤੇ ਰੂਸ ਪ੍ਰਤੀ ਪੰਜਾਬੀ ਲੇਖਕਾਂ ਵਿੱਚ ਭਾਵੁਕਤਾ ਤੇ ਸ਼ਰਧਾ ਸੀ ਬਹੁਤ ਸਾਰੇ ਲੇਖਕਾਂ ਦੀ ਜਨਮ ਭੂਮੀ ਪੱਛਮੀ ਪੰਜਾਬ ਸੀ ਇਸ ਦੇ ਨਤੀਜੇ ਵਜੋਂ ਉਹ ਪਾਕਿਸਤਾਨੀ ਪੰਜਾਬ ਵਿੱਚ ਜਾਣ ਦੇ ਇੱਛੁਕ ਸਨ ਇਸ ਇੱਛਾ ਦਾ ਤੀਬਰ ਪ੍ਰਗਟਾਵਾ ਬਲਰਾਜ ਸਾਹਨੀ ਤੇ ਪਾਕਿਸਤਾਨੀ ਸਫ਼ਰਨਾਮੇ ਵਿਚੋਂ ਝਲਕਦਾ ਦਿਸਦਾ ਹੈ

**ਸ.1976 ਤੋਂ ਹੁਣ ਤੱਕ ਚੌਥਾ ਪੜਾਅ**

ਚੌਥਾ ਪੜਾਅ ਵੀਹਵੀਂ ਸਦੀ ਦੇ ਅੰਤਮ ਚੌਥਾਈ ਵਿੱਚ ਗਿਣਤੀ ਪੱਖੋਂ ਸਭ ਤੋਂ ਵਧੇਰੇ ਸਫ਼ਰਨਾਮੇ ਲਿਖੇ ਗਏ ਇਸ ਕਾਲਖੰਡ ਵਿਚ ਸੌ ਤੋਂ ਵੱਧ ਸਫ਼ਰਨਾਮਿਆਂ ਦੀ ਰਚਨਾ ਹੋਈ ਮਿਲਦੀ ਹੈ ਪਿਛਲੇ ਸਫ਼ਰਨਾਮਾਕਾਰਾਂ ਵਿੱਚੋਂ ਪਿਆਰਾ ਸਿੰਘ ਦਾਤਾ ਐੱਸ ਐੱਸ ਅਮੋਲ ਤ੍ਰਲੋਚਨ ਸਿੰਘ ਗਿੱਲ ਆਦਿ ਨਾਮ ਵਰਨਣਯੋਗ ਹਨ ਗੁਣਾਤਮਕ ਪੱਖੋਂ ਤਾਂ ਸਫ਼ਰਨਾਮਾ ਲਿਖਣ ਵਿਚ ਕਹਾਣੀ ਸੰਤੋਖ ਸਿੰਘ ਧੀਰ ਦੇ ਸਫ਼ਰਨਾਮੇ 'ਮੇਰੀ ਇੰਗਲੈਂਡ ਯਾਤਰਾ' ਹਰਭਜਨ ਸਿੰਘ 'ਨਿਰਭਉ ਨਿਰਵੈਰ' ਹਰਭਜਨ ਹਲਵਾਰਵੀ 'ਚੀਨ ਵਿੱਚ ਕੁਝ ਦਿਨ' 'ਯਾਦਾਂ ਮਿੱਤਰ ਦੇਸ਼ ਦੀਆਂ' ਪੰਜਾਬੀ ਸਫ਼ਰਨਾਮੇ ਦੇ ਇਸ ਪੜਾਅ ਉੱਤੇ ਕੁਝ ਧਾਰਮਿਕ ਕਿਸਮ ਦੀਆਂ ਯਾਤਰਾਵਾਂ ਨਾਲ ਸਬੰਧਤ ਸਫ਼ਰਨਾਮੇ ਵੀ ਲਿਖੇ ਗਏ ਜਿਨ੍ਹਾਂ ਵਿੱਚੋਂ ਕੁਲਵੰਤ ਸਿੰਘ ਖੋਖਰ ਦਾ 'ਦਰਸ਼ਨ ਸੱਚਖੰਡ ਸ੍ਰੀ ਹੇਮਕੁੰਟ' ਸਵਰਨ ਸਿੰਘ ਦਾ 'ਨਾਵਣ ਚਲੇ ਤੀਰਥੀ' 'ਸ਼੍ਰੋਮਣੀ ਗੁਰਦੁਆਰਿਆਂ ਦੇ ਦਰਸ਼ਨ' 'ਯਾਤਰਾ ਸ੍ਰੀ ਆਨੰਦਪੁਰ ਸਾਹਿਬ' ਆਦਿ ਪੰਜਾਬੀ ਸਫ਼ਰਨਾਮੇ ਵਿੱਚ ਇਸ ਪੜਾਅ ਉੱਤੇ ਇਕ ਹੋਰ ਤਬਦੀਲੀ ਵਾਪਰਦੀ ਹੈ ਪਹਿਲਾ ਪੰਜਾਬੀ ਲੇਖਕ ਦੂਸਰੇ ਅਤੇ ਬਿਗਾਨੇ ਮੁਲਕਾਂ ਸਬੰਧੀ ਲਿਖਦੇ ਸਨ ਪਰ ਇਸ ਪੜਾਅ ਉੱਤੇ ਪਹੁੰਚ ਕੇ ਪਰਵਾਸੀ ਪੰਜਾਬੀ ਲੇਖਕ ਜੋ ਵਿਭਿੰਨ ਪੱਛਮੀ ਮੁਲਕਾਂ ਵਿੱਚ ਵਸੇ ਹਨ ਉਹ ਭਾਰਤ ਜਾਂ ਪੰਜਾਬ ਫੇਰੀ ਨੂੰ ਆਪਣੇ ਸਫ਼ਰਨਾਮੇ ਵਿੱਚ ਬਿਆਨਦਿਆਂ ਇਸ ਕਿਸਮ ਦੇ ਸਫ਼ਰਨਾਮਿਆਂ ਵਿੱਚ ਸਵਰਨ ਚੰਦਨ ਦਾ ਆਪਣੀ ਆਪਣੀ ਧਰਤੀ ਉਸ ਦੀ ਪੰਜਾਬ ਫੇਰੀ ਨਾਲ ਸਬੰਧਤ ਹੈ।

ਵੱਖ ਵੱਖ ਵਿਦਵਾਨਾਂ ਨੇ ਸਫ਼ਰਨਾਮੇ ਦੇ ਕੁਝ ਤੱਤਾਂ ਦੀ ਕਲਪਨਾ ਕੀਤੀ ਹੈ ਜਿਨ੍ਹਾਂ ਵਿਚੋਂ ਹੇਠ ਲਿਖੇ ਪ੍ਰਮੁੱਖ ਤੱਤ ਹਨ

**ਭੂਗੋਲਿਕਤਾ** : ਯਾਤਰਾ ਦਾ ਸੰਬੰਧ ਭੂਗੋਲ ਨਾਲੇ ਯਾਤਰੀ ਨੂੰ ਇੱਕ ਭੂਗੋਲਿਕ ਇਕਾਈ ਤੋਂ ਦੂਜੀ ਭੂਗੋਲ ਇੱਕ ਇਕਾਈ ਵਿੱਚ ਪ੍ਰਵੇਸ਼ ਕਰਨਾ ਹੁੰਦੈ ਉਸ ਖਿੱਤੇ ਦੀ ਹੋ ਸਕਦਾ ਹੈ ਉਸ ਨੂੰ ਪਹਿਲਾਂ ਕੁਝ ਜਾਣਕਾਰੀ ਪ੍ਰਾਪਤ ਹੋਵੇ ਇਸ ਕਰਕੇ ਭੂਗੋਲਿਕ ਤੱਤਾਂ ਦਾ ਹੋਣਾ ਸਫ਼ਰਨਾਮੇ ਵਿੱਚ ਜ਼ਰੂਰੀ ਹੈ ।

**ਸ਼ਖ਼ਸੀਅਤ**: ਸਫ਼ਰਨਾਮੇ ਦਾ ਮਹੱਤਵ ਲੇਖਕ ਦੀ ਸ਼ਖ਼ਸੀਅਤ ਉੱਤੇ ਨਿਰਭਰ ਕਰਦਾ ਹੈ ਸਫ਼ਰਨਾਮੇ ਦੀ ਲੇਖਕ ਲਈ ਬੁੱਧੀਮਾਨ ਅਤੇ ਗਿਆਨਵਾਨ ਹੋਣਾ ਅਤਿ ਜ਼ਰੂਰੀ ਹੈ ਉਸ ਦੀ ਜਾਣਕਾਰੀ ਵੀ ਕਾਫ਼ੀ ਵਿਸ਼ਾਲ ਹੋਣੀ ਚਾਹੀਦੀ ਹੈ ਤੇ ਉਸ ਨੂੰ ਭੂਗੋਲ ਇਤਿਹਾਸ ਸੱਭਿਆਚਾਰ ਵਿਗਿਆਨ ਸਾਹਿਤ ਅਤੇ ਹੋਰ ਕਲਾਵਾਂ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ ।

**ਸਾਹਿਤਕਤਾ** : ਸਾਹਿਤਿਕਤਾ ਤੋਂ ਭਾਵ ਹੈ ਉਸ ਵਿੱਚ ਵਰਤੀ ਭਾਸ਼ਾ ਸ਼ੈਲੀ ਅਤੇ ਹੋਰ ਕਲਾਤਮਕ ਜੁਗਤਾਂ ਆਦਿ।

**ਸਿਰਜਣ ਵਿਧੀਆਂ** : ਸਫ਼ਰਨਾਮਾ ਲਿਖਣ ਦੀਆਂ ਕਈ ਵਿਧੀਆਂ ਹੁੰਦੀਆਂ ਹਨ ਜੋ ਵੱਖ ਵੱਖ ਲੇਖਕ ਆਪਣੀ ਸੋਚ ਅਤੇ ਸੁਵਿਧਾ ਅਨੁਸਾਰ ਵਰਤੋਂ ਵਿੱਚ ਲਿਆਉਂਦੇ ਹਨ ਇਨ੍ਹਾਂ ਵਿੱਚੋਂ ਪਹਿਲਾ ਢੰਗ ਹੈ ਡਾਇਰੀ ਵਾਲਾ ਜਦੋਂ ਦੂਸਰਾ ਢੰਗ ਲੇਖਕ ਯਾਤਰਾ ਤੇ ਜਾਂਦਾ , ਆਪਣੀ ਕੋਲ ਡਾਇਰੀ ਰੱਖਦਾ ਏ ਰੋਜ਼ ਅਨੁਭਵਾਂ ਨੂੰ ਇਕ ਲਿਖਤੀ ਰੂਪ ਦਿੰਦਾ ਹੈ ।

ਪੰਜਾਬੀ ਦੇ ਮੱਧਕਾਲੀ ਸਾਹਿਤ ਵਿਚ ਸਫ਼ਰਨਾਮੇ ਦਾ ਵਿਕਾਸ ਇੱਕ ਸੁਤੰਤਰ ਸਾਹਿੱਤਿਕ ਰੂਪ ਵਜੋਂ ਨਹੀਂ ਹੋਇਆ ਸਗੋਂ ਇਹ ਦੂਜੇ ਸਾਹਿੱਤਿਕ ਰੂਪਾਂ ਦਾ ਹੀ ਇੱਕ ਅੰਗ ਹੁੰਦਾ ਸੀ। ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਇਹ ਰੂਪ ਪੱਛਮੀ ਸਾਹਿਤ ਦੇ ਵਿਸ਼ੇਸ਼ ਰੂਪ ਨੂੰ ਅਪਣਾਉਣ ਕਰਕੇ ਹੋਂਦ ਵਿਚ ਆਇਆ। ਪੰਜਾਬੀ ਸਾਹਿਤ ਵਿਚ ਸਫ਼ਰਨਾਮਾ ਸਾਹਿਤ ਦੀ ਪਰੰਪਰਾ ਬਹੁਤੀ ਪੁਰਾਣੀ ਨਹੀਂ ਹੈ। ਇਹ ਵੀਹਵੀਂ ਸਦੀ ਦੀ ਦੇਣ ਹੈ ਤੇ ਇਹ ਇਸ ਸਦੀ ਦੇ ਮੁੱਢ ਵਿਚ ਸ਼ੁਰੂ ਹੋਈ, ਪ੍ਰੰਤੂ ਬੀਜ ਰੂਪ ਵਿਚ ਸਫ਼ਰਨਾਮਾ ਸਾਹਿਤ ਦੇ ਕੁੱਝ ਅੰਸ਼ ਜਨਮ ਸਾਖੀ ਸਾਹਿਤ ਅਤੇ ਕੁੱਝ ਹੋਰ ਪੋਥੀਆਂ ਵਿਚ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਬ੍ਰਿਤਾਂਤ ਵੱਖ-ਵੱਖ ਜਨਮ ਸਾਖੀਆਂ ਵਿਚ ਅੰਕਿਤ ਕੀਤਾ ਗਿਆ ਹੈ। ਭਾਈ ਗੁਰਦਾਸ ਦੀ 'ਪਹਿਲੀ ਵਾਰ' ਵਿਚ ਗੁਰੂ ਜੀ ਦੀਆਂ ਉਦਾਸੀਆਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਨਾਨਕ ਜੀ ਤੋਂ ਪਿੱਛੋਂ ਗੁਰੂ ਤੇਗ਼ ਬਹਾਦਰ ਜੀ ਦੀਆਂ ਯਾਤਰਾਵਾਂ ਦੇ ਵੇਰਵੇ 'ਮਾਲਵਾ ਦੇਸ਼ ਦਾ ਰਟਨ ਸਾਖੀ ਪੋਥੀ' ਵਿਚ ਮਿਲਦੇ ਹਨ ਜੋ ਕਿ 19ਵੀਂ ਸਦੀ ਦੇ ਅੰਤ ਦੀ ਰਚਨਾ ਹੈ। ਗੁਰਪ੍ਰਤਾਪ ਸੂਰਜ ਗ੍ਰੰਥ, ਗੁਰੂ ਤੀਰਥ ਸੰਗ੍ਰਹਿ ਅਤੇ ਕੁੱਝ ਹੋਰ ਧਾਰਮਿਕ ਪੋਥੀਆਂ ਵਿਚ ਵੀ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਦੇ ਵੇਰਵੇ ਦਿੱਤੇ ਗਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਦੂਰ-ਦੂਰ ਤੱਕ ਦੇ ਪ੍ਰਦੇਸ਼ਾਂ ਦੀ ਯਾਤਰਾ ਕੀਤੀ ਜਿਨ੍ਹਾਂ ਦਾ ਵੇਰਵਾ ਕਲਗ਼ੀਧਰ ਚਮਤਕਾਰ, ਸਫ਼ਰਨਾਮਾ ਅਤੇ ਜ਼ਫ਼ਰਨਾਮਾ ਵਿਚ ਅੰਕਿਤ ਹੈ। ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਪੰਜਾਬੀ ਦੇ ਮੁੱਢਲੇ ਸਾਹਿੱਤਿਕ ਸਫ਼ਰਨਾਮੇ ਹਨ। ਇਸ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਸਫ਼ਰਨਾਮਾ ਸਾਹਿਤ ਦਾ ਬੀਜ ਪੁਰਾਤਨ ਸਾਹਿਤ ਵਿਚ ਵਿਦਮਾਨ ਸੀ। ਪ੍ਰੰਤੂ ਵਿਧੀਵਤ ਢੰਗ ਨਾਲ ਇਹ 20ਵੀਂ ਸਦੀ ਵਿਚ ਹੋਂਦ ਵਿਚ ਆਇਆ। ਪੰਜਾਬੀ ਸਾਹਿਤ ਵਿਚ ਪੰਜਾਬੀ ਦੇ ਪਹਿਲੇ ਸਫ਼ਰਨਾਮਾ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਪੰਜਾਬੀ ਸਫ਼ਰਨਾਮੇ ਦੇ ਪਹਿਲੀ ਪੁਸਤਕ ਦੇ ਰੂਪ ਵਿਚ ਮੁੱਢਲੀ ਕੋਸ਼ਿਸ਼ ਕਿਸੇ ਅਗਿਆਤ ਈਸਾਈ ਮਿਸ਼ਨਰੀ ਵੱਲੋਂ ਲਿਖੀ 'ਏਸ਼ੀਆ ਦੀ ਸੈਲ' (1898) ਨੂੰ ਮੰਨਿਆ ਹੈ। ਪੁਸਤਕ ਦੇ ਸਿਰਲੇਖ ਵਿਚਲੇ 'ਸੈਲ' ਸ਼ਬਦ ਤੋਂ ਕਈ ਵਿਦਵਾਨਾਂ ਨੇ ਇਸ ਨੂੰ ਸਫ਼ਰਨਾਮਿਆਂ ਦੀ ਕੋਟੀ ਵਿਚ ਰੱਖਿਆ ਹੈ, ਪ੍ਰੰਤੂ ਇਹ ਕੋਈ ਸੈਲ ਜਾਂ ਯਾਤਰਾ ਨਹੀਂ ਕਿਉਂਕਿ ਘਰ ਬੈਠ ਕੇ ਕੀਤੀ ਗਈ ਰਚਨਾ ਹੈ ਇਸ ਲਈ ਇਸ ਨੂੰ ਪਹਿਲਾ ਸਫ਼ਰਨਾਮਾ ਨਹੀਂ ਮੰਨਿਆ ਜਾ ਸਕਦਾ। ਕੁੱਝ ਵਿਦਵਾਨ ਪੰਜਾਬੀ ਸਫ਼ਰਨਾਮੇ ਦਾ ਆਰੰਭ ਭਾਈ ਕਾਨ੍ਹ ਸਿੰਘ ਨਾਭਾ ਅਤੇ ਕੁੱਝ ਲਾਲ ਸਿੰਘ ਕਮਲਾ ਅਕਾਲੀ ਦੇ ਮੇਰਾ ਵਲਾਇਤੀ ਸਫ਼ਰਨਾਮਾ ਤੋਂ ਮੰਨਦੇ ਹਨ। ਇਸ ਸੰਬੰਧੀ ਕੁੱਝ ਵਿਦਵਾਨਾਂ ਦੇ ਵਿਚਾਰ ਹੇਠ ਲਿਖੇ ਅਨੁਸਾਰ ਹਨ। ਡਾ. ਗੋਬਿੰਦ ਸਿੰਘ ਲਾਂਬਾ ਅਨੁਸਾਰ: "ਵਾਰਤਕ ਵਿਚ ਪੰਜਾਬੀ ਸਫ਼ਰਨਾਮੇ ਦਾ ਮੁੱਢ ਲਾਲ ਸਿੰਘ ਕਮਲਾ ਅਕਾਲੀ ਦੇ ਮੇਰਾ ਵਲਾਇਤੀ ਸਫ਼ਰਨਾਮਾ ਤੋਂ ਬੱਝਿਆ ਮੰਨਿਆ ਜਾਂਦਾ ਹੈ" ਪਰ ਇਹ ਗੱਲ ਠੀਕ ਨਹੀਂ। ਭਾਵੇਂ ਪ੍ਰਕਾਸ਼ਿਤ ਰੂਪ ਵਿਚ ਇਹੋ ਸਫ਼ਰਨਾਮਾ ਪਾਠਕਾਂ ਦੇ ਸਾਹਮਣੇ ਆਇਆ, ਇਹ ਸਫ਼ਰਨਾਮਾ 1927 ਵਿਚ ਲਿਖਿਆ ਗਿਆ ਪ੍ਰੰਤੂ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ, ਜੋ 1907-1908 ਈ. ਵਿਚ ਵਲੈਭ ਰਾਏ ਤੇ ਉਸ ਤੋਂ ਪਹਿਲਾਂ ਬਾਈਧਾਰ ਦੀਆਂ ਪਹਾੜੀ ਰਿਆਸਤਾਂ ਤੋਂ ਕਾਬਲ ਆਦਿ ਥਾਵਾਂ ਦੀ ਯਾਤਰਾ ਕੀਤੀ, ਨੇ ਵੀ ਚਾਰ ਸਫ਼ਰਨਾਮੇ ਉਦੋਂ ਹੀ ਲਿਖੇ। ਡਾ. ਰਛਪਾਲ ਕੌਰ ਅਨੁਸਾਰ: ਮੇਰੇ ਵਿਚਾਰ ਅਨੁਸਾਰ ਇਹ ਕਿਸੇ ਪੰਜਾਬੀ ਲੇਖਕ ਦੇ ਲਿਖੇ ਹੋਏ ਪਹਿਲੇ ਸਫ਼ਰਨਾਮੇ ਹਨ ਜਿਸ ਵਿਚ ਬਿਆਨ ਉੱਤਮ ਪੁਰਖ ਵਿਚ ਹੈ, ਕਿਉਂ ਜੋ ਕਰਤਾ ਆਪ ਪੱਤਰਾਂ ਰਾਹੀਂ ਯਾਤਰਾ ਸਥਾਨਾਂ ਦੇ ਸਮਾਚਾਰਾਂ ਦੇ ਵੇਰਵਿਆਂ ਦਾ ਉੱਤਮ ਪੁਰਖੀ ਵਰਣਨ ਤੇ ਬਿਰਤਾਂਤ ਦੇ ਰਿਹਾ ਹੈ। ਇਸ ਦਾ ਰਚਨਾ ਕਾਲ ਵੀਹਵੀਂ ਸਦੀ ਦਾ ਪਹਿਲਾ ਦਹਾਕਾ ਹੈ। ਇਹਨਾਂ ਵਿਦਵਾਨਾਂ ਦੇ ਅਨੁਸਾਰ ਭਾਈ ਕਾਨ੍ਹ ਸਿੰਘ ਨਾਭਾ ਤੋਂ ਪੰਜਾਬੀ ਸਫ਼ਰਨਾਮੇ ਦਾ ਆਰੰਭ ਮੰਨਿਆ ਗਿਆ ਹੈ। ਤੇ ਪਹਿਲਾ ਸਫ਼ਰਨਾਮਾ 'ਪਹਾੜੀ ਰਿਆਸਤ ਦਾ ਸਫ਼ਰਨਾਮਾ' (1906) ਹੈ। ਸਤਿੰਦਰ ਸਿੰਘ ਅਨੁਸਾਰ: ਮੇਰਾ ਵਲਾਇਤੀ ਸਫ਼ਰਨਾਮਾ ਰਚਿਤ ਲਾਲ ਸਿੰਘ ਕਮਲਾ ਅਕਾਲੀ ਪੰਜਾਬੀ ਦਾ ਪਹਿਲਾ ਮਿਆਰੀ ਸਫ਼ਰਨਾਮਾ ਹੈ। ਡਾ.ਜਸਵਿੰਦਰ ਸਿੰਘ ਤੇ ਮਾਨ ਸਿੰਘ ਢੀਂਡਸਾ ਅਨੁਸਾਰ: ਪੰਜਾਬੀ ਵਾਰਤਕ ਵਿਚ ਸਫ਼ਰਨਾਮੇ ਦਾ ਆਰੰਭ ਲਾਲ ਸਿੰਘ ਕਮਲਾ ਅਕਾਲੀ ਦੇ 'ਮੇਰਾ ਵਲਾਇਤੀ ਸਫ਼ਰਨਾਮਾ' ਤੋਂ ਮੰਨਦੇ ਹਨ। ਸਭ ਤੋਂ ਵੱਧ ਪ੍ਰਮਾਣਿਤ ਵਿਚਾਰ ਲਾਲ ਸਿੰਘ ਕਮਲਾ ਅਕਾਲੀ ਦੇ 'ਮੇਰਾ ਵਲਾਇਤੀ ਸਫ਼ਰਨਾਮਾ' ਨਾਲ ਹਨ। ਲਾਲ ਸਿੰਘ ਕਮਲਾ ਅਕਾਲੀ ਦਾ ਮੇਰਾ ਵਲਾਇਤੀ ਸਫ਼ਰਨਾਮਾ ਜੋ ਕਿ 1927 ਤੋਂ 1929 ਤੱਕ ਕਿਸ਼ਤਾਂ ਵਿਚ ਮੈਗਜ਼ੀਨ ਵਿਚ ਛਪਦਾ ਰਿਹਾ ਅਤੇ 1931 ਵਿਚ ਸੰਪੂਰਨ ਰੂਪ `ਚ ਪ੍ਰਕਾਸ਼ਿਤ ਹੋ ਕੇ ਸਾਹਮਣੇ ਆਇਆ। ਜਦਕਿ ਭਾਈ ਕਾਨ੍ਹ ਸਿੰਘ ਨਾਭਾ ਨੇ 1906 ਈ. ਵਿਚ 'ਪਹਾੜੀ ਰਿਆਸਤ ਦਾ ਸਫ਼ਰਨਾਮਾ ਲਿਖਿਆ ਜੋਕਿ 1983-84 ਵਿਚ ਹੋਇਆ ਅਤੇ ਭਾਵੇਂ ਕਿ ਇਹ ਚਿੱਠੀ ਰੂਪ ਵਿਚ ਹੈ ਤੇ ਸਫ਼ਰਨਾਮੇ ਦੀ ਵਿਧਾ ਵਿਚ ਨਹੀਂ ਲਿਖਿਆ। ਜਦੋਂ ਚਿੱਠੀ ਰੂਪ ਵਿਚ ਸਫ਼ਰਨਾਮੇ ਦਾ ਜ਼ਿਕਰ ਕੀਤਾ ਜਾਵੇ ਤਾਂ ਇਸ ਨੂੰ ਇੱਕ ਤਰ੍ਹਾਂ ਦਾ ਸਫ਼ਰਨਾਮਾ ਹੀ ਕਿਹਾ ਜਾਵੇਗਾ। ਭਾਵੇਂ ਕਿ ਲਾਲ ਸਿੰਘ ਕਮਲਾ ਅਕਾਲੀ ਦਾ ਸਫ਼ਰਨਾਮਾ ਪਹਿਲਾਂ ਪ੍ਰਕਾਸ਼ਿਤ ਰੂਪ ਵਿਚ ਸਾਹਮਣੇ ਆਉਂਦਾ ਹੈ। ਪ੍ਰੰਤੂ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਸਫ਼ਰਨਾਮੇ ਦੀ ਰਚਨਾ ਚਿੱਠੀ ਰੂਪ ਵਿਚ 1906 ਈ. ਵਿਚ ਕਰ ਦਿੱਤੀ ਸੀ। ਇਸ ਲਈ ਮੇਰੇ ਵਿਚਾਰ ਅਨੁਸਾਰ ਭਾਈ ਕਾਨ੍ਹ ਸਿੰਘ ਨਾਭਾ ਦੇ 'ਪਹਾੜੀ ਰਿਆਸਤ ਦਾ ਸਫ਼ਰਨਾਮੇ' ਨੂੰ ਪੰਜਾਬੀ ਵਾਰਤਕ ਸਾਹਿਤ ਦਾ ਪਹਿਲਾ ਸਫ਼ਰਨਾਮਾ ਮੰਨਿਆ ਜਾਣਾ ਚਾਹੀਦਾ ਹੈ। ਪੰਜਾਬੀ ਵਿਚ ਬਹੁਤ ਸਾਰੇ ਸਫ਼ਰਨਾਮੇ ਲਿਖ ਗਏ ਜਿਨ੍ਹਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ।

**1) ਪਹਾੜੀ ਰਿਆਸਤ ਦਾ ਸਫ਼ਰਨਾਮਾ:**

ਇਸ ਦੀ ਰਚਨਾ ਭਾਈ ਕਾਨ੍ਹ ਸਿੰਘ ਨਾਭਾ ਨੇ 1906 ਈ. ਵਿਚ ਕੀਤੀ ਅਤੇ ਇਹ ਚਿੱਠੀਆਂ ਦੇ ਰੂਪ ਵਿਚ ਲਿਖਿਆ ਸਫ਼ਰਨਾਮਾ ਹੈ। ਲਘੂ ਰੂਪ ਵਿਚ ਹੋਣ ਦੇ ਬਾਵਜੂਦ ਇਸ ਵਿਚ ਪਹਾੜ ਦੀਆਂ ਹਸੀਨ ਵਾਦੀਆਂ, ਕੁਦਰਤੀ ਨਜ਼ਾਰਿਆਂ, ਤਿਉਹਾਰਾਂ ਆਦਿ ਦੇ ਗਿਆਨ ਨੂੰ ਰੋਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ ਪ੍ਰੰਤੂ ਇਹ 1983 ਵਿਚ ਪ੍ਰਕਾਸ਼ਿਤ ਰੂਪ ਵਿਚ ਸਾਹਮਣੇ ਆਇਆ।

**2) ਵਲਾਇਤ ਦਾ ਸਫ਼ਰਨਾਮਾ:**

ਭਾਈ ਕਾਨ੍ਹ ਸਿੰਘ ਨਾਭਾ ਨੇ ਵਲਾਇਤ ਯਾਤਰਾ ਬਾਰੇ ਦੋ ਸਫ਼ਰਨਾਮੇ 1907 ਈ. ਤੇ 1908 ਵਿਚ ਲਿਖੇ। ਇਨ੍ਹਾਂ ਵਿਚ ਇੰਗਲੈਂਡ ਤੇ ਮਹੱਤਵਪੂਰਨ ਸਥਾਨਾਂ ਦਾ ਯਥਾਰਥਕ ਇਤਿਹਾਸਕ ਵਰਣਨ ਮਿਲਦਾ ਹੈ। ਇਨ੍ਹਾਂ ਵਿਚ ਵੀ ਪੱਤਰ, ਡਾਇਰੀ ਰੂਪ ਦੀ ਵਰਤੋਂ ਕੀਤੀ ਗਈ ਹੈ ਅਤੇ ਪਹਿਲੇ ਸਫ਼ਰਨਾਮੇ ਵਿਚ ਵਧੇਰੇ ਵਿਸਤਾਰ ਅਤੇ ਦੂਜਾ ਸੰਖੇਪ ਹੈ। ਇਹਨਾਂ ਵਿਚ ਅੰਗਰੇਜ਼ੀ ਜੀਵਨ ਤੇ ਸਭਿਆਚਾਰ ਦੇ ਸੰਪਰਕ ਤੋਂ ਉਪਜੇ ਅਨੁਭਵ ਅਤੇ ਪ੍ਰਤੀਕਰਮ ਆਦਿ ਦੀ ਪ੍ਰਭਾਵਸ਼ਾਲੀ ਜਾਣਕਾਰੀ ਮਿਲਦੀ ਹੈ। ਲੇਖਕ ਦੀ ਨੈਤਿਕ, ਅਧਿਆਤਮਕ ਬਿਰਤੀ ਅਤੇ ਸ਼ਰਧਾ ਦਾ ਪ੍ਰਭਾਵ ਥਾਂ-ਥਾਂ `ਤੇ ਮਿਲਦਾ ਹੈ। ਇਹ ਆਪਣੇ ਰਚਨਾ ਕਾਲ ਤੋਂ ਕਾਫ਼ੀ ਬਾਅਦ ਵਿਚ ਪ੍ਰਕਾਸ਼ਿਤ ਹੋਏ।

**3) ਬਰਮ੍ਹਾ ਦੀ ਸੈਰ:**

ਇਸ ਦੀ ਰਚਨਾ ਸੂਰਜ ਸਿੰਘ ਨੇ 1908 ਈ. ਵਿਚ ਕੀਤੀ ਅਤੇ ਇਸ ਵਿਚ ਬਰਮ੍ਹਾ ਦੇ ਸਿੱਖਾਂ ਵਿਚ ਪੰਥ ਪ੍ਰਚਾਰ ਅਤੇ ਲੇਖਕ ਨੇ ਸਫ਼ਰ ਦੌਰਾਨ ਵਾਪਰੀਆਂ ਘਟਨਾਵਾਂ ਅਤੇ ਸਮਾਚਾਰਾਂ ਦਾ ਸੁਚੱਜੇ ਢੰਗ ਨਾਲ ਵੇਰਵਾ ਦਿੱਤਾ ਹੈ।

**4) ਦੁਨੀਆ ਦੀ ਸੈਰ:**

ਗੁਰਬਖ਼ਸ਼ ਸਿੰਘ ਨੌਰੰਗ ਨੇ 1929 ਈ. ਵਿਚ ਇਸ ਸਫ਼ਰਨਾਮੇ ਦੀ ਰਚਨਾ ਕੀਤੀ ਅਤੇ ਇਸ ਵਿਚ ਸੰਸਾਰ ਦੇ ਬਹੁਤੇ ਸਾਰੇ ਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਵਿਸਤ੍ਰਿਤ ਸੈਰ ਦੇ ਆਧਾਰ `ਤੇ ਵੱਖ-ਵੱਖ ਥਾਵਾਂ ਦੀ ਭੂਗੋਲਿਕ ਅਤੇ ਇਤਿਹਾਸਕ ਜਾਣਕਾਰੀ ਦਾ ਜ਼ਿਕਰ ਕੀਤਾ ਗਿਆ ਹੈ।

**5) ਮੇਰਾ ਵਲਾਇਤੀ ਸਫ਼ਰਨਾਮਾ:**

ਲਾਲ ਸਿੰਘ ਕਮਲਾ ਅਕਾਲੀ ਦਾ ਇਹ ਸਫ਼ਰਨਾਮਾ 1931 ਵਿਚ ਪ੍ਰਕਾਸ਼ਿਤ ਰੂਪ ਵਿਚ ਸਾਹਮਣੇ ਆਇਆ। ਇਸ ਤੋਂ ਪਹਿਲਾ ਇਹ 1927 ਤੋਂ 1929 ਦੇ ਸਮੇਂ ਦੌਰਾਨ 'ਫੁਲਵਾੜੀ` ਮਾਸਿਕ ਮੈਗਜ਼ੀਨ ਵਿਚ ਕਿਸ਼ਤਾਂ ਵਿਚ ਛਪਦਾ ਰਿਹਾ। ਇਸ ਰਚਨਾ ਦਾ ਸੰਬੰਧ ਯੂਰਪੀ ਦੇਸ਼ ਇੰਗਲੈਂਡ, ਫਰਾਂਸ, ਜਰਮਨ, ਸਵਿਟਰਜਲੈਂਡ ਆਦਿ ਨਾਲ ਹੈ। ਇਸ ਰਾਹੀਂ ਪੰਜਾਬੀ ਸਫ਼ਰਨਾਮੇ ਦਾ ਵਿਧੀ ਗਤ ਢੰਗ ਨਾਲ ਮੁੱਢ ਬੱਝਿਆ ਲੇਖਕ ਨੇ ਧਾਰਮਿਕ ਬਿਰਤੀ ਦੀ ਥਾਂ ਜਿੱਥੇ ਇੰਗਲੈਂਡ ਅਤੇ ਯੂਰਪ ਦੀ ਪਦਾਰਥਵਾਦੀ ਸਭਿਅਤਾ ਬਾਰੇ ਚਰਚਾ ਕਰਦੇ ਹੋਏ ਭਾਰਤ ਦੇ ਦਿਖਾਵੇ ਵਾਲੇ ਢੰਗ ਨੂੰ ਪੇਸ਼ ਕੀਤਾ ਹੈ, ਉੱਥੇ ਹੀ ਪੱਛਮੀ ਜੀਵਨ ਸ਼ੈਲੀ ਦੀ ਅੰਦਰੂਨੀ ਝਲਕ ਵੀ ਵਿਖਾਈ ਦਿੰਦੀ ਹੈ। ਲੇਖਕ ਨੇ ਮੌਸਮ ਸਭਿਆਚਾਰ, ਜੀਵਨ ਕੀਮਤਾਂ ਆਦਿ ਦੇ ਨਾਲ-ਨਾਲ ਯੂਰਪ ਦੀ ਵਿਕਸਿਤ ਤੇ ਉਦਯੋਗਿਕ ਸਭਿਅਤਾ ਦੇ ਪਦਾਰਥਕ ਵਿਕਾਸ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਵਿਚ ਸੰਬੋਧਨੀ ਸ਼ੈਲੀ ਦੀ ਵਰਤੋਂ ਕੀਤੀ ਹੈ। ਇਨ੍ਹਾਂ ਦਾ ਇੱਕ ਹੋਰ ਸਫ਼ਰਨਾਮਾ 'ਸੈਲਾਨੀ ਦੇਸ ਭਗਤ` (1955) ਹੈ।

**6) ਹਜ਼ੂਰੀ ਸਾਥੀ:**

ਅਕਾਲੀ ਕੌਰ ਸਿੰਘ ਨੇ ਇਸ ਦੀ ਰਚਨਾ 1933 ਵਿਚ ਕੀਤੀ ਅਤੇ ਇਹ ਧਾਰਮਿਕ ਸਫ਼ਰਨਾਮਾ ਹੈ, ਜਿਸ ਵਿਚ ਧਾਰਮਿਕ ਸਥਾਨਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਸ਼ਰਧਾਮਈ ਤੇ ਸੰਪਰਦਾਇਕ ਬਿਰਤੀ ਦਾ ਪ੍ਰਗਟਾਵਾ ਹੋਇਆ। ਇਹ ਰਚਨਾ ਸਿੱਖ ਸੰਗਤਾਂ ਦੀ ਧਾਰਮਿਕ ਭਾਵਨਾ ਨੂੰ ਤ੍ਰਿਪਤ ਕਰਨ ਦੇ ਨਾਲ-ਨਾਲ ਧਾਰਮਿਕ ਵਿਰਸੇ ਦੇ ਮਹੱਤਵ ਨੂੰ ਵੀ ਉਜਾਗਰ ਕਰਦੀ ਹੈ।

**7) ਆਪਣਾ ਦੇਸ਼ ਅਤੇ ਇੱਕ ਝਾਤ ਸੋਵੀਅਤ ਰੂਸ `ਤੇ:**

ਇਹ ਪਿਆਰਾ ਸਿੰਘ ਸਹਿਰਾਈ ਦੇ ਦੋ ਮਹੱਤਵਪੂਰਨ ਸਫ਼ਰਨਾਮੇ ਹਨ। ਆਪਣਾ ਦੇਸ਼ ਸਫ਼ਰਨਾਮੇ ਵਿਚ ਲੇਖਕ ਨੇ ਰੂਸ ਦੀ ਯਾਤਰਾ ਅਤੇ ਉੱਥੋਂ ਦੀ ਤਰੱਕੀ ਬਾਰੇ ਵਿਸਤਰਿਤ ਵਰਣਨ ਕੀਤਾ ਹੈ। ਇਸ ਵਿਚ ਉੱਥੋਂ ਦੀ ਦੇਸ਼ ਭਗਤੀ ਅਤੇ ਵਤਨਪ੍ਰਸਤੀ ਬਹੁਤ ਚੰਗੀ ਲੱਗਦੀ ਹੈ ਅਤੇ ਲੇਖਕ ਨੇ ਰੂਸੀ ਸਮਾਜ ਦੇ ਸਭਿਆਚਾਰ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਇਹ ਸਫ਼ਰਨਾਮਾ 1942 ਵਿਚ ਰਚਿਆ ਗਿਆ। ਦੂਜਾ ਸਫ਼ਰਨਾਮਾ ਜਿਸ ਦੀ ਰਚਨਾ 1943 ਵਿਚ ਕੀਤੀ ਗਈ, ਵਿਚ ਲੇਖਕ ਪਹਿਲਾਂ ਨਾਲੋਂ ਤੀਬਰ ਰੂਪ ਵਿਚ ਰੂਸੀ ਜੀਵਨ ਤੇ ਰਾਜਾ ਪ੍ਰਬੰਧ ਦਾ ਪ੍ਰਚਾਰਕ ਬਣਦਾ ਦਿਖਾਈ ਦਿੰਦਾ ਹੈ।

**8) ਦੇਸ਼ਾਂ ਪ੍ਰਦੇਸ਼ਾਂ ਵਿਚੋਂ:**

ਨਰਿੰਦਰਪਾਲ ਸਿੰਘ ਨੇ 1949 ਵਿਚ ਇਸ ਦੀ ਰਚਨਾ ਕੀਤੀ ਅਤੇ ਇਸ ਵਿਚ ਅਰਬ ਦੇਸ਼ ਅਤੇ ਯੂਰਪੀ ਦੇਸ਼ਾਂ ਵਿਚ ਕੀਤੇ ਹੋਏ ਸਫ਼ਰ ਦੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ, ਲੇਖਕ ਨੇ ਚਿੱਠੀਆਂ ਦੀ ਵਿਧੀ ਰਾਹੀਂ ਸਫ਼ਰ ਦੇ ਵੇਰਵਿਆਂ ਅਤੇ ਸਮਾਚਾਰਾਂ ਨੂੰ ਇਸ ਵਿਚ ਪੇਸ਼ ਕੀਤਾ ਹੈ। ਇਸ ਵਿਚ

1944 ਤੋਂ 1948 ਤੱਕ ਦੀ ਦੂਜੀ ਸੰਸਾਰ ਜੰਗ ਦੀ ਯਾਦ ਨੂੰ ਯਥਾਰਥਕ ਅਤੇ ਰੋਚਕ ਢੰਗ ਨਾਲ ਪੇਸ਼ ਕੀਤਾ ਹੈ। ਮੇਰਾ ਰੂਸੀ ਸਫ਼ਰਨਾਮਾ (1960), ਆਰਿਆਨਾ (1961), ਅਫ਼ਗਾਨਿਸਤਾਨ (1977) ਨਰਿੰਦਰਪਾਲ ਦੇ ਮਹੱਤਵਪੂਰਨ ਸਫ਼ਰਨਾਮੇ ਹਨ।

**9) ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ:**

ਇਸ ਵਿਚ ਲੇਖਕ ਦੀਆਂ ਦੋ ਯਾਤਰਾਵਾਂ, 1937 ਬ੍ਰਿਜ ਭੂਮੀ ਅਤੇ 1938 ਵਿਚ ਮਲਾਇਆ ਦੀ ਯਾਤਰਾ ਦਾ ਵਰਣਨ ਹੈ। ਬ੍ਰਿਜ ਭੂਮੀ ਬਾਰੇ ਭਰਪੂਰ ਉੱਲੇਖ ਦੇ ਨਾਲ-ਨਾਲ ਆਪਣੇ ਗੁਆਂਢੀ ਦੇਸ਼ ਬਾਰੇ ਵੇਰਵੇ ਸਾਹਿਤ ਜਾਣਕਾਰੀ ਦਿੱਤੀ ਹੈ। ਇਸ ਵਿਚ ਮਲਾਇਆ ਦੇ ਲੋਕਾਂ ਦੇ ਜੀਵਨ ਅਤੇ ਕੁਦਰਤੀ ਨਜ਼ਾਰਿਆਂ ਦੀ ਚੰਗਾ ਵਰਣਨ ਹੈ। ਲੇਖਕ ਦਾ ਬਿਆਨ ਢੰਗ ਰਸਾਤਮਿਕ, ਸੁਹਿਰਦ ਅਤੇ ਮਾਨਵੀ ਗੁਣਾਂ ਨਾਲ ਭਰਪੂਰ ਹੈ।

**10) ਪਾਤਾਲ ਦੀ ਧਰਤੀ:**

ਬਲਵੰਤ ਗਾਰਗੀ ਦੁਆਰਾ 1967 ਵਿਚ ਰਚਿਤ ਇਹ ਸਫ਼ਰਨਾਮਾ ਅਮਰੀਕਾ ਦੀ ਫੇਰੀ ਨਾਲ ਸੰਬੰਧਿਤ ਹੈ, ਜਿਸ ਵਿਚ ਨਾਟਕੀ ਤੇ ਕਾਵਿਕ ਰੰਗ ਰਾਹੀਂ ਸੁੰਦਰ ਕਥਾ-ਵਰਣਨ ਮਿਲਦਾ ਹੈ। ਉਸ ਨੇ ਸ਼ਹਿਰਾਂ, ਕੁਦਰਤੀ ਨਜ਼ਾਰਿਆਂ ਅਤੇ ਮਹੱਤਵਪੂਰਨ ਥਾਵਾਂ ਦਾ ਵਰਣਨ ਮਿਲਦਾ ਹੈ। ਗਾਰਗੀ ਨੇ ਕਈ ਮੁਲਕਾਂ ਦੀ ਯਾਤਰਾ ਕੀਤੀ ਪਰ ਉਹਨਾਂ ਨੇ ਸਿਰਫ਼ ਅਮਰੀਕਾ ਯਾਤਰਾ ਨੂੰ ਹੀ ਪੁਸਤਕ ਰੂਪ ਦਿੱਤਾ। ਉਹਨਾਂ ਦਾ ਬਹੁਤ ਧਿਆਨ ਇੱਥੋਂ ਦੀ ਕਲਾ, ਇਮਾਰਤਸਾਜ਼ੀ, ਦਸਤਕਾਰੀ ਕਲਾਕਾਰ, ਕਲਾ ਵਸਤਾਂ, ਭਾਸ਼ਾ, ਨਾਚ ਆਦਿ ਵੱਲ ਵਧੇਰੇ ਰੁਚਿਤ ਰਿਹਾ ਹੈ।

**11) ਮੇਰਾ ਰੂਸੀ ਸਫ਼ਰਨਾਮਾ ਤੇ ਮੇਰਾ ਪਾਕਿਸਤਾਨੀ ਸਫ਼ਰਨਾਮਾ:**

ਮੇਰਾ ਰੂਸੀ ਸਫ਼ਰਨਾਮੇ ਦੀ ਰਚਨਾ ਬਲਰਾਜ ਸਾਹਨੀ ਨੇ 1967 ਈ: ਵਿਚ ਕੀਤੀ ਅਤੇ ਇਹ ਸੋਵੀਅਤ ਰੂਸ ਨਾਲ ਸੰਬੰਧਿਤ ਹੈ। ਰੂਸ ਦੀ ਧਰਤੀ ਨਾਲ ਉਸ ਦਾ ਸਿਧਾਂਤਕ ਇਸ਼ਟ ਤੇ ਚੇਤੰਨ ਲਗਾਉ ਜੁੜੇ ਹੋਏ ਸਨ। ਦੂਜਾ ਸਫ਼ਰਨਾਮਾ 1969 ਈ. ਵਿਚ ਰਚਿਆ ਗਿਆ ਅਤੇ ਪਾਕਿਸਤਾਨ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਵਿਚ ਉਹ ਪੰਜਾਬੀਆਂ ਦੇ ਜਜ਼ਬੇ ਅਤੇ ਵੰਡ ਦੇ ਦੁਖਾਂਤ ਨੂੰ ਚਿਤਰਦਾ ਹੈ ਅਤੇ ਵਤਨ ਦੀ ਮਿੱਟੀ ਦੀ ਸਾਂਝ ਤੇ ਸਭਿਆਚਾਰਕ ਉਦਰੇਵੇਂ ਨੂੰ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਚਿਤਰਦਾ ਹੈ। ਮੇਰਾ ਰੂਸੀ ਸਫ਼ਰਨਾਮਾ ਵਿਚ ਜਿੱਥੇ ਉਹ ਯੂਰਪੀ ਦੇਸ਼ਾਂ ਦੀ ਆਰਥਿਕਤਾ, ਆਰਥਿਕ ਬਰਾਬਰੀ, ਸਮਾਜਿਕ ਕਦਰਾਂ ਕੀਮਤਾਂ ਅਤੇ ਰਾਜਨੀਤਿਕਤਾ ਦੀ ਸਿਫ਼ਤ ਕਰਦਾ ਹੈ ਤਾਂ ਉੱਥੋਂ ਦੇਸ਼ ਦੀ ਆਰਥਿਕ ਕਾਣੀ ਵੰਡ ਉੱਤੇ ਟੀਕਾ ਟਿੱਪਣੀ ਵੀ ਕਰਦਾ ਹੈ। ਇਸ ਦੀ ਸ਼ੈਲੀ ਦਾਰਸ਼ਨਿਕ ਰੰਗ ਵਾਲੀ ਹੋਣ ਕਰਕੇ ਬੜੀ ਰੋਚਕ ਹੈ।

**12) ਅੱਖੀਂ ਡਿੱਠਾ ਰੂਸ:**

ਸਾਧੂ ਸਿੰਘ ਹਮਦਰਦ ਨੇ 1971 ਵਿਚ ਇਸ ਦੀ ਰਚਨਾ ਕੀਤੀ। ਇਸ ਵਿਚ ਰੂਸ ਦੀ ਸਰਬਪੱਖੀ ਪ੍ਰਗਤੀ ਦਾ ਵਰਣਨ ਕੀਤਾ ਗਿਆ ਹੈ।

**13) ਇੱਕੀ ਪੱਤੀਆਂ ਦਾ ਗੁਲਾਬ:**

1973 ਵਿਚ ਅੰਮ੍ਰਿਤਾ ਪ੍ਰੀਤਮ ਨੇ ਇਸ ਦੀ ਰਚਨਾ ਕੀਤੀ ਤੇ ਇਸ ਦਾ ਸੰਬੰਧ ਯੂਰਪ, ਬਲਗਾਰੀਆ, ਤਹਿਰਾਨ ਆਦਿ ਨਾਲ ਹੈ। ਆਕਾਰ ਵਿਚ ਛੋਟੀ ਹੋਣ ਦੇ ਬਾਵਜੂਦ ਇਸ ਵਿਚ ਵਾਕਫ਼ੀ ਤੇ ਜਾਣਕਾਰੀ ਵਧੇਰੇ ਹੈ। 'ਅੱਗ ਦੀਆਂ ਲੀਕਾਂ' 1969 ਲੇਖਿਕਾਂ ਦਾ ਇੱਕ ਹੋਰ ਮਹੱਤਵਪੂਰਨ ਸਫ਼ਰਨਾਮਾ ਹੈ।

**14) ਮੇਰੀ ਇੰਗਲੈਂਡ ਯਾਤਰਾ:**

ਸੰਤੋਖ ਸਿੰਘ ਧੀਰ ਨੇ ਇਹ ਰਚਨਾ 1978 ਵਿਚ ਕੀਤੀ ਇਸ ਰਚਨਾ ਵਿਚ ਲੇਖਕ ਨੇ ਇੰਗਲੈਂਡ ਸੰਬੰਧੀ ਬਹੁ-ਪੱਖੀ ਜਾਣਕਾਰੀ ਦਿੱਤੀ ਇਹ ਇਹਨਾਂ ਦਾ ਪਹਿਲਾ ਸਫ਼ਰਨਾਮਾ ਹੈ।

**15) ਕੱਚੇ ਰੰਗਾਂ ਦਾ ਸ਼ਹਿਰ ਲੰਡਨ:**

1985 ਵਿਚ ਅਜੀਤ ਕੌਰ ਦੁਆਰਾ ਰਚਿਤ ਇਹ ਸਫ਼ਰਨਾਮਾ ਲੰਡਨ ਦੀ ਸੈਰ ਉੱਪਰ ਆਧਾਰਿਤ ਹੈ ਅਤੇ ਇਸ ਵਿਚ ਆਧੁਨਿਕਤਾਵਾਦੀ ਰੰਗ ਨੂੰ ਉਘਾੜਿਆ ਗਿਆ ਹੈ।

**16) ਪਟਿਆਲੇ ਤੋਂ ਪਟਿਆਲੇ ਤੱਕ:**

ਡਾ. ਸੁਰਜੀਤ ਸੇਠੀ ਨੇ ਇਸ ਦੀ ਰਚਨਾ 1990 ਵਿਚ ਕੀਤੀ। ਇਸ ਸਫ਼ਰਨਾਮੇ ਨੂੰ ਪੜ੍ਹ ਕੇ ਅਮਰੀਕਾ, ਕੈਨੇਡਾ ਅਤੇ ਸਕਾਟਲੈਂਡ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਇਹ ਵਿਲੱਖਣ ਭਾਂਤ ਦਾ ਸਫ਼ਰਨਾਮਾ ਹੈ

**17) ਮੇਰੀ ਅਮਰੀਕਾ ਫੇਰੀ:**

ਅਤਰਜੀਤ ਕੌਰ ਸੂਰੀ ਵੱਲੋਂ ਇਸਦੀ ਰਚਨਾ 1998 ਵਿਚ ਕੀਤੀ ਗਈ। ਇਸ ਵਿਚ ਅਮਰੀਕਾ ਵਿਚ ਵੱਸਦੇ ਦੇਸ਼ ਵਾਸੀਆਂ ਤੇ ਪਰਿਵਾਰ ਦੇ ਲੋਕਾਂ ਨੂੰ ਮਿਲਣ ਦੀ ਸਿੱਕ ਨੂੰ ਤਰਜੀਹ ਦਿੱਤੀ ਗਈ ਹੈ। ਇਸ ਵਿਚ ਇਤਿਹਾਸਕ ਸਥਾਨਾਂ, ਅਜਾਇਬ ਘਰਾਂ, ਸਭਿਆਚਾਰਕ ਕੇਂਦਰਾਂ ਆਦਿ ਬਾਰੇ ਵੇਰਵਾ

ਦਿੱਤਾ ਗਿਆ ਹੈ। ਇਹਨਾਂ ਦਾ ਇੱਕ ਹੋਰ ਸਫ਼ਰਨਾਮਾ 'ਮੇਰਾ ਅਰਬ ਦੇਸ਼ ਦਾ ਸਫ਼ਰਨਾਮਾ' ਹੈ। ਇਹਨਾਂ ਸਫ਼ਰਨਾਮਿਆਂ ਤੋਂ ਬਿਨਾਂ ਪੰਜਾਬੀ ਸਫ਼ਰਨਾਮੇ ਜਪਾਨ ਦੀ ਝਾਕੀ (1911) ਜੀਵਨ ਸਿੰਘ ਸੇਵਕ, ਕਸ਼ਮੀਰ ਦੀ ਰਿਆਸਤ ਦਾ ਸਫ਼ਰ (1925) ਸੁੰਦਰ ਸਿੰਘ ਨਰੂਲਾ, ਪੰਜਾਬ ਯਾਤਰਾ (1931) ਅਤਰ ਸਿੰਘ ਨੀਰ, ਅਮਰੀਕਾ ਚੱਕਰ (1951) ਹਰਦਿੱਤ ਸਿੰਘ ਢਿੱਲੋਂ, ਧਰਤੀ ਦਾ ਸਵਰਗ (1962) ਗੁਰਦਿਆਲ ਸਿੰਘ ਫੁੱਲ, ਦੇਖੀ ਤੇਰੀ ਵਲੈਤ (1917) ਆਈ.ਜੇ ਗੁਲ੍ਹਾਟੀ, ਕਲਕੱਤੇ ਦੀ ਸੈਰ (1980) ਬਲਦੇਵ ਸਿੰਘ, ਅੱਖੀਆਂ ਵੇਖ ਨਾ ਰੱਜੀਆਂ (1991) ਸਵਰਨ ਸਿੰਘ, ਕੰਧ ਉਹਲੇ ਪ੍ਰਦੇਸ਼ (1999) ਹਰਭਜਨ ਸਿੰਘ ਹੁੰਦਲ ਪਾਕਿਸਤਾਨ (2003) ਗੁਰਮੁਖ ਸਿੰਘ ਸਹਿਗਲ, ਮਾਊਂਟ ਆਬੂ ਵਾਇਆ ਪੁਸ਼ਕ (2011) ਸੰਪਾ. ਡਾ.ਜੇ.ਬੀ.ਸੇਖੋਂ, ਗਵਾਂਢੀ (2013) ਰਾਜਵੀਰ ਰੰਧਾਵਾ ਆਦਿ ਮਹੱਤਵਪੂਰਨ ਸਫ਼ਰਨਾਮੇ ਹਨ।

**ਸਾਰੰਸ਼**

ਉਪਰੋਕਤ ਚਰਚਾ ਕਰਨ ਪਿੱਛੋਂ ਅਸੀਂ ਇਸ ਸਿੱਟੇ ਉੱਪਰ ਪੁੱਜਦੇ ਹਾਂ ਕਿ ਵੀਹਵੀਂ ਸਦੀ ਵਿਚ ਪੰਜਾਬੀ ਸਫ਼ਰਨਾਮਾ ਕਾਫ਼ੀ ਹਰਮਨ ਪਿਆਰਾ ਬਣਿਆ ਕਿਉਂਕਿ ਇਸ ਸਮੇਂ ਦੌਰਾਨ ਵੱਡੀ ਗਿਣਤੀ ਵਿਚ ਲੇਖਕਾਂ ਨੇ ਇਸ ਸਾਹਿੱਤਿਕ ਰੂਪ ਵਿਚ ਆਪਣੀ ਰੁਚੀ ਦਿਖਾਈ। 1906 ਤੋਂ ਲੈ ਕੇ ਹੁਣ ਤੱਕ ਲਗਭਗ 200 ਤੋਂ ਉੱਪਰ ਸਫ਼ਰਨਾਮੇ ਲਿਖੇ ਜਾ ਚੁੱਕੇ ਹਨ। ਇਹਨਾਂ ਵਿਚ ਜਿੱਥੇ ਵੱਖ ਵੱਖ ਦੇਸ਼ਾਂ ਦੇ ਸਥਾਨਾਂ ਅਤੇ ਇਤਿਹਾਸ ਦਾ ਵਰਣਨ ਕੀਤਾ ਗਿਆ ਹੈ, ਉੱਥੇ ਹੀ ਉੱਥੋਂ ਦੇ ਸਮਾਜ, ਸਭਿਆਚਾਰ ਤੇ ਜੀਵਨ ਜਾਂਚ ਨੂੰ ਅੰਕਿਤ ਕੀਤਾ ਗਿਆ ਹੈ। ਆਧੁਨਿਕ ਪੰਜਾਬੀ ਸਫ਼ਰਨਾਮਿਆਂ ਵਿਚ ਦੇਸ਼ ਨਾਲੋਂ ਵਿਦੇਸ਼ੀ ਯਾਤਰਾਵਾਂ ਦੀ ਰੁਚੀ ਵਧੇਰੇ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਵੀਹਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਪੰਜਾਬੀ ਸਫ਼ਰਨਾਮਾ ਸਾਹਿਤ ਦਾ ਵਿਸ਼ੇ ਅਤੇ ਰੂਪ ਪੱਖ ਤੋਂ ਕਾਫ਼ੀ ਵਿਕਾਸ ਹੋਇਆ ਹੈ, ਕਿਉਂਕਿ ਇਹਨਾਂ ਵਿਚ ਸਮਾਜਿਕ ਤੇ ਸਭਿਆਚਾਰਕ ਸਮੱਸਿਆਵਾਂ ਦਾ ਅਨੁਭਵੀ ਚਿਤਰਨ ਵੀ ਹੋਇਆ ਮਿਲਦਾ ਹੈ। ਜਿਵੇਂ ਕਿ ਨਸਲੀ ਵਿਤਕਰਾ, ਭੂ ਹੇਰਵਾ, ਪੀੜ੍ਹੀ-ਪਾੜ੍ਹਾ, ਰਿਸ਼ਤਿਆਂ ਦੀ ਟੁੱਟ ਭੱਜ ਆਦਿ ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਫ਼ਰਨਾਮਾ ਓਪਰੀਆਂ ਧਰਤੀਆਂ ਬਾਰੇ ਗਿਆਨ ਪ੍ਰਦਾਨ ਕਰਨ ਵਾਲਾ ਇੱਕ ਮਹੱਤਵਪੂਰਨ ਵਾਰਤਕ ਸਾਹਿਤ ਰੂਪ ਹੈ। ਪੰਜਾਬੀ ਸਫ਼ਰਨਾਮੇ ਦੀ ਇਸ ਪੜਾਅ ਤੇ ਕੁਝ ਅਸਲੋਂ ਹੀ ਵੱਖਰੇ ਸਫ਼ਰਨਾਮੇ ਵੀ ਪ੍ਰਾਪਤ ਹੁੰਦੇ ਹਨ ਇਨ੍ਹਾਂ ਸਫ਼ਰਨਾਮਿਆਂ ਵਿੱਚ ਵਰਣਨ ਕੀਤੀਆਂ ਥਾਵਾਂ ਬਿਲਕੁਲ ਅਣਛੋਹ ਪਈਆਂ ਹਨ ਇਨ੍ਹਾਂ ਵਿੱਚ ਬਰਜਿੰਦਰ ਸਿੰਘ ਹਮਦਰਦ ਦਾ ਧਰਤੀਆਂ ਦੇ ਗੀਤ ਸਫ਼ਰਨਾਮਾ ਅੰਡੇਮਾਨ  ਨਿਕੋਬਾਰ ਦੀਪ ਸਮੂਹ ਤੇ ਆਦਿਵਾਸੀ ਕਬੀਲਿਆਂ ਬਾਰੇ ਹੈ ਇਸ ਤਰ੍ਹਾਂ ਬਲਬੀਰ ਮਾਧੋਪੁਰੀ ਨੇ ਆਪਣੇ ਸਫ਼ਰਨਾਮੇ ਸਮੁੰਦਰ ਦੀ ਅੰਗ ਸੰਗ ਵਿੱਚ ਦੱਖਣੀ ਭਾਰਤ ਦੇ ਲੋਕਾਂ ਤੇ ਅਣਛੋਹ ਧਰਤੀ ਨੂੰ ਪੇਸ਼ ਕੀਤਾ ਹੈ  ਇਸ ਖੇਤਰ ਵਿੱਚ ਸਭ ਤੋਂ ਉੱਘਾ ਨਾਮ ਸੁਰਜੀਤ ਸਿੰਘ ਢਿੱਲੋਂ ਦਾ ਹੈ ਉਸ ਨੇ ਉਸ ਧਰਤੀ ਸਬੰਧੀ ਆਪਣਾ ਸਫ਼ਰਨਾਮਾ ਅਨੋਖੇ ਰਾਹਾਂ ਦਾ ਸਫ਼ਰ ਐਂਟਾਰਟਿਕਾ ਲਿਖਿਆ ਹੈ ਜੋ ਠੰਢਾ ਚੱਕ ਹੈ ਕਿ ਉੱਥੇ ਪਹੁੰਚਣ ਹੀ ਲਗਪਗ ਅਸੰਭਵ ਹੈ  ਪੰਜਾਬੀ ਸਫ਼ਰਨਾਮੇ ਵਿੱਚ ਇਸ ਪੜਾਅ ਉੱਤੇ ਇਕ ਹੋਰ ਤਬਦੀਲੀ ਵਾਪਰਦੀ ਹੈ ਪਹਿਲਾਂ ਪੰਜਾਬੀ ਲੇਖਕ ਦੂਸਰੇ ਅਤੇ ਬਿਗਾਨੇ ਮੁਲਕਾਂ ਸਬੰਧੀ ਲਿਖਦੇ ਸਨ ਪਰ ਇਸ ਪੜਾਅ ਉੱਤੇ ਪਹੁੰਚ ਕੇ ਪਰਵਾਸੀ ਪੰਜਾਬੀ ਲੇਖਕ ਜੋ ਵਿਭਿੰਨ ਪੱਛਮੀ ਮੁਲਕਾਂ ਵਿੱਚ ਵਸੇ ਹਨ  ਉਹ ਭਾਰਤ ਜਾਂ ਪੰਜਾਬ ਫੇਰੀ ਨੂੰ ਆਪਣੇ ਸਫ਼ਰਨਾਮੇ ਵਿੱਚ ਬਿਆਨਦੇ ਹਨ ਇਸ ਕਿਸਮ ਦੇ ਸਫ਼ਰਨਾਮਿਆਂ ਵਿੱਚ ਸਵਰਨ ਚੰਦਨ ਦਾ ਆਪਣੀ ਧਰਤੀ ਉਸ ਦੀ ਪੰਜਾਬ ਫੇਰੀ ਨਾਲ ਸਬੰਧਤ ਹੈ ਇਸ ਵਿੱਚ ਦਿੱਲੀ ਜਲੰਧਰ ਅਤੇ ਅੰਮ੍ਰਿਤਸਰ ਵਿੱਚ ਘੁੰਮਣ ਦਾ ਵਰਣਨ ਹੈ ਇਸੇ ਤਰ੍ਹਾਂ ਪ੍ਰੀਤਮ ਸਿੱਧੂ ਆਪਣੇ ਸਫ਼ਰਨਾਮੇ ਮੇਰੀ ਪੰਜਾਬ ਫੇਰੀ ਵਿਚ ਉਸ ਦੌਰਾਨ ਉਸ ਦੌਰ ਦਾ ਵਰਨਣ ਕੀਤਾ ਹੈ ਜਿਸ ਨੂੰ ਪੰਜਾਬ ਖਾੜਕੂਵਾਦ ਸਮੇਂ ਆਪਣੇ ਪਿੰਡੇ ਉੱਤੇ ਹੰਢਾਅ ਰਿਹਾ ਸੀ ਹਰਜੀਤ ਅਟਵਾਲ ਦਾ ਸਫ਼ਰਨਾਮਾ ਫੋਕਸ ਉਸ ਵੱਲੋਂ ਪੰਜਾਬ  ਪੰਜਾਬ ਵਿੱਚ ਦੋ ਮਹੀਨੇ ਬਿਤਾਉਣ ਅਤੇ ਬਿਗਾਨੀ ਧਰਤੀ ਤੇ ਆਪਣੇ ਮੁਲਕ ਦੇ ਘਰ ਦੇ ਹੇਰਵੇ ਨੂੰ ਪੇਸ਼ ਕਰਦਾ ਹੈ  ਕੁੱਲ ਮਿਲਾ ਕੇ ਇਸ ਦੌਰ ਵਿੱਚ ਵਿਸ਼ਕ ਅਫ਼ਗ਼ਾਨਿਸਤਾਨ ਅਰਬ ਪਾਕਿਸਤਾਨ ਬ੍ਰਹਮਾ ਤੇ ਅਫ਼ਰੀਕਾ ਸੰਬੰਧੀ ਵੀ ਸਫ਼ਰਨਾਮੇ ਲਿਖੇ ਗਏ ਪਰ ਚੀਨ ਰੂਸ ਪਾਕਿਸਤਾਨ ਅਮਰੀਕਾ ਕੈਨੇਡਾ ਤੇ ਇੰਗਲੈਂਡ ਸੰਬੰਧੀ ਸਫ਼ਰਨਾਮੇ ਸਭ ਤੋਂ ਵਧੇਰੇ ਲਿਖੇ ਗਏ ਹਨ

**ਕੇਂਦਰੀ ਸ਼ਬਦ :**

ਸਫਰਨਾਮਾ---- ਯਾਤਰਾ ਅਨੁਭਵ

ਅਜਨਵੀ---- ਨਾ ਜਾਣਨਣ ਵਾਲਾ

ਚਿੱਠੀ --- ਖ਼ਤ

ਪਹਾੜੀ ਰਿਆਸਤਾਂ------ ਯਾਤਰਾ ਪਹਾੜੀ ਇਲਾਕਿਆਂ ਦੀ

ਕੁਦਰਤ--- ਪ੍ਰਕਿਰਤੀ ਦ੍ਰਿਸ਼

ਸ਼ਰਧਾ  ---------- ਭਾਵਨਾ

ਬਿਰਤੀ------ ਸੁਰਤ

**ਸਵੈ-ਮੁਲਾਂਕਣ:**

1. ਸਫ਼ਰਨਾਮੇ ਦਾ ਸ਼ਾਬਦਿਕ ਅਰਥ ਕੀ ਹੈ?
   ੳ. ਯਾਤਰਾ
   ਅ. ਲਿਖਣਾ
   ੲ. ਦੇਖਣਾ
   ਸ. ਉਸਾਰੀ ਕਰਨਾ

2. ਸਫ਼ਰ ਕਿਹੜੀ ਭਾਸ਼ਾ ਦਾ ਸ਼ਬਦ ਹੈ?
   ੳ. ਜਰਮਨ
   ਅ. ਸੰਸਕ੍ਰਿਤ
   ੲ. ਅਰਬੀ
   ਸ. ਉਰਦੂ

3. ਲਾਲ ਸਿੰਘ ਕਮਲਾ ਅਕਾਲੀ ਦਾ ਸਫਰਨਾਮਾ ਹੈ।
   ੳ. ਬਰਮ੍ਹਾ ਦੀ ਸੈਰ
   ਅ. ਪਹਾੜੀ ਰਿਆਸਤ
   ੲ. ਮੇਰਾ ਵਲਾਇਤੀ ਸਫ਼ਰਨਾਮਾ
   ਸ. ਸੈਲ ਪੱਧਰ

4. ਦੁਨੀਆ ਦੀ ਸੈਰ ਦੀ ਕਿਸ ਦਾ ਸਫਰਨਾਮਾ ਹੈ?
   ੳ. ਗੁਰਬਖਸ਼ ਸਿੰਘ ਨੌਰੰਗ
   ਅ. ਆਕਾਲੀ ਕੌਰ
   ੲ. ਲਾਲ ਸਿੰਘ ਕਮਲਾ ਅਕਾਲੀ
   ਸ. ਨਰਿੰਦਰਪਾਲ

5. ਪਾਤਾਲ ਦੀ ਧਰਤੀ ਸਫਰਨਾਮਾ ਕਿਸ ਦਾ ਹੈ?
   ੳ. ਸਟੀਫਨ ਸਪੇਂਡਰ
   ਅ. ਪ੍ਰੋ.ਪੂਰਨ
   ੲ. ਬਲਵੰਤ ਗਾਰਗੀ
   ਸ. ਬਲਵੰਤ ਗਾਰਗੀ

6. ਸਫ਼ਰਨਾਮੇ ਦੇ ਅੰਸ਼ ਮੱਧਕਾਲ ਦੀ ਕਿਸ ਵਿਧਾ ਵਿੱਚੋਂ ਮਿਲਦੇ ਹਨ ?
   ੳ. ਸਾਖੀ
   ਅ. ਜਨਮਸਾਖੀ
   ੲ. ਰਹਿਤਨਾਮੇ
   ਸ. ਟੀਕੇ

7. ਦੂਸਰਿਆਂ ਬਾਰੇ ਗਿਆਨ ਦੀ ਭੁੱਖ ਅਤੇ ਸੋਜ਼ ਸੁੰਦਰਤਾ ਵੇਖਣ ਤੇ ਮਾਨਣ ਦੀ ਖਿੱਚ ਮਨੁੱਖ ਨੂੰ ਕਿੱਥੋਂ ਦਾ ਸਫ਼ਰ ਤੈਅ ਕਰਨ ਲਈ

ਪ੍ਰੇਰਦੀ ਆਈ ਹੈ?

ੳ. ਰੁੱਤਾਂ ਮੌਸਮਾਂ

ਅ. ਦੇਸ਼ ਵਿਦੇਸ਼

ੲ. ਘਰ ਬਾਹਰ

ਸ. ਕੋਈ ਵੀ ਨਹੀਂ

8. ਪੀਟਰ ਮਾਰਟਿਨ ਅਤੇ ਪਿੰਟੋ ਨੇ ਕਿਹੜੇ ਸਮਾਚਾਰ ਬੜੇ ਰੌਚਿਕ ਢੰਗ ਨਾਲ ਲਿਖੇ?

ੳ. ਸੁਖ਼ਦ

ਅ. ਪ੍ਰੇਮ ਸਫ਼ਰ

ੲ. ਦੁਰਘਟਨਾ

ਸ. ਖਾਲੀ ਪਲਾਟ

9. ਸਫ਼ਰ ਅਤੇ ਨਾਮਾਂ ਦੇ ਜੋੜ ਤੋਂ ਕੀ ਸਿਰਜਿਤ ਹੋਇਆ ?

ੳ. ਜ਼ਿੰਦਗੀਨਾਮਾ

ਅ. ਸੜਕਨਾਮਾ

ੲ. ਸੁਤੰਤਰ ਨਾਮਾ

ਸ. ਸਫ਼ਰਨਾਮਾ

10. ਸਫ਼ਰਨਾਮਾ ਲੇਖਕ ਆਪਣੀ ਖਾਸ ਦ੍ਰਿਸ਼ਟੀਕੋਣ ਨਾਲ ਕਿਹੜੇ ਸੰਸਾਰ ਦਾ ਨਿਰੀਖਣ ਕਰਦਾ ਹੈ ?

ੳ. ਬਾਹਰੀ

ਅ. ਅੰਦਰੂਨੀ

ੲ. ਭਾਰਤ

ਸ. ਕੋਈ ਵੀ ਨਹੀਂ

11. ਗੁਰਦਿਆਲ ਸਿੰਘ ਫੁੱਲ ਦੇ ਵਿਚਾਰ ਅਨੁਸਾਰ ਕਿਹੜਾ ਗਿਆਨ ਅਧੂਰਾ ਤੇ ਦਿਮਾਗੀ ਰੰਗ ਬਣ ਕੇ ਰਹਿ ਜਾਂਦਾ ਹੈ ?

ੳ. ਕਿਤਾਬੀ ਗਿਆਨ

ਅ. ਧਰਮ ਗਿਆਨ

ੲ. ਰਾਜਨੀਤਿਕ ਗਿਆਨ

ਸ. ਕੋਈ ਵੀ ਨਹੀਂ

12. ਯਾਤਰਾ ਦਾ ਹਾਲ ਕਿਸ ਵਿਧਾ ਵਿਚ ਦਰਸਾਇਆ ਜਾਂਦਾ ਹੈ ?

ੳ. ਸਫ਼ਰਨਾਮਾ

ਅ. ਨਾਟਕ

ੲ. ਨਾਵਲ

ਸ. ਕਹਾਣੀ

13. ਮੇਰਾ ਰੂਸੀ ਸਫ਼ਰਨਾਮਾ ਕਿਸ ਦੀ ਰਚਨਾ ਹੈ ?

ੳ. ਪਿਆਰਾ ਸਿੰਘ ਦਾਤਾ

ਅ. ਪ੍ਰੋ ਰਾਮ ਸਿੰਘ

ੲ. ਲਾਲ ਸਿੰਘ ਕਮਲਾ ਅਕਾਲੀ

ਸ. ਡਾ ਪਾਲ ਕੌਰ

14. ਮੇਰਾ ਪਾਕਿਸਤਾਨੀ ਸਫ਼ਰਨਾਮਾ ਕਿਸ ਦੀ ਰਚਨਾ ਹੈ?

ੳ. ਬਲਰਾਜ ਸਾਹਨੀ

ਅ. ਲਾਲ ਸਿੰਘ ਕਮਲਾ ਅਕਾਲੀ

ੲ. ਪ੍ਰੋਫ਼ੈਸਰ ਰਾਮ ਸਿੰਘ

ਸ. ਪਿਆਰਾ ਸਿੰਘ ਦਾਤਾ

15. ਨਵਤੇਜ ਸਿੰਘ ਦੇ ਸਫ਼ਰਨਾਮੇ ਦਾ ਨਾਂ ਕੀ ਹੈ?

ੳ. ਮੇਰਾ ਪਾਕਿਸਤਾਨੀ ਸਫ਼ਰਨਾਮਾ

ਅ. ਮੇਰਾ ਰੂਸੀ ਸਫ਼ਰਨਾਮਾ

ੲ. ਦੋਸਤੀ ਦਾ ਪੰਧ

ਸ. ਕਸ਼ਮੀਰ ਤੇ ਕੁੱਲੂ

**ਅਭਿਆਸ ਪ੍ਰਸ਼ਨ**

1. ਸਫ਼ਰਨਾਮੇ ਤੋਂ ਕੀ ਭਾਵ ਹੈ?
2. ਸਫ਼ਰਨਾਮੇ ਦਾ ਇਤਿਹਾਸ ਮੂਲਕ ਅਧਿਐਨ ਕਰੋ ।
3. ਪੰਜਾਬੀ ਦੇ ਪ੍ਰਮੁੱਖ ਸਫ਼ਰਨਾਮਿਆਂ ਬਾਰੇ ਜਾਣਕਾਰੀ ਦਿਓ ।
4. ਵਿਦੇਸ਼ੀ ਸਫ਼ਰਨਾਮਿਆਂ ਦੇ ਲੇਖਕਾਂ ਬਾਰੇ ਜਾਣਕਾਰੀ ਦਿਓ।
5. ਸਫਰਨਾਮੇ ਦੇ ਪੜਾਅ ਦੱਸੋ।

**ਸੰਦਰਭ ਪੁਸਤਕਾਂ:**


1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ(ਆਦਿ ਕਾਲ ਤੋਂ ਸਮਕਾਲ ਤੱਕ),ਲਾਹੌਰ ਬੁੱਕ ਸ਼ਾਪ, ਲੁਧਿਆਣਾ, 2018

2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017

3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2016

4. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018


**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%u0a2a%u0a70%u0a1c%u0a3e%u0a2c%u0a40+%u0a38%u0a5e%u0a30%u0a28%u0a3e%u0a2e%u0a47

## ਉੱਤਰਮਾਲਾ

| | | | | |
|---|---|---|---|---|
| 1. ੳ | 2. ੲ | 3. ੲ | 4. ੳ | 5. ਸ |
| 6. ਅ | 7. ਅ | 8. ਅ | 9. ਸ | 10. ੳ |
| 11. ੳ | 12. ੳ | 13. ੲ | 14. ੳ | 15. ੲ |

# ਅਧਿਆਇ-14: ਵਾਰਤਕ ਜੀਵਨੀ, ਸਵੈ-ਜੀਵਨੀ ਸਾਹਿਤ

*Kirandeep Singh, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


**ਉਦੇਸ਼ :**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

1. ਜੀਵਨੀ ਅਤੇ ਸਵੈ-ਜੀਵਨੀ ਦੇ ਅਰਥਾਂ ਬਾਰੇ ਜਾਣੂ ਹੋਣਗੇ।
2. ਜੀਵਨੀ ਅਤੇ ਸਵੈ-ਜੀਵਨੀ ਦੀ ਪਰਿਭਾਸ਼ਾ ਬਾਰੇ ਜਾਣੂ ਹੋਣਗੇ।
3. ਜੀਵਨੀ ਅਤੇ ਸਵੈ-ਜੀਵਨੀ ਦੇ ਵਿਕਾਸ ਬਾਰੇ ਜਾਣਨਗੇ।

**ਪ੍ਰਸਤਾਵਨਾ**

ਜੀਵਨੀ : ਵਾਰਤਕ ਸਾਹਿਤ ਦਾ ਇੱਕ ਕਲਾਤਮਿਕ ਰੂਪ ਜੀਵਨੀ ਹੈ। ਵਿਅਕਤੀ ਵਿਸ਼ੇਸ਼ ਦੇ ਜੀਵਨ ਬਿਰਤਾਂਤ ਨੂੰ ਜੀਵਨੀ ਕਿਹਾ ਜਾਂਦਾ ਹੈ। ਇਸ ਲਈ ਅੰਗਰੇਜ਼ੀ ਪਰਿਆਇ ਬਾਇਓਗ੍ਰਾਫੀ ( Biography ) ਯੂਨਾਨੀ ਸ਼ਬਦ ' ਬਾਇਓਸ' ( Bios ) ਅਤੇ ' ਗ੍ਰਾਫੋਸ' ( Graphos ) ਦੇ ਸੁਮੇਲ ਤੋਂ ਬਣਿਆ ਹੈ। ਬਾਇਓਸ ਤੋਂ ਭਾਵ ਜੀਵਨ ਅਤੇ ਗ੍ਰਾਫੋਸ ਤੋਂ ਲਿਖਤ ਦੇ ਹਨ। ਇਸ ਪ੍ਰਕਾਰ ਬਾਇਓਗ੍ਰਾਫੀ ਤੋਂ ਭਾਵ ਕਿਸੇ ਵਿਅਕਤੀ ਦਾ ਜੀਵਨ ਲਿਖਣ ਅਰਥਾਤ ਉਸ ਦੇ ਕਾਰਜਾਂ ਦਾ ਲੇਖਾ-ਜੋਖਾ ਕਰਨ ਤੋਂ ਹੈ।

ਆਮ ਸੰਕਲਪ ਅਨੁਸਾਰ ਜੀਵਨੀ ਕਿਸੇ ਖ਼ਾਸ ਵਿਅਕਤੀ ਦਾ ਜੀਵਨ ਬਿਰਤਾਂਤ ਹੈ । ਪਰ ਅਸਲ ਵਿਚ ਜੀਵਨੀ ਘਟਨਾਵਾਂ ਦੀ ਬਿਆਨਬਾਜ਼ੀ ਨਹੀਂ ਸਗੋਂ ਨਾਇਕ ਦਾ ਜੀਵਨ ਬਿਉਰਾ ਹੈ , ਉਸ ਦੇ ਅੰਦਰਲੇ-ਬਾਹਰਲੇ ਦਾ ਕਲਾਤਮਿਕ ਨਿਰੂਪਣ ਹੈ । ਮਾਰਕ ਟੇਲਰ ਲਿਖਦਾ ਹੈ , " ਜੀਵਨੀ ਮਨੁੱਖ ਦਾ ਅਜਿਹਾ ਲਿਬਾਸ ਹੈ , ਜਿਸ ਵਿਚ ਝਰੋਖੇ ਹੁੰਦੇ ਹਨ ਅਤੇ ਜਿਸ ਨੂੰ ਮਨੁੱਖ ਖ਼ੁਦ ਨਹੀਂ ਲਿਖ ਸਕਦਾ । " ਇਸ ਪ੍ਰਕਾਰ ਜੀਵਨੀ ਕਿਸੇ ਦੇ ਜੀਵਨ ਦੀ ਪੁਨਰ ਸਿਰਜਣਾ ਹੈ । ਇਸ ਦਾ ਮੰਤਵ ਨਾਇਕ ਦੀ ਸ਼ਖ਼ਸੀਅਤ ਦੇ ਸਰਬਪੱਖੀ ਅਧਿਐਨ ਕਰਨ ਦਾ ਹੈ । ਨਾਇਕ ਦਾ ਸੁਭਾਅ , ਖ਼ਾਹਿਸ਼ਾਂ , ਭਾਵਨਾਵਾਂ , ਰੁਚੀਆਂ , ਚਰਿੱਤਰ , ਸਮੱਸਿਆਵਾਂ , ਸਫਲਤਾਵਾਂ , ਅਸਫਲਤਾਵਾਂ ਆਦਿ ਸਭ ਕੁੱਝ ਜੀਵਨੀ ਕਲਾ ਵਿਚ ਇਸ ਤਰ੍ਹਾਂ ਸਮੋਇਆ ਹੁੰਦਾ ਹੈ ਕਿ ਉਸ ਦਾ ਵਿਅਕਤਿਤਵ ਪੂਰੀ ਤਰ੍ਹਾਂ ਉਜਾਗਰ ਹੋ ਜਾਵੇ ।

ਜੀਵਨ ਦਾ ਸਭ ਤੋਂ ਪ੍ਰਮੁੱਖ ਵਿਸ਼ਾ-ਮਨੁੱਖੀ ਚਰਿੱਤਰ ਹੈ । ਮਨੁੱਖੀ ਚਰਿੱਤਰ ਕਿਸੇ ਆਦਰਸ਼ ਵਿਅਕਤੀ ਦੇ ਜੀਵਨ ਚਰਿੱਤਰ ਦੇ ਸਹਾਰੇ ਹੀ ਵਿਅਕਤ ਕੀਤਾ ਜਾਂਦਾ ਹੈ । ਇਸ ਲਈ ਜੀਵਨੀ ਦੀ ਚੂਲ ਸੁਪ੍ਰਸਿੱਧ ਨਾਇਕ ਹੀ ਹੁੰਦਾ ਹੈ । ਨਾਇਕ ਹੀ ਜੀਵਨੀ ਕਲਾ ਦਾ ਕੇਂਦਰੀ ਧੁਰਾ ਹੈ । ਜੀਵਨ ਅਤੇ ਸੰਸਾਰ ਦੇ ਕਿਸੇ ਖੇਤਰ ਵਿਚ ਵਿਸ਼ੇਸ਼ ਸਫਲਤਾ ਹਾਸਲ ਕਰਨ ਵਾਲੇ ਵਿਅਕਤੀ ਦੀ ਹੀ ਜੀਵਨੀ ਲਿਖੀ ਜਾ ਸਕਦੀ ਹੈ । ਦੇਵੀ-ਦੇਵਤੇ , ਰਾਜੇ-ਮਹਾਰਾਜੇ , ਮਹਾਂਪੁਰਖ , ਧਾਰਮਿਕ ਆਗੂ , ਸਮਾਜਿਕ , ਰਾਜਨੀਤਿਕ ਜਾਂ ਵਿੱਦਿਅਕ ਖੇਤਰ ਦੇ ਪ੍ਰਮਾਣ ਪੁਰਸ਼ ਅਰਥਾਤ ਆਦਰਸ਼ ਵਿਅਕਤਿਤਵ ਦੇ ਮਾਲਕ ਜੀਵਨੀ ਦੇ ਨਾਇਕ ਬਣਦੇ ਹਨ ।

ਭਾਵੇਂ ਰਚਨਾ ਜੀਵਨੀ ਹੋਵੇ ਜਾਂ ਸਵੈ-ਜੀਵਨੀ, ਉਸ ਦਾ ਮਹੱਤਵ ਇੱਕ ਬੰਨੇ ਵਿਸ਼ਾ ਵਸਤੂ ਭਾਵ ਨਾਇਕ ਦੇ ਵਿਅਕਤਿਤਵ ਦੀ ਵੈਰਾਗਤਾ ਤੇ ਵਿਚਿੱਤਰਤਾ ਉੱਤੇ ਆਧਾਰਿਤ ਹੁੰਦਾ ਹੈ ਅਤੇ ਦੂਜੇ ਬੰਨੇ ਜੀਵਨੀ-ਕਾਰ ਦੇ ਨਿਭਾ ਜਾਂ ਲਿਖਣ ਸ਼ੈਲੀ ਉੱਤੇ । ਪੰਜਾਬੀ ਦੇ ਆਧੁਨਿਕ ਸਾਹਿਤ ਵਿਚ ਜੀਵਨੀ ਸਾਹਿਤ ਦਾ ਭੰਡਾਰ ਤਾਂ ਕਾਫ਼ੀ ਹੈ, ਪਰ ਅਜਿਹੀ ਵੰਨਗੀ ਦੀਆਂ ਸਪਸ਼ਟ ਰਚਨਾਵਾਂ ਦੀ ਬੜੀ ਥੁੜ ਹੈ । ਇਸ ਬੰਨੇ ਅਨੁਵਾਦਕਾਂ ਦਾ ਧਿਆਨ ਬਹੁਤਾ ਨਹੀਂ ਗਿਆ । ਇਸ ਕਾਲ ਦੇ ਜੀਵਨੀ ਸਾਹਿਤ ਨੂੰ ਕਈ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ. ਅਰਥਾਤ ਸਵੈ-ਜੀਵਨੀਆਂ ਜਾਂ ਆਤਮ-ਕਥਾਵਾਂ ਜਿਨ੍ਹਾਂ ਦਾ ਕਰਤਾ ਆਪਣੇ ਜੀਵਨ ਰਹਿਮ ਦਸ ਰਿਹਾ ਹੁੰਦਾ ਹੈ। ਵਿਸ਼ੇਸ਼ ਜੀਵਨੀਆਂ ਜਿਨ੍ਹਾਂ ਵਿਚ ਲੇਖਕ ਕਿਸੇ ਮਹਾਨ-ਭਾਵੀ ਵਿਅਕਤੀ ਜਾਂ ਅਸਾਧਾਰਨ ਵਿਅਕਤੀ ਦੇ ਜੀਵਨ ਸਮਾਚਾਰਾਂ ਨੂੰ ਬਿਆਨ ਕਰਦਾ ਹੈ; ਜੀਵਨੀ ਲੇਖ ਜਾਂ ਛੋਟ ਆਕਾਰ ਵਿਚ ਨਾਇਕ ਦੇ ਸੰਪੂਰਨ ਜੀਵਨ ਦੀ ਝਲਕ ਦੇ ਜਾਂਦੇ ਹਨ, ਅੰਸ਼ਕ ਜੀਵਨੀਆਂ ਜਾ ਸਵੈ-ਜੀਵਨੀਆਂ ਦੀਆਂ ਨਿੱਕੀਆਂ ਝਲਕਾਂ ਜੋ ਸਾਹਿੱਤਿਕ ਆਲੋਚਨਾ ਦੀਆਂ ਪੁਸਤਕਾਂ ਵਿਚ ਕਿਸੇ ਸਾਹਿਤਕਾਰ ਦੇ ਜੀਵਨ ਸੰਬੰਧੀ ਵਰਣਨ ਵਿਚ ਮਿਲਦੀਆਂ ਹਨ ਅਤੇ ਆਤਮ ਸਿਮਰਤੀਆਂ ਤੇ ਅਭੁੱਲ ਯਾਦਾਂ ਦੇ ਰੂਪ ਵਿਚ ਸਵੈ-ਜੀਵਨ ਨੂੰ ਚਿਤਰਨ ਵਾਲੀਆਂ ਆਤਮ ਚਿਤਰਨ ਉੱਤੇ ਆਧਾਰਿਤ ਰਚਨਾਵਾਂ ਆਦਿ । ਇਨ੍ਹਾਂ ਤੋਂ ਬਿਨਾਂ ਰੇਖਾ-ਚਿਤਰ ਤੇ ਮੁਲਾਕਾਤਾਂ ਆਦਿ ਵਿਚੋਂ ਵੀ ਜੀਵਨੀ ਸਾਹਿਤ ਦਾ ਆਨੰਦ ਮਾਣਿਆ ਜਾ ਸਕਦਾ ਹੈ । ਇਤਿਹਾਸਕ ਜੀਵਨੀਆਂ ਜਾਂ ਬਿਰਤਾਂਤ ਜਿਨ੍ਹਾਂ ਵਿਚ ਨਾਇਕ ਦੇ ਟਾਕਰੇ ਤੇ ਇਤਿਹਾਸ ਦੇ ਪੱਖ ਭਾਰੂ ਹੋ ਜਾਣ, ਵੱਖਰੀ ਵੰਨਗੀ ਵਿਚ ਆਉਂਦੀਆਂ ਹਨ। ਸਾਧਾਰਨ ਭਾਂਤ ਦੀ ਜੀਵਨੀ ਤੇ ਉੱਚੇ ਪੱਧਰ ਦੀ ਸਾਹਿੱਤਿਕ ਗੁਣਾਂ ਵਾਲੀ ਜੀਵਨੀ ਵਿਚ ਢੇਰ ਅੰਤਰ ਹੁੰਦਾ ਹੈ। ਜਿੱਥੇ ਪਹਿਲੀ ਦਾ ਮਨੋਰਥ ਉਪਯੋਗੀ ਢੰਗ ਨਾਲ ਜਾਣਕਾਰੀ ਦੇਣਾ ਹੈ, ਉੱਥੇ ਦੂਜੀ ਸਾਹਿੱਤਿਕ ਸੁਹਜ ਸਵਾਦ ਨੂੰ ਮੁੱਖ ਰੱਖਦੀ ਹੈ । ਭਾਵੇਂ ਇਸ ਕਾਲ ਦੇ ਜੀਵਨੀ ਸਾਹਿਤ ਵਿਚ ਵਿਸ਼ੇਸ਼ ਭਾਂਤ ਦਾ ਉਚੇਰਾ ਸਾਹਿੱਤਿਕ ਮਿਆਰ ਦ੍ਰਿਸ਼ਟੀਗੋਚਰ ਨਹੀਂ ਹੁੰਦਾ, ਫਿਰ ਵੀ ਕੁੱਝ ਰਚਨਾਵਾਂ ਅਵੱਸ਼ ਨਿੱਖੜ ਕੇ ਸਾਹਮਣੇ ਆਈਆਂ ਹਨ। ਆਪਣੇ ਸਾਹਿੱਤਿਕ ਗੁਣਾਂ ਕਾਰਨ ਉਨ੍ਹਾਂ ਨੇ ਜੀਵਨੀ ਸਾਹਿਤ ਵਿਚ ਵਿਸ਼ੇਸ਼ ਪਰੰਪਰਾ ਨੂੰ ਸਥਾਪਿਤ ਕੀਤਾ ਹੈ ।

ਇਸ ਕਾਲ ਵਿਚ ਕੁੱਝ ਉੱਘੇ ਲੇਖਕਾਂ ਨੇ ਸਵੈ-ਜੀਵਨੀ ਵਲ ਉਚੇਚਾ ਧਿਆਨ ਦਿੱਤਾ ਹੈ। ਪ੍ਰਿੰਸੀਪਲ ਤੇਜਾ ਸਿੰਘ ਦੀ "ਆਰਸੀ, ਨਾਨਕ ਸਿੰਘ ਦੀ ਮੇਰੀ ਦੁਨੀਆ, ਗੁਰਬਖ਼ਸ਼ ਸਿੰਘ ਦੀ ਮੇਰੀ ਜੀਵਨ ਕਹਾਣੀ ਤੇ 'ਮੰਜ਼ਿਲ ਦਿਸ ਪਈ ਇਸ ਸ਼੍ਰੇਣੀ ਦੀਆਂ ਵਰਨਣਯੋਗ ਰਚਨਾਵਾਂ ਹਨ | ਪ੍ਰੋ. ਪੂਰਨ ਸਿੰਘ ਦੀ ਅੰਗਰੇਜ਼ੀ ਵਿਚ ਲਿਖੀ ਅੰਸ਼ਿਕ ਸਵੈ-ਜੀਵਨੀ (On the Paths of life) ਇਸ ਕਾਲ ਵਿਚ ਛਪੀ, ਜਿਸ ਦਾ ਗੁਰਬਖ਼ਸ਼ ਸਿੰਘ ਦੁਆਰਾ ਕੀਤਾ ਅਨੁਵਾਦ, ਜ਼ਿੰਦਗੀ ਦੇ ਰਾਹਾਂ 'ਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਹੋਇਆ । ਇਹ ਪੁਸਤਕਾਂ ਇੱਕ ਤਾਂ ਸਿੱਧ ਸਾਹਿਤਕਾਰਾਂ ਵੱਲੋਂ ਲਿਖੀਆਂ ਗਈਆਂ ਹਨ, ਦੂਜੇ ਇਨ੍ਹਾਂ ਦੀ ਸ਼ੈਲੀ ਸੁਹਜ ਤੇ ਕਲਾਮਈ ਗੁਣਾਂ ਨਾਲ ਭਰਪੂਰ ਹੈ ਅਤੇ ਤੀਜੀ ਇਹ ਕਿ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਦੇ ਵਿਅਕਤੀਗਤ ਪਿਛੋਕੜ ਦੇ ਗੁੱਝੇ ਤੇ ਰਮਜ਼ੀਆ ਪੱਖਾਂ ਉੱਤੇ ਪ੍ਰਕਾਸ਼ ਪਾਉਂਦੀਆਂ ਹਨ। ਇਹ ਸਾਰੇ ਲੇਖਕ ਚੋਟੀ ਦੇ ਅਨੁਭਵੀ, ਰਸਿਕ ਤੇ ਚੇਤੰਨ ਸ਼ਖ਼ਸੀਅਤ ਵਾਲੇ, ਵਿਸ਼ੇਸ਼ ਰੂਪ ਦੀ ਵਿਅਕਤੀਗਤ ਸ਼ੈਲੀ ਦੇ ਸੁਆਮੀ ਹਨ, ਇਸ ਲਈ ਇਨ੍ਹਾਂ ਦੀਆਂ ਇਹ ਰਚਨਾਵਾਂ ਆਧੁਨਿਕ ਗੱਦ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਦੀਆਂ ਹਨ ।

ਪਿਛਲੇ ਦੋ ਦਹਾਕਿਆਂ ਵਿਚ ਕੁੱਝ ਹੋਰ ਪ੍ਰਮੁੱਖ ਸਾਹਿਤਕਾਰਾਂ ਜਿਨ੍ਹਾਂ ਵਿਚ ਕੁੱਝ ਇਸਤਰੀ ਲੇਖਕ ਵੀ ਸ਼ਾਮਲ ਹਨ, ਇਸ ਬੰਨੇ ਆਪਣੀਆਂ ਆਪਣੀਆਂ ਸਵੈ-ਜੀਵਨੀਆਂ ਲਿਖ ਕੇ ਪੰਜਾਬੀ ਗੱਦ ਸਾਹਿਤ ਨੂੰ ਅਮੀਰ ਬਣਾਉਣ ਵਿਚ ਸ਼ਲਾਘਾ ਯੋਗ ਯਤਨ ਕੀਤਾ ਹੈ। ਇਨ੍ਹਾਂ ਦਾ ਵੇਰਵਾ ਢੁਕਵੇਂ ਪ੍ਰਕਰਨ ਅਨੁਸਾਰ ਕੀਤਾ ਜਾ ਰਿਹਾ ਹੈ।

ਪ੍ਰਿੰ. ਤੇਜਾ ਸਿੰਘ ਦੀ 'ਆਰਸੀਂ ਵਿਚ ਉਸਦੀ ਅਨੁਭਵੀ ਸ਼ੈਲੀ ਵਧੇਰੇ ਨਿੱਖਰ ਕੇ ਸਾਹਮਣੇ ਆਈ ਹੈ। ਇਸ ਵਿਚ ਮੌਲਿਕ ਬਿਰਤਾਂਤ ਵਾਲਾ ਰਸ ਹੈ। ਲੇਖਕ ਨੇ ਆਪਣਾ ਆਪ ਬਿਆਨ ਕਰਨ ਸਮੇਂ ਕੋਈ ਉਹਲਾ ਜਾਂ ਪਰਦਾ ਨਹੀਂ ਰੱਖਿਆ, ਸਗੋਂ ਸਭ ਕੁੱਝ ਇੰਨ ਬਿੰਨ ਬਿਆਨ ਕਰ ਦਿੱਤਾ ਹੈ। ਇਹ ਬਿਆਨ ਨਾ ਕੇਵਲ ਲੇਖਕ ਦੀ ਜੀਵਨੀ ਦਾ ਹੀ ਪੱਖ ਹੈ, ਸਗੋਂ ਇਹ ਤੱਤ-ਕਾਲੀਨ ਸਮਾਜਕ ਯਥਾਰਥ ਦੇ ਚਿੱਤਰਾਂ ਤੇ ਇਤਿਹਾਸਕ ਤੱਥਾਂ ਨਾਲ ਵੀ ਭਰਪੂਰ ਹੈ

ਨਾਨਕ ਸਿੰਘ ਦੀ ਸਵੈ-ਜੀਵਨੀ "ਮੇਰੀ ਦੁਨੀਆ ਵਿਚ ਨਾਵਲ ਵਾਲਾ ਰੰਗ ਤੇ ਰਸ ਹੈ। ਇਸ ਵਿਚ ਬਿਆਨ ਇਤਿਹਾਸਕ ਨਹੀਂ, ਸਗੋਂ ਨਿੱਕੀਆਂ ਨਿੱਕੀਆਂ ਸਾਹਿੱਤਿਕ ਕਥਾਵਾਂ ਵਾਲਾ ਰੂਪ ਧਾਰਨ ਕਰ ਗਿਆ ਹੈ, ਜਿਸ ਨੂੰ ਲੇਖਕ ਨੇ ਬੜੀ ਸੂਝ ਨਾਲ ਗੁੰਦਿਆ ਹੈ। ਲੇਖਕ ਦੇ ਜੀਵਨ ਨਾਲ ਸੰਬੰਧਿਤ ਇਹ ਘਟਨਾਵਾਂ ਕਈ ਸੁਤੰਤਰ ਕਹਾਣੀਆਂ ਦਾ ਰੂਪ ਵੀ ਲਈ ਬੈਠੀਆਂ ਹਨ। ਉਦਾਹਰਨ ਵਜੋਂ 'ਕੋਲੋਂ ਨਾਂ ਦਾ ਕਾਂਡ ਆਪਣੇ ਆਪ ਵਿਚ ਸੁਤੰਤਰ ਸਾਹਿੱਤਿਕ ਕ੍ਰਿਤ ਦਾ ਪ੍ਰਭਾਵ ਪਾਉਂਦਾ ਹੈ। ਭਾਵੇਂ ਇਹ ਵੱਖ ਵੱਖ ਘਟਨਾਵਾਂ ਦੀ ਲੜੀ ਹੈ, ਪਰ ਲੇਖਕ ਨੇ ਇਸ ਨੂੰ ਬੜੀ ਸੁਹਣੀ ਤਰ੍ਹਾਂ ਇੱਕ ਸੰਗਲੀ ਵਿਚ ਪਰੋ ਦਿੱਤਾ ਹੈ, ਜਿਸ ਨਾਲ ਲੇਖਕ ਦੇ ਜੀਵਨ ਦੇ ਬਹੁਤ ਸਾਰੇ ਉਹ ਪੱਖ ਪਾਠਕਾਂ ਦੇ ਸਾਹਮਣੇ ਆ ਗਏ ਹਨ, ਜਿਨ੍ਹਾਂ ਤੋਂ ਬਿਨਾਂ ਉਸ ਦੇ ਸਾਹਿੱਤਿਕ ਜੀਵਨ ਦੇ ਕੁੱਝ ਪੱਖਾਂ ਤੇ ਨਾਵਲਾਂ ਦੇ ਕੁੱਝ ਪਾਤਰਾਂ ਤੇ ਘਟਨਾਵਾਂ ਨੂੰ ਸਮਝਣਾ ਜੇ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਸੀ। ਨਾਨਕ ਸਿੰਘ ਦਾ ਲਿਖਣ ਢੰਗ ਭਾਵੇਂ ਤੇਜਾ ਸਿੰਘ ਜਾਂ ਗੁਰਬਖ਼ਸ਼ ਸਿੰਘ ਵਰਗਾ ਸੁਲਝਿਆ ਤੇ ਸਾਧਿਆ ਹੋਇਆ ਨਹੀਂ, ਪਰ ਉਸ ਦੀ ਇਹ ਰਚਨਾ ਪੜ੍ਹਨ ਯੋਗ ਤੇ ਮਨੋਰੰਜਕ ਤੱਤਾਂ ਨੂੰ ਆਪਣੇ ਵਿਚ ਸਮਾਈ ਬੈਠੀ ਹੈ।

ਗੁਰਬਖ਼ਸ਼ ਸਿੰਘ ਦੀ ਪ੍ਰਤਿਭਾ ਗੱਦ-ਲੇਖਕ ਦੇ ਤੌਰ ਤੇ ਅਦੁੱਤੀ ਤੇ ਲਾਸਾਨੀ ਹੈ, ਪਰ ਇੱਕ ਅਜਿਹੀ ਰਚਨਾ, ਜਿਸ ਵਿਚ ਉਸ ਦਾ ਅਨੁਭਵ, ਚੇਤੰਨਤਾ, ਗਿਆਨ ਤੇ ਸ਼ੈਲੀ ਇੱਕ ਦਮ ਵੈਰਾਟ ਅਰਥ ਧਾਰਨ ਕਰ ਗਏ ਹਨ, ਉਹ ਉਸ ਦੀ ਸਵੈ-ਜੀਵਨੀ "ਮੇਰੀ ਜੀਵਨ ਕਹਾਣੀ" ਹੀ ਹੈ। ਗੁਰਬਖ਼ਸ਼ ਸਿੰਘ ਨੇ ਪਹਿਲੀ ਵਾਰ ਆਪਣੇ ਅੰਦਰਲੇ ਸੂਖਮ ਆਪੇ ਦੀ, ਹਿਰਦ ਹੋ ਕੇ ਸੁੰਦਰ ਕਲਾਤਮਕ ਰੂਪ ਵਿਚ ਸੰਪੂਰਨ ਝਲਕ ਵਿਖਾਈ ਹੈ। ਉਸ ਨੇ ਆਪਣੇ ਨਿੱਜੀ ਜੀਵਨ ਨਾਲ ਸੰਬੰਧਿਤ, ਅਨੇਕ ਘਟਨਾਵਾਂ ਨੂੰ ਆਪਣੀਆਂ ਕਹਾਣੀਆਂ ਤੇ ਲਿਖਤਾਂ ਵਿਚ ਬਿਆਨਿਆਂ ਸੀ, ਪਰ ਉੱਥੇ ਸ਼ੰਕਾ ਇਹ ਬਣਿਆ ਰਹਿੰਦਾ ਹੈ ਕਿ ਇਹ ਗੁਰਬਖ਼ਸ਼ ਸਿੰਘ ਦੀ ਮਨੋਂ ਕਲਪਨਾ ਹੀ ਹੈ, ਵਾਸਤਵਿਕ ਤੱਥ ਨਹੀਂ, ਪਰ ਇਸ ਰਚਨਾ ਦੇ ਛਪਣ ਮਗਰੋਂ ਉਹ ਰਚਨਾਵਾਂ, ਜਿਨ੍ਹਾਂ ਵਿਚ ਗੁਰਬਖ਼ਸ਼ ਸਿੰਘ ਬੜਾ ਨੇੜੇ ਸੀ ਤੇ ਉਸ ਦਾ ਆਪਾ ਘੋਲਿਆ ਹੋਇਆ ਹੁੰਦਾ ਸੀ, ਹੁਣ ਵਾਸਤਵਿਕ ਅਰਥ ਗ੍ਰਹਿਣ ਕਰ ਗਈਆਂ ਹਨ। ਗੁਰਬਖ਼ਸ਼ ਸਿੰਘ ਆਪਣੇ ਜੀਵਨ ਦੀਆਂ ਨਿੱਕੀਆਂ ਵੱਡੀਆਂ ਘਟਨਾਵਾਂ ਨੂੰ ਆਪਣੇ ਬਚਪਨ ਦੀਆਂ ਯਾਦਾਂ ਤੋਂ ਲੈ ਕੇ, ਪੰਚ ਜੀਵਨ ਦੇ ਅਨੁਭਵ ਤਕ ਲੈ ਆਉਂਦਾ ਹੈ ਤੇ ਰਾਂਗਲੀ ਤਸਵੀਰ ਦੇ ਅਨੇਕ ਚਿੱਤਰ ਸਾਡੇ ਸਾਹਮਣੇ ਲਿਆ ਪ੍ਰਸਤੁਤ ਕਰਦਾ ਹੈ। ਗੁਰਬਖ਼ਸ਼ ਸਿੰਘ ਦੀ ਸਵੈ-ਜੀਵਨੀ ਉੱਤੇ ਪ੍ਰਕਾਸ਼ ਪਾਉਣ ਵਾਲੀ ਇੱਕ ਹੋਰ ਪੁਸਤਕ ਜੀਤਾਂ ਦੇ ਨਾਂ ਲਿਖੀਆਂ ਚਿੱਠੀਆਂ ਦੇ ਰੂਪ ਵਿਚ ਵੀ ਪ੍ਰਕਾਸ਼ਿਤ ਹੋਈ ਹੈ, ਜਿਸ ਵਿਚ ਸੂਝਵਾਨ, ਅਨੁਭਵੀ ਤੇ ਦੂਰ ਦ੍ਰਿਸ਼ਟੀ ਰੱਖਣ ਵਾਲੇ ਇਸ ਮਹਾਨ ਪੰਜਾਬੀ ਲੇਖਕ ਨੇ ਅਮਰੀਕਾ ਵਿਚ ਪ੍ਰਵਾਸ ਦੇ ਦੌਰਾਨ ਆਪਣੇ ਅਨੁਭਵਾਂ ਅਤੇ ਆਪਣੇ ਭਵਿੱਖ ਦੇ ਆਸ਼ਿਆਂ ਬਾਰੇ ਆਪਣੀ ਪਤਨੀ ਤੇ ਪ੍ਰੇਮ ਪੱਤੀਆਂ ਲਿਖੀਆਂ ਹਨ ਅਤੇ ਇਹ ਦੱਸਿਆ ਹੈ ਕਿ ਕਿਸ ਤਰ੍ਹਾਂ ਉਸ ਦੀਆਂ ਮੁਸ਼ਕਲਾਂ ਅਤੇ ਉੱਤੇ ਪਾਈਆਂ ਜ਼ਿੰਮੇਵਾਰੀਆਂ ਨੂੰ ਉਹ ਆਪਣੀ ਪੜ੍ਹਾਈ ਮੁਕਾ ਕੇ ਤੇ ਜੀਵਨ ਦੇ ਪੰਧ ਨੂੰ ਸ਼ੁਰੂ ਕਰ ਕੇ ਨਿਵਿਰਤ ਕਰ ਦੇਵੇਗਾ। ਇਸ ਲਈ ਗੁਰਬਖ਼ਸ਼ ਸਿੰਘ ਦੇ ਜੀਵਨ ਦੇ ਅਮਰੀਕਾ ਦੇ ਪ੍ਰਵਾਸ ਦੇ ਸਮੇਂ ਦੇ ਕਾਲ ਨੂੰ ਸਮਝਣ ਲਈ ਇਹ ਪੁਸਤਕ ਬਹੁਤ ਮਹੱਤਤਾ ਰੱਖਦੀ ਹੈ। ਜ਼ਿੰਦਗੀ ਦੇ ਰਾਹਾਂ 'ਤੇ ਗੁਰਬਖ਼ਸ਼ ਸਿੰਘ ਦਾ ਕੀਤਾ ਹੋਇਆ ਪੂਰਨ ਸਿੰਘ ਦੀ ਅੰਗਰੇਜ਼ੀ ਆਤਮ-ਕਥਾ ਦਾ ਅਨੁਵਾਦ ਹੈ। ਇਹ ਪੁਸਤਕ ਸਾਡੇ ਮਹਾਂ-ਕਵੀ ਤੇ ਚਿੰਤਕ ਦੀ ਅਨੁਭਵੀ ਸ਼ਖ਼ਸੀਅਤ, ਪ੍ਰਚੰਡ ਕਲਪਨਾ, ਭਾਵਕਤਾ ਤੇ ਆਦਰਸ਼ਕ ਰੂਪ ਦੀ ਸੂਖਮ ਮਾਨਵਵਾਦੀ ਤੱਕਣੀ ਦਾ ਤਿੱਖਾ ਤੇ ਨਿੱਖਰਿਆ ਰਸ-ਪੂਰਨ ਬਿਰਤਾਂਤ ਹੈ। ਜਾਪਾਨ ਵਿਚ ਬਿਤਾਏ ਜੀਵਨ ਕਾਲ ਦੇ ਅਨੁਭਵ ਵਿਸ਼ੇਸ਼ ਗੌਰਵ ਦੇ ਧਾਰਨੀ ਹਨ। ਪੂਰਨ ਸਿੰਘ ਦੀ ਅੰਤਰ-ਰਾਸ਼ਟਰੀ ਚੇਤਨਤਾ ਤੇ ਵਿਸ਼ਾਲ ਮਾਨਵ-ਵਾਦੀ ਦ੍ਰਿਸ਼ਟੀਕੋਣ ਦਾ ਪਰੀਚੇ, ਪਹਿਲੀ ਵਾਰ ਇਸ ਪੁਸਤਕ ਨਾਲ ਹੀ ਹੁੰਦਾ ਹੈ। ਸਵੈ-ਜੀਵਨੀ ਹੋਣ ਕਰਕੇ ਇਸ ਦੀ ਪ੍ਰਮਾਣਿਕਤਾ ਸ਼ੰਕਾ-ਰਹਿਤ ਹੈ।

ਅੰਮ੍ਰਿਤਾ ਪ੍ਰੀਤਮ ਦੀ ਲਘੂ ਸਵੈ-ਜੀਵਨੀ 'ਰਸੀਦੀ ਟਿਕਟ' ਵਿਚ ਲੇਖਕਾ ਨੇ ਆਪਣੇ ਨਿੱਜੀ ਜੀਵਨ ਦੇ ਕਈ ਪੱਖਾਂ ਨੂੰ ਭਾਵਕ ਤੇ ਕਾਵਿਮਈ ਰੂਪ ਵਿਚ ਬਿਆਨਣ ਦਾ ਯਤਨ ਕੀਤਾ ਹੈ। 'ਰਸੀਦੀ ਟਿਕਟ' ਵਾਂਗ ਇਹ ਉਸ ਦੀ ਸਨਦ ਬੱਧ ਤੇ ਪ੍ਰਮਾਣਿਕ ਰਚਨਾ ਹੈ । ਇਸ ਵਿਚ ਜਿੱਥੇ ਉਸ ਨੇ ਆਪਣੇ ਜੀਵਨ ਦੇ ਕਈ ਪੱਖਾਂ ਉੱਤੇ ਪ੍ਰਕਾਸ਼ ਪਾਇਆ ਹੈ, ਉੱਥੇ ਕਈ ਪੱਖ ਰਾਖਵੇਂ ਵੀ ਰੱਖ ਲਏ ਹਨ। ਸ਼ਾਇਦ ਇਸ ਲਈ ਕਿ ਉਹ ਉਨ੍ਹਾਂ ਬਾਰੇ ਕੁੱਝ ਕਹਿਣ ਤੋਂ ਸੰਕੋਚ ਕਰਦੀ ਹੈ। ਆਪਣੇ ਵਿਆਹੁਤਾ ਜੀਵਨ ਤੇ ਪੇਸ਼-ਅਨੁਭਵ ਤੋਂ ਲੈ ਕੇ ਉਸ ਨੇ ਆਪਣੇ ਪਤੀ ਸਮਕਾਲੀ ਲੇਖਕਾਂ ਦੇ ਸਾੜੇ ਤਕ ਦਾ ਜ਼ਿਕਰ ਕੀਤਾ ਹੈ, ਪਰ ਤਸਵੀਰ ਦਾ ਦੂਜਾ ਪੱਖ ਉਸ ਦਾ ਆਪਣਾ ਤੀਆ ਹਠ ਤੇ ਸਵੈ-ਅਭਿਮਾਨ ਵੀ ਥਾਂ ਥਾਂ ਉੱਤੇ ਝਲਕਦਾ ਦਿਸਦਾ ਹੈ । ਇਸੇ ਲਈ ਇਸ ਬਿਆਨ ਨੂੰ ਅੰਤਰਮੁਖੀ ਤੇ ਨਿੱਜੀ ਮੰਨਿਆ ਜਾਵੇਗਾ, ਅਨਿਜੀ ਰੂਪ ਦਾ ਉਚੇਚਾ ਸਾਹਿੱਤਿਕ ਅਭਿਵਿਅੰਜਨ ਨਹੀਂ । ਲੇਖਕ ਦੀ ਜੀਵਨੀ ਦੇ ਕੁੱਝ ਰੁਮਾਂਟਿਕ ਤੇ ਵਿਦਰੋਹ-ਭਾਵੀ ਨੁਕਤੇ ਵੀ ਇਸ ਵਿਚ ਹਨ ਅਤੇ ਕਈ ਥਾਵਾਂ 'ਤੇ ਉਸ ਦਾ ਸਨਕੀ-ਪੁਣਾ ਵੀ । ਪੁਸਤਕ ਦੀ ਸ਼ੈਲੀ ਜ਼ਰੂਰ ਰਸਦਾਇਕ ਤੇ ਸਬਲ ਹੈ । 'ਕਿਰਮਚੀ ਲਕੀਰਾਂ' ਤੇ 'ਕਾਲਾ ਗੁਲਾਬ' ਵਿਚ ਵੀ ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ ਦੇ ਕੁੱਝ ਹੋਰ ਅੰਸ਼ ਅੰਕਿਤ ਕੀਤੇ ਗਏ ਹਨ। ਜੋ ਇਨ੍ਹਾਂ ਉਕਤ ਸਾਹਿੱਤਿਕ ਰਚਨਾਵਾਂ ਤੋਂ ਬਿਨਾਂ ਸਵੈ-ਜੀਵਨੀ ਲਿਖਣ ਵਲ ਰੁਚੀ ਬਹੁਤ ਘੱਟ ਦਿਖਾਈ ਦਿੰਦੀ ਹੈ | ਕੁੱਝ ਰਾਜਸੀ ਖੇਤਰ ਦੇ ਬੀਰ ਸੰਗਰਾਮੀਆ ਤੇ ਦੇਸ਼ ਭਗਤਾਂ ਨੇ ਮਹੱਤਵ-ਪੂਰਨ ਇਤਿਹਾਸਕ ਤੱਥਾਂ ਨੂੰ ਸੁਰੱਖਿਅਤ ਕਰਨ ਹਿਤ ਆਪਣੀ ਜੀਵਨੀ ਦੇ ਕੁੱਝ ਅਜਿਹੇ ਪੱਖਾਂ ਨੂੰ ਕਲਮ-ਬੰਦ ਕੀਤਾ ਹੈ, ਜਿਹੜੇ ਸਾਡੇ ਇਨਕਲਾਬੀ ਇਤਿਹਾਸ ਦਾ ਵਡਮੁੱਲਾ ਕਾਂਡ ਹਨ । ਗੱਦਰ ਪਾਰਟੀ ਦੇ ਪ੍ਰਸਿੱਧ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ ਨੇ, ਆਪਣੀ ਜੀਵਨ ਯਾਤਰਾ ਦੀ ਸਮਾਪਤੀ ਤੋਂ ਕੇਵਲ ਇੱਕ ਸਾਲ ਪਹਿਲਾਂ ਆਪਣੀ ਆਤਮ-ਕਥਾ 'ਜੀਵਨ ਸੰਗਰਾਮ' ਪ੍ਰਕਾਸ਼ਿਤ ਕੀਤੀ । ਇਹ ਰਚਨਾ ਆਕਾਰ ਦੇ ਪੱਖ ਤੋਂ ਭਾਵੇਂ ਛੋਟੀ ਹੈ, ਪਰ ਬਾਬਾ ਜੀ ਨੇ ਆਪਣੇ ਜੀਵਨ ਦੇ ਕਈ ਅਲੋਪ ਪੱਖਾਂ ਨੂੰ ਪਹਿਲੀ ਵਾਰ ਪ੍ਰਮਾਣਿਕ ਰੂਪ ਵਿਚ ਪੇਸ਼ ਕੀਤਾ ਹੈ। ਇਨਕਲਾਬੀ ਸੰਗਰਾਮ ਦੀਆਂ ਕਠਨਾਈਆਂ ਵਿਚੋਂ ਗੁਜ਼ਰਦੀ ਇਨਕਲਾਬੀ ਜ਼ਿੰਦਗੀ, ਕਿਵੇਂ ਆਪਣੇ ਆਦਰਸ਼ਾਂ ਵਿਚ ਦ੍ਰਿੜ੍ਹ ਤੇ ਅਡੋਲ, ਨਿਸ਼ਚਿਤ ਮੰਜ਼ਲ ਵੱਲ ਵਧਦੀ ਹੈ, ਇਸ ਦੀ ਇੱਕ ਭਰਪੂਰ ਝਲਕ ਦੇ ਜਾਂਦੀ ਹੈ। ਬਾਬਾ ਜੀ ਨੇ ਮਹਾਂ-ਪੁਰਸ਼ਾਂ ਵਾਂਗ ਆਪਣੇ ਪਹਿਲੇ ਜੀਵਨ ਦੀਆਂ ਕਮਜ਼ੋਰੀਆਂ ਨੂੰ ਨਿਰਸੰਕੋਚ ਬਿਆਨਿਆਂ ਤੇ ਸਵੀਕਾਰ ਕੀਤਾ ਹੈ ! ਇਹ ਪੁਸਤਕ ਪਿਛਲੇ ਸਤਾਰਾਂ ਸਾਲਾਂ ਦੀ ਇਨਕਲਾਬੀ ਲਹਿਰ ਦੇ ਭਿੰਨ ਭਿੰਨ ਮੋੜਾਂ ਉੱਤੇ ਰੌਸ਼ਨੀ ਪਾਉਂਦੀ ਹੈ। ਇਸ ਵਿਚ ਇਨਕਲਾਬੀ ਦੇਸ਼ ਭਗਤ ਦੇ ਜੀਵਨ ਦੀ ਬੀਰ-ਗਾਥਾ ਦਾ ਆਤਮ ਨਿਰੂਪਣ ਅਤੇ ਆਤਮ ਵਿਵੇਚਨ ਕੀਤਾ ਗਿਆ ਹੈ। ਬਾਬਾ ਜੀ ਦਾ ਲਿਖਣ ਢੰਗ ਸਿੱਧਾ ਸਾਦਾ ਤੇ ਬੜਾ ਸਪਸ਼ਟ ਹੈ । ਉਹ ਪ੍ਰਚੰਡ ਸੂਝ ਰੱਖਣ ਵਾਲੇ ਰਾਜਸੀ ਸਮਾਚਾਰਾਂ ਦੇ ਬੁੱਧੀਮਾਨ ਆਲੋਚਕ ਵੀ ਸਨ ਅਤੇ ਇਨਕਲਾਬੀ ਅਮਲ ਤੇ ਸਿਧਾਂਤ ਦੇ ਸੁਮੇਲ ਵਿਚ ਵਿਸ਼ਵਾਸ ਰੱਖਦੇ ਸਨ । ਉਨ੍ਹਾਂ ਦੇ ਜੀਵਨ ਵਿਚ ਜਿੱਥੇ ਮਜ਼ਲੂਮ ਮਨੁੱਖਤਾ ਲਈ ਡੂੰਘੀ ਹਮਦਰਦੀ ਸੀ, ਉੱਥੇ ਜ਼ੁਲਮ ਵਿਰੁੱਧ ਡਟ ਜਾਣ ਦੀ ਫ਼ੌਲਾਦੀ ਦ੍ਰਿੜ੍ਹਤਾ ਵੀ ਸੀ । ਵੱਖ ਅਰਜਨ ਸਿੰਘ ਗੜਗੱਜ ਤੇ ਸੋਹਣ ਸਿੰਘ ਜੋਸ਼ ਨੇ ਬਾਬਾ ਜੀ ਦੇ ਜੀਵਨ ਨਾਲ ਸੰਬੰਧਿਤ ਇਨਕਲਾਬੀ ਸਮਾਚਾਰ ਲਿਖੇ ਹਨ । ਗੁਰਚਰਨ ਸਿੰਘ ਸਹਿਸਰਾ ਦੀ ਪੁਸਤਕ 'ਉਹ ਵੀ ਦਿਨ ਸਨ' ਭਾਵੇਂ ਉਸ ਦੇ ਕਿਰਤੀ ਲਹਿਰ ਸਮੇਂ ਦੇ ਇਨਕਲਾਬੀ ਤਜਰਬਿਆਂ ਦਾ ਸੰਗ੍ਰਹਿ ਹੈ, ਪਰ ਇਨ੍ਹਾਂ ਯਾਦਾਂ ਜਾਂ ਆਤਮ-ਸਿਮ੍ਰਿਤੀਆਂ ਵਿਚ ਇਸ ਦੀ ਝਲਕ ਵੀ ਮਿਲ ਜਾਂਦੀ ਹੈ। ਨਹਿਰੂ ਦੀ ਆਪ ਬੀਤੀ ਡਾ. ਰਾਜਿੰਦਰ ਪ੍ਰਸਾਦ ਦੀ ਆਤਮ ਕਥਾ, ਗਾਂਧੀ ਜੀ ਦੀ ਸਤ ਦੀ ਪ੍ਰਾਪਤੀ ਆਦਿ ਪੰਜਾਬੀ ਅਨੁਵਾਦਾਂ ਨਾਲ ਸਵੈ-ਜੀਵਨੀ ਸਾਹਿਤ ਦਾ ਖੇਤਰ ਯਕੀਨੀ ਤੌਰ 'ਤੇ ਵਿਸ਼ਾਲ ਹੋਇਆ ਹੈ। ਕੇਂਦਰੀ ਲੇਖਕ ਸਭਾ ਵੱਲੋਂ ਤੇਰਾ ਸਿੰਘ ਚੰਨ ਦੁਆਰਾ ਅਨੁਵਾਦਿਤ ਰੂਮ ਦੀ ਮਹਾਨ ਪੁਸਤਕ 'ਆਪ ਬੀਤੀਆਂ (ਮਾਈ ਕਨਫੈਸ਼ਨਜ਼) ਨਾਲ ਜੀਵਨੀ ਸਾਹਿਤ ਦਾ ਇੱਕ ਅਤਿ ਉੱਤਮ ਨਮੂਨਾ ਪੰਜਾਬੀ ਜਗਤ ਨੂੰ ਪੜ੍ਹਨ ਲਈ ਮਿਲਿਆ ਹੈ । ਰਾਜਸੀ ਨੇਤਾਵਾਂ ਲੇਖਕਾ ਵਿਚੋਂ ਮਾਸਟਰ ਤਾਰਾ ਸਿੰਘ ਤੇ ਗਿਆਨੀ ਹੀਰਾ ਸਿੰਘ ਦਰਦ ਦੋ ਅਜਿਹੇ ਲੇਖਕ ਹਨ, ਜਿਨ੍ਹਾਂ ਨੇ ਮੇਰੀਆਂ ਯਾਦਾਂ ਤੇ 'ਮੇਰੀਆਂ ਇਤਿਹਾਸਕ ਯਾਦਾਂ ਲਿਖੀਆਂ । ਇਨ੍ਹਾਂ ਰਚਨਾਵਾਂ ਵਿਚ ਲੇਖਕਾਂ ਨੇ ਸਵੈ-ਜੀਵਨੀ ਦੇ ਕਈ ਅੰਸ਼ਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ । ਦੋਹਾਂ ਦਾ ਲਿਖਣ ਢੰਗ ਬੜਾ ਸਿਧਾ, ਸਪਸ਼ਟ, ਰੋਚਕ ਤੇ ਅਰਥ-ਭਰਪੂਰ ਹੈ । ਦੋਹਾਂ ਨੇ ਹੀ ਮਹੱਤਵ ਪੂਰਨ ਰਾਜਸੀ ਘਟਨਾਵਾਂ ਨੂੰ ਬੜਾ ਨੇੜਿਉਂ ਵੇਖਿਆ ਹੈ । ਰਾਜਸੀ ਖੇਤਰ ਦੇ ਬੀਰ ਸਪੂਤਾਂ ਤੇ ਸੰਗਰਾਮੀਆਂ ਸੰਬੰਧੀ ਕੁੱਝ ਜੀਵਨੀਆਂ ਖ਼ਾਸ ਤੌਰ 'ਤੇ ਵਰਣਨ-ਯੋਗ ਹਨ । ਜਸਵੰਤ ਸਿੰਘ 'ਜੱਸ ਰਚਿਤ 'ਬਾਬਾ ਰਾਮ ਸਿੰਘ ਤੇ ਬਾਬਾ ਸੋਹਣ ਸਿੰਘ ਭਕਨਾ , 'ਬਾਬਾ ਵਸਾਖਾ ਸਿੰਘ, ਗੁਰਦਿਤ ਸਿੰਘ ਕਾਮਾਗਾਟਾਮਾਰੂ ਤੱਥ ਆਧਾਰਿਤ ਸਿੱਧ ਦੇਸ਼ ਭਗਤਾਂ ਦੀਆਂ ਜੀਵਨੀਆਂ ਹਨ, ਜਿਨ੍ਹਾਂ ਵਿਚ ਸਾਹਿੱਤਿਕ ਵਾਰਤਕ ਦਾ ਵੀ ਸੁੰਦਰ ਨਮੂਨਾ ਮਿਲਦਾ ਹੈ । ਇਨ੍ਹਾਂ ਦੇ ਨਾਲ ਹੀ ਮਾਸਟਰ ਤਾਰਾ ਸਿੰਘ ਦੀ ਜੀਵਨੀ ਵੀ ਆ ਜਾਂਦੀ ਹੈ, ਜਿਸ ਨੂੰ ਪ੍ਰਿੰ. ਨਿਰੰਜਨ ਸਿੰਘ ਨੇ ਲਿਖਿਆ ਹੈ । ਪ੍ਰਿੰਸੀਪਲ ਨਿਰੰਜਨ ਸਿੰਘ ਮਾਸਟਰ ਜੀ ਦੇ ਛੋਟੇ ਭਾਈ ਸਨ ਤੇ ਪ੍ਰੌਢ ਭਾਂਤ ਦੀ ਵਿਚਾਰਧਾਰਾ ਦੇ ਮਾਲਕ ਸਨ । ਇਸ ਤੋਂ ਇਲਾਵਾ ਆਪ ਨਿਰਪੱਖ ਆਲੋਚਕ ਵੀ ਸਨ । ਮਾਸਟਰ ਜੀ ਦੇ ਜੀਵਨ ਦੇ ਕਈ ਨਿੱਜੀ ਪੱਖਾਂ ਤੋਂ ਭਲੀ ਭਾਂਤ ਪਰੀਚਿਤ ਸਨ, ਪਰ ਨਿੱਜੀ ਰੂਪ ਵਿਚ ਸੱਚ ਦਾ ਬਿਆਨ ਉਨ੍ਹਾਂ ਦਾ ਲੇਖਕ ਦੇ ਰੂਪ ਵਿਚ ਕਸਬ ਤੇ ਕਰਤੱਵ ਹੈ । ਦੁਰਲੱਭ ਸਿੰਘ ਨੇ ਵੀ ਮਾਸਟਰ ਜੀ ਦੀ ਜੀਵਨੀ "ਨਿਰਭੈ ਯੋਧਾ" ਨਾਂ ਹੇਠ ਲਿਖੀ ਹੈ । ਧਾਰਮਿਕ ਮਹਾਂ-ਪੁਰਸ਼ਾਂ ਦੀਆਂ ਜੀਵਨ ਕਥਾਵਾਂ ਵਿਚੋਂ ਹੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜੀਵਨ ਕਥਾ ਹੈ, ਜਿਸ ਨੂੰ ਡਾ.

ਤ੍ਰਿਲੋਚਨ ਸਿੰਘ ਜੀ ਨੇ ਕਲਮਬੰਦ ਕੀਤਾ ਹੈ। ਡਾ. ਤ੍ਰਿਲੋਚਨ ਸਿੰਘ ਰਚਿਤ ਜੀਵਨੀ ਅੰਗਰੇਜ਼ੀ ਤੇ ਪੰਜਾਬੀ ਜੀਵਨੀ ਸਾਹਿਤ ਦਾ ਇੱਕ ਵਧੀਆ ਨਮੂਨਾ ਹੈ। ਸੰਤ ਇੰਦਰ ਸਿੰਘ ਚਕ੍ਰਵਰ ਨੇ ਅਟੱਲ ਪ੍ਰਤਾਪੀ ਸਤਿਗੁਰੂ ਨਾਂ ਦੀ ਰਚਨਾ ਕੀਤੀ ਹੈ, ਜੋ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਨਾਲ ਸੰਬੰਧਿਤ ਹੈ। ਇਸੇ ਮਹਾਨ ਵਿਅਕਤੀ ਨਾਲ ਸੰਬੰਧਿਤ ਇੱਕ ਹੋਰ ਵਿਸ਼ੇਸ਼ ਪੁਸਤਕ ਯੁੱਗ ਪੁਰਸ਼ ਸਤਿਗੁਰ ਪ੍ਰਤਾਪ ਸਿੰਘ ਡਾ. ਕਰਮ ਸਿੰਘ ਕਪੂਰ ਨੇ ਲਿਖੀ ਹੈ। ਇਸ ਪੁਸਤਕ ਵਿਚ ਕਰਤਾ ਨੇ ਸ਼ਰਧਾ-ਗੁਧੀ ਸ਼ੈਲੀ ਵਿਚ ਨਾ ਕੇਵਲ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਜਕ ਤੇ ਰਾਜਸੀ ਲਹਿਰਾਂ ਨਾਲ ਭਰਪੂਰ ਰੋਚਿਕ ਜੀਵਨ ਬਿਰਤਾਂਤ ਹੀ ਦਿੱਤਾ ਹੈ, ਸਗੋਂ ਨਾਮਧਾਰੀ ਸੰਪ੍ਰਦਾਇ ਦੇ ਕਈ ਪੱਖਾਂ ਨੂੰ ਸੁਹਣੀ ਤਰ੍ਹਾਂ ਸਾਹਮਣੇ ਲਿਆਂਦਾ ਹੈ। ਲੇਖਕ ਦੀ ਸ਼ੈਲੀ ਕਲਾਮਈ ਤੇ ਸੁਹਜ ਗੁਣਾਂ ਨਾਲ ਭਰਪੂਰ, ਤੇਜੱਸਵੀ ਤੇ ਅਲੰਕਾਰਿਕ ਹੈ। ਇਹ ਪੁਸਤਕ ਧਾਰਮਿਕ ਸ਼ਰਧਾ ਵਿਚ ਰੰਗੀ ਹੋਈ ਹੈ ਅਤੇ ਨਿੱਜੀ ਜਾਣਕਾਰੀ ਤੇ ਆਧਾਰਿਤ ਹੈ। ਸੰਤ ਨਿਧਾਨ ਸਿੰਘ ਆਲਮ ਦਾ 'ਯੁੱਗ ਪਲਟਾਏ ਸਤਿਗੁਰੂ ਇਸੇ ਸ਼੍ਰੇਣੀ ਦੀ ਸ਼੍ਰੋਮਣੀ ਰਚਨਾ ਹੈ। ਬ੍ਰਿਜ ਲਾਲ ਸ਼ਾਸਤਰੀ ਨੇ ਰਾਮ ਕਥਾ ਲਿਖ ਕੇ ਜੀਵਨੀ ਸਾਹਿਤ ਦੀ ਪਰੰਪਰਾ ਵਿਚ ਭਰਪੂਰ ਵਾਧਾ ਕੀਤਾ ਹੈ

ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਨੇ 'ਨੇੜਿਉਂ ਤੱਕਿਆ ਜਵਾਹਰ ਲਾਲ' ਤੇ 'ਨੇੜਿਉਂ ਤੱਕਿਆ ਗਾਂਧੀ ਲਿਖੀਆਂ ਹਨ, ਜਿਨ੍ਹਾਂ ਵਿਚ ਇਨ੍ਹਾਂ ਮਹਾਨ ਵਿਅਕਤੀਆਂ ਤੇ ਰਾਸ਼ਟਰੀ ਨੇਤਾਵਾਂ ਦੇ ਜੀਵਨ ਦੀਆਂ ਕਈ ਨਿੱਜੀ ਝਲਕਾਂ ਸੁੰਦਰ ਸਾਹਿੱਤਿਕ ਸ਼ੈਲੀ ਵਿਚ ਬਿਆਨੀਆ ਗਈਆਂ ਹਨ ਇਹ ਰਚਨਾਵਾਂ ਮੁਸਾਫ਼ਰ ਜੀ ਦੀ ਆਪਣੀ ਸਵੈ-ਜੀਵਨੀ ਉੱਤੇ ਵੀ ਅੰਸ਼ਿਕ ਪ੍ਰਕਾਸ਼ ਪਾਉਂਦੀਆਂ ਹਨ। ਕੁੱਝ ਸਾਹਿਤਕਾਰਾਂ ਦੀਆਂ ਜੀਵਨੀਆਂ ਵੀ ਲਿਖੀਆਂ ਗਈਆਂ ਹਨ। ਹਰਦਿਆਲ ਸਿੰਘ ਨੇ 'ਇੱਕ ਸੁਨਹਿਰੀ ਦਿਲ' ਪੁਸਤਕ ਵਿਚ ਡਾ. ਦੀਵਾਨ ਸਿੰਘ ਕਾਲ਼ੇਪਾਣੀ ਦੇ ਕਾਵਿ-ਮਈ ਰਾਂਗਲੇ ਜੀਵਨ ਤੇ ਇਨਕਲਾਬੀ ਸ਼ਹੀਦ ਵਾਲੇ ਦੁਖਾਂਤਕ ਅੰਤ ਨੂੰ ਚਿਤਰਿਆ ਹੈ। ਇਹ ਪੁਸਤਕ ਡਾ. ਦੀਵਾਨ ਸਿੰਘ ਕਾਲ਼ੇਪਾਣੀ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਪਾਠਕਾਂ ਦੇ ਮਨਾਂ ਉੱਤੇ ਡੂੰਘਾ ਪ੍ਰਭਾਵ ਪਾਉਂਦੀ ਹੈ। ਸੂਬਾ ਸਿੰਘ ਨੇ ਵੀ ਡਾ. ਦੀਵਾਨ ਸਿੰਘ ਕਾਲ਼ੇਪਾਣੀ.. ਦੀ ਜੀਵਨੀ ਰਚੀ, ਜੋ ਉਨ੍ਹਾਂ ਦੇ ਅੰਤਿਮ ਸ਼ਹੀਦੀ ਕਾਂਡ ਦੀ ਵਿਥਿਆ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕਰਦੀ ਹੈ। ਇਹ ਪੁਸਤਕ ਸੁਜਾਨ ਲੇਖਕ ਨੇ ਤੱਥਾਂ ਦੀ ਘੋਖ ਪੜਤਾਲ ਉਪਰੰਤ ਲਿਖੀ ਹੈ, ਇਸੇ ਲਈ ਵਧੇਰੇ ਪ੍ਰਮਾਣਿਕ ਹੈ। ਡਾ. ਦੀਵਾਨ ਸਿੰਘ ਕਾਲ਼ੇਪਾਣੀ ਦੀ ਜੀਵਨੀ ਨਾਲ ਸੰਬੰਧਿਤ ਇੱਕ ਹੋਰ ਵਰਣਨ ਯੋਗ ਪੁਸਤਕ ਡਾ. ਐਨ. ਇਕਬਾਲ ਸਿੰਘ ਦੀ 'ਲਾਸਾਨੀ ਸ਼ਹੀਦ' ਡਾ. ਦੀਵਾਨ ਸਿੰਘ ਕਾਲ਼ੇਪਾਣੀ ਹੈ, ਜਿਸ ਵਿਚ ਡਾ. ਦੀਵਾਨ ਸਿੰਘ ਦੇ ਦੂਜੇ ਮਹਾਂ ਯੁੱਧ ਸਮੇਂ ਜਪਾਨੀਆਂ ਦੀ ਕੈਦ ਸਮੇਂ ਝੱਲੇ ਗਏ ਤਸੀਹਿਆਂ, ਕਸ਼ਟਾਂ ਤੇ ਸ਼ਹੀਦੀ ਦਾ ਬਿਰਤਾਂਤ ਬਿਆਨ ਕੀਤਾ ਗਿਆ ਹੈ। ਡਾ. ਦੀਵਾਨ ਸਿੰਘ ਕਾਲ਼ੇਪਾਣੀ ਅਡੱਕ ਮਾਨਵਵਾਦੀ ਵਿਸ਼ਵਾਸ ਵਾਲੇ ਦੇਸ਼ ਭਗਤ ਸਨ ਅਤੇ ਉਨ੍ਹਾਂ ਦਾ ਆਤਮ ਬਲੀਦਾਨ ਆਮ ਲੋਕਾਈ ਲਈ ਪ੍ਰੇਰਨਾ ਦਾ ਸ੍ਰੋਤ ਹਨ। ਗੁਰਦਿਆਲ ਸਿੰਘ ਫੁੱਲ ਨੇ ਡਾ. ਭਾਈ ਜੋਧ ਸਿੰਘ ਦਾ ਜੀਵਨ ਬਿਰਤਾਂਤ ਲਿਖ ਕੇ ਵਰਣਨ ਯੋਗ ਕੰਮ ਕੀਤਾ ਹੈ | ਸ. ਸ. ਅਮੋਲ ਨੇ 'ਜੀਵਨ ਭਾਈ ਮੋਹਨ ਸਿੰਘ ਵੈਦ' ਜੋ ਉਨ੍ਹਾਂ ਨੇ ਪਹਿਲਾਂ 1936 ਵਿਚ ਲਿਖਿਆ ਸੀ, ਨੂੰ ਨਵੇਂ ਸਿਰਿਓਂ ਮੁੜ ਲਿਖਿਆ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪ੍ਰੋ. ਪੂਰਨ ਸਿੰਘ ਦੀ ਜੀਵਨ ਕਥਾ 'ਰਾਜ ਹੰਸ' ਕਿਰਪਾਲ ਸਿੰਘ ਕਸੇਲ ਦੀ ਵਿਸ਼ੇਸ਼ ਰਚਨਾ ਹੈ, ਜੋ ਆਪਣੀ ਸ਼ੈਲੀ ਦੀ ਸੁੰਦਰਤਾ, ਵਰਣਨ ਦੀ ਸਪਸ਼ਟਤਾ, ਮਹਾਨ ਲੇਖਕ ਪ੍ਰਤਿ ਸੁਹਿਰਦ ਲਗਾਉ ਤੇ ਕਵੀ ਦੇ ਆਦਰਸ਼ਾਂ ਤੇ ਜੀਵਨ ਯਾਤਰਾ ਦੇ ਡੂੰਘੇ ਵਿਸ਼ਲੇਸ਼ਣ ਕਾਰਨ, ਵਿਸ਼ੇਸ਼ ਗੌਰਵ ਧਾਰਨ ਕਰ ਗਈ ਹੈ। ਇਸ ਦਾ ਆਧਾਰ ਪ੍ਰੋ. ਪੂਰਨ ਸਿੰਘ ਦੀਆਂ ਆਪਣੀਆਂ ਲਿਖਤਾਂ ਤੇ ਉਨ੍ਹਾਂ ਦੇ ਨੇੜੇ ਦੇ ਸੰਬੰਧੀਆਂ ਤੋਂ ਪ੍ਰਾਪਤ ਜਾਣਕਾਰੀ ਹੈ। ਇਸ ਵਿਚ ਨਾਵਲ ਵਾਲਾ ਕਹਾਣੀ ਰਸ ਵੀ ਮੌਜੂਦ ਹੈ ਅਤੇ ਪੂਰਨ ਸਿੰਘ ਦੇ ਵਿਅਕਤਿਤਵ ਦੀ ਗੌਰਵਤਾ ਦਾ ਪਰੀਚੇ ਵੀ ਦਿੱਤਾ ਗਿਆ ਹੈ। ਪ੍ਰੋ. ਪੂਰਨ ਸਿੰਘ ਦੀ ਜੀਵਨੀ ਤੇ ਸਵੈ-ਜੀਵਨੀ ਸੰਬੰਧੀ ਕੁੱਝ ਹੋਰ ਮਹੱਤਵ ਪੂਰਨ ਸਮੱਗਰੀ ਵੀ ਇਸ ਕਾਲ ਵਿਚ ਮੌਲਿਕ ਤੇ ਅਨੁਵਾਦਿਤ ਰੂਪ ਵਿਚ ਪ੍ਰਕਾਸ਼ਿਤ ਹੋਈ ਹੈ। ਜ਼ਿੰਦਗੀ ਦੇ ਰਾਹਾਂ ਉੱਤੋਂ ਤੋਂ ਬਿਨਾਂ ਸਵਾਮੀ ਰਾਮ ਤੀਰਥ ਦੀ ਜੀਵਨ ਕਥਾ ਵਿਚ ਜਿਸ ਦਾ ਅਨੁਵਾਦ ਪ੍ਰੋ. ਕਿਰਪਾਲ ਸਿੰਘ ਕਸੇਲ ਦੁਆਰਾ ਕੀਤਾ ਗਿਆ ਹੈ ਵਿਚ ਪ੍ਰੋ, ਪੂਰਨ ਸਿੰਘ ਦੀ ਸਵੈ-ਜੀਵਨੀ ਦੇ ਬਹੁਤ ਸਾਰੇ ਉਹ ਅੰਸ਼ ਪ੍ਰਾਪਤ ਹਨ, ਜਿਨ੍ਹਾਂ ਤੋਂ ਉਨ੍ਹਾਂ ਦਾ ਸਵਾਮੀ ਰਾਮ ਤੀਰਥ ਜੀ ਨਾਲ ਗੁਰੂ ਤੇ ਚੇਲੇ ਵਾਲਾ ਸੰਬੰਧ ਅਤੇ ਸਵਾਮੀ ਜੀ ਦੇ ਵੇਦਾਂਤ ਦਰਸ਼ਨ ਬਾਰੇ ਜਿਨ੍ਹਾਂ ਨੂੰ ਪ੍ਰੋ. ਪੂਰਨ ਸਿੰਘ ਨੇ ਵਿਵਹਾਰਿਕ ਵੇਦਾਂਤ ਦੀ ਸੰਗਿਆ ਦਿੱਤੀ ਹੈ, ਬਾਰੇ ਕਟਵਰਤੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇੱਥੇ ਯਾਦ ਰੱਖਣ ਵਾਲੀ ਗੱਲ ਹੈ ਕਿ ਭਾਈ ਵੀਰ ਸਿੰਘ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਪ੍ਰੋ. ਪੂਰਨ ਸਿੰਘ ਸਵਾਮੀ ਰਾਮ ਤੀਰਥ ਦੇ ਸ਼ਿਸ਼ਾਂ ਵਿਚੋਂ ਗਿਣਿਆ ਜਾਂਦਾ ਸੀ ਅਤੇ ਸਵਾਮੀ ਰਾਮ ਤੀਰਥ ਦੀਆਂ ਬਹੁਤ ਸਾਰੀਆਂ ਰਚਨਾਵਾਂ ਨੂੰ ਤਪੋਬਨ ਦੇ ਪ੍ਰਭੂ ਅਨੁਭਵ (In the wood of god's realisation) ਦੇ ਕਈ ਭਾਗਾਂ ਵਿਚ ਸੰਪਾਦਿਤ ਕਰਨ ਦਾ ਸਿਹਰਾ ਵੀ ਪ੍ਰੋ. ਪੂਰਨ ਸਿੰਘ ਨੂੰ ਪ੍ਰਾਪਤ ਹੈ। ਡਾ. ਐਮ. ਐਸ. ਰੰਧਾਵਾ ਦੇ ਯਤਨਾਂ ਸਦਕਾ ਪ੍ਰੋ. ਪੂਰਨ ਸਿੰਘ ਦੀ ਧਰਮ ਪਤਨੀ ਸ੍ਰੀਮਤੀ ਮਾਇਆ ਦੇਵੀ ਵੱਲੋਂ ਪ੍ਰੋ. ਪੂਰਨ ਸਿੰਘ ਦਾ ਜੀਵਨ ਤੇ ਕਵਿਤਾ ਵਿਚ ਪ੍ਰੋ. ਪੂਰਨ ਸਿੰਘ ਦੀਆਂ ਯਾਦਾਂ ਨਾਲ ਸੰਬੰਧਿਤ ਬਹੁਤ ਵਡਮੁੱਲੀ ਤੱਥ ਆਧਾਰਿਤ ਤੇ ਨਿਕਟਵਰਤੀ ਜਾਣਕਾਰੀ ਦਿੱਤੀ ਗਈ ਹੈ। ਇਸ ਪੁਸਤਕ ਦੇ ਛਪਣ ਨਾਲ ਪ੍ਰੋ. ਪੂਰਨ ਸਿੰਘ ਦੇ ਜੀਵਨ ਦੇ ਅਨੇਕ

ਪੱਖ ਜਿਨ੍ਹਾਂ ਬਾਰੇ ਪਹਿਲਾਂ ਬਹੁਤ ਥੋੜ੍ਹਾ ਗਿਆਨ ਸੀ, ਹੁਣ ਇਸ ਪੁਸਤਕ ਰਾਹੀਂ ਗਿਆਤ ਹੋਇਆ ਹੈ। ਇਸ ਲਈ ਇਸ ਪੁਸਤਕ ਦਾ ਪੰਜਾਬੀ ਜੀਵਨੀ ਸਾਹਿਤ ਵਿਚ ਖ਼ਾਸ ਮਹੱਤਵ ਹੈ ।

ਮਹਾਂ ਸਿੰਘ ਰਚਿਤ ਭਾਈ ਵੀਰ ਸਿੰਘ ਜੀ ਦੀ ਜੀਵਨ ਕਥਾ, 'ਗੁਰਮੁਖ ਜੀਵਨ' ਇਸੇ ਸ਼੍ਰੇਣੀ ਦੀ ਇੱਕ ਹੋਰ ਵਰਣਨ-ਯੋਗ ਕ੍ਰਿਤ ਹੈ । ਲੇਖਕ ਕਿਉਂ ਜੋ ਕਈ ਸਾਲ ਭਾਈ ਸਾਹਿਬ ਦਾ ਸਹਿਕਾਰੀ ਰਿਹਾ, ਇਸ ਲਈ ਉਨ੍ਹਾਂ ਦੀ ਸ਼ਖ਼ਸੀਅਤ ਤੇ ਜੀਵਨ ਸਮਾਚਾਰਾਂ ਦੇ ਕਈ ਅਲੋਪ ਪੱਖ ਇਸ ਪੁਸਤਕ ਰਾਹੀਂ ਪਹਿਲੀ ਵਾਰ ਸਾਹਮਣੇ ਆਏ ਹਨ । ਨਿੱਕੀਆਂ ਨਿੱਕੀਆਂ ਜੀਵਨ ਛੁਹਾਂ, ਮੇਲ ਮੁਲਾਕਾਤਾਂ ਤੇ ਘਟਨਾਵਾਂ ਰਾਹੀਂ ਲੇਖਕ ਮਹਾਂ-ਕਵੀ, ਸੰਤ ਤੇ ਸ਼੍ਰੋਮਣੀ ਲੇਖਕ ਦੇ ਜੀਵਨ ਬਿਰਤਾਂਤ ਨੂੰ ਬਹੁਤ ਸੁੰਦਰ ਭਾਂਤ ਪੇਸ਼ ਕਰ ਸਕਿਆ ਹੈ ।

ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੇਵ, ਟੈਗੋਰ, ਮਹਾਤਮਾ ਗਾਂਧੀ, ਬਾਬਾ ਫ਼ਰੀਦ, ਗੁਰੂ ਤੇਗ਼ ਬਹਾਦਰ, ਗੁਰੂ ਅਰਜਨ ਦੇਵ ਤੇ ਗੁਰੂ ਅਮਰਦਾਸ ਜੀ ਦੇ ਸ਼ਤਾਬਦੀ ਸਮਾਰੋਹ, ਇਸ ਕਾਲ ਦੀਆਂ ਵਿਸ਼ੇਸ਼ ਘਟਨਾਵਾਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਹਰਬੰਸ ਸਿੰਘ, ਸੋਹਣ ਸਿੰਘ ਸੀਤਲ, ਗੋਪਾਲ ਸਿੰਘ ਦਰਦੀ ਤੇ ਭਗਤ ਸਿੰਘ ਦੀਆਂ ਪੁਸਤਕਾਂ ਵਰਣਨ ਯੋਗ ਹਨ । ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਉੱਤੇ ਪ੍ਰੋ. ਸਾਹਿਬ ਸਿੰਘ, ਪ੍ਰਿੰ. ਸਤਿਬੀਰ ਸਿੰਘ, ਪਿਆਰਾ ਸਿੰਘ ਦਾਤਾ, ਸੋਹਣ ਸਿੰਘ ਸੀਤਲ ਤੇ ਗੋਪਾਲ ਸਿੰਘ ਦਰਦੀ ਆਦਿ ਨੇ ਵਰਣਨ-ਯੋਗ ਪੁਸਤਕਾਂ ਲਿਖੀਆਂ ਹਨ ।

ਇਨ੍ਹਾਂ ਜੀਵਨੀਆਂ ਦਾ ਪ੍ਰਸੰਗ ਅਧੂਰਾ ਰਹੇਗਾ ਜੇਕਰ ਕਵੀ ਤਖ਼ਤ ਸਿੰਘ ਦੀ ਰਚਨਾ 'ਸ਼ਹੀਦ ਕਰਨੈਲ ਸਿੰਘ' ਦਾ ਵਰਣਨ ਨਾ ਕੀਤਾ ਜਾਵੇ । ਤਖ਼ਤ ਸਿੰਘ ਆਪਣੇ ਨਿੱਕੇ ਭਾਈ, ਗੋਆ ਦੇ ਅਮਰ ਸ਼ਹੀਦ, ਕਰਨੈਲ ਸਿੰਘ ਦੇ ਜੀਵਨ ਨੂੰ ਨੇੜਿਉਂ ਜਾਣਦਾ ਸੀ, ਜਿਸ ਦਾ ਉਸ ਨੇ ਬੜੀ ਸੁਹਿਰਦਤਾ ਨਾਲ ਵਰਣਨ ਕੀਤਾ । ਇਸ ਪੁਸਤਕ ਦੇ ਲਿਖਣ ਢੰਗ ਵਿਚ ਤਖ਼ਤ ਸਿੰਘ ਨੇ ਸੁਲਝੇ ਹੋਏ ਗੱਦ ਲੇਖਕਾਂ ਵਾਲੇ ਸੰਜਮ ਤੇ ਸੁਹਜ ਵਾਲੇ ਸਾਹਿੱਤਿਕ ਗੁਣਾਂ ਦਾ ਸਬੂਤ ਦਿੱਤਾ ਹੈ। ਵੱਡੇ ਜੀਵਨ ਬਿਰਤਾਂਤਾਂ ਤੋਂ ਛੁੱਟ, ਲਘੂ ਆਕਾਰ ਦੀਆਂ ਜੀਵਨੀਆਂ ਵੀ ਲਿਖੀਆਂ ਗਈਆਂ । ਇਨ੍ਹਾਂ ਦਾ ਆਕਾਰ ਇੱਕ ਲੇਖ ਜਿੰਨਾ ਜਾਂ ਕਈ ਵਾਰ ਥੋੜ੍ਹਾ ਵੱਡਾ ਹੁੰਦਾ ਹੈ, ਜਿਸ ਵਿਚ ਸੰਖੇਪ ਰੂਪ ਵਿਚ ਕਿਸੇ ਵਿਸ਼ੇਸ਼ ਵਿਅਕਤੀ ਦਾ ਸੰਪੂਰਨ ਜੀਵਨ, ਪ੍ਰਮੁੱਖ ਘਟਨਾਵਾਂ ਸਹਿਤ ਬਿਆਨਿਆਂ ਹੁੰਦਾ ਹੈ । ਕਈ ਵਾਰੀ ਇਹ ਰਚਨਾਵਾਂ ਜੀਵਨੀ ਲੇਖ ਦੇ ਨੇੜੇ ਪ◌ੁੱਜ ਜਾਂਦੀਆਂ ਹਨ, ਜਿਨ੍ਹਾਂ ਵਿਚ ਲੇਖਕ ਉਨ੍ਹਾਂ ਦੇ ਜੀਵਨ ਦੇ ਪ੍ਰਮੁੱਖ ਪੱਖਾਂ ਦੇ ਨਾਲ ਨਾਲ ਸਿਧਾਂਤਕ ਵਿਵੇਚਨ ਵੀ ਆਪਣੇ ਵੱਲੋਂ ਦੇ ਜਾਂਦਾ ਹੈ । ਪੰਜਾਬੀ ਵਿਚ ਅਜਿਹੀਆਂ ਕਈ ਰਚਨਾਵਾਂ ਲਿਖੀਆਂ ਗਈਆਂ ਹਨ । ਗੁਰਬਖ਼ਸ਼ ਸਿੰਘ ਦੇ 'ਪਰਮ ਮਨੁੱਖ' ਵਿਚਲੇ ਲੇਖ ਜੀਵਨੀ-ਲੇਖਾਂ ਦੀ ਪਰੰਪਰਾ ਦਾ ਵਧੀਆ ਆਰੰਭ ਕਹੇ ਜਾ ਸਕਦੇ ਹਨ । ਉਸ ਦੀ ਦੂਜੀ ਰਚਨਾ 'ਸਰਬ ਪੱਖੀ ਨਾਇਕ ਵੀ ਵਰਣਨ-ਯੋਗ ਕਿਰਤ ਹੈ | ਕਪੂਰ ਸਿੰਘ ਦਾ 'ਸਪਤ ਸਿੰਧੂ' , ਸੁਜਾਨ ਸਿੰਘ ਦਾ 'ਧਰਤੀ ਦਾ ਲਾਲ' , ਐਸ. ਐਸ. ਅਮੋਲ ਦੇ 'ਨਵੀਨ ਅਮੋਲ ਜੀਵਨ' ਅਤੇ 'ਤਿੰਨ ਮਹਾਂਪੁਰਸ਼ ਆਦਿ ਸਭ ਇਸੇ ਪ੍ਰਕਾਰ ਦੀਆਂ ਰਚਨਾਵਾਂ ਹਨ ।

ਗੁਰਮੁਖ ਸਿੰਘ ਮੁਸਾਫ਼ਰ ਨੇ, ਵੀਹਵੀਂ ਸਦੀ ਦੇ ਸ਼ਹੀਦ' ਨਾਂ ਹੇਠ ਕਈ ਜੀਵਨੀ ਲੇਖ ਪ੍ਰਕਾਸ਼ਿਤ ਕੀਤੇ, ਜਿਨ੍ਹਾਂ ਵਿਚ ਦੇਸ਼ ਭਗਤਾਂ ਸੰਬੰਧੀ ਰੋਚਿਕ ਸ਼ੈਲੀ ਵਿਚ ਵੱਖਰੀ ਦਿੱਤੀ ਗਈ ਹੈ ਤੇ ਬਾਗ਼ੀ ਜਰਨੈਲ ਜਨਰਲ ਮੋਹਨ ਸਿੰਘ ਦੀ ਜੀਵਨੀ ਹੈ । ਦੇਸ਼ ਭਗਤ ਟਰੱਸਟ ਨੇ 'ਇਤਿਹਾਸਕ ਯਾਦਾਂ ਨਾਂ ਹੇਠ ਕਈ ਦੇਸ਼ ਭਗਤਾਂ ਦੇ ਜੀਵਨ ਚਰਿੱਤਰ ਜੋ ਨਿਰੋਲ ਇਤਿਹਾਸਕ ਤੱਥਾਂ ਉੱਤੇ ਆਧਾਰਿਤ ਹਨ, ਪ੍ਰਕਾਸ਼ਿਤ ਕੀਤੇ ਹਨ । ਗਿਆਨੀ ਗੁਰਦਿੱਤ ਸਿੰਘ ਦੀ ਰਚਨਾ 'ਅਮਰ ਗਾਥਾ ਜੀਵਨੀ ਸਾਹਿਤ ਵਿਚ ਵਡਮੁੱਲਾ ਵਾਧਾ ਕਰਦੀ ਹੈ । ਅਮਰ ਸਿੰਘ ਤੇਗ਼ ਦੀ ਇੱਕ ਵਰਣਨ ਯੋਗ ਕਿਰਤ 'ਫ਼ਰੰਗੀ ਦੀਆਂ ਜੇਲ੍ਹਾਂ ਵਿਚ ਦੇਸ਼ ਭਗਤ" ਨਾਂ ਦੀ ਵੱਡ-ਆਕਾਰੀ ਪੁਸਤਕ ਹੈ, ਜਿਸ ਵਿਚ ਅਨੇਕ ਦੇਸ਼ ਭਗਤਾਂ ਦੇ ਅੰਗਰੇਜ਼ੀ ਸਰਕਾਰ ਦੀਆਂ ਜੇਲ੍ਹਾਂ ਵਿਚ ਝੱਲੇ ਗਏ ਕਸ਼ਟਾਂ ਤੇ ਸੁਤੰਤਰਤਾ ਸੰਗਰਾਮੀਆਂ ਦੇ ਦ੍ਰਿੜ੍ਹ ਇਰਾਦਿਆਂ ਅਤੇ ਸੁਤੰਤਰਤਾ ਸੰਬੰਧੀ ਆਦਰਸ਼ਾਂ ਬਾਰੇ ਇੰਨੀ ਵੱਡੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਇਸ ਨੂੰ ਆਧਾਰ ਬਣਾ ਕੇ ਕਈ ਇਤਿਹਾਸਕ ਨਾਵਲਾਂ ਦੀ ਰਚਨਾ ਕੀਤੀ ਜਾ ਸਕਦੀ ਹੈ।

ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਪੁਸਤਕ ਜਿਸ ਨੂੰ ਆਜ਼ਾਦ ਹਿੰਦ ਫ਼ੌਜ ਦੇ ਬਾਨੀ ਜਨਰਲ ਮੋਹਨ ਸਿੰਘ ਨੇ ਲਿਖਿਆ ਹੈ, 'ਭਾਰਤੀ ਸੁਤੰਤਰਤਾ ਸੰਗਰਾਮ ਨੂੰ ਆਜ਼ਾਦ ਹਿੰਦ ਫ਼ੌਜ ਦਾ ਯੋਗਦਾਨ' ਵਿਚ ਲੇਖਕ ਨੇ ਆਪਣੀ ਨਿੱਜੀ ਜਾਣਕਾਰੀ ਦੇ ਆਧਾਰ 'ਤੇ ਦੱਖਣ ਪੂਰਬ ਏਸ਼ੀਆ ਵਿਚ ਭਾਰਤੀ ਸੁਤੰਤਰਤਾ ਸੰਗਰਾਮ ਨੂੰ ਜਥੇਬੰਦਕ ਕਰਨ ਤੇ ਜਪਾਨੀਆਂ ਦੀ ਨਜ਼ਰਬੰਦੀ ਸਮੇਂ ਬਿਤਾਏ ਗਏ ਜੀਵਨ, ਨੇਤਾ ਜੀ ਸੁਭਾਸ਼ ਨਾਲ ਹੋਈ ਗੱਲ ਬਾਤ ਅਤੇ ਆਜ਼ਾਦ ਹਿੰਦ ਫ਼ੌਜ ਦੀ ਸੈਨਿਕ ਸਮਰੱਥਾ ਤੇ ਤਰੁੱਟੀਆਂ ਉੱਤੇ ਸਾਹਿੱਤਿਕ ਦ੍ਰਿਸ਼ਟੀਕੋਣ ਤੋਂ ਵੀ ਬਹੁਤ ਉਪਯੋਗੀ ਤੇ ਇਤਿਹਾਸਕ ਤੱਥਾਂ ਉੱਤੇ ਆਧਾਰਿਤ ਸਮਗਰੀ ਨੂੰ ਬੜੀ ਰੋਚਿਕ ਤੇ ਕਲਾਮਈ ਸਾਹਿੱਤਿਕ ਸ਼ੈਲੀ ਵਿਚ ਪੇਸ਼ ਕੀਤਾ ਹੈ। ਸਵੈ-ਜੀਵਨੀ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਸ ਪੁਸਤਕ ਦਾ ਵਿਸ਼ੇਸ਼ ਮਹੱਤਵ ਹੈ । ਪ੍ਰੇਮ ਸਿੰਘ ਪ੍ਰੇਮ ਦੀ ਲਿਖੀ ਪੁਸਤਕ 'ਲੰਘ ਗਏ ਦਰਿਆ , ਗਿਆਨੀ

ਗੁਰਮੁਖ ਸਿੰਘ ਮੁਸਾਫ਼ਰ ਦੇ ਜੀਵਨ ਉੱਤੇ ਵਡਮੁੱਲੀ ਰਚਨਾ ਹੈ, ਜਿਸ ਵਿਚ ਮੁਸਾਫ਼ਰ ਜੀ ਦੇ ਸੁਤੰਤਰਤਾ ਸੰਗਰਾਮ ਵਿਚ ਪਾਏ ਯੋਗਦਾਨ ਨੂੰ ਵੇਰਵੇ ਸਹਿਤ ਬਿਆਨ ਕੀਤਾ ਗਿਆ ਹੈ।

ਸਪਸ਼ਟ ਭਾਂਤ ਦੀ ਸਾਹਿੱਤਿਕ ਜੀਵਨੀ ਦੀ ਨੀਂਹ ਭਾਵੇਂ ਰੱਖੀ ਜਾ ਚੁੱਕੀ ਹੈ, ਪਰ ਹਾਲੀ ਇਸ ਵਿਸ਼ੇਸ਼ ਸਾਹਿੱਤਿਕ ਰੂਪ ਦੀ ਭਰਪੂਰ ਸੰਭਾਵਨਾ ਵਿਕਸਿਤ ਕਰਨੀ ਬਾਕੀ ਹੈ। ਸਿੱਧੇ ਢੰਗ ਦੇ ਜੀਵਨ ਬਿਰਤਾਂਤਾਂ ਦੇ ਨਾਲ ਨਾਲ ਸਾਹਿਤਕਾਰਾਂ ਦੇ ਨਿੱਜੀ ਜੀਵਨ ਦੇ ਪਿਛੋਕੜ ਨੂੰ ਮਟਕ-ਦਾਰ ਪੱਤਰਕਾਰੀ ਸ਼ੈਲੀ ਵਿਚ ਤੇ ਕੁੱਝ ਹੱਦ ਤਕ ਨਿੱਖਰਵੀਂ ਸ਼ੈਲੀ ਵਿਚ ਲਿਖਣ ਦਾ ਰਿਵਾਜ ਵੀ ਪੈ ਗਿਆ ਹੈ।

**ਕੁੱਝ ਹੋਰ ਸਵੈ-ਜੀਵਨੀ ਕਾਰ ਤੇ ਜੀਵਨੀ ਕਾਰ**

ਪਿਛਲੇ ਦੋ ਦਹਾਕਿਆਂ ਵਿਚ ਬਹੁਤ ਸਾਰੇ ਪੰਜਾਬੀ ਦੇ ਪ੍ਰਮੁੱਖ ਸਾਹਿਤਕਾਰਾਂ ਨੇ ਆਪਣੀਆਂ ਸਵੈ-ਜੀਵਨੀਆਂ ਅਤੇ ਸਾਹਿੱਤਿਕ ਜੀਵਨੀਆਂ ਲਿਖੀਆਂ ਹਨ। ਇਨ੍ਹਾਂ ਲੇਖਕਾਂ ਵਿਚ ਪੁਰਸ਼ ਤੇ ਇਸਤਰੀ ਦੋਹਾਂ ਵਰਗਾਂ ਦੇ ਲੇਖਕ ਆ ਜਾਂਦੇ ਹਨ। ਬਹੁਤ ਸਾਰੇ ਲੇਖਕਾਂ ਨੇ ਤਾਂ ਆਪਣੀ ਪ੍ਰੋਢ ਆਯੂ ਵਿਚ ਸਵੈ-ਜੀਵਨੀ ਲਿਖਣ ਵੱਲ ਧਿਆਨ ਦਿੱਤਾ ਹੈ। ਸ਼ਾਇਦ ਇਹ ਪੰਜਾਬੀ ਦੀ ਪਹਿਲੀ ਪੀੜ੍ਹੀ ਦੇ ਲੇਖਕਾਂ ਦਾ ਸੁਭਾਅ ਹੋਵੇ। ਪ੍ਰਮੁੱਖ ਸਾਹਿਤਕਾਰਾਂ ਦੀਆਂ ਸਵੈ ਜੀਵਨੀਆਂ ਉੱਪਰ ਚਰਚਾ ਕਰਨੀ ਅਸੰਗਤ ਨਹੀਂ ਹੋਵੇਗੀ।

ਡਾ. ਐਮ. ਐਸ. ਰੰਧਾਵਾ ਦੀ ਸਵੈ ਜੀਵਨੀ 'ਆਪ ਬੀਤੀ' ਸਿਰਲੇਖ ਹੇਠ ਪ੍ਰਕਾਸ਼ਿਤ ਹੋਈ ਹੈ। ਇਸ ਦੇ ਪਹਿਲੇ ਭਾਗ ਵਿਚ ਲੇਖਕ ਨੇ ਆਪਣੀ ਭੈਣ ਦੇ ਕੁੱਝ ਪ੍ਰਤੀਕਰਮਾਂ ਅਤੇ ਯਾਦਾਂ ਦੁਆਰਾ ਆਪਣੇ ਬਚਪਨ ਦੀ ਕਹਾਣੀ ਬਿਆਨ ਕੀਤੀ ਹੈ। ਇਸ ਤੋਂ ਬਿਨਾਂ ਆਪਣੀ ਪੜ੍ਹਾਈ ਤੇ ਭਾਰਤੀ ਸੇਵਾ ਵਿਚ ਪ੍ਰਾਪਤ ਕੀਤੀ ਗਈ ਸਫਲਤਾ ਲਈ ਕੀਤੀ ਗਈ ਘਾਲਣਾ ਦਾ ਉੱਲੇਖ ਕੀਤਾ ਹੈ। ਡਾ. ਰੰਧਾਵਾ ਕਈ ਉੱਚ ਕੋਟੀ ਦੀਆਂ ਪ੍ਰਸ਼ਾਸਕੀ ਸੇਵਾਵਾਂ ਨੂੰ ਨਿਭਾਉਂਦੇ ਰਹੇ ਹਨ, ਪਰ ਆਪ ਜਿਸ ਪਦਵੀ ਉੱਤੇ ਰਹੇ, ਆਪ ਨੇ ਲੋਕ ਹਿਤਾਂ ਨੂੰ ਸਦਾ ਸਨਮੁੱਖ ਰੱਖਿਆ ਹੈ ਅਤੇ ਦਫ਼ਤਰੀ ਘਸੀ ਪਿੱਟੀ ਰੀਤੀ ਨੂੰ ਅੱਖੋਂ ਪਰੋਖੇ ਕਰ ਕੇ ਤੁਰੰਤ ਨਿਰਨੇ ਲੈਣ ਅਤੇ ਉਨ੍ਹਾਂ ਉੱਤੇ ਅਮਲ ਕਰਵਾਇਆ। ਡਾ. ਐਮ. ਐਸ. ਰੰਧਾਵਾ ਨਾ ਕੇਵਲ ਇੱਕ ਵਿਅਕਤੀ ਸੀ, ਸਗੋਂ ਉਹ ਇੱਕ ਸੰਸਥਾ ਤੇ ਇੱਕ ਆਦਰਸ਼ ਸੀ, ਜਿਸ ਨਾਲ ਅਨੇਕ ਪ੍ਰਕਾਰ ਦੇ ਕਲਾਤਮਕ ਕਾਰਜ ਵੀ ਜੁੜੇ ਹੋਏ ਸਨ। ਇਨ੍ਹਾਂ ਸਭ ਦੇ ਸੰਕੇਤਕ ਵਰਣਨ ਇਸ ਜੀਵਨੀ ਵਿਚ ਮਿਲਦੇ ਹਨ। ਇਨ੍ਹਾਂ ਵਿਚੋਂ ਲੇਖਕ ਦੇ ਕੰਮ ਕਰਨ ਦਾ ਢੰਗ ਅਤੇ ਦੂਜਿਆਂ ਨੂੰ ਉਤਸ਼ਾਹ ਤੇ ਪ੍ਰੇਰਨਾ ਦੇ ਕੇ ਅੱਗੇ ਲਿਆਉਣ ਦੀਆਂ ਅਨੇਕ ਘਟਨਾਵਾਂ ਇਸ ਸਵੈ-ਜੀਵਨੀ ਵਿਚ ਸੰਕਲਿਤ ਹਨ | ਆਪ ਕਲਾ ਪ੍ਰੇਮੀ ਅਤੇ ਸੁਹਜ ਸੁੰਦਰਤਾ ਦੇ ਵਣਜਾਰੇ ਸਨ ਅਤੇ ਭਾਰਤ ਦੇ ਨਵ ਨਿਰਮਾਣ ਵਿਚ ਉਨ੍ਹਾਂ ਦੀਆਂ ਇਹ ਰੁਚੀਆਂ ਬੜੀਆਂ ਸਹਾਈ ਸਿੱਧ ਹੋਈਆਂ ਹਨ। ਇਹ ਇੱਕ ਆਦਰਸ਼ਕ ਪੰਜਾਬੀ ਦੀ ਗਾਥਾ ਹੈ ਜਿਸ ਵਿਚ ਸਵੈ-ਅਭਿਮਾਨ ਦਾ ਤਿਆਗ ਕਰ ਕੇ ਜੀਵਨ ਦੇ ਵੇਰਵੇ ਲਿਖੇ ਗਏ ਹਨ। ਡਾ. ਰੰਧਾਵਾ ਦਾ ਲਿਖਣ ਢੰਗ ਸਰਲ ਸਪਸ਼ਟ, ਵਿਗਿਆਨਕ, ਰਸਵੰਤ ਤੇ ਸਾਹਿੱਤਿਕ ਹੈ।

ਸੋਹਣ ਸਿੰਘ ਸੀਤਲ ਨੇ ਆਪਣੀ ਸਵੈ-ਜੀਵਨੀ ਵੇਖੀ ਮਾਣੀ ਦੁਨੀਆਂ ਵਿਚ ਆਪਣੇ ਬਚਪਨ ਤੋਂ ਲੈ ਕੇ ਪ੍ਰੋਢ ਆਯੂ ਤਕ ਦੇ ਜੀਵਨ-ਬਿਰਤਾਂਤ ਨੂੰ ਬੜੀ ਸਰਲ, ਸਪਸ਼ਟ ਤੇ ਸ਼ੁੱਧ ਟਕਸਾਲੀ ਪੰਜਾਬੀ ਵਾਰਤਕ ਵਿਚ ਰਚਿਆ ਹੈ, ਜਿਸ ਵਿਚ ਆਪ ਦੇ ਜਨਮ ਪਿੰਡ (ਖਾਰੇ ਮਾਝੇ) ਅਤੇ ਨਾਨਕੇ ਪਿੰਡ (ਮਾਝੇ ਜ਼ਿਲ੍ਹਾ ਅੰਮ੍ਰਿਤਸਰ) ਦੇ ਸਭਿਆਚਾਰਕ ਪਿਛੋਕੜ ਦੇ ਨਾਲ ਨਾਲ ਕਿਰਸਾਨੀ ਸਮਾਜ ਅਤੇ ਵਿਸ਼ੇਸ਼ ਕਰ ਕੇ ਮਾਝੇ ਦੇ ਐਖੜ ਜੱਟ ਸਭਿਆਚਾਰ ਵਿਚ ਇਕਲੌਤੇ ਵਿਅਕਤੀ ਦੀਆਂ ਮੁਸ਼ਕਲਾਂ ਨੂੰ ਬਿਆਨ ਕੀਤਾ ਹੈ, ਪਰ ਜਦੋਂ ਉਹ ਆਪਣੀ ਕਲਾਮਈ ਲਗਨ ਤੇ ਰੁਚੀਆਂ ਦੇ ਜਾਗਰੂਕ ਹੋਣ ਉੱਤੇ ਪ੍ਰਮੁੱਖ ਢਾਡੀ ਬਣ ਗਿਆ ਤਾਂ ਦੁਨੀਆਂ ਦੀ ਨਜ਼ਰ ਉਸ ਵੱਲ ਸਵੱਲੀ ਹੋ ਗਈ ਅਤੇ ਸ਼ਰੀਕਾਂ ਦਾ ਵਤੀਰਾ ਵੀ ਬਦਲ ਗਿਆ। ਇਸ ਜੀਵਨੀ ਵਿਚ ਇਤਿਹਾਸਕ, ਸਭਿਆਚਾਰਕ ਤੇ ਸਮਾਜਕ ਜੀਵਨ, ਜੋ ਲੇਖਕ ਦੇ ਵਿਅਕਤੀਗਤ ਅਤੇ ਜਨਤਕ ਪੱਖ ਨਾਲ ਸੰਬੰਧਿਤ ਹੈ, ਦੇ ਵਿਸਤਰਿਤ ਵੇਰਵੇ ਦਿੱਤੇ ਗਏ ਹਨ। ਇਸ ਲਈ ਇਸ ਸਵੈ-ਜੀਵਨੀ ਦਾ ਨਿਜ ਦੇ ਨਾਲ ਵੀ ਡੂੰਘਾ ਨਾਤਾ ਹੈ। ਕਰਤਾਰ ਸਿੰਘ ਦੁੱਗਲ ਦੀ ਸਵੈ-ਜੀਵਨੀ 'ਕਿਸ ਪੈ ਖੋਲ੍ਹੋ ਗਠੜੀ' ਇੱਕ ਵੱਡ ਆਕਾਰੀ ਰਚਨਾ ਹੈ, ਜਿਸ ਦਾ ਜੀਵਨ ਬਿਰਤਾਂਤ ਬੜਾ ਰੌਚਿਕ ਤੇ ਅਨੇਕ ਸਾਹਿੱਤਿਕ ਗੁਣਾਂ ਨਾਲ ਭਰਪੂਰ ਹੈ। ਇਸ ਵਿਚ ਹਰ ਘਟਨਾ ਦੁੱਗਲ ਦੀ ਕਹਾਣੀ ਸਮਾਨ ਚੱਲਦੀ ਹੈ ਅਤੇ ਉਹ ਆਪਣੇ ਆਪ ਵਿਚ ਸੰਪੂਰਨ ਹੁੰਦੀ ਹੈ। ਵਾਰਤਕ ਸ਼ੈਲੀ ਵਿਚ ਕਾਵਿਮਈ ਤੇ ਨਾਟਕੀ ਛੂਹਾਂ, ਚੁਸਤ ਵਾਰਤਾਲਾਪ ਅਤੇ ਲੇਖਕ ਦੇ ਸੰਪਰਕ ਵਿਚ ਆਏ ਪਾਤਰਾਂ ਅਤੇ ਘਟਨਾਵਾਂ ਬੜੇ ਰੌਚਕ ਢੰਗ ਨਾਲ ਵਰਣਨ ਕੀਤੇ ਗਏ ਹਨ ਅਤੇ ਜੀਵਨ ਮਾਲਾ ਵਿਚ ਸੁੰਦਰ ਮਣਕਿਆਂ ਦੇ ਹਾਰ ਪਰੋਏ ਗਏ ਹਨ। ਬਿਆਨ ਨਿਰਸੰਕੋਚ ਤੇ ਯਥਾਰਥਮੁਖੀ ਹੈ। ਕਿਸੇ

ਗੱਲ ਨੂੰ ਲੁਕਲਾਉਣ ਛਿਪਾਉਣ ਦਾ ਯਤਨ ਨਹੀਂ ਕੀਤਾ ਗਿਆ | ਇੱਕ ਸਾਹਿੱਤਿਕ ਕਿਰਤ ਦੇ ਤੌਰ 'ਤੇ ਇਹ ਸਵੈ-ਜੀਵਨੀ ਕਾਫ਼ੀ ਮੁੱਲਵਾਨ ਮੰਨੀ ਜਾ ਸਕਦੀ ਹੈ।

ਸੰਤ ਸਿੰਘ ਸੇਖੋਂ ਦੀ ਸਵੈ-ਜੀਵਨੀ 'ਉਮਰਾਂ ਦਾ ਪੰਧ' ਵੀ ਵੱਡੇ ਆਕਾਰ ਦੀ ਦੋ ਭਾਗਾਂ ਵਿਚ ਪ੍ਰਕਾਸ਼ਿਤ ਹੋਈ ਪੁਸਤਕ ਹੈ, ਜਿਸ ਵਿਚ ਪੰਜਾਬੀ ਦੇ ਇਸ ਸਾਹਿੱਤਿਕ ਬਾਬਾ ਬੋਹੜ ਦੇ ਜੀਵਨ ਸਮਾਚਾਰਾਂ ਦਾ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ। ਲੇਖਕ ਦੇ ਜੀਵਨ ਵਿਚ ਕਈ ਉਤਰਾਵ-ਚੜਾ ਆਏ ਹਨ ਪਰ ਮੁੱਖ ਰੂਪ ਵਿਚ ਇਹ ਇੱਕ ਸਾਹਿਤਕਾਰ ਤੇ ਸਿੱਖਿਆ ਸ਼ਾਸਤਰੀ ਦਾ ਬਿਰਤਾਂਤ ਹੈ। ਇਸ ਸਵੈ-ਜੀਵਨੀ ਉੱਤੇ ਕਈ ਕਿੰਤੂ ਵੀ ਉਠੇ ਹਨ, ਜਿਵੇਂ ਕਈ ਥਾਵਾਂ 'ਤੇ ਇਸਤਰੀ ਪੁਰਸ਼ ਦੇ ਪਰਸਪਰ ਸੰਬੰਧਾਂ ਵਿਚ ਲਈਆਂ ਗਈਆਂ ਖੁੱਲ੍ਹਾਂ ਆਦਿ ਬਾਰੇ। ਕਈ ਥਾਵਾਂ 'ਤੇ ਲੇਖਕ ਨੇ ਆਪਣੇ ਸਹਿ-ਕਰਮੀਆਂ ਦਾ ਵੀ ਮਜ਼ਾਕ ਉਡਾਇਆ ਹੈ, ਜੋ ਇੱਕ ਸੂਖਮ ਬਿਰਤੀ ਵਾਲੇ ਪਾਠਕ ਨੂੰ ਅਵੱਸ਼ ਹੀ ਰੜਕਦਾ ਹੈ ਪਰ ਇਨ੍ਹਾਂ ਤਰੁੱਟੀਆਂ ਦੇ ਬਾਵਜੂਦ ਇਸ ਰਚਨਾ ਵਿਚ ਸਮਕਾਲੀ ਜੀਵਨ ਦੀ ਅਜਿਹੀ ਭਰਪੂਰ ਝਲਕ ਵੇਖੀ ਜਾ ਸਕਦੀ ਹੈ, ਜੋ ਕੇਵਲ ਲੇਖਕ ਦੀ ਵਿਅਕਤੀਗਤ ਰਾਸ ਪੂੰਜੀ ਹੀ ਨਹੀਂ ਸਗੋਂ ਸਮਾਜਕ ਪ੍ਰਬੰਧਾਂ ਤੇ ਸੰਬੰਧਾਂ ਦੀ ਜਟਿਲ ਵਿਥਿਆ ਵੀ ਹੈ। ਡਾ. ਜਨਮੇਜਾ ਸਿੰਘ ਜੌਹਲ ਨੇ ਵੀ ਸੈਂਕੜੇ ਪੰਨਿਆਂ ਦੀ ਆਪਣੀ ਸਵੈ-ਜੀਵਨੀ 'ਰੰਗਾਂ ਦੀ ਗਾਗਰ' ਨਾਂ ਹੇਠ ਪ੍ਰਕਾਸ਼ਿਤ ਕੀਤੀ ਹੈ। ਡਾ. ਐਮ. ਐਸ. ਰੰਧਾਵਾ ਸਮਾਨ ਡਾ. ਜਨਮੇਜਾ ਸਿੰਘ ਜੌਹਲ ਦਾ ਜੀਵਨ ਵੀ ਇੱਕ ਆਦਰਸ਼ਕ ਜੀਵਨ ਗਾਥਾ ਹੈ। ਇਸ ਜੀਵਨੀ ਵਿਚ ਬਚਪਨ ਦਾ ਬਿਰਤਾਂਤ ਬੜਾ ਰੋਚਿਕ ਤੇ ਉਸ ਦੀਆਂ ਯਾਦਾਂ ਬੜੀਆਂ ਸੁਹਾਵਣੀਆਂ ਹਨ। ਆਪ ਮੁੱਖ ਸਿੱਖਿਆ ਸ਼ਾਸਤਰੀ, ਅੰਤਰ-ਰਾਸ਼ਟਰੀ ਪੱਧਰ ਦੇ ਅਰਥ ਵਿਗਿਆਨੀ ਅਤੇ ਵਿਸ਼ੇਸ਼ ਕਰ ਕੇ ਕਿਰਸਾਨੀ ਆਰਥਿਕਤਾ ਦੇ ਵਸ਼ਿਸ਼ਟ ਮਾਹਿਰਾਂ ਵਿਚੋਂ ਹਨ ਅਤੇ ਜੀਵਨ ਦੇ ਨੇਕ ਪੱਖਾਂ ਉਹਨਾਂ ਦੇ ਵਿਚਾਰ ਬੜੇ ਸਪਸ਼ਟ ਤੇ ਨਿਆਰੇ ਹਨ। ਉਨ੍ਹਾਂ ਦਾ ਲਿਖਣ ਢੰਗ ਸਰਲ, ਸਪਸ਼ਟ ਅਤੇ ਰੋਚਿਕ ਹੈ। ਉਨ੍ਹਾਂ ਦਾ ਦ੍ਰਿਸ਼ਟੀਕੋਣ ਪ੍ਰੇਰਨਾ ਦਾਇਕ ਤੇ ਕਾਇਲ ਕਰਨ ਵਾਲਾ ਕੇ ਬਿਆਨ ਬੜਾ ਨਿਝੱਕ ਸਾਹਸ ਪੂਰਵਕ ਹੈ। ਪੰਜਾਬੀ ਦੇ ਸਵੈ-ਜੀਵਨੀ ਸਾਹਿਤ ਵਿਚ ਇਸ ਰਚਨਾ ਦਾ ਵੀ ਆਪਣਾ ਨਵੇਕਲਾ ਸਥਾਨ ਹੈ

ਡਾ. ਹਰਿਭਜਨ ਸਿੰਘ ਦੀ ਸਵੈ-ਜੀਵਨੀ 'ਟਾਕੀਆਂ ਵਾਲਾ ਚੋਲਾ' ਦੇ ਨਾਂ ਹੇਠ ਪ੍ਰਕਾਸ਼ਿਤ ਹੋਈ ਹੈ। ਡਾ. ਹਰਿਭਜਨ ਸਿੰਘ ਪੰਜਾਬੀ ਦੇ ਸ਼੍ਰੋਮਣੀ ਆਧੁਨਿਕ ਕਵੀ, ਗੱਦ-ਲੇਖਕ, ਅਨੁਵਾਦਕ. ਸਮਾਲੋਚਕ ਅਤੇ ਸੰਪਾਦਕ ਹਨ, ਪਰ ਇਸ ਰਚਨਾ ਵਿਚ ਉਨ੍ਹਾਂ ਨੇ ਨਿੱਜੀ ਜੀਵਨ ਦੀਆਂ ਯਾਦਾਂ, ਔਕੜਾਂ ਤੇ ਉਲਝਣਾਂ ਦਾ ਵੀ ਜ਼ਿਕਰ ਹੈ। ਲੋੜਾਂ, ਥੋੜਾਂ ਤੇ ਪ੍ਰਾਪਤੀਆਂ ਦੇ ਵੇਰਵੇ ਸਭ ਇਸ ਵਿਚ ਸੰਕਲਿਤ ਹਨ ਅਤੇ ਅਨੇਕ ਉੱਚ ਕੋਟੀ ਦੇ ਸਾਹਿੱਤਿਕ ਪੁਰਸਕਾਰ ਪ੍ਰਾਪਤ ਕਰਨ ਵਾਲੇ ਇਸ ਸ਼੍ਰੋਮਣੀ ਆਧੁਨਿਕ ਪੰਜਾਬੀ ਕਵੀ ਦੀ ਰਚਨਾ ਦੇ ਪਿਛੋਕੜ ਤੋਂ ਜਾਣੂ ਹੋਣ ਲਈ ਇਸ ਸਵੈ-ਜੀਵਨੀ ਦਾ ਪਾਠ ਅਤੀ ਆਵੱਸ਼ਕ ਹੈ। ਡਾ. ਹਰਿਭਜਨ ਸਿੰਘ ਵਰਗੇ ਪ੍ਰਮੁੱਖ ਸਾਹਿਤਕਾਰ ਦੀ ਇਸ ਸਵੈ-ਜੀਵਨੀ ਦੁਆਰਾ ਨਿਜ ਦੇ ਘੋਖਵੇਂ ਅਧਿਐਨ ਤੋਂ ਬਹੁਤ ਸਾਰੇ ਉਨ੍ਹਾਂ ਪੱਖਾਂ ਦਾ ਸਹਿਜੇ ਹੀ ਬੋਧ ਹੋ ਜਾਂਦਾ ਹੈ ਜਿਨ੍ਹਾਂ ਨੇ ਉਨ੍ਹਾਂ ਵੈਰਾਟ ਕਾਵਿਮਈ ਅਤੇ ਵਿਅਕਤੀਤਵ ਨੂੰ ਸਿਰਜਿਆ ਹੈ। ਫਿਰ ਇਹ ਕੋਈ ਖੋਜ ਪੁਸਤਕ ਨਹੀਂ, ਨਾ ਹੀ ਸਵੈ ਆਲੋਚਨਾ ਤੇ ਸਵੈ ਵਿਵੇਚਨ ਹੈ ਸਗੋਂ ਇੱਕ ਰੌਚਿਕ ਤੇ ਕਲਾਮਈ ਜੀਵਨ ਬਿਰਤਾਂਤ ਹੈ।

ਸੁਹਿੰਦਰ ਸਿੰਘ ਵਣਜਾਰਾ ਬੇਦੀ ਦੀ ਸਵੈ-ਜੀਵਨੀ "ਅੱਧੀ ਮਿੱਟੀ ਅੱਧਾ ਸੋਨਾ' ਅਤੇ 'ਗਲੀਏ ਚਿਕੜ ਦੂਰ ਘਰ' ਨੇ ਆਪਣੇ ਸਮੇਂ ਵਿਚ ਇੱਕ ਸਵੈ-ਜੀਵਨੀ ਦੇ ਤੌਰ 'ਤੇ ਬੜੀ ਪ੍ਰਸਿੱਧੀ ਪ੍ਰਾਪਤ ਕਰ ਲਈ ਹੈ। ਇਸ ਸਵੈ-ਜੀਵਨੀ ਵਿਚ ਪ੍ਰਮਾਣਿਕ ਸਵੈ-ਜੀਵਨੀ ਦੇ ਕਈ ਵਡਮੁੱਲੇ ਅੰਸ਼ ਮੌਜੂਦ ਹਨ। ਲੇਖਕ ਦੇ ਬਚਪਨ ਦੀਆਂ ਕਈ ਘਟਨਾਵਾਂ ਵਿਸ਼ੇਸ਼ ਕਰ ਕੇ ਪਿਤਾ ਦੇ ਅਕਾਲ ਚਲਾਣੇ ਦਾ ਬਿਰਤਾਂਤ ਬੜੇ ਕਰੁਣਾਮਈ ਸਵਰ ਵਿਚ ਬਿਆਨ ਕੀਤਾ ਗਿਆ ਹੈ ਅਤੇ ਕੁੱਝ ਰੁਮਾਂਟਿਕ ਜਿਹੀਆਂ ਪ੍ਰੇਮ ਘਟਨਾਵਾਂ ਦਾ ਮਨੋਰੰਜਕ ਵਰਣਨ ਹੈ। ਸਿਆਲਕੋਟ ਦੇ ਇਸ ਜੰਮ-ਪਲ ਲੇਖਕ ਨੇ ਦੇਸ਼-ਵੰਡ ਦੇ ਕਰੁਣਾਮਈ ਸਮਾਚਾਰਾਂ ਦਾ ਵਿਸਥਾਰ ਪੂਰਵਕ ਤੇ ਯਥਾਰਥਵਾਦੀ ਵਰਣਨ ਕੀਤਾ ਹੈ। ਵਿਸ਼ੇਸ਼ ਕਰ ਕੇ ਕੁੱਝ ਘਟਨਾਵਾਂ ਤਾਂ ਅਭੁੱਲ ਹਨ ਜਿਵੇਂ ਰਾਵਲਪਿੰਡੀ ਛੱਡਣ ਸਮੇਂ ਆਪਣੀ ਜਵਾਨ ਭੈਣ ਨੂੰ ਦਿੱਤੇ ਗਏ ਸੁਝਾ ਆਦਿ।

ਸੁਹਿੰਦਰ ਸਿੰਘ ਬੇਦੀ ਨੇ ਲੋਕ ਧਾਰਾ ਦੇ ਖੇਤਰ ਵਿਚ ਵਿਸ਼ੇਸ਼ ਕਾਰਜ ਕੀਤਾ ਹੈ ਅਤੇ ਇਸ ਸੰਬੰਧ ਵਿਚ ਉਸ ਦੀ ਕੀਤੀ ਗਈ ਵਿਅਕਤੀਗਤ ਸਾਧਨਾ ਤੇ ਮੁਸ਼ਕਲਾਂ ਦੇ ਅੰਬਾਰਾਂ ਵਿਚ ਇਸ ਕੰਮ ਨੂੰ ਸਿਰੇ ਚਾੜ੍ਹਨ ਦੀ ਵਿਥਿਆ ਬਾਰੇ ਪੰਜਾਬੀ ਸਾਹਿੱਤਿਕ ਜਗਤ ਭਲੀ ਪ੍ਰਕਾਰ ਜਾਣੂ ਹੈ। ਭਾਵੇਂ ਇਸ ਰਚਨਾ ਵਿਚ ਉਹ ਵੇਰਵੇ ਦਰਜ ਨਹੀਂ ਅਤੇ ਇੱਕ ਲੇਖਕ ਤੇ ਲੋਕ ਧਾਰਾ ਦੇ ਖ਼ੋਜੀ ਵਜੋਂ ਪ੍ਰਾਪਤ ਹੋਈ ਪ੍ਰਸਿੱਧੀ ਤੋਂ ਪਹਿਲਾਂ ਦੀਆਂ ਘਟਨਾਵਾਂ ਹੀ ਸੰਕਲਿਤ ਹਨ ਜੋ ਇੱਕ ਸਾਧਾਰਨ ਮੱਧ ਸ਼੍ਰੇਣੀ ਦੇ ਬੁੱਧੀਜੀਵੀ ਦੇ ਜੀਵਨ ਵਿਚ ਆ ਸਕਦੀਆਂ ਹਨ, ਪਰ ਇਸ ਸਭ ਵਿਚ ਉਸ ਦਾ ਬਿਆਨ ਵੇਗਵਾਨ ਰਵਾਨੀ ਅਤੇ ਸਾਹਿੱਤਿਕ ਗੁਣਾਂ ਨਾਲ ਚਮਕਦੇ ਦਮਕਦੇ ਸ਼ਬਦ ਚਿੱਤਰਾਂ ਦੀ ਜੜ੍ਹਤਕਾਰੀ ਨਾਲ ਅਦਭੁਤ ਜਿਹਾ ਸੁਹਜ ਸਵਾਦ ਉਤਪੰਨ ਕਰ ਦਿੰਦੇ ਹਨ। ਇਸ ਸਵੈ-ਜੀਵਨੀ ਦਾ ਵੀ ਪੰਜਾਬੀ ਸਵੈ-ਜੀਵਨੀ ਸਾਹਿਤ ਵਿਚ ਵਿਲੱਖਣ ਸਥਾਨ ਹੈ।

ਡਾ. ਦੀਵਾਨ ਸਿੰਘ ਦੀ ਸਵੈ-ਜੀਵਨੀ ਜੀਵਨ ਪੰਧ ਤੇ ਹਮ ਸੰਤਨ ਕੀ ਰੇਨਾ ਅੰਸ਼ਿਕ ਜੀਵਨ ਬਿਉਰੇ ਪ੍ਰਕਾਸ਼ਿਤ ਹੋਈਆਂ ਦੋ ਹੋਰ ਵਰਨਣਯੋਗ ਰਚਨਾਵਾਂ ਹਨ। ਡਾ. ਦੀਵਾਨ ਸਿੰਘ ਪੰਜਾਬੀ ਦੇ ਉਤਸ਼ਟ ਕਵੀ ਤੇ ਗਜ਼ਲਕਾਰ, ਨਿਬੰਧਾਂ ਦੇ ਲੇਖਕ ਤੇ ਸਮਾਲੋਚਕ ਹਨ ਅਤੇ ਪੰਜਾਬੀ ਭਾਸ਼ਾ ਦੇ ਪ੍ਰਮੁੱਖ/ਅਧਿਆਪਕ ਵਜੋਂ ਉਨ੍ਹਾਂ ਕੋਲ ਵਿਸ਼ਾਲ ਅਨੁਭਵ ਪ੍ਰਮੁੱਖ ਸਿੱਖਿਆ ਸੰਸਥਾਵਾਂ ਦੀ ਵਡਮੁੱਲੀ ਜਾਣਕਾਰੀ ਦਾ ਵਿਅਕਤੀਗਤ ਭੰਡਾਰ ਹੈ। 'ਜੀਵਨ ਪੰਧ ਵਿਚ ਜਿੱਥੇ ਸਰਗੋਧੇ ਵਿਚ ਬਿਤਾਏ ਗਏ ਬਚਪਨ ਤੇ ਆਪਣੀ ਪੜ੍ਹਾਈ ਆਦਿ ਦਾ ਜ਼ਿਕਰ ਕੀਤਾ ਹੈ, ਉੱਥੇ ਲੰਮੇ ਚਿਰ ਤੱਕ ਖ਼ਾਲਸਾ ਕਾਲਜ ਅੰਮ੍ਰਿਤਸਰ ਵਰਗੀ ਪ੍ਰਮੁੱਖ ਵਿੱਦਿਅਕ ਸੰਸਥਾ ਨਾਲ ਰਹਿਣ ਕਾਰਨ ਆਪਣੇ ਅਧਿਆਪਨ ਜੀਵਨ ਤੇ ਸਹਿਯੋਗੀਆਂ ਦੀਆਂ ਜੀਵਨ ਘਟਨਾਵਾਂ ਦੇ ਅਨੇਕ ਵਰਨਣਯੋਗ ਤੱਥ ਇਸ ਰਚਨਾ ਵਿਚ ਪਰੋਏ ਹਨ। ਭਾਈ ਜੋਧ ਸਿੰਘ ਅਤੇ ਸੰਤ ਬਾਬਾ ਵਿਸਾਖਾ ਸਿੰਘ, ਸੰਤ ਬਾਬਾ ਹਰਨਾਮ ਸਿੰਘ ਨੌਸ਼ਹਿਰਾ ਸਿੰਘ ਵਰਗੇ ਉੱਘੇ ਵਿਅਕਤੀਆਂ ਅਤੇ ਸੰਤ ਮਹਾਂ ਪੁਰਸ਼ਾਂ ਨਾਲ ਹੋਏ ਨਿੱਜੀ ਸੰਪਰਕਾਂ ਦੇ ਕਈ ਨਿਕਟਵਰਤੀ ਅਨੁਭਵ ਇਸ ਪੁਸਤਕ ਵਿਚ ਬਿਆਨ ਕੀਤੇ ਗਏ ਹਨ | ਭਾਈ ਜੋਧ ਸਿੰਘ ਵਰਗੀ ਪ੍ਰਮੁੱਖ ਸ਼ਖ਼ਸੀਅਤ ਦੇ ਕਈ ਲੁਕਵੇਂ ਪੱਖ ਹਨ, ਜਿਨ੍ਹਾਂ ਬਾਰੇ ਇਸ ਪੁਸਤਕ ਵਿਚ ਵਡਮੁੱਲੀ ਜਾਣਕਾਰੀ ਦਿੱਤੀ ਗਈ ਹੈ ਕਿ ਕਿਵੇਂ ਉਹ ਉਹ ਆਪਣੇ ਮਰ ਚੁੱਕੇ ਸਪੁੱਤਰ ਦੀ ਰੂਹ ਨੂੰ ਬੁਲਾਉਂਦੇ ਰਹੇ ਹਨ।

ਡਾ. ਦੀਵਾਨ ਸਿੰਘ ਬੜਾ ਗੰਭੀਰ ਤੇ ਇਕਾਂਤ ਪਸੰਦ ਵਿਅਕਤੀ ਹੈ, ਫਿਰ ਵੀ ਉਨ੍ਹਾਂ ਦੀ ਇਹ ਸਵੈ-ਜੀਵਨੀ ਸਮਾਜਕ ਕਰਮਾਂ ਪ੍ਰਤਿਕਰਮਾਂ ਤੇ ਉਨ੍ਹਾਂ ਦੇ ਸੰਪਰਕ ਵਿਚ ਆਏ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਗਹਿਮਾ ਗਹਿਮੀ ਨਾਲ ਭਰਪੂਰ ਸਮਾਜਕ ਅਰਥ ਗ੍ਰਹਿਣ ਕਰਦੀ ਹੈ। ਉਨ੍ਹਾਂ ਦੀ ਵਾਰਤਕ ਵਿਚ ਵੀ ਜਿੱਥੇ ਗੰਭੀਰ ਅਤੇ ਸ਼ੁੱਧਤਾ ਹੈ, ਉੱਥੇ ਇਸ ਵਿਚਲੀ ਸੂਖਮ ਰਸਿਕਤਾ ਵੀ ਪਾਠਕਾਂ ਦੀ ਖਿੱਚ ਦਾ ਕਾਰਨ ਬਣ ਸਕਦੀ ਹੈ। ਜੀਵਨ ਸਿੰਘ ਜੋ ਲਾਹੌਰ ਬੁੱਕ ਸ਼ਾਪ ਵਰਗੀ ਪ੍ਰਮੁੱਖ ਪ੍ਰਕਾਸ਼ਨ ਭਵਨ ਦਾ ਸੰਸਥਾਪਕ ਸੀ, ਆਪਣੇ ਜੀਵਨ ਦੇ ਅੰਤਿਮ ਪਹਿਰ ਵਿਚ ਵੀ ਆਪਣੀ ਸਵੈ-ਜੀਵਨੀ 'ਜੀਵਨ ਪੰਧ' ਦੀ ਰਚਨਾ ਕੀਤੀ, ਜੋ ਉਸ ਦੀ ਮ੍ਰਿਤੂ ਉਪਰੰਤ ਪ੍ਰਕਾਸ਼ਿਤ ਹੋਈ ਹੈ। ਇਸ ਸਵੈ-ਜੀਵਨੀ ਵਿਚ ਲੇਖਕ ਬਚਪਨ ਦੀਆਂ ਯਾਦਾਂ ਤੇ ਲਾਹੌਰ ਵਾਸ ਸਮੇਂ ਦੀਆਂ ਪ੍ਰਮੁੱਖ ਘਟਨਾਵਾਂ ਸੰਬੰਧੀ ਵਡਮੁੱਲੀ ਜਾਣਕਾਰੀ ਦਿੰਦਾ ਹੈ | ਖ਼ਾਸ ਕਰ ਕੇ ਅਜਿਹੇ ਲੇਖਕਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਇਸ ਪੁਸਤਕ ਵਿਚ ਜ਼ਿਕਰ ਹੈ, ਜਿਨ੍ਹਾਂ ਦੀ ਦੇਣ ਨੂੰ ਹੁਣ ਪੰਜਾਬੀ ਸਾਹਿੱਤਿਕ ਜਗਤ ਭੁਲਾ ਚੁਕਾ ਹੈ। ਇੱਕ ਪ੍ਰਕਾਸ਼ਕ ਦੇ ਤੌਰ 'ਤੇ ਜੀਵਨ ਸਿੰਘ ਦੀ ਪੰਜਾਬੀ ਸਾਹਿੱਤਿਕ ਜਗਤ ਨੂੰ ਦੇਣ ਕਾਫ਼ੀ ਵੱਡੀ ਸੀ, ਕਿਉਂ ਜੋ ਉਹ ਬਹੁਤ ਸਾਰੇ ਪੰਜਾਬੀ ਸਾਹਿਤਕਾਰਾਂ ਦਾ ਪ੍ਰੇਰਨਾ ਸ੍ਰੋਤ ਬਣਿਆ ਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਛਾਪ ਕੇ ਉਤਸ਼ਾਹਿਤ ਕਰਨ ਦਾ ਕਾਰਨ ਬਣਿਆ। ਪਰ ਇਸ ਸਵੈ ਜੀਵਨੀ ਵਿਚ ਕੁੱਝ ਸਮਕਾਲੀ ਸਾਹਿਤਕਾਰਾਂ ਬਾਰੇ ਆਪਣੇ ਨਿੱਜੀ ਅਨੁਭਵ, ਕਾਰਨ, ਨਿੱਜੀ ਪ੍ਰਤੀਕਰਮਾਂ ਨੂੰ ਖੁੱਲ੍ਹੇ ਤੌਰ ਤੇ ਪ੍ਰਗਟ ਕਰ ਦਿੱਤਾ ਗਿਆ ਹੈ, ਜੋ ਕਈ ਵਾਰ ਚੁੱਭਵੇਂ ਅਤੇ ਲੇਖਕ ਦੇ ਸਵੈ ਅਭਿਮਾਨ ਨੂੰ ਪ੍ਰਗਟ ਕਰਦੇ ਹਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਨਿੰਦਾ ਵੀ ਇੱਕ ਵਿਸ਼ੇਸ਼ ਰਸ ਹੈ, ਜੋ ਪਾਠਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਲੈਂਦਾ ਹੈ ਪਰ ਨਿੱਜੀ ਤੌਰ 'ਤੇ ਕਿੜ ਕੱਢਣ ਵਾਲੀ ਪ੍ਰਵਿਰਤੀ ਕਈ ਵਾਰ ਲੇਖਕ ਬਾਰੇ ਵੀ ਤਿੱਖੇ ਪ੍ਰਤੀਕਰਮਾਂ ਨੂੰ ਉਤਪੰਨ ਕਰ ਦਿੰਦੀ ਹੈ, ਭਾਵੇਂ ਉਹ ਗੱਲਾਂ ਕਿੰਨੀਆਂ ਵੀ ਸੱਚੀਆਂ ਕਿਉਂ ਨਾ ਹੋਣ। ਫਿਰ ਵੀ ਲੇਖਕ ਦੇ ਨਿਝੱਕ ਬਿਆਨ ਦੀ ਸ਼ਲਾਘਾ ਕਰਨੀ ਬਣਦੀ ਹੈ। ਇਸ ਲੇਖਕ ਦੇ ਜੀਵਨ ਦੇ ਕਈ ਹੋਰ ਗੁਣਵੰਤ ਪੱਖ ਸਨ, ਜਿਨ੍ਹਾਂ ਬਾਰੇ ਇਸ ਸਵੈ-ਜੀਵਨੀ ਵਿਚ ਵਰਣਨ ਕੀਤਾ ਜਾ ਸਕਦਾ ਹੈ।

ਸ. ਲਾਲ ਸਿੰਘ ਦੀ ਸਵੈ-ਜੀਵਨੀ 'ਮੇਰੀ ਜੀਵਨੀ 1998 ਵਿਚ ਉਨ੍ਹਾਂ ਦੇ ਅਕਾਲ ਚਲਾਣੇ ਪਿੱਛੋਂ ਪ੍ਰਕਾਸ਼ਿਤ ਹੋਈ ਹੈ। ਇਸ ਸਵੈ-ਜੀਵਨੀ ਵਿਚ ਲੇਖਕ ਨੇ ਆਪਣੇ ਬਚਪਨ ਦੇ ਸਮਾਚਾਰਾਂ ਨੂੰ ਬੜੇ ਰੋਚਕ ਤੇ ਸਾਹਿੱਤਿਕ ਢੰਗ ਨਾਲ ਪੇਸ਼ ਕੀਤਾ ਹੈ ਅਤੇ ਆਪਣੀ ਵਿਅਕਤੀ ਸਫਲਤਾ ਨੂੰ ਸੰਤ ਬਾਬਾ ਮੰਗਲ ਸਿੰਘ ਦੀ ਅਸੀਸ ਦਾ ਫਲ ਦੱਸਿਆ ਹੈ। ਲਾਲ ਸਿੰਘ ਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਅਥਾਹ ਪ੍ਰੇਮ ਸੀ ਅਤੇ ਉਨ੍ਹਾਂ ਨੇ ਉੱਚ-ਅਹੁਦਿਆਂ ਉੱਤੇ ਹੁੰਦੇ ਹੋਇਆਂ ਪੰਜਾਬੀ ਭਾਸ਼ਾ ਨੂੰ ਸਰਕਾਰੇ ਦਰਬਾਰੇ ਉੱਚ ਸਥਾਨ ਅਤੇ ਇਸ ਨੂੰ ਸਰਕਾਰੀ ਭਾਸ਼ਾ ਬਣਾਉਣ ਵਿਚ ਵੱਡੀ ਭੂਮਿਕਾ ਨੂੰ ਨਿਭਾਇਆ ਹੈ। ਇਸ ਸੰਬੰਧ ਵਿਚ ਉਨ੍ਹਾਂ ਦੇ ਕੀਤੇ ਗਏ ਉੱਦਮਾਂ ਅਤੇ ਯਤਨਾਂ ਦਾ ਇਸ ਪੁਸਤਕ ਵਿਚ ਤੱਥ ਆਧਾਰਿਤ ਵੇਰਵਾ ਪੇਸ਼ ਕੀਤਾ ਗਿਆ ਹੈ। ਆਪ ਦਾ ਲਿਖਣ ਢੰਗ ਸਰਲ ਤੇ ਠੇਠ ਮੁਹਾਵਰੇ ਉੱਤੇ ਆਧਾਰਿਤ ਹੈ।

ਡਾ. ਮਾਨ ਸਿੰਘ ਨਿਰੰਕਾਰੀ ਦੀ ਇੱਕ ਤੱਥ ਆਧਾਰਿਤ ਜੀਵਨੀ ਪੁਸਤਕ ਸਾਧ ਜਨਾ ਕੀ ਅਚਰਜ ਕਥਾ ਹੈ, ਜਿਸ ਵਿਚ ਨਿਰੰਕਾਰੀ ਸੰਪਰਦਾਇ ਦੇ ਮੁਖੀ ਬਾਬਾ ਹਰੀ ਸਿੰਘ ਦੀ ਜੀਵਨ ਕਥਾ ਅਤੇ ਨਿਰੰਕਾਰੀ ਲਹਿਰ ਦੇ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਡਾ. ਮਾਨ ਸਿੰਘ ਨਿਰੰਕਾਰੀ ਸਰਲ ਤੇ ਸਪਸ਼ਟ ਗੱਦ ਰਚਨਾ ਕਰਨ ਵਾਲੇ ਪੰਜਾਬੀ ਵਾਰਤਕ ਦੇ ਪ੍ਰਮੁੱਖ ਸ਼ੈਲੀਕਾਰ ਵੀ ਹਨ।

ਡਾ. ਕੁਲਬੀਰ ਸਿੰਘ ਕਾਂਗ ਨੇ ਪਿੰਗਲਵਾੜੇ ਦੇ ਬਾਨੀ ਭਗਤ ਪੂਰਨ ਸਿੰਘ ਦੀ ਜੀਵਨੀ 'ਇੱਕ ਮਸੀਹਾ ਹੋਰ' ਦੇ ਨਾਂ ਹੇਠ ਪੰਜਾਬੀ ਸਾਹਿਤ ਨੂੰ ਦਿੱਤੀ ਹੈ, ਜਿਸ ਵਿਚ ਇਸ ਮਹਾਂਪੁਰਸ਼ ਤੇ ਸੇਵਾ ਦੇ ਪੁੰਜ ਭਗਤ ਜੀ ਦੇ ਜੀਵਨ ਦੇ ਕਈ ਉਨ੍ਹਾਂ ਪੱਖਾਂ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ, ਜੋ ਉਨ੍ਹਾਂ ਨੂੰ ਇੱਕ ਮਹਾਂ ਪੁਰਸ਼ ਤੇ ਸੇਵਾ ਦੇ ਅਦੁੱਤੀ ਮੁਜੱਸਮਾ ਬਣਾਉਣ ਵਿਚ ਸਹਾਈ ਹੋਏ ਹਨ। ਇਸ ਪੁਸਤਕ ਦੇ ਪਹਿਲੇ ਭਾਗ ਵਿਚ ਜਿੱਥੇ ਜੀਵਨੀ ਦਾ ਬਿਰਤਾਂਤੀ ਰੰਗ ਪ੍ਰਧਾਨ ਹੈ, ਉੱਥੇ ਦੂਜੇ ਭਾਗ ਵਿਚ ਇਹ ਰਚਨਾ ਭਗਤ ਜੀ ਦੀ ਸ਼ਖ਼ਸੀਅਤ ਬਾਰੇ ਉਨ੍ਹਾਂ ਦੇ ਪ੍ਰਸ਼ੰਸਕਾਂ ਵੱਲੋਂ ਦਿੱਤੀਆਂ ਗਈਆਂ ਟਿੱਪਣੀਆਂ ਦਾ ਸਹਿ ਮਾਤਰ ਹੀ ਬਣ ਗਈ ਹੈ, ਜੋ ਜੀਵਨ ਬਿਰਤਾਂਤ ਨਾਲੋਂ ਖੋਜ ਦਾ ਕਾਰਜ ਵਧੇਰੇ ਪ੍ਰਤੀਤ ਹੁੰਦੀ ਹੈ ।

ਡਾ. ਐਸ. ਤਰਸੇਮ ਨੇ ਆਪਣੀ ਇੱਕ ਰਚਨਾ 'ਕੱਚੀ ਮਿੱਟੀ ਪੱਕਾ ਰੰਗ' ਵਿਚ ਆਪਣੇ ਬਚਪਨ ਦੀਆਂ ਬਹੁਤ ਸਾਰੀਆਂ ਯਾਦਾਂ ਨੂੰ ਕਲਾਮਈ ਢੰਗ ਨਾਲ ਪੇਸ਼ ਕੀਤਾ ਹੈ । ਕੈਨੇਡਾ ਨਿਵਾਸੀ ਗਿਆਨੀ ਕੇਸਰ ਸਿੰਘ ਵੀ ਆਪਣੀ ਸਵੈ ਜੀਵਨੀ ਲਿਖ ਰਹੇ ਹਨ ਜਿਸ ਦਾ ਪਹਿਲਾ ਭਾਗ ਉਨ੍ਹਾਂ ਦੇ ਬਚਪਨ ਦੀਆਂ ਘਟਨਾਵਾਂ ਨਾਲ ਸਬੰਧਿਤ ਹੈ ਅਤੇ ਇੱਕ ਨਾਵਲ ਵਰਗਾ ਰੋਚਿਕ ਬਿਰਤਾਂਤ ਹੈ ।

ਰਾਮ ਸਰੂਪ ਅਣਖੀ ਜੋ ਪ੍ਰਮੁੱਖ ਰੂਪ ਵਿਚ ਪੰਜਾਬੀ ਗਲਪਕਾਰ (ਨਾਵਲ ਤੇ ਕਹਾਣੀ ਲੇਖਕ) ਪ੍ਰਸਿੱਧ ਹੈ ਆਪਣੀ ਸਵੈ-ਜੀਵਨੀ 'ਮਲ੍ਹੇ ਝਾੜੀਆਂ' ਲਿਖੀ ਹੈ, ਜਿਸ ਵਿਚ ਉਸ ਨੇ ਵਿਸਤਰਿਤ ਰੂਪ ਵਿਚ ਆਪਣੇ ਨਿੱਜੀ ਜੀਵਨ ਦੇ ਬਿਰਤਾਂਤ ਦੇ ਨਾਲ ਨਾਲ ਮਾਲਵੇ ਦੇ ਸਭਿਆਚਾਰਕ, ਸਮਾਜਕ ਤੇ ਆਰਥਕ ਪਿੱਠ ਭੂਮੀ ਨੂੰ ਕਲਾਮਈ ਢੰਗ ਨਾਲ ਪੇਸ਼ ਕੀਤਾ ਹੈ। ਇਸ ਕਾਰਨ ਇਹ ਰਚਨਾ ਵਿਸ਼ੇਸ਼ ਤੌਰ ਤੇ ਵਰਣਨ-ਯੋਗ ਹੋ ਗਈ ਹੈ।

ਸੰਤੋਖ ਸਿੰਘ ਧੀਰ ਨੇ ਵੀ ਆਪਣੀ ਸਵੈ-ਜੀਵਨੀ 'ਬ੍ਰਹਸਪਤੀ' ਵਿਚ ਆਪਣੇ ਜੀਵਨ ਦੇ ਬਚਪਨ ਤੋਂ ਲੈ ਕੇ ਹੁਣ ਤਕ ਦੇ ਅਨੁਭਵਾਂ ਦਾ ਬਿਆਨ ਕੀਤਾ ਹੈ ਅਤੇ ਆਪਣੇ ਲੇਖਕ ਬਣਨ ਤੇ ਪ੍ਰਗਤੀਸ਼ੀਲ ਲਹਿਰਾਂ ਨਾਲ ਸੰਬੰਧਾਂ ਤੇ ਆਪਣੀਆਂ ਸਾਹਿੱਤਿਕ ਰਚਨਾਵਾਂ ਦੇ ਪਿਛੋਕੜ ਨੂੰ ਆਪਣੀ ਪ੍ਰੋਢ ਤੇ ਰਸੀ ਹੋਈ ਸ਼ੈਲੀ ਵਿਚ ਪੇਸ਼ ਕੀਤਾ ਹੈ । ਦਲੀਪ ਸਿੰਘ ਜੋ ਭਾਸ਼ਾ ਵਿਭਾਗ ਦਾ ਉੱਚ-ਅਧਿਕਾਰੀ ਰਿਹਾ ਹੈ, ਸੰਵੇਦਨਸ਼ੀਲ ਸਾਹਿੱਤਿਕ ਰੁਚੀਆਂ ਦਾ ਸਵਾਮੀ ਸੀ ਅਤੇ ਪੰਜਾਬ ਦੇ ਸਾਹਿੱਤਿਕ ਹਲਕਿਆਂ ਵਿਚ ਹਰਮਨ ਪਿਆਰਾ ਤੇ ਮਿਲਣ-ਸਾਰ ਵਿਅਕਤੀ ਕਰਕੇ ਜਾਣਿਆ ਜਾਂਦਾ ਸੀ, ਉਸ ਨੇ ਆਪਣੇ ਜੀਵਨ ਦੇ ਗੰਭੀਰ ਨਿੱਜੀ ਅਨੁਭਵ ਨੂੰ, ਜਿਸ ਵਿਚ ਪ੍ਰਯੋਗੀ ਤੇ ਜਨਤਕ ਜੀਵਨ ਦੇ ਦੋਵੇਂ ਪੱਖ ਹੀ ਆ ਜਾਂਦੇ ਹਨ | ਆਪਣੀ 'ਕਾਰਵਾਂ' ਨਾਂ ਦੀ ਸਵੈ-ਜੀਵਨੀ ਨੂੰ ਕਲਾਮਈ ਢੰਗ ਨਾਲ ਪੜ੍ਹਨ ਯੋਗ ਤੇ ਗੰਭੀਰ ਨੁਕਤਿਆਂ ਉੱਤੇ ਪ੍ਰਕਾਸ਼ ਪਾਇਆ ਹੈ । ਇਹ ਉਸ ਦੇ ਆਪਣੇ ਨਿੱਜੀ ਜੀਵਨ ਦਾ ਹੀ ਘਰੋਗੀ ਜੀਵਨ ਦਾ ਸੰਕਟ ਹੀ ਨਹੀਂ, ਜਿਸ ਦਾ ਕਿ ਉਸ ਨੇ ਇਸ ਰਚਨਾ ਵਿਚ ਬਿਆਨ ਕੀਤਾ ਹੈ, ਸਗੋਂ ਇਹ ਤਾਂ ਬਹੁਤ ਸਾਰੇ ਸੁਹਿਰਦ ਲੇਖਕਾਂ, ਸੰਵੇਦਨਸ਼ੀਲ ਬੁੱਧੀਜੀਵੀਆਂ ਦੀ ਸਮੱਸਿਆ ਹੈ, ਫ਼ਰਕ ਕੇਵਲ ਇਹ ਹੈ ਕਿ ਦਲੀਪ ਸਿੰਘ ਵਰਗੇ ਸਾਹਸਵਾਨ ਲੇਖਕ ਇਸ ਦਾ ਬਿਆਨ ਕਰ ਦਿੰਦੇ ਹਨ ਅਤੇ ਕੁੱਝ ਆਪਣੇ ਜੀਵਨ ਦੇ ਇਸ ਕੌੜੇ ਅਨੁਭਵ ਨੂੰ ਆਪਣੇ ਸੀਨੇ ਵਿਚ ਹੀ ਛੁਪਾਈ ਰੱਖਦੇ ਹਨ। ਇਸ ਸਵੈ-ਜੀਵਨੀ ਵਿਚ ਕੁੱਝ ਵਿਸ਼ੇਸ਼ ਵਿਅਕਤੀਆਂ ਦੇ ਰੇਖਾ-ਚਿਤਰ ਵੀ ਅੰਕਿਤ ਕੀਤੇ ਗਏ ਹਨ।

**ਕੁੱਝ ਇਸਤਰੀ ਸਵੈ-ਜੀਵਨੀ ਲੇਖਕ**

ਕੁੱਝ ਪ੍ਰਮੁੱਖ ਇਸਤਰੀ ਸਾਹਿਤਕਾਰਾਂ ਨੇ ਆਪਣੀ ਸਵੈ ਜੀਵਨੀ ਸੰਪੂਰਨ ਜਾਂ ਅੰਸ਼ਿਕ ਰੂਪ ਵਿਚ ਲਿਖੀ ਹੈ । ਕੁੱਝ ਇੱਕ ਇਸਤਰੀ ਲੇਖਕਾਂ ਵਿਚ ਪੁਰਸ਼ ਪ੍ਰਧਾਨ ਸਮਾਜ ਵਿਚ ਨਾਰੀ ਦੀ ਦਮਨਕਾਰੀ ਸਥਿਤੀ ਵਿਚੋਂ ਉਤਪੰਨ ਹੋਈ ਆਂਤਰਤਾ ਦਾ ਕਰੁਣਾਮਈ ਸਵਰ ਪ੍ਰਧਾਨ ਹੈ । ਕੁੱਝ ਇੱਕ ਵਿਚ ਨਾਰੀ ਬੋਧ ਤੇ ਇਸਤਰੀ ਵਰਗ ਵਿਚ ਆਤਮ ਵਿਸ਼ਵਾਸ ਉਤਪੰਨ ਕਰਨ ਦੀ ਚੇਸ਼ਟਾ ਹੈ ਅਤੇ ਕੁੱਝ ਹੋਰ ਲੇਖਕਾਂ ਨੇ ਨਾਰੀਵਾਦੀ ਲਹਿਰ ਦੇ ਪ੍ਰਭਾਵ ਥੱਲੇ ਆਪਣੀ ਸੰਵੇਦਨਸ਼ੀਲ ਮਾਨਸਿਕਤਾ ਤੇ ਬੌਧਿਕ ਚੇਤੰਨਤਾ ਦਾ ਪ੍ਰਗਟਾਉ ਸਵੈ-ਮਾਣ ਨਾਲ ਕੀਤਾ ਹੈ । ਅੰਮ੍ਰਿਤਾ ਪ੍ਰੀਤਮ ਦੀਆਂ ਸਹਿ ਜੀਵਨੀ ਮੂਲਕ ਰਚਨਾਵਾਂ ਰਾਹੀਂ ਇਸ ਵਰਗ ਦੀਆਂ ਸਵੈ-ਜੀਵਨੀਆਂ ਦਾ ਪੰਜਾਬੀ ਸਾਹਿਤ ਵਿਚ ਸ੍ਰੀ ਗਣੇਸ਼ ਹੋ ਚੁਕਾ ਸੀ, ਪਰ ਪਿਛਲੇ ਦੋ ਦਹਾਕਿਆਂ ਵਿਚ ਇਨ੍ਹਾਂ ਇਸਤਰੀ ਸਾਹਿਤਕਾਰਾਂ ਨੇ ਜਿਹੜੀ ਸੰਵੇਦਨਸ਼ੀਲਤਾ ਤੇ ਪ੍ਰਬੁੱਧ ਚੇਤੰਨਤਾ ਦਾ ਪ੍ਰਗਟਾਉ ਆਪਣੀਆਂ ਮੌਲਿਕ ਰਚਨਾਵਾਂ ਵਿਚ ਕੀਤਾ ਹੈ, ਉਸੇ ਦੀ ਹੀ ਸਵੈ ਨਿਯੋਜਿਤ ਅਭਿਵਿਅਕਤੀ ਉਨ੍ਹਾਂ ਦੀਆਂ ਸਵੈ-ਜੀਵਨੀਆਂ ਵਿਚ ਮੌਜੂਦ ਹੈ । ਇਹ ਸਾਰੀਆਂ ਸਵੈ-ਜੀਵਨੀਆਂ ਸੂਖਮ ਭਾਵੀ ਸੰਵੇਦਨਸ਼ੀਲਤਾ ਤੇ ਨਿੱਗਰ ਰੂਪ ਵਿਚ ਵਿਕਸਿਤ ਹੋ ਰਹੀ ਉਸ ਬੌਧਿਕ ਚੇਤੰਨਤਾ ਦੀ ਸਾਖੀ ਭਰਦੀਆਂ ਹਨ, ਜੋ ਇਨ੍ਹਾਂ ਇਸਤਰੀ ਸਾਹਿਤਕਾਰਾਂ ਵਿਚ ਇੱਕ ਪ੍ਰਚੰਡ ਸ਼ਕਤੀ ਦੇ ਰੂਪ ਵਿਚ ਉੱਭਰ ਰਹੀ ਹੈ । ਇਸੇ ਕਾਰਨ ਇਹ ਸਭ ਸਵੈ ਜੀਵਨੀਆਂ ਪੜ੍ਹਨ ਯੋਗ ਅਤੇ ਸੋਚ ਜਗਾਊ ਪ੍ਰਤਿਕਰਮਾਂ ਨੇ ਪਾਠਕਾਂ ਵਿਚ ਜਗਾਉਣ ਦਾ ਕਾਰਨ ਵੀ ਬਣੀਆਂ ਹਨ । ਕੈਲਾਸ਼ ਪੁਰੀ ਦੀ ਗਿਣਤੀ ਭਾਵੇਂ ਬਰਤਾਨੀਆ ਦੇ ਪ੍ਰਵਾਸੀ ਸਾਹਿਤਕਾਰਾਂ ਵਿਚ ਆਉਂਦੀ ਹੈ, ਪਰ ਇੱਕ ਸਵੈ ਜੀਵਨੀ ਕਾਰ ਦੇ ਰੂਪ ਵਿਚ 'ਬਾਰਿ ਜਾਉ ਲਖ ਬਰੀਆਂ ਸਭ ਤੋਂ ਸਿਰ ਕੱਢ ਰਚਨਾ ਬਣ ਗਈ ਹੈ, ਜਿਸ ਦਾ

ਸਮੁੱਚੇ ਪੰਜਾਬੀ ਸਵੈ-ਜੀਵਨੀ ਸਾਹਿਤ ਵਿਚ ਉੱਚ ਸਥਾਨ ਹੈ, ਕਿਉਂਜੋ ਇਹ ਇੱਕ ਵਿਅਕਤੀਗਤ ਜੀਵਨੀ ਨਾ ਰਹਿ ਕੇ ਸਮਾਜਕ ਤੇ ਵਿਸ਼ਵ ਵਿਆਪੀ ਮਾਨਵੀ ਆਦਰਸ਼ਾਂ ਦੀ ਲਖਾਇਕ ਹੋ ਨਿੱਬੜੀ ਹੈ।

ਇਹ ਇੱਕ ਵੱਡ-ਆਕਾਰੀ 80 ਪੰਨਿਆਂ ਦੀ ਰਚਨਾ ਹੈ ਜਿਸ ਵਿਚ ਕੈਲਾਸ਼ਪੁਰੀ ਦੇ ਨਿੱਜੀ ਅਨੁਭਵ ਤੋਂ ਲੈ ਕੇ ਵਿਸ਼ਵ ਵਿਆਪੀ ਸਾਂਸਕ੍ਰਿਤਿਕ ਚਿੰਤਨ ਤਕ ਸਭ ਕੁੱਝ ਉਹ ਵੀ ਬੜੀ ਸੰਵੇਦਨਸ਼ੀਲ ਅਤੇ ਕਾਵਿਮਈ ਗੱਦ ਸ਼ੈਲੀ ਵਿਚ ਹਨ। ਉਸ ਦੇ ਕੁੱਝ ਵਾਕ ਤੇ ਨਿਰੀਆਂ ਮਿਸਰੀ ਦੀਆਂ ਡਲੀਆਂ ਹਨ। ਉਸ ਦਾ ਆਪਣਾ ਨਵੇਕਲਾ ਲਿਖਣ ਢੰਗ ਹੈ, ਨਿਰੀਖਣ ਸ਼ਕਤੀ ਹੈ। ਕਰਤਾਰ ਸਿੰਘ ਦੁੱਗਲ ਨੇ ਠੀਕ ਹੀ ਕਿਹਾ ਹੈ ਕਿ ਪੋਠੋਹਾਰ ਦੀ ਜੰਮ-ਪਲ ਇਸ ਦੰਗਲਾਂ ਦੀ ਦੋਹਤੀ ਨੇ ਨਾ ਕੇਵਲ ਆਪਣੀ ਸਵੈ-ਜੀਵਨੀ ਹੀ ਲਿਖੀ ਹੈ, ਸਗੋਂ ਕੈਲਕ੍ਰਸ਼ ਗੋਪਾਲਕ ਪੁਰੀ ਦੰਪਤੀ ਅਰਥਾਤ ਦੋ ਵਿਅਕਤੀਆਂ ਦੀ ਸਵੈ ਜੀਵਨੀ ਹੈ ਜੋ ਪਤੀ-ਪਤਨੀ ਦੇ ਰੂਪ ਵਿਚ ਇੱਕ ਦੂਜੇ ਦੇ ਸਾਹੀਂ ਜਿਉਂਦੇ ਹਨ। ਇਸ ਉਪਰੰਤ ਇਹ ਸੁਦੇਸ਼ੀ ਤੇ ਵਿਦੇਸ਼ੀ ਅਰਥਾਤ ਪੰਜਾਬੀ ਭਾਰਤੀ ਤੇ ਬਰਤਾਨੀਆਂ ਦੇ ਪ੍ਰਵਾਸੀ ਜੀਵਨ ਦੀ ਸਮਾਜਕ ਤੇ ਸਾਂਸਕ੍ਰਿਤਿਕ ਗਾਥਾ ਵੀ ਹੈ। ਕੈਲਾਸ਼ਪੁਰੀ ਵਿਚ ਸੱਚ-ਮੁਚ ਉਹ ਯੋਗਤਾ, ਪ੍ਰਬੁਧਤਾ ਤੇ ਸ਼ੈਲੀਗਤ ਵਿਸ਼ੇਸ਼ਤਾ ਦੇ ਗੁਣ ਹਨ ਜੋ ਸੁਪ੍ਰਸਿਧ ਭਾਰਤੀ ਲੇਖਕਾ ਕ੍ਰਿਸ਼ਨਾ ਸੋਬਤੀ ਹਿੰਦੀ ਲੇਖਕਾ ਅਤੇ ਕੁਲਤੀਨ ਹੈਦਰ ਵਰਗੀਆਂ ਉਰਦੂ ਲੇਖਕਾਵਾਂ ਕੋਲ ਹੈ। ਇਹ ਉਨ੍ਹਾਂ ਲੇਖਕਾਵਾਂ ਨਾਲ ਬਰ ਮੇਚਣ ਵਾਲੀ ਪੰਜਾਬੀ ਸਾਹਿਤਕਾਰ ਹੈ। ਇਹ ਕੇਵਲ ਵੱਡ-ਆਕਾਰੀ ਰਚਨਾ ਹੀ ਨਹੀਂ ਸਗੋਂ ਬਹੁ-ਮੁਲੇ ਵਿਵਿਧ ਮੁਖੀ ਅਨੁਭਵ ਅਤੇ ਚਿੰਤਨ ਦਾ ਵੀ ਵਿਸ਼ਾਲ ਕੋਸ਼ ਹੈ।

ਦਲੀਪ ਕੌਰ ਟਿਵਾਣਾ ਦੀ ਰਚਨਾ 'ਨੰਗੇ ਪੈਰਾਂ ਦਾ ਸਫ਼ਰ' ਇੱਕ ਸਫਲ ਸਵੈ ਜੀਵਨੀ ਹੈ, ਜਿਸ ਵਿਚ ਉਸ ਨੇ ਆਪਣੇ ਨਿਜ ਉੱਤੇ ਜੋ ਕਸ਼ਟ ਤੇ ਮਾਨਸਿਕ ਸੰਤਾਪ ਹੰਢਾਏ ਹਨ, ਉਨ੍ਹਾਂ ਦਾ ਕਰੁਣਾਮਈ ਸਵਰ ਵਿਚ ਪ੍ਰਗਟਾਉ ਕੀਤਾ ਗਿਆ ਹੈ, ਜੋ ਉਹ ਦੇ ਬਹੁਤੇ ਨਾਵਲਾਂ ਅਤੇ ਕਹਾਣੀਆਂ ਦਾ ਵੀ ਵਿਸ਼ਾ ਹੈ। ਪਿਤਾ ਵੱਲੋਂ ਤ੍ਰਿਸਕਾਰੀ ਹੋਈ ਮਾਂ ਦੇ ਮਾਨਸਿਕ ਸੰਤਾਪਾਂ ਨੂੰ ਅਨੁਭਵ ਕਰਦੀ ਹੋਈ ਪੁਰਸ਼-ਪ੍ਰਧਾਨ ਸਮਾਜ ਵਿਚ ਮਾਨਵ ਰੂਪੀ ਬਘਿਆੜਾਂ, ਗਿੱਦੜਾਂ ਅਤੇ ਲੂੰਬੜਾਂ ਵਿਚ ਵਿਚਰਦੀ ਹੋਈ ਦਲੀਪ ਕੌਰ ਟਿਵਾਣਾ ਨੇ ਆਪਣੇ ਸਵੈਮਾਨ ਨੂੰ ਸੁਰੱਖਿਅਤ ਰੱਖਿਆ ਹੈ। ਆਪਣੇ ਸੁਪ੍ਰਸਿੱਧ ਨਾਵਲ 'ਲੰਘ ਗਏ ਦਰਿਆ' ਸਮਾਨ ਉਸ ਨੇ ਇਸ ਸਵੈ ਜੀਵਨੀ ਵਿਚ ਵੀ ਭੂਤ-ਪੂਰਵ ਪਟਿਆਲੇ ਦੇ ਭੂਪਵਾਦੀ ਸਮਾਜ ਦਾ ਨੰਗਾ ਚਿੱਤਰ ਤੇ ਚਰਿੱਤਰ ਪੇਸ਼ ਕੀਤਾ ਹੈ। ਇਹ ਸਫ਼ਰ ਭਾਵੇਂ ਕੰਡਿਆਲੇ ਰਾਹਾਂ ਦਾ ਸੀ ਅਤੇ ਲੇਖਕਾਂ ਵੱਲੋਂ ਭਾਵੇਂ ਨੰਗੇ ਪੈਰੀਂ ਕੀਤਾ ਗਿਆ, ਪਰ ਇਸ ਕੌੜੇ ਕੁਸੈਲੇ ਅਨੁਭਵ ਨੇ ਉਸ ਦੇ ਨਾਰੀ ਸਵੈ ਮਾਨ, ਆਤਮ ਵਿਸ਼ਵਾਸ ਦੁਆਰਾ ਆਪਣੇ ਕਦਮਾਂ ਨੂੰ ਡੋਲਣ ਨਹੀਂ ਦਿੱਤਾ, ਪਰ ਕਾਸ਼ ! ਇਹ ਸਵੈ ਮਾਨ ਅਤੇ ਸੰਤੁਲਨ ਰਖਣਾ ਜ਼ਰੂਰੀ ਹੈ, ਨਹੀਂ ਤਾਂ ਜਾਂ ਸਵੈ-ਅਭਿਮਾਨ ਵਿਚ ਨਾ ਬਦਲੇ ਅਤੇ ਇਸ ਵਿਚ ਸਾਵਾਂਪਨ ਕਾਇਮ ਰਹੇ, ਇਸ ਬਾਰੇ ਲੇਖਕਾਂ ਨੂੰ ਸਾਵਧਾਨੀ ਨਾਲ ਖ਼ਿਆਲ ਰੱਖਣਾ ਜ਼ਰੂਰੀ ਹੈ . ਉਸ ਦੀ ਰਚਨਾ ਵੀ ਕਿਸੇ ਉਲਾਰ ਭਾਵਾਂ ਦਾ ਸ਼ਿਕਾਰ ਹੋ ਸਕਦੀ ਹੈ। ਅਜੀਤ ਕੌਰ ਦਾ ਨਾਂ ਪੰਜਾਬੀ ਗਲਪਕਾਰ ਦੇ ਤੌਰ ਤੇ ਬੜਾ ਉਜਾਗਰ ਹੈ। ਕਹਾਣੀਆਂ ਵਿਚ ਉਹ ਬੜੀ ਦਲੇਰ ਤੇ ਸਾਹਸਵਾਨ ਲੇਖਕਾਂ ਵਜੋਂ ਸਾਹਮਣੇ ਆਈ ਹੈ। ਉਸ ਦੀਆਂ ਸਵੈ-ਜੀਵਨੀ ਮੂਲਕ ਰਚਨਾਵਾਂ ਵਿਚ ਉਸ ਦੇ ਵਿਅਕਤਿਤਵ ਦੇ ਇੱਕ ਅੰਸ਼ ਛਾਏ ਹੋਏ ਹਨ। ਉਸ ਦੀਆਂ ਇਹ ਰਚਨਾਵਾਂ ਵੀ ਇੱਕ ਸੁਘੜ ਕਹਾਣੀਕਾਰ ਨਿਆਂਈਂ ਇਕੱਲੀਆਂ ਇਕੱਲੀਆਂ ਸੰਪੂਰਨ ਸਾਹਿੱਤਿਕ ਰਚਨਾਵਾਂ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਸਾਵੀਆਂ ਚਿੜੀਆਂ ਦੇ ਕੁੱਝ ਬਿਰਤਾਂਤ ਜਿਵੇਂ ਕਾਲੀ ਹਵਾ ਦੀ ਦਾਸਤਾਨ, ਫ਼ਾਲਤੂ ਔਰਤ, ਮੇਰਾ ਕਮਰਾ, ਮਨ ਤੇ ਮੈਂ, ਖਾਨਾ ਬਦੋਸ਼ ਅਤੇ ਵਨ ਜ਼ੀਰੋ ਵਨ ਉਸ ਦੇ ਕੌੜੇ ਮਿੱਠੇ ਤੱਤੇ, ਚਾਹੇ ਅਣਚਾਹੇ, ਸੁਹਜ ਤੇ ਕੁਹਜ ਵਿਚ ਲਪੇਟੇ ਤੀਖਣ ਪ੍ਰਤੀਕਰਮ ਜਗਾਉਣ ਵਾਲੇ ਅਨੁਭਵਾਂ ਦੇ ਕਲਾਤਮਕ ਚਿੱਤਰ ਹਨ। ਉਸ ਦਾ ਸੁਰ ਕਈ ਥਾਵਾਂ 'ਤੇ ਬੜਾ ਉੱਚਾ ਤੇ ਉਸ ਦਾ ਸਵੈ-ਮਾਨ ਸਾਹਸਵਾਨ ਹੈ। ਭਾਵੇਂ ਕਿਤੇ ਕਿਤੇ ਇਸ ਦੇ ਉਲਾਰ ਪੱਖਾਂ ਨੂੰ ਵੀ ਵੇਖਿਆ ਜਾ ਸਕਦਾ ਹੈ, ਪਰ ਵਨ ਜ਼ੀਰੋ ਵਨ ਵਰਗੀ ਅਤਿ ਦੀ ਕਰੁਣਾਮਈ ਵਾਤਸਲੀ ਮਮਤਾ ਨਾਲ ਭਰਪੂਰ ਉਸ ਦਾ ਉਹ ਅਮਰ ਸ਼ਾਹਕਾਰ ਹੈ, ਜਿਸ ਦਾ ਸਮੁੱਚੇ ਵਿਸ਼ਵ ਸਾਹਿਤ ਵਿਚ ਅਭੁੱਲ ਸਥਾਨ ਹੈ। 'ਕੂੜ ਕਬਾੜਾ' ਨਾਂ ਥੱਲੇ ਅਜੀਤ ਕੌਰ ਆਪਣੀ ਸਵੈ-ਜੀਵਨੀ ਦੇ ਕੁੱਝ ਅੰਸ਼ਾਂ ਨੂੰ ਨਿਰੰਤਰ ਲਿਖਦੀ ਜਾ ਰਹੀ ਹੈ। ਬਚਿੰਤ ਕੌਰ ਭਾਵੇਂ ਮੁੱਖ ਰੂਪ ਵਿਚ ਕਹਾਣੀਕਾਰ ਹੈ, ਪਰ ਉਸ ਦੀ ਪੁਸਤਕ 'ਪਗਡੰਡੀਆਂ' ਵਿਚ ਸਵੈ-ਜੀਵਨੀ ਮੂਲਕ ਲਘੂ ਬਿਰਤਾਂਤ ਸੰਮਿਲਿਤ ਹਨ। ਇਸ ਪੁਸਤਕ ਵਿਚ ਲੇਖਕਾ ਨੇ ਛੋਟੀ ਮੱਧ ਸ਼੍ਰੇਣੀ ਵਿਚੋਂ ਉੱਠੀ ਇਸਤਰੀ ਜੋ ਆਪਣੇ ਜੀਵਨ ਵਿਚ ਸਵੈਮਾਨ ਤੇ ਸਨਮਾਨ ਪ੍ਰਾਪਤ ਕਰਨ ਲਈ ਅਨੇਕ ਔਕੜਾਂ ਤੇ ਤੰਗੀਆਂ ਵਿਚ ਵਿਚਰਕੇ ਜੋ ਸੰਘਰਸ਼ ਕਰਦੀ ਹੈ, ਉਸਦਾ ਰੋਚਿਕ ਤੇ ਦਿਲ ਵਿੰਨ੍ਹਵਾਂ ਬਿਆਨ ਪ੍ਰਾਪਤ ਹੁੰਦਾ ਹੈ | ਕੁੱਝ ਬਚਪਨ ਦੀਆ ਯਾਦਾਂ ਜੋ ਪਟਿਆਲੇ ਨਾਲ ਸੰਬੰਧਿਤ ਹਨ ਤੇ ਕੁੱਝ ਦਿੱਲੀ ਵਰਗੇ ਮਹਾਂਨਗਰ ਦੇ ਬਿਰਤਾਂਤ ਇਸ ਰਚਨਾ ਵਿਚ ਦਿੱਤੇ ਗਏ ਹਨ, ਜਿਨ੍ਹਾਂ ਵਿਚ ਲੇਖਕਾ ਨੇ ਰੋਜ਼ਗਾਰ ਪ੍ਰਾਪਤ ਕਰਨ ਲਈ ਅਤੇ ਦਫ਼ਤਰੀ ਸੇਵਾ ਵਿਚ ਆਈਆਂ ਮੁਸ਼ਕਲਾਂ ਦਾ ਵਰਣਨ ਕੀਤਾ ਗਿਆ ਹੈ। ਬਚਿੰਤ ਕੌਰ ਦਾ ਬਿਆਨ ਨਿਰਸੰਕੋਚ ਤੇ ਪੁਰਸ਼ ਪ੍ਰਧਾਨ ਸਮਾਜ ਵਿਚ ਇਸਤਰੀ ਦੇ ਸ਼ੋਸ਼ਣ ਦੀ ਨੰਗੀ ਤਸਵੀਰ ਨੂੰ ਪੇਸ਼ ਕਰਦਾ ਹੈ। ਮਨਜੀਤ

ਇੰਦਰਾ ਜੋ ਮੁੱਖ ਰੂਪ ਵਿਚ ਕਵਿੱਤਰੀ ਹੈ, ਨੇ 'ਤਾਰਿਆਂ ਦਾ ਛੱਜ' ਪੁਸਤਕ ਲਿਖ ਕੇ ਪ੍ਰੋ. ਮੋਹਨ ਸਿੰਘ ਦੇ ਅਨੇਕ ਸਮਾਚਾਰਾਂ ਨੂੰ ਆਪਣੀ ਕਾਵਿਮਈ ਵਾਰਤਕ ਵਿਚ ਪੇਸ਼ ਕੀਤਾ ਹੈ, ਉੱਥੇ ਉਸ ਦੀ ਆਪਣੀ ਸਵੈ-ਜੀਵਨੀ ਦੇ ਕਈ ਅੰਸ਼ ਇਸ ਵਿਚ ਸੰਕਲਿਤ ਹਨ। ਅੰਮ੍ਰਿਤਾ ਪ੍ਰੀਤਮ ਨਾਲ ਪ੍ਰੋ. ਮੋਹਨ ਸਿੰਘ ਦੀ ਕਵਿਤਾ ਬਾਰੇ ਹੋਇਆ ਸੰਵਾਦ ਅਤੇ ਪ੍ਰੋ. ਮੋਹਨ ਸਿੰਘ ਦੇ ਪਰਿਵਾਰਕ ਜੀਵਨ ਉੱਤੇ ਇਹ ਪੁਸਤਕ ਕਾਫ਼ੀ ਰੌਸ਼ਨੀ ਪਾਉਂਦੀ ਹੈ। ਇਸ ਤੋਂ ਬਿਨਾਂ ਪ੍ਰੋ. ਮੋਹਨ ਸਿੰਘ ਦੇ ਕਾਵਿ-ਅਨੁਭਵ ਤੇ ਕਈ ਹੋਰ ਨਿੱਜੀ ਗੁਣਾਂ ਤੇ ਪ੍ਰਸਥਿਤੀਆਂ ਬਾਰੇ ਵੀ ਇਸ ਪੁਸਤਕ ਵਿਚ ਕਈ ਸੰਕੇਤ ਦਿੱਤੇ ਗਏ ਹਨ ਅਤੇ ਕੁੱਝ ਮੋਹਨ ਸਿੰਘ ਦੀਆਂ ਅਪ੍ਰਕਾਸ਼ਿਤ ਕਵਿਤਾਵਾਂ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਲੇਖਕਾ ਦੇ ਪ੍ਰੋ. ਮੋਹਨ ਸਿੰਘ ਨਾਲ ਕਈ ਸਾਲਾਂ ਦੇ ਨਿੱਜੀ ਸਬੰਧ ਇਸ ਪੁਸਤਕ ਨੂੰ ਸਵੈ-ਜੀਵਨੀ ਦਾ ਸਰੂਪ ਦੇ ਦਿੰਦੇ ਹਨ। ਪਤੀ ਸੰਬੰਧਾਂ ਦੇ ਕੁੜੱਤਣ ਭਰੇ ਪੱਖ ਦੇ ਅਨੁਭਵ ਨੂੰ ਵੀ ਲੁਕਾਉਣ ਤੋਂ ਸੰਕੋਚ ਨਹੀਂ ਕੀਤਾ ਅਤੇ ਆਪਣੇ ਪਰ-ਪੁਰਖਾਂ ਨਾਲ ਪਰਸਪਰ ਸੰਬੰਧਾਂ ਬਾਰੇ ਵੀ ਸਾਫ਼ਗੋਈ ਨਾਲ ਨਿਝੱਕ ਬਿਆਨ ਕਰ ਦਿੱਤਾ ਹੈ, ਜਿਸ ਨਾਲ ਉਸ ਦੀ ਜਜ਼ਬਾਤੀ ਸੰਵੇਦਨਾ ਦੇ ਨਾਲ ਨਾਲ ਉਸ ਦੇ ਅੰਦਰ ਦਾ ਨਾਰੀ ਅਭਿਮਾਨ ਉੱਭਰ ਕੇ ਸਾਹਮਣੇ ਆਉਂਦਾ ਹੈ। ਕਵਿੱਤਰੀ ਹੋਣ ਕਰ ਕੇ ਉਸ ਦੀ ਗੱਦ ਰਚਨਾ ਵਿਚ ਵੀ ਕੋਮਲ ਕਾਵਿ-ਛੁਹਾ ਮੌਜੂਦ ਹਨ।

**ਸਾਰੰਸ਼:**

ਸਵੈ-ਜੀਵਨੀ ਅਤੇ ਜੀਵਨੀ ਜੀਵਨ ਦਾ ਸਭ ਤੋਂ ਪ੍ਰਮੁੱਖ ਵਿਸ਼ਾ-ਮਨੁੱਖੀ ਚਰਿੱਤਰ ਨੂੰ ਪੇਸ਼ ਕਰਨਾ ਹੈ। ਮਨੁੱਖੀ ਚਰਿੱਤਰ ਕਿਸੇ ਆਦਰਸ਼ ਵਿਅਕਤੀ ਦੇ ਜੀਵਨ ਚਰਿੱਤਰ ਦੇ ਸਹਾਰੇ ਹੀ ਵਿਅਕਤ ਕੀਤਾ ਜਾਂਦਾ ਹੈ। ਇਸ ਲਈ ਜੀਵਨੀ ਦੀ ਮੂਲ ਪ੍ਰਸਿੱਧ ਨਾਇਕ ਹੀ ਹੁੰਦਾ ਹੈ। ਨਾਇਕ ਹੀ ਜੀਵਨੀ ਕਲਾ ਦਾ ਕੇਂਦਰੀ ਧੁਰਾ ਹੈ। ਜੀਵਨ ਅਤੇ ਸੰਸਾਰ ਦੇ ਕਿਸੇ ਖੇਤਰ ਵਿਚ ਵਿਸ਼ੇਸ਼ ਸਫਲਤਾ ਹਾਸਲ ਕਰਨ ਵਾਲੇ ਵਿਅਕਤੀ ਦੀ ਹੀ ਜੀਵਨੀ ਲਿਖੀ ਜਾ ਸਕਦੀ ਹੈ। ਦੇਵੀ-ਦੇਵਤੇ , ਰਾਜੇ-ਮਹਾਰਾਜੇ , ਮਹਾਂਪੁਰਖ , ਧਾਰਮਿਕ ਆਗੂ , ਸਮਾਜਿਕ , ਰਾਜਨੀਤਿਕ ਜਾਂ ਵਿੱਦਿਅਕ ਖੇਤਰ ਦੇ ਪ੍ਰਮਾਣ ਪੁਰਸ਼ ਅਰਥਾਤ ਆਦਰਸ਼ ਵਿਅਕਤਿਤਵ ਦੇ ਮਾਲਕ ਜੀਵਨੀ ਦੇ ਨਾਇਕ ਬਣਦੇ ਹਨ।

**ਕੇਂਦਰੀ ਸ਼ਬਦ** :

ਬਾਇਓਸ ---- ਜੀਵਨ

ਗ੍ਰਾਫੋਸ ---- ਲਿਖਤ


ਭਾਵਨਾਵਾਂ --- ਰੁਚੀਆਂ

ਸਵੈ-ਜੀਵਨੀ ------ ਆਪਣੇ ਆਪ ਲਿਖੀ ਰਚਨਾ

ਸਿਮਰਤੀਆਂ --- ਅਭੁੱਲ ਯਾਦਾਂ/ਸੁਰਤ

ਸਖਸ਼ੀਅਤ ---------- ਜ਼ਿੰਦਗੀ ਦਾ ਮਿਆਰ

ਵਾਸਤਵਿਕ ------ ਸੱਚ



**ਸਵੈ-ਮੁਲਾਂਕਣ:**

1.ਜੀਵਨੀ ਨੂੰ ਅੰਗਰੇਜ਼ੀ ਵਿਚ ਕਿਹਾ ਜਾਂਦਾ ਹੈ?

(ੳ) Biography

(ਅ) Bigraph

(ੲ) Biograph

(ਸ) Biogphy

2. ਜੀਵਨੀ ਮਨੁੱਖ ਦਾ ਅਜਿਹਾ ਲਿਬਾਸ ਹੈ ਕਿਸ ਦਾ ਕਥਨ ਹੈ?

(ੳ) ਕ੍ਰਿਸਟਲ

(ਅ) ਵਿਲੀਅਮ

(ੲ) ਡੈਵਿਡ

(ਸ) ਮਾਰਕ ਟੇਲਰ

3. ਪ੍ਰਿੰ. ਤੇਜਾ ਸਿੰਘ ਦੀ ਜੀਵਨੀ ਹੈ?

(ੳ) ਆਰਸੀ

(ਅ) ਮੇਰੀ ਦੁਨੀਆਂ

(ੲ) ਪੱਗਡੰਡੀਆਂ

(ਸ) ਕਿਸ ਪਾ ਖੋਲਓ ਗੱਠੜੀ

4. ਸੁਜਾਨ ਸਿੰਘ ਦੀ ਰਚਨਾ ਹੈ।

(ੳ) ਦਾਸਤਾਨ

(ਅ) ਧਰਤੀ ਦਾ ਲਾਲ

(ੲ) ਆਰਸੀ

(ਸ) ਕੋਈ ਵੀ ਨਹੀਂ

5. ਸੋਹਣ ਸਿੰਘ ਸੀਤਲ ਦੀ ਆਪਣੀ ਸਵੈ-ਜੀਵਨੀ ਹੈ।

(ੳ) ਨਾਗਮਣੀ

(ਅ) ਪਤਾਲਾ ਦੀ ਧਰਤੀ

(ੲ) ਵੇਖੀ ਮਾਣੀ ਦੁਨੀਆਂ

(ਸ) ਮੇਰੀ ਦੁਨੀਆਂ

6. ਸਵੈ ਜੀਵਨੀ ਵਿਚ ਵਿਅਕਤੀ ਕਿਸ ਦੇ ਅਨੁਭਵਾਂ ਨੂੰ ਪੇਸ਼ ਕਰਦਾ ਹੈ?

ੳ. ਨਿੱਜੀ

ਅ. ਦੂਜਿਆਂ

ੲ. ਮਹਾਨ ਲੋਕਾਂ

ਸ. ਖ਼ਾਸ ਵਿਅਕਤੀ

7. ਕਿਸ ਵਿੱਚ ਆਪ ਹੰਢਾਈ ਅਤੇ ਭੋਗੇ ਪਲਾਂ ਦੀ ਪੁਨਰ ਉਸਾਰੀ ਹੁੰਦੀ ਹੈ ?

ੳ. ਜੀਵਨੀ

ਅ. ਨਾਟਕ

ੲ. ਸਵੈ ਜੀਵਨੀ

ਸ. ਨਾਵਲ

8. ਸਵੈ ਜੀਵਨੀ ਮਨੁੱਖ ਦੀ ਆਪਣੀ ਕੀ ਹੈ ਜੋ ਯਾਦਾਂ ਦੀ ਰੰਗੀਨ ਧੁੰਦ ਉੱਤੇ ਪੈਂਦੀ ਰਹਿੰਦੀ ਹੈ ?

ੳ. ਸਾਇਆ

ਅ. ਪਰਛਾਇਆ

ੲ. ਜਾਣਕਾਰੀ

ਸ. ਕੋਈ ਵੀ ਨਹੀਂ

9. ਸਵੈ ਜੀਵਨੀ ਵਿਚ ਜੋ ਕੁਝ ਲਿਖਿਆ ਜਾਂਦਾ ਹੈ ਉਹ ਅੱਖੀਂ ਡਿੱਠਾ ਤੇ ਹੋਰ ਕਿਹੜਾ ਸੱਚ ਹੁੰਦਾ ਹੈ?

ੳ. ਸੁਣਿਐ

ਅ. ਕੋਈ ਵੀ ਨਹੀਂ

ੲ. ਆਪ ਹੰਢਾਇਆ

ਸ. ਪਰਾਇਆ

10. ਆਪਣੇ ਆਲੇ ਦੁਆਲੇ ਤੇ ਸਮਾਜ ਦੇ ਪ੍ਰਭਾਵ ਥੱਲੇ ਲਿਖ ਜੋ ਵੀ ਆਪਣਾ ਜੀਵਨ ਸਫ਼ਰ ਤੈਅ ਕਰਦਾ ਹੈ ਉਸ ਦੇ ਮੁਤਾਬਕ ਉਸ ਦੀ ਕੀ ਬਣਦੀ ਹੈ ?

ੳ. ਲੇਖਣੀ

ਅ. ਸ਼ਖ਼ਸੀਅਤ

ੲ. ਕੋਈ ਵੀ ਨਹੀਂ

ਸ. ਚਾਲ ਚਲਣ

11. ਸੱਚ ਤੇ ਆਧਾਰਿਤ ਲਿਖੀ ਸਵੈ ਜੀਵਨੀ ਸਮਾਜ ਲਈ ਕੀ ਕਰਦੀ ਹੈ?

ੳ. ਨੁਕਸਾਨ

ਅ. ਬੁਰਾ

ੲ. ਕੋਈ ਵੀ ਨਹੀਂ

ਸ. ਕਲਿਆਣ

12. ਪ੍ਰੋਫ਼ੈਸਰ ਬਲਵੰਤ ਗਾਰਗੀ ਦੀ ਸਵੈਜੀਵਨੀ ਕਿਹੜੀ ਹੈ ?

ੳ. ਨੰਗੀ ਧੁੱਪ

ਅ. ਰਸੀਦੀ ਟਿਕਟ

ੲ. ਮੇਰੀ ਦੁਨੀਆਂ

ਸ. ਆਰਸੀ

13. ਅੰਮ੍ਰਿਤਾ ਪ੍ਰੀਤਮ ਦੀ ਸਵੈਜੀਵਨੀ ਕਿਹੜੀ ਹੈ ?

ੳ. ਨੰਗੀ ਧੁੱਪ

ਅ. ਰਸੀਦੀ ਟਿਕਟ

ੲ. ਮੇਰੀ ਦੁਨੀਆਂ

ਸ. ਆਰਸੀ

14. ਜੀਵਨੀ ਕਲਾ ਦਾ ਸਾਹਿਤਕਤਾ ਨਾਲ ਜੋ ਨਵਾਂ ਗਠਬੰਧਨ ਪੈਦਾ ਹੋਇਆ ਹੈ ਉਹ ਕਿਹੜੇ ਯੁੱਗ ਦੀ ਦੇਣ ਹੈ ?

ੳ. ਪੁਰਾਤਨ

ਅ. ਅਜੋਕੇ

ੲ. ਮੱਧਕਾਲ

ਸ. ਕੋਈ ਵੀ ਨਹੀਂ

15. ਸਵੈ ਜੀਵਨੀ ਵਿਚ ਜੋ ਕੁਝ ਲਿਖਿਆ ਜਾਂਦਾ ਹੈ ਉਹ ਅੱਖੀਂ ਡਿੱਠਾ ਤੇ ਹੋਰ ਕਿਹੜਾ ਸੱਚ ਹੁੰਦਾ ਹੈ ?

ੳ. ਸੁਣਿਐ

ਅ. ਕੋਈ ਵੀ ਨਹੀਂ

ੲ. ਆਪ ਹੰਢਾਇਆ

ਸ. ਪਰਾਇਆ

**ਅਭਿਆਸ ਪ੍ਰਸ਼ਨ**

1. ਜੀਵਨੀਆਂ ਅਤੇ ਸਵੈ-ਜੀਵਨੀ ਦਾ ਅਰਥ ਦੱਸਦੇ ਇਨ੍ਹਾਂ ਦੀਆਂ ਪਰਿਭਾਸ਼ਾਵਾਂ ਲਿਖੋ ।
2. ਜੀਵਨੀ ਦੇ ਵਿਕਾਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਓ ।
3. ਸਵੈ-ਜੀਵਨੀ ਦੇ ਵਿਕਾਸ ਬਾਰੇ ਵਿਸਥਾਰ ਸਹਿਤ ਚਰਚਾ ਕਰੋ।
4. ਇਸਤਰੀ ਸਵੈ-ਜੀਵਨੀ ਕਾਰਾਂ ਬਾਰੇ ਚਰਚਾ ਕਰੋ।

**ਸੰਦਰਭ ਪੁਸਤਕਾਂ:**

1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ(ਆਦਿ ਕਾਲ ਤੋਂ ਸਮਕਾਲ ਤੱਕ),ਲਾਹੌਰ ਬੁੱਕ ਸ਼ਾਪ, ਲੁਧਿਆਣਾ, 2018

2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017

3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2016

4. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018

**ਮਹੱਤਵਪੂਰਨ ਲਿੰਕ**

https://pa.info-about.info/131513/1/%E0%A8%AA%E0%A9%B0-%E0%A8%BE%E0%A8%AC%E0%A9%80-%E0%A8%B8%E0%A8%B5%E0%A9%88-%E0%A8%9C%E0%A9%80%E0%A8%B5%E0%A8%A8%E0%A9%80.html

https://pa.warbletoncouncil.org/elementos-biografia-8988

## ਉੱਤਰਮਾਲਾ

| | | | | |
|---|---|---|---|---|
| 1. ੳ | 2. ਸ | 3. ੳ | 4. ਸ | 5. ੲ |
| 6. ੳ | 7. ੲ | 8. ੳ | 9. ੲ | 10. ਅ |
| 11. ਸ | 12. ੳ | 13. ਅ | 14. ਅ | 15. ੲ |